ਪਾਠਾਂਤਰ ਸੁਧਾਈ ਤੇ ਸ਼ੁਧ ਛਪਾਈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ



ਗਿ. ਜਗਤਾਰ ਸਿੰਘ ਜਾਚਕ

ਪਾਠਾਂਤਰ ਸੁਧਾਈ ਤੇ ਸ਼ੁਧ ਛਪਾਈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਲੇਖਕ ਦੀਆਂ ਹੋਰ ਪੜ੍ਹਣਯੋਗ ਪੁਸਤਕਾਂ

੧. ਪੋਥੀ ਪਰਮੇਸਰ ਕਾ ਥਾਨੁ (ਸੰਨ ੨੦੦੪)
੨. ੧ੳ ਦਰਪਣ (ਸੰਨ ੨੦੦੮)
੩. ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
੪. ਪਾਠ-ਭੇਦ ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
੫. ਕਿਤਾਬਚਾ: ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ੁਧ-ਛਪਾਈ ਬਾਰੇ ਪੰਥ ਦੇ ਵਿਚਾਰਨਯੋਗ ਮਸਲੇ (ਪੰਜਾਬੀ ਤੇ ਅੰਗਰੇਜ਼ੀ)
੬. ਕਿਤਾਬਚਾ: ਸਿੰਘ ਸਭਾ ਲਹਿਰ ਦੀ ੧੫੦ ਸਾਲਾ ਸਿਮ੍ਰਤੀ ਨੂੰ ਸਮਰਪਿਤ 'ਸਿੰਘ ਸਭਾ ਲਹਿਰ ਦਾ ਸਿੱਖੀ ਦੀ ਪੁਨਰ-ਜਾਗ੍ਰਤੀ ਤੋਂ ਸਾਹਿਤਕ ਜਾਗ੍ਰਤੀ ਯੁਗ ਦਾ ਸਫ਼ਰ'।
੭. ਈ-ਬੁੱਕ: ...ਨੀਚੁ ਨ ਦੀਸੈ ਕੋਇ॥
੮. ਪਾਠ-ਭੇਦ ਦਰਪਣ ਸ੍ਰੀ ਗੁਰੂ ਗ੍ਰੰਥ ਸਾਹਿਬ (ਛਪਾਈ ਅਧੀਨ)
੯. ਪਾਠ-ਭੇਦ ਦਰਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ (ਛਪਾਈ ਅਧੀਨ)
੧੦. ਜਪੁ-ਜੀ ਸਿਧਾਂਤ ਦਰਪਣ (ਛਪਾਈ ਅਧੀਨ)
੧੧. ਭਗਤ ਬਾਲਮੀਕ ਤੇ ਪੰਥਕ ਸਰੋਕਾਰ (ਛਪਾਈ ਅਧੀਨ)
੧੨. ਜਾਚਕ ਜੀਵਨ ਤੇ ਗੁਰਮਤਿ ਦ੍ਰਿਸ਼ਟੀਕੋਣ (ਛਪਾਈ ਅਧੀਨ)

ਪਾਠਾਂਤਰ ਸੁਧਾਈ ਤੇ ਸ਼ੁਧ ਛਪਾਈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਜਗਤਾਰ ਸਿੰਘ ਜਾਚਕ
ਨਿਊਯਾਰਕ

Pathantar Sudhai te Sudh Chhapayi
Shri Guru Granth Sahib Ji
By Jagtar Singh Jachak, New York

Published By
RETHINK BOOKS
Vill. Fatehgarh Chhanna
P.O. Deh-Kalan
Teh./Distt. Sangrur-148034

Sub-Office: 73A, Nilothi Ext.,
Vikaspuri Ext., Chandar Vihar,
New Delhi-110041

Copyright © Publisher

Year: 2023

ISBN: 978-93-94737-42-6

Printed at: D.K. Fine Art. Pvt. Ltd., New Delhi.

ਵਿਸ਼ੇਸ਼ ਸਹਿਯੋਗ: **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਾਰ-ਮੰਚ, ਟੋਰਾਂਟੋ**

ਮੁੱਖ ਪੰਨੇ ਦੀ ਤਸਵੀਰ: ਸ਼ਹੀਦ ਭਾਈ ਮਨੀ ਸਿੰਘ ਜੀ ਦੀ ਮੰਨੀ ਜਾਂਦੀ ਦਿੱਲੀ ਵਾਲੀ ਬੀੜ ਦਾ ਪਹਿਲਾ ਪੱਤਰਾ: ਜਪੁ ਸਿਰਲੇਖ, ਸਲੋਕ ਅਤੇ ਪਹਿਲੀ ਪਉੜੀ।

ਸਾਰੇ ਹੱਕ ਰਾਖਵੇਂ ਹਨ।

ਸਮਰਪਣ

ਸਿੰਘ ਸਭਾ ਲਹਿਰ ਦੇ ਮੋਢੀ ਤੇ ਪੰਥ-ਰਤਨ ਪ੍ਰੋ. ਗੁਰਮੁਖ ਸਿੰਘ (੧੮੪੯-੧੮੯੮ ਈ.), ਗਿਆਨ-ਰਤਨ ਗਿ. ਦਿੱਤ ਸਿੰਘ (੧੮੫੦- ੧੯੦੧ ਈ.) ਤੇ ਪੰਥ-ਦਰਦੀ ਸ. ਜਵਾਹਰ ਸਿੰਘ (੧੮੫੯-੧੯੧੦ ਈ.) ਜੀ ਆਦਿਕ ਸਮੂਹ ਗੁਰਮੁਖ ਗੁਰਸਿੱਖ ਬਾਨੀਆਂ ਨੂੰ, ਜਿਨ੍ਹਾਂ ਨੇ ਸੰਨ ੧੮੭੩ ਤੋਂ ੧੯੧੦ ਦੇ ਅਤਿਅੰਤ ਬਿਖੜੇ ਕੌਮੀ ਹਲਾਤਾਂ ਵਿਚ ਕਈ ਕਿਸਮ ਦਾ ਅਪਮਾਨ ਸਹਾਰਦਿਆਂ ਸਿੱਖ ਭਾਈਚਾਰੇ ਅੰਦਰ ਸਿੱਖੀ ਪ੍ਰਤੀ ਪੁਨਰ-ਜਾਗ੍ਰਤੀ ਪੈਦਾ ਕੀਤੀ। ਭਾਵ, ਸਰਕਾਰਿ-ਖ਼ਾਲਸਾ ਦੇ ਨਾਮ ਤੋਂ ਜਾਣੇ ਤੇ ਪਛਾਣੇ ਜਾਂਦੇ ਵਿਸ਼ਾਲ ਰਾਜ-ਭਾਗ ਤੋਂ ਵਾਂਝੇ ਹੋਣ ਕਾਰਣ ਉਦਾਸ, ਨਿਰਾਸ਼ ਤੇ ਨਿਢਾਲ ਹੋਏ ਸਿੱਖ-ਭਾਈਚਾਰੇ ਨੂੰ ਸਿੱਖੀ ਪੱਖੋਂ ਜਾਗਰੂਕ ਕਰਕੇ ਉਸ ਨੂੰ ਹਰੇਕ ਹਾਲਤ ਵਿਖੇ ਚੜ੍ਹਦੀਕਲਾ ਵਿਚ ਵਿਚਰਨ ਅਤੇ ਵਿੱਦਿਅਕ ਪ੍ਰਾਪਤੀ ਲਈ ਪ੍ਰੇਰਿਆ।

ਮਨੋਰਥ

ਗੁਰਮਤਿ ਦੀ ਵਿਚਾਰਧਾਰਕ ਅਟੱਲਤਾ ਦੇ 'ਪਰਬਤੁ ਮੇਰਾਣੁ' ਅਤੇ 'ਜਗ ਮਹਿ ਚਾਨਣੁ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਤੀ ਰੂਪ ਦੀ ਸ਼ੋਧ, ਸੁਧਾਈ ਤੇ ਸ਼ੁਧ-ਛਪਾਈ ਸਬੰਧੀ ਚੋਣਵੇਂ ਗੁਰਸਿੱਖ ਵਿਦਵਾਨਾਂ ਦੁਆਰਾ ਪਿਛਲੇ ਸੌ ਸਾਲਾਂ ਤੋਂ ਕੀਤੀ ਜਾ ਰਹੀ ਘਾਲ-ਕਮਾਈ ਨੂੰ ਸੰਭਾਲਣਾ ਅਤੇ ਸੰਖੇਪਤਾ ਸਹਿਤ ਸੰਵਾਰ ਕੇ "ਖੋਜੀ ਉਪਜੈ, ਬਾਦੀ ਬਿਨਸੈ; ਹਉ ਬਲਿ ਬਲਿ ਗੁਰ ਕਰਤਾਰਾ॥" (ਗੁਰੂ ਗ੍ਰੰਥ ਸਾਹਿਬ-ਪੰਨਾ ੧੨੫੫) ਦਾ ਇਲਾਹੀ ਨਗ਼ਮਾ ਗਾਉਣ ਵਾਲੀਆਂ ਭਵਿੱਖੀ ਗੁਰਸਿੱਖ ਪੀੜ੍ਹੀਆਂ ਨੂੰ ਸੌਂਪਣਾ।

ਕੀ ਅਤੇ ਕਿੱਥੇ

ਸਾਰ-ਸਬਦ

ਗੁਰਬਾਣੀ ਦੀ ਸੋਧ-ਸੁਧਾਈ ਕੀ ਹੈ?

ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੇ-ਆਪ ਵਿਚ ਸੰਪੂਰਨ ਹਨ। ਬਾਣੀਕਾਰਾਂ ਵੱਲੋਂ ਰਚੀ ਗੁਰਬਾਣੀ ਵਿਚ ਕੋਈ ਊਣਤਾਈ ਨਹੀਂ ਹੈ। ਜਦੋਂ ਕੋਈ ਵਿਦਵਾਨ ਗੁਰਬਾਣੀ ਦੀ ਸੋਧ-ਸੁਧਾਈ ਦੀ ਗੱਲ ਕਰਦਾ ਹੈ ਤਾਂ ਇਸ ਦਾ ਅਰਥ ਗੁਰਬਾਣੀ ਦੇ ਉਤਾਰੇ ਕਰਨ ਸਮੇ ਜਾਂ ਛਾਪੇਖਾਨੇ ਦੀ ਅਣਗਹਿਲੀ ਕਾਰਣ ਗੁਰਬਾਣੀ ਦੇ ਸ਼ਬਦ-ਸਰੂਪਾਂ ਵਿਚ ਆਏ ਵਿਗਾੜ ਨੂੰ ਸਹੀ ਕਰਨਾ ਹੀ ਹੁੰਦਾ ਹੈ। ਇਸ ਜਤਨ ਨੂੰ ਗੁਰਬਾਣੀ ਬਦਲਨਾ ਨਹੀਂ ਕਿਹਾ ਜਾ ਸਕਦਾ, ਸਗੋਂ ਇਹ ਤਾਂ ਗੁਰਬਾਣੀ ਦੇ ਸ਼ਬਦ-ਜੋੜਾਂ ਦਾ ਸਹੀ ਤੇ ਮੂਲਿਕ ਸਰੂਪ ਨਿਸਚਿਤ ਕਰਨ ਵੱਲ ਚੁੱਕਿਆ ਗਿਆ ਸਹੀ ਕਦਮ ਹੀ ਹੁੰਦਾ ਹੈ ਜਿਸ ਦੀ ਸਭ ਨੂੰ ਸ਼ਲਾਘਾ ਕਰਨੀ ਬਣਦੀ ਹੈ। ਦਰਬਾਰ ਸਾਹਿਬ ਵਿਚ ਰਹਿ ਚੁੱਕੇ ਗ੍ਰੰਥੀ ਅਤੇ ਆਨਰੇਰੀ ਅੰਤਰਰਾਸ਼ਟਰੀ ਸਿੱਖ ਮਿਸ਼ਨਰੀ ਗਿਆਨੀ ਜਗਤਾਰ ਸਿੰਘ ਜਾਚਕ ਵੱਲੋਂ ਗੁਰਬਾਣੀ ਦੀ ਸੋਧ-ਸੁਧਾਈ ਪ੍ਰਤੀ ਸਿੱਖ ਕੌਮ ਨੂੰ ਜਾਗਰੂਕ ਕਰਨ ਹਿਤ ਚੁੱਕਿਆ ਗਿਆ ਕਦਮ ਅਤੀ ਸ਼ਲਾਘਾਯੋਗ ਹੈ ਜਿਸ ਦੀ ਹਰ ਇੱਕ ਜਗਿਆਸੂ ਨੂੰ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਅਜਿਹੇ ਕਾਰਜ ਕਰਨ ਵਾਲਿਆਂ ਨੂੰ ਸ਼ਾਬਾਸ਼ ਦੇਣੀ ਚਾਹੀਦੀ ਹੈ।

ਗੁਰਬਾਣੀ ਦੀ ਸੋਧ-ਸੁਧਾਈ ਲਈ ਹੋ ਚੁੱਕੇ ਮੁੱਢਲੇ ਜਤਨ

ਸੰਨ ੧੯੭੪ ਵਿਚ ਸ਼੍ਰੋ.ਗੁ.ਪ੍ਰ. ਕਮੇਟੀ ਨੇ ੧੦੦ ਪੁਰਾਤਨ ਬੀੜਾਂ ਦਾ ਅਧਿਐਨ

ਕਰਨ ਲਈ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਗਿਆਨੀ ਕਿਰਪਾਲ ਸਿੰਘ ਦੀ ਅਗਵਾਈ ਵਿਚ ਇੱਕ ਕਮੇਟੀ ਬਣਾਈ ਸੀ, ਜਿਸ ਨੇ ਬੀੜਾਂ ਵਿਚ ੪੭੮੪ ਪਾਠ-ਭੇਦਾਂ ਦੀ ਸੂਚੀ ਬਣਾਈ। ਸ਼੍ਰੋਮਣੀ ਕਮੇਟੀ ਨੇ ਇਸ ਬਾਰੇ ਇੱਕ ਖੋਜ ਪੱਤਰ ਵੀ ਛਾਪਿਆ ਸੀ, ਪਰ ਪਰਨਾਲਾ ਓਥੇ ਦਾ ਓਥੇ ਹੀ ਰਿਹਾ। ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰਾਂ ਪ੍ਰੋ. ਮਨਜੀਤ ਸਿੰਘ ਅਤੇ ਭਾਈ ਰਣਜੀਤ ਸਿੰਘ ਦੇ ਆਦੇਸ਼ਾਂ ਅਨੁਸਾਰ ਸੰਨ ੧੯੯੬ ਵਿਚ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੀ ਅਗਵਾਈ ਵਿਚ ਗੁਰਬਾਣੀ ਦੀ ਸੋਧ-ਸੁਧਾਈ ਬਾਰੇ ਇੱਕ ਕਮੇਟੀ ਬਣੀ, ਜਿਸ ਵਿਚ ਭਾਈ ਜੁਗਿੰਦਰ ਸਿੰਘ ਤਲਵਾੜਾ, ਟੀਕਾਕਾਰ ਗਿਆਨੀ ਹਰਬੰਸ ਸਿੰਘ ਪਟਿਆਲਾ, ਪ੍ਰਿੰਸੀਪਲ ਪ੍ਰਕਾਸ਼ ਸਿੰਘ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ, ਪ੍ਰਿੰਸੀਪਲ ਵਿਕਰਮ ਸਿੰਘ ਗੁਰਮਤਿ ਕਾਲਜ ਪਟਿਆਲਾ ਅਤੇ ਦੋ ਹੋਰ ਸੱਜਣ ਸ਼ਾਮਲ ਕੀਤੇ ਗਏ। ਇਸ ਖੋਜ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੧੦੬ ਪੰਨਿਆਂ ਤਕ ਪਾਠ ਭੇਦ ਲੱਭ ਕੇ ਇੱਕ ਸੂਚੀ ਬਣਾਈ ਤੇ ਸੰਨ ੨੦੦੨ ਵਿੱਚ ਸ਼੍ਰੋਮਣੀ ਕਮੇਟੀ ਨੂੰ ਗੌਰ ਅਤੇ ਵਿਚਾਰ ਕਰਨ ਹਿਤ ਸੌਂਪੀ, ਪਰ ਇਸ ਖੋਜ ਨੂੰ ਵੀ ਅੱਖੋਂ ਓਹਲੇ ਹੀ ਕੀਤਾ ਗਿਆ। ਚੌਕ ਮਹਿਤਾ ਟਕਸਾਲ ਵੱਲੋਂ ਮੌਜੂਦਾ ਕਰਤਾਰਪੁਰੀ ਬੀੜ ਅਤੇ ਦਮਦਮਾ ਸਾਹਿਬ ਵਾਲੀ ਬੀੜ ਦੇ ਉਤਾਰੇ ਵਾਲੀ ਬੀੜ ਤੋਂ ਅਧਿਐਨ ਕਰ ਕੇ ੧੫੦੦ ਦੇ ਲਗਭਗ ਆਪਸੀ ਪਾਠ-ਭੇਦ ਲੱਭੇ। ਪਾਠ-ਭੇਦਾਂ ਨੂੰ ਲੱਭਣ ਦੇ ਜਤਨ ਤਾਂ ਬਹੁਤ ਮਿਹਨਤ ਅਤੇ ਸਮਾਂ ਲਾ ਕੇ ਕੀਤੇ ਗਏ, ਪਰ ਪ੍ਰਚੱਲਿਤ ਬੀੜ ਵਿਚ, ਹੋਈਆਂ ਖੋਜਾਂ ਅਨੁਸਾਰ, ਸੋਧ-ਸੁਧਾਈ ਦਾ ਜਤਨ ਕਦੇ ਵੀ ਸ਼ੁਰੂ ਨਹੀਂ ਹੋਇਆ। ਇਸ ਸੋਧ-ਸੁਧਾਈ ਦੀ ਅਤੀ ਲੋੜ ਹੈ। ਪਾਠ-ਭੇਦਾਂ/ਸ਼ਬਦ-ਜੋੜਾਂ/ ਸਿਰਲੇਖਾਂ ਦੀਆਂ ਛਾਪੇ ਦੀ ਬੀੜ ਵਿਚ ਹੋ ਚੁੱਕੀਆਂ ਉਕਾਈਆਂ ਦੀਆਂ ਕੁਝ 'ਕੁ ਉਦਾਹਰਣਾਂ ਇਉਂ ਹਨ:

੧. ਰਾਮਦਾਸ ਸਰੋਵਰਿ ਨਾਤੇ॥

{ਪੰਨਾ ੬੨੫}

ਰਾਮਦਾਸਿ ਸਰੋਵਰ ਨਾਤੇ॥

{ਪੰਨਾ ੬੨੪}

ਪਹਿਲੀ ਤੁਕ ਦੇ ਸ਼ਬਦ-ਜੋੜ ਸਹੀ ਹਨ ਤੇ ਦੂਜੀ ਤੁਕ ਵਿਚ ਇਸ ਤੋਂ ਉਲਟ ਛਪੇ ਹੋਏ ਹਨ।

੨. ਕੁਵਲੀਆ ਪੀੜੁ ਕਿ ਕੁਵਲੀਆਪੀੜੁ?

{ਪੰਨਾ ੬੦੬}

ਸਹੀ ਸ਼ਬਦ 'ਕੁਵਲੀਆਪੀੜੁ' (ਕੰਸ ਦਾ ਇੱਕ ਹਾਥੀ) ਹੈ, ਪਰ ਛਪਿਆ ਉਲਟ ਹੈ।

੩. ਨਚ ਕਿ ਨ ਚ? (ਸਲੋਕ ਸਹਸਕ੍ਰਿਤੀ ਮਹਲਾ ੫)

ਸਹੀ ਸ਼ਬਦ-ਜੋੜ 'ਨ' 'ਚ' (ਅਤੇ ਨਾ ਹੀ) ਹਨ, ਛਪਿਆ ਹੈ ਨਚ (ਨੱਚਣਾ)।

੪. ਸਲੋਕ ਮਰਦਾਨਾ ੧ ਕਿ ਸਲੋਕੁ ਮਹਲਾ ੧ ਮਰਦਾਨਾ?

{ਪੰਨਾ ੫੫੩}

ਪੁਰਾਤਨ ਲਿਖਤੀ ਬੀੜਾਂ ਵਿਚ ਸਹੀ 'ਸਲੋਕ ਮਹਲਾ ੧ ਮਰਦਾਨਾ' ਛਪਿਆ ਹੋਇਆ ਹੈ ਪਰ ਪ੍ਰਚਲਤ ਬੀੜ ਵਿਚ ਇਹ ਨਹੀਂ ਹੈ। ਇਵੇਂ ਹੀ ਛਪਿਆ 'ਮਰਦਾਨਾ ੧' ਹੈ, ਪਰ ਪੁਰਾਤਨ ਲਿਖਤਾਂ ਵਿਚ 'ਮਹਲਾ ੧ ਮਰਦਾਨਾ' ਹੈ। ਭਾਈ ਮਰਦਾਨੇ ਦੀ ਉਚਾਰੀ ਕੋਈ ਬਾਣੀ ਨਹੀਂ ਹੈ।

੫. ਰਾਗੁ ਦੇਵਗੰਧਾਰੀ ਵਿਚ 'ਦੇਵਗੰਧਾਰੀ ਮਹਲਾ ੫' ਵੀ ਹੈ ਅਤੇ 'ਦੇਵਗੰਧਾਰੀ ੫' ਜਾਂ ਇਕੱਲਾ 'ਦੇਵਗੰਧਾਰੀ' ਵੀ ਛਪਿਆ ਹੋਇਆ ਮਿਲਦਾ ਹੈ। ਇਕਸਾਰਤਾ ਦੀ ਲੋੜ ਹੈ।

੬. ਗਉੜੀ ਕੀ ਵਾਰ ਮਹਲਾ ੪ ਵਿਚ ਪਉੜੀ ਨੰਬਰ ੨੭, ੨੮ ਅਤੇ ੨੯ ਨਾਲ ਇਕੱਲਾ 'ਪਉੜੀ ੫' ਛਪਿਆ ਹੋਇਆ ਹੈ ਅਤੇ ਪਉੜੀ ਨੰਬਰ ੩੦ ਅਤੇ ੩੧ ਨਾਲ 'ਪਉੜੀ ਮਹਲਾ ੫' ਸਪਸ਼ਟ ਤੌਰ 'ਤੇ ਲਿਖਿਆ ਮਿਲਦਾ ਹੈ। ਛਾਪੇ ਦੀ ਬੀੜ ਵਿਚ ਇਕਸਾਰਤਾ ਨਹੀਂ ਹੈ।

੭. ਸਭ ਤੋਂ ਛੋਟੇ ਮੰਗਲ ਅਤੇ ਵੱਡੇ ਮੰਗਲਾਂ ਵਿਚ 'ਗੁਰਪ੍ਰਸਾਦਿ' ਦੀ ਸ਼ਬਦ-ਜੋੜ ਇਕਾਈ ਦੀ ਇਕਸਾਰਤਾ ਨਹੀਂ। ਛੋਟੇ ਮੰਗਲ ਵਿਚ 'ਸਤਿਗੁਰ ਪ੍ਰਸਾਦਿ' ਹੈ ਅਤੇ ਬਾਕੀ ਮੰਗਲਾਂ ਵਿਚ 'ਗੁਰਪ੍ਰਸਾਦਿ' ਹੈ।

੮. ਛਾਪੇ ਦੀ ਬੀੜ ਵਿਚ ਗੁਰਬਾਣੀ ਦੇ ਮੰਗਲਾਂ ਦੀ ਥਾਂ ਦੀ ਇਕਸਾਰਤਾ ਨਹੀਂ ਹੈ। ਕਦੇ ਮੰਗਲ ਬਾਣੀ ਤੋਂ ਪਹਿਲਾਂ ਅਤੇ ਕਦੇ ਬਾਣੀ ਅਤੇ ਇਸ ਦੇ ਸਿਰਲੇਖ ਦੇ ਵਿਚਕਾਰ ਲਿਖਿਆ ਹੋਇਆ ਮਿਲਦਾ ਹੈ। ਕਰਤਾਰਪੁਰੀ ਬੀੜ ਦੇ ਮੰਗਲ ਵਰਕੇ ਦੇ ਅੱਧ ਤੋਂ ਸੱਜੇ ਪਾਸੇ ਵੱਲ ਹੀ ਲਿਖੇ ਮਿਲਦੇ ਹਨ ਤੇ ਕੋਈ ਮੰਗਲ ਅੱਧ ਤੋਂ ਖੱਬੇ ਪਾਸੇ ਵੱਲ ਨਹੀਂ ਆਉਂਦਾ। ਬਾਣੀ ਪੜ੍ਹਨ ਤੋਂ ਪਹਿਲਾਂ ਮੰਗਲ ਹੀ ਪੜ੍ਹਿਆ ਜਾਂਦਾ ਸੀ, ਪਰ ਛਾਪੇ ਦੀ ਬੀੜ ਵਿਚ ਅਜਿਹਾ ਨਹੀਂ ਹੈ।

ਗੁਰਬਾਣੀ ਵਿਚ ਕੁੱਲ ੫੬੭ ਮੰਗਲਾਂ ਵਿਚੋਂ ੪੯੫ ਮੰਗਲ ਬਾਣੀ ਅਤੇ ਇਸ ਦੇ ਸਿਰਲੇਖਾਂ ਦੇ ਵਿਚਕਾਰ (ਜੋ ਕਰਤਰਪੁਰੀ ਬੀੜ ਅਨੁਸਾਰ ਨਹੀਂ) ਅਤੇ ਕੇਵਲ ੭੨ ਮੰਗਲ ਹੀ ਬਾਣੀ ਸ਼ੁਰੂ ਹੋਣ ਤੋਂ ਪਹਿਲਾਂ (ਕਰਤਾਰਪੁਰੀ ਬੀੜ ਅਨੁਸਾਰ ਹਨ) ਛਾਪੇ ਦੀ ਬੀੜ ਵਿਚ ਛਪੇ ਹੋਏ ਮਿਲਦੇ ਹਨ।

੯. ਪੂੰਅਰ ਤਾਪ ਗੇਰੀ ਕੇ ਬਸਤ੍ਰਾ॥

(ਪੰਨਾ ੧੩੪੮)

ਇਸ ਤੁਕ ਵਿਚ 'ਪੂੰਅਰ' ਦੇ ਥਾਂ 'ਧੂੰਅਰ' ਵੀ ਪੁਰਾਤਨ ਲਿਖਤਾਂ ਵਿਚ ਮਿਲਦਾ ਹੈ।

੧੦. ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥

(ਪੰਨਾ ੧੨੫੩)

ਛਾਪੇ ਦੀ ਬੀੜ ਵਿਚ ਸ਼ਬਦ ਦੀ ਇਹ ਇਕੱਲੀ ਤੁਕ ਹੈ ਜਿਸ ਦੇ ਅੰਤ ਵਿਚ ਕੋਈ ਵੀ ਗਿਣਤੀ ਦਾ ਅੰਕ ਨਹੀਂ ਹੈ। ਇਸ ਤੁਕ ਤੋਂ ਪਹਿਲਾਂ ਅੰਤਲੀ ਗਿਣਤੀ ੩॥੧॥੬॥ ਹੈ ਅਤੇ ਤੁਕ ਤੋਂ ਬਾਅਦ ਲਿਖੇ ਸ਼ਬਦ ਦੀ ਅੰਤਲੀ ਗਿਣਤੀ ੨॥੧॥੮॥ ਦਿੱਤੀ ਹੋਈ ਹੈ। ਜਾਪਦਾ ਹੈ ਕਿ ਇਹ ਸ਼ਬਦ ਪੂਰਾ ਵੀ ਹੋ ਸਕਦਾ ਹੈ ਜਿਵੇਂ ਕਿ ਭਾਈ ਬੰਨੋਂ ਵਾਲੀ ਬੀੜ ਵਿਚ ਹੈ (ਮਹਾਨ ਕੋਸ਼)। ਗਿਣਤੀ ਵਾਲਾਂ ਅੰਕ ੭ ਪੂਰੇ ਸ਼ਬਦ ਦੇ ਅੰਤ ਵਿਚ ਹੋ ਸਕਦਾ ਹੈ ਜੋ ਇਕੱਲੀ ਤੁਕ ਤੋਂ ਬਾਅਦ ਨਹੀਂ ਹੈ।

੧੧. ਰਾਗੁ ਰਾਮਕਲੀ ਮਹਲਾ ੫॥
ਰਣ ਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ॥
ਸਤਿਗੁਰੁ ਤੁਮ ਸੇਵਿ ਸਖੀ ਮਨਿ ਚਿੰਦਿਅੜਾ ਫਲੁ ਪਾਵਹੁ॥

(ਪੰਨਾ ੯੨੭)

ਇਹ ਕੇਵਲ ਦੋ ਤੁਕਾਂ ਵਾਲਾਂ ਸ਼ਬਦ ਹੈ, ਪਰ ਇਸ ਦੇ ਅੰਤ ਵਿਚ ਗਿਣਤੀ ਦਾ ਕੋਈ ਅੰਕ ਨਹੀਂ ਹੈ। ਇਸ ਸ਼ਬਦ ਤੋਂ ਪਹਿਲਾਂ ਦੀ ਅੰਤਲੀ ਗਿਣਤੀ ੪॥੪॥ ਹੈ। ਇਸ ਸ਼ਬਦ ਤੋਂ ਬਾਅਦ ਰੁਤੀ ਸ਼ਲੋਕ ਸ਼ੁਰੂ ਹੋ ਜਾਂਦੇ ਹਨ। ਰਾਗੁ ਰਾਮਕਲੀ ਹੈ। ਮਹਾਨ ਕੋਸ਼ ਅਨੁਸਾਰ ਭਾਈ ਬੰਨੋ ਵਾਲੀ ਬੀੜ ਵਿਚ ਇਸ ਸ਼ਬਦ ਦੇ ਪੂਰੇ ਚਾਰ ਪਦੇ ਹਨ ਅਤੇ ਅੰਤਲੀ ਗਿਣਤੀ ਦਾ ਅੰਕ ਵੀ ਹੋ ਸਕਦਾ ਹੈ।

੧੨. ਰਾਗਮਾਲਾ ਨੂੰ ਵੀ ਸੋਧ-ਸੁਧਾਈ ਵਿਚ ਲੈ ਕੇ ਇਸ ਦਾ ਨਿਪਟਾਰਾ ਕਰ ਲੈਣਾ ਚਾਹੀਦਾ ਹੈ, ਕਿਉਂਕਿ ਇਹ ਗੁਰਬਾਣੀ ਨਹੀਂ ਹੈ (ਸਿੱਖ ਰਹਿਤ ਮਰਯਾਦਾ)।

ਸੂਝਵਾਨ ਲੇਖਕ ਗਿਆਨੀ ਜਗਤਾਰ ਸਿੰਘ ਜਾਚਕ ਨੇ ਤਾਂ ਗੁਰਬਾਣੀ ਦੀ ਸੋਧ-ਸੁਧਾਈ ਦੇ ਕਾਰਜ ਨੂੰ ੧੪ ਭਾਗਾਂ ਵਿਚ ਵੰਡ ਕੇ ਵਿਸਥਾਰ ਨਾਲ ਚਰਚਾ ਕੀਤੀ ਹੈ ਅਤੇ ਹਰ ਪੱਖ 'ਤੇ ਭਰਪੂਰ ਰੌਸ਼ਨੀ ਪਾਈ ਹੈ। ਇਸ ਕਾਰਜ ਤੋਂ ਲੇਖਕ ਦੀ ਗੁਰਬਾਣੀ ਦੀ ਖੋਜ ਅਤੇ ਇਸ ਦੀ ਸੋਧ-ਸੁਧਾਈ ਦੀ ਤੀਬਰ ਰੁਚੀ ਦੇ ਦਰਸ਼ਨ ਹੁੰਦੇ ਹਨ। ਗੁਰਬਾਣੀ ਦਾ ਸ਼ੁੱਧ ਪਾਠ ਤਾਂ ਹੀ ਹੋ ਸਕਦਾ ਹੈ ਜੇ ਗੁਰਬਾਣੀ ਦੇ ਉਤਾਰਿਆਂ, ਪਦ-ਛੇਦ ਅਤੇ ਛਪਾਈ ਸਮੇ ਹੋਈਆਂ ਉਕਾਈਆਂ ਨੂੰ ਪਰਮਾਣਿਕ ਹੱਥ ਲਿਖਤ ਬੀੜਾਂ ਦੀ ਲਿਖਤ ਅਨੁਸਾਰ ਸੋਧ ਲਿਆ ਜਾਵੇ।

ਲੇਖਕ ਦੀਆਂ ਕੁਝ ਹੋਰ ਪੁਸਤਕਾਂ ਜਿਵੇਂ ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪਾਠ-ਭੇਦ ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿਕ ਵੀ ਛਪ ਚੁੱਕੀਆਂ ਹਨ, ਜਿਨ੍ਹਾਂ ਤੋਂ ਲੇਖਕ ਦੀ ਗੁਰਬਾਣੀ ਨੂੰ ਨੇੜੇ ਤੋਂ ਸਮਝਣ ਅਤੇ ਇਸ ਦਾ ਸ਼ੁੱਧ ਰੂਪ ਖੋਜਣ ਦੀ ਰੁਚੀ ਦੇ ਦਰਸ਼ਨ ਹੁੰਦੇ ਹਨ। ਗੁਰੂ ਪਰਮੇਸ਼ਰ ਲੇਖਕ ਦੀ ਕੀਤੀ ਮਿਹਨਤ ਨੂੰ ਸਫ਼ਲਤਾ ਬਖ਼ਸ਼ਣ। ਸਿੱਖ ਕੌਮ ਵਿਚ ਇਸ ਮਿਹਨਤ ਦਾ ਮੁੱਲ ਪਾਉਣ ਲਈ ਜਾਗਰੂਕਤਾ ਪੈਦਾ ਹੋਵੇ ਅਤੇ ਗੁਰਬਾਣੀ ਦੀ ਸੋਧ-ਸੁਧਾਈ ਲਈ ਰਾਹ ਪੱਧਰਾ ਬਣੇ ਤਾਂ ਜੋ ਸਾਰੇ ਹੀ ਸ਼ੁੱਧ ਪਾਠ ਕਰਨ ਦਾ ਆਨੰਦ ਮਾਣ ਸਕਣ। ਮੇਰੇ ਵੱਲੋਂ ਲੇਖਕ ਨੂੰ ਸ਼ੁਭ ਕਾਮਨਾਵਾਂ! ਗੁਰੂ ਚੜ੍ਹਦੀ ਕਲਾ ਵਿਚ ਰੱਖੇ!

੬ ਜੁਲਾਈ, ੨੦੨੩
੨੨ ਹਾੜ, ੫੫੫

ਗੁਰਮਤਿ ਵਿੱਦਿਆ ਪ੍ਰੇਮੀਆਂ ਦਾ ਸੇਵਕ
ਕਸ਼ਮੀਰਾ ਸਿੰਘ (ਪ੍ਰੋ.)
ਸੇਵਾ-ਮੁਕਤ, ਗੁਰੂ ਨਾਨਕ ਦੇਵ
ਯੂਨੀਵਰਸਿਟੀ ਅੰਮ੍ਰਿਤਸਰ।
ਈਮੇਲ:kmsingh_05@yahoo.com

ਸ਼ੁਕਰਾਨਾ

ਗੁਰਮਤਿ ਸਾਹਿਤ ਵਿਚ ਧੰਨਵਾਦ ਤੇ ਕ੍ਰਿਤਗ੍ਯਤਾ ਦੇ ਪ੍ਰਗਟਾਵੇ ਲਈ 'ਸ਼ੁਕਰ' ਤੇ 'ਸ਼ੁਕਰਾਨਾ' ਲਫ਼ਜ਼ਾਂ ਦੀ ਵਰਤੋਂ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਬਖ਼ਸ਼ੇ ਗੁਰਮਤੀ ਚਾਨਣ ਵਿਚ ਰੱਬੀ-ਯਾਦ ਅਥਵਾ ਨਾਮ-ਸਿਮਰਨ ਦਾ ਆਧਾਰ ਵੀ 'ਸ਼ੁਕਰ' ਤੇ 'ਸ਼ੁਕਰਾਨਾ' ਹੀ ਸਿੱਧ ਹੁੰਦਾ ਹੈ। ਗੁਰਬਾਣੀ ਵਿਚ ਭਾਵੇਂ ਉਪਰੋਕਤ ਕਿਸਮ ਦਾ ਕੋਈ ਵੀ ਲਫ਼ਜ਼ ਵਰਤਿਆ ਨਹੀਂ ਮਿਲਦਾ, ਪਰ ਜਦੋਂ ਸਤਿਗੁਰੂ ਜੀ ਮਾਨਵ ਚਿਤਾਵਨੀ ਵਜੋਂ "ਸੋ ਕਿਉ ਬਿਸਰੈ? ਜਿਨਿ ਸਭੁ ਕਿਛੁ ਦੀਆ॥ ਸੋ ਕਿਉ ਬਿਸਰੈ? ਜਿ ਜੀਵਨ ਜੀਆ (ਜੀਆਂ)॥" {ਗੁਰੂ ਗ੍ਰੰਥ ਸਾਹਿਬ} ਵਰਗੇ ਸੁਆਲੀਆ ਬਚਨ ਕਰਦੇ ਹਨ, ਤਾਂ ਅਜਿਹੇ ਸਰਲ ਤੇ ਸਪਸ਼ਟ ਵਾਕਾਂ ਪਿੱਛੇ ਕ੍ਰਿਤਗ੍ਯਤਾ ਤੇ ਸ਼ੁਕਰ ਭਰਪੂਰ ਧੰਨਵਾਦ ਤੇ ਸ਼ੁਕਰਾਨੇ ਦਾ ਭਾਵ ਹੀ ਛੁਪਿਆ ਹੁੰਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਜਿਸ ਮਾਨਵੀ ਹਿਰਦੇ ਵਿਚ ਸੱਚ ਸਰੂਪ ਰੱਬੀ-ਯਾਦ ਟਿਕੀ ਹੁੰਦੀ ਹੈ, ਉੱਥੇ ਸਦਾ ਸਿਦਕੀ ਸ਼ੁਕਰਾਨੇ ਦੀ ਭਾਵਨਾ ਬਣੀ ਰਹਿੰਦੀ ਹੈ; ਪਰ ਜਿਹੜਾ ਹਿਰਦਾ ਘਰ ਰੱਬੀ-ਯਾਦ ਤੋਂ ਰਹਿਤ ਹੁੰਦਾ ਹੈ, ਉੱਥੇ ਸਦਾ ਝੂਠ (ਕੂੜੁ) ਤੇ ਸੰਤੋਖ ਹੀਣੀ ਨਾ-ਸ਼ੁਕਰੀ (ਨਾ ਸਾਬੂਰੀ) ਦਾ ਨਿਵਾਸ ਹੀ ਨਜ਼ਰੀ ਪੈਂਦਾ ਹੈ। ਉਨ੍ਹਾਂ ਦੀ ਰਚਿਤ ੨੧ਵੀਂ ਵਾਰ ਦਾ ਵਾਕ ਹੈ "ਸੁਕਰਾਨਾ ਹੈ ਸਚ ਘਰਿ, ਕੁਫਰ ਕੂੜੁ ਘਰਿ ਨਾ ਸਾਬੂਰੀ॥" {ਪਉੜੀ ੧੯}

ਸੋ ਸਪਸ਼ਟ ਹੈ ਕਿ 'ਸ਼ੁਕਰ' ਤੇ 'ਸ਼ੁਕਰਾਨਾ' ਸਭਿਅਕ ਤੇ ਸਚਿਆਰੇ ਮਨੁੱਖਾਂ ਦਾ ਇੱਕ ਉੱਤਮ ਲਛਣ ਹੈ। ਇਹੀ ਕਾਰਣ ਹੈ ਕਿ ਜਿਹੜਾ ਵੀ ਕੋਈ

ਵਿਅਕਤੀ ਸਚਿਆਰੇ ਮਨੁੱਖ ਨੂੰ ਕਿਸੇ ਵੀ ਪੱਖੋਂ ਕਿਰਤਾਰਥ ਕਰਦਾ ਹੈ, ਭਾਵ ਜਿਹੜਾ ਵੀ ਕੋਈ ਉਸ ਦੇ ਕਿਸੇ ਮਨੋਰਥ ਦੀ ਸਫਲਤਾ ਪ੍ਰਤੀ ਸਹਾਇਕ ਸਿੱਧ ਹੁੰਦਾ ਹੈ, ਸਚਿਆਰੇ ਮਨੁੱਖ ਨੂੰ ਕਿਸੇ ਵੀ ਤਰ੍ਹਾਂ ਦੀ ਕਾਮਯਾਬੀ ਦੀ ਸਿਖਰ 'ਤੇ ਪਹੁੰਚਾਉਂਦਾ ਹੈ, ਸਚਿਆਰ ਮਨੁੱਖ ਉਸ ਹਿਤਕਾਰੀ ਮਿੱਤਰ ਦਾ ਸਦਾ ਹੀ ਸ਼ੁਕਰਗੁਜ਼ਾਰ ਰਹਿੰਦਾ ਹੈ। ਗੁਰਵਾਕ ਹੈ "ਲੀਆ ਤ ਦੀਆ ਮਾਨੁ ਜਿਨ੍ਹ ਸਿਉ; ਸੇ ਸਜਨ ਕਿਉ ਵੀਸਰਹਿ?॥ ਜਿਨ੍ਹ ਦਿਸਿ ਆਇਆ, ਹੋਹਿ ਰਲੀਆ; ਜੀਅ ਸੇਤੀ ਗਹਿ ਰਹਹਿ॥" {ਪੰਨਾ ੭੬੫}; ਕਿਉਂਕਿ ਉਹ ਉਪਰੋਕਤ ਕਿਸਮ ਦੀ ਹਰੇਕ ਸਫਲਤਾ ਪਿੱਛੇ ਅਕਾਲ-ਪੁਰਖ ਨੂੰ ਸਹਾਇਕ ਰੂਪ ਵਜੋਂ ਵੇਖਦਾ ਹੈ। ਉਸ ਨੂੰ ਸਤਿਗੁਰੂ ਜੀ ਦੇ "ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥ ਗਰਭ ਅਗਨਿ ਮਹਿ, ਜਿਨਹਿ ਉਬਾਰਿਆ॥ ਬਾਰ ਬਿਵਸਥਾ, ਤੁਝਹਿ ਪਿਆਰੈ ਦੂਧ॥ ਭਰਿ ਜੋਬਨ, ਭੋਜਨ ਸੁਖ ਸੂਧ॥ ਬਿਰਧਿ ਭਇਆ, ਊਪਰਿ ਸਾਕ ਸੈਨ॥ ਮੁਖਿ ਅਪਿਆਉ, ਬੈਠ ਕਉ ਦੈਨ॥" {ਗੁਰੂ ਗ੍ਰੰਥ ਸਾਹਿਬ-ਪੰਨਾ ੨੬੬} ਵਰਗੇ ਸੁਖਮਨੀ ਸਰੂਪ ਅੰਮ੍ਰਿਤ-ਬਚਨ ਸਦਾ ਯਾਦ ਰਹਿੰਦੇ ਹਨ। ਯੂਰਪੀਨ ਲੋਕਾਂ ਦੇ ਸਭਿਆਚਾਰ ਵਿਚ 'ਥੈਂਕਸ' ਤੇ 'ਥੈਂਕ-ਯੂ' ਵਰਗੀ ਸੁਭਾਵਿਕ ਸ਼ਬਦਾਵਲੀ ਵੀ ਇਹੀ ਸਿੱਧ ਕਰਦੀ ਹੈ ਕਿ ਧੰਨਵਾਦੀ ਹੋਣਾ ਇੱਕ ਉੱਤਮ ਸਭਿਅਕ ਗੁਣ ਹੈ।

'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,' 'ਪਾਠ-ਭੇਦ ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ ਹਥਲੀ ਪੁਸਤਕ ਲਿਖਣ ਤੇ ਛਪਾਉਣ ਦਾ ਇਕੋ-ਇੱਕ ਮਨੋਰਥ ਹੈ ਕਿ ਸਾਡੇ ਮਾਨਵਰ ਪੰਥ-ਦਰਦੀ ਬਜ਼ੁਰਗਾਂ ਨੇ ਲਗਭਗ ਪਿਛਲੇ ਸੌ ਸਾਲਾਂ ਦੇ ਕਾਲਾਂਤਰ ਵਿਖੇ ਗੁਰਬਾਣੀ ਦੇ ਮੌਲਿਕ ਲਿਖਤੀ ਰੂਪ ਦੀ ਪੁਰਾਤਨ ਹੱਥ-ਲਿਖਤੀ ਬੀੜਾਂ 'ਚੋਂ ਖੋਜ-ਭਾਲ (ਸ਼ੋਧ) ਕਰਕੇ ਗੁਰਬਾਣੀ ਦੀ ਵਿਆਕਰਣ ਮੁਤਾਬਿਕ ਸੋਧ-ਸੁਧਾਈ ਕਰਦਿਆਂ ਸ਼ੁਧ ਛਪਾਈ ਲਈ ਜੋ-ਜੋ ਉਤਸ਼ਾਹੀ ਤੇ ਉਪਕਾਰੀ ਯਤਨ ਕੀਤੇ ਹਨ, ਉਹ ਭਵਿੱਖ ਵਿਚ ਸਿੱਖ ਭਾਈਚਾਰੇ ਦੇ ਉਨ੍ਹਾਂ ਹੱਥਾਂ ਤਕ ਅਵੱਸ਼ ਪਹੁੰਚਣ; ਜਿਹੜੇ 'ਧੁਰ ਕੀ ਬਾਣੀ' ਅੰਦਰਲੇ "ਖੋਜੀ ਉਪਜੈ, ਬਾਦੀ ਬਿਨਸੈ..." ਵਾਲੇ ਸਿਧਾਂਤਕ ਤੁਕਾਂਸ਼ ਵਿਚ ਦ੍ਰਿੜ੍ਹਤਾ ਭਰਪੂਰ ਵਿਸ਼ਵਾਸ ਰੱਖਦੇ ਹਨ। ਦਾਸਰੇ (ਜਾਚਕ) ਦੇ ਇਸ ਨਿਰਸੁਆਰਥ ਟੀਚੇ ਦੀ ਪ੍ਰਾਪਤੀ ਪ੍ਰਤੀ ਭਾਵੇਂ ਕਈ ਪੰਥ-ਹਿਤਕਾਰੀ ਸਿੱਖ ਸੰਸਥਾਵਾਂ ਤੇ ਸੁਜਾਨ ਸੱਜਣਾਂ ਨੇ ਆਪੋ-ਆਪਣਾ ਯੋਗਦਾਨ ਪਾਇਆ ਹੈ, ਦਾਸ (ਲੇਖਕ) ਉਨ੍ਹਾਂ ਸਾਰਿਆਂ ਦਾ ਸ਼ੁਕਰਗੁਜ਼ਾਰ ਹੈ।

ਪਰ, 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਾਰ-ਮੰਚ, ਟੋਰਾਂਟੋ' ਦੇ ਮੁੱਖ ਸੇਵਾਦਾਰ ਭਾਈ ਗਗਨਦੀਪ ਸਿੰਘ ਨੇ ਉਪਰੋਕਤ ਪੁਸਤਕ ਲੜੀ ਨੂੰ ਪ੍ਰਚਾਰਨ ਤੇ ਪ੍ਰਸਾਰਨ ਲਈ ਜੋ ਉਤਸ਼ਾਹ-ਜਨਕ ਵਿਹਾਰ ਕੀਤਾ ਹੈ।ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਸੇਵਾ-ਮੁਕਤ ਪ੍ਰੋ. ਕਸ਼ਮੀਰਾ ਸਿੰਘ ਜੀ ਨੇ ਜਿਸ ਉਮਾਹ ਨਾਲ **'ਸਾਰ ਸ਼ਬਦ'** ਦੇ

ਸਿਰਲੇਖ ਹੇਠ ਪਾਠਾਂਤਰ ਸੋਧ-ਸੁਧਾਈ ਦੇ ਰਹੱਸ ਨੂੰ ਖੋਲ੍ਹ ਕੇ ਬਿਆਨ ਕੀਤਾ ਹੈ ਅਤੇ 'ਰੀਥਿੰਕ ਬੁਕਸ' ਵੱਲੋਂ ਡਾ. ਪਰਮਿੰਦਰ ਸਿੰਘ ਸ਼ੌਂਕੀ ਹੁਰਾਂ ਨੇ ਜਿਸ ਰੀਝ ਤੇ ਸੇਵਾ-ਭਾਵ ਨਾਲ ਹਥਲੀ ਪੁਸਤਕ ਛਾਪੀ ਹੈ, ਉਸ ਦਾ ਤਾਂ ਮੇਰੇ ਲਈ ਸ਼ੁਕਰੀਆ ਅਦਾ ਕਰਨਾ ਵੀ ਅਸੰਭਵ ਹੈ। ਜਿਸ ਪ੍ਰਕਾਰ ਸ੍ਰੀ ਅਕਾਲ ਪੁਰਖ ਜੀ ਦਾ ਇਹ ਕੁਦਰਤੀ ਭਾਣਾ ਵਰਤ ਰਿਹਾ ਹੈ, ਪੰਥ ਦੀਆਂ ਸਾਰੀਆਂ ਜਾਗਰੂਕ ਸੰਸਥਾਵਾਂ ਸਹਿਯੋਗੀ ਹੋ ਰਹੀਆਂ ਹਨ, ਉਸ ਨੂੰ ਮੁੱਖ ਰੱਖ ਕੇ ਪੂਰਨ ਆਸ ਹੈ ਕਿ ਉਪਰੋਕਤ ਲੜੀ ਅਧੀਨ ਛਪਣ ਵਾਲੀਆਂ 'ਪਾਠ-ਭੇਦ ਦਰਸ਼ਨ' ਤੇ 'ਪਾਠ-ਭੇਦ ਦਰਪਣ ਸ੍ਰੀ ਗੁਰੂ ਗ੍ਰੰਥ ਸਾਹਿਬ' ਵਰਗੀਆਂ ਵਿਸ਼ੇਸ਼ ਪੁਸਤਕਾਂ ਵੀ ਭਵਿੱਖ ਵਿਚ ਛੇਤੀ ਹੀ ਪਾਠਕਾਂ ਦੇ ਹੱਥਾਂ ਵਿਚ ਹੋਣਗੀਆਂ। ਆਸ ਰੱਖਦਾ ਹਾਂ ਕਿ ਉਪਰੋਕਤ ਕਿਤਾਬਾਂ ਤੋਂ ਇਲਾਵਾ 'ਜਪੁ-ਜੀ ਸਿਧਾਂਤ ਦਰਪਣ' (ਭਾਗ ਪਹਿਲਾ) ਅਤੇ 'ਭਗਤ ਬਾਲਮੀਕ ਤੇ ਪੰਥਕ ਸਰੋਕਾਰ' ਆਦਿਕ ਕਿਤਾਬਾਂ ਦੀ ਛਪਾਈ ਤੇ ਵੰਡ-ਵੰਡਾਈ ਪ੍ਰਤੀ ਵੀ ਉਪਰੋਕਤ ਸਾਰੇ ਸੱਜਣ ਇਉਂ ਹੀ ਸਹਾਇਕ ਹੁੰਦੇ ਰਹਿਣਗੇ; ਅੱਗੇ ਜਿਵੇਂ ਮਾਲਕ-ਪ੍ਰਭੂ ਨੂੰ ਭਾਵੇ! ਕਿਉਂਕਿ ਸਤਿਗੁਰੂ ਸਾਹਿਬਾਨ ਦਾ ਸ੍ਰੀ ਮੁਖਵਾਕ ਹੈ:

ਉਦਮ ਮਤਿ, ਪ੍ਰਭ ਅੰਤਰਜਾਮੀ; ਜਿਉ ਪ੍ਰੇਰੇ ਤਿਉ ਕਰਨਾ॥
ਜਿਉ ਨਟੂਆ ਤੰਤੁ ਵਜਾਏ ਤੰਤੀ; ਤਿਉ ਵਾਜਹਿ ਜੰਤ ਜਨਾ॥

{ਪੰਨਾ ੭੯੮}

ਗੁਰੂ ਗ੍ਰੰਥ ਤੇ ਪੰਥ ਦਾ ਦਾਸ

ਮਿਤੀ: ੮ ਜੁਲਾਈ ੨੦੨੩ ਜਗਤਾਰ ਸਿੰਘ ਜਾਚਕ, ਨਿਊਯਾਰਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਤੀ ਰੂਪ ਦੀ ਸ਼ੋਧ ਤੇ ਪਾਠਾਂਤਰ ਸੁਧਾਈ

ਗੁਰਬਾਣੀ ਰੂਪ ਗੁਰਮਤਿ ਗਿਆਨ ਦੇ ਜੁਗੋ-ਜੁਗ ਅਟੱਲ ਚਾਨਣ ਮੁਰਾਰੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਖੇ ਵਾਰ-ਵਾਰ ਇਸ ਰੂਹਾਨੀ ਹਕੀਕਤ ਨੂੰ ਪ੍ਰਗਟਾਇਆ ਹੈ ਕਿ ਗੁਰੂ-ਕਰਤਾਰ ਹੀ ਇੱਕੋ-ਇੱਕ ਅਜਿਹੀ ਨੂਰਾਨੀ ਤੇ ਅਭੁੱਲ ਹਸਤੀ ਹੈ, ਜਿਸ ਪਾਸੋਂ ਕਦੇ ਕੋਈ ਭੁੱਲ ਨਹੀਂ ਹੁੰਦੀ। ਜੋ ਆਪ ਕਦੇ ਵੀ ਭੁਲੇਖਾ ਨਹੀਂ ਖਾਂਦਾ ਅਤੇ ਕਿਸੇ ਕਿਸਮ ਦੀ ਗ਼ਲਤੀ ਨਹੀਂ ਕਰਦਾ। ਪਰ ਉਸ ਤੋਂ ਇਲਾਵਾ ਹੋਰ ਕੋਈ ਵੀ ਮਨੁੱਖ ਆਦਿਕ ਐਸਾ ਜੀਵ ਨਹੀਂ, ਜਿਸ ਪਾਸੋਂ ਕਦੇ ਕੋਈ ਗ਼ਲਤੀ ਨਾ ਹੁੰਦੀ ਹੋਵੇ। ਭਾਵ, ਨਿਰੰਕਾਰ ਕਰਤਾਰ ਨੇ ਜੀਵਾਂ ਦੀ ਬਣਤਰ ਹੀ ਐਸੀ ਬਣਾਈ ਹੈ, ਜਿਸ ਮੁਤਾਬਿਕ ਹਰੇਕ ਜੀਵ ਦਾ ਮਾਇਕ ਪ੍ਰਭਾਵ ਹੇਠ ਭੁੱਲ ਜਾਣਾ ਸੁਭਾਵਿਕ ਹੈ। ਪਰ ਫਿਰ ਵੀ ਧਰਤੀ ਦੇ ਸਿਕਦਾਰ ਮਨੁੱਖ ਨੂੰ ਸਿਰਜਨਹਾਰ ਅਕਾਲ-ਪੁਰਖ ਨੇਂ ਅਜਿਹੀ ਨਿਵੇਕਲੀ ਸੂਝ ਤੇ ਸਮਰਥਾ ਵੀ ਬਖ਼ਸ਼ੀ ਹੈ ਕਿ ਉਹ ਨਾਮੁ ਰੂਪ ਗੁਰੂ-ਗਿਆਨ ਦੇ ਚਾਨਣ ਵਿੱਚ ਐਸੀਆਂ ਮਾਇਆਵੀ ਮਾਰੂ ਭੁੱਲਾਂ ਤੋਂ ਮੁਕਤ (ਅਭੁਲ) ਹੋ ਸਕਦਾ ਹੈ, ਜਿਹੜੀਆਂ ਉਸ ਨੂੰ ਵਿਕਾਰੀ ਕੁਰਾਹੇ ਪਾ ਕੇ ਹਿਰਦੇ ਨੂੰ ਰੱਬੀ-ਪ੍ਰੇਮ ਤੋਂ ਸੱਖਣਾ ਕਰ ਸਕਦੀਆਂ ਹਨ। ਭਾਵ, ਉਨ੍ਹਾਂ ਵੱਡੀਆਂ ਭੁੱਲਾਂ ਤੇ ਗ਼ਲਤੀਆਂ ਤੋਂ ਬਚ ਸਕਦਾ ਹੈ, ਜਿਹੜੀਆਂ ਸਾਡੀ ਜ਼ਿੰਦਗੀ ਨੂੰ ਪਤਿਤਪੁਣੇ ਦੇ ਕੁਮਾਰਗ ਤੋਰ ਕੇ ਆਚਰਣਕ ਪੱਖੋਂ ਤਬਾਹ ਕਰ ਸਕਦੀਆਂ ਹਨ। ਪ੍ਰਸਿੱਧ ਗੁਰਵਾਕ ਹਨ:

ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ॥
ਗੁਰਮਤਿ ਮਨੁ ਸਮਝਾਇਆ, ਲਾਗਾ ਤਿਸੈ ਪਿਆਰੁ॥

{ਪੰਨਾ ੬੧}

ਭੁਲਣ ਵਿਚਿ ਕੀਆ ਸਭੁ ਕੋਈ, ਕਰਤਾ ਆਪਿ ਨ ਭੁਲੈ॥
'ਨਾਨਕ' ਸਚਿ ਨਾਮਿ ਨਿਸਤਾਰਾ, ਕੋ ਗੁਰ ਪਰਸਾਦਿ ਅਘੁਲੈ॥

{ਪੰਨਾ ੧੩੪੪}

ਇਸ ਲਈ ਅਜਿਹੀਆਂ ਸੁਭਾਵਿਕ ਭੁੱਲਾਂ ਤੋਂ ਬਚਣ ਲਈ ਬਖ਼ਸ਼ਿੰਦ ਪਿਤਾ-ਪ੍ਰਭੂ ਦੇ ਸਨਮੁਖ ਬਾਰਿਕ ਰੂਪ ਵਿਚ ਅਰਦਾਸ ਕਰਨੀ ਹੀ ਇੱਕੋ-ਇਕ ਕਾਰਗਰ ਤਰੀਕਾ ਹੈ। ਇਹੀ ਕਾਰਣ ਹੈ ਕਿ ਸਤਿਗੁਰੂ ਜੀ ਦੇ ਨਿਰਮਲ ਹਿਰਦੇ ਚੋਂ ਵਾਰ-ਵਾਰ ਇਉਂ ਬੇਨਤੀ-ਵਾਚਕ ਵਾਕ ਨਿਕਲਦੇ ਰਹੇ ਹਨ:

ਹਮ ਭੂਲਿ ਵਿਗਾੜਹ, ਦਿਨਸੁ ਰਾਤਿ; ਹਰਿ! ਲਾਜ ਰਖਾਏ॥
ਹਮ ਬਾਰਿਕ, ਤੂੰ ਗੁਰੁ ਪਿਤਾ ਹੈ; ਦੇ ਮਤਿ ਸਮਝਾਏ॥

{ਪੰਨਾ ੪੫੦}

ਅਰਥ: ਅਸੀ ਦਿਨ ਰਾਤ (ਜੀਵਨ-ਰਾਹ ਤੋਂ) ਖੁੰਝ ਕੇ (ਆਪਣੇ ਆਤਮਕ ਜੀਵਨ ਨੂੰ) ਖ਼ਰਾਬ ਕਰਦੇ ਰਹਿੰਦੇ ਹਾਂ। ਹੇ ਹਰੀ! ਸਾਡੀ ਇੱਜ਼ਤ ਰੱਖ।

ਹੇ ਪ੍ਰਭੂ! ਅਸੀ ਤੇਰੇ ਬੱਚੇ ਹਾਂ, ਤੂੰ ਸਾਡਾ ਗੁਰੂ ਹੈਂ ਤੂੰ ਸਾਡਾ ਪਿਤਾ ਹੈਂ, ਸਾਨੂੰ ਮਤਿ ਦੇ ਕੇ ਚੰਗੀ ਸਮਝ ਬਖ਼ਸ਼।

ਹਮ ਬਾਰਿਕ, ਕਛੂਅ ਨ ਜਾਨਹ ਗਤਿ ਮਿਤਿ;
ਤੇਰੇ ਮੂਰਖ ਮੁਗਧ ਇਆਨਾ॥
ਹਰਿ! ਕਿਰਪਾ ਧਾਰਿ ਦੀਜੈ ਮਤਿ ਊਤਮ;
ਕਰਿ ਲੀਜੈ ਮੁਗਧੁ ਸਿਆਨਾ॥

{ਪੰਨਾ ੬੯੭}

ਅਰਥ: ਹੇ ਪ੍ਰਭੂ ਜੀ! ਅਸੀਂ ਤੇਰੇ ਅੰਞਾਣ ਮੂਰਖ ਬੱਚੇ ਹਾਂ, ਅਸੀ ਨਹੀਂ ਜਾਣ ਸਕਦੇ ਕਿ ਤੂੰ ਕਿਹੋ ਜਿਹਾ ਹੈਂ, ਅਤੇ ਕੇਡਾ ਵੱਡਾ ਹੈਂ। ਹੇ ਹਰੀ! ਮੇਹਰ ਕਰ ਕੇ ਮੈਨੂੰ ਚੰਗੀ ਅਕਲ ਦੇਹ, ਮੈਨੂੰ ਮੂਰਖ ਨੂੰ ਸਿਆਣਾ ਬਣਾ ਲੈ।

ਗੁਰ-ਇਤਿਹਾਸ ਦੇ ਵੱਡੇ, ਪ੍ਰਸਿੱਧ, ਵਿਵਾਦਤ ਤੇ ਪ੍ਰਚੱਲਿਤ ਸ੍ਰੋਤ ਗੁਰਪ੍ਰਤਾਪ ਸੂਰਜ (ਸੂਰਜ ਪ੍ਰਕਾਸ਼) ਮੁਤਾਬਿਕ ਭਾਦੋਂ ਸੁਦੀ ਏਕਮ ਸੰਮਤ ੧੬੬੧ (੧ ਸਤੰਬਰ ਸੰਨ ੧੬੦੪) ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਢਲੇ ਸਰੂਪ 'ਪੋਥੀ ਸਾਹਿਬ' ਦੀ ਸੰਪਾਦਨਾ ਦਾ ਕਾਰਜ ਸੰਪੂਰਨ ਹੋਇਆ। ਉਸ ਮੌਕੇ ਇਸ ਪਾਵਨ ਪੋਥੀ ਦੇ ਮੁੱਖ ਸੰਪਾਦਕ ਸ਼੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਗੁਰਦੁਆਰਾ ਸ਼੍ਰੀ ਰਾਮਸਰ (ਸ਼੍ਰੀ ਅੰਮ੍ਰਿਤਸਰ) ਦੇ ਰਮਣੀਕ ਸਥਾਨ 'ਤੇ ਇੱਕ ਵਿਸ਼ੇਸ਼ ਦੀਵਾਨ ਅਯੋਜਿਤ ਕੀਤਾ। ਸ਼ਰਧਾ-ਜਨਕ ਉੱਥੇਸ਼ਾਹ ਵਿਚ ਭਰੀਆਂ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਵੱਡੀ ਗਿਣਤੀ ਵਿਚ ਇਕੱਤ੍ਰ ਹੋਈਆਂ। ਇਸੇ ਲਈ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਵਿਖੇ ਹੁਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਉਸ ਦਿਹਾੜੇ ਹੀ ਮਨਾਇਆ ਜਾਂਦਾ ਹੈ। ਭਾਈ ਸੰਤੋਖ ਸਿੰਘ ਜੀ ਦੀ ਉਪਰੋਕਤ ਜਾਣਕਾਰੀ ਦਾ ਕਾਵਿਕ ਰੂਪ ਹੈ:

ਸੰਮਤ ਸੋਲਹ ਸੌ ਇਕਸਾਠਹ, ਭਾਦਵ ਕੀ ਸੁਧਿ ਏਕਮ ਜਾਨੋ।
ਗ੍ਰੰਥ ਸਮਾਪਤ ਸ਼੍ਰੀ ਗੁਰ ਕੀਨ, ਮਹਾਂ ਉਤਸ਼ਾਹ ਗੁਰੂ ਘਰ ਠਾਨੋ।

ਭਾਈ ਸਾਹਿਬ ਜੀ ਦੀ ਉਪਰੋਕਤ ਜਾਣਕਾਰੀ ਦਾ ਅਧਾਰ ਸ਼੍ਰੀ ਕਰਤਾਰਪੁਰੀ ਬੀੜ ਜਾਪਦੀ ਹੈ, ਕਿਉਂਕਿ ਉਸ ਦੇ ਤਤਕਰੇ ਦੇ ਆਰੰਭ ਵਿਚ ਪਤਰੇ ਦੇ ਸੱਜੇ ਪੰਨੇ ਨੂੰ ਖੜਵੀਂ ਲੀਕ ਨਾਲ ਦੋ ਭਾਗਾਂ ਵਿਚ ਵੰਡਣ ਉਪਰੰਤ ਪੰਨੇ ਦੇ ਸੱਜੇ ਪਾਸੇ ਤਿੰਨ ਪਾਲਾਂ ਦਾ (੧ਓ ਤੋਂ ਗੁਰਪ੍ਰਸਾਦਿ) ਤਕ ਦਾ ਸੰਪੂਰਨ ਮੰਗਲ ਹੈ। ਬਿਲਕੁਲ ਉਸ ਦੇ ਬਰਾਬਰ ਖੱਬੇ ਪਾਸੇ ਤਤਕਰੇ ਦੀ ਆਰੰਭਕ ਲਿਖਤ ਹੇਠਲੀ ਤਰਤੀਬ ਮੁਤਾਬਿਕ ਅੰਕਿਤ ਹੈ:

ਸੂਚੀ ਪਤਰ ਪੋਥੀ ਕਾ ਤਤਕਰਾ ਰਾਗਾ ਕਾ
੪੧ ਜੋਤੀ ਜੋਤਿ ਸਮਾਵਣੇ ਕਾ ਚਲਿਤ੍ਰ

ਸੰਬਤ ੧੬੬੧ ਮਿਤੀ ਭਾਦੋਉ ਵਦੀ ਏਕਮ ੧
ਪੋਥੀ ਲਿਖਿ ਪਾਹੁਚੇ

੪੨ ਜਪੁ ਗੁਰੂ ਰਾਮਦਾਸ ਜੀਉ ਕੇ ਦਸਖਤਾ ਕਿਆ
ਦਸਤਖਤਾ ਕਾ ਨਕਲੁ

...

੫੪੦ ਨੀਸਾਣੁ ਸ੍ਰੀ ਗੁਰੂ ਜੀਉ ਕੇ ਦਸਖਤ ਮਹਲਾ ੬

ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਪ੍ਰਚਾਰਕ ਕਲਾਸ ਦੇ ਵਿਦਿਆਰਥੀਆਂ ਨੇ ਸੰਨ ੧੯੭੫ ਵਿਚ ਮਰਹੂਮ ਪ੍ਰਿੰਸੀਪਲ ਹਰਿਭਜਨ ਸਿੰਘ (ਭਾਈ ਸਾਹਿਬ) ਜੀ ਨੂੰ ਜਦੋਂ ਇਹ ਸੁਆਲ ਪੁੱਛਿਆ ਕਿ ਸ੍ਰੀ ਕਰਤਾਰਪੁਰੀ ਪੋਥੀ ਸਾਹਿਬ ਵਿਚ ਸੰਮਤ ਮਿਤੀ ਭਾਦੋਂ ਵਦੀ ਏਕਮ (ਭਾਵ, ਭਾਦੋਂ ਦੀ ਪੂਰਨਮਾਸ਼ੀ ਤੋਂ ਅਗਲੇ ਦਿਨ) ਲਿਖਿਆ ਹੈ, ਪਰ ਅੱਜ-ਕਲ ਇਸ ਦਿਹਾੜੇ ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਭਾਦੋਂ ਸੁਦੀ ਏਕਮ (ਭਾਵ, ਭਾਦੋਂ ਦੀ ਮੱਸਿਆ ਤੋਂ ਅਗਲੇ ਦਿਨ) ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ, ਅਜਿਹਾ ਕਿਉਂ? ਉੱਤਰ ਸੀ "ਹੋ ਸਕਦਾ ਹੈ ਕਿ ੧੫ ਦਿਨ ਤਤਕਰਾ ਲਿਖਣ, ਜਿਲਦ ਬੰਨ੍ਹਣ ਅਤੇ ਹੋਰ ਤਿਆਰੀਆਂ ਵਿਚ ਲੱਗ ਗਏ ਹੋਣ, ਕਿਉਂਕਿ 'ਪੋਥੀ ਲਿਖਿ ਪਾਹੁਚੇ' ਤੁਕਾਂਤ ਦਾ ਭਾਵਾਰਥ ਹੈ ਪੋਥੀ ਲਿਖਣ ਉਪਰੰਤ ਤਤਕਰੇ 'ਤੇ ਪਹੁੰਚੇ। ਮੈਨੂੰ ਤਾਂ ਭਾਈ! ਇਹੀ ਜਾਪਦਾ ਹੈ।"

ਪਰ, ਵਿਦਿਆਰਥੀਆਂ ਨੂੰ ਪ੍ਰਿੰਸੀਪਲ ਜੀ ਦੇ ਹਾਵ-ਭਾਵ ਤੋਂ ਮਹਿਸੂਸ ਹੋ ਰਿਹਾ ਸੀ ਕਿ ਉਹ ਮਜ਼ਬੂਰੀ ਵੱਸ ਬੀੜ ਦੇ ਸੱਚ ਨੂੰ ਲੁਕੋਅ ਰਹੇ ਹਨ, ਕਿਉਂਕਿ ਪੁਰਾਤਨ ਹੱਥ ਲਿਖਤ ਖਰੜਿਆਂ ਦੇ ਖੋਜੀ ਪ੍ਰੋ. ਪਿਆਰਾ ਸਿੰਘ 'ਪਦਮ' ਇਸ ਵਿਚਾਰ ਨਾਲ ਸਹਿਮਤ ਨਹੀਂ ਸਨ ਹੋ ਰਹੇ। ਆਖ਼ਿਰ ਉਨ੍ਹਾਂ ਨੇ ਸੰਨ ੧੯੭੭ ਵਿਚ 'ਸਿੰਘ ਬ੍ਰਦਰਜ਼ ਅੰਮ੍ਰਿਤਸਰ' ਦੁਆਰਾ ਪਹਿਲੀ ਵਾਰ ਪ੍ਰਕਾਸ਼ਤ ਕਰਵਾਈ ਪੁਸਤਕ 'ਸ੍ਰੀ ਗੁਰੂ ਗ੍ਰੰਥ ਪ੍ਰਕਾਸ਼' (ਜਨਵਰੀ ੨੦੦੪, ਤੀਜੀ ਐਡੀਸ਼ਨ) ਅੰਦਰਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਬੀੜਾਂ' ਦੇ ਸਿਰਲੇਖ ਹੇਠ ਪੰਨਾ ੯੭ 'ਤੇ ੯੮ ਉੱਤੇ 'ਪੋਥੀ ਲਿਖਿ ਪਹੁਚੇ।' ਤੁਕਾਂਤ ਦੇ ਸੱਚ ਨੂੰ ਪ੍ਰਗਟਾਉਂਦਿਆਂ ਲਿਖਿਆ ਕਿ ਇਹ ਤੁਕਾਂਤ "ਹਰੇਕ ਉਸ ਬੀੜ ਵਿਚ ਦਰਜ ਹੈ, ਜਿਹੜੀ ਵੀ ਭਾਈ ਬੰਨੋ ਵਾਲੀ ਸਾਖ਼ ਦੀ ਹੈ।" ਭਾਵ, ਜਿਹੜੀ ਵੀ ਬੀੜ ਭਾਈ ਬੰਨੋ ਵਾਲੇ ਸੰਚੇ ਦੀ ਨਕਲ ਹੈ ਜਾਂ ਉਸ ਤੋਂ ਅੱਗੇ ਉਹਦੀ ਨਕਲ ਦੀ ਨਕਲ ਹੈ। ਇਸ ਦਾ ਕਾਰਣ ਇਹ ਹੈ ਕਿ ਭਾਈ ਬੰਨੋ ਵਾਲੀ ਬੀੜ ਦੇ ਤਤਕਰੇ ਦੇ ਆਰੰਭ ਵਿਚ ਜਿਥੇ ਅਸਲ ਸੰਮਤ ੧੬੬੧

ਬਿ. ਨੂੰ ਕੱਟ ਕੇ ੧੬੫੯ ਬਿ. ਬਣਾਇਆ ਗਿਆ ਹੈ। ਉੱਥੇ ਹੁਣ ਪੂਰੀ ਤੁਕ ਇਉਂ ਹੈ: 'ਸੰਬਤੁ ੧੬੫੯ ਅਸੂ ਵਦੀ ੧ ਪੋਥੀ ਲਿਖਿ ਪਹੁਚੇ।' ਵੇਖੋ! ਪੁਸਤਕ 'ਪਾਠ-ਭੇਦ ਗਾਥਾ' ਦਾ ਚਿਤ੍ਰ ਨੰ. 1-1 (A) ਅਤੇ 3-7

ਦੂਜੀ ਵੱਡੀ ਨਿਸ਼ਾਨੀ ਹੈ ਕਿ ਐਸੀਆਂ ਸਾਰੀਆਂ ਬੀੜਾਂ ਵਿਚ ਮੁੰਦਾਵਣੀ ਉਪਰੰਤ 'ਮਹਲਾ ੧॥ ਜਿਤੁ ਦਰਿ ਲਖ ਮੁਹੰਮਦਾ'; 'ਮਹਲਾ ੧॥ ਬਾਇ ਆਤਸ ਆਬਿ'; 'ਰਾਮਕਲੀ ਰਤਨਮਾਲਾ ਮਹਲਾ ੧'; 'ਹਕੀਕਤਿ ਰਾਹ ਮੁਕਾਮ ਰਾਜੇ ਸਿਭਨਾਭ ਕੀ॥'; 'ਰਾਗਮਾਲਾ॥ ਰਾਗ ਏਕ ਸੰਗਿ ਪਾਂਚ ਬਰੰਗਨ'॥ ਅਤੇ 'ਸਿਆਹੀ ਕੀ ਬਿਧਿ' ਆਦਿਕ ਵਾਧੂ ਰਚਨਾਵਾਂ ਦਰਜ ਹੁੰਦੀਆਂ ਹਨ। ਇਸ ਸ਼ਾਖਾ ਤੋਂ ਇਲਾਵਾ ਕਈ ਹੋਰ ਬੀੜਾਂ ਵਿਚ ਸ੍ਰੀ ਕਰਤਾਰਪੁਰੀ ਬੀੜ ਵਾਂਗ ਕੁਝ ਵਾਧੂ ਛੰਦ ਵੀ ਮਿਲਦੇ ਹਨ, ਜਿਵੇਂ ਮੀਰਾਂ ਬਾਈ ਦਾ ਪਦਾ, ਸੂਰਦਾਸ ਜੀ ਦਾ ਪਦਾ ਤੇ 'ਰਾਮਕਲੀ ਮਹਲਾ ੫॥ ਰਣ ਝੁੰਝਨੜਾ...' ਵਾਲਾ ਸੰਪੂਰਨ ਛੰਤ ਆਦਿਕ, ਕਿਉਂਕਿ ਇਹ ਸਭ ਕੁਝ ਭਾਈ ਬੰਨੋ ਵਾਲੀ ਬੀੜ ਵਿਖੇ ਪੂਰਨ ਰੂਪ ਵਿਚ ਦਰਜ ਹੈ। ਸ੍ਰੀ ਕਰਤਾਰਪੁਰੀ ਬੀੜ ਦੇ ਤਤਕਰੇ ਵਿਖੇ ਪਤਰਾ ਨੰ. ੯੭੪ ਦੇ ਵੇਰਵੇ ਵਜੋਂ ਅਨਛੇਦ ਲਿਖਤ ਇਉਂ ਹੈ:

'੯੭੪ ਰਾਗਮਾਲਾ ਤਥਾ ਸਿਘਲਦੀਪ ਕੀ' ਅਤੇ ਇਸ ਤੋਂ ਅੱਗੇ ਬਾਕੀ ਦਾ ਵਾਕ ਥਾਂ ਨਾ ਹੋਣ ਕਰਕੇ ਹਾਸ਼ੀਏ ਵਿਚ ਉੱਪਰ ਨੂੰ ਟੇਡਾ ਕਰਕੇ ਇੰਝ ਲਿਖਿਆ ਹੈ- **'ਸਿਭਨਾਭ ਰਾਜੇ ਕੀ ਬਿਧਿ॥"** ਕਿਉਂਕਿ ਉਸ ਤੋਂ ਹੇਠਾਂ ਕਿਸੇ ਹੋਰ ਕਲਮ ਨਾਲ **'ਤਤਕਰਾ ਤਤਕਰੇ'** ਲਿਖਿਆ ਹੋਇਆ ਸੀ। ਪਰ ਸ੍ਰੀ ਕਰਤਾਰਪੁਰ ਕਿਲੇ ਵਾਲੀ ਜਿਸ ਬੀੜ ਦੇ ਦਰਸ਼ਨ ਕਰਕੇ ਜਥੇਦਾਰ ਵੇਦਾਂਤੀ ਜੀ ਨੇ ਡਾ. ਅਮਰ ਸਿੰਘ ਰਾਹੀਂ ਕੁਝ ਚੋਣਵੇਂ ਪਤਰਿਆਂ ਦੇ ਫੋਟੋ ਲਏ ਸਨ, ਉਸ ਮੁਤਾਬਿਕ ਬੀੜ ਦੀ ਸਮਾਪਤੀ 'ਤੇ ਪਤਰਾ ਨੰ. ੯੭੨ ਦੇ ਖੱਬੇ ਪਾਸੇ ਕੇਵਲ ਮੰਦਾਵਣੀ ਤੇ ਸਲੋਕ ਹੈ ਅਤੇ ਪਤਰਾ ਨੰ. ੯੭੫ 'ਤੇ ਕੇਵਲ ਰਾਗਮਾਲਾ ਹੀ ਅੰਕਿਤ ਹੈ, ਤਤਕਰੇ ਵਾਲੀਆਂ ਬਾਕੀ ਰਚਨਾਵਾਂ ਦਾ ਅਭਾਵ ਹੈ। ਤਤਕਰੇ ਮੁਤਾਬਿਕ ਰਾਗਮਾਲਾ ਦਾ ਪਤਰਾ ੯੭੪ ਹੈ ਅਤੇ ਹੈਰਾਨਗੀ ਦੀ ਗੱਲ ਹੈ ਕਿ ਉਸੇ ਬੀੜ ਦੀ ਸਮਾਪਤੀ 'ਤੇ ਰਾਗਮਾਲਾ ਦਾ ਪਤਰਾ ਨੰ. ੯੭੫ ਲਿਖਿਆ ਦਿਸਦਾ ਹੈ। ਵੇਖੋ ਪੁਸਤਕ 'ਪਾਠ-ਭੇਦ ਗਾਥਾ' ਅੰਦਰਲੇ ਕਰਤਾਰਪੁਰੀ ਬੀੜ ਦੇ ਚਿਤ੍ਰ ਨੰ. 3-7; 3-4 ਅਤੇ 3-5।

ਮੁੱਕਦੀ ਗੱਲ, 'ਪਦਮ' ਜੀ ਸਮੇਤ ਉਪਰੋਕਤ ਲਿਖਤ ਤੋਂ ਦੋ ਨਤੀਜੇ ਬੜੇ ਸਾਰਥਕ ਤੇ ਸਪਸ਼ਟ ਨਿਕਲਦੇ ਹਨ। ਇੱਕ ਤਾਂ ਇਹ ਕਿ 'ਪੋਥੀ ਲਿਖਿ ਪਹੁਚੇ' ਤੁਕਾਂਤ ਦਾ ਭਾਵਾਰਥ ਹੈ ਕਿ ਭਾਈ ਬੰਨੋ ਵਾਲੀ ਬੀੜ ਸ੍ਰੀ ਅੰਮ੍ਰਿਤਸਰ ਨਹੀਂ ਲਿਖੀ ਗਈ। ਉਹ ਬੀੜ ਗੁਜਰਾਤ ਜਾਂ ਕਿਤੇ ਹੋਰਥੇ ਲਿਖੀ ਗਈ ਅਤੇ ਉੱਥੋਂ ਬੀੜ ਲਿਖ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ। ਦੂਜਾ ਇਹ ਕਿ ਸ੍ਰੀ ਕਰਤਾਰਰਪੁਰੀ

ਬੀੜ ਦਾ ਪਿਛੋਕੜ ਭਾਈ ਬੰਨੋ ਵਾਲੀ ਬੀੜ ਨਾਲ ਹੀ ਜੁੜਦਾ ਹੈ, ਭਾਵੇਂ ਕਿ ਦੋਹਾਂ ਦੇ ਲਿਖਣ ਮਿਤੀ ਤੇ ਸੰਮਤ ਵਿਚ ਅੰਤਰ ਹੈ। ਭਾਈ ਬੰਨੋ ਵਾਲੀ ਬੀੜ ਦੇ ਪ੍ਰਚੱਲਿਤ ਲਿਖਣ ਸੰਮਤ ੧੬੫੯ ਤੇ ਉਸ ਦੇ ਅਸਲ ਲਿਖਣ ਸੰਮਤ ੧੬੯੯ ਵਿਚ ੪੦ ਸਾਲ ਦਾ ਫਰਕ ਹੈ ਅਤੇ ਕਰਤਾਰਪੁਰੀ ਬੀੜ ਦੇ ਲਿਖਣ ਸੰਮਤ ੧੬੬੧ ਤੇ ਭਾਈ ਬੰਨੋ ਵਾਲੀ ਬੀੜ ਦੇ ਅਸਲੀ ਲਿਖਣ ਕਾਲ ੧੬੯੯ ਵਿਚ ੩੮ ਸਾਲ ਦੀ ਵਿੱਥ ਹੈ।

ਇਹੀ ਕਾਰਣ ਹੈ ਕਿ ਪ੍ਰੋ. ਪਦਮ ਜੀ ਨੇ ਬੀੜਾਂ ਦੇ ਵੇਰਵੇ ਵਿਚ ਭਾਈ ਗੁਰਦਾਸ ਜੀ ਵਾਲੀ ਬੀੜ ਨੂੰ ਨੰ. 1, ਭਾਈ ਬੰਨੋ ਵਾਲੀ ਬੀੜ ਨੂੰ ਨੰ. 2, ਬੋਹਤ (ਪਿੰਡ) ਵਾਲੀ ਬੀੜ ਨੂੰ ਨੰ. 3. ਅਤੇ ਸ੍ਰੀ ਕਰਤਾਰਪੁਰੀ ਬੀੜ ਨੂੰ ਨੰ. 4. ਦਿੰਦਿਆਂ ਇੱਕ ਬੜਾ ਮਹੱਤਵਪੂਰਨ ਸੁਆਲ ਖੜਾ ਕੀਤਾ ਹੈ ਕਿ ਜੇ ਸ੍ਰੀ ਕਰਤਾਰਪੁਰੀ ਬੀੜ ਨੂੰ ਸੰਮਤ ੧੧੬੧ ਅਤੇ ਭਾਈ ਬੰਨੋ ਵਾਲੀ ਬੀੜ ਨੂੰ ਸੰਮਤ ੧੬੫੯ ਦੀ ਲਿਖਤ ਮੰਨਿਆ ਜਾਵੇ ਤਾਂ ਇਨ੍ਹਾਂ ਬੀੜਾਂ ਦੇ ਤਤਕਰਿਆਂ ਵਿਚ ਛੇਵੇਂ ਗੁਰੂ ਪਾਤਸ਼ਾਹ ਜੀ ਦੇ ਨੀਸਾਣ (ਦਸਖ਼ਤ) ਕਿਵੇਂ ਦਰਜ ਹੋ ਗਏ? ਵੱਡੀ ਗੱਲ ਹੈ ਕਿ ਨੀਸਾਣ ਦਾ ਵੇਰਵਾ ਵੀ ਉਨ੍ਹਾਂ ਲਿਖਾਰੀਆਂ ਦੀ ਲਿਖਤ ਜਾਪਦਾ ਹੈ, ਜਿਨ੍ਹਾਂ ਨੇ ਬੀੜਾਂ ਦੇ ਤਤਕਰੇ ਲਿਖੇ। 'ਪਦਮ' ਜੀ ਦੀ ਅਸਲ ਲਿਖਤ ਹੈ- "ਇਹ ਸਮਝਣਾ ਮੁਸ਼ਕਲ ਹੋ ਰਿਹਾ ਹੈ ਕਿ ੧੬੫੯ ਜਾਂ ੧੬੬੧ ਬਿ. 'ਚ ਲਿਖੇ ਜਾ ਰਹੇ ਤਤਕਰੇ ਵਿਚ ਛੇਵੇਂ ਪਾਤਸ਼ਾਹ ਦੇ ਨੀਸਾਣ ਦੀ ਸੂਚਨਾ ਬਾਕਾਇਦਾ ਕਿਵੇਂ ਦਰਜ ਹੋਈ?" (ਸ੍ਰੀ ਗੁਰੂ ਗ੍ਰੰਥ ਪ੍ਰਕਾਸ਼-ਪੰਨਾ ੯੮) ਕਿਉਂਕਿ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਗੁਰੂ-ਪਦਵੀ ਸੰਮਤ ੧੬੬੩ (ਮੁਤਾਬਿਕ ਸੰਨ ੧੬੦੬ ਈ.) ਵਿਖੇ ਪੰਜਵੇਂ ਗੁਰੂ ਪਾਤਸ਼ਾਹ ਦੀ ਸ਼ਹੀਦੀ ਤੋਂ ਪਿੱਛੋਂ ਪ੍ਰਾਪਤ ਹੋਈ ਸੀ, ਉਸ ਤੋਂ ਪਹਿਲਾਂ ਤਾਂ ਉਨ੍ਹਾਂ ਨੂੰ ਬਕਾਇਦਾ ਗੁਰੂ ਵਜੋਂ ਕਿਤੇ ਵੀ ਦਸਖ਼ਤ ਕਰਨ ਦਾ ਕੋਈ ਅਧਿਕਾਰ ਨਹੀਂ ਸੀ।

ਭਾਈ ਗੁਰਦਾਸ ਜੀ ਵਾਲੀ ਬੀੜ ਦੇ ਵਿਸਥਾਰ ਪੂਰਵਕ ਵੇਰਵੇ ਵਿਚ ਇਸ ਬੀੜ ਦੇ ਲਿਖਣ-ਕਾਲ ਬਾਰੇ ਪੋ. 'ਪਦਮ' ਜੀ ਲਿਖਦੇ ਹਨ:

"ਇਸ ਦਾ ਲਿਖਣ ਕਾਲ ਸ. ਜੀ.ਬੀ. ਸਿੰਘ ਨੇ ੧੬੪੮ ਬਿ. ਮੰਨਿਆ ਹੈ। ਭਾਈ ਕੇਸਰ ਸਿੰਘ ਛਿੱਬਰ ਨੇ ੧੬੫੮ ਬਿ. ਸੰਮਤ ਦਿੱਤਾ ਹੈ। ਉਸ ਦੀ ਪੁਸਤਕ 'ਬੰਸਾਵਲੀਨਾਮਾ' ਵਿਚ ਵਰਨਣ ਹੈ:

ਸੰਮਤ ਸੋਲਾਂ ਸੈ ਅਠਵੰਜਾ ਸੇ ਗਏ।
ਤਬ ਆਦਿ ਗ੍ਰੰਥ ਜੀ ਜਨਮ ਥੇ ਲਏ।
ਗੁਰੂ ਅਰਜਨ ਜੀ ਧਾਮਿ ਜਨਮ ਗ੍ਰੰਥ ਜੀ ਧਾਰਾ।
ਦਾਇਆ ਸੀ ਭਾਈ ਗੁਰਦਾਸ ਭੱਲਾ, ਲੇਖਾਰੀ ਖਿਡਾਵਣਹਾਰਾ।੨੨੨।

ਤੇ ਆਮ ਰਵਾਇਤ ੧੬੬੧ ਬਿ. ਦੀ ਹੈ। ਪੁਰਾਤਨ ਗਿਆਨੀ ਵੀ ਇਹੋ

ਮੰਨਦੇ ਸਨ. ਇਸੇ ਕਰਕੇ 'ਇੰਪੀਰੀਅਲ ਗਜ਼ਟੀਅਰ ਆਫ਼ ਇੰਡੀਆ' ਦੀ ਦੂਜੀ ਜਿਲਦ (੧੯੦੯) ਵਿਚ ੧੬੦੧ ਈ. ਦਿੱਤਾ ਹੈ। ਚੂੰਕਿ ਗੁਰੂ ਹਰਿਗੋਬਿੰਦ ਜੀ ਦੇ ਜਨਮ, ਦੇਹ ਅਰੋਗਤਾ ਤੇ ਬਾਲਕ ਨੂੰ ਜ਼ਹਿਰ ਦੇ ਕੇ ਮਾਰਨ ਵਾਲੇ ਕੁਟਿਲ ਬ੍ਰਾਹਮਣ ਦੇ ਮਰਨ ਦਾ ਸੰਕੇਤ ਵੀ ਬਾਣੀ ਵਿਚ ਆਉਂਦਾ ਹੈ। (ਜਿਵੇਂ ਭੈਰਉ ਮਹਲਾ ਪੰਜਵਾਂ ਦੇ ਸਿਰਲੇਖ ਹੇਠ ਗੁਰਵਾਕ ਹੈ: 'ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥' {ਗੁਰੂ ਗ੍ਰੰਥ ਸਾਹਿਬ-ਪੰਨਾ ੧੧੩੭}) ਇਸ ਕਰਕੇ ਮੰਨਣਾ ਪਵੇਗਾ ਕਿ ੧੬੪੮ ਬਿ. ਵਿਚ ਇਹ ਬੀੜ ਇਸ ਰੂਪ ਵਿਚ ਤਿਆਰ ਨਹੀਂ ਸੀ ਹੋਈ। ਕੰਮ ਜ਼ਰੂਰ ਸ਼ੁਰੂ ਕਰ ਦਿੱਤਾ ਗਿਆ ਸੀ ਤੇ ਇਸ ਦੀ ਚਰਚਾ ਵੀ ਸੀ। ਚੁਨਾਂਚਿ ੧੬੫੫ ਬਿ. ਵਿਚ ਅਕਬਰ ਨੇ ਇਸ ਖਰੜੇ ਦਾ ਕੱਚਾ ਪੱਕਾ ਰੂਪ ਵੀ ਦੇਖਿਆ ਸੀ, ਜਿਸ ਦਾ ਇਸ਼ਾਰਾ ਇਕ ਪੁਰਾਤਨ ਬੀੜ ਦੀ ਟੂਕ ਤੋਂ ਵੀ ਮਿਲਦਾ ਹੈ।" {ਪੰਨਾ ੯੭} ਜਥੇਦਾਰ ਵੇਦਾਂਤੀ ਜੀ ਵਾਲੀ ਪੂਰੀ ਟੀਮ ਵੀ ਉਪਰੋਕਤ ਕਿਸਮ ਦੇ ਸਾਰੇ ਨਤੀਜਿਆਂ ਨਾਲ ਸਹਿਮਤ ਸੀ।

ਭਾਈ ਬੰਨੋ ਵਾਲੀ ਬੀੜ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪ੍ਰੋ. ਪਦਮ ਜੀ ਲਿਖਿਆ ਹੈ- "ਖਾਰਾ ਮਾਂਗਟ, ਜ਼ਿਲਾ ਗੁਜਰਾਤ ਦੇ ਵਸਨੀਕ ਭਾਈ ਬੰਨੋ (ਬਾਰੇ ਮੰਨਿਆ ਜਾਂਦਾ ਹੈ ਕਿ ਇਸ) ਨੇ ਆਦਿ ਬੀੜ ਤੋਂ ਦੂਜਾ ਉਤਾਰਾ ਕੀਤਾ। ਇਸ ਦੇ ਪਤਰੇ ੪੬੭ ਹਨ। ਰਵਾਇਤ ਹੈ ਕਿ ਗੁਰੂ ਜੀ ਨੇ ਜਿਲਦ ਬਨ੍ਹਾਉਣ ਲਹੌਰ ਭੇਜਿਆ ਸੀ ਤੇ ਇਸ ਸਿਆਣੇ ਸਿੱਖ ਨੇ ਆਉਣ-ਜਾਣ ਵਿਚ ਹੀ ਸਾਰੀ ਬੀੜ ਲਿਖਾ ਲਈ। ਇਹ ਗੱਲ ਠੀਕ ਨਹੀਂ ਜਾਪਦੀ, ਨਾ ਹੀ ਇਹ ਕੰਮ ਇੱਥੇਨਾ ਸੌਖਾ ਸੀ ਤੇ ਨਾ ਹੀ ਕਿਸੇ ਸ਼ਰਧਾਲੂ ਸਿੱਖ ਲਈ ਯੋਗ ਸੀ ਕਿ ਉਹ ਗੁਰੂ ਜੀ ਤੋਂ ਚੋਰੀ-ਚੋਰੀ ਇਜੇਹਾ ਕੰਮ ਕਰਦਾ। ਜਿਲਦ ਲਹੌਰ ਬਨ੍ਹਾਉਣੀ ਸੀ, ਇਹ ਗੁਜਰਾਤ ਕਿਵੇਂ ਚਲੇ ਗਏ? ਇਹ ਪ੍ਰਚੱਲਿਤ ਸਾਖੀ ਸੰਤੋਖਜਨਕ ਨਹੀਂ।"

ਗੂਗਲ ਮੁਤਾਬਿਕ ਸ੍ਰੀ ਅੰਮ੍ਰਿਤਸਰ ਤੋਂ ਲਹੌਰ ਦੀ ਦੂਰੀ ੩੧ ਮੀਲ ਹੈ ਅਤੇ ਲਹੌਰ ਤੋਂ ਪਾਕਿਸਤਾਨੀ ਜ਼ਿਲਾ ਗੁਜਰਾਤ ੭੨ ਮੀਲ ਹੈ। ਜੇ ਉਪਰੋਕਤ ਮਨੌਤ ਨੂੰ ਇਸ ਦੂਰੀ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਏ ਤਾਂ ਲਹੌਰ ਤੇ ਸ੍ਰੀ ਅੰਮ੍ਰਿਤਸਰ ਦੇ ਆਉਣ ਜਾਣ ਤੇ ਜਿਲਦ ਬਨ੍ਹਾਉਣ ਵਿਚ ੧੫ ਦਿਨ ਲੱਗਣੇ ਵੈਸੇ ਵੀ ਅਸੰਭਵ ਹਨ। ਇਸ ਪੱਖੋਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਰਹੇ ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਨਾਂ ਦੇ ਪ੍ਰਸਿੱਧ ਟੀਕੇ ਦੇ ਕਰਤਾ ਅਤਿ ਸਤਿਕਾਰਯੋਗ ਪ੍ਰੋ. ਸਾਹਿਬ ਸਿੰਘ (ਡੀ.ਲਿਟ.) ਜੀ ਦੀ ਲਿਖੀ ਪੁਸਤਕ 'ਆਦਿ ਬੀੜ ਬਾਰੇ' ਪੜ੍ਹਨੀ ਪਾਠਕਾਂ ਲਈ ਬਹੁਤ ਸਹਾਇਕ ਹੋ ਸਕਦੀ ਹੈ, ਕਿਉਂਕਿ ਇਸ ਪੁਸਤਕ ਵਿਚ ਪ੍ਰੋ. ਸਾਹਿਬ ਜੀ ਨੇ ਵੀ ਉਪਰੋਕਤ ਕਹਾਣੀ ਦਾ ਬਾ-ਦਲੀਲ ਖੰਡਣ ਕੀਤਾ ਹੈ। ਪੁਸਤਕ ਦੇ ਪੰਨਾ ੧੧੩ ਤੋਂ ੧੪੧ ਤਕ 'ਆਦਿ ਬੀੜ ਦੀ ਜਿਲਦ'; 'ਜਿਲਦ

ਵਾਸਤੇ ਬੀੜ ਲਹੌਰ ਨਹੀਂ ਸੀ ਭੇਜੀ ਗਈ'; 'ਬੀੜ ਦੇ ਮਾਂਗਟ ਭੇਜੇ ਜਾਣ ਬਾਰੇ'; 'ਮਾਂਗਟ ਦੇ ਪੈਂਡੇ ਦਾ ਮਤ-ਭੇਦ'; 'ਆਦਿ ਬੀੜ ਤੇ ਭਾਈ ਬੰਨੋ ਵਾਲੀ ਬੀੜ ਵਿਚ ਫ਼ਰਕ' ਅਤੇ 'ਫ਼ਰਕ ਕਦੋਂ ਤੇ ਕਿਵੇਂ ਪਿਆ?' ਆਦਿਕ ਸਿਰਲੇਖਾਂ ਹੇਠ ਬੜੇ ਵਿਸਥਾਰ ਸਹਿਤ ਪੜ੍ਹਿਆ ਜਾ ਸਕਦਾ ਹੈ।

ਸੰਨ ੧੯੭੬ ਵਿਚ ਪਾਠ-ਭੇਦ ਸੂਚੀ ਦੀਆਂ ੫ ਜਿਲਦਾਂ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਪਾਸ ਭੂਮਿਕਾ ਲਿਖਣ ਲਈ ਖਰੜੇ ਦੇ ਰੂਪ ਵਿਚ ਭੇਜੀਆਂ। ਉਨ੍ਹਾਂ ਅੱਗੋਂ ਮੇਰੇ ਸਮੇਤ ਕੁਝ ਚੋਣਵੇਂ ਵਿਦਿਆਰਥੀਆਂ ਨੂੰ ਉਨ੍ਹਾਂ ਪੋਥੀਆਂ ਦੀ ਪੜਚੋਲ ਉਪਰੰਤ ਵਿਸ਼ੇਸ਼ ਨੋਟ ਲਿਖ ਕੇ ਦੱਸਣ ਦੀ ਡਿਊਟੀ ਲਗਾਈ। ਜਦੋਂ ਉਨ੍ਹਾਂ ਨੂੰ ਦੱਸਿਆ ਕਿ 'ਪਾਠ-ਭੇਦ ਸੂਚੀ' ਵਾਲੇ ਖੋਜੀ ਵਿਦਵਾਨਾਂ ਮੁਤਾਬਿਕ ਸ੍ਰੀ ਕਰਤਾਰਪੁਰੀ ਬੀੜ ਵਿਚਲੇ 'ਰਣ ਝੁੰਝਨੜਾ' ਵਾਲੇ ਛੰਤ ਦੀਆਂ ਕੇਵਲ ਪਹਿਲੀਆਂ ਦੋ ਤੁਕਾਂ, ਮੀਰਾਂ ਬਾਈ ਦਾ ਪਦਾ, ਭਗਤ ਸੂਰਦਾਸ ਜੀ ਦੀ ਸਿਰਲੇਖ ਤੇ ਗਿਣਤੀ ਵਿਹੂਣੀ ਤੁਕ 'ਛਾਡਿ ਮਨ...' ਦਾ ਪਿਛੋਕੜ ਭਾਈ ਬੰਨੋ ਵਾਲੀ ਬੀੜ ਨਾਲ ਜੁੜਿਆ ਮੰਨਦੇ ਹਨ। ਉਸ ਵੇਲੇ ਉਨ੍ਹਾਂ ਨੇ ਜੋ ਬਚਨ ਕਹੇ, ਉਹ 'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨਾਂ ਦੀ ਸਿੰਘ ਬ੍ਰਦਰਜ਼ ਅੰਮ੍ਰਿਤਸਰ ਦੁਆਰਾ ਛਪੀ ਪੁਸਤਕ ਦੇ ਇੱਕ ਸਿਰਲੇਖ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਤੀ-ਇੱਕਸਾਰਤਾ, ਸ਼ੁਧਤਾ ਤੇ ਪ੍ਰਮਾਣਿਕਤਾ' ਹੇਠ ਇਉਂ ਪੜ੍ਹੇ ਜਾ ਸਕਦੇ ਹਨ-

"ਮੇਰਾ ਮਨ ਨਹੀ ਮੰਨਦਾ ਕਿ ਭਾਈ ਸਾਹਿਬ ਜੀ ਵਰਗਾ ਗੁਰੂ ਜੀ ਦਾ ਅਤਿ ਨਿਕਟਵਰਤੀ ਤੇ ਸੂਝਵਾਨ ਸਿੱਖ, ਜਿਸ ਨੂੰ ਸਤਿਗੁਰਾਂ ਨੇ ਆਪ ਭਾਈ ਗੁਰਦਾਸ ਜੀ ਦਾ ਸਹਾਇਕ ਲਿਖਾਰੀ ਬਣਾਇਆ ਹੋਵੇ, ਉਹ ਉਤਾਰਾ ਕਰਦਿਆਂ ਸਤਿਗੁਰਾਂ ਦੀ ਆਗਿਆ ਜਾਂ ਭਾਈ ਗੁਰਦਾਸ ਜੀ ਦੀ ਸਲਾਹ ਦੇ ਬਗੈਰ ਹੀ 'ਰਣਝੁੰਝਨੜਾ ਗਾਉ ਸਖੀ...' ਵਰਗਾ ਜਨੇਊ ਪਹਿਨਣ ਤੇ ਮੁੰਡਨ ਕਰਨ ਕਰਾਉਣ ਦੀ ਪ੍ਰੇਰਨਾ ਕਰਦਾ ਛੰਤ, 'ਛਾਡਿ ਮਨ ਹਰਿ ਬਿਮੁਖਨ ਸਿਉ ਸੰਗ॥' ਵਰਗੀ ਸਿਰਲੇਖ-ਹੀਣ ਰਚਨਾ, ਮੀਰਾਂਬਾਈ ਦਾ ਅਣਛਪਿਆ ਪਦਾ ਅਤੇ ਰਾਗਮਾਲਾ ਵਰਗੀਆਂ ਗੁਰਮਤਿ ਨਾਮ ਤੋਂ ਵਿਹੂਣੀਆਂ ਰਚਨਾਵਾਂ ਨੂੰ ਬੀੜ ਵਿਚ ਲਿਖਣ ਦੀ ਅਵੱਗਿਆ ਕਰਦਾ। ਇਸ ਲਈ ਜਿਸ ਬੀੜ ਵਿਚ ਅਜਿਹੀਆਂ ਭੁੱਲਾਂ ਮੌਜੂਦ ਹੋਣ, ਉਸ ਨੂੰ ਭਾਈ ਬੰਨੋ ਜੀ ਵਾਲੀ ਮੂਲਿਕ ਲਿਖਤ ਨਹੀ ਮੰਨਿਆ ਜਾ ਸਕਦਾ; ਭਾਵੇਂ ਕਿ ਉਹ ਕਾਨ੍ਹਪੁਰ ਹੋਵੇ ਜਾਂ ਕਿਤੇ ਹੋਰ...।"

ਪੰਜਵੇਂ ਗੁਰੂ-ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਅਗਵਾਈ ਹੇਠ 'ਪੋਥੀ ਸਾਹਿਬ' ਦੇ ਮੁੱਖ ਲਿਖਾਰੀ ਭਾਈ ਗੁਰਦਾਸ ਜੀ ਮੁਤਾਬਿਕ ਗੁਰਸਿੱਖੀ ਜੀਵਨ ਦੇ ਆਧਾਰ ਮੰਨੇ ਜਾਂਦੇ ਗੁਰੂ ਜੀ ਦੇ ਪ੍ਰਤੱਖ ਦੀਦਾਰ ਤੋਂ ਇਲਾਵਾ ਗੁਰਸਿੱਖਾਂ ਅੰਦਰ ਗੁਰੂ-ਕਾਲ ਮੌਕੇ ਗੁਰਬਾਣੀ ਦੇ ਸ਼ਬਦ ਤੇ ਪੋਥੀਆਂ ਲਿਖ ਕੇ ਲਿਆਉਣ ਦਾ

ਵਧੇਰੇ ਚਾਅ ਸੀ। ਇਸ ਦਾ ਕਾਰਣ ਸੀ ਕਿ ਉਸ ਵੇਲੇ ਹੁਣ ਵਾਂਗ ਛਾਪੇਖਾਨੇ ਨਹੀਂ ਸਨ। ਇਸ ਲਈ ਗੁਰਸਿੱਖ ਭਾਈਚਾਰੇ ਵਿਚ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਪੋਥੀਆਂ ਲਿਖ ਕੇ ਵੰਡਣ ਦਾ ਉਪਕਾਰੀ ਕਾਰਜ ਬੜਾ ਵੱਡਾ ਪੁੰਨ-ਕਰਮ ਸਮਝਿਆ ਜਾਂਦਾ ਸੀ। ਸ਼ਰਧਾਵਾਨ ਲਿਖਾਰੀ ਐਸੀ ਪ੍ਰਤੀਤ ਵੀ ਰੱਖਦੇ ਸਨ ਕਿ ਗੁਰਬਾਣੀ ਲਿਖਣ ਸਦਕਾ ਉਨ੍ਹਾਂ ਦੇ ਹੱਥ ਸਫਲੇ ਹੋ ਜਾਣਗੇ। ਇਹ ਸੱਚ ਉਨ੍ਹਾਂ ਦੀਆਂ ਰਚਿਤ ਵਾਰਾਂ ਵਿਚੋਂ ਇਉਂ ਪ੍ਰਗਟ ਹੁੰਦਾ ਹੈ:

ਗੁਰਮੁਖ ਹਥਿ ਸਕਥ ਹਨਿ, ਸਾਧਸੰਗਤਿ ਗੁਰ ਕਾਰ ਕਮਾਵੈ।
ਗੁਰਬਾਣੀ ਲਿਖ ਪੋਥੀਆਂ ਤਾਲ ਮਿਰਦੰਗ ਰਬਾਬ ਵਜਾਵੈ।

{ਵਾਰ ੬, ਪਉੜੀ ੧੨}

'ਸੂਰਜ ਪ੍ਰਕਾਸ਼' ਅਨੁਸਾਰ ਸ੍ਰੀ ਪੋਥੀ ਸਾਹਿਬ ਦੀ ਸੰਪੂਰਨਤਾ ਤੇ ਪਹਿਲੇ ਪ੍ਰਕਾਸ਼ ਦਿਵਸ ਮੌਕੇ ਗੁਰਦੇਵ ਜੀ ਨੇ ਜਿੱਥੇ ਗੁਰਬਾਣੀ ਦੇ ਅਦਬ-ਸਤਿਕਾਰ ਤੇ ਸੇਵਾ-ਸੰਭਾਲ ਪ੍ਰਤੀ ਸੇਧਾਂ ਬਖਸ਼ਸ਼ ਕੀਤੀਆਂ। ਉੱਥੇ ਸਪਸ਼ਟ ਤੌਰ 'ਤੇ ਅਜਿਹਾ ਵਿਸ਼ੇਸ਼ ਆਦੇਸ਼ ਵੀ ਦਿੱਤਾ ਕਿ ਜੇ ਕੋਈ ਗੁਰਸਿੱਖ ਸ਼ਰਧਾਲੂ ਗੁਰਬਾਣੀ ਦੀ ਪੋਥੀ ਆਦਿਕ ਲਿਖੇ ਤਾਂ ਪਹਿਲਾਂ ਉਹ ਆਪ ਧਿਆਨ ਪੂਰਵਕ ਤੇ ਸਮਝ ਕੇ ਸਾਰਾ ਪਾਠ ਕਰੇ। ਜੇ ਕੋਈ ਲਫ਼ਜ਼ੀ ਜਾਂ ਲਗਮਾਤ੍ਰੀ ਚੁਕਸਾਈ (ਚੂਕ, ਭੁੱਲ) ਜਾਪੇ ਤਾਂ ਪਹਿਲੀ ਪ੍ਰਮਾਣਿਕ ਬੀੜ (ਭਾਈ ਗੁਰਦਾਸ ਜੀ ਵਾਲੀ) ਨਾਲ ਮਿਲਾਨ ਕਰਕੇ ਉਸ ਲਫ਼ਜ਼ ਨੂੰ ਪਹਿਲੇ (ਪੂਰਬ) ਸਮਾਨ ਸਹੀ ਕਰ ਲਵੇ। ਜੇ ਕੋਈ ਕਾਵਿਕ ਰਚਨਾ ਕਰੇ ਤਾਂ ਉਹ (ਭਾਈ ਗੁਰਦਾਸ ਜੀ ਵਾਂਗ) ਵੱਖਰੀ ਰੱਖੇ। ਜੇ ਕੋਈ (ਬਾਬਾ ਪ੍ਰਿਥੀਏ ਦੇ ਬੇਟੇ 'ਮਿਹਰਵਾਨ' ਵਾਂਗ) ਵਿਅਕਤੀਗਤ ਕਾਵਿ-ਰਚਨਾ ਕਰਕੇ ਗੁਰਬਾਣੀ ਵਿਚ ਰਲ਼-ਗੱਡ ਕਰਨ ਦਾ ਯਤਨ ਕਰੇਗਾ ਤਾਂ ਅਜਿਹੀ ਭੁੱਲ ਕਰਨ ਵਾਲੇ ਨੂੰ ਅੰਤ ਪਛਤਾਉਣਾ ਹੀ ਪਵੇਗਾ। ਭਾਈ ਸੰਤੋਖ ਸਿੰਘ ਦੀ ਕਾਵਿਕ-ਸ਼ੈਲੀ ਵਿਚ ਉਹ ਵਿਸ਼ੇਸ਼ ਗੁਰੂ-ਹੁਕਮ ਇਸ ਪ੍ਰਕਾਰ ਹੈ:

ਜੋ ਲਿਖਿ ਲੇਹਿਂ ਭਲੇ ਤਬ ਸੋਧਹਿਂ, ਅਖਰ ਸੋਂ ਲਗ ਕੀ ਚੁਕਸਾਈ।
ਪਾਠ ਸਮਸਤ ਕਰੈ ਬੁਧਿ ਸੋਂ, ਪਿਖਿ ਪੂਰਬ ਕੇ ਸਮ ਲੇਹਿ ਬਨਾਈ।
ਆਪ ਤੇ ਘਾਟ ਨਾ ਬਾਧ ਕਰੈ, ਜਿ ਕਰੈ, ਹੋਇ ਮੂਰਖ ਸੋ ਪਛੁਤਾਈ।
ਔਰ ਬਨਾਏ ਨਵੋਂ ਨਾ ਲਿਖੇ, ਬਿਚਿ ਕਾਬਜ ਰਚੈ,
ਸੋ ਰਚੈ ਪ੍ਰਿਥਕਾਈ॥੬॥

{ਰਾਸ਼ਿ ੩, ਅੰਸੂ ੫੧}

ਕਿਉਂਕਿ, ਭੁੱਲਣਹਾਰ ਮਨੁੱਖੀ ਸੁਭਾਅ ਤੋਂ ਗੁਰੂ ਸਾਹਿਬ ਭਲੀ-ਭਾਂਤ ਜਾਣੂ ਸਨ। ਇਸ ਲੇਖ ਦੀ ਅਰੰਭਕ ਵਾਰਤਾ ਵਿਚਲੇ ਗੁਰਬਾਣੀ ਦੇ ਪ੍ਰਮਾਣਾਂ ਮੁਤਾਬਿਕ ਉਨ੍ਹਾਂ ਨੂੰ ਨਿਸ਼ਚੇ ਸੀ ਕਿ ਕਰਤਾ-ਪੁਰਖ ਵਾਹਗੁਰੂ ਤੋਂ ਬਗੈਰ ਹਰੇਕ

ਜੀਵ ਭੁੱਲਣਹਾਰ ਹੈ। ਮਾਨਵੀ-ਬੁੱਧੀ ਦੀ ਅਲਪਗਤਾ ਕਾਰਨ ਰੋਜ਼ਮੱਰ੍ਹਾ ਦੀ ਕਿਰਤਕਾਰ ਤੇ ਹੋਰ ਵਿਹਾਰ ਕਰਦਿਆਂ ਮਾਇਕ-ਮੋਹ, ਬੇਧਿਆਨੀ, ਭੁਲੇਖੇ ਜਾਂ ਕਿਸੇ ਦੇ ਪਿਛਲੱਗ ਬਣ ਕੇ ਕਿਸੇ ਵੀ ਵਿਅਕਤੀ ਕੋਲੋਂ ਉਕਾਈਆਂ ਤੇ ਗ਼ਲਤੀਆਂ ਹੋਣੀਆਂ ਸੁਭਾਵਿਕ ਹਨ। ਇਸ ਲਈ ਪਾਵਨ ਬੀੜਾਂ, ਪੋਥੀਆਂ ਤੇ ਗੁਟਕਿਆਂ ਆਦਿਕ ਦੀ ਲਿਖਾਈ ਤੇ ਛਪਾਈ ਵੇਲੇ ਲਫ਼ਜ਼ਾਂ ਤੇ ਲਗ-ਮਾਤ੍ਰੀ ਭੁੱਲਾਂ ਹੋਣੀਆਂ ਵੀ ਸੁਭਾਵਿਕ ਹਨ। ਕਰਤਾਰਪੁਰੀ ਬੀੜ ਵਿਚ ਪੱਤਰਿਆਂ ਦੇ ਹਾਸ਼ੀਏ ਤੋਂ ਬਾਹਰ ਲਿਖੀਆਂ 'ਸੁਧੁ' (ਸ਼ੁਧ) ਤੇ 'ਸੁਧੁ ਕੀਚੇ' ਵਰਗੀਆਂ ਸੂਚਨਾਵਾਂ (ਜਿਹੜੀਆਂ ਕਿੱਤਾਕਾਰ ਲਿਖਾਰੀਆਂ ਦੀਆਂ ਗ਼ਲਤੀਆਂ ਤੇ ਛਾਪੇਖ਼ਾਨੇ ਦੀਆਂ ਅਣਗਹਿਲੀਆਂ ਕਾਰਣ ਹੁਣ ਗੁਰਬਾਣੀ ਪਾਠ ਦਾ ਭਾਗ ਬਣ ਚੁੱਕੀਆਂ ਹਨ) ਇਸ ਸੁਭਾਵਿਕ ਸੱਚਾਈ ਦੀਆਂ ਵੱਡੀਆਂ ਗਵਾਹ ਹਨ ਕਿ ਸਤਿਗੁਰੂ ਜੀ ਦੇ ਹਜ਼ੂਰ ਹੋਈ 'ਪੋਥੀ ਸਾਹਿਬ' ਦੀ ਸੰਪਾਦਨਾ ਵੇਲੇ ਵੀ ਲਿਖਤੀ ਗ਼ਲਤੀਆਂ ਹੁੰਦੀਆਂ ਰਹੀਆਂ ਹਨ ਤੇ ਉਨ੍ਹਾਂ ਦੀ ਸ਼ੋਧ ਤੇ ਸੁਧਾਈ ਦਾ ਕੰਮ ਵੀ ਹੋਇਆ ਹੈ। ਭਾਵੇਂ ਕਿ ਕਰਤਾਰਪੁਰੀ ਬੀੜ ਨੂੰ ਅਸਲੀ ਸਿੱਧ ਕਰਨ ਦੀ ਦ੍ਰਿਸ਼ਟੀ ਤੋਂ ਹੀ ਉਪਰੋਕਤ ਸੂਚਨਾਵਾਂ ਨਕਲ ਕੀਤੀਆਂ ਜਾਪਦੀਆਂ ਹਨ।

ਸ਼੍ਰੋਮਣੀ ਕਮੇਟੀ ਦੁਆਰਾ ਜਨਵਰੀ ੧੯੭੭ ਵਿਚ ਪ੍ਰਕਾਸ਼ਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੰਥਾ-ਸੈਂਚੀਆਂ ਅਤੇ ਪੁਰਾਤਨ ਹੱਥ ਲਿਖਿਤ ਪਾਵਨ ਬੀੜਾਂ ਦੇ ਪਰਸਪਰ **ਪਾਠ-ਭੇਦਾਂ ਦੀ ਸੂਚੀ'** ਨਾਂ ਦੀ ਵੱਡ-ਅਕਾਰੀ ਪੁਸਤਕ ਵਿਚ ਖੋਜੀ ਟੀਮ ਨੇ ਕਰਤਾਰਪੁਰੀ ਬੀੜ ਅੰਦਰਲੀਆਂ 'ਸੁਧੁ' ਤੇ 'ਸੁਧ ਕੀਚੇ' ਸੂਚਨਾਵਾਂ ਸਬੰਧੀ ੧੨ ਪ੍ਰਾਚੀਨ ਹੱਥ-ਲਿਖਤ ਬੀੜਾਂ ਦੇ ਨਮੂਨੇ ਮਾਤਰ ਹਵਾਲੇ ਸਹਿਤ ਦੋ ਵਿਸ਼ੇਸ਼ ਨੋਟ ਇਉਂ ਲਿਖੇ ਹਨ:

"ਨੋਟ: 'ਸੁਧੁ' ਇਹ ਪਾਠ, ਕਿਸੇ ਵੀ ਲਿਖਤੀ ਗ੍ਰੰਥ ਸਾਹਿਬ ਵਿਚ, ਕਿਸੇ ਵੀ ਵਾਰ ਨਾਲ ਨਹੀਂ ਲੱਭਦਾ॥ ਕਰਤਾਰਪੁਰੀ ਬੀੜ ਵਿਚ ਲੇਖਾਰੀ ਦੇ ਹੀ ਹੱਥ-ਕਲਮ ਨਾਲ ਲਿਖਿਆ ਵੇਖਦੇ ਹਾਂ। ਜਿੱਥੋਂ ਛਾਪੇਖਾਨੇ ਵਾਲਿਆਂ ਮੱਖੀ 'ਤੇ ਮੱਖੀ ਅਰੰਭੀ ਹੈ। ਸੋ, ਇਹ ਗਲਤ ਤੇ ਗ਼ੈਰ-ਜ਼ਰੂਰੀ ਰੀਸ ਛੱਡ ਦੇਣੀ ਚਾਹੀਦੀ ਹੈ।" {ਪੰਨਾ ੩੫}

"ਨੋਟ: 'ਸੁਧੁ ਕੀਚੈ' ਕੀ ਹਦਾਇਤ, ਪੰਚਮ ਪਾਤਸ਼ਾਹ ਨੇ, ਆਪਣੇ ਲਿਖਾਰੀ ਨੂੰ ਅਸ਼ੁੱਧੀਆਂ ਦਰੁਸਤ ਕਰਨ ਵਾਸਤੇ, ਕਰ ਕਮਲਾਂ ਨਾਲ ਲਿਖੀ ਸੀ। ਹੁਕਮ 'ਤੇ ਅਮਲ ਕਰਕੇ ਲਿਖਾਰੀ ਨੇ ਲਿਖ ਦਿਤਾ ਸੀ: 'ਸੁਧੁ' ਕੀਤਾ। ਇਹ ਦੋਵੇਂ ਪਾਠ 'ਆਦਿ ਬੀੜ' ਦੀ ਪੱਕੀ ਇਤਿਹਾਸਕ ਪਛਾਣ ਹਨ। ਐਪਰ ਇਨ੍ਹਾਂ ਨੂੰ ਅਗਾਂਹ ਚਲਾਈ ਰੱਖਣਾ, ਦਾਨਾਈ ਨਹੀਂ। ਮੱਖੀ 'ਤੇ ਮੱਖੀ ਮਾਰਨ ਵਾਲੇ ਲਿਖਾਰੀਆਂ ਤੋਂ ਬਿਨਾਂ ਹੋਰ ਕਿਸੇ ਨੇ ਇਹ ਨਕਲ ਮਾਰੀ ਭੀ ਨਹੀਂ। 'ਗੁ. ਦੂਖ

ਨਿਵਾਰਨ-ਪਟਿਆਲਾ ਦੇ ਤੋਸ਼ੇਖਾਨੇ ਵਿਰਾਜਮਾਨ ਇੱਕ ਲਿਖਤੀ ਗ੍ਰੰਥ ਸਾਹਿਬ ਵਿਚ, 'ਸੁਧੁ ਕੀਤਾ' ਪਾਠ ਭੀ ਅਸਾਂ ਪੜ੍ਹਿਆ ਹੈ। ਪਰ ਇਹ ਵੀ ਗੈਰ ਜ਼ਰੂਰੀ ਨਕਲ ਹੀ ਹੈ।{ਪੰਨਾ ੯੨-੯੩}"

ਉਪਰੋਕਤ ਵਿਸ਼ੇਸ਼ ਨੋਟਾਂ ਦਾ ਭਾਵਾਰਥ ਇਹ ਹੈ ਕਿ ਜੇ ਸ੍ਰੀ ਕਰਤਾਰਪੁਰੀ ਬੀੜ ਅਸਲੀ ਹੁੰਦੀ ਤਾਂ 'ਸੁਧੁ ਕੀਚੇ' ਤੇ 'ਸੁਧੁ' ਦੋਵੇਂ ਸੂਚਨਾਵਾਂ ਦੀ ਲਿਖਾਈ ਇਕੋ ਜਿਹੀ ਨਾ ਹੁੰਦੀ। ਕਾਰਣ ਇਹ ਹੈ ਕਿ ਅਸਲੀਅਤਾ ਦੇ ਪ੍ਰਮਾਣ ਵਜੋਂ 'ਸੁਧੁ ਕੀਚੇ' ਸ਼ਬਦਾਵਲੀ ਦੀ ਲਿਖਤ ਗੁਰੂ ਅਰਜਨ ਸਾਹਿਬ ਜੀ ਦੇ ਕਰ-ਕਮਲਾਂ ਦੀ ਹੋਣੀ ਚਾਹੀਦੀ ਸੀ, ਕਿਉਂਕਿ ਇਹ ਉਨ੍ਹਾਂ ਵੱਲੋਂ ਲਿਖਾਰੀ ਨੂੰ ਕੀਤੀ ਹਦਾਇਤ ਹੈ।

ਡਾ. ਭਾਈ ਜੋਧ ਸਿੰਘ ਜੀ ਦੀ ਰਚਿਤ ਪੁਸਤਕ 'ਕਰਤਾਰਪੁਰੀ ਬੀੜ ਦੇ ਦਰਸ਼ਨ' (ਪੰਨਾ ੭੨) ਮੁਤਾਬਿਕ ਪੋਥੀ ਸਾਹਿਬ (ਨਕਲ ਅਥਵਾ ਕਾਪੀ) ਦੇ ਪੱਤਰਾ ਨੰ. ੩੬੧/੨ 'ਤੇ ਆਸਾ ਕੀ ਵਾਰ ਦੀ ੯ਵੀਂ ਪਉੜੀ ਦੇ ਦੂਜੇ ਸਲੋਕ ਦੀ "ਮੂਰਖਿ ਅੰਧੈ ਪਤਿ ਗਵਾਈ॥" ਇੱਕ ਤੁਕ ਹਾਸ਼ੀਏ ਤੋਂ ਬਾਹਰ ਲਿਖ ਕੇ ਰਹਿ ਗਈ ਦਾ ਨਿਸ਼ਾਨ ਲਗਾਇਆ ਹੋਇਆ ਹੈ। ਸਪਸ਼ਟ ਹੈ ਕਿ ਬੇਧਿਆਨੀ ਕਾਰਣ ਲਿਖਾਰੀ ਦੀ ਬੁੱਧੀ ਨੇ ਟਪਲਾ ਖਾਧਾ ਤੇ ਉਪਰੋਕਤ ਤੁਕ ਸ਼ਬਦ ਵਿਚ ਲਿਖਣੋਂ ਰਹਿ ਗਈ। ਪਰ, ਜਦੋਂ ਪੋਥੀ ਦੀ ਸੁਧਾਈ ਵੇਲੇ ਭੁੱਲ ਦਾ ਪਤਾ ਲੱਗਾ ਤਾਂ ਉਸ ਤੁਕ ਨੂੰ ਨਿਸ਼ਾਨ ਦੇ ਕੇ ਹਾਸ਼ੀਏ ਤੋਂ ਬਾਹਰ ਲਿਖ ਦਿੱਤਾ ਗਿਆ। ਛਾਪੇ ਦੀ ਮੌਜੂਦਾ ਬੀੜ ਵਿਚ ਹੁਣ ਇਹ ਪੂਰਾ ਸ਼ਬਦ ਪੰਨਾ ੪੬੭-੬੮ 'ਤੇ ਸ਼ੋਭਨੀਕ ਹੈ।

ਇਸੇ ਤਰ੍ਹਾਂ ਉਪਰੋਕਤ ਪੁਸਤਕ ਦੇ (ਪੰਨਾ ੭੬) ਉੱਤੇ 'ਪੋਥੀ ਸਾਹਿਬ' ਦੇ ਪੱਤਰਾ ਨੰ. ੪੦੩/੨ ਦਾ ਲਿਖਤੀ ਦਰਸ਼ਨ ਕਰਵਾਉਂਦਿਆਂ ਡਾ. ਸਾਹਿਬ ਦਾ ਹੇਠ ਲਿਖਿਆ ਨੋਟ ਵੀ ਗੰਭੀਰਤਾ ਸਹਿਤ ਵਿਚਾਰਨਯੋਗ ਹੈ:

{ਇਕ ਤੁਕ ਹਾਸ਼ੀਏ ਪਰ ਦਿੱਤੀ ਹੈ: ਐਉਂ ਲਿਖਿਆ ਹੈ: ਤੁਕ ਚਉਥੀ 'ਸਭੁ ਕਿਛੁ ਜਾਣੈ ਜਾਣੁ ਬੁਝਿ ਬੀਚਾਰਦਾ।'

(ਇਸ ਸਤਰ ਦੀ ਲਿਖਤ ਹੋਰ ਹੱਥ ਦੀ ਹੈ।)

{ਫਿਰ ਛੇਕੜ ਸਤਰਾਂ ਹੜਤਾਲ ਦੇ ਉਪਰ (ਭਾਵ, ਸਾਰੀ ਲਿਖਤ ਮਿਟਾ ਕੇ) ਲਿਖੀਆਂ ਹਨ ਸਲੋਕ ਦੀਆਂ ਉਹ ਇਹ ਹੈ: ਸਿਮਰਤ ਸਿਮਰਤ ਪ੍ਰਭ ਆਪਣਾ... ਦੀਆ ਮਿਲਾਇ" ਤਕ। ਪਉੜੀ ੫ ਦਾ ਦੂਜਾ ਸਲੋਕ।}

ਪੁਸਤਕ ਦੇ ਇਸ ਵਿਸ਼ੇਸ਼ ਨੋਟ ਮੁਤਾਬਿਕ ਇਸ ਤੱਥ ਦਾ ਵੀ ਪੱਕਾ ਪ੍ਰਮਾਣ ਮਿਲਦਾ ਹੈ ਕਿ ਕਰਤਾਰਪੁਰੀ ਪੋਥੀ ਦੀ ਸੁਧਾਈ ਮੂਲ-ਲਿਖਾਰੀ ਤੋਂ ਇਲਾਵਾ ਕਿਸੇ ਹੋਰ ਸੂਝਵਾਨ ਗੁਰਸਿੱਖ ਨੇ ਵੀ ਕੀਤੀ ਹੈ।

ਗੁਰਬਾਣੀ ਦੇ ਸੱਚ ਵਿਚ ਕੂੜ ਦਾ ਰਲਾ ਪਾਏ ਜਾਣ ਦਾ ਸਾਜਸ਼ੀ ਪੱਖ ਵੀ ਗੁਰੂ ਜੀ ਦੇ ਸਾਹਮਣੇ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰਲੇ 'ਸਤਿਗੁਰੂ ਬਿਨਾ,

ਹੋਰ ਕਚੀ ਹੈ ਬਾਣੀ॥' {ਪੰਨਾ ੯੨੦} ਅਤੇ 'ਸਤਿਗੁਰ ਕੀ ਰੀਸੈ, ਹੋਰ ਕਚੁ-ਪਿਚੁ ਬੋਲਦੇ; ਸੇ ਕੂੜਿਆਰ, ਕੂੜੇ ਝੜਿ ਪੜੀਐ॥'' {ਪੰਨਾ ੩੦੪} ਆਦਿਕ ਗੁਰਵਾਕ, ਜਿਥੇ 'ਸਚ ਕੀ ਬਾਣੀ' ਵਿਚ 'ਕੱਚੀ-ਪਿੱਲੀ ਬਾਣੀ' ਰਲ਼-ਗੱਡ ਕਰਨ ਦੀਆਂ ਕੂੜੀਆਂ ਚਾਲਾਂ ਪ੍ਰਤੀ ਸਿੱਖ ਸੰਗਤ ਨੂੰ ਵਰਤਮਾਨ ਤੇ ਭਵਿੱਖ ਲਈ ਸੁਚੇਤ ਕਰਦੇ ਹਨ। ਉੱਥੇ, ਸਤਿਗੁਰੂ ਜੀ ਦੀ ਬਰਾਬਰੀ (ਰੀਸ) ਕਰਨ ਵਾਲਿਆਂ ਦੀ ਮੂਰਖਤਾ ਤੇ ਪਛਤਾਵੇ ਦੇ ਕਾਰਣ ਵੀ ਸਪਸ਼ਟ ਸਮਝਾਉਂਦੇ ਹਨ। ਗੁਰਬਾਣੀ ਤੇ ਗੁਰ-ਇਤਿਹਾਸ ਤੋਂ ਸੂਹ ਮਿਲਦੀ ਹੈ ਕਿ ਸਾਹਿਬ ਸ੍ਰੀ ਗੁਰੂ ਅਰਜਨ ਪਾਤਸ਼ਾਹ ਦੁਆਰਾ 'ਪੋਥੀ ਸਾਹਿਬ' ਦੀ ਸੰਪਾਦਨਾ ਦਾ ਤਤਕਾਲੀ ਕਾਰਣ ਵੀ 'ਧੁਰ ਕੀ ਬਾਣੀ' ਨੂੰ ਕੂੜਿਆਰਾਂ ਦੀਆਂ ਕੂੜੀਆਂ ਰਚਨਾਵਾਂ ਦੇ ਰਲੇ ਤੋਂ ਬਚਾਉਣਾ ਸੀ। ਬਾਬਾ ਪ੍ਰਿਥੀ ਚੰਦ ਦਾ ਵਿਦਵਾਨ ਬੇਟਾ 'ਮਿਹਰਵਾਨ' ਆਪਣੇ ਪਿਤਾ ਵਾਂਗ ਗੁਰੂ ਬਣਨ ਦੀ ਲਾਲਸਾ ਵਿਚ 'ਨਾਨਕ' ਨਾਮ ਹੇਠਾਂ ਕਾਵਿ ਰਚਨਾ ਕਰ ਰਿਹਾ ਸੀ। ਕਈ ਭੋਲੇ ਸਿੱਖ ਤੇ ਮੀਣੀਆਂ ਨਾਲ ਰਲੇ ਰਾਗੀ ਰਬਾਬੀ ਅਜਿਹੀਆਂ ਕਵਿਤਾਵਾਂ ਨੂੰ ਕੀਰਤਨ ਰੂਪ ਵਿਚ ਗਾਇਨ ਵੀ ਕਰਨ ਲਗ ਪਏ। ਜਿਵੇਂ:

ਭੰਗ ਧਤੂਰਾ ਸੁਰਾਪਾਨ, ਉਤਰ ਜਾਇ ਪ੍ਰਭਾਤਿ॥
ਨਾਮ ਖੁਮਾਰੀ 'ਨਾਨਕਾ' ਚੜ੍ਹੀ ਰਹੇ ਦਿਨ ਰਾਤਿ॥

ਭਾਈ ਕੇਸਰ ਸਿੰਘ 'ਛਿੱਬਰ' ਲਿਖਦਾ ਹੈ ਕਿ ਮੀਣਿਆਂ ਦੀ ਇਸ ਮੀਣੀ ਕੁਚਾਲ ਨੂੰ ਧਿਆਨ ਵਿਚ ਰੱਖ ਕੇ ਗੁਰਦੇਵ ਜੀ ਨੇ ਆਦਰ ਸਹਿਤ ਆਪਣੇ ਪਰਮਹੰਸ ਵਿਦਵਾਨ ਭਾਈ ਗੁਰਦਾਸ ਜੀ ਨੂੰ ਬੁਲਾਇਆ ਤੇ ਇਉਂ ਬਚਨ ਕੀਤਾ: "ਭਾਈ ਗੁਰਦਾਸ, ਗੁਰੂ ਕੀ ਬਾਣੀ ਜੁਦਾ ਕਰੀਏ। ਮੀਣੇ ਪਾਂਦੇ ਨੀ ਰਲਾ, ਸੋ ਵਿਚ ਰਲਾ ਨਾ ਧਰੀਏ। ਸੋ ਸਾਹਿਬ ਬਾਣੀ ਅਗੇ ਹੀ ਉਚਾਰ ਕਰਤ ਸੇ ਭਏ। ਸੋ ਭਾਈ ਗੁਰਦਾਸ, ਸਭ ਇਕੱਤ੍ਰ ਕਰ ਲਏ।'' {ਚਰਨ ਪੰਜਵਾਂ} ਅਜਿਹੇ ਯਤਨਾਂ ਦੇ ਬਾਵਜੂਦ ਵੀ ਉਪਰੋਕਤ ਕਿਸਮ ਦੀਆਂ ਕਰੂਪ ਕੁਚਾਲਾਂ ਚੱਲੀਆਂ ਜਾਂਦੀਆਂ ਰਹੀਆਂ। ਪਰ ਗੁਰੂ-ਕਾਲ ਤੋਂ ਹੀ ਹੰਸ-ਬ੍ਰਿਤੀ ਵਾਲੇ ਸੇਵਕ ਗੁਰਸਿੱਖ ਅਜਿਹੀਆਂ ਬਨਾਵਟੀ ਬਾਣੀਆਂ (ਆਨ ਬਾਨੀ ਕ੍ਰਿਤਮੀ) ਨੂੰ ਪਛਾਣ ਕੇ ਤੇ ਮਹੱਤਵ ਹੀਣ ਜਾਣਦਿਆਂ ਗੁਰਬਾਣੀ 'ਚੋਂ ਕੱਢ ਕੇ ਉਵੇਂ ਹੀ ਪਾਸੇ ਧਰ ਦਿੰਦੇ ਰਹੇ, ਜਿਵੇਂ ਪ੍ਰਚੱਲਿਤ ਮਨੌਤ ਮੁਤਾਬਿਕ ਹੰਸ 'ਦੁੱਧ' ਤੇ 'ਪਾਣੀ' ਨੂੰ ਨਿਖੇੜ ਕੇ ਵੱਖ-ਵੱਖ ਕਰ ਦਿੰਦਾ ਹੈ; ਕਿਉਂਕਿ 'ਧੁਰ ਕੀ ਬਾਣੀ' ਦਾ ਐਲਾਨ ਹੈ "ਵਿਚਿ ਸਚੇ, ਕੂੜੁ ਨ ਗਡਈ; ਮਨਿ ਵੇਖਹੁ ਕੋ ਨਿਰਜਾਸਿ॥ {ਪੰਨਾ ੩੧੪} ਭਾਵ, ਕੋਈ ਵੀ ਧਿਰ ਆਪਣੇ ਮਨ ਵਿਚ ਵਿਚਾਰਦਿਆਂ ਨਿਰਣੇ ਕਰਕੇ ਵੇਖ ਲਵੇ, ਸੱਚ ਦੇ ਵਿਚ ਕੂੜ ਨੂੰ ਰਲਾਅ ਸਕਣਾ ਅਸੰਭਵ ਹੈ। ਇਹ ਸੱਚ ਭਾਈ ਗੁਰਦਾਸ ਜੀ ਦੇ ਰਚਿੱਤ ਕਬਿੱਤ ਰਾਹੀਂ ਇਉਂ ਪ੍ਰਗਟ ਹੁੰਦਾ ਹੈ:

ਜੈਸੇ ਖੀਰ ਨੀਰ ਕੋ ਨਿਬੇਰੋ ਕਰਿ ਜਾਨੈ ਹੰਸ,
ਰਾਖੀਐ ਮਿਲਾਇ ਭਿੰਨ ਭਿੰਨ ਕੈ ਸੁਰੇਖ ਹੀ।
ਤੈਸੇ ਗੁਰਸਬਦ ਸੁਨਤ ਪਹਿਚਾਨੈ ਸਿਖ,
ਆਨ ਬਾਨੀ ਕ੍ਰਿਤਮੀ, ਨਾ ਗਨਤ ਹੈ ਲੇਖ ਹੀ॥

ਡਾ. ਭਾਈ ਜੋਧ ਸਿੰਘ ਜੀ ਦੀ ਰਚਿਤ 'ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ' ਪੁਸਤਕ ਵਿਚੋਂ ਵੀ ਉਪਰੋਕਤ ਪੱਖ ਸਹਿਜੇ ਸਮਝਿਆ ਜਾ ਸਕਦਾ ਹੈ। ਇਸ ਪੁਸਤਕ ਅਨੁਸਾਰ 'ਪੋਥੀ ਸਾਹਿਬ' ਦੀ ਕਰਤਾਰਪੁਰੀ ਕਾਪੀ ਵਿਚ ਕੁਝ ਐਸੇ ਸ਼ਬਦ ਵੀ ਸ਼ਾਮਲ ਸਨ, ਜਿਨ੍ਹਾਂ ਨੂੰ ਕ੍ਰਿਤਮੀ-ਬਾਣੀ ਦਾ ਰਲਾ ਜਾਣ ਕੇ ਹੜਤਾਲਾਂ ਫੇਰੀਆਂ ਹੋਈਆਂ ਹਨ ਤੇ ਕਈ ਲਿਖ ਕੇ ਕੱਟੇ ਵੀ ਹੋਏ ਹਨ। ਭਾਵ, "ਸਤਿਗੁਰੂ ਬਿਨਾ, ਹੋਰ ਕਚੀ ਹੈ ਬਾਣੀ॥" ਗੁਰਵਾਕ ਦੀ ਰੂਹਾਨੀ ਤੇ ਨੂਰਾਨੀ ਲੋਅ ਵਿਚ ਜਦੋਂ ਕਿਸੇ ਗੁਰਮੁਖ ਸੋਧਕ ਨੂੰ ਪਛਾਣ ਆਈ ਕਿ ਇਹ ਰਚਨਾਵਾਂ ਗੁਰੂ-ਆਸ਼ੇ ਦੇ ਮੁਤਾਬਿਕ ਨਹੀਂ, ਕੱਚੀਆਂ ਹਨ ਤਾਂ ਉਨ੍ਹਾਂ ਨੂੰ ਅੱਗੇ ਤੋਂ ਨਕਲ ਕੀਤੇ ਜਾਣ ਸਬੰਧੀ ਰੋਕ ਲਾ ਦਿੱਤੀ ਗਈ। ਜਿਵੇਂ:

'ਪੋਥੀ ਸਾਹਿਬ' ਦੇ ਪੰਨਾ ੩੭੪/੨ ਦੇ ਦਰਸ਼ਨ ਕਰਵਾਉਂਦਿਆਂ ਡਾ. ਸਾਹਿਬ ਨੇ, ਜਿੱਥੇ ਇਹ ਜਾਣਕਾਰੀ ਦਿੱਤੀ ਹੈ ਕਿ ਇਸ ਪੰਨੇ ਦਾ ਪਾਠ ਭਗਤ ਕਬੀਰ ਜੀ ਦੇ "ਘੂੰਘਟੁ ਤੇਰੋ ਤਉ ਪਰਿ ਸਾਚੈ॥" ਤੁਕ ਦੇ ਕੇਵਲ ਅੰਤਲੇ ਪਦ 'ਸਾਚੈ'॥ ...ਤੋਂ ਸ਼ੁਰੂ ਹੋ ਕੇ "ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ॥" ਤੱਕ ਹੈ। ਉੱਥੇ ਇਸ ਪੰਨੇ ਸਬੰਧੀ ਇੱਕ ਵਿਸ਼ੇਸ਼ ਨੋਟ ਇਉਂ ਲਿਖਿਆ ਹੈ:

"ਇਸ ਸਫ਼ੇ 'ਤੇ 'ਦੇਖਹੁ ਲੋਗਾ ਹਰਿ ਕੀ ਸਗਾਈ' ਸ਼ਬਦ ਲਿਖ ਕੇ ਕੱਟਿਆ ਹੋਇਆ ਹੈ। ਹੜਤਾਲ ਨਹੀਂ ਫੇਰੀ। ਅਗਲੇ ਸ਼ਬਦਾਂ ਦੇ ਅੰਕ ਪਿੱਛੋਂ ਠੀਕ ਕੀਤੇ ਗਏ ਹਨ, ਇਹ ਸ਼ਬਦ ਗਿਣਤੀ ਵਿਚ ਨਹੀਂ ਹੈ। ੭ ਪਾਲਾਂ ਅੱਗੇ ਖਾਲੀ ਹਨ।

ਸਪਸ਼ਟ ਹੈ ਕਿ ਉਪਰੋਕਤ ਪੰਨੇ 'ਤੇ ਪਹਿਲਾਂ ਦੋ ਪਦੇ ਘੱਟ ਕੁੱਲ ੫ ਸ਼ਬਦ ਸਨ। ਪਰ 'ਦੇਖਹੁ ਲੋਗ ਹਰਿ ਕੀ ਸਗਾਈ॥" ਵਾਲਾ ਸ਼ਬਦ ਗਿਣਤੀ ਵਿਚ ਨਹੀਂ ਸੀ। ਇੱਥੋਂ ਹੀ ਪਛਾਣ ਹੋਈ ਕਿ ਕਰਤਾਰਪੁਰੀ ਬੀੜ ਦੀ ਲਿਖਤ ਵਿਚ ਇਹ ਵਾਧੂ ਰਲਾ ਹੈ। ਪਰ ਕਿਸੇ ਸੂਝਵਾਨ ਗੁਰਸਿੱਖ ਨੇ ਪਛਾਣ ਕੇ ਕੱਟ ਦਿੱਤਾ ਹੈ। ਇਸ ਪ੍ਰਕਾਰ ਪੰਨੇ ੩੭੪/੨ ਉਪਰ ਬਾਕੀ ੪ ਸ਼ਬਦ ਰਹਿ ਗਏ। ਉਹ ਚਾਰੇ ਸ਼ਬਦ ਹੁਣ ਛਾਪੇ ਦੀ ਬੀੜ ਦੇ ਪੰਨਾ ੪੮੪ 'ਤੇ ਮੌਜੂਦ ਹਨ, ਪਰ ਕੱਚੀ ਬਾਣੀ ਜਾਣ ਕੇ ਕੱਟਿਆ ਕੋਈ ਵੀ ਸ਼ਬਦ ਅੰਕਿਤ ਨਹੀਂ ਹੈ।

ਪੋਥੀ ਸਾਹਿਬ ਦੇ ਪੰਨਾ ੪੯੭/੨ ਬਾਰੇ ਵੀ ਪੁਸਤਕ ਵਿਚ ਹੇਠ ਲਿਖਿਆ

ਵਿਸ਼ੇਸ਼ ਨੋਟ ਵੀ ਸੋਧ-ਸੁਧਾਈ ਦੀ ਦ੍ਰਿਸ਼ਟੀ ਤੋਂ ਵਿਚਾਰਨ ਯੋਗ ਹੈ:

ਇਸ ਸਫ਼ੇ ਪਰ ਅਠਵੇਂ ਸ਼ਬਦ ਤੋਂ ਬਾਦ "ਅਉਧੂ ਸੋ ਜੋਗੀ ਗੁਰੁ ਮੇਰਾ॥ ਇਸ ਪਦ ਕਾ ਕਰੇ ਨਿਬੇਰਾ॥੧॥ ਰਹਾਉ" ਲਿਖ ਕੇ ਕਟਿਆ ਹੋਇਆ ਹੈ ਤੇ ਅੱਗੇ ਸਾਢੇ ਛੇ ਸਤਰਾਂ ਦੀ ਥਾਂ ਖਾਲੀ ਹੈ, ਅੱਗੇ ੧ੳ ਹੈ।

ਇਹ ਸ਼ਬਦ ਵੀ ਛਾਪੇ ਦੀ ਮੌਜੂਦਾ ਬੀੜ ਵਿਚ ਨਹੀਂ। ਖੋਜੀ ਵਿਦਵਾਨਾਂ ਵੱਲੋਂ ਉਪਰੋਕਤ ਸ਼ਬਦ ਦੀ ਕੱਟ-ਕਟਾਈ ਅਤੇ ਸੋਧ-ਸੁਧਾਈ ਸਬੰਧੀ ਇਹ ਸੱਚ ਵੀ ਪ੍ਰਗਟ ਕੀਤਾ ਗਿਆ ਹੈ ਕਿ ਕਰਤਾਰਪੁਰੀ 'ਪੋਥੀ ਸਾਹਿਬ ਵਿਚੋਂ ਸ਼ਬਦ ਕੱਟ ਦਿੱਤੇ ਜਾਣ ਉਪਰੰਤ ਵੀ ਅਗਲੇ ਸ਼ਬਦਾਂ ਦੀ ਗਿਣਤੀ ਦੇ ਅੰਕ ਠੀਕ ਨਹੀਂ ਕੀਤੇ ਗਏ, ਪਰ ਛਾਪੇ ਦੀ ਬੀੜ ਵਿਚ ਸਹੀ ਕਰ ਦਿੱਤੇ ਗਏ ਹਨ। ਸੁਧਾਈ ਦੀ ਐਸੀ ਪੁਸ਼ਟੀ ਪ੍ਰਚੱਲਿਤ ਮੌਜੂਦਾ ਬੀੜ ਦੇ ਪੰਨਾ ੬੫੫ ਤੇ ੬੫੭ ਦੀਆਂ ਜੋੜੰਕੀ ਸੂਚਨਾਵਾਂ ਦੁਆਰਾ ਕੀਤੀ ਜਾ ਸਕਦੀ ਹੈ।

'ਕਰਤਾਰਪੁਰੀ ਬੀੜ ਦੇ ਦਰਸ਼ਨ' ਪੁਸਤਕ ਵਿਚ ਉਪਰੋਕਤ ਕਿਸਮ ਦੀਆਂ ਹੋਰ ਵੀ ਬੇਅੰਤ ਉਕਾਈਆਂ, ਭੁੱਲਾਂ ਤੇ ਕੱਚੀ ਬਾਣੀ ਦੇ ਵਾਧੂ ਰਲੇਵਿਆਂ ਸਬੰਧੀ ਜਾਣਕਾਰੀ ਦਰਜ ਹੈ। ਜਿਹੜੇ ਜਿਹੜੇ ਸ਼ਬਦ ਕਰਤਾਰਪੁਰੀ ਬੀੜ ਵਿਚ ਕੱਟੇ ਗਏ ਸਨ ਜਾਂ ਹੜਤਾਲ ਫੇਰੀ ਹੋਈ ਸੀ, ਲਗਭਗ ਉਹ ਸ਼ਬਦ ਛਾਪੇ ਦੀ ਮੌਜੂਦਾ ਬੀੜ ਵਿਚ ਨਹੀਂ ਹਨ। ਇਸ ਤੋਂ ਸਪਸ਼ਟ ਹੈ ਹੁੰਦਾ ਹੈ ਕਿ ਬਾਣੀ ਦੀ ਸੋਧ-ਸੁਧਾਈ ਦਾ ਅਹਿਮ ਕਾਰਜ ਗੁਰੂ ਕਾਲ ਤੋਂ ਹੀ ਸ਼ੁਰੂ ਹੋ ਗਿਆ ਸੀ।

ਅਸਲ ਵਿਚ ਇਹੀ ਕਾਰਣ ਸੀ ਕਿ ਸਾਰੇ ਗੁਰੂ ਸਾਹਿਬਾਨ ਸਮੇਂ-ਸਮੇਂ ਉਪਰੋਕਤ ਕਿਸਮ ਦੇ ਉਪਦੇਸ਼ ਦੇ ਆਦੇਸ਼ ਦਿੰਦੇ ਰਹੇ। ਗੁਰਸਿੱਖ ਸੰਗਤਾਂ ਨੂੰ ਗੁਰਬਾਣੀ ਦੀ ਸ਼ੋਧ (ਖੋਜ) ਸਹਿਤ ਸੁਧਾਈ ਕਰਨ ਪੱਖੋਂ ਸੁਚੇਤ ਵੀ ਕਰਦੇ ਰਹੇ। ਸੂਰਜ ਪ੍ਰਕਾਸ਼ ਮੁਤਾਬਿਕ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮੂਹ ਸਿੱਖ ਸੰਗਤ ਨੂੰ ਮੁਖ਼ਾਤਬ ਹੁੰਦਿਆਂ, ਜਿਥੇ ਗੁਰਬਾਣੀ ਦੇ ਪਾਠ ਦਾ ਸ਼ੁਧ ਉਚਾਰਣ ਕਰਨ ਦੀ ਜ਼ੋਰਦਾਰ ਪ੍ਰੇਰਨਾ ਕੀਤੀ। ਉੱਥੇ, ਇਹ ਵਿਸ਼ੇਸ਼ ਆਦੇਸ਼ ਵੀ ਦਿੱਤਾ ਕਿ ਜੇ ਕਿਸੇ ਲਿਖਾਰੀ ਆਦਿਕ ਦੀ ਭੁੱਲ ਕਾਰਣ ਕਿਸੇ ਪੋਥੀ ਜਾਂ ਗੁਟਕੇ ਵਿਚ ਪਾਠ ਅਸ਼ੁਧ ਵੀ ਲਿਖਿਆ ਗਿਆ ਹੋਵੇ ਤਾਂ ਵੀ ਉਸ ਨੂੰ ਸ਼ੁਧ ਕਰਕੇ ਪੜ੍ਹਿਆ ਜਾਵੇ। ਬਿਲਕੁਲ ਉਵੇਂ ਹੀ, ਜਿਵੇਂ ਸਾਡੇ ਘਰਾਂ ਵਿਚਲੀ ਕੋਈ ਵਰਤਣਯੋਗ ਵਸਤੂ ਟੁੱਟ-ਭੱਜ ਕਾਰਣ ਵਿਗੜ ਕੇ ਵਰਤੋਂ ਦੇ ਯੋਗ ਨਾ ਰਹੇ ਤਾਂ ਅਸੀਂ ਉਸ ਨੂੰ ਆਪਣੇ ਯਤਨ ਨਾਲ ਜਾਂ ਕਿਸੇ ਸਿਆਣੇ ਕਾਰੀਗਰ ਆਦਿਕ ਪਾਸੋਂ ਠੀਕ ਕਰਵਾ ਕੇ ਸੰਭਾਲਦੇ ਹਾਂ। ਸਤਿਗੁਰਾਂ ਦੀ ਇਹ ਗੁਰਬਾਣੀ ਸੁਧਾਰਕ ਸਿੱਖਿਆ ਚੂੜਾਮਣਿ ਕਵੀ ਭਾਈ ਸੰਤੋਖ ਸਿੰਘ ਜੀ ਦੇ ਕਾਵਿਮਈ ਸੁੰਦਰ ਲਫ਼ਜ਼ਾਂ ਵਿਚ ਇਸ ਪ੍ਰਕਾਰ ਹੈ:

ਸਿਖਹੁ! ਸੁਨਹੁ ਸੀਖ ਇਹ ਮੇਰੀ। ਬਾਨੀ ਪਢਹੁ ਸ਼ੁਧ, ਗੁਰ ਕੇਰੀ।
ਪਢੇ ਮਹਾਤਮ ਲਹੈ ਬਸਾਲ। ਹਲਤ ਪਲਤ ਮਹਿ ਹੋਇ ਨਿਹਾਲ।
ਜੇ ਅਸ਼ੁਧ ਹੈ, ਪਢੀਐ ਸ਼ੁਧਿ ਕਰਿ। ਬਿਗਰੀ ਵਸਤ ਸੰਭਾਰਹਿੰ ਜਿਮ ਘਰਿ।

(ਰੁੱਤ ੩, ਅੰਸੂ ੩੪)

ਗੁਰਬਾਣੀ ਦੀ ਲਿਖਤੀ ਅਸ਼ੁਧਤਾ ਦਾ ਗਿਆਨ ਵੀ ਤਦ ਹੁੰਦਾ ਹੈ, ਜੇਕਰ ਪਾਠਕਾਂ ਨੂੰ ਗੁਰਬਾਣੀ ਦੀ ਵਿਆਕਰਣਿਕ ਲਿਖਣ-ਸ਼ੈਲੀ, ਸੰਪਾਦਨਾ-ਕਾਲ ਦੀ ਬੱਝਵੀਂ ਤਰਤੀਬ ਅਤੇ ਭਾਸ਼ਾਈ ਤੇ ਗੁਰਮਤਿ ਦੀ ਸਿਧਾਂਤਕ ਸੂਝ ਦਾ ਗਹਿਰਾ ਬੋਧ ਹੋਵੇ। ਮਿਸਾਲ ਦੇ ਤੌਰ 'ਤੇ ਜਪੁ-ਜੀ ਸਾਹਿਬ ਦੀ ਤੀਜੀ ਪਉੜੀ ਦੀ ਤੁਕ 'ਗਾਵੈ ਕੋ ਗੁਣ ਵਡਿਆਈਆ ਚਾਰ॥" ਨੂੰ ਵਿਚਾਰਿਆ ਜਾ ਸਕਦਾ ਹੈ, ਕਿਉਂਕਿ ਪ੍ਰਚੱਲਿਤ ਬੀੜਾਂ, ਪੋਥੀਆਂ ਤੇ ਗੁਟਕਿਆਂ ਵਿਚ 'ਚਾਰ' ਲਫ਼ਜ਼ ਦਰੁਸਤ ਪ੍ਰਿੰਟ ਨਹੀਂ ਹੋ ਰਿਹਾ।

ਇਹ ਸੰਸਕ੍ਰਿਤ ਦੇ ਵਿਸ਼ੇਸ਼ਣ ਤੋਂ ਗੁਰਮੁਖੀ ਵਿਚ ਆਇਆ ਹੈ ਤੇ ਇਸ ਦਾ ਅਰਥ ਹੈ- ਸੁੰਦਰ। ਮਹਾਨ ਕੋਸ਼ ਮੁਤਾਬਿਕ ਅਰਥ ਹੈ- ਮਨੋਹਰ। ਪ੍ਰਮਾਣ ਵਜੋਂ ਛਾਪੇ ਦੀ ਮੌਜੂਦਾ ਬੀੜ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਵਿਖੇ ਸ਼ੋਭਨੀਕ "ਨਾਮ ਬਿਨਾ ਕੈਸੇ ਗੁਨ **ਚਾਰੁ॥**" {ਪੰਨਾ ੧੧੯੭} ਅਤੇ "ਗੁਰਿ ਮੇਲੀ ਗੁਣ **ਚਾਰੁ॥**" {ਪੰਨਾ ੫੮} ਦੋ ਤੁਕਾਂ ਪੇਸ਼ ਕੀਤੀਆਂ ਹਨ। ਗੁਰਬਾਣੀ ਦੀ ਲਿਖਣ ਸ਼ੈਲੀ ਮੁਤਾਬਿਕ ਜਪੁ-ਜੀ ਦੀ ਵਿਚਾਰਧੀਨ ਉਪਰੋਕਤ ਤੁਕ ਵਿਚਲੇ 'ਚਾਰ' ਪਦ ਦਾ ਮੂਲਕ ਉਕਰਾਂਤ (ਅੰਤਕ ਔਂਕੜ) ਕਾਇਮ ਰਹਿਣਾ ਚਾਹੀਦਾ ਹੈ, ਭਾਵੇਂ ਕਿ ਉੱਥੇ ਬਹੁਵਚਨੀ ਇਸਤ੍ਰੀ-ਲਿੰਗ ਨਾਂਵ 'ਵਡਿਆਈਆਂ' ਦਾ ਵਿਸ਼ੇਸ਼ਣ ਹੋਣ ਕਰਕੇ ਇਸਤ੍ਰੀ-ਲਿੰਗ ਵਜੋਂ ਅੰਕਿਤ ਹੋਇਆ ਹੈ। ਜਥੇਦਾਰ ਵੇਦਾਂਤੀ ਜੀ ਅਤੇ ਪ੍ਰੋ. ਘਰਸਾਣਾ ਜੀ ਮੁਤਾਬਿਕ ਹੱਥ ਲਿਖਤੀ ਪੁਰਾਤਨ ਬੀੜਾਂ ਵਿਚ ਜਪੁ ਜੀ ਦੀ ਉਪਰੋਕਤ ਤੁਕ ਅੰਦਰਲੇ 'ਚਾਰੁ' ਪਦ ਦਾ ਉਕਰਾਂਤ ਮੌਜੂਦ ਹੈ। ਭਾਵ, 'ਚਾਰੁ' ਪਦ ਦੇ ਰਾਰੇ ਹੇਠਾਂ ਔਂਕੜ ਪਇਆ ਮਿਲਦਾ ਹੈ। ਗੁਰਬਾਣੀ ਸੰਪਾਦਨ-ਕਲਾ ਦੀ ਖ਼ੂਬਸੂਰਤੀ ਅਤੇ ਵਿਆਕਰਣ ਦਾ ਕਮਾਲ ਇਹ ਹੈ ਕਿ 'ਚਾਰ' ਪਦ ਜੇ ਔਂਕੜ ਰਹਿਤ ਹੋਵੇ ਤਾਂ 'ਅਚਾਰ' ਪਦ ਦਾ ਸੰਖੇਪ ਰੂਪ ਬਣ ਕੇ 'ਧਰਮ-ਕਰਮ' ਤੇ 'ਆਚਰਣ' ਦੇ ਅਰਥ ਦਿੰਦਾ ਹੈ। ਅੰਤਕ ਸਿਹਾਰੀ ਨਾਲ ਚੌਂਹ (ਚਾਰ) ਦੀ ਗਿਣਤੀ ਦਾ ਅਰਥ ਦਿੰਦਾ ਹੋਇਆ ਸੰਖਿਅਕ ਵਿਸ਼ੇਸ਼ਣ ਵਿਚ ਵੀ ਬਦਲ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਹੋ ਰਹੀ ਪਾਵਨ ਬੀੜ ਦੀਆਂ ਹੇਠ ਲਿਖੀਆਂ ਤੁਕਾਂ ਦੁਆਰਾ ਇਹ ਅੰਤਰ ਭਲੀ-ਭਾਂਤ ਸਮਝਿਆ ਜਾ ਸਕਦਾ ਹੈ:

ਗੁਰਮੁਖਿ ਜਾਣਿ ਸਿਞਾਣੀਐ ਗੁਰਿ ਮੇਲੀ ਗੁਣ **ਚਾਰੁ** (ਸੁੰਦਰ)॥
{ਪੰਨਾ ੫੮}

ਬਰਤ ਸੰਧਿ ਸੋਚ **ਚਾਰ** (ਆਚਾਰ)॥ {ਪੰਨਾ ੧੨੨੯}
ਚਾਰਿ ਪਾਵ (ਚਾਰ ਪੈਰ), ਦੁਇ ਸਿੰਗ, ਗੁੰਗ ਮੁਖ, ਤਬ ਕੈਸੇ ਗੁਨ ਗਈ ਹੈ॥
{ਪੰਨਾ ੫੨੪}

ਅਜਿਹੀਆਂ ਭੁੱਲਾਂ ਕਾਰਣ ਹੀ ਪਾਠ-ਭੇਦ (ਪਾਠਾਂਤਰ = ਪਾਠ-ਅੰਤਰ) ਪੈਦਾ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਰਸ ਅਖਵਾਉਂਦੇ ਖ਼ਾਲਸਾ-ਪੰਥ ਵੱਲੋਂ ਹੱਥ-ਲਿਖਤੀ ਤੇ ਛਾਪੇਖਾਨੇ ਦੀਆਂ ਬੀੜਾਂ ਅੰਦਰਲੀਆਂ ਅਜਿਹੀਆਂ ਅਸ਼ੁਧੀਆਂ ਦੀ ਸੋਧ-ਸੁਧਾਈ ਨਾ ਹੋਣ ਕਰਕੇ ਪਾਠ-ਭੇਦਾਂ ਦੀ ਤਾਦਾਦ ਹਜ਼ਾਰਾਂ ਤਕ ਅਪੜ ਚੁੱਕੀ ਹੈ। ਸ਼੍ਰੋਮਣੀ ਕਮੇਟੀ ਦੀਆਂ ਛਪੀਆਂ ਤੇ ਅਣਛਪੀਆਂ ਖੋਜ ਪੁਸਤਕਾਂ ਹੀ ਇਸ ਕੌੜੀ ਹਕੀਕਤ ਦੀਆਂ ਗਵਾਹ ਹਨ। ਇਸ ਲਈ ਅਤਿਅੰਤ ਜ਼ਰੂਰੀ ਹੈ ਸਿੱਖ ਸੰਸਥਾਵਾਂ ਗੁਰਬਾਣੀ ਪਾਠ-ਭੇਦ (ਪਾਠਾਂਤਰ) ਮਿਟਾ ਕੇ ਪ੍ਰਮਾਣੀਕ ਸ਼ੁਧ ਪਾਠ ਦੀ ਸਥਾਪਤੀ ਵਲ ਵਧਣ, ਕਿਉਂਕਿ ਪੰਥਕ ਭਾਵਨਾਵਾਂ ਨਾਲ ਜੁੜੇ ਅਜਿਹੇ ਸੰਵੇਦਨਸ਼ੀਲ ਅਹਿਮ ਮਸਲੇ ਦਾ ਵਿਅਕਤੀਗਤ ਤੌਰ ’ਤੇ ਹੱਲ ਕਰ ਸਕਣਾ ਕਿਸੇ ਵੀ ਵਿਅਕਤੀ ਪਾਸੋਂ ਅਸੰਭਵ ਹੈ। ਪਾਰਦਰਸ਼ੀ ਤੇ ਗੁਰਮਤੇ ਦੀ ਪੰਥਕ ਜੁਗਤਿ ਅਧੀਨ ਹੀ ਇਹ ਬਿਖਮ ਕਾਰਜ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਪੁਰਾਤਨ ਹੱਥ ਲਿਖਤੀ ਬੀੜਾਂ ਦੇ ਉਹ ਗੁਰਸਿੱਖ ਖੋਜੀ ਵਿਦਵਾਨ ਹੀ ਇਸ ਕਾਰੇ ਲਾਏ ਜਾ ਸਕਦੇ ਹਨ, ਜਿਹੜੇ ਗੁਰਬਾਣੀ ਵਿਆਕਰਣ ਤੇ ਲਿਖਣ ਸ਼ੈਲੀ ਦੀ ਗਹਿਰੀ ਸੂਝ ਰੱਖਣ ਤੋਂ ਇਲਾਵਾ ਭਾਸ਼ਾਈ ਗਿਆਨ, ਗੁਰ-ਇਤਿਹਾਸ ਤੇ ਗੁਰਮਤਿ ਸਿਧਾਂਤਾਂ ਦੇ ਵੀ ਜਾਣੂ ਹੋਣ। ਗੁਰਬਾਣੀ ਦੇ ਰਸੀਏ ਵਿਦਵਾਨਾਂ ਬਗੈਰ ਉਲਟਾ ਸ਼ੁਧ ਪਾਠ ਵੀ ਅਸ਼ੁਧ ਹੋ ਸਕਦੇ ਹਨ।

ਸੰਨ ੧੯੯੧ ਵਿਚ ਸ੍ਰੀ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਉਂਦਿਆਂ ਮੇਰੇ ਧਿਆਨ ਵਿਚ ਆਇਆ ਕਿ ਇੱਕ ਪਾਵਨ ਬੀੜ ਵਿਚ “ਊਚੇ ਮੰਦਰ ਸਾਲ ਰਸੋਈ॥” {ਪੰਨਾ ੭੯੪} ਤੁਕ ਦਾ ‘ਸਾਲ’ ਲਫ਼ਜ਼ ਕੱਟ ਕੇ ਕਲਮ ਦੁਆਰਾ ‘ਨਾਲ’ ਲਿਖਿਆ ਹੋਇਆ ਹੈ। ਪਾਠੀ ਸਿੰਘ ਦੀ ਪਛਾਣ ਕਰਕੇ ਜਦੋਂ ਉਸ ਨੂੰ ਤਾੜਣਾ ਸਹਿਤ ਪੁੱਛਿਆ ਤਾਂ ਉਸ ਦਾ ਉੱਤਰ ਸੀ “ਦੇਖੋ ਜੀ! ‘ਊਚੇ ਮੰਦਰ ਨਾਲ ਰਸੋਈ॥’ ਪਾਠ ਫੱਬਦਾ ਵੀ ਹੈ ਅਤੇ ਪੜ੍ਹਣ-ਸੁਣਨ ਵਾਲੇ ਨੂੰ ਵੀ ਅਰਥ ਸਪਸ਼ਟ ਹੁੰਦੇ ਹਨ। ‘ਸਾਲ ਰਸੋਈ’ ਕੀ ਹੋਇਆ? ਇਸ ਦਾ ਤਾਂ ਕੋਈ ਅਰਥ ਹੀ ਨਹੀਂ ਬਣਦਾ। ਕਾਰਣ ਸੀ ਕਿ ਉਹ ਸੱਜਣ ਗੁਰਬਾਣੀ ਦੀ ਕਾਵਿਕ ਲਿਖਣ ਸ਼ੈਲੀ ਤੇ ਅਰਥ-ਭਾਵ ਤੋਂ ਅਨਜਾਣ ਸੀ।

ਸੱਚ ਤਾਂ ਇਹ ਹੈ ਕਿ, "ਹੁਕਮੇ ਧਰਤੀ ਸਾਜੀਅਨੁ ਸਚੀ ਧਰਮਸਾਲਾ॥" {ਪੰਨਾ ੭੮੫} ਅਤੇ "ਅੰਤਰਿ ਕ੍ਰੋਧੁ ਪੜਹਿ ਨਾਟਸਾਲਾ॥" {ਪੰਨਾ ੯੩੨} ਪਾਵਨ ਤੁਕਾਂ ਵਿਚ ਜਿਵੇਂ 'ਧਰਮਸਾਲਾ' ਤੇ 'ਨਾਟਸਾਲਾ' ਪਦ ਹਨ, ਤਿਵੇਂ ਹੀ "ਊਚੇ ਮੰਦਰ ਸਾਲ ਰਸੋਈ॥" ਤੁਕ ਵਿਚ ਸੰਸਕ੍ਰਿਤ ਮੂਲਿਕ ਸ਼ਬਦ ਹੈ 'ਰਸੋਈਸ਼ਾਲਾ'। ਪਰ ਕਿਉਂਕਿ ਅਗਲੀ ਤੁਕ ਸੀ "ਏਕ ਘਰੀ ਫੁਨਿ ਰਹਨੁ ਨ ਹੋਈ॥" {ਪੰਨਾ ੯੭੪}। ਇਸ ਲਈ ਦੋ ਤੁਕਾਂ ਦੇ ਕਾਵਿਕ ਤੋਲ ਨੂੰ ਮੁਖ ਰੱਖਦਿਆਂ ਜਿੱਥੇ 'ਸ਼ਾਲਾ' ਪਿਛੇਤਰ ਨੂੰ 'ਸਾਲ' ਲਿਖਦਿਆਂ ਕੰਨੇ ਦੀ ਇੱਕ ਮਾਤ੍ਰਾ ਘਟਾਈ ਗਈ ਹੈ। ਉੱਥੇ, ਦੂਜੀ ਤੁਕ ਦੇ ਅੰਤਲੇ ਲਫ਼ਜ਼ 'ਹੋਈ' ਨਾਲ ਤੁਕਾਂਤਕ ਕਾਫ਼ੀਆ ਮਿਲਾਉਣ ਲਈ ਸਮਾਸੀ ਨਾਂਵ 'ਰਸੋਈ ਸਾਲਾ' ਨੂੰ ਉਲਟਾ ਕੇ 'ਸਾਲ ਰਸੋਈ' ਲਿਖਿਆ ਗਿਆ ਹੈ। ਇਹ ਕਾਵਿਕ ਪ੍ਰੀਵਰਤਨ ਬਿਲਕੁਲ ਓਵੇਂ ਦਾ ਹੀ ਜਿਵੇਂ 'ਸੋ ਦਰੁ' ਦੇ "...ਗਾਵੈ ਰਾਜਾ ਧਰਮੁ ਦੁਆਰੇ" ਤੁਕਾਂਤ ਵਿਚ 'ਧਰਮਰਾਜ' ਨੂੰ 'ਰਾਜਾ ਧਰਮ' ਲਿਖਿਆ ਹੋਇਆ ਹੈ।

ਸੰਨ ੧੯੭੪ ਵਿਚ ਸ਼੍ਰੋਮਣੀ ਕਮੇਟੀ ਦੇ ਸਤਿਕਾਰਯੋਗ ਪ੍ਰਧਾਨ ਟੌਹੜਾ ਜੀ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਇੰਚਾਰਜ ਤੇ ਰੀਸਰਚ ਸਕਾਲਰ ਸ. ਰਣਧੀਰ ਸਿੰਘ ਅਗਵਾਈ ਵਿਚ ਗਿਆਨੀ ਕੁੰਦਨ ਸਿੰਘ ਤੇ ਨਿਹੰਗ ਭਾਈ ਗਿਆਨ ਸਿੰਘ 'ਸੁਤੰਤਰ' ਨੂੰ ਜ਼ਿਮੇਵਾਰੀ ਸਉਂਪੀ ਕਿ ਉਹ ਹੱਥ ਲਿਖਤੀ ਪ੍ਰਾਚੀਨ ਬੀੜਾਂ ਨਾਲ ਛਪ ਰਹੀਆਂ ਸੰਥਾ ਪੋਥੀਆਂ ਦਾ ਮਿਲਾਨ ਕਰਕੇ ਪਾਠ-ਭੇਦਾਂ ਦੀ ਸੂਚੀ ਤਿਆਰ ਕਰਨ। ਪਰ ਉਨ੍ਹਾਂ ਸਿਰੜੀ ਤੇ ਪੰਥ-ਦਰਦੀ ਗੁਰਮੁਖਾਂ ਨੇ ਪਾਠ-ਭੇਦਾਂ ਦਾ ਮਹਾਨ ਕਾਰਜ ਕਰਦਿਆਂ ਸ਼ੁਧ ਤੇ ਅਸ਼ੁਧ ਪਾਠਾਂ ਦੇ ਨਿਰਣੈ ਲਿਖਣ ਦਾ ਵੀ ਉਪਕਾਰੀ ਯਤਨ ਕੀਤਾ। ਬੀੜਾਂ ਦੀ ਛਪਾਈ ਲਈ ਬਹੁਤ ਕੀਮਤੀ ਤੇ ਬੇਬਾਕ-ਸਲਾਹਾਂ ਵੀ ਦਿੱਤੀਆਂ। ਉਨ੍ਹਾਂ ਦੀ ਇਸ ਸੇਵਾ ਲਈ ਪੰਥ ਸਦਾ ਰਿਣੀ ਰਹੇਗਾ। ਪਰ ਗੁਰਬਾਣੀ ਦੇ ਲਗਮਾਤ੍ਰੀ ਗਿਆਨ ਦੀ ਕੁਝ ਘਾਟ ਹੋਣ ਕਰਕੇ ਕਈ ਥਾਈਂ ਉਹ ਬਹੁਤ ਵੱਡੇ ਟਪਲੇ ਵੀ ਖਾ ਗਏ ਹਨ। ਕਈ ਸ਼ੁਧ ਪਾਠਾਂ ਨੂੰ ਅਸ਼ੁਧ ਲਿਖ ਗਏ ਅਤੇ ਕਈ ਅਸ਼ੁਧ ਪਾਠਾਂ ਨੂੰ ਸ਼ੁਧ ਪਾਠਾਂ ਦੀ ਲਿਸ਼ਟ ਵਿਚ ਚਾੜ੍ਹ ਗਏ ਹਨ, ਕਿਉਂਕਿ ਉਸ ਵੇਲੇ ਉਨ੍ਹਾਂ ਪਾਸ ਕੰਪਿਊਟਰ ਵਰਗੇ ਅਜੋਕੇ ਇਲੈਕਟ੍ਰੌਨਕ ਸਾਧਨ ਨਹੀਂ ਸਨ, ਜਿਨ੍ਹਾਂ ਦੇ ਸਹਾਰੇ ਹੁਣ ਗੁਰਬਾਣੀ ਦੇ ਵਿਆਕਰਣ ਵਿਚ ਬਹੁਤ ਵਿਕਾਸ ਹੋ ਰਿਹਾ ਹੈ।

ਇਹੀ ਵਜ੍ਹਾ ਸੀ ਕਿ ਗਿ. ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਵਿਦਿਆਰਥੀ ਅਤੇ ਸ਼੍ਰੀ ਦਰਬਾਰ ਸਾਹਿਬ ਦੇ ਸਤਿਕਾਰਯੋਗ ਮੁੱਖ ਗ੍ਰੰਥੀ ਗਿਆਨੀ ਕ੍ਰਿਪਾਲ ਸਿੰਘ ਜੀ ਹੁਰਾਂ ਨੇ ਸਤੰਬਰ ੧੯੭੬ ਨੂੰ ਜਦੋਂ ਪਾਠ-ਭੇਦਾਂ ਦੀ ਉਪਰੋਕਤ ਪੋਥੀ ਦੀ ਭੂਮਿਕਾ ਲਿਖੀ ਤਾਂ ਉਨ੍ਹਾਂ ਨੇ ਸੰਪਾਦਕ ਖੋਜੀ ਵਿਦਵਾਨਾਂ ਦੀ ਲਗਨ,


ਘਾਲ ਸੇਵਾ ਤੇ ਦੇਣ ਨੂੰ ਅਤਿ ਸਲਾਹਿਆ ਹੈ। ਪੁਸਤਕ ਦਾ ਮਹੱਤਵ ਦਰਸਾਂਦਿਆਂ ਇਉਂ ਪ੍ਰਸੰਸਾ ਵੀ ਕੀਤੀ- "ਇਹ ਪਹਿਲੀ ਖੋਜ ਪੁਸਤਕ ਹੈ, ਜੋ ਭਵਿੱਖਤ ਵਿਚ ਆਉਣ ਵਾਲੇ ਖੋਜੀਆਂ ਦਾ ਮਾਰਗ ਦਰਸ਼ਨ ਕਰਦੀ ਰਹੇਗੀ।" ਪਰ ਪੁਸਤਕ ਦੇ ਖੋਜੀ ਲੇਖਕਾਂ ਵੱਲੋਂ ਜੋ ਪਾਠਾਂ ਦੇ ਨਿਰਣੇ ਕੀਤੇ ਗਏ, ਉਸ ਨਾਲ ਇਉਂ ਕੁਝ ਅਸਹਿਮਤੀ ਵੀ ਪ੍ਰਗਟਾਈ:

"ਇਸ ਪੁਸਤਕ ਦੇ ਲੇਖਕਾਂ ਨੇ ਜੋ ਪ੍ਰਚੱਲਿਤ ਸੰਥਾ ਸੈਚੀਆਂ ਵਿਚ ਛਪ ਰਹੇ ਪਾਠਾਂ ਨੂੰ ਅਸ਼ੁਧ ਤੇ ਪ੍ਰਾਚੀਨ ਹੱਥ ਲਿਖਤ ਬੀੜਾਂ ਦੇ ਪਾਠਾਂ ਨੂੰ ਸ਼ੁਧ ਲਿਖਿਆ ਹੈ, ਮੈਂ ਨਿਜੀ ਤੌਰ 'ਤੇ ਇਸ ਰਾਇ ਨਾਲ ਸਹਿਮਤ ਨਹੀਂ ਹਾਂ, ਕਿਉਂਕਿ ਖੋਜ ਤੇ ਵਿਚਾਰ ਕਰਨ 'ਤੇ ਕੁਝ ਪਾਠ ਅਜਿਹੇ ਵੀ ਸਕਦੇ ਹਨ ਜਿਨ੍ਹਾਂ ਨੂੰ ਸ਼ੁਧ ਲਿਖਿਆ ਹੈ ਉਹ ਅਸ਼ੁਧ ਸਾਬਤ ਹੋ ਜਾਣ ਅਤੇ ਜਿਨ੍ਹਾਂ ਪਾਠਾਂ ਨੂੰ ਅਸ਼ੁਧ ਲਿਖਿਆ ਹੈ ਉਹ ਸ਼ੁਧ ਸਹੀ ਹੋ ਜਾਣ।"


ਇਸੇ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਟੌਹੜਾ ਜੀ ਨੇ ਸੰਨ ੧੯੯੫ ਵਾਲੇ ਵਿਸ਼ਵ ਸਿੱਖ ਸਮਾਗਮ ਮੌਕੇ ਗੁਰਬਾਣੀ ਸਬੰਧੀ ਹੋਈਆਂ ਅਹਿਮ ਵਿਚਾਰਾਂ ਉਪਰੰਤ ਜਥੇਦਾਰ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਨਾਲ ਸਲਾਹ-ਮਸ਼ਵਰਾ ਕਰਕੇ ਸੰਨ ੧੯੯੬ ਵਿਚ ਪੁਰਾਤਨ ਹੱਥ-ਲਿਖਤ ਬੀੜਾਂ ਦੇ ਖੋਜੀ ਅਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਸਾਹਿਬ ਗਿ. ਜੋਗਿੰਦਰ ਸਿੰਘ ਵੇਦਾਂਤੀ ਦੀ ਅਗਵਾਈ ਹੇਠ ਅਖੰਡ ਕੀਰਤਨੀ ਜਥੇ ਦੇ ਸਤਿਕਾਰਯੋਗ ਸਿਦਕੀ ਮੈਂਬਰ ਭਾਈ ਜੁਗਿੰਦਰ ਸਿੰਘ ਤਲਵਾੜਾ ਜੀ ਨੂੰ ਉਪਰੋਕਤ ਕਾਰੇ ਲਾਉਂਦਿਆਂ ਸ਼ੁਧ ਪਾਠਾਂ ਲਈ ਨਿਰਣੈਜਨਕ ਸੇਧਾਂ ਦੇਣ ਦੀ ਸੇਵਾ ਸਉਂਪੀ। ਉਨ੍ਹਾਂ ਦੀ ਸਹਿਮਤੀ ਨਾਲ ਗੁਰਬਾਣੀ ਦੇ ਲਗਮਾਤ੍ਰੀ ਗਿਆਨ ਦੀ ਗਹਿਰੀ ਸੂਝ ਰੱਖਣ ਵਾਲੇ ਸ੍ਰੀ ਦਰਬਾਰ ਸਾਹਿਬ ਜੀ ਦੇ ਅਰਦਾਸੀਏ ਗਿ. ਭਰਪੂਰ ਸਿੰਘ ਨੂੰ ਵੀ ਇਸ ਜਥੇ ਦਾ ਸਹਿਯੋਗੀ ਬਣਾਇਆ।

ਪ੍ਰਸਿੱਧ ਟੀਕਾਕਾਰ ਗਿ. ਹਰਿਬੰਸ ਸਿੰਘ ਪਟਿਆਲੇ ਵਾਲਿਆਂ ਨੂੰ ਵੀ ਸਹਿਯੋਗ ਲਈ ਬੇਨਤੀ ਕੀਤੀ, ਤਾਂ ਕਿ ਇਹ ਟੀਮ ਅਕਾਦਮਿਕ ਖੇਤਰ ਦੇ ਭਾਸ਼ਾ ਵਿਗਿਆਨੀਆਂ ਅਤੇ ਗੁਰਬਾਣੀ ਵਿਆਕਰਣ ਦੇ ਹੋਰ ਕਈ ਮਾਹਰ ਤੇ ਰਸੀਏ ਖੋਜੀਆਂ ਨਾਲ ਵਿਚਾਰ-ਵਟਾਂਦਰਾ ਕਰਕੇ ਸ਼ੁਧ ਪਾਠਾਂ ਦਾ ਕੋਈ ਨਿਰਣੈਜਨਕ ਕਾਰਜ ਕਰ ਸਕਣ। ਉਹ ਸਾਰਾ ਸ਼ੋਧ (ਖੋਜ) ਕਾਰਜ ਅਤੇ ਪਾਵਨ ਬੀੜ ਦੀ ਪਾਠਾਂਤਰ-ਸੁਧਾਈ ਤੇ ਸ਼ੁੱਧ-ਛਪਾਈ ਪ੍ਰਤੀ ਸੇਧਾਂ ਲਈ ਉਹ ਸਾਰੰਸ਼ ਰੂਪ ਸਾਰੀ ਸਮਗਰੀ ਹੁਣ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਪਏ ਦਰਜਨ ਤੋਂ ਵੱਧ ਰਜਿਸਟਰਾਂ ਤੋਂ ਵਾਚੀ ਜਾ ਸਕਦੀ ਹੈ। ਦਾਸਰੇ ਨੇ ਤਲਵਾੜਾ ਜੀ ਦੇ ਲਿਖੇ ਉਨ੍ਹਾਂ ਰਜਿਸਟਰਾਂ ਦੀਆਂ ਕੁਝ ਫੋਟੋ ਕਾਪੀਆਂ ਜਥੇਦਾਰ ਵੇਦਾਂਤੀ ਜੀ ਦੀ ਨਿਜੀ-ਲਾਇਬ੍ਰੇਰੀ 'ਚੋਂ

ਪ੍ਰਾਪਤ ਕੀਤੀਆਂ ਸਨ। ਉਨ੍ਹਾਂ ਦੇ ਸਰਵਰਕ ਇਸ ਪ੍ਰਕਾਰ ਹਨ:



ਮੇਲਾਨ ਰਜਿਸਟਰ ਨੰ:੧ {ਪਹਿਲੀ}
ਪੰਨਾ ੧ ਤੋਂ ੨੪੬
੧ ਸ਼੍ਰੋ: ਗੁ: ਪ੍ਰ: ਕਮੇਟੀ ਦੁਆਰਾ ਪ੍ਰਕਾਸ਼ਿਤ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ
/ਪਦ-ਛੇਦ ਸਰੂਪ
੨. ਸ਼ਬਦਾਰਥ - ਪਹਿਲੀ (1936)
ਦੂਜੀ (1944) ਤੀਜੀ (?) ਛੇਵੀਂ/
ਸਤਵੀਂ ਐਡੀਸ਼ਨ
੩. ਸੁਨਹਿਰੀ ਬੀੜ ਤੋਸ਼ਾਖਾਨਾ - ਸੰ: ੧੮੨੩
ਵਿਚ ਇਹ ਬੀੜ ਤਖਤ ਸ੍ਰੀ ਦਮਦਮਾ ਸਾਹਿਬ
ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਲਿਖੀ ਗਈ
੪. ਸੰ: ੧੮੮੭ ਹਥ-ਲਿਖਤ ਸ੍ਰੀ ਹਰਿਮੰਦਰ ਸਾਹਿਬ
ਤੋਸ਼ਾਖਾਨਾ ਵਾਲੀ ਬੀੜ ਜੋ ਸਾਕਾ ਨੀਲਾ
ਤਾਰਾ ਸੰ: ੨੦੪੧ ਵਿਚ ਜਲਾਈ ਗਈ।



ਹਥ-ਲਿਖਤ ਸਰੂਪਾਂ ਦਾ ਮਹਲਾ ੯
ਦੀ ਬਾਣੀ ਦਾ ਮੇਲਾਨ

ਮੇਲਾਨ-ਆਧਾਰ, ਸਰੂਪ, ਪੋਥੀਆਂ, [illegible]

ਦੇਹਰਾਦੂਨੀ ੧੭੬੦/੧੭੬੦ਆਂ ਗੁਟਕਾ ਗਿ: ਮੇਹਰ ਸਿੰਘ ਜੀ [illegible]

ਭਾਈ ਬੀਰ ਸਿੰਘ ਜੀ ਗੁਟਕਾ [illegible]

ਪ੍ਰੋ. ਸਾਹਿਬ ਸਿੰਘ ਜੀ ਸਟੀਕ ਗੁਰਦਰਸ਼ਨ ਪ੍ਰਕਾਸ਼ [illegible]

ਸ਼ਬਦਾਰਥ ਦਸਮ ਗ੍ਰੰਥ [illegible] ਸਿੰਘ [illegible] ਸਿੰਘ

ਟੀਕਾ ਗਿ: ਹਰਬੰਸ ਸਿੰਘ ਖਾਲਸਾ [illegible]

ਗੁਟਕਾ ਸੰਗਤ [illegible] ਦਸਤਾਰ ਸਿੰਘ [illegible] ਸਿੰਘ

ਟੀਕਾ ਗਿ: ਨਰੈਣ ਸਿੰਘ [illegible]

ਗੁਟਕਾ ਭਾਈ [illegible] ਸਿੰਘ ਟੀਕਾ ਬਾਬੂ ਬੀਰ ਸਿੰਘ
[illegible]

ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੁਕਾਨਦਾਰ ਵਪਾਰੀਆਂ ਵਾਂਗ ਪਾਵਨ ਬੀੜ ਨਾਲ ਜੁੜੇ ਸਿੱਖ ਜਜ਼ਬਾਤਾਂ ਦਾ ਲਾਹਾ ਲੈਣ ਲਈ ਅਜਿਹੀ ਖੁਸ਼ਖ਼ਬਰੀ ਤਾਂ ਸਮੇਂ-ਸਮੇਂ ਸਾਂਝੀ ਕੀਤੀ ਜਾਂਦੀ ਹੈ ਕਿ ਬੀੜਾਂ ਦੀ ਛਪਾਈ ਲਈ ਕਾਗਜ਼ ਉੱਤਮ ਦਰਜੇ ਦਾ ਵਰਤਿਆ ਜਾ ਰਿਹਾ ਹੈ। ਪ੍ਰੈੱਸ ਦੀਆਂ ਨਵੀਆਂ ਮਸ਼ੀਨਾਂ ਦੁਆਰਾ ਹੁਣ ਰੰਗਦਾਰ ਛਪਾਈ ਵੀ ਪਹਿਲਾਂ ਨਾਲੋਂ ਸੁੰਦਰ ਤੇ ਤੇਜ਼ੀ ਨਾਲ ਹੋ ਸਕੇਗੀ। ਗੁਰਸਿੱਖਾਂ ਲਈ ਉਪਰੋਕਤ ਕਿਸਮ ਦੀ ਜਾਣਕਾਰੀ ਕਿਸੇ ਖੁਸ਼ਖ਼ਬਰੀ ਤੋਂ ਭਾਵੇਂ ਘਟ ਵੀ ਨਹੀਂ ਹੁੰਦੀ। ਪਰ ਸਿੱਖ ਸੰਸਥਾਵਾਂ ਦੇ ਮੁਖੀਆਂ ਨੂੰ ਖ਼ਿਆਲ ਹੋਣਾ ਚਾਹੀਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦੀ ਖ਼ੂਬਸੂਰਤੀ ਦਾ ਮਿਆਰ ਪਾਠ ਦੀ ਲਿਖਤੀ ਸ਼ੁਧਤਾ ਹੈ, ਨਾ ਕਿ ਕੇਵਲ ਉੱਚ-ਕੋਟੀ ਦਾ ਚਮਕਦਾਰ ਕਾਗਜ਼ ਤੇ ਰੰਗਦਾਰ ਵੇਲਾਂ ਵਾਲੇ ਸੁੰਦਰ ਪੰਨੇ। ਅਸਲੀਅਤ ਤਾਂ ਇਹ ਹੈ ਕਿ ਉਪਰੋਕਤ ਕਿਸਮ ਦੀ ਵਪਾਰਕ ਬ੍ਰਿਤੀ ਹੀ ਸਿੱਖ ਮਿਸਲਾਂ ਦੇ ਰਾਜ ਤੋਂ ਲੈ ਕੇ ਹੁਣ ਤਕ ਦੇ ਕਾਤਿਬਾਂ ਦੇ ਹੱਥੀਂ ਲਿਖੀਆਂ ਤੇ ਦੁਕਾਨਦਾਰਾਂ ਵੱਲੋਂ ਪ੍ਰਕਾਸ਼ਤ ਹੋਈਆਂ ਬੀੜਾਂ ਵਿਚ ਅਸ਼ੁਧੀਆਂ ਦੇ ਵਾਧੇ ਦਾ ਮੁੱਖ ਕਾਰਣ ਬਣੀ ਹੈ।

'ਗੁਰਬਾਣੀ ਸੰਪਾਦਨ ਨਿਰਣੈ' ਪੁਸਤਕ ਵਿਚ ਪੰਥ ਦੇ ਸਿਰਮੌਰ ਵਿਦਵਾਨ ਪ੍ਰਿੰਸੀਪਲ ਹਰਿਭਜਨ ਸਿੰਘ (ਭਾਈ ਸਾਹਿਬ) ਹੁਰਾਂ ਲਿਖਿਆ ਹੈ ਕਿ "ਸੰਨ ੧੯੫੨ ਵਿਚ ਸਿੱਖ ਸੰਗਤਾਂ ਦੀ ਮੰਗ ਅਨੁਸਾਰ ਦੁਕਾਨਦਾਰਾਂ ਵੱਲੋਂ ਅਸ਼ੁਧ ਬਾਣੀ ਛਾਪਣ ਤੇ ਲੁੱਟ-ਘਸੁੱਟ ਰੋਕਣ ਲਈ ਸ਼੍ਰੋਮਣੀ ਕਮੇਟੀ ਨੇ ਬੜੀ ਮੇਹਨਤ ਨਾਲ ਛਾਪੇ ਦੀਆਂ ੭੩੩ ਅਸ਼ੁਧੀਆਂ ਸੋਧ ਕੇ ਅਤੇ ਬੀੜ ਦੇ ਮੰਗਲਾਂ ਨੂੰ ਕਰਤਾਰਪੁਰੀ ਬੀੜ ਮੁਤਾਬਕ ਸਿਰਲੇਖਾਂ ਤੋਂ ਪਹਿਲ ਦਿੰਦਿਆਂ ਪਾਵਨ ਬੀੜਾਂ ਦੀ ਛਪਾਈ ਦਾ ਅਹਿਮ ਕਾਰਜ ਕੀਤਾ। ਇਸੇ ਸਰੂਪ ਵਿਚ ਪੰਜ 'ਕੁ ਵਾਰ ਪੰਜ ਹਜ਼ਾਰ ਬੀੜਾਂ ਦੀ ਛਪਾਈ ਹੋਈ। ਚੀਫ਼ ਖ਼ਾਲਸਾ ਦੀਵਾਨ ਅਤੇ ਸ੍ਰੀ ਅੰਮ੍ਰਿਤਸਰ ਦੁਕਾਨਦਾਰ ਵਿਉਪਾਰੀਆਂ ਨੇ ਮਿਲ ਕੇ ਛਪਾਈ ਦਾ ਜ਼ੋਰਦਾਰ ਵਿਰੋਧ ਕੀਤਾ, ਕਿਉਂਕਿ ਉਨ੍ਹਾਂ ਨੂੰ ਵੱਡੀ ਵਾਪਾਰਕ ਹਾਨੀ ਹੋ ਰਹੀ ਸੀ। ਆਖ਼ਿਰ ਸੰਨ ੧੯੬੪ ਵਿਚ (ਸੰਤ ਬਾਬਾ) ਫ਼ਤਹ ਸਿੰਘ ਤੇ ਚੰਨਣ ਸਿੰਘ ਦੇ ਅਹਿਦ ਵਿਚ ਸ਼੍ਰੋ.ਗੁ.ਪ੍ਰ. ਕਮੇਟੀ ਵੱਲੋਂ 'ਛਪਾਈ ਸ੍ਰੀ ਕਰਤਾਰਪੁਰ ਵਾਲੀ ਆਦਿ ਬੀੜ ਦੇ ਮੰਗਲ ਪ੍ਰਬੰਧ ਦੀ ਸ਼ੈਲੀ ਅਨੁਕੂਲ ਹੋਵੇ।'

ਇਸ ਪ੍ਰਕਾਰ ਕੇਵਲ ਇੱਕ ਤੁਕ ਦਾ ਗੋਲ-ਮੋਲ ਮਤਾ ਪ੍ਰਵਾਨ ਕਰਕੇ ਉਪਰੋਕਤ ਢੰਗ ਦੀ ਛਪਾਈ ਰੋਕ ਦਿੱਤੀ ਗਈ। ਜਦ ਕਿ ਉਸ ਢੰਗ ਦੀ ਛਪਾਈ ਦੀ ਸਿਫਾਰਸ਼ ਕਰਨ ਵਾਲੇ ਮਹਾਨ ਖੋਜੀ ਵਿਦਵਾਨ ਸਨ ਪਿੰਸੀਪਲ ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰਿੰਸੀਪਲ ਸਾਹਿਬ ਸਿੰਘ ਤੇ ਜਸਟਿਸ ਹਰਨਾਮ ਸਿੰਘ ਜੀ

ਆਦਿ।" (ਪੰਨਾ ੧੨੦, ਇਸ ਸਬੰਧੀ ਹੋਰ ਵਾਚੋ! ਅੰਤਿਕਾ ਨੰ. ੧) ਹੁਣ ਜੋ ਬੀੜ ਛਪ ਰਹੀ ਹੈ ਉਹ ਨਾ ਤਾਂ ਦੁਕਾਨਦਾਰਾਂ ਵੱਲੋਂ ਹੁੰਦੀਆਂ ਰਹੀਆਂ ਪ੍ਰਕਾਸ਼ਤ ਬੀੜਾਂ ਨਾਲ ਮੇਲ ਖਾਂਦੀ ਹੈ ਅਤੇ ਨਾ ਹੀ ਕਰਤਾਰਪੁਰੀ ਬੀੜ ਨਾਲ। ਭਾਵੇਂ ਕਿ ੧੯੭੭ ਤੋਂ ੧੯੯੯ ਤਕ ਦੀਆਂ ਪ੍ਰਕਾਸ਼ਨਾਵਾਂ ਵਿਚ ਸ. ਰਣਧੀਰ ਸਿੰਘ ਤੇ ਤਲਵਾੜਾ ਜੀ ਵਰਗੇ ਖੋਜੀ ਵਿਦਵਾਨਾਂ ਦੀ ਸਲਾਹ ਅਨੁਸਾਰ ਲਗਭਗ ਪੌਣੇ ਤਿੰਨ ਸੌ ਹੋਰ ਵੀ ਲੋੜੀਂਦੀਆਂ ਸੋਧਾਂ ਹੋ ਚੁਕੀਆਂ ਹਨ, ਜਿਨ੍ਹਾਂ ਵਿਚੋਂ ਬਹੁਤੀਆਂ ਗੁਰਬਾਣੀ ਦੇ ਮੂਲ-ਰੂਪ ਕਾਵਿ ਤੇ ਵਿਆਕ੍ਰਣਿਕ ਦ੍ਰਿਸ਼ਟੀ ਤੋਂ ਵੀ ਸਹੀ ਹਨ। ਜਿਵੇਂ ਹੇਠ ਲਿਖੀਆਂ ਤੁਕਾਂ ਵਿਚ 'ਸੁਆਲਿਹੁ' ਨੂੰ 'ਸੁਆਲਿਉ', 'ਪੈਨਣ' ਨੂੰ 'ਪੈਨਣੁ ' ਅਤੇ 'ਅੰਮ੍ਰਿਤੁ' (ਇੱਕ-ਵਚਨ) ਨੂੰ 'ਅੰਮ੍ਰਿਤ' (ਬਹੁ-ਵਚਨ) ਦੇ ਅੱਖਰੀ-ਰੂਪ ਅਤੇ ਗੁਰਬਾਣੀ ਦੀ ਲਗਮਾਤ੍ਰੀ ਨਿਯਮਾਵਲੀ ਅਨੁਸਾਰ ਲਿਖਿਆ ਗਿਆ ਹੈ:

ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਹੁ (ਸੁਆਲਿਉ) ਕਾਇ॥
{ਪੰਨਾ ੧੫}

ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣ (ਪੈਨਣੁ) ਖਾਣੁ॥
{ਪੰਨਾ ੧੬}

ਛਤੀਹ ਅੰਮ੍ਰਿਤੁ (ਅੰਮ੍ਰਿਤ) ਭਾਉ ਏਕੁ ਜਾ ਕਉ ਨਦਰਿ ਕਰੇਇ॥
{ਪੰਨਾ ੧੬}

ਇਸ ਪੱਖੋਂ ਪੜ੍ਹੋ, ਸ਼ੁਧ ਛਪਾਈ ਵਾਲੇ ਅਧਿਆਏ ਨੰ. ੨ ਨੂੰ, ਜਿਸ ਵਿਚ ਸ਼੍ਰੋਮਣੀ ਕਮੇਟੀ ਦੁਆਰਾ ਛਾਪੇ ਦੀ ਪਾਵਨ-ਬੀੜ ਅੰਦਰਲੇ ਸੋਧੇ ੨੫੬ ਪਾਠਾਂਤਰਾਂ ਦੀ ਲਿਸ਼ਟ ਦਿੱਤੀ ਗਈ ਹੈ। ਕੁਝ ਸੋਧੇ ਹੋਏ ਐਸੇ ਪਾਠਾਂਤਰ ਹੋਰ ਵੀ ਸਨ, ਜਿਹੜੇ ਗੁਰਬਾਣੀ ਦੀ ਸ਼ੋਧ, ਸੁਧਾਈ ਤੇ ਸ਼ੁੱਧ ਛਪਾਈ ਪੱਖੋਂ ਵਿਦਵਾਨਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਦ੍ਰਿਸ਼ਟੀਗੋਚਰ ਹੋਏ, ਪਰ ਉਸ ਮੌਕੇ ਨੋਟ ਨਾ ਹੋਣ ਕਾਰਣ ਉਹ ਲਿਸ਼ਟ ਵਿਚ ਅੰਕਿਤ ਹੋਣੋ ਰਹਿ ਗਏ ਹਨ। ਇਸ ਲਈ ਗਿਣਤੀ ਪੱਖੋਂ ਅੰਦਾਜ਼ਨ ਪੌਣੇ ਤਿੰਨ ਸੌ ਲਿਖਣੇ ਪਏ ਹਨ।

ਹੋਰ ਦੁਖਦਾਈ ਪੱਖ ਇਹ ਹੈ ਕਿ ਪੰਥ ਦੀ ਵਾਗਡੋਰ ਸੰਭਾਲੀ ਬੈਠੇ ਆਗੂਆਂ ਦੇ ਰਾਜਨੀਤਕ ਸੁਆਰਥਾਂ ਕਾਰਣ ਅਜੇ ਤੱਕ ਪਾਵਨ ਬੀੜਾਂ ਦੀ ਗੁਰਮੁਖੀ ਛਪਾਈ ਲਈ ਕੋਈ ਅਜਿਹਾ ਵਿਸ਼ੇਸ਼ ਫੌਂਟ ਵੀ ਨਹੀਂ ਬਣ ਸਕਿਆ, ਜਿਸ ਸਦਕਾ ਗੁਰਮੁਖੀ ਅੱਖਰਾਂ ਤੇ ਉਨ੍ਹਾਂ ਦੀਆਂ ਜੁੜਵੀਆਂ ਲਗਾ-ਮਾਤ੍ਰਾਂ ਦਾ ਮੂਲਿਕ ਤੇ ਸਹੀ ਰੂਪ ਸਥਾਪਤ ਹੋ ਸਕੇ। ਗੁਰਬਾਣੀ ਦੇ ਖੋਜੀ ਵਿਦਵਾਨ ਇਸ ਪੱਖੋਂ ਵੀ ਚਿੰਤਾਤੁਰ ਹਨ ਕਿ ਦੂਰ-ਦ੍ਰਿਸ਼ਟ ਜਥੇਦਾਰ ਟੌਹੜਾ ਜੀ ਦੀ ਸਰਪ੍ਰਸਤੀ ਹੇਠ ਵਿਦਵਾਨਾਂ ਵੱਲੋਂ ਸਾਲਾਂ ਬੱਧੀ ਮਿਹਨਤ ਕਰਕੇ ਜੋ ਸ਼ੁਧ ਪਾਠ ਨਿਰਣੈ ਕੀਤੇ ਸਨ, ਉਹ ਹੁਣ ਤਕ ਵੀ

ਪਾਵਨ ਬੀੜ ਦੀ ਛਪਾਈ ਦਾ ਭਾਗ ਨਹੀਂ ਬਣ ਸਕੇ। ਇਸ ਲਈ ਦੇਸ਼-ਵਿਦੇਸ਼ ਦੇ ਪੰਥ-ਦਰਦੀ ਸੱਜਣਾਂ ਦੀ ਸਲਾਹ ਹੈ ਕਿ ਉਪਰੋਕਤ ਗੁਰ-ਉਪਦੇਸ਼ਾਂ, ਆਦੇਸ਼ਾਂ, ਸ਼੍ਰੋਮਣੀ ਕਮੇਟੀ ਦੀ ਸ਼ੋਧ, ਸੁਧਾਈ ਵਾਲੀ ਲੁਕਣ-ਮਿੱਚੀ ਅਤੇ ਸਮਕਾਲੀ ਰਾਜਨੀਤਕ ਤੇ ਪੰਥਕ ਹਲਾਤਾਂ ਦੇ ਮੱਦੇਨਜ਼ਰ ਗੁਰਸਿੱਖ ਵਿਦਵਾਨਾਂ ਨੂੰ ਚਾਹੀਦਾ ਹੈ ਕਿ ਹੁਣ ਉਹ ਬਿਨਾ ਕਿਸੇ ਦੇਰੀ ਤੋਂ ਪਾਵਨ ਬੀੜ ਲਈ ਸੰਥਾ ਸੈਂਚੀਆਂ ਦੀ ਸ਼ੋਧ ਤੇ ਸੁਧਾਈ ਲਈ ਅੱਗੇ ਆਉਣ ਅਤੇ ਬਿਬਾਕੀ ਸਹਿਤ ਸ਼ੁਧ ਮੂਲ-ਪਾਠ ਪ੍ਰਗਟਾਉਣ।

ਇਸ ਅਤਿ ਅਹਿਮ, ਬਿਖਮ ਤੇ ਸੰਵੇਦਨਸ਼ੀਲ ਕਾਰਜ ਨੂੰ ਨੇਪਰੇ ਚਾੜ੍ਹਣ ਲਈ ਮਿਲ ਬੈਠਣ ਅਤੇ ਗੁਰਮਤੇ ਦੀ ਪੰਥਕ ਜੁਗਤਿ ਅਧੀਨ ਕੋਈ ਵੱਡਾ ਹੰਭਲਾ ਮਾਰਨ। ਸੱਤਾਧਾਰੀ ਸਿੱਖ ਆਗੂਆਂ ਤੋਂ 'ਊਠ ਦੇ ਬੁੱਲ ਡਿੱਗਣ' ਵਰਗੀ ਹੋਰ ਵਧੇਰੇ ਉਡੀਕ ਕਰਨੀ ਪੰਥ ਲਈ ਅਤਿਅੰਤ ਹਾਨੀਕਾਰਕ ਸਿੱਧ ਹੋ ਸਕਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸੰਨ ੧੯੯੬ ਵਾਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਜਥੇ' ਦੇ ਮੈਂਬਰ ਗਿ. ਭਰਪੂਰ ਸਿੰਘ ਵਿਦਵਾਨਾਂ ਦੀ ਅਗਵਾਈ ਕਰਨ ਦੀ ਸਮਰਥਾ ਰੱਖਦੇ ਹਨ। ਇਸ ਦਾ ਵਿਸ਼ੇਸ਼ ਕਾਰਣ ਇਹ ਹੈ ਕਿ ਉਹ ਗੁਰਬਾਣੀ ਦੀ ਸ਼ੋਧ, ਸੁਧਾਈ, ਇਕਸਾਰਤਾ ਤੇ ਪ੍ਰਮਾਣਿਕਤਾ ਸਥਾਪਤ ਕਰਨ ਵਾਲੇ ਉਸ ਜਥੇ (ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ) ਵਿਚ ਖ਼ੁਦ ਸ਼ਾਮਲ ਸਨ। ਗੁਰਬਾਣੀ ਦੇ ਰਸੀਏ ਵਿਦਵਾਨਾਂ ਦੀ ਉਸ ਖੋਜੀ ਟੀਮ ਨੇ ਜੋ ਸ਼ੁਧ-ਪਾਠ ਨਿਰਣੈ ਕੀਤੇ ਹਨ, ਉਨ੍ਹਾਂ ਨੂੰ ਸਥਾਪਤ ਕਰਨ ਵਿਚ ਗੁਰਬਾਣੀ ਵਿਆਕਰਣ ਦੇ ਗਿਆਤਾ ਗਿ. ਜੀ ਦਾ ਵੱਡਾ ਯੋਗਦਾਨ ਰਿਹਾ ਹੈ।

ਗੁਰਬਾਣੀ ਦੀ ਸੰਪਰਦਾਈ ਤੇ ਸਿੰਘ ਸਭਾਈ ਪ੍ਰਣਾਲੀ ਦੇ ਕੁਝ ਚੋਣਵੇਂ ਵਿਦਵਾਨਾਂ ਦੀ ਉਸਾਰੂ ਸਲਾਹ ਹੈ ਕਿ ਸ਼੍ਰੋਮਣੀ ਕਮੇਟੀ ਦੀ 'ਪਾਠ-ਭੇਦ ਸੂਚੀ' ਵਾਂਗ ਪਹਿਲਾਂ ਪੰਥਕ ਵਿਦਵਾਨਾਂ ਦੀ ਵੀਚਾਰ ਤੇ ਨਿਰਣੈ ਹਿਤ ਸੁਧਾਈ ਸਹਿਤ ਦੋ ਸੰਥਾ-ਸੈਂਚੀਆਂ ਦਾ ਖਰੜਾ ਤਿਆਰ ਹੋਵੇ। ਫਿਰ ਚੋਣਵੇਂ ਵਿਦਵਾਨਾਂ ਦੀ ਸ਼ੋਧ (ਖੋਜ) ਵਿਚੋਂ ਉਪਜੀਆਂ ਸੋਧ ਰੂਪ ਟਿਪਣੀਆਂ ਤੇ ਹੋਰ ਨੇਕ ਸਲਾਹਾਂ ਲੈ ਕੇ ਉਨ੍ਹਾਂ 'ਤੇ ਅਮਲ ਕਰਦਿਆਂ ਸ਼ੁਧ ਮੂਲ-ਪਾਠ ਦੀਆਂ ਪੋਥੀਆਂ ਛਾਪੀਆਂ ਜਾਣ। ਇਸ ਉੱਦਮ ਦੀ ਬਦੌਲਤ ਭਵਿੱਖ ਵਿਚ ਪਾਵਨ ਬੀੜ ਦੀ ਸ਼ੁਧ ਛਪਾਈ ਹੋਣ ਦੀਆਂ ਸੰਭਾਵਨਾਵਾਂ ਬਹੁਤ ਹੀ ਵਧ ਜਾਣਗੀਆਂ। ਪੰਥ ਦੇ ਉੱਜਲੇ ਭਵਿੱਖ ਲਈ ਅਜਿਹੀ ਨੇਕ ਸਲਾਹ ਸੱਚ-ਮੁੱਚ ਹੀ ਬੜੀ ਕੀਮਤੀ ਹੈ। ਉਪਰੋਕਤ ਕਾਰਜ ਨੂੰ ਸਮਰਪਤ ਹੋ ਕੇ ਜ਼ਿੰਦਗੀ ਭਰ ਸੰਘਰਸ਼ਸੀਲ ਰਹੇ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੇ ਲਫ਼ਜ਼ਾਂ ਵਿਚ ਗੁਰਮੁੱਖ ਗੁਰਸਿੱਖਾਂ ਨੂੰ ਕੁਝ ਇਉਂ ਹੀ ਵੰਗਾਰਿਆ ਜਾ ਸਕਦਾ ਹੈ "ਉੱਠੋ! ਗੁਰੂ ਕੇ ਸਿੱਖੋ ਜਾਂ-ਨਿਸਾਰੋ! ਗੁਰੂ ਕੇ ਫ਼ਲਕ ਪਰ ਚਮਕਤੇ ਸਿਤਾਰੋ!"

ਯਾਦ ਰੱਖੋ! ਅੱਜ ਦੇ ਕੰਮ ਨੂੰ ਕੱਲ੍ਹ 'ਤੇ ਛੱਡਣਾ, ਗੁਰਮੁਖ ਗੁਰਸਿਖਾਂ ਦਾ ਲੱਛਣ ਨਹੀਂ। ਗੁਰਬਾਣੀ ਦੇ ਮੁੱਖ ਸੰਪਾਦਕ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੁਆਰਾ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਕਹੇ ਸੰਖੇਪ ਵਾਕ- "ਨਹ ਬਿਲੰਬ ਧਰਮੰ, ਬਿਲੰਬ ਪਾਪੰ॥ {ਸ੍ਰੀ ਗੁਰੂ ਗ੍ਰੰਥ ਸਾਹਿਬ-ਪੰਨਾ ੧੩੫੪} ਅਤੇ ਭਗਤ ਕਬੀਰ ਸਾਹਿਬ ਜੀ ਦੇ ਹੇਠ ਲਿਖੇ ਚੇਤਾਵਨੀ ਰੂਪ ਸਲੋਕ ਵਿੱਚ ਗੁਰੂ ਬਖ਼ਸ਼ੀ ਐਸੀ ਹੀ ਉਸਾਰੂ ਸੇਧ ਹੈ:

ਕਬੀਰ! ਕਾਲਿ ਕਰੰਤਾ ਅਬਹਿ ਕਰੁ, ਅਬ ਕਰਤਾ ਸੁ ਇਤਾਲ॥
ਪਾਛੈ ਕਛੂ ਨ ਹੋਇਗਾ, ਜਉ ਸਿਰ ਪਰਿ ਆਵੈ ਕਾਲੁ॥
{ਸ੍ਰੀ ਗੁਰੂ ਗ੍ਰੰਥ ਸਾਹਿਬ-ਪੰਨਾ ੧੩੭੧}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ ਲਿਖਤ ਪੁਰਾਤਨ ਸੰਚਿਆਂ ਤੇ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਪਾਵਨ ਬੀੜ ਦੇ ਪਰਸਪਰ ਪਾਠ-ਭੇਦ

ਗੁਰੂ ਕਾਲ ਸਮੇਤ ੧੭ਵੀਂ ਤੇ ੧੮ਵੀਂ ਸਦੀ ਦੀਆਂ ਪ੍ਰਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਾਚੀਨ ਹੱਥ-ਲਿਖਤੀ ਬੀੜਾਂ; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਸੰਨ ੧੯੫੨ ਵਿਚ ਛਾਪੀ ਪਾਵਨ ਬੀੜ, ਗੁਰਬਾਣੀ ਵਿਆਕਰਣ ਅਤੇ ਕਾਵਿਕ ਤੋਲ ਦੀ ਦ੍ਰਿਸ਼ਟੀ ਤੋਂ ਸ਼੍ਰੋਮਣੀ ਕਮੇਟੀ ਦੁਆਰਾ ਛਾਪੀ ਜਾ ਰਹੀ ਮੌਜੂਦਾ ਪ੍ਰਚੱਲਿਤ ਬੀੜ; ਸ਼੍ਰੋਮਣੀ ਕਮੇਟੀ ਦੁਆਰਾ ਸਿੰਘ ਸਾਹਿਬਾਨ ਦੀ ਅਗਵਾਈ ਵਿਚ ਪਾਠ-ਭੇਦਾਂ ਦੇ ਨਿਪਟਾਰੇ ਲਈ ਕਰਵਾਏ ਖੋਜ ਕਾਰਜਾਂ ਦੀਆਂ ਜਨਵਰੀ ਸੰਨ ੧੯੭੭ ਤੇ ਸੰਨ ੨੦੦੨ ਦੀਆਂ ਰਿਪੋਰਟਾਂ, ਦਮਦਮੀ ਟਕਸਾਲ ਦੇ ਨਾਂ ਹੇਠ ਛਾਪੀਆਂ ਜਾ ਰਹੀਆਂ ਸੰਥਾ ਪੋਥੀਆਂ, ਸਟੀਕ ਤੇ ਗੁਟਕੇ ਆਦਿਕ ਅਤੇ ਸਿੱਖ ਬੁੱਕ ਕਲੱਬ ਅਮਰੀਕਾ ਦੀ ਐਪ ਰਾਹੀਂ ਪ੍ਰਾਪਤ ਹੋ ਰਹੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਤੇ ਮਰਹੂਮ ਜਥੇਦਾਰ ਗਿ. ਜੋਗਿੰਦਰ ਸਿੰਘ ਵੇਦਾਂਤੀ ਜੀ ਤੇ ਭਾਈ ਜੁਗਿੰਦਰ ਸਿੰਘ ਤਲਵਾੜਾ ਦੀ ੫੦ ਸਾਲਾ ਸਾਂਝੀ ਖੋਜ 'ਤੇ ਅਧਾਰਿਤ ਕਿਸੇ ਪੰਥਕ ਫ਼ੈਸਲੇ ਦੀ ਉਡੀਕ ਵਿਚ ਤਿਆਰ ਹੋਏ ਪਾਵਨ ਬੀੜ ਦੇ ਵਿਸ਼ੇਸ਼ ਖੋਜ-ਖਰੜੇ ਤੇ ਹੋਰ ਕਈ ਪੁਸਤਕਾਂ ਸਮੇਤ ਲਗਭਗ ਸਾਰੇ ਗੁਰਬਾਣੀ ਸਾਹਿਤ ਨੂੰ ਦਾਸ (ਜਾਚਕ) ਨੇ ਬਹੁਤ ਗੰਭੀਰਤਾ ਸਹਿਤ ਵਿਚਾਰਿਆ ਹੈ। ਇਸ ਪ੍ਰਕਾਰ ਜੋ ਸਭ ਤੋਂ ਪਹਿਲਾ, ਵੱਡਾ ਤੇ ਪਚੀਦਾ ਮਸਲਾ ਉੱਭਰਦਾ ਹੈ, ਉਹ ਹੈ ੫੦੦੦ ਦੇ ਲਗਭਗ ਲਫ਼ਜ਼ੀ, ਪਦ-ਛੇਦਕ, ਸਮਾਸੀ ਅਤੇ ਵਧੇਰੇ ਕਰਕੇ ਲਗਮਾਤ੍ਰੀ ਪਾਠ-ਭੇਦਾਂ ਦਾ।

ਜਥੇਦਾਰ ਵੇਦਾਂਤੀ ਜੀ ਦੇ ਸਹਿਯੋਗ ਨਾਲ ਸਤੰਬਰ ਸੰਨ ੧੯੯੧ ਵਿਚ ਲਿਖੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ-ਭਾਗ ੧' ਦੀ ਦੂਜੀ ਐਡੀਸ਼ਨ (੧੯੯੬) ਦੇ ਪੰਨਾ ੧੬ 'ਤੇ ਭਾਈ ਤਲਵਾੜਾ ਜੀ ਲਿਖਦੇ ਹਨ: "ਸ਼੍ਰੋ.ਗੁ.ਪ੍ਰ. ਕਮੇਟੀ ਰਾਹੀਂ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਬੀੜਾਂ/ਸੈਂਚੀਆਂ ਅਤੇ ਵਪਾਰੀ-ਪ੍ਰਕਾਸ਼ਕਾਂ ਦੁਆਰਾ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਬੀੜਾਂ/ਸੈਂਚੀਆਂ ਵਿਚ ਅੱਖਰਾਂ ਅਤੇ ਲਗਾਂਮਾਤ੍ਰਾਂ ਦੇ ਹਜ਼ਾਰਾਂ ਦੀ ਗਿਣਤੀ ਵਿਚ ਫ਼ਰਕ ਦੇਖਣ ਵਿਚ ਆ ਰਹੇ ਹਨ। ਇਹ ਸਥਿਤੀ ਚਿੰਤਾਜਨਕ ਹੈ ਅਤੇ ਸਿੱਖ ਸੰਗਤਾਂ ਦੀ ਜ਼ੋਰਦਾਰ ਮੰਗ ਹੈ ਕਿ ਇਸ ਪਾਸੇ ਜ਼ਿਮੇਂਵਾਰ ਸਿੱਖ ਸੰਸਥਾਵਾਂ ਵੱਲੋਂ ਵਿਸ਼ੇਸ਼ ਧਿਆਨ ਦਿੱਤਾ ਜਾਵੇ।" ਗੁਰਬਾਣੀ ਦੀ ਉਚਾਰਣਕ ਤੇ ਪਦ-ਛੇਦਕ ਸਮਸਿਆ ਨੂੰ ਧਿਆਨ ਵਿਚ ਰੱਖ ਕੇ ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ-ਭਾਗ ਦੂਜਾ, ਪੰਨਾ ੯੪ 'ਤੇ ਪਦ-ਛੇਦਕ ਪਾਠਾਂਤਰਾਂ ਦੀ ਸੂਚੀ ਸਮੇਤ ਲਿਖਦੇ ਹਨ: "ਜਿਹੜੇ ਗੁਰਬਾਣੀ ਦੇ ਸ਼ਬਦ-ਜੋੜਾਂ ਬਾਰੇ ਵਿਚਾਰ ਦਾ ਵਖੇਵਾਂ ਹੈ, ਅਜਿਹੇ ਸ਼ਬਦ ਸਮੱਗਰ ਗੁਰਬਾਣੀ ਵਿਚ ੫੦੦ ਤੋਂ ਵੱਧ ਨਹੀਂ, ਇਨ੍ਹਾਂ ਦੇ ਦਰੁਸਤ ਸ਼ਬਦ-ਜੋੜਾਂ ਬਾਰੇ ਗੁਰਮਤਿ ਵਿਦਵਾਨ ਮੰਡਲੀ ਦੇ ਪਰਸਪਰ ਵਿਚਾਰ-ਵਟਾਂਦਰੇ ਮਗਰੋਂ ਪੰਥਕ ਤੌਰ 'ਤੇ ਨਿਰਣਾ ਲਏ ਜਾਣ ਦੀ ਲੋੜ ਹੈ।"

ਪਾਵਨ ਬੀੜਾਂ ਦੇ ਪਾਠ-ਭੇਦਾਂ ਦੀ ਹੋਂਦ ਤੇ ਸੁਧਾਈ ਦੀ ਜ਼ਰੂਰਤ ਪੱਖੋਂ ਪ੍ਰਸਿੱਧ ਇਤਿਹਾਸਕਾਰ ਸ. ਕ੍ਰਿਪਾਲ ਸਿੰਘ ਦੀ ਪੁਸਤਕ 'ਪੰਥਕ ਮਤੇ' ਮੁਤਾਬਿਕ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦਾ ਸੰਨ ੧੯੫੨ ਵਾਲਾ ਉਹ ਮਤਾ ਵੀ ਬੜਾ ਮਹੱਤਵਪੂਰਨ ਹੈ, ਜਿਸ ਦੁਆਰਾ ਪਾਵਨ ਬੀੜਾਂ ਦੇ ਪ੍ਰਕਾਸ਼ਕ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਅੱਗੇ ਤੋਂ ਪਾਠ ਦੀ ਲਿਖਤ ਪੱਖੋਂ ਇਸ ਮਤੇ ਅਨੁਸਾਰ ਸੋਧਾਂ ਕਰਕੇ ਬੀੜਾਂ ਛਾਪਣ। {ਹੇਠਾਂ ਵੇਖੋ! ਉਸ ਪੰਥਕ ਮਤੇ ਦਾ ਚਿਤ੍ਰ}

ਧਰਾਮਿਕ ਸਲਾਹਕਾਰ ਕਮੇਟੀ ਦੀ ਉਨਵੀਂ ਇਕੱਤਰਤਾ

ਮਿਤੀ 19-8-52 ਦੀ ਕਾਰਵਾਈ

1. ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਪ੍ਰਚਲਤ ਛਾਪੇ ਵਿ ਆਈਆਂ ਬੀੜਾਂ ਵਿਚ ਜੋ ਸੋਧ ਅੱਗੇ ਕੀਤੀ ਜਾ ਚੁੱਕੀ ਹੈ, ਉਸਨੂੰ ਬਰਕਰਾਰ ਰਖਿ ਜਾਵੇ। ਬਾਕੀ ਲਗ ਮਾਤਰਾ ਦੀਆਂ ਜਿਤਨੀਆਂ ਭੁੱਲਾਂ ਛਾਪਣ ਵਿਚ ਪੈ ਗਈਆਂ ਹ ਉਨ੍ਹਾਂ ਦੀ ਸੋਧ ਕਰ ਲਈ ਜਾਵੇ।

ਇਸ ਅਨੁਸਾਰ ਹੇਠ ਦਿੱਤੇ ਸ਼ਬਦਾਂ ਨੂੰ ਅਗੇ ਦਸੇ ਅਨੁਸਾਰ ਸੋਧ ਕੇ ਛਾਪਿਆ ਜਾ

ਪੰਨਾ ਨੰ:	ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਪਾਠ	ਦੀ ਥਾਂ	ਛਾਪੇ ਦੀਆਂ ਪ੍ਰਚਲ ਬੀੜਾਂ ਵਿਚ ਛਾਪਿਆ ਜਾ
478	ਬੁਨਨਾ ਤਤਨਾ	" "	ਬੁਨਨਾ ਤਨਨਾਂ
478	ਮਿਦੋਲੁ	" "	ਸਿਦਲੁ
954	ਰੌਵਹਿ ਕਿਰਪਾ	" "	ਰੌਵਹਿ ਕਿਰਪਨ
955	ਤਿਨਾ ਭੀ ਰੋਚੀ ਦੇਇ	" "	ਰੋਜ਼ੀ
963	ਸੰਤਾਂਪ	" "	ਸੰਤਾਪ
975	ਸਲ ਸਲਲੇ	" "	ਸਲਲ ਸਲਲੇ
1025	ਦੂਖ ਦਾਲਘੁ	" "	ਦਾਲਦੁ
1050	ਸਤਿਗੁਰੂ ਸਚੇ ਲਾਏ ਸੁਧ ਹੈ		
1068	ਪਾਰੁ ਨ ਪਏ	" "	ਪਾਏ
1089	ਇਹੁ	" "	ਇਹੁ
1095	ਡਾਖਣੇ ਮਹਲਾ-5	" "	ਡਖਣੇ
1120	ਏਕਾਰ	" "	ਕੇਦਾਰਾ
1161	ਪ੍ਰੇਮ ਪਲੀਤਾ	" "	ਪ੍ਰੇਮ ਪਲੀਤਾ
1165	ਬਿਨਤੀ ਕਹੈ ਪਟਰਾਨੀ ਸੁਧ ਹੈ।		
1264	ਪਾਟ ਪਟੰਬਰ ਬਹੁ ਬਿਸਤਿ ਕਰ ਸੁਧ ਹੈ।		
711	ਗੁਰੂ ਪ੍ਰਭ ਕੇਰਾ	" "	ਗੁਰੂ ਪ੍ਰਭ ਡਾ
732	ਗੁਰਿ ਮਿਲਿਆ ਸਭ ਭੁਖ ਗਵਾਈ ਸੁਧ ਹੈ।		
848	ਬਿਲਾਵਨੁ	" "	ਬਿਲਾਵਲ
857	ਕਿਚਕ	" "	ਕਿੰਚਤ
875	ਏਕੁ ਮੁਕੰਦ	" "	ਏਕੁ
1266	ਤੂ ਤ ਤੂ	" "	ਤੂ ਤੂ ਤੂ
1359	ਰਖੰਤਪੁਰਹ	" "	ਪੁਰਖਾ
1373	ਭੁਯੰਗਸ	" "	ਭੁਯੰਗਮ
1374	ਮੁਲਾਂ	" "	ਮੁਲਾਂ
1396	ਸਵੀਏ	" "	ਸਵਈਏ
1397	ਸਤਗੁਰ	" "	ਸਤਗੁਰ
1398	ਨਿਵਾ ਸਰੈਉ	" "	ਨ ਤਰਨਾ
	ਨ ਤਰਨਾ ਨ ਤੁਲਹਾ		ਨ ਤੁਲਹਾ

ਸ਼੍ਰੋਮਣੀ ਕਮੇਟੀ ਵੱਲੋਂ ਜਨਵਰੀ ੧੯੭੭ ਵਿਚ ਵੱਖ-ਵੱਖ ਬੀੜਾਂ ਦੇ ਵੇਰਵੇ ਸਹਿਤ ੪੭੮੪ 'ਪਾਠ-ਭੇਦਾਂ ਦੀ ਸੂਚੀ' ਪ੍ਰਕਾਸ਼ਤ ਹੋਈ ਸੀ। ਇਸ ਖੋਜ ਪੁਸਤਕ ਦਾ ਨਾਂ ਹੈ- "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੰਥਾ ਪੋਥੀਆਂ ਅਤੇ ਪੁਰਾਤਨ ਹੱਥ-ਲਿਖਤਾਂ ਦੇ ਪਰਸਪਰ ਪਾਠ-ਭੇਦਾਂ ਦੀ ਸੂਚੀ"।

ਵੇਖੋ! ਪੰਨਾ ੫੦-੫੧ 'ਤੇ ਪਾਠ-ਭੇਦ ਸੂਚੀ ਦੇ ਚਿਤ੍ਰ ਨੰ. ੨/੧, ੨/੨

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ

ਸੰਥਾ-ਸੈਂਚੀਆਂ ਅਤੇ ਪੁਰਾਤਨ ਹੱਥ ਲਿਖਿਤ ਪਾਵਨ ਬੀੜਾਂ ਦੇ ਪਰਸਪਰ

ਪਾਠ-ਭੇਦਾਂ ਦੀ ਸੂਚੀ

ਭਾਗ ਪਹਿਲਾ

ਸੰਪਾਦਕ :

ਸ: ਰਣਧੀਰ ਸਿੰਘ

ਗਿ: ਕੁੰਦਨ ਸਿੰਘ

ਭਾਈ ਗਿਆਨ ਸਿੰਘ 'ਨਿਹੰਗ'

ਪ੍ਰਕਾਸ਼ਕ :

ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ।

੧ੴ ਸਤਿਗੁਰ ਪ੍ਰਸਾਦਿ ॥

ਸੰਥਾ ਸੈਂਚੀਆਂ ਵਿਚ ਪਾਠ-ਭੇਦਾਂ ਦੀ ਸੂਚੀ

ਸੰਥਾ ਸੈਂਚੀਆਂ			ਪਦਾ ਤੇ ਸ਼ਬਦ ਅੰਕ	ਲਿਖਤੀ ਪ੍ਰਾਚੀਨ ਗ੍ਰੰਥ ਸਾਹਿਬ				
ਪੰਨਾ	ਸਤ੍ਰ	ਅਸ਼ੁੱਧ ਪਾਠ		ਸ਼ੁੱਧ ਪਾਠ	ਬੀੜ ਸੂਚੀ ਨੰਬਰ	ਪੱਤ੍ਰ	ਸਤ੍ਰ	ਵਿਚਾਰ
			ਜਪੁ					
੧	੪/੪	ਨਾਨਕ ਹੋਸੀ ਭੀ ਸਚੁ ॥___	ਸਲੋਕ ੧	---ਹੋਸੀ ਭੀ ਸਚੁ ॥੧॥	੧	੧	੪	
					੨	੧	੪	
					੪/੩	੧	੪	
					੫	੧	੪	
					੧੨/੧੩	੧	੨	
					੨੪/੩੬	੧	੬	
					੩੨/੬੨੮੧	੩੩	੩	
					੪੦/੨੩੬	੧	੨	
੨	੪/੩	ਦੇਦਾ ਦੇ ਲੈਦੇ ਥਕਿ ਪਾਹਿ ॥	ਪ: ੩	ਦੇਂਦਾ -- ਲੈਂਦੇ	੧	੧	੧੫	
੨	੭/੫	ਮੁਹੌ ਕਿ ਬੋਲਣੁ ਬੋਲੀਐ...	ਪ: ੪	ਮੁਹੌ -- --	੧	੧	੧੩	
				ਮੁਹੌ -- --	੮/੮	੨੫	੧੫	
				ਮੁਹੌ (ਮੁਹੌਂ) -- --	੨੪/੩੬	੧	੨੨	
				ਮੁਹੌਂ (ਮੁਹੌਂ) -- --	੩੨/੬੨੮੧	੩੩	੧੬	
				ਮੁਹੌਂ -- --	੩੫/੧੧੬	੧	੧੫	
				ਮੁਹੌ -- --	੩੯/੧੮੨	੧	੧੯	
				ਮੁਹੌ -- --	੪੦/੨੩੬	੧	੧੭	
				ਮੁਹੌ -- --	੪੬	੨	੪	
੨	੯/੬	---ਨਦਰੀ ਮੋਖੁ ਦੁਆਰੁ ॥	ਪ: ੪	---ਮੋਖਦੁਆਰ ॥	੨੪/੩੬	੧	੨੩	
					੩੨/੬੨੮੧	੩੩	੧੬	
					੩੮/੧੭੩	੨	੭	
					੩੯/੧੮੨	੧	੨੧	
					੪੦/੨੩੬	੧	੧੯	
					੫੪	੧	੧੬	
੨	੧੪/੧੦	-- ਗੁਰੁ ਗੋਰਖੁ ਬਰਮਾ -- --	ਪ: ੫	ਗਾਵਹਿ ਈਸਰ ਬ੍ਰਹਮਾ ਇੰਦ	੫੦	੮	੨੪	
				ਬ੍ਰਹਮਾ	੫੧	੮	੨੪	

ਸ਼੍ਰੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਦੇ ਤਤਕਾਲੀ ਹੈਡ-ਗ੍ਰੰਥੀ ਸਿੰਘ ਸਾਹਿਬ ਗਿ. ਕ੍ਰਿਪਾਲ ਸਿੰਘ ਜੀ ਨੇ ਉਪਰੋਕਤ ਪੁਸਤਕ ਦੀ ਭੂਮਿਕਾ ਵਿਚ ਲਿਖਿਆ ਹੈ:

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਤੀ ਉਕਾਈਆਂ ਜੋ ਲਿਖਾਰੀਆਂ ਜਾਂ ਛਾਪੇ ਵਾਲਿਆਂ ਦੀ ਅਣਗਹਿਲੀ ਕਾਰਨ ਆ ਗਈਆਂ ਹਨ, ਦੀ ਪਰਖ-ਪੜਤਾਲ ਕੀਤੀ ਜਾਣੀ ਅਤਿ ਜ਼ਰੂਰੀ ਭਾਸਦੀ ਹੈ। ਗੁਰੂ ਕਰਤਾਰ ਤਾਂ ਅਭੁੱਲ ਹੈ, ਪਰ ਲਿਖਾਰੀਆਂ ਕੋਲੋਂ ਏਡੇ ਵੱਡੇ ਅਕਾਰ ਦੇ ਗ੍ਰੰਥ ਦਾ ਉਤਾਰਾ ਕਰਨ ਵਿਚ ਉਕਾਈਆਂ ਜ਼ਰੂਰ ਰਹੀਆਂ ਹਨ ਤੇ ਸੋਧ-ਸੁਧਾਈ ਅਜਿਹੀਆਂ ਉਕਾਈਆਂ ਦੀ ਹੀ ਲੁੜੀਂਦੀ ਹੈ।" {ਪਾਠ-ਭੇਦ ਸੂਚੀ-ਭੂਮਿਕਾ ਪੰਨਾ (ਸ)}

ਜਿਵੇਂ ਛਾਪੇ ਦੀ ਪਾਵਨ ਬੀੜ ਦਾ ਵਾਕ ਹੈ: ਦਹ ਦਿਸ ਬੂਡੀ ਪਵਨੁ ਝੁਲਾਵੈ; ਡੋਰਿ ਰਹੀ ਲਿਵ ਲਾਈ॥ {ਪੰਨਾ ੩੩੩} ਇਸ ਵਾਕ ਦੁਆਰਾ ਭਗਤ ਕਬੀਰ ਸਾਹਿਬ ਜੀ ਨੇ ਗੁੱਡੀ (ਗੂਡੀ, ਪਤੰਗ), ਡੋਰ ਤੇ ਹਵਾ ਦੇ ਰੂਪਕ ਅਲੰਕਾਰ ਦੁਆਰਾ ਸਮਝਾਇਆ ਹੈ ਕਿ ਜਿਵੇਂ ਕੋਈ ਵਿਅਕਤੀ ਡੋਰ ਦੇ ਸਹਾਰੇ ਅਕਾਸ਼ 'ਤੇ ਗੁੱਡੀ ਚੜ੍ਹਾਉਂਦਾ ਹੈ ਅਤੇ ਹਵਾ (ਪਵਨੁ) ਗੁੱਡੀ ਨੂੰ ਦਸਾਂ ਦਿਸ਼ਾਵਾਂ ਵਿਚ ਝੂਲਾਰਦੀ (ਉਡਾਉਂਦੀ) ਹੈ। ਪਰ, ਗੁੱਡੀ ਉਡਾਉਣ ਵਾਲੇ ਦੀ ਸੁਰਤ ਦੀ ਡੋਰ (ਲਿਵ) ਗੁੱਡੀ ਵਿਚ ਲੱਗੀ ਰਹਿੰਦੀ ਹੈ, ਜਿਸ ਕਰਕੇ ਹਵਾ ਦੇ ਧੱਕਿਆਂ ਕਾਰਣ ਉਹ ਡਿੱਗਦੀ ਨਹੀਂ। ਤਿਵੇਂ ਹੀ ਦੁਨਿਆਵੀ ਕੰਮ-ਕਾਰ ਰੂਪ ਮਾਇਕ ਹਵਾ ਸਾਡੀ ਦੇਹ ਰੂਪ ਗੁੱਡੀ ਨੂੰ ਭਾਵੇਂ ਇੱਧਰ-ਉੱਧਰ ਦੜੌਂਦੀ ਹੈ। ਭਾਵ, ਸਰੀਰ ਕਰਕੇ ਕੰਮ-ਕਾਰ ਲਈ ਭਾਵੇਂ ਸਾਨੂੰ ਕਈ ਪਾਸੀਂ ਦੌੜ-ਭੱਜ ਕਰਨੀ ਪੈਂਦੀ ਹੈ, ਪਰ ਸਾਡੀ ਬਿਰਤੀ ਦੀ ਡੋਰੀ ਰੱਬੀ-ਯਾਦ ਵਿਚ ਲੱਗੀ ਹੋਣ ਕਰਕੇ ਮਾਇਆ ਸਾਨੂੰ ਪ੍ਰਭਾਵਿਤ ਨਹੀਂ ਕਰਦੀ।

ਭਗਤ ਬਾਬਾ ਨਾਮਦੇਵ ਜੀ ਨੇ ਵੀ 'ਮਨੁ ਰਾਮ ਨਾਮਾ ਬੇਧੀਅਲੇ॥' (ਹੱਥ ਕਾਰ ਵੱਲ ਤੇ ਦਿਲ ਕਰਤਾਰ ਵੱਲ) ਦੀ ਗੱਲ ਸਮਝਾਉਣ ਲਈ ਮਹਾਂਰਾਸ਼ਟਰ ਦੀ ਮਰਹਟੀ ਭਾਸ਼ਾ ਵਿਚ ਵੀ ਉਦਾਹਰਣ ਵਜੋਂ ਉਪਰੋਕਤ ਅਲੰਕਾਰ ਹੀ ਵਰਤਿਆ ਹੈ। ਜਿਵੇਂ:

ਆਨੀਲੇ ਕਾਗਦੁ, ਕਾਟੀਲੇ ਗੂਡੀ; ਆਕਾਸ ਮਧੇ ਭਰਮੀਅਲੇ॥
ਪੰਚ ਜਨਾ ਸਿਉ ਬਾਤ ਬਤਊਆ; ਚੀਤੁ ਸੁ ਡੋਰੀ ਰਾਖੀਅਲੇ॥

{ਪੰਨਾ ੯੭੨}

ਸੋ ਅਸਲੀਅਤ ਇਹ ਹੈ ਕਿ ਜਿਵੇਂ ਬਾਬਾ ਨਾਮਦੇਵ ਜੀ ਨੇ ਸਪਸ਼ਟ ਤੌਰ 'ਤੇ ਹੇਂਦਵੀ ਲਫ਼ਜ਼ 'ਗੂਡੀ' ਵਰਤਿਆ ਹੈ, ਤਿਵੇਂ ਹੀ ਕਾਂਸ਼ੀ ਨਿਵਾਸੀ ਭਗਤ ਕਬੀਰ ਜੀ ਨੇ ਵੀ ਉਪਰੋਕਤ ਵਾਕ ਵਿਚ 'ਗੂਡੀ' ਲਫ਼ਜ਼ ਹੀ ਵਰਤਿਆ ਸੀ।

ਪ੍ਰਸੰਗਕ ਤੌਰ 'ਤੇ ਵੀ ਇਹੀ ਸਹੀ ਸੀ। ਪਰ, ਕਿਸੇ ਲਿਖਾਰੀ ਨੇ ਪੁਰਾਤਨ ਕਾਲ ਦੀ ਗੋਲਾਕਾਰ ਲਿਖਾਈ ਦੇ 'ਗ' ਅੱਖਰ ਨੂੰ ਭੁਲੇਖੇ ਨਾਲ 'ਬ' ਸਮਝ ਕੇ 'ਬੂਡੀ' ਲਿਖ ਦਿੱਤਾ। ਹਿੰਦੀ ਵਿਚ 'ਬੂਡੀ' ਪਦ ਦਾ ਅਰਥ ਹੈ- ਡੁੱਬੀ ਜਾਂ ਹੇ ਡੁਬੀਏ! ਜਿਵੇਂ ਗੁਰਵਾਕ ਹੈ: ਬੂਡੀ! ਘਰੁ ਘਾਲਿਓ; ਗੁਰ ਕੈ ਭਾਇ ਚਲੋ॥ {ਪੰਨਾ ੬੮੯} ਸੰਬੋਧਕ 'ਬੂਡੀ' ਪਦ ਤੋਂ ਹੀ ਬਹੁ-ਵਚਨ ਕਿਰਿਆ ਬਣੀ ਹੈ- 'ਬੂਡਤ'। ਜਿਵੇਂ: ਬੂਡਤ ਘੋਰ ਅੰਧ ਕੂਪ ਮਹਿ...॥ {ਪੰਨਾ ੧੨੦੮}

ਸ਼੍ਰੋਮਣੀ ਕਮੇਟੀ ਦੀ 'ਪਾਠ-ਭੇਦ ਸੂਚੀ' ਦੇ ਖੋਜੀ ਵਿਦਵਾਨਾਂ ਨੇ 'ਗੂਡੀ' ਪਦ ਦੀ ਉਪਰੋਕਤ ਸੱਚਾਈ ਨੂੰ ਸਾਬਿਤ ਕਰਨ ਲਈ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਦਰਲੀ ਲਿਖਤ ਪੱਖੋਂ ਸਭ ਤੋਂ ਸ਼ੁਧ ਮੰਨੀ ਗਈ 'ਸਾਰਨ ਕੇ ਵਾਲੀ' ੫ ਨੰ. ਬੀੜ ਤੋਂ ਇਲਾਵਾ ਪੁਸਤਕ ਵਿਚ ੧੭ ਹੋਰ ਬੀੜਾਂ ਦਾ ਵੇਰਵਾ ਦਿੱਤਾ ਹੈ, ਜੋ ਉਸ ਵੇਲੇ ਲਾਇਬ੍ਰੇਰੀ ਵਿਚ ਮੌਜੂਦ ਸਨ। ਜਿਵੇਂ ਬੀੜ ਨੰ. ੫, ੮/੮, ੧੧/੪੮੮੬, ੨੧/੩੪, ੨੪/੩੬, ੨੯/੭੯, ੩੨/੬੨੮੧, ੩੫/੧੧੬ ਆਦਿ। ਪਾਠ-ਭੇਦ ਸੂਚੀ ਦੇ ਉਸ ਪੰਨੇ ਉੱਪਰਲਾ ਹੇਠ ਲਿਖਿਆ ਵਿਸ਼ੇਸ਼ ਨੋਟ ਵੀ ਪੜ੍ਹਨ ਯੋਗ ਹੈ:

ਦਹ ਦਿਸਿ ਬੂਡੀ ਪਵਨੁ ਝੁਲਾਵੈ...॥

ਨੋਟ: 'ਬੂਡੀ' ਅਸ਼ੁਧ ਪਾਠ ਦਾ ਪਰਚਾਰ, ਅਰਥ ਬੋਧ ਤੋਂ ਅਨਜਾਣ ਤੇ ਖੋਜ-ਪੜਤਾਲ ਤੋਂ ਕੰਨੀਂ ਕਤਰਾਉਣ ਵਾਲੇ ਸੰਪ੍ਰਦਾਈ ਪਾਠੀਆਂ ਦੀ ਕਿਰਪਾ ਨਾਲ ਬਹੁਤ ਜ਼ਿਆਦਾ ਹੋਇਆ ਹੈ। ਟੀਕਾਕਾਰ ਵਿਦਵਾਨਾਂ ਨੇ ਭੀ ਗ਼ਲਤ ਛਪੇ ਪਾਠ ਦੇ ਅਰਥ ਭਾਵੇਂ 'ਗੁੱਡੀ' ਹੀ ਕਰ ਦਿੱਤੇ ਹਨ। ਪਰ ਸ਼ੁਧ ਪਦ ਖੋਜ-ਲੱਭਣ ਦੀ ਖੇਚਲ ਕਦੀ ਵੀ ਕਿਸੇ ਨਹੀਂ ਕੀਤੀ। ਇਸੇ ਕਰਕੇ, ਇਸ ਸਬੰਧ ਵਿਚ ਬਹੁਤੇ ਪੁਰਾਤਨ ਸੰਚਿਆ ਦੇ ਹਵਾਲੇ ਦੇਣੇ ਜ਼ਰੂਰੀ ਸਮਝੇ ਗਏ ਹਨ। {ਸੂਚੀ ਅੰਕ ੮੯}

ਗਿ. ਹਰਿਬੰਸ ਸਿੰਘ ਜੀ ਪਟਿਆਲਾ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਣੈ ਸਟੀਕ' ਦੀ ਚੌਥੀ ਪੋਥੀ ਦੇ ਪੰਨਾ ੪੭੧ ਦੀ 'ਉਚਾਰਨ ਸੇਧ' ਵਿਚ ਲਿਖਦੇ ਹਨ:

੨. "ਪੁਰਾਤਨ ਹਥ-ਲਿਖਤੀ ਸਰੂਪਾਂ ਵਿਚ 'ਬੂਡੀ' ਦੀ ਥਾਂ 'ਗੂਡੀ' ਪਾਠ ਮਿਲਦਾ ਹੈ ਜੋ ਪ੍ਰਕਰਣ ਅਨੁਸਾਰ ਠੀਕ ਹੈ। ਪਰ ਇਸ ਨੂੰ ਬਦਲਣ ਦਾ ਅਧਿਕਾਰ ਕਿਸੇ ਇਕ ਵਿਅਕਤੀ ਨੂੰ ਨਹੀਂ ਹੈ। ਲਿਖਾਰੀਆਂ ਜਾਂ ਪ੍ਰੈੱਸ ਦੀਆਂ ਗ਼ਲਤੀਆਂ ਪੰਥਕ ਪੱਧਰ 'ਤੇ ਸੋਧਣੀਆਂ ਹੀ ਲਾਭਦਾਇਕ ਹੋ ਸਕਦੀਆਂ ਹਨ।" ਪਰ ਇੱਥੇ ਸੁਆਲ ਖੜ੍ਹਾ ਹੁੰਦਾ ਹੈ ਕਿ ਜੇ ਸਾਡੀ ਸ਼ਿਰੋਮਣੀ ਪੰਥਕ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਪਿਛਲੇ ੭੦ ਸਾਲ ਤੋਂ ਅਜਿਹੇ ਮਹੱਤਵ ਪੂਰਨ ਮਸਲੇ ਪ੍ਰਤੀ ਰਾਜਨੀਤਕ ਆਗੂਆਂ ਦੀ ਪਿਛਲੱਗ ਬਣ ਕੇ ਟਾਲ-ਮਟੋਲਾ ਕਰਦੀ ਆ ਰਹੀ ਹੋਵੇ ਤਾਂ ਸ਼ਰਧਾਲੂ ਗੁਰਸਿੱਖ ਅਤੇ ਗੁਰਬਾਣੀ ਦੀ ਸੋਝੀ

ਰੱਖਣ ਵਾਲੇ ਵਿਦਵਾਨ ਸੱਜਣ ਹੋਰ ਕਿਹੜਾ ਰਾਹ ਅਖ਼ਤਿਆਰ ਕਰਨ?

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰਾਚੀਨ ਸਾਹਿਤ ਖੋਜੀ ਪ੍ਰੋ. ਪਿਆਰਾ ਸਿੰਘ ਪਦਮ ਨੇ ਵੀ 'ਸ੍ਰੀ ਗੁਰੂ ਗ੍ਰੰਥ ਪ੍ਰਕਾਸ਼' (ਸੰਨ ੧੯੭੭) ਨਾਮੀ ਪੁਸਤਕ ਵਿਚ ਉਦਾਹਰਣ ਵਜੋਂ ਪਾਠ-ਭੇਦਾਂ ਦੀ ਇੱਕ ਲੰਮੀ ਲਿਸਟ ਦਿੱਤੀ ਹੈ। ਉਨ੍ਹਾਂ ਇਹ ਵੀ ਲਿਖਿਆ ਕਿ "ਪ੍ਰਾਚੀਨ ਬੀੜਾਂ ਦੀ ਉਪਯੋਗਤਾ ਬਾਣੀ ਦੀ ਸੁਧਾਈ ਲਈ ਕਰਨੀ ਯੋਗ ਹੈ, ਕਿਉਂਕਿ ਛਾਪੇ ਵਿਚ ਬਹੁਤ ਸਾਰੀਆਂ ਉਕਾਈਆਂ ਆ ਰਹੀਆਂ ਹਨ। ਸਿਹਾਰੀ-ਔਂਕੜ ਦੀਆਂ (ਵਿਆਕਰਣਿਕ) ਭੁੱਲਾਂ ਤਾਂ ਸੋਚ ਵਿਚਾਰ ਕੇ ਲੱਭਣ ਵਾਲੀਆਂ ਹਨ, ਉਂਜ ਜੋ ਲਫ਼ਜ਼ੀ ਅਦਲਾ-ਬਦਲੀਆਂ ਹੋਈਆਂ, ਉਹ ਵੀ ਸੋਧ ਦੀਆਂ ਮੁਥਾਜ ਹਨ। ਮਿਸਾਲ ਲਈ ਭੱਟ ਦਾ ਨਾਮ 'ਕਲਜ' ਜਾਂ 'ਕਲਸਹਾਰ' ਸੀ, ਪਰ ਇਕ ਥਾਂ ਲਿਖਾਰੀ ਦੀ ਉਕਾਈ ਨਾਲ 'ਕਲ' ਤੋਂ 'ਟਲ' ਬਣ ਗਿਆ, ਹੁਣ ਇਹ 'ਟਲ' ਹੀ ਚੱਲ ਰਿਹਾ ਹੈ। (ਜਿਵੇਂ ਪਾਵਨ ਬੀੜ ਦੇ ਪੰਨਾ ੧੩੯੨ ਉੱਤੇ 'ਸਵਈਏ ਮਹਲੇ ਦੂਜੇ ਕੇ' ਦੇ ਸਿਰਲੇਖ ਹੇਠ ਤੁਕਾਂਸ਼ ਹੈ: ਸੁ ਕਹੁ ਟਲ ਗੁਰੁ ਸੇਵੀਐ...॥) ਲੇਕਿਨ ਤਮਾਮ ਪ੍ਰਾਚੀਨ ਬੀੜਾਂ ਵਿਚ ('ਟਲ' ਦੀ ਥਾਂ) ਇਹ ਨਾਮ 'ਕਲਜ' ਕਰ ਕੇ ਹੀ ਆਉਂਦਾ ਹੈ।"

{ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪੰਨਾ ੧੦੮}

(ਪਰ ਚੰਗਾ ਹੁੰਦਾ ਕਿ ਜੇਕਰ ਪ੍ਰੋ. ਪਦਮ ਜੀ 'ਤਮਾਮ' ਸ਼ਬਦ ਦੀ ਥਾਂ 'ਕੁਝ' ਲਫ਼ਜ਼ ਦੀ ਵਰਤੋਂ ਕਰਦੇ, ਕਿਉਂਕਿ ਕੁਝ ਐਸੀਆਂ ਬੀੜਾਂ ਵੀ ਉਪਲਬਧ ਹਨ, ਜਿਨ੍ਹਾਂ ਦੇ ਲਿਖਾਰੀਆਂ ਨੇ ਉਪਰੋਕਤ ਗ਼ਲਤ ਨਕਲ ਦੀ ਨਕਲ ਲਿਖੀ ਹੋਈ ਹੈ/ ਲੇਖਕ)

ਅੱਗੇ ਦੇਖੋ! ਪ੍ਰੋ. ਪਦਮ ਜੀ ਵੱਲੋਂ ਪਾਠ-ਭੇਦਾਂ ਦੇ ਨਮੂਨੇ ਵਜੋਂ ਦਿੱਤੀ ਸੂਚੀ ਦਾ ਹੂ-ਬਹੂ ਚਿਤ੍ਰ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਬੀੜਾਂ 109

155	ਕਰਿ ਪਟੰਬੁ ਗਲੀ ਮਨੁ ਲਾਵਸਿ	ਕਰਿ ਪਖੰਡ ਗਲੀ ਮਨ ਲਾਵਸਿ
179	ਤਖਤੁ ਸਭਾ ਮੰਡਨ ਦੋਲੀਚੇ	ਮੰਡਪ ਦੋਲੀਚੇ
188	ਤਾ ਕਉ ਕਛੁ ਨਾਹੀ ਜੰਜਾਰੀ	ਤਾਕਉ ਕਛੁ ਨਾਹੀ ਸਹਜਾ ਰੀ
275	ਜੈਸਾ ਮਾਨੁ ਤੈਸਾ ਅਭਿਮਾਨੁ	ਹੈਸਾ ਅਪਮਾਨੁ
342	ਅਬ ਜਗੁ ਜਾਨਿ ਜਉ ਮਨਾ ਰਹੈ	ਅਬ ਜਗੁ ਸਾਨਿ ਜਉ ਉਨਮਾਨ ਰਹੈ
344	ਸੁਰਖੀ ਪਾਂਚਉ ਰਾਖੇ ਸਬੈ	ਮੁਰਛੀ ਪਾਂਚਹੁ ਰਾਖੇ ਸਬੈ
355	ਪਾਹਰੂਅਰਾ ਛਬਿ ਚੋਰੁ ਨ ਲਾਗੈ	ਪਹਰੂ ਆਛਿਤ ਚੋਰ ਨ ਲਾਗੈ
408	ਕਉਨੁ ਬਿਖਮ ਗਾਰ ਤੋਰੈ	ਕਉਨੁ ਬਿਖਮ ਗਾਂਠ ਤੋਰੈ
481	ਤਲੈ ਰੇ ਬੈਸਾ ਊਪਰਿ ਸੂਲਾ	ਤਲੇ ਰੇਬੈਸਾ ਊਪਰਿ ਮੂਲਾ
508	ਦੇਤ ਦਰਸਨੁ ਸ੍ਰਵਨ ਹਰਿ ਜਸੁ	ਨੇਤ੍ਰ ਦਰਸਨ ਸ੍ਰਵਨ ਹਰਿ ਜਸੁ
655	ਸਭੁ ਤਨੁ ਮਨੁ ਦੇਹ ਹਰਿ ਲੀਨੀ	ਦੇਹ ਹਿਰਿ ਲੀਨੀ
828	ਹਮਰੋ ਸਹਾਉ ਸਦਾ ਸਦ ਭੂਲਨ	ਹਮਰੋ ਸੁਭਾਉ
848	ਕਾਇਆ ਕਾਕ ਗ੍ਰਸਨਾ ਰਾਮ	ਕਾਇਆ ਕਾਲ ਗ੍ਰਸਨਾ ਰਾਮ
886	ਲਉ ਨਾੜੀ ਸੂਆ ਹੈ ਅਸਤੀ	ਨਉਂ ਨਾੜੀ ਸੂਆ ਹੈ ਅਸਤੀ
906	ਪ੍ਰੇਤ ਪਿੰਜਰ ਮਹਿ ਕਾਸਟੁ ਭਇਆ	ਕਸਟ ਭਇਆ
1041	ਜੋ ਬ੍ਰਹਮੰਡਿ ਖੰਡਿ ਸੋ ਜਾਣਹੁ	ਪਿੰਡਿ ਸੋ ਜਾਣਹੁ
1072	ਏਕਾ ਜਗਤਿ ਸਬਾਈ ਹੇ	ਏਕਾ ਜੁਗਤਿ ਸਬਾਈ ਹੇ
1165	ਦੁਸਟ ਸਭਾ ਮਿਲਿ ਮੰਤਰ ਉਪਾਇਆ	ਮੰਤ੍ਰ ਪਕਾਇਆ
1212	ਮਸਤ ਪੁਨੀਤ ਸੰਤ ਧੂਰਾਵਾ	ਮਸਤਕ ਪੁਨੀਤ
1269	ਬਹੁਰਿ ਨ ਜੋਨੀ ਮਾਟ	ਬਹੁਰਿ ਨ ਜੋਨੀ ਬਾਟ
1290	ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ, ਓਥੈ ਮੰਧੁ ਕਮਾਹੀ	 ਓਥੈ ਅੰਧ ਕਮਾਹੀ
1324	ਜਿਉ ਮੁਰਗਾਈ ਪੰਕੁ ਨ ਭੀਜੈ	ਪੰਖ ਨ ਭੀਜੈ
1392	ਸੁ ਕਹੁ ਟਲ ਗੁਰੁ ਸੇਵੀਐ	ਸੁ ਕਹੁ ਕਲਯ ਗੁਰ ਸੇਵੀਐ
1402	ਕੋਟਿ ਸੈਨ ਸੰਗ ਸੋਭ	ਕੋਟਿ ਸੈਨ[2] ਸੰਗਿ ਸੋਭ

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਪ੍ਰੋ. ਮਨਜੀਤ ਸਿੰਘ ਦੇ ਆਦੇਸ਼ ਮੁਤਾਬਿਕ ਸ਼੍ਰੋਮਣੀ ਕਮੇਟੀ ਵੱਲੋਂ ਸੰਨ ੧੯੯੬ ਵਿਚ ਅਤੇ ਜਥੇਦਾਰ ਭਾਈ ਰਣਜੀਤ ਸਿੰਘ ਜੀ ਦੇ ਆਦੇਸ਼ ਮੁਤਾਬਿਕ ਸੰਨ ੧੯੯੮ ਵਿਚ ਸਥਾਪਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' (ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਜਥਾ) ਅਨੁਸਾਰ ਵੀ ਉਪਰੋਕਤ ਸਵਈਏ ਅੰਦਰਲੇ ਭੱਟ ਕਵੀ ਦੇ ਨਾਮ ਵਜੋਂ 'ਟਲ' ਦੀ ਥਾਂ ਸ਼ੁਧ ਪਾਠ 'ਕਲ੍ਯ' ਹੀ ਮੰਨਿਆ ਗਿਆ ਹੈ। ਇਸ ਟੀਮ ਵਿਚ ਮਰਹੂਮ ਜਥੇਦਾਰ ਗਿ. ਜੋਗਿੰਦਰ ਸਿੰਘ ਵੇਦਾਂਤੀ ਜੀ ਤੇ ਭਾਈ ਜੁਗਿੰਦਰ ਸਿੰਘ 'ਤਲਵਾੜਾ' ਜੀ ਤੋਂ ਇਲਾਵਾ ਹੋਰ ਚਾਰ ਮੈਂਬਰ ਸਨ: ਸਤਿਕਾਰਯੋਗ ਟੀਕਾਕਾਰ ਗਿ. ਹਰਿਬੰਸ ਸਿੰਘ ਪਟਿਆਲਾ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ

ਦੇ ਮਰਹੂਮ ਪ੍ਰਿੰਸੀਪਲ ਪ੍ਰਕਾਸ਼ ਸਿੰਘ, ਗੁਰਮਤਿ ਕਾਲਜ ਪਟਿਆਲਾ ਦੇ ਮਰਹੂਮ ਪ੍ਰਿੰਸੀਪਲ ਵਿਕਰਮ ਸਿੰਘ ਤੇ ਗਿ. ਗੁਰਬਚਨ ਸਿੰਘ ਖ਼ਾਲਸਾ ਜੀ ਦੇ ਪੋਤਰੇ ਭਾਈ ਅਵਤਾਰ ਸਿੰਘ ਬੱਧਨੀ ਕਲਾਂ।

ਸ਼ੋਮਣੀ ਕਮੇਟੀ ਨੇ ਇਸ ਟੀਮ ਦੇ ਵਿਸ਼ੇਸ਼ ਸਹਾਇਕ ਲਗਾਏ ਸਨ ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਗਿ. ਭਰਪੂਰ ਸਿੰਘ ਜੀ, ਜੋ ਪ੍ਰਾਚੀਨ ਹੱਥ-ਲਿਖਤੀ ਬੀੜਾਂ ਦੇ ਪਾਠ ਦੀ ਵਿਸ਼ੇਸ਼ ਮੁਹਾਰਤ ਰੱਖਣ ਦੇ ਨਾਲ ਗੁਰਬਾਣੀ ਵਿਆਕਰਣ ਦੇ ਵੀ ਮਾਹਰ ਵਿਦਵਾਨ ਹਨ। ਉਨ੍ਹਾਂ ਨੇ ਡੇਰਾ ਭਿੰਡਰ ਕਲਾਂ (ਜ਼ਿਲਾ ਫਿਰੋਜ਼ਪੁਰ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲੈਣ ਮੌਕੇ ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ ਦੀ ਸੋਝੀ ਸਤਿਕਾਰਯੋਗ ਗਿ. ਮੋਹਣ ਸਿੰਘ ਜੀ ਤੋਂ ਪ੍ਰਾਪਤ ਕੀਤੀ ਸੀ। ਸਾਡੀ ਖੁਸ਼ਕਿਸਮਤੀ ਹੈ ਕਿ ਉਪਰੋਕਤ ਟੀਮ ਵਿਚੋਂ ਇਹ ਇੱਕ ਖੋਜੀ ਵਿਦਵਾਨ ਅੱਜ ਵੀ ਸਾਡੇ ਵਿਚ ਮੌਜੂਦ ਹੈ। ਇਸ ਸਮੇਂ ਉਹ ਕਾਰ-ਸੇਵਾ ਵਾਲੇ ਬਾਬਾ ਸੇਵਾ ਸਿੰਘ ਜੀ ਦੁਆਰਾ ਸ੍ਰੀ ਖਡੂਰ ਸਾਹਿਬ ਵਿਖੇ ਚਲਾਏ ਜਾਂਦੇ ਗੁਰਮਤਿ ਵਿਦਿਆਲੇ ਵਿਖੇ ਗੁਰਬਾਣੀ ਦੀ ਸੰਥਿਆ ਦੇ ਰਿਹਾ ਹੈ।

ਇਸ ਖੋਜਾਰਥੀ ਕਮੇਟੀ ਨੇ ਵੀ ਜਥੇਦਾਰ ਵੇਦਾਂਤੀ ਜੀ (ਕਨਵੀਨਰ) ਦੀ ਅਗਵਾਈ ਵਿਚ ਪਾਵਨ ਬੀੜ ਦੇ ੧੧੦੬ ਪੰਨਿਆ ਤਕ ਦੀ ਪਾਠ-ਭੇਦਾਂ ਬਾਰੇ ਆਪਣੇ ਕੀਮਤੀ ਸੁਝਾਵਾਂ ਸਹਿਤ ਅੰਤ੍ਰਿਮ ਰਿਪੋਰਟ ਸ਼ੋਮਣੀ ਕਮੇਟੀ ਨੂੰ ਸੰਨ ੨੦੦੨ ਵਿਚ ਸੌਂਪੀ ਸੀ। ਸ਼ੁਕਰ ਹੈ ਅਕਾਲ ਪੁਰਖ ਜੀ ਦਾ ਕਿ ਉਸ ਕਮੇਟੀ ਦੇ ਮੁਖੀ ਜਥੇਦਾਰ ਵੇਦਾਂਤੀ ਜੀ ਦੀ ਬਦੌਲਤ ਉਸ ਸੂਚੀ-ਪਤ੍ਰਕਾ ਦੀ ਇਕ ਕਾਪੀ ਸਾਡੇ ਪਾਸ ਵੀ ਮੌਜੂਦ ਹੈ। 'ਗੁਰੂ ਗ੍ਰੰਥ ਵਿਚਾਰ-ਮੰਚ ਟਰਾਂਟੋ' ਦੁਆਰਾ ਪ੍ਰਕਾਸ਼ਤ 'ਪਾਠ-ਭੇਦ ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ' ਨਾਂ ਦੀ ਪੁਸਤਕ ਦੀ ਅੰਤਿਕਾ ਵਜੋਂ ਉਸ ਅੰਤ੍ਰਿਮ ਰਿਪੋਰਟ ਦਾ ਹੂ-ਬਹੂ ਚਿਤ੍ਰ ਵੇਖਿਆ ਤੇ ਪੜ੍ਹਿਆ ਜਾ ਸਕਦਾ ਹੈ। ਉਸ ਵਿਚ ਸਪਸ਼ਟ ਲਿਖਿਆ ਹੈ ਕਿ ਪੁਰਾਤਨ ਹੱਥ ਲਿਖਤੀ ਬੀੜਾਂ ਦੀ ਗੱਲ ਤਾਂ ਦੂਰ, ਸ਼ੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਲੜੀਦਾਰ ਤੇ ਪਦ-ਛੇਦ ਪਾਵਨ ਬੀੜਾਂ, ਸ਼ਬਦਾਰਥ ਤੇ ਸੰਥਾ ਸੈਂਚੀਆਂ ਅਤੇ ਗੁਟਕਿਆਂ ਦੀਆਂ ਐਡੀਸ਼ਨਾਂ ਵਿਚ ਵੀ ਸਿਰਲੇਖਾਂ, ਅਖਰਾਂ, ਲਗ-ਮਾਤ੍ਰਾਂ ਅਤੇ ਸ਼ਬਦਾਂ ਦੇ ਜੋੜ-ਅੰਕ ਤੇ ਪੈਰ ਚਿੰਨਾਂ ਵਿਚ ਪਰਸਪਰ ਭੇਦ ਹਨ। ਇਸ ਖੋਜ ਕਾਰਜ ਦੇ ਦਰਜਨ ਤੋਂ ਵਧੇਰੇ ਰਜਿਸਟਰ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ' ਦਾ ਸ਼ਿੰਗਾਰ ਬਣੇ ਪਏ ਹਨ। ਖੋਜੀ ਸੱਜਣਾਂ ਨੂੰ ਉਨ੍ਹਾਂ ਦੀ ਕਾਪੀ ਕਰਨ ਦਾ ਵੀ ਕੋਈ ਅਧਿਕਾਰ ਨਹੀਂ।

ਜਿਹੜੀ ਉਪਰੋਕਤ ਰਿਪੋਰਟ ਪੇਸ਼ ਕੀਤੀ ਗਈ, ਉਸ ਦੇ ਪਹਿਲੇ ਪੰਨੇ ਉੱਤੇ ਭਾਈ ਜੁਗਿੰਦਰ ਸਿੰਘ ਤਲਵਾੜਾ ਜੀ ਨੇ ਆਪਣੇ ਹੱਥ ਨਾਲ ਵਿਸ਼ੇਸ਼ ਨੋਟ ਇੰਞ ਲਿਖਿਆ: "ਇਸ ਤੋਂ ਅਗਲਾ ਕਾਰਜ ਸ਼੍ਰੋ.ਗੁ.ਪ੍ਰੰ. ਕਮੇਟੀ ਦਾ ਇਸ ਰਿਪੋਰਟ

ਪ੍ਰਤੀ ਪ੍ਰਤੀਕਰਮ ਜਾਨਣ ਮਗਰੋਂ ਹੀ ਅਰੰਭ ਕੀਤਾ ਜਾਵੇਗਾ।" {ਵੇਖੋ! ਪਾਠ-ਭੇਦ ਗਾਥਾ ਦੀ ਅੰਤਿਕਾ} ਇਸ ਤੋਂ ਦੋ ਸਾਲ ਦੇ ਵਕਫ਼ੇ ਪਿੱਛੋਂ ਸੰਨ ੨੦੦੪ ਵਿਚ 'ਤਲਵਾੜਾ ਜੀ' ਅਤੇ ੧੯ ਸਾਲ ਪਿੱਛੋਂ ਮਈ ਸੰਨ ੨੦੨੧ ਵਿਚ 'ਜਥੇਦਾਰ ਵੇਦਾਂਤੀ ਜੀ' ਦੋਵੇਂ ਵਿਦਵਾਨ ਇਹ ਕੂਕਦੇ ਤੁਰ ਗਏ ਕਿ ਪੰਥ ਪਾਵਨ ਬੀੜ ਦੇ ਪਾਠ-ਭੇਦ ਮੁਕਾ ਕੇ ਇਸ ਪੱਖੋਂ ਇਕਸਾਰਤਾ ਤੇ ਪ੍ਰਮਾਣਿਕਤਾ ਕਾਇਮ ਕਰੇ। ਇਸ ਦਰਮਿਆਨ ਹੀ ਅਧਿਐਨ ਜਥੇ (ਸਟੱਡੀ ਟੀਮ) ਦੇ ਸਤਿਕਾਰਯੋਗ ਮੈਂਬਰ ਪ੍ਰਿੰਸੀਪਲ ਪ੍ਰਕਾਸ਼ ਸਿੰਘ ਅੰਮ੍ਰਿਤਸਰ, ਪ੍ਰਿੰਸੀਪਲ ਵਿਕਰਮ ਸਿੰਘ ਤੇ ਟੀਕਾਕਾਰ ਗਿਆਨੀ ਹਰਿਬੰਸ ਸਿੰਘ 'ਪਟਿਆਲਾ' ਵਾਲੇ ਵੀ ਇਸ ਫ਼ਾਨੀ ਦੁਨੀਆ ਤੋਂ ਕੂਚ ਕਰ ਚੁੱਕੇ ਹਨ।

ਪਰ, ਅਫ਼ਸੋਸ ਕਿ ਉਪਰੋਕਤ ਵਿਦਵਾਨਾਂ ਦੁਆਰਾ ੨੦੦੨ ਵਿਚ ਪੇਸ਼ ਕੀਤੀ ਅੰਤ੍ਰਿਮ ਰਿਪੋਰਟ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਤਕ ਕੋਈ ਪ੍ਰਤੀਕਰਮ ਨਹੀਂ ਆਇਆ। ਅਜਿਹਾ ਪ੍ਰਾਪੇਗੰਡਾ ਬਿਲਕੁਲ ਝੂਠਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਜਨਵਰੀ ੧੯੭੭ ਅਤੇ ਸੰਨ ੨੦੦੨ ਵਾਲੀਆਂ ਪਾਠ-ਭੇਦਾਂ ਦੀਆਂ ਰਿਪੋਰਟਾਂ ਰੱਦ ਕਰ ਦਿੱਤੀਆਂ ਸਨ। ਕਾਰਣ ਹੈ ਕਿ ਇੱਕ ਤਾਂ ਅਜਿਹਾ ਕੋਈ ਫੈਸਲਾ ਨਹੀਂ ਹੋਇਆ। ਦੂਜੇ, ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਹੋਈਆਂ ਸੰਨ ੨੦੨੦ ਤਕ ਦੀਆਂ ਗੁਰਬਾਣੀ ਪ੍ਰਕਾਸ਼ਨਾਵਾਂ ਇਸ ਹਕੀਕਤ ਦੀਆਂ ਪ੍ਰਤੱਖ ਗਵਾਹ ਹਨ ਕਿ ਉਨ੍ਹਾਂ ਵਿਚ ਉਪਰੋਕਤ ਰਿਪੋਰਟਾਂ ਰਾਹੀਂ ਸੁਝਾਏ ਅਜਿਹੇ ਸੈਂਕੜੇ ਪਾਠ ਤੇ ਸ਼ਬਦਾਂ ਦੇ ਸਿਰਲੇਖ ਤੇ ਕਈ ਜੋੜ-ਅੰਕੀ ਜੁਮਲੇ ਹਨ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਨੇ ਆਪਣੀ ਨੀਤੀ ਤਹਿਤ ਚੁੱਪ-ਚਪੀਤੇ ਤੇ ਸੰਪਰਦਾਈ ਪਿਛਲੱਗ ਬਣ ਕੇ ਬਿਨਾ ਵਿਚਾਰੇ ਬਦਲਿਆ ਹੈ।

ਪ੍ਰਧਾਨ ਸ਼੍ਰੋਮਣੀ ਕਮੇਟੀ ਜਥਦਾਰ ਟੌਹੜਾ ਜੀ ਭਾਵੇਂ ਰਾਜਨੀਤਕ ਪੰਥਕ ਨੇਤਾ ਸਨ। ਪਰ, ਉਨ੍ਹਾਂ ਵੱਲੋਂ ਕੀਤੇ ਯਤਨਾਂ ਤੋਂ ਨਿਸ਼ਚੇ ਹੁੰਦਾ ਹੈ ਕਿ ਉਹ ਪਾਵਨ ਬੀੜ ਦੀ 'ਸ਼ੋਧ, ਸੁਧਾਈ ਤੇ ਸ਼ੁੱਧ-ਛਪਾਈ' ਦੇ ਉਪਰੋਕਤ ਕਾਰਜ ਨੂੰ ਕਰਨ ਦੀ ਪ੍ਰਬਲ ਇੱਛਾ ਰੱਖਦੇ ਸਨ। ਉਹ ਚਾਹੁੰਦੇ ਸਨ ਕਿ ਬੀੜ ਦੀ ਹਰੇਕ ਨਵੀਂ ਐਡੀਸ਼ਨ ਵਿਚ ਸੰਪ੍ਰਦਾਈਆਂ ਦੀ ਤਰਜ਼ 'ਤੇ ਇਹ ਕੰਮ ਸਹਿਜੇ-ਸਹਿਜੇ ਤੇ ਚੁੱਪ-ਚਪੀਤੇ ਪੂਰਾ ਕਰ ਲਿਆ ਜਾਵੇ, ਤਾਂ ਕਿ ਫਜ਼ੂਲ ਦੀ ਸਿਰਦਰਦੀ ਤੋਂ ਬਚਿਆ ਜਾ ਸਕੇ। ਪਰ ਇਸ ਢੰਗ ਨਾਲ ਜਨਵਰੀ ਸੰਨ ੧੯੭੬ ਤੋਂ ਹੁਣ ੨੦੨੦ ਤੱਕ ਦੇ ੪੪ ਸਾਲਾਂ ਵਿਚ ਖੋਜੀ ਵਿਦਵਾਨਾਂ ਦੀਆਂ ਵਿਅਕਤੀਗਤ ਸਿਫਾਰਸ਼ਾਂ ਦੁਆਰਾ ਪਦ-ਛੇਦਕ ਤੇ ਸ਼ਬਦ-ਜੋੜਾਂ ਦੀ ਜੋ ਸੁਧਾਈ ਹੋਈ ਹੈ, ਪਹਿਲਾਂ ਛੁੱਟੇ ਹੋਏ ਜਿਹੜੇ ਲਫ਼ਜ਼ ਨਵੇਂ ਅੰਕਿਤ ਕੀਤੇ ਹਨ, ਸ਼ਬਦਾਂ ਦੇ ਸਿਰਲੇਖ ਅਤੇ ਗਿਣਤੀ ਦੇ ਜਿਹੜੇ ਜੁਮਲੇ ਸੋਧੇ ਗਏ ਹਨ, ਉਹ ਮੇਰੀ ਖੋਜ ਮੁਤਾਬਿਕ ਕੁੱਲ ੨੫੬ ਹਨ। ਭਾਵ, ਪੌਣੇ ਤਿੰਨ ਸੌ ਦੇ

ਲਗਭਗ ਹਨ।

ਇਸ ਪ੍ਰਕਾਰ ਗੁਰਬਾਣੀ ਦੀ ਲਗਮਾਤ੍ਰੀ ਕੱਸਵਟੀ 'ਤੇ ਪਰਖੇ ਬਗੈਰ ਕਈ ਸ਼ੁਧ-ਪਾਠ ਵੀ ਅਸ਼ੁਧ ਹੋ ਗਏ ਹਨ। ਜਿਵੇਂ 'ਗੁਰਬਾਣੀ ਪਾਠ ਦਰਪਣ' ਪੋਥੀ ਦੇ ਪਿਛਲੱਗ ਬਣ ਕੇ ਅਤੇ 'ਪਾਠ-ਭੇਦ ਸੂਚੀ' ਦੇ ਸਹਾਰੇ ਤੇ ਬਿਨਾਂ ਵਿਚਾਰੇ ਰਾਗੁ ਮਾਝ ਵਾਲੇ 'ਬਾਰਹਮਾਹਾ' ਦੇ ਅੰਤਲੇ ਪਦੇ ਦੀ ਤੁਕ "ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ॥" {ਪੰਨਾ ੧੩੬} ਵਿਚਲੇ ਸ਼ੁਧ-ਪਾਠ 'ਜਿਨ' (ਪੁਲਿੰਗ, ਬਹੁਵਚਨ) ਨੂੰ 'ਜਿਸ' (ਪੁਲਿੰਗ, ਇੱਕ ਵਚਨ) ਛਾਪਣਾ ਸ਼ੁਰੂ ਕਰ ਦਿੱਤਾ ਹੈ। ਇਸ ਲਈ ਸ਼੍ਰੋਮਣੀ ਕਮੇਟੀ ਵਾਲੀ ਛਾਪੇ ਦੀ ਪਾਵਨ-ਬੀੜ ਵਿਖੇ ਹੁਣ ਇਸ ਪਾਠ ਦੇ ਇਉਂ ਦਰਸ਼ਨ ਹੋ ਰਹੇ ਹਨ-

ਮਾਹ ਦਿਵਸ ਮੂਰਤ ਭਲੇ **ਜਿਸ** ਕਉ ਨਦਰਿ ਕਰੇ॥ {ਪੰਨਾ ੧੩੬}

ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਹੁੰਦੇ ਸ਼ਬਦਾਰਥ ਦੀਆਂ ਪੋਥੀਆਂ (ਜਿਨ੍ਹਾਂ 'ਤੇ ਦਾਸਰੇ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਵਿਖੇ ੧੯੭੪ ਤੋਂ ੧੯੭੬ ਵਿਚ ਸੰਥਿਆ ਲਈ) ਵਿਚ ਉਪਰੋਕਤ ਪਾਠ 'ਜਿਨ' ਸੀ। ਸੰਨ ੧੯੩੬ ਦੇ ਸ਼ਬਦਾਰਥ ਦੀ ਜਿਸ ਪੋਥੀ ਨੂੰ ਗਿ. ਭਰਪੂਰ ਸਿੰਘ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਜਥਾ' ਨਾਲ ਮਿਲ ਕੇ ਵਿਚਾਰਿਆ ਤੇ ਸੋਧਿਆ, ਉਸ ਵਿਚ ਵੀ ਮੈਂ ਪਾਠ 'ਜਿਨ' ਹੀ ਛਪਿਆ ਪੜ੍ਹਿਆ ਹੈ। ਜਥੇਦਾਰ ਵੇਦਾਂਤੀ ਜੀ ਦੁਆਰਾ ਉਪਰੋਕਤ ਜਥੇ (ਟੀਮ) ਦੀਆਂ ਸੋਧਾਂ ਮੁਤਾਬਿਕ ਪਾਵਨ ਬੀੜ ਦੇ ਸੋਧੇ ਹੋਏ ਖਰੜੇ ਵਿਚ ਵੀ ਪਾਠ 'ਜਿਨ' ਹੀ ਸ਼ੁਧ ਮੰਨਿਆ ਗਿਆ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿਖੇ ਵੀ ਪਦ-ਅਰਥਾਂ ਵਿਚ ਇਉਂ ਦਰਸ਼ਨ ਹੁੰਦੇ ਹਨ- ਜਿਨ ਕਉ = ਜਿਨ੍ਹਾਂ ਉੱਤੇ, ਕਿਉਂਕਿ ਗੁਰਬਾਣੀ ਦੀ ਵਿਆਕਰਣਿਕ ਦ੍ਰਿਸ਼ਟੀ ਤੋਂ 'ਜਿਨਿ' ਭਾਵੇਂ ਇੱਕ ਵਚਨ ਕਰਤਾ-ਕਾਰਕ ਪੜਨਾਂਵ ਹੈ, ਪਰ ਜਦੋਂ ਕਿਸੇ ਤੁਕ ਵਿਚ ਇਸ ਦਾ ਦੂਹਰਾ ਵਰਤਾਉ ਹੁੰਦਾ ਹੈ ਤਾਂ ਜਿਵੇਂ ੧+੧ = ੨ ਹੋ ਜਾਂਦੇ ਹਨ, ਤਿਵੇਂ ਹੀ ਉਸ ਤੁਕ ਦੇ ਅਰਥ ਵੀ ਬਹੁ-ਵਚਨੀ ਹੋ ਜਾਂਦੇ ਹਨ। ਵਿਚਾਰਧੀਨ ਜਿਸ ਤੁਕ ਦਾ ਜ਼ਿਕਰ ਹੋ ਰਿਹਾ ਹੈ, ਉਹ ਮਾਝ ਰਾਗ ਦੀ 'ਬਾਰਹਮਾਹਾ' ਨਾਮਕ ਬਾਣੀ ਦਾ ਆਖ਼ਰੀ ੧੪ਵਾਂ ਪਦਾ ਹੈ, ਜਿਸ ਦੀ ਅਰੰਭਕ ਤੁਕ ਹੈ: "ਜਿਨਿ ਜਿਨਿ ਨਾਮੁ ਧਿਆਇਆ...॥" {ਪੰਨਾ ੧੩੬} 'ਦਰਪਣ' ਮੁਤਾਬਿਕ ਅਰਥ ਹਨ: 'ਜਿਸ ਜਿਸ ਨੇ ਨਾਮ ਧਿਆਇਆ ਹੈ...।'

ਵੇਖੋ! ਹੇਠਾਂ ਸੰਨ ੧੯੩੬ ਵਾਲੀ ਸ਼ਬਦਾਰਥ ਪੋਥੀ ਦਾ ਚਿਤ੍ਰ ਨੰ. ੨/੪।

[illegible] ਨਾਹੀ ਜਾਇ ॥ [illegible] ਇਛ ਪੁਨੀ ਵਡਭਾਗਣੀ [illegible]
[illegible] ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥ [illegible]
ਅਵਰੁ ਨ ਦਿਸਈ ਕੋਈ ਦੂਜਾ [illegible] ਨ ਲਾਇ ॥ ਹਲਤੁ ਪਲਤੁ ਸਵਾਰਿਓਨੁ
ਨਿਹਚਲ ਦਿਤੀਅਨੁ ਜਾਇ[੧੬] ॥ ਸੰਸਾਰ ਸਾਗਰ ਤੇ ਰਖਿਅਨੁ ਬਹੁੜਿ[੧੭] ਨ ਜਨਮੈ
ਧਾਇ[੧੮] ॥ ਜਿਹਵਾ ਏਕ, ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥ ਫਲਗੁਣਿ
ਨਿਤ ਸਲਾਹੀਐ ਜਿਸਨੋ [੧੯]ਤ੍ਰਿਲੁ ਨ ਤ੍ਰਮਾਇ ॥ ੧੩ ॥ ਜਿਨਿ ਜਿਨਿ ਨਾਮੁ
ਧਿਆਇਆ ਤਿਨ ਕੇ ਕਾਜ ਸਰੇ[੨੦] ॥ ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ
ਖਰੇ[੨੧] ॥ ਸਰਬ-ਸੁਖਾ-ਨਿਧਿ ਚਰਣ ਹਰਿ ਭਉਜਲੁ ਬਿਖਮੁ[੨੨] ਤਰੇ ॥ ਪ੍ਰੇਮ
ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ[੨੩] ॥ ਕੂੜ ਗਏ ਦੁਬਿਧਾ[੨੪] ਨਸੀ
[੨੫]ਪੂਰਨ ਸਚਿ ਭਰੇ ॥ ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥ [੨੬]ਮਾਹ
ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ ॥ ਨਾਨਕੁ ਮੰਗੈ ਦਰਸ ਦਾਨੁ ਕਿਰਪਾ
ਕਰਹੁ ਹਰੇ ॥ ੧੪ ॥ ੧ ॥

ਮਾਝ ਮਹਲਾ ੫ *ਦਿਨ ਰੈਣਿ[੨੭]

੧ ਓ ਸਤਿਗੁਰ ਪ੍ਰਸਾਦਿ ॥

॥ ਸੇਵੀ ਸਤਿਗੁਰੁ
ਆਪਣਾ ਹਰਿ ਸਿਮਰੀ ਦਿਨ ਸਭਿ ਰੈਣ ॥ ਆਪੁ[੨੮] ਤਿਆਗਿ ਸਰਣੀ ਪਵਾਂ ਮੁਖਿ
ਬੋਲੀ ਮਿਠੜੇ ਵੈਣ[੨੯] ॥ ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ[੩੦] ॥
ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ[੩੧] ॥ ਹਰਿ ਪਿਰ ਬਿਨੁ ਚੈਨੁ
ਨ ਪਾਈਐ ਖੋਜਿ ਡਿਠੇ ਸਭਿ ਗੈਣ[੩੨] ॥ [੩੩]ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ
ਦੇਣ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ ॥ ਹਰਿ ਤੁਧ
ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ ॥ ਨਾਨਕ ਕੀ ਬੇਨੰਤੀਆ [੩੪]ਹਰਿ
ਸੁਰਜਨੁ ਦੇਖਾ ਨੈਣ ॥ ੧ ॥ ਜੀਅ ਕੀ ਬਿਰਥਾ[੩੫] ਸੋ ਸੁਣੇ ਹਰਿ ਸੰਮ੍ਰਿਥ

ਇਸੇ ਲਈ ਗੁਰਬਾਣੀ ਦੀ ਲਗਮਾਤ੍ਰੀ ਨਿਯਮਾਵਲੀ ਨੂੰ ਸਮਝਣ ਵਾਲੇ ਵਿਦਵਾਨਾਂ ਨੇ ਵਿਚਾਰਧੀਨ ਉਪਰੋਕਤ ਤੁਕ ਵਿਚ 'ਜਿਸ' ਪਾਠ ਦੀ ਥਾਂ 'ਜਿਨ' ਸ਼ੁਧ ਮੰਨਿਆ ਹੈ। 'ਸ੍ਰੀ ਗੁਰੂ ਸਾਹਿਬ ਦਰਪਣ' ਵਿਚ "ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ॥" ਤੁਕ ਦੇ ਅਰਥ ਹੁਣ ਵੀ ਇਉਂ ਪੜ੍ਹੇ ਜਾ ਸਕਦੇ ਹਨ: 'ਜਿਨ੍ਹਾਂ ਉੱਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ (ਆਪਣੇ ਨਾਮ ਦੀ ਦਾਤਿ ਦੇਂਦਾ ਹੈ) ਉਨ੍ਹਾਂ ਵਾਸਤੇ ਸਾਰੇ ਮਹੀਨੇ ਸਾਰੇ ਦਿਹਾੜੇ ਸਾਰੇ ਹੀ ਮਹੂਰਤ ਸੁਲੱਖਣੇ ਹਨ (ਸੰਗ੍ਰਾਂਦ ਆਦਿਕ ਦੀ ਪਵਿਤ੍ਰਤਾ ਦੇ ਭਰਮ-ਭੁਲੇਖੇ ਉਨ੍ਹਾਂ ਨੂੰ ਨਹੀਂ ਪੈਂਦੇ)। ਇਸ ਲਈ ਦਰਪਣ ਦੇ ਪਦ-ਅਰਥਾਂ ਤੇ ਤੁਕ ਅਰਥਾਂ ਤੋਂ ਸਿੱਧ ਹੁੰਦਾ ਹੈ ਕਿ ਪ੍ਰੋ. ਸਾਹਿਬ ਸਿੰਘ ਜੀ ਨੇ ਇਸ ਤੁਕ ਵਿਚ 'ਪਾਠ' ਆਪਣੇ ਹੱਥੀਂ 'ਜਿਨ' ਹੀ ਲਿਖਿਆ ਸੀ। ਇਉਂ ਜਾਪਦਾ ਹੈ ਕਿ ਕਿਸੇ ਸੰਪਰਦਾਈ ਗਰੁੱਪ ਨੇ 'ਦਰਪਣ' ਦੇ ਜਲੰਧਰ ਵਾਲੇ 'ਰਾਜ ਪਬਲਿਸ਼ਰਜ਼' ਪਾਸੋਂ ਧੱਕੇ ਨਾਲ ਪਾਠ 'ਜਿਸ' ਲਿਖਵਾ ਦਿੱਤਾ ਹੈ। ਕੇਵਲ ਇਹੀ ਨਹੀਂ, ਇਸ ਪ੍ਰਕਾਰ ਹੋਰ ਵੀ ਬਹੁਤ ਸਾਰੇ ਪਾਠ ਬਦਲ ਦਿੱਤੇ ਗਏ ਹਨ।

'ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ' ਵਿਖੇ ਗੁਰਬਾਣੀ ਦੀ ਸੰਥਿਆ ਤੇ ਗੁਰਮਤਿ ਫ਼ਿਲਾਸਫ਼ੀ ਦੀ ਸਿਖਿਆ ਦੇ ਰਹੇ ਪ੍ਰੋ. ਸੁਖਵਿੰਦਰ ਸਿੰਘ 'ਦਦੇਹਰ' ਨੇ ਦੱਸਿਆ ਕਿ, "ਸੰਨ ੨੦੧੫ ਤੋਂ ੧੭ ਤਕ 'ਦਰਪਣ' ਦੇ ਪ੍ਰਕਾਸ਼ਕ 'ਰਾਜ ਪਬਲਿਸ਼ਰਜ਼' ਜਲੰਧਰ ਤੋਂ ਗੱਡੀ ਸਟੀਕ ਦੇਣ ਕਈ ਵਾਰ ਆਈ। ਜਦੋਂ ਉਨ੍ਹਾਂ ਪਾਸ 'ਦਰਪਣ' ਵਿਚ ਉਪਰੋਕਤ ਕਿਸਮ ਦੇ ਪਾਠਾਂ ਵਰਗੀਆਂ ਕੀਤੀਆਂ ਤਬਦੀਲੀਆਂ ਬਾਰੇ ਰੋਸ ਪ੍ਰਗਟ ਕੀਤਾ ਤਾਂ ਪ੍ਰਕਾਸ਼ਕ ਨੇ ਆਖਿਆ ਕਿ ਤੁਸੀਂ ਸਾਨੂੰ ਸ਼ੁਧ-ਪਾਠਾਂ ਦੀ ਸੂਚੀ ਬਣਾ ਕੇ ਦਿਉ, ਅਸੀਂ ਅਗਲੀ ਐਡੀਸ਼ਨ ਵਿਚ ਠੀਕ-ਠੀਕ ਛਾਪ ਦੇਵਾਂਗੇ। ਅਸੀਂ ਗਲਤੀਆਂ ਲਗਾ ਕੇ ਪੋਥੀਆਂ ਦਿੰਦੇ ਵੀ ਰਹੇ। ਪਰ ਜਦੋਂ ਪ੍ਰਕਾਸ਼ਕ ਨੇ ਕੋਈ ਤਬਦੀਲੀ ਨਾ ਕੀਤੀ ਤਾਂ ਕਾਲਜ ਦਾ ਵਫ਼ਦ ਪ੍ਰੋ. ਸਾਹਿਬ ਸਿੰਘ ਜੀ ਦੇ ਸੰਸਾਰ ਪ੍ਰਸਿੱਧ ਅੱਖਾਂ ਦੇ ਡਾਕਟਰ ਬੇਟੇ ਸ. ਬਲਜੀਤ ਸਿੰਘ ਨੂੰ ਅੰਮ੍ਰਿਤਸਰ ਵਿਖੇ ਮਿਲਿਆ। ਪੰਥ ਪ੍ਰਸਿੱਧ ਡਾ. ਹਰਸ਼ਿੰਦਰ ਕੌਰ ਜੀ ਨਾਲ ਵੀ ਚਰਚਾ ਹੋਈ। ਸ਼ਿਕਇਤ ਕੀਤੀ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿਖੇ ਪ੍ਰਕਾਸ਼ਕ ਵੱਲੋਂ ਕਈ ਪਾਠਾਂ ਦੇ ਪਦ-ਜੋੜ ਬਦਲ ਦਿੱਤੇ ਗਏ ਹਨ। ਇਸ ਲਈ ਤੁਸੀਂ ਆਪਣੇ ਪ੍ਰਕਾਸ਼ਕੀ ਹੱਕ ਅਤੇ ਨਿੱਜੀ ਪ੍ਰਭਾਵ ਦੀ ਸੁਵਰਤੋਂ ਕਰੋ। ਪਰ, ਫਿਰ ਵੀ ਉਪਰੋਕਤ ਪੱਖੋਂ 'ਪੰਚਾਂ ਦਾ ਕਹਿਆ ਸਿਰ-ਮੱਥੇ, ਪਰਨਾਲਾ ਓਥੇ ਦਾ ਓਥੇ' ਦੇ ਮੁਹਾਵਰੇ ਵਾਲੀ ਕਹਾਣੀ ਹੀ ਬਣੀ ਰਹੀ।"

ਪਰ, ਸ਼ੁਕਰ ਹੈ ਕਿ 'ਚੋਰ ਦੀ ਦਾੜ੍ਹੀ ਵਿਚ ਤਿਣਕਾ' ਦੇ ਮੁਹਾਵਰੇ ਮੁਤਾਬਿਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿਖੇ ਸ਼ਬਦਾਂ ਦੀਆਂ ਤੁਕਾਂ ਵਿਚ ਚੋਰਾਂ ਵੱਲੋਂ 'ਪਾਠ ਤੇ ਪਦ-ਜੋੜ' ਤਾਂ ਭਾਵੇਂ ਕੁਝ ਬਦਲਾਅ ਦਿੱਤੇ ਗਏ ਹਨ, ਪਰ

ਉਸ ਦੇ ਸ਼ੁਧ ਪਦ-ਅਰਥ ਤੇ ਤੁਕ-ਅਰਥ ਓਹੀ ਹਨ, ਜਿਹੜੇ ਪ੍ਰੋ. ਸਾਹਿਬ ਸਿੰਘ ਜੀ ਹੁਰਾਂ ਨੇ ਆਪਣੇ ਹੱਥੀਂ ਲਿਖੇ ਸਨ। ਉਹ ਬਚ ਗਏ, ਜਿਸ ਕਰਕੇ ਉਪਰੋਕਤ ਪਾਠ ਵਾਂਗ ਬਾਕੀ ਦੀ ਚੋਰੀ ਸਹਿਜੇ ਹੀ ਪਛਾਣੀ ਜਾਂਦੀ ਹੈ। ਜਦੋਂ ਮੈਂ ਇਸ ਤਬਦੀਲੀ ਬਾਰੇ ਭਿੰਡਰਾਂ ਵਾਲੀ ਟਕਸਾਲ ਦੇ ਵਿਦਿਆਰਥੀ ਰਹੇ ਜਥੇਦਾਰ ਵੇਦਾਂਤੀ ਜੀ ਤੇ ਉਨ੍ਹਾਂ ਦੇ ਵਿਦਵਾਨ ਸਾਥੀਆਂ ਨਾਲ ਚਰਚਾ ਕੀਤੀ; ਤਾਂ ਉਨ੍ਹਾਂ ਦੱਸਿਆ ਕਿ ਇਹ ਤਬਦੀਲੀ ਟਕਸਾਲ ਦੇ 'ਚੌਕ ਮਹਿਤਾ' ਵਾਲੇ ਡੇਰੇ ਵੱਲੋਂ ਸ਼੍ਰੋਮਣੀ ਕਮੇਟੀ ਦੀ ਪ੍ਰੈੱਸ ਵਿਚਲੇ ਪਰੂਫ਼-ਰੀਡਰ 'ਗਿ. ਹਰਿਬੰਸ ਸਿੰਘ' ਰਾਹੀਂ ਕਰਵਾਈ ਹੈ। ਇਸ ਭਭੀਖਣ ਰੂਪ ਸੱਜਣ ਦੇ ਹੱਥੋਂ ਹੀ ਪਹਿਲਾਂ ਭਿੰਡਰਾਂਵਾਲੇ ਗਿ. ਕਰਤਾਰ ਸਿੰਘ ਸਿੰਘ ਜੀ ਨੇ ਪ੍ਰੈੱਸ ਵਿਚ ਬੈਠ ਕੇ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਸੰਨ ੧੯੫੨ ਵਾਲੀ ਬੀੜ ਵਿਖੇ ਮੰਗਲਾਂ ਅਤੇ 'ਗੁਰਬਾਣੀ ਪਾਠ ਦਰਸ਼ਨ' ਵਾਲੀ ਪੋਥੀ ਦੀਆਂ ਸੇਧਾਂ ਮੁਤਾਬਿਕ ਪਾਠਾਂ ਵਿਚ ਤਬਦੀਲੀ ਕਰਵਾਈ ਸੀ। ਇਸ ਲਈ ਜਲੰਧਰ ਵਾਲਾ ਪ੍ਰਕਾਸ਼ਕ ਭੁਲੇਖੇ ਵਿਚ ਇਹੀ ਸਮਝਦਾ ਰਿਹਾ ਕਿ ਐਸੀ ਸੁਧਾਈ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਈ ਜਾ ਰਹੀ ਹੈ, ਕਿਉਂਕਿ ਉਹ ਪਾਠ ਕਮੇਟੀ ਵੱਲੋਂ ਪ੍ਰਕਾਸ਼ਤ ਹੋ ਰਹੀ ਬੀੜ ਦੇ ਅਨੁਕੂਲ ਸਨ। ਸਾਡੇ ਖ਼ਿਆਲ ਮੁਤਾਬਿਕ ਅਸਲ ਵਿਚ ਇਹੀ ਕਾਰਣ ਹੈ ਕਿ ਪ੍ਰਕਾਸ਼ਕ, ਪ੍ਰੋ. ਸਾਹਿਬ ਜੀ ਦੇ ਹੱਥੀਂ ਲਿਖੇ ਸ਼ੁਧ ਪਾਠਾਂ ਨੂੰ ਅਸ਼ੁਧ ਰੂਪ ਵਿਚ ਹੀ ਛਾਪੀ ਜਾ ਰਿਹਾ ਹੈ।

ਹਕੀਕਤਨ, ਇਹੀ ਕਾਰਣ ਸਨ ਕਿ ਜਥੇਦਾਰ ਟੌਹੜਾ ਜੀ ਤਾਂ ਭਾਵੇਂ ਆਪਣੇ ਅੰਤਮ ਚਲਾਣੇ ੧ ਅਪ੍ਰੈਲ ਸੰਨ ੨੦੦੪ ਤਕ ਯਤਨਸ਼ੀਲ ਰਹੇ ਕਿ ਟਕਸਾਲ ਵਾਲੀ ਨੀਤੀ ਅਨੁਸਾਰ ਜਥੇਦਾਰ ਵੇਦਾਂਤੀ ਜੀ ਤੇ ਭਾਈ ਤਲਵਾੜਾ ਜੀ ਦੀ ਅਗਵਾਈ ਵਿਚ ਚੁੱਪ-ਚਪੀਤੇ ਤੇ ਸਹਿਜੇ ਸਹਿਜੇ ਐਡੀਸ਼ਨ ਵਾਰ ਪਾਠ-ਭੇਦ ਮਿਟਾਅ ਦਿੱਤੇ ਜਾਣ, ਪਰ ਉਪਰੋਕਤ ਦੋਵੇਂ ਸੱਜਣ (ਵੇਦਾਂਤੀ ਜੀ ਅਤੇ ਤਲਵਾੜਾ ਜੀ) ਬਜਿਦ ਰਹੇ ਕਿ ਪਾਵਨ ਬੀੜ ਦੀ ਸੁਧਾਈ, ਗੁਰਮਤੇ ਦੀ ਪੰਥਕ ਜੁਗਤਿ ਅਤੇ ਪਾਰਦਰਸ਼ੀ ਢੰਗ ਨਾਲ ਹੀ ਹੋਣੀ ਚਾਹੀਦੀ ਹੈ। ਸ਼ੋਧ, ਸੁਧਾਈ ਤੇ ਸ਼ੁਧ ਛਪਾਈ ਦੇ ਯਤਨਾਂ ਵਿਚ ਗੁਰਬਾਣੀ ਦੀ ਲਗਮਾਤ੍ਰੀ ਨਿਯਮਾਵਲੀ ਨੂੰ ਸ਼ੁਧਤਾ ਦੀ ਸਰਬੋਤਮ ਕਸਵੱਟੀ ਮੰਨਿਆ ਜਾਣਾ ਚਾਹੀਦਾ ਹੈ। ਪਰ, ਜਦੋਂ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਦੀ ਨੇਕ ਸਲਾਹ ਨੂੰ ਸਦਾ ਅਣਸੁਣਿਆ ਤੇ ਅਣਗੌਲਿਆ ਕੀਤਾ ਤਾਂ ਇਉਂ ਜਾਪਦਾ ਹੈ ਕਿ ਜਥੇਦਾਰ ਵੇਦਾਂਤੀ ਜੀ ਨੇ ਅੰਤ ਨੂੰ ਮਜ਼ਬੂਰੀ ਵੱਸ 'ਸਿੱਖ ਬੁੱਕ ਕਲੱਬ' ਅਮਰੀਕਾ ਵਾਲਾ ਬਿਖੜਾ ਰਾਹ ਚੁਣਿਆ, ਕਿਉਂਕਿ ਉਹ ਨਹੀਂ ਸੀ ਚਹੁੰਦੇ ਕਿ ਉਮਰਾਂ ਲਗਾ ਕੇ ਵਿਦਵਾਨਾਂ ਦੀ ਕੀਤੀ ਸਾਰੀ ਮਿਹਨਤ ਅਜਾਈਂ ਚਲੀ ਜਾਏ।

ਇਸ ਲਈ ਗਿਆਨੀ ਭਰਪੂਰ ਸਿੰਘ ਸਮੇਤ ਉਪਰੋਕਤ ਤਿੰਨਾਂ ਵਿਦਵਾਨਾਂ ਦੀ ਸੰਗਤ ਤੇ ਤਲਵਾੜਾ ਜੀ ਰਾਹੀਂ ਪ੍ਰਕਾਸ਼ਤ ਹੋਈਆਂ ਲਿਖਤਾਂ ਦੀ ਬਦੌਲਤ ਦਾਸ

ਨੇ ਗੁਰਬਾਣੀ ਦੀ ਸ਼ੋਧ, ਸੁਧਾਈ ਲਈ ਯਤਨਸ਼ੀਲ ਰਹਿੰਦਿਆਂ ਨਮੂੰਨੇ ਵਜੋਂ ਉਨ੍ਹਾਂ ੨੫੬ ਤੁਕਾਂ ਦੀ ਹੇਠਾਂ ਸੂਚੀ ਪੇਸ਼ ਕਰਨ ਦਾ ਯਤਨ ਕੀਤਾ ਹੈ, ਜਿਨ੍ਹਾਂ ਵਿਚਲੇ ਪਾਠ ਸ਼੍ਰੋਮਣੀ ਕਮੇਟੀ ਨੇ ਸੰਨ ੧੯੭੭ ਤੋਂ 2020 ਤਕ ਦੀਆਂ ਆਪਣੀਆਂ ਗੁਰਬਾਣੀ ਪ੍ਰਕਾਸ਼ਨਾਵਾਂ ਵਿਚ ਸਮੇਂ-ਸਮੇਂ ਖ਼ੁਦ ਸੋਧੇ ਹਨ। ਜਿਵੇਂ ਸ਼ਬਦਾਰਥ ਦੀ ਸੰਨ ੧੯੩੬ ਦੀ ਐਡੀਸ਼ਨ ਵਿਚ ਹੇਠਾਂ ਲਿਖੇ ਨੰ. ੧ ਵਾਲੀ ਤੁਕ ਵਿਖੇ ਪਾਠ ਸੀ 'ਸੁਆਲਿਹੁ', ਪਰ ਹੁਣ ਪਾਵਨ ਬੀੜ ਅਤੇ ਜੂਨ ੨੦੦੫ ਵਿਚ ਛਪੇ ਸ਼ਬਦਾਰਥ ਵਿਚ ਪਾਠ ਹੈ- 'ਸੁਆਲਿਉ'।

ਇਸ ਦਾ ਕਾਰਣ ਹੈ ਕਿ ਮਹਾਨ ਕੋਸ਼ ਮੁਤਾਬਿਕ 'ਸੁਆਲਿਉ' ਪਦ ਦੀ ਉਤਪਤੀ ਹੋਈ ਹੈ ਸੰਸਕ੍ਰਿਤ ਦੇ ਵਿਸ਼ੇਸ਼ਣ 'ਸੁ-ਆਲਯ' ਤੋਂ ਅਤੇ ਇਸ ਦਾ ਮੁੱਖ-ਅਰਥ ਹੈ- 'ਸੁੰਦਰਤਾ ਦਾ ਘਰ'। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਹੁਣ 'ਸੁਆਲ੍ਹਿਉ' ਪਦ ੨ ਵਾਰ; 'ਸੁਆਲਿਉ' ੫ ਵਾਰ; ਤੁਕ ਦੇ ਕਾਵਿਕ ਤੋਲ ਦੀ ਪੂਰਤੀ ਪੱਖੋਂ ਇੱਕ ਮਾਤ੍ਰਾ ਵਧਾਉਣ ਲਈ 'ਸੁਆਲਿਓ' ੧ ਵਾਰ ਅਤੇ 'ਸੁਆਲਿਹੁ' ਪਦ ਜਪੁ-ਜੀ ਦੀ ੧੬ਵੀਂ ਪਉੜੀ ਵਿਚ ਕੇਵਲ ੧ ਵਾਰ: "ਕੇਤਾ ਤਾਣੁ ਸੁਆਲਿਹੁ ਰੂਪੁ॥" ਜਨਮਸਾਖੀ ਅਤੇ 'ਨਾਨਕ ਪ੍ਰਕਾਸ਼ ਉੱਥੇਰਾਰਧ' ਦੇ ਅਧਿਆਇ ੧੧ ਵਿਚ ਜ਼ਿਕਰ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੀ ਨੇ 'ਮੁਨਾਫਕ' ਦੇਸ਼ (ਇਲਾਕੇ) ਦਾ ਨਾਂ 'ਸੁਆਲਿਉ' (=ਸੋਹਣਾ) ਰੱਖਿਆ।

ਭਾਈ ਵੀਰ ਸਿੰਘ ਜੀ ਵਾਲੇ 'ਗੁਰੂ ਗ੍ਰੰਥ ਕੋਸ਼' ਵਿਚ 'ਸੁਆਲਿਹੁ' ਪਦ ਨੂੰ ਅਰਥਾਂ ਦੀ ਸੂਚੀ ਵਿਚ ਦਰਜ ਹੀ ਨਹੀਂ ਕੀਤਾ। ਇਸ ਕੋਸ਼ ਵਿਚ ਲਿਖਿਆ ਹੈ ਕਿ 'ਸੁਆਲਿਉ' ਪਦ ਪੰਜਾਬੀ ਰੂਪ ਹੈ। ਭਾਵ, 'ਗੁਰੂ ਗ੍ਰੰਥ ਕੋਸ਼' ਮੁਤਾਬਿਕ ਵੀ ਗੁਰਬਾਣੀ ਵਿਚ ਪੰਜਾਬੀ ਰੂਪ 'ਸੁਆਲਿਉ' ਹੀ ਸ਼ੁਧ-ਪਾਠ ਮੰਨਿਆ ਹੈ। ਇਸ ਲਈ ਸਪਸ਼ਟ ਹੈ ਕਿ ਮੂਲਿਕ ਅਤੇ ਸ਼ੁਧ-ਪਦ 'ਸਿਆਲਉ' ਹੈ। ਇਸ ਲਈ ਸ਼੍ਰੋਮਣੀ ਕਮੇਟੀ ਨੇ ਖੋਜੀ ਵਿਦਵਾਨਾਂ ਦੀ ਸਲਾਹ ਮੰਨ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਛਪਾਈ ਦੀ ਭੁੱਲ ਸੁਧਾਰਦਿਆਂ 'ਸੁਆਲਿਹੁ' ਪਦ ਦੀ ਥਾਂ ਸ਼ੁਧ-ਪਦ 'ਸੁਆਲਿਉ' ਛਾਪ ਦਿੱਤਾ ਹੈ, ਪਰ ਜਪੁ-ਜੀ ਦੀ ੧੬ਵੀਂ ਪਉੜੀ ਵਿਚ ਇਹ ਭੁੱਲ ਅਜੇ ਵੀ ਕਾਇਮ ਹੈ।

{ਵੇਖੋ ਸ਼ਬਦਾਰਥ-ਐਡੀਸ਼ਨ ੧੯੩੬, ਪੰਨਾ ੧੫ ਦਾ ਚਿਤ੍ਰ ਨੰ. ੨/੪ ਅਤੇ ਸ਼ਬਦਾਰਥ-ਐਡੀਸ਼ਨ ਜੂਨ ੨੦੦੫ (ਪੰਨਾ ੧੫) ਦਾ ਚਿਤ੍ਰ ੨/੪ ੳ}

ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥
੩ ॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ
ਲੇਖਣਿ ਪਉਣੁ ਚਲਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ
ਨਾਉ ॥ ੪ ॥ ੨ ॥ ਸਿਰੀਰਾਗੁ ਮਹਲਾ ੧* ॥ ਲੇਖੈ[੪] ਬੋਲਣੁ ਬੋਲਣਾ ਲੇਖੈ
ਖਾਣਾ ਖਾਉ ॥ ਲੇਖੈ [੫]ਵਾਟ ਚਲਾਈਆ ਲੇਖੈ [੬]ਸੁਣਿ ਵੇਖਾਉ ॥ ਲੇਖੈ [੭]ਸਾਹ
ਲਵਾਈਅਹਿ [੯]ਪੜੇ ਕਿ ਪੁਛਣ ਜਾਉ ॥ ੧ ॥ ਬਾਬਾ ਮਾਇਆ ਰਚਨਾ ਧੋਹੁ[੮] ॥
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ[੧੦] ਨ ਓਹੁ[੧੧] ॥ ੧ ॥ ਰਹਾਉ ॥ [੧੨]ਜੀਵਣ
ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥ ਜਿਥੈ[੧੩] ਬਹਿ ਸਮਝਾਈਐ ਤਿਥੈ ਕੋਇ ਨ
ਚਲਿਓ ਨਾਲਿ ॥ ਰੋਵਣਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ[੧੪] ॥ ੨ ॥ ਸਭੁ
ਕੋ ਆਖੈ[੧੫] ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥ ਕੀਮਤਿ ਕਿਨੈ ਨ ਪਾਈਆ
ਕਹਣਿ[੧੬] ਨ ਵਡਾ ਹੋਇ ॥ ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ[੧੭] ॥੩॥
ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥ [੧੮]ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ
ਬਖਸੀਸ ॥ ੪ ॥ ੩ ॥ ਸਿਰੀਰਾਗੁ ਮਹਲਾ ੧ ॥ ਲਬੁ[੧੯] ਕੁਤਾ ਕੂੜੁ ਚੂਹੜਾ
[੨੦]ਠਗਿ ਖਾਧਾ ਮੁਰਦਾਰੁ ॥ [੨੧]ਪਰ ਨਿੰਦਾ ਪਰ ਮਲੁ[੨੨] ਮੁਖ ਸੁਧੀ[੨੩] ਅਗਨਿ ਕ੍ਰੋਧੁ
ਚੰਡਾਲੁ ॥ ਰਸ ਕਸ[੨੪] ਆਪੁ ਸਲਾਹਣਾ[੨੫] ਏ ਕਰਮ ਮੇਰੇ ਕਰਤਾਰ ॥ ੧ ॥ ਬਾਬਾ
[੨੬]ਬੋਲੀਐ ਪਤਿ ਹੋਇ ॥ ਊਤਮ ਸੇ ਦਰਿ[੨੭] ਊਤਮ ਕਹੀਅਹਿ ਨੀਚ ਕਰਮ ਬਹਿ
ਰੋਇ ॥ ੧ ॥ ਰਹਾਉ ॥ ਰਸੁ ਸੁਇਨਾ ਰਸੁ ਰੁਪਾ ਕਾਮਣਿ[੨੮] ਰਸੁ [੨੯]ਪਰਮਲ ਕੀ
ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ
[੩੦]ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ [੩੧]ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ
[੩੨]ਹੋਰਿ ਕਿ ਕਹਣ ਵਖਾਣ ॥ ੩ ॥ ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ
ਹਿਰਦੈ ਰਹਿਆ ਸਮਾਇ ॥ ਤਿਨ ਕਾ ਕਿਆ ਸਾਲਾਹਣਾ [੩੩]ਅਵਰ ਸੁਆਲਿਹੁ ਕਾਇ ॥
ਨਾਨਕ [੩੪]ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥੪॥੪॥ ਸਿਰੀਰਾਗੁ ਮਹਲਾ ੧ ॥
ਅਮਲੁ ਗਲੋਲਾ[੩੫] ਕੂੜ ਕਾ ਦਿਤਾ ਦੇਵਣਹਾਰਿ ॥ ਮਤੀ[੩੬] ਮਰਣੁ ਵਿਸਾਰਿਆ
ਖੁਸੀ ਕੀਤੀ ਦਿਨ ਚਾਰਿ ॥ ਸਚੁ ਮਿਲਿਆ ਤਿਨ ਸੋਫੀਆ[੩੭] ਰਾਖਣ ਕਉ ਦਰਵਾਰੁ ॥
੧ ॥ ਨਾਨਕ ਸਾਚੇ ਕਉ ਸਚੁ ਜਾਣੁ ॥ ਜਿਤੁ ਸੇਵਿਐ ਸੁਖੁ ਪਾਈਐ
ਤੇਰੀ ਦਰਗਹ ਚਲੈ ਮਾਣੁ ॥ ੧ ॥ ਰਹਾਉ ॥ †ਸਚੁ ਸਰਾ ਗੁੜ ਬਾਹਰਾ

ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੩ ॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ[੧] ॥ ਮਸੂ[੨] ਤੋਟਿ ਨ ਆਵਈ [੩]ਲੇਖਣਿ ਪਉਣੁ ਚਲਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੪ ॥ ੨ ॥ ਸਿਰੀਰਾਗੁ ਮਹਲਾ ੧* ॥ ਲੇਖੈ[੪] ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥ ਲੇਖੈ [੫]ਵਾਟ ਚਲਾਈਆ ਲੇਖੈ [੬]ਸੁਣਿ ਵੇਖਾਉ ॥ ਲੇਖੈ [੭]ਸਾਹ ਲਵਾਈਅਹਿ [੮]ਪੜੇ ਕਿ ਪੁਛਣ ਜਾਉ ॥ ੧ ॥ ਬਾਬਾ ਮਾਇਆ ਰਚਨਾ ਧੋਹੁ[੯] ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ[੧੦] ਨ ਓਹੁ[੧੧] ॥ ੧ ॥ ਰਹਾਉ ॥ [੧੨]ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥ ਜਿਥੈ[੧੩] ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥ ਰੋਵਣ ਵਾਲੇ ਜੇਤੜੇ ਸਭਿ ਬੰਨਹਿ [੧੪]ਪੰਡ ਪਰਾਲਿ ॥ ੨ ॥ ਸਭੁ ਕੋ ਆਖੈ[੧੫] ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥ ਕੀਮਤਿ ਕਿਨੈ ਨ ਪਾਈਆ ਕਹਣਿ[੧੬] ਨ ਵਡਾ ਹੋਇ ॥ ਸਾਚਾ ਸਾਹਬੁ ਏਕੁ ਤੂ ਹੋਰਿ [੧੭]ਜੀਆ ਕੇਤੇ ਲੋਅ ॥ ੩ ॥ ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ [੧੮]ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ ੪ ॥ ੩ ॥ ਸਿਰੀਰਾਗੁ ਮਹਲਾ ੧ ॥ ਲਬੁ[੧੯] ਕੁਤਾ ਕੂੜੁ ਚੂਹੜਾ [੨੦]ਠਗਿ ਖਾਧਾ ਮੁਰਦਾਰੁ ॥ [੨੧]ਪਰ ਨਿੰਦਾ ਪਰ ਮਲੁ[੨੨] ਮੁਖ ਸੁਧੀ[੨੩] ਅਗਨਿ ਕ੍ਰੋਧੁ ਚੰਡਾਲੁ ॥ [੨੪]ਰਸ ਕਸ [੨੫]ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥ ੧ ॥ ਬਾਬਾ [੨੬]ਬੋਲੀਐ ਪਤਿ ਹੋਇ ॥ ਊਤਮ ਸੇ ਦਰਿ[੨੭] ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥ ੧ ॥ ਰਹਾਉ ॥ ਰਸੁ ਸੁਇਨਾ ਰਸੁ ਰੁਪਾ ਕਾਮਣਿ[੨੮] ਰਸੁ [੨੯]ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ [੩੦]ਕੈ ਘਟਿ ਨਾਮ ਨਿਵਾਸੁ ॥ ੨ ॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ [੩੧]ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ [੩੨]ਹੋਰਿ ਕਿ ਕਹਣ ਵਖਾਣ ॥ ੩ ॥ ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥ ਤਿਨ ਕਾ ਕਿਆ ਸਾਲਾਹਣਾ [੩੩]ਅਵਰ ਸੁਆਲਿਉ ਕਾਇ ॥ ਨਾਨਕ [੩੪]ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥ ੪ ॥ ੪ ॥ ਸਿਰੀਰਾਗੁ ਮਹਲਾ ੧ ॥ ਅਮਲੁ ਗਲੋਲਾ[੩੫] ਕੂੜ ਕਾ ਦਿਤਾ ਦੇਵਣਹਾਰਿ ॥ ਮਤੀ[੩੬] ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥ ਸਚੁ ਮਿਲਿਆ ਤਿਨ ਸੋਫੀਆ[੩੭] ਰਾਖਣ ਕਉ ਦਰਵਾਰੁ ॥ ੧ ॥ ਨਾਨਕ ਸਾਚੇ ਕਉ ਸਚੁ ਜਾਣੁ ॥ ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥ ੧ ॥ ਰਹਾਉ ॥ †ਸਚੁ ਸਰਾ ਗੁੜ ਬਾਹਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਪੰਨਾ ੫੩੫ 'ਤੇ ਪਾਵਨ ਤੁਕ ਹੈ: "ਕਹ ਪੇਖਾਰਉ ਹਉ ਕਰਿ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ॥੧॥ {ਪੰਨਾ ੫੩੫}" ਪਰ, ਜਿਹੜੀ ਸੰਥਾ ਪੋਥੀ ਸੰਨ ੧੯੭੪ ਵਿਚ ਸ਼੍ਰੋਮਣੀ ਕਮੇਟੀ ਨੇ 'ਪਾਠ-ਭੇਦ ਸੂਚੀ' ਦੇ ਸੰਪਾਦਕਾਂ ਅਥਵਾ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੇ ਇੰਚਾਰਜ ਸ. ਰਣਧੀਰ ਸਿੰਘ ਦੀ ਅਗਵਾਈ ਹੇਠ ਸਥਾਪਤ ਖੋਜੀ ਸਬ-ਕਮੇਟੀ ਨੂੰ ਸਉਂਪੀ, ਤਾਂ ਕਿ ਉਹ ਸੰਥਾ-ਪੋਥੀਆਂ ਤੇ ਪੁਰਾਤਨ ਹੱਥ ਲਿਖਤੀ ਬੀੜਾਂ ਦਾ ਪਰਸਪਰ ਮੇਲਾਨ ਕਰਕੇ ਪਾਠ-ਭੇਦ ਪ੍ਰਗਟਾਉਣ, ਉਸ ਸੰਥਾ-ਪੋਥੀ ਵਿਚ ਪੰਨਾ ੫੩੫ ਵਾਲੀ ਉਪਰੋਕਤ ਤੁਕ ਵਿਚੋਂ **'ਕਹ ਪੇਖਾਰਉ ਹਉ ਕਰਿ'** ਤੁਕਾਂਸ਼, ਪ੍ਰੈੱਸ ਪਾਸੋਂ ਪੋਥੀ ਦੀ ਛਪਾਈ ਮੌਕੇ ਭੁੱਲ ਨਾਲ ਛੁੱਟ ਗਿਆ ਸੀ। ਹੋ ਸਕਦਾ ਹੈ ਕਿ ਛਾਪੇ ਵਾਲੀ ਪਾਵਨ-ਬੀੜ ਦੀ ਉਸ ਐਡੀਸ਼ਨ ਵਿਚੋਂ ਵੀ ਤੁਕ ਦਾ ਇਹ ਭਾਗ ਗ਼ਾਇਬ ਹੋਵੇ। ਪਰ, ਜਦੋਂ ੧੯੭੭ ਵਿਚ ਖੋਜੀ ਸਬ-ਕਮੇਟੀ ਨੇ ਪਾਠ-ਭੇਦ ਸੂਚੀ ਦੇ ਰੂਪ ਵਿਚ ਸ਼੍ਰੋਮਣੀ ਕਮੇਟੀ ਨੂੰ ਆਪਣੀ ਅੰਤ੍ਰਿਮ ਰਿਪੋਰਟ ਪੇਸ਼ ਕੀਤੀ ਤਾਂ ਕਮੇਟੀ ਨੇ ਉਪਰੋਕਤ ਅਧੂਰੀ ਤੁਕ ਨੂੰ ਪੂਰਾ ਕੀਤਾ।

ਸ਼੍ਰੋਮਣੀ ਕਮੇਟੀ ਦੁਆਰਾ ਕੀਤੀ ਜਾ ਰਹੀ ਐਸੀ ਸੁਧਾਈ ਪ੍ਰਤੀ ਹਥਲੀ ਪੁਸਤਕ ਦੇ ਪਾਠਕਾਂ ਨੂੰ ਜਾਣੂ ਕਰਵਾਉਣ ਹਿਤ ਹੇਠ ਲਿਖੀ ਵਿਧੀ ਅਪਨਾਈ ਹੈ। ਇਸ ਸੂਚੀ ਵਿਚ ਪਛਾਣ ਲਈ (ਸੁਆਲਿਉ) ਪਾਠ ਵਾਂਗ ਸੋਧੇ ਪਦਾਂ ਨੂੰ ਸੱਜੇ ਪਾਸੇ ਗੋਲ-ਬ੍ਰੈਕਟਾਂ ਵਿਚ ਬੰਦ ਕਰ ਦਿੱਤਾ ਗਿਆ ਹੈ ਅਤੇ ਉਸ ਤੋਂ ਪਹਿਲਾਂ (ਖੱਬੇ ਪਾਸੇ) ਛਪਦਾ ਰਿਹਾ ਗ਼ਲਤ ਲਫ਼ਜ਼ ਦਿੱਤਾ ਗਿਆ ਹੈ, ਜਿਵੇਂ 'ਸੁਆਲਿਹੁ' । ਹਰੇਕ ਤੁਕ ਦੀਆਂ ਦੂਹਰੀਆਂ ਡੰਡੀਆਂ (॥) ਵਾਲੇ ਫੁੱਲ-ਸਟਾਪ ਚਿੰਨ ਤੋਂ ਪਿੱਛੋਂ ਖੜਵੀਆਂ ਬ੍ਰੈਕਟਾਂ ਵਿਚ ਮੌਜੂਦਾ ਪਾਵਨ-ਬੀੜ ਦਾ ਪੰਨਾ ਲਿਖਿਆ ਗਿਆ ਹੈ। ਇਸ ਦਾ ਭਾਵ ਹੈ ਕਿ ਹੇਠਲੀ ਸੂਚੀ ਵਿਖੇ ਤੁਕ ਨੰ. ੩ ਵਿਚ ਅਸ਼ੁਧ-ਪਾਠ 'ਸੁਆਲਿਹੁ' ਨੂੰ ਸੋਧ ਕੇ ਹੁਣ ਗੋਲ-ਬ੍ਰੈਕਟਾਂ ਵਾਲਾ ਸ਼ੁਧ-ਪਾਠ (ਸੁਆਲਿਉ) ਛਾਪਿਆ ਜਾ ਰਿਹਾ ਹੈ। ਇਹ ਤੁਕ ਸ਼੍ਰੋਮਣੀ ਕਮੇਟੀ ਵਾਲੀ ਛਾਪੇ ਦੀ ਬੀੜ ਵਿਚ ਪੰਨਾ ੧੫ 'ਤੇ ਪੜ੍ਹੀ ਜਾ ਸਕਦੀ ਹੈ। ਇਸੇ ਤਰ੍ਹਾਂ ਤੁਕ ਨੰ. ੮੩ ਵਿਖੇ ਗੋਲ-ਬ੍ਰੈਕਟਾਂ ਵਾਲਾ (ਕਹ ਪੇਖਾਰਉ ਹਉ ਕਰਿ) ਛਪਾਈ ਮੌਕੇ ਛੁੱਟਿਆ ਪਾਠ ਛਾਪ ਕੇ ਹੁਣ ਤੁਕ ਦਾ ਅਧੂਰਾਪਨ ਦੂਰ ਕੀਤਾ ਗਿਆ ਹੈ । ਐਸੇ ਪਾਠਾਂ ਦੀ ਨਿਸ਼ਾਨੀ ਹੈ ਕਿ ਗੋਲ ਬ੍ਰੈਕਟ ਦੇ ਖੱਬੇ ਪਾਸੇ ਉਸ ਲਫ਼ਜ਼ ਦਾ ਕੋਈ ਦੁਹਰਾਉ ਨਹੀਂ ਹੈ :

੧. ਜੇ ਕੋ ਕਥੈ ਤ ਅੰਤ ਨ ਅੰਤ (ਅੰਤੁ ਨ ਅੰਤੁ)॥

{ਪੰਨਾ ੮}

੨. ਜਤੁ ਪਹਾਰਾ (ਪਾਹਾਰਾ) ਧੀਰਜੁ ਸੁਨਿਆਰੁ॥

{ਪੰਨਾ ੮}

੩. ਤਿਨ ਕਾ ਕਿਆ ਸਾਲਾਹਣਾ
ਅਵਰ ਸੁਆਲਿਹੁ (ਸੁਆਲਿਉ) ਕਾਇ॥

{ਪੰਨਾ ੧੫}

੪. ਤਿਸੁ ਵਿਣੁ ਸਭੁ ਅਪਵਿਤ੍ਰੁ ਹੈ
ਜੇਤਾ ਪੈਨਣ (ਪੈਨਣੁ) ਖਾਣੁ॥

{ਪੰਨਾ ੧੬}

੫. ਛਤੀਹ ਅੰਮ੍ਰਿਤੁ (ਅੰਮ੍ਰਿਤ) ਭਾਉ ਏਕੁ...॥

{ਪੰਨਾ ੧੬}

੬. ਬਿਨੁ ਗੁਣ ਕਾਮਿ ਨ ਆਵਹੀ (ਆਵਈ)...॥

{ਪੰਨਾ ੨੦}

੭. ਜਿੰਨਾ ਸਤਗੁਰੁ (ਸਤਿਗੁਰੁ) ਰਸਿ ਮਿਲੈ...॥

{ਪੰਨਾ ੨੨}

੮. ਹੰਭੀ (ਹੰ ਭੀ) ਵੰਞਾ ਡੁਮਣੀ ਰੋਵਾ ਝੀਣੀ ਬਾਣਿ॥

{ਪੰਨਾ ੨੩}

੯. ਨਾਨਕ ਨਦਰੀ ਪਾਈਐ
ਸਚੁ ਨਾਮੁ ਗੁਣਤਾਸ (ਗੁਣਤਾਸੁ)॥

{ਪੰਨਾ ੨੬}

੧੦. ਜਿਸੁ ਅੰਦਰਿ ਨਾਮੁ (ਨਾਮ) ਪ੍ਰਗਾਸੁ ਹੈ...॥

{ਪੰਨਾ ੨੭}

੧੧. ਨਾਨਕੁ (ਨਾਨਕ) ਗੁਰਮੁਖਿ ਨਾਮੁ ਧਿਆਈਐ...॥

{ਪੰਨਾ ੩੧}

੧੨. ਆਵਿ (ਆਵ) ਘਟੈ ਨਰੁ ਨਾ ਬੁਝੈ...॥

{ਪੰਨਾ ੪੧}

੧੩. ਗੁਰ ਕੀ ਮਹਿਮਾ ਅਗਮ ਹੈ
ਕਿਆ ਕਥੈ (ਕਥੇ) ਕਥਨਹਾਰੁ॥

{ਪੰਨਾ ੫੨}

੧੪. ਗੁਰਮਤਿ ਸਾਚਾ ਮਨਿ ਵਸੈ
ਨਾਮੁ ਭਲੋ ਪਤਿ ਸਾਖ (ਸਾਖੁ)॥

{ਪੰਨਾ ੬੧}

੧੫. ਅਨਦਿਨੁ ਗੁਣੁ (ਗੁਣ) ਗਾਵਹਿ ਸਦ ਨਿਰਮਲ...॥

{ਪੰਨਾ ੬੯}

੧੬. ਸਤਿਗੁਰ ਤੁਠੇ (ਤੁਠੈ) ਪਾਇਆ ਨਾਨਕ ਸਚਾ ਨਾਉ॥

{ਪੰਨਾ ੭੨}

੧੭. ੧ਓ ਸਤਿਗੁਰ ਪ੍ਰਸਾਦਿ॥ ਸਿਰੀਰਾਗੁ ਪਹਰੇ ਮਹਲਾ ੧ ਘਰੁ ੧॥
(ਸਿਰੀਰਾਗੁ ਮਹਲਾ ੧ ਪਹਰੇ ਘਰੁ ੧॥)

{ਪੰਨਾ ੭੪}

੧੮. ਮਨ ਪਿਆਰਿਆ ਜੀ (ਜੀਉ) ਮਿਤ੍ਰਾ...॥

{ਪੰਨਾ ੭੯}

੧੯. ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇ (ਕੇਇ)॥

{ਪੰਨਾ ੮੨}

੨੦. ਸ੍ਰੀਰਾਗੁ (ਸਿਰੀਰਾਗੁ) ਭਗਤ ਰਵਿਦਾਸੁ ਜੀਉ ਕਾ॥

{ਪੰਨਾ ੯੩}

੨੧. ਐਥੇ (ਐਥੈ) ਸਾਚੇ ਸੁ ਆਗੈ ਸਾਚੇ॥

{ਪੰਨਾ ੧੧੬}

੨੨. ਆਪ (ਆਪਿ) ਕਰੇ ਤਾ ਹੁਕਮਿ ਪਛਾਣੈ॥

{ਪੰਨਾ ੧੧੮}

੨੩. ਹਲਤੁ ਪਲਤੁ ਦੋਵੈ ਗਾਵਾਏ (ਗਵਾਏ)...॥

{ਪੰਨਾ ੧੨੯}

੨੪. ਮਾਹ ਦਿਵਸ ਮੂਰਤ ਭਲੇ ਜਿਨ (ਜਿਸ) ਕਉ ਨਦਰਿ ਕਰੇ॥

{ਪੰਨਾ ੧੩੬}

੨੫. ਹਰਿ ਓਟ ਗਹੀ ਮਨ ਅੰਤਰੈ (ਅੰਦਰੇ)...॥

{ਪੰਨਾ ੧੩੭}

੨੬. ਜਿਉ ਤੂ (ਤੂੰ) ਰਾਖਹਿ ਤਿਉ ਰਹਾ...॥

{ਪੰਨਾ ੧੩੭}

੨੭. ਜਾ ਤੁਧੁ ਭਾਵੈ ਤਾਂ ਕਰਹਿ ਬਿਭੂਤਾ
ਸਿੰਗੀ (ਸਿੰਙੀ) ਨਾਦੁ ਵਜਾਵਹਿ॥

{ਪੰਨਾ ੧੪੫}

੨੮. ਪਉੜੀ॥ ਜਾ ਤੂੰ ਤਾ ਕਿਅ (ਕਿਆ) ਹੋਰਿ...॥

{ਪੰਨਾ ੧੪੬}

੨੯. ਮਾਊ ਪੀਊ ਕਿਰਤੁ (ਕਿਰਤਿ) ਗਵਾਇਨਿ...॥

{ਪੰਨਾ ੧੪੯}

੩੦. ਅਵਰੁ ਨ ਕਹਣੈ (ਕਰਣੈ) ਵਾਲਾ ਦੂਆ॥

{ਪੰਨਾ ੧੫੪}

੩੧. ਤਿਤੁ ਘਰਿ ਗਾਵਹੁ ਸੋਹੇਲਾ (ਸੋਹਿਲਾ)...॥

{ਪੰਨਾ ੧੫੭}

੩੨. ਬਿਖੁ ਸੰਚੈ ਹਟਵਾਣੀਆ ਬਹੁ (ਬਹਿ) ਹਾਟਿ ਕਮਾਇ॥

{ਪੰਨਾ ੧੬੬}

੩੩. ਸਤਿਸੰਗਤਿ ਮਿਲਿ (ਰਾਮ) ਰਾਮੁ ਰਸੁ ਪਾਇਆ...॥

{ਪੰਨਾ ੧੬੯}

੩੪. ਰਾਮ ਤੁਮ ਆਪੇ ਆਪਿ ਆਪਿ ਪ੍ਰਭ ਠਾਕੁਰ
ਤੁਮ ਜੇਵਡੁ ਅਵਰ (ਅਵਰੁ) ਨ ਦਾਤੇ॥

{ਪੰਨਾ ੧੬੯}

੩੫. ਕਵਨ (ਕਵਨੁ) ਸੁ ਨਾਮੁ ਹਉਮੈ ਮਲੁ ਖੋਇ॥

{ਪੰਨਾ ੧੮੭}

੩੬. ਜੀਅ ਰੇ (ਜੀਅਰੇ) ਓਲ੍ਹਾ ਨਾਮ ਕਾ॥

{ਪੰਨਾ ੨੧੧}

੩੭. ਸਭਹੂ (ਸਭ ਹੂ) ਕੋ ਰਸੁ ਹਰਿ ਹੋ॥

{ਪੰਨਾ ੨੧੧}

੩੮. ਮੁਕਤੁ ਭਇਆ ਬੰਧਨ ਗੁਰਿ ਖੋਲੇ
ਜਨ ਨਾਨਕ ਹਰਿ ਗੁਣੁ (ਗੁਣ) ਗਾਏ॥

{ਪੰਨਾ ੨੧੩}

੩੯. ਊਹਾ ਕਾਮਿ ਨ ਆਵੈ ਇਹ ਬਿਧਿ
ਓਹੁ ਲੋਗ ਨਹੀ (ਲੋਗਨ ਹੀ) ਪਤੀਆਵੈ॥

{ਪੰਨਾ ੨੧੬}

੪੦. ਇਹੁ ਅਜਰੁ ਨਾਨਕ ਸੁਖ (ਸੁਖੁ) ਸਹੀਐ ਜੀਉ॥

{ਪੰਨਾ ੨੧੭}

੪੧. ਕਾਮ (ਕਾਮੁ) ਕ੍ਰੋਧੁ ਸੰਗਤਿ ਦੁਰਜਨ ਕੀ...॥

{ਪੰਨਾ ੨੧੯}

੪੨. ਜੋਗੀ ਜਤਨ ਕਰਤ ਸਭ (ਸਭਿ) ਹਾਰੇ...॥

{ਪੰਨਾ ੨੧੯}

੪੩. ਸਤਿਗੁਰ ਤੇ ਜੋ ਮੁਹ ਫੇਰਹਿ
ਤੇ ਵੇਮੁਖੁ (ਵੇਮੁਖ) ਬੁਰੇ ਦਿਸੰਨਿ॥

{ਪੰਨਾ ੨੩੩}

੪੪. ਕਹੁ ਰੇ ਪੰਡਿਤ ਬਾਮ੍ਹਨ ਕਬ ਕੇ ਹੁਏ (ਹੋਏ)॥

{ਪੰਨਾ ੩੨੪}

੪੫. ਗੁਣ ਗਾਇ ਮੰਗਲ (ਮੰਗਲੁ) ਪ੍ਰੇਮਿ ਰਹਸੀ...॥

{ਪੰਨਾ ੨੪੨}

੪੬. ਨਾਨਕ (ਭਰਮ) ਭ੍ਰਮੁ ਭਉ ਕਾਟੀਐ...॥

{ਪੰਨਾ ੨੫੬}

੪੭. ਅਖਰ ਸਾਸਤ੍ਰ ਸਿਮ੍ਰਿਤ (ਸਿੰਮ੍ਰਿਤਿ) ਪੁਰਾਨਾ॥

{ਪੰਨਾ ੨੬੧}

੪੮. ਆਸਾ (ਮਹਲਾ) ੫॥ ਜੈਸੇ ਕਿਰਸਾਣੁ...॥

{ਪੰਨਾ ੩੭੫}

੪੯. ਨਾਮ ਸੰਗ (ਸੰਗਿ) ਜਿਸ ਕਾ ਮਨੁ ਮਾਨਿਆ॥

{ਪੰਨਾ ੨੮੧}

੫੦. ਹਰਿ ਸੇਵਾ ਬਿਨੁ ਏਹਿ ਫਲ ਲਾਗੈ (ਲਾਗੇ)॥

{ਪੰਨਾ ੨੯੮}

੫੧. ਜਉ (ਜੋ) ਚਿਤੁ ਲਾਇ ਪੂਜੇ ਗੁਰ ਮੂਰਤਿ...॥

{ਪੰਨਾ ੩੦੩}

੫੨. ਜੋਰਾ ਪੁਰਖੁ (ਪੁਰਖ) ਸਭਿ ਆਪਿ ਉਪਾਇਅਨੁ...॥

{ਪੰਨਾ ੩੦੪}

੫੩. ਹਰਿ ਕੈ ਦਰਿ ਵਰਤਿਆ ਸੁ ਨਾਨਕ (ਨਾਨਕਿ) ਆਖਿ ਸੁਣਾਇਆ॥

{ਪੰਨਾ ੩੧੬}

੫੪. ਹਰਿ ਕੀਰਤਨੁ ਭਗਤ ਨਿਤ ਗਾਂਵਦੇ
ਹਰਿ ਨਾਮ (ਨਾਮੁ) ਸੁਖਦਾਈ॥

{ਪੰਨਾ ੩੧੬}

੫੫. ਜਨੁ ਨਾਨਕ (ਨਾਨਕੁ) ਦੇਖਿ ਵਿਗਸਿਆ...॥

{ਪੰਨਾ ੩੧੬}

੫੬. ਭਗਤ ਜਨਾ (ਜਨਾਂ) ਕਾ ਰਾਖਾ ਹਰਿ ਆਪਿ ਹੈ...॥

{ਪੰਨਾ ੩੧੬}

੫੭. ਮਾਧੋ (ਮਾਧਉ) ਜਲ ਕੀ ਪਿਆਸ ਨ ਜਾਇ॥

{ਪੰਨਾ ੩੨੩}

੫੮. ਕਹੁ ਰੇ ਪੰਡਿਤ ਬਾਮ੍ਹਨ ਕਬ ਕੇ ਹੁਏ (ਹੋਏ)॥

{ਪੰਨਾ ੩੨੪}

੫੯. ਕੇਵਲ ਰਾਮ ਭਗਤ (ਭਗਤਿ) ਨਿਜ ਭਾਗੀ॥

{ਪੰਨਾ ੩੨੭}

੬੦. ਦੁਚਿਤੇ ਕੀ ਦੁਇ ਥੂਨਿ ਗਿਰਾਨੀ
ਮੋਹ ਬੰਲੇਡਾ (ਬਲੇਡਾ) ਟੂਟਾ॥

{ਪੰਨਾ ੩੩੧}

੬੧. ਠਠਾ ਇਹੈ ਦੂਰਿ ਠਗ ਨੀਰਾ (ਠਗਨੀਰਾ)॥

{ਪੰਨਾ ੩੪੦}

੬੨. ਮੋ ਕੌ (ਕਉ) ਕੋਊ ਨ ਕਹੈ ਸਮਝਾਇ॥

{ਪੰਨਾ ੩੪੬}

੬੩. ਆਸਾ (ਮਹਲਾ) ੫॥ ਜੈਸੇ ਕਿਰਸਾਣੁ...॥

{ਪੰਨਾ ੩੭੫}

੬੪. ਜਾ ਕੈ ਗ੍ਰਿਹ (ਗ੍ਰਿਹਿ) ਸਭੁ ਕਿਛੁ ਹੈ ਪੂਰਨੁ...॥

{ਪੰਨਾ ੩੮੯}

੬੫. ਹਾਥ (ਹਾਥਿ) ਚੜਿਓ ਹਰਿ ਸਾਲਗਿਰਾਮੁ॥

{ਪੰਨਾ ੩੯੩}

੬੬. ਜਉ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਤਉ ਗੁਰ ਮਿਲਿ ਸਭ (ਸਭਿ) ਸੁਖ ਲਾਧੇ॥

{ਪੰਨਾ ੪੦੩}

੬੭. ਬਹੁ ਗੁਨਿ ਧੁਨਿ ਮੁਨਿ ਜਨ ਖਟ (ਖਟੁ) ਬੇਤੇ...॥

{ਪੰਨਾ ੪੦੪}

੬੮. ਸਿਫਤ (ਸਿਫਤਿ) ਸਹਜ ਘਰਿ ਗੁਰੁ ਕਰਤਾਰੁ॥

{ਪੰਨਾ ੪੧੩}

੬੯. ਜਿਨ ਇਕਮਨਿ ਧਿਆਇਆ ਤਿਨ ਸੁਖੁ ਪਾਇਆ
ਤੇ ਵਿਰਲੇ ਸੰਸਾਰਿ ਜੀ (ਜੀਉ)॥

{ਪੰਨਾ ੪੩੮}

੭੦. ਵਣਜਾਰੇ ਇਕਿ ਭਾਤੀ ਆਵਹਿ
ਲਾਹਾ ਹਰਿ ਰਾਮੁ (ਨਾਮੁ) ਲੈ ਜਾਹੇ॥

{ਪੰਨਾ ੪੪੨}

੭੧. ਜਿਸ ਨੋ ਨਦਰਿ ਕਰਿਹਿ (ਕਰਹਿ) ਤੂੰ ਅਪਣੀ...॥

{ਪੰਨਾ ੪੫੧}

੭੨. ਥਿਰੁ ਸਾਧੂ ਸਰਣੀ ਪੜੀਐ ਚਰਣੀ
ਅਬ ਟੂਟਸਿ ਮੋਹ (ਮੋਹੁ) ਜੁ ਕਿਤੀਐ॥

{ਪੰਨਾ ੪੫੫}

੭੩. ਸਲੋਕੁ (ਮ: ੧)॥ ਨਾਨਕ ਫਿਕੈ ਬੋਲਿਐ...॥

{ਪੰਨਾ ੪੭੩}

੭੪. ਮਹਲਾ ੧ (ਮਹਲਾ ੨)॥ ਜੋ ਜੀਇ ਹੋਇ...॥

{ਪੰਨਾ ੪੭੪}

੭੫. ਦਇਆ ਫਾਹੁਰੀ ਕਾਇਆ ਕਰਿ ਧੂਰੀ (ਧੂਈ)...॥

{ਪੰਨਾ ੪੭੭}

੭੬. ਸੂਪਨੀ ਸੂਪਨੀ ਕਿਆ ਕਹਉ ਕਹੋ (ਕਹਹੁ) ਭਾਈ॥

{ਪੰਨਾ ੪੮੦}

੭੭. ਗੋਬਿੰਦ ਗੋਬਿਦ (ਗੋਬਿੰਦ) ਗੋਬਿੰਦ ਸੰਗਿ...॥

{ਪੰਨਾ ੪੮੭}

੭੮. ਸਲੋਕੁ (ਮ: ੩)॥ ਸੋ ਜਪੁ ਸੋ ਤਪੁ...॥

{ਪੰਨਾ ੫੦੯}

੭੯. (ਮ: ੩)॥ ਨਾਨਕ ਮੁਕਤਿ ਦੁਆਰਾ...॥

{ਪੰਨਾ ੫੦੯}

੮੦. (ਮ: ੫)॥ ਸਿਮਰਤ ਸਿਮਰਤ ਪ੍ਰਭੁ ਆਪਣਾ ...॥

{ਪੰਨਾ ੫੧੯}

੮੧. ਸਲੋਕੁ (ਮ:੫)॥ ਵਿਛੋਹੇ ਜੰਬੂਰ ਖਵੇ...॥

{ਪੰਨਾ ੫੨੦}

੮੨. ਕਰਤ ਫਿਰੇ ਬਨ ਭੇਖ ਮੋਹਨ ਰਹਤ ਨਿਰਾਰੇ (ਨਿਰਾਰ)॥

{ਪੰਨਾ ੫੩੪}

੮੩. (ਕਹ ਪੇਖਾਰਉ ਹਉ ਕਰਿ) ਚਤੁਰਾਈ...॥

{ਪੰਨਾ ੫੩੫}

੮੪. ਮੇਰੋ ਮੇਰੋ (ਮੇਰਉ ਮੇਰਉ) ਸਭੈ ਕਹਤ ਹੈ...॥

{ਪੰਨਾ ੫੩੬}

੮੫. ਬਿਨਵੰਤਿ ਨਾਨਕੁ ਵਡਭਾਗਿ ਪਾਈਅਹਿ...॥

{ਪੰਨਾ ੫੪੩}

੮੬. ਸਤਿਗੁਰ (ਸਤਿਗੁਰਿ) ਦੀਆ ਮੋ ਕਉ...॥

{ਪੰਨਾ ੫੫੮}

੮੭. ਪ੍ਰਭ ਦੂਖ ਦਰਦ ਭ੍ਰਮ ਰਹਤਾ (ਹਰਤਾ) ਰਾਮ॥

{ਪੰਨਾ ੫੭੮}

੮੮. ਰਾਗੁ (ਵਡਹੰਸੁ) ਮਹਲਾ ੧ ਘਰੁ ੫ ਅਲਾਹਣੀਆ॥
ਧੰਨੁ ਸਿਰੰਦਾ...॥

{ਪੰਨਾ ੫੭੮}

੮੯. ਜਨਮ ਮਰਨ ਕਉ ਇਹੁ ਜਗੁ ਬਪੁੜੋ...॥

{ਪੰਨਾ ੫੯੮}

੯੦. ਅਪੁਨਾ ਹੋਇਓ ਗੁਰੁ ਮਿਹਰਵਾਨ (ਮਿਹਰਵਾਨਾ)॥

{ਪੰਨਾ ੬੨੧}

੯੧. ਸਾਚੁ ਛਾਡਿ ਕੈ ਝੂਠਹਿ ਲਾਗਓ (ਲਾਗਿਓ)...॥

{ਪੰਨਾ ੬੩੩}

੯੨. ਇਕਿ ਦਝਹਿ ਇਕ (ਇਕਿ) ਦਬੀਅਹਿ...॥

{ਪੰਨਾ ੬੪੮}

੯੩. ਹ੍ਰਿਦੈ (ਹਿਰਦੈ) ਕਪਟੁ ਮੁਖ ਗਿਆਨੀ॥

{ਪੰਨਾ ੬੫੬}

੯੪. ਸੇਵੀ ਸਾਹਿਬੁ ਆਪਣਾ ਅਵਰੁ ਨਾ (ਨ) ਜਾਚਉਂ ਕੋਇ॥

{ਪੰਨਾ ੬੬੦}

੯੫. ਧਨਾਸਰੀ (ਮਹਲਾ ੧)॥ ਨਦਰਿ ਕਰੇ ਤਾ...॥

{ਪੰਨਾ ੬੬੧}

੯੬. ਤਿਸੁ ਬਿਨੁ ਦੂਆ (ਦੂਜਾ) ਅਵਰੁ ਨ ਕੋਇ॥

{ਪੰਨਾ ੬੬੬}

੯੭. (ਧਨਾਸਰੀ ਮਹਲਾ ੫)॥ ਬੰਧਨ ਤੇ ਛੁਟਕਾਵੈ...॥

{ਪੰਨਾ ੬੭੪}

੯੮. ਪਰ ਨਿੰਦਾ ਉਸਤਤਿ ਨਹ ਜਾ ਕੈ
ਕੰਚਨੁ ਲੋਹ (ਲੋਹੁ) ਸਮਾਨੋ॥

{ਪੰਨਾ ੬੮੫}

੯੯. ਨਾਮੁ ਜਪੈ ਭਾਉ ਭੋਜਨ (ਭੋਜਨੁ) ਖਾਇ॥

{ਪੰਨਾ ੬੮੬}

੧੦੦. ਧਨਾਸਰੀ ਮਹਲ (ਮਹਲਾ) ੫ ਅਸਟਪਦੀ ਘਰੁ ੬ ॥
ਜੋ ਜੋ ਜੂਨੀ ਆਇਓ...॥

{ਪੰਨਾ ੬੮੬}

੧੦੧. ਧਨਾਸਰੀ ਮਹਲਾ ੫ (ਛੰਤ)॥ ਸਤਿਗੁਰ ਦੀਨ ਦਇਆਲ...॥

{ਪੰਨਾ ੬੯੧}

੧੦੨. ਹਮਰੈ ਮਨਿ ਧਨ (ਧਨੁ) ਰਾਮ ਕੋ ਨਾਮਾ॥

{ਪੰਨਾ ੬੯੨}

੧੦੩. ਰਾਮਨਾਮ (ਰਾਮ ਨਾਮ) ਰਖ ਮਨੁ ਮਾਹੀ ॥

{ਪੰਨਾ ੬੯੨}

੧੦੪. ਮਾਰਕੰਡ (ਮਾਰਕੰਡੇ) ਤੇ ਕੋ ਅਧਿਕਾਈ...॥

{ਪੰਨਾ ੬੯੨}

੧੦੫. ਇਹੇ (ਇਹ) ਸੰਸਾਰ ਤੇ ਤਬ ਹੀ ਛੂਟਉ...॥

{ਪੰਨਾ ੬੯੩}

੧੦੬. ਪ੍ਰਭ ਸਉ (ਸਿਉ) ਮਨੁ ਲੀਨਾ ਜਿਉ ਜਲ ਮੀਨਾ...॥

{ਪੰਨਾ ੭੦੩}

੧੦੭. ਮਹਾ ਮੰਗਲੁ ਰਹਸ (ਰਹਸੁ) ਥੀਆ...॥

{ਪੰਨਾ ੭੦੪}

੧੦੮. ਮੈ ਦੇਵਾਨਾ ਭਇਆਤੀਤ (ਭਇਆ ਅਤੀਤੁ)॥

{ਪੰਨਾ ੭੨੧}

੧੦੯. ਅਵਰਿ ਨਿਰਾਫਲ ਕਾਮਾ॥੧॥ (ਰਹਾਉ)॥

{ਪੰਨਾ ੭੨੮}

੧੧੦. ਕਹਦੇ ਕਹੇ (ਕਹਹਿ) ਕਹੇ ਕਹਿ ਜਾਵਹਿ ...॥

{ਪੰਨਾ ੭੨੮}

੧੧੧. ਜਪ ਤਪੁ (ਤਪ) ਸੰਜਮ ਵਰਤ ਕਰੇ ਪੂਜਾ ...॥

{ਪੰਨਾ ੭੩੨}

੧੧੨. ਮੇਰਾ ਦੁਖੁ ਸੁਖੁ ਤੁਝ ਹੀ ਪਾਸੇ (ਪਾਸਿ)॥

{ਪੰਨਾ ੭੩੫}

੧੧੩. (ਕੋਈ) ਐਸਾ ਗੁਰਮੁਖਿ ਜੇ ਮਿਲੈ...॥

{ਪੰਨਾ ੭੫੮}

੧੧੪. ਵਿਣੁ ਨਾਮ ਹਰਿ ਕੇ ਕਛੁ ਨ ਸੂਝੈ
ਅੰਧੁ ਬੁਡੋ (ਬੂਡੌ) ਧੰਧਲੀ॥

{ਪੰਨਾ ੭੬੭}

੧੧੫. (ਸਲੋਕ) ਮ: ੧॥ ਸਤਿਗੁਰ ਭੀਖਿਆ ਦੇਹਿ ਮੈ...॥

{ਪੰਨਾ ੭੯੦}

੧੧੬. ਨਾਨਕ ਸੋ ਸਾਲਾਹੀਐ
ਜਿ ਸਭ ਸੈ ਦੇ (ਸਭਸੈ ਦੇਇ) ਆਧਾਰੁ॥

{ਪੰਨਾ ੭੯੧}

੧੧੭. ਜੋ ਜਨ ਜਾਨਿ ਭਜਹਿ ਅਬਿਗਤ ਭਉ (ਕਉ) ...॥

{ਪੰਨਾ ੭੯੩}

੧੧੮. ਸੂਹੀ ਕਬੀਰ ਜੀਉ ਲਲਿਤ॥ (ਸੂਹੀ ਲਲਿਤ ਕਬੀਰ ਜੀਉ)॥
ਏਕੁ ਕੋਟੁ...॥

{ਪੰਨਾ ੭੯੩}

੧੧੯. ਧਰਮ ਰਾਇ (ਧਰਮਰਾਇ) ਕੀ ਕਾਨਿ ਚੁਕਾਈ...॥

{ਪੰ. ੭੯੯}

੧੨੦. ਪਤਿਤ ਪਾਵਨੁ (ਪਤਿਤਪਾਵਨੁ) ਪ੍ਰਭ
ਬਿਰਦੁ ਬੇਦਿ ਲੇਖਿਆ॥

{ਪੰਨਾ ੮੦੫}

੧੨੧. ਕਰਿ ਕਿਰਪਾ ਮੋਹ (ਮੋਹਿ) ਨਾਮੁ ਦੇਹੁ...॥

{ਪੰਨਾ ੮੧੦}

੧੨੨. ਪ੍ਰਾਨ ਪਿਆਰੋ ਮਨਹਿ ਅਧਾਰੋ
ਚੀਤਿ ਚਿਤਉ (ਚਿਤਵਉ)...॥

{ਪੰਨਾ ੮੨੨}

੧੨੩. ਗੁਰਮੁਖਿ ਸਾਂਤਿ ਊਤਮਾ ਕਰਮੰ (ਉਤਮ ਕਰਾਮੰ)॥

{ਪੰਨਾ ੮੩੧}

੧੨੪. ਸੂਕਰ ਸੁਆਨ ਅਰਧਭ (ਗਰਧਭ) ਮੰਜਾਰਾ॥

{ਪੰਨਾ ੮੩੨}

੧੨੫. ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ
ਜਨ ਪਗਿ ਲਗਿ ਧਿਆਵਹੁ(ਧਿਆਵਉ) ...॥

{ਪੰਨਾ ੮੪੧}

੧੨੬. ਮਾਹਾ (ਮਾਹ) ਰੁਤੀ ਆਵਹਿ ਵਾਰ ਵਾਰ॥

{ਪੰਨਾ ੮੪੨}

੧੨੭. ਨਾ ਇਹ ਮਾਰੀ ਨਾ (ਨ) ਮਰੈ...॥

{ਪੰਨਾ ੮੫੩}

੧੨੮. ਮਾਗਉ ਕਾਹਿ ਰੰਕ ਸਭ ਦੇਖਉ ਤੁਮ ਹੀ ਤੇ
ਮੇਰੋ ਨਿਸਤਾਰ (ਨਿਸਤਾਰੁ)॥

{ਪੰਨਾ ੮੫੬}

੧੨੯. ਜੈਸੇ ਮੀਨੁ ਰਸਨ ਸਾਦਿ ਬਿਨਸਿਓ
ਓਹੁ ਮੂਠੌ ਮੂੜ (ਮੂੜ) ਲੋਭਾਇਲੇ॥

{ਪੰਨਾ ੮੬੨}

੧੩੦. ਸੰਤ (ਜੰਤ) ਅਪਨੇ ਕਉ ਦੀਜਹਿ ਹਾਥ॥

{ਪੰਨਾ ੮੬੭}

੧੩੧. ਗੁਰਮੁਖਿ ਪਰਗਟੁ ਹੋਆ ਹਰਿ ਰਾਏ (ਰਾਇ)॥

{ਪੰਨਾ ੮੭੮}

੧੩੨. ਗਾਠੀ ਭਿੰਨਿ ਭਿੰਨਿ ਭਿੰਨਿ ਭਿਨਿ ਭਣੀਏ (ਤਣੀਏ)॥

{ਪੰਨਾ ੮੮੬}

੧੩੩. ਡਿਗਿ ਨ ਡੋਲੈ ਕਤਹੁ (ਕਤਹੂ ਨ) ਧਾਵੈ॥

{ਪੰਨਾ ੮੮੯}

੧੩੪. ਉਂਨਮੋ (ਉਂ ਨਮੋ) ਭਗਵੰਤ ਗੁਸਾਈ॥

{ਪੰਨਾ ੮੯੭}

੧੩੫. ਪੰਚ ਸਿੰਘ ਰਾਖੇ ਪ੍ਰਭ (ਪ੍ਰਭਿ) ਮਾਰਿ॥

{ਪੰਨਾ ੮੯੯}

੧੩੬. ਫੂਟੈ ਖਾਪਰੁ ਭੀਖ ਨ ਪਾਇ (ਭਾਇ)॥

{ਪੰਨਾ ੯੦੩}

੧੩੭. ਜਿਸੁ ਗੁਰੁ ਮਿਲੈ ਸੋਈ ਬਿਧਿ ਸਾਣੈ (ਜਾਣੈ)॥

{ਪੰਨਾ ੯੦੪}

੧੩੮. ਗੁਰਮੁਖਿ ਪਾਵੈ ਘਟ (ਘਟਿ) ਘਟਿ ਭੇਦ॥

{ਪੰਨਾ ੯੪੨}

੧੩੯. (ਮ: ੧)॥ ਸਾਹਿਬੁ ਮੇਰਾ ਉਜਲਾ...॥

{ਪੰਨਾ ੯੫੬}

੧੪੦. ਜਾਂ ਪਿਰੁ ਬਾਹਰਿ ਤਾਂ ਧਨ ਮਾਹਿਰ (ਮਾਹਰਿ)॥

{ਪੰਨਾ ੯੬੫}

੧੪੧. ਛਤੜੇ ਬਾਜਾਰ
ਸੋਹਨਿ ਵਿਚਿ ਵਪਾਰੀਆ (ਵਪਾਰੀਏ)॥

{ਪੰਨਾ ੯੬੫}

੧੪੨. ਕਿਅ (ਕਿਆ) ਸਾਲਾਹੀ ਸਚੇ ਪਾਤਿਸਾਹ...॥

{ਪੰਨਾ ੯੬੮}

੧੪੩. ਤੁਮਰੇ ਗੁਨ ਪ੍ਰਭ ਕਹਿ ਨ ਸਕੈ (ਸਕਹਿ) ਹਮ...॥

{ਪੰਨਾ ੯੭੬}

੧੪੪. ਤੁਮਰੀ ਉਪਮਾ ਤੁਮ ਹੀ ਪ੍ਰਭ ਜਾਨਹੁ
ਹਮ ਕਹਿ ਨ ਸਕੈ (ਸਕਹਿ) ਹਰਿ ਗੁਨੇ॥

{ਪੰਨਾ ੯੭੬}

੧੪੫. ਸਾਈ ਮਤਿ ਸਾਈ ਬੁਧਿ ਸਿਆਨਪ
ਜਿਤੁ ਨਿਮਖ ਨ ਪ੍ਰਭ (ਪ੍ਰਭੁ) ਬਿਸਰਾਵੈ॥

{ਪੰਨਾ ੯੭੮}

੧੪੬. ਸਾਕਤ ਕਰਮ ਪਾਣੀ ਜਿਉ ਮਥੀਐ
ਨਿਤ ਪਾਣੀ ਝੋਲਿ (ਝੋਲ) ਝੁਲਾਰੇ॥

{ਪੰਨਾ ੯੮੨}

੧੪੭. ਡਰਪੈ ਧਰਤਿ ਅਕਾਸੁ ਤਖੜ੍ਹਾ (ਨਖ੍ਹਤ੍ਰਾ)...॥

{ਪੰਨਾ ੯੯੮}

੧੪੮. (ਮਾਰੂ ਮਹਲਾ ੫॥) ਵੈਦੋ ਨ ਵਾਈ...॥

{ਪੰਨਾ ੧੦੦੮}

੧੪੯. ਪੰਚਾਲੀ ਕਉ ਰਾਜ ਸਭਾ ਮੈ (ਮਹਿ)...॥

{ਪੰਨਾ ੧੦੦੮}

੧੫੦. ਕਾਲ ਫਾਸ ਜਬ ਗਰ ਮੈ (ਮਹਿ) ਮੇਲੀ...॥

{ਪੰਨਾ ੧੦੦੮}

੧੫੧. ਰਾਮ ਨਾਮ ਬਿਨੁ ਯਾ ਸੰਕਟ ਮੈ (ਮਹਿ)...॥

{ਪੰਨਾ ੧੦੦੮}

੧੫੨. ਜੋ ਸੰਪਤਿ ਅਪਨੀ ਕਰਿ ਮਾਨੀ
ਛਿਨ ਮੋ (ਮਹਿ) ਭਈ ਪਰਾਈ॥

{ਪੰਨਾ ੧੦੦੮}

੧੫੩. ਮਾਈ ਮੈ ਮਨ (ਕਉ) ਕੋ ਮਾਨੁ ਨ ਤਿਆਗਿਓ॥

{ਪੰਨਾ ੧੦੦੮}

੧੫੪. ਇਹ ਚਿੰਤਾ ਉਪਜੀ ਘਟ ਮੈ (ਮਹਿ)...॥

{ਪੰਨਾ ੧੦੦੮}

੧੫੫. ਸੁਫਲੁ ਜਨਮ ਨਾਨਕ ਤਬ ਹੂਆ
ਜਉ ਪ੍ਰਭ ਜਸ ਮੈ (ਮਹਿ) ਪਾਗਿਓ॥

{ਪੰਨਾ ੧੦੦੮}

੧੫੬. ਚਰਣ ਤਲੈ ਉਗਾਹਿ ਬੈਸਿਓ
ਸ੍ਰਮੁ ਨ ਰਹਿਓ ਸਰੀਰ (ਸਰੀਰਿ)॥

{ਪੰਨਾ ੧੦੧੮}

੧੫੭. ਭਰ (ਭਰਿ) ਪੁਰਿ ਧਾਰਿ ਰਹਿਆ ਨਿਹਕੇਵਲੁ...॥

{ਪੰਨਾ ੧੦੨੨}

੧੫੮. ਗੁਰਮੁਖਿ ਜਾਗਿ ਰਹੇ ਦਿਨ (ਦਿਨੁ) ਰਾਤੀ॥

{ਪੰਨਾ ੧੦੨੪}

੧੫੯. ਰਾਮ ਨਾਮ ਬਿਨੁ ਮੁਕਤਿ ਨ ਸੂਝੈ
ਆਜੁ ਕਾਲੁ (ਕਾਲਿ) ਪਚਿ ਜਾਤਾ ਹੇ॥

{ਪੰਨਾ ੧੦੩੧}

੧੬੦. ਨ (ਨਾ) ਤਦਿ ਗੋਰਖੁ ਨਾ ਮਾਛਿੰਦੋ॥

{ਪੰਨਾ ੧੦੩੫}

੧੬੧. ਵਿਰਲੇ ਕਉ ਗੁਰ (ਗੁਰਿ) ਸਬਦੁ ਸੁਣਾਇਆ॥

{ਪੰਨਾ ੧੦੩੬}

੧੬੨. ਸਾਮੁ ਵੇਦੁ ਰੁਗੁ (ਰਿਗੁ) ਜੁਜਰੁ ਅਥਰਬਣੁ॥

{ਪੰਨਾ ੧੦੩੮}

੧੬੩. ਬਿਖਿਆ ਮਲੁ ਜਾਇ ਅੰਬ੍ਰਿਤਸਰਿ (ਅੰਮ੍ਰਿਤਸਰਿ) ਨਾਵਹੁ...॥

{ਪੰਨਾ ੧੦੪੩}

੧੬੪. ਇਸਨਾਨੁ ਦਾਨੁ ਕਰੈ (ਕਰਹਿੰ) ਨਹੀ ਬੂਝਹਿ॥

{ਪੰਨਾ ੧੦੪੬}

੧੬੫. ਸਭ ਨਾਵਉ (ਨਾਵਹੁ) ਉਪਜੈ ਨਾਵਹੁ ਛੀਜੈ...॥

{ਪੰਨਾ ੧੦੬੪}

੧੬੬. ਮੁਸਲਮਾਣੁ ਮੋਮ ਦਿਲਿ (ਦਿਲੁ) ਹੋਵੈ॥

{ਪੰਨਾ ੧੦੮੪}

੧੬੭. ਤਖਤਿ ਰਾਜਾ ਸੁ (ਸੋ) ਬਹੈ ਜਿ...॥

{ਪੰਨਾ ੧੦੮੮}

੧੬੮. ਮਨੁ (ਮਨ) ਤੂ ਭੀ ਤਰਸਹਿ ਸਰਣਿ ਪਾਇ॥

{ਪੰਨਾ ੧੧੯੨}

੧੬੯. ਸੋ ਬ੍ਰਹਮਣ (ਬ੍ਰਾਹਮਣੁ) ਭਲਾ ਆਖੀਐ...॥

{ਪੰਨਾ ੧੦੯੩}

੧੭੦. ਤੈ ਸਖੀ ਭਾਗ ਮਥਾਇ (ਮਥਾਹਿ)...॥

{ਪੰਨਾ ੧੦੯੭}

੧੭੧. ਖਾਕੁ ਲੋੜੇਂਦਾ ਡੰਨਿਖੇ (ਤਿੰਨ੍ ਖੇ)...॥

{ਪੰਨਾ ੧੦੯੮}

੧੭੨. ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰੈ (ਸੰਸਾਰਿ)॥

{ਪੰਨਾ ੧੧੦੩}

੧੭੩. ਨਉ ਨਿਧਿ ਠਾਕੁਰ ਦਈ ਸੁਦਾਮੈ
ਧ੍ਰੂਅ (ਧ੍ਰੂਅ) ਅਟਲੁ ਅਜਹੂ ਨ ਟਰਿਓ॥

{ਪੰਨਾ ੧੧੦੫}

੧੭੪. ਨਾਨਕ ਵੈਸਾਖੀ ਪ੍ਰਭੁ ਭਾਵੈ (ਪਾਵੈ)...॥

{ਪੰਨਾ ੧੧੦੮}

੧੭੫. ਸਾਜਨ ਸਹਜਿ ਮਿਲੇ ਗੁਣ ਮਹਿ (ਗਹਿ) ਅੰਕਿ ਸਮਾਨਿਆ॥

{ਪੰਨਾ ੧੧੦੯}

੧੭੬. ਕੌਨ (ਕਉਨੁ) ਸੁ ਜਤਨੁ ਉਪਾਉ ਕਿਨੇਹਾ...॥

{ਪੰਨਾ ੧੧੨੦}

੧੭੭. ਨਾਨਕ ਗੁਰਮੁਖਿ ਨਾਮੁ ਪਿਆਰ (ਪਿਆਰਿ)॥

{ਪੰਨਾ ੧੧੨੯}

੧੭੮. ਹਿਰਦੈ ਫਿਰਿ (ਫੇਰਿ) ਚਲੈ ਤੁਧੁ ਨਾਲੀ॥

{ਪੰਨਾ ੧੧੩੪}

੧੭੯. ਰੋਗ ਰਹਤ (ਰਹਿਤ) ਮੇਰਾ ਸਤਿਗੁਰੁ ਜੋਗੀ॥

{ਪੰਨਾ ੧੧੪੦}

੧੮੦. ਜੋ ਇਛਹਿ (ਇਛੈ) ਸੋਈ ਫਲੁ ਪਾਏ॥

{ਪੰਨਾ ੧੧੪੮}

੧੮੧. ਸੋ ਕੁਲਵੰਤਾ ਜਿ ਸਮਰੈ (ਸਿਮਰੈ) ਸੁਆਮੀ॥

{ਪੰਨਾ ੧੧੫੦}

੧੮੨. ਸੋ ਪਤਿਵੰਤਾ ਜੇ (ਜਿ) ਆਪੁ ਪਛਾਨੀ॥

{ਪੰਨਾ ੧੧੫੦}

੧੮੩. ਮੈਲੇ ਬ੍ਰਹਮੰਡਾਇ ਕੈ ਈਸਾ (ਈਸ)॥

{ਪੰਨਾ ੧੧੫੮}

੧੮੪. ਦਾਸ ਕਬੀਰੁ ਚੜ੍ਹਿਓ ਗੜ੍ ਊਪਰਿ
ਰਾਜੁ ਲੀਓ ਅਬਨਾਸੀ (ਅਬਿਨਾਸੀ)॥

{ਪੰਨਾ ੧੧੬੨}

੧੮੫. ਨਵ ਗ੍ਰਹ ਕੋਟਿ ਠਾਢੇ ਦਰਬਾਰ (ਦਰਬਾਰਿ)॥

{ਪੰਨਾ ੧੧੬੩}

੧੮੬. ਬਸੁਧਾ ਬਸਿ ਕੀਨੀ ਸਭ ਰਾਜੈ
ਬਿਨਤੀ ਕਰੇ (ਕਰੈ) ਪਟਰਾਨੀ॥

{ਪੰਨਾ ੧੧੬੫}

੧੮੭. ਗੁਰਮੁਖਿ ਥਿਰੁ ਚੀਨ (ਚੀਨੈ) ਸੰਗਿ ਦੇਉ॥

{ਪੰਨਾ ੧੧੭੦}

੧੮੮. ਇਕਿ ਸਾਚੈ ਸਬਦਿ ਰਹੈ (ਰਹੇ) ਲਿਵ ਲਾਇ॥

{ਪੰਨਾ ੧੧੭੪}

੧੮੯. ਹਰਿ ਨਾਮੈ ਹਮ ਪ੍ਰੀਤ (ਪ੍ਰੀਤਿ) ਲਗਾਨੀ...॥

{ਪੰਨਾ ੧੧੭੯}

੧੯੦. ਗ੍ਰਿਹਿ ਤਾ ਕੇ (ਕੈ) ਬਸੰਤੁ ਗਨੀ॥

{ਪੰਨਾ ੧੧੮੦}

੧੯੧. ਸੇ (ਤੇ) ਭਵਸਾਗਰੁ ਉਤਰੇ ਪਾਰਿ॥

{ਪੰਨਾ ੧੧੮੬}

੧੯੨. ਪਾਨ ਫੂਲ ਮੀਠੇ ਰਸ ਭੋਗ (ਰੋਗ)॥

{ਪੰਨਾ ੧੧੮੭}

੧੯੩. ਮਨੁ (ਮਨ) ਤੂ ਭੀ ਤਰਸਹਿ ਸਰਣਿ ਪਾਇ ॥

{ਪੰਨਾ ੧੧੯੨}

੧੯੪. ਅਨਿਕ ਜਨਮ ਭ੍ਰਮਤੌ ਹੀ ਆਇਓ
ਮਾਨਸ ਜਨਮੁ ਦੁਲਭ ਹੀ (ਦੁਲਭਾਹੀ)॥

{ਪੰਨਾ ੧੨੦੭}

੧੯੫. ਦਸਅਸਟ ਖਟਸ (ਖਸਟ) ਸ੍ਰਵਨ ਸੁਨੇ॥

{ਪੰਨਾ ੧੨੨੯}

੧੯੬. ਗੁਰਿ ਮੋਉ (ਮੋ ਕਉ) ਉਪਦੇਸਿਆ...॥

{ਪੰਨਾ ੧੨੩੦}

੧੯੭. ਸੁੰਦਰ ਰਸਾਲ ਤੂ॥੨॥ (॥੧॥)

{ਪੰਨਾ ੧੨੩੧}

੧੯੮. ਯਾ ਜਗ ਮੈ (ਮਹਿ) ਕੋਊ ਰਹਨੁ ਨ ਪਾਵੈ...॥

{ਪੰਨਾ ੧੨੩੧}

੧੯੯. ਪਰਨਿੰਦਿਆ (ਪਰਨਿੰਦਾ) ਕਾਰਨਿ ਬਹੁ...॥

{ਪੰਨਾ ੧੨੩੨}

੨੦੦. ਕਹਿ ਨਾਨਕ ਸਭਿ ਅਉਗਨ ਮੋ ਮੈ (ਮਹਿ)...॥

{ਪੰਨਾ ੧੨੩੨

੨੦੨.ਘਾਲਿ ਖਾਇ ਕਿਛੁ ਹਥਹੁ ਦੇਹਿ (ਦੇਇ)॥

{ਪੰਨਾ ੧੨੪੫}

੨੦੩. ਦੇਸਿ ਪਰਦੇਸਿ ਧਨੁ ਚੁਰਾਇ (ਚੋਰਾਇ)...॥

{ਪੰਨਾ ੧੨੪੯}

੨੦੪. ਅਨ ਪਾਵਨੀ (ਅਨਪਾਵਨੀ) ਭਗਤਿ ਨਹੀ...॥

{ਪੰਨਾ ੧੨੫੩}

੨੦੫. ਨਾਨਕ ਰਾਮ ਨਾਮੁ ਰਿਦ ਅੰਦਰਿ (ਅੰਤਰਿ)...॥

{ਪੰਨਾ ੧੨੫੫}

੨੦੬. ਇਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ
ਜਨਮ ਮਰਨ (ਮਰਣ) ਕਾ ਸਹਸਾ॥

{ਪੰਨਾ ੧੨੫੭}

੨੦੭. ਨਾਨਕ ਨਾਮੁ ਸਲਾਹਿ ਤੂ (ਹਰਿ)
ਹਰਿ ਦਰਿ ਸੋਭਾ ਪਾਇ ॥

{ਪੰਨਾ ੧੨੫੮}

੨੦੮. ਇਹੁ ਮਨੁ ਖੇਲੈ ਹੁਕਮੁ (ਹੁਕਮ) ਕਾ ਬਾਧਾ..॥

{ਪੰਨਾ ੧੨੬੦}

੨੦੯. ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਂਤਿ (ਭੀਤਿ) ਕਰਾਰੀ॥

{ਪੰਨਾ ੧੨੬੩}

੨੧੦. ਗੁਰਿ ਪੂਰੈ ਹਉਮੈ ਭੀਂਤਿ (ਭੀਤਿ) ਤੋਰੀ...॥

{ਪੰਨਾ ੧੨੬੩}

੨੧੧. ਘਨਹਰ ਘੋਰ ਦਸੋ (ਦਸੌਂ) ਦਿਸਿ ਬਰਸੈ...॥

{ਪੰ. ੧੨੭੩}

੨੧੨. ਆਪੇ ਜੋੜਿ ਵਿਛੋੜਿਐ ਆਪੇ
ਕੁਦਰਤਿ ਦੇਇ ਦਿਖਾਏ (ਦਿਖਾਇ)॥

{ਪੰਨਾ ੧੨੮੧}

੨੧੩. ਗਿਆਨੀ (ਗਿਆਨੀਆ) ਕਾ ਧਨੁ ਨਾਮੁ ਹੈ...॥

{ਪੰਨਾ ੧੨੮੨}

੨੧੪. ਤੂ ਅਪਰੰਪਰੁ ਸੁਆਮੀ ਅਤਿ ਅਗਾਹੁ
ਤੂ ਭਰਭੁਰਿ (ਪੁਰਿ) ਰਹਿਆ ਜਲ ਥਲੇ...॥

{ਪੰਨਾ ੧੨੯੭}

੨੧੫. ਛੁਟਕੀ ਹਉਮੈ ਸੌਰੋ (ਸੋਰੋ)॥

{ਪੰਨਾ ੧੩੦੬}

੨੧੬. ਤਾ (ਤਾਂ) ਤੇ ਜਾਪਿ ਮਨਾ ਹਰਿ ਜਾਪਿ॥

{ਪੰਨਾ ੧੩੦੬}

੨੧੭. ਰਾਮ ਨਾਮੁ ਇਕੁ ਤਿਲੁ ਤਿਲੁ (ਤਿਲ ਤਿਲ) ਗਾਵੈ..॥

{ਪੰਨਾ ੧੩੦੮}

੨੧੮. ਇਕੁ ਤਿਲੁ ਨਹੀ ਕੀਮਤਿ ਪਾਯਾ (ਪਾਇਆ)॥

{ਪੰਨਾ ੧੩੧੯}

੨੧੯. ਸਤਿਗੁਰਿ ਪਾਈਐ (ਪਾਇਐ) ਪੂਰਾ ਨਾਵਣੁ...॥

{ਪੰਨਾ ੧੩੨੯}

੨੨੦. ਦੀਨ ਦਇਆਲੁ ਪ੍ਰੀਤਮ ਮਨਮੋਹਨੁ
ਅਤਿ ਰਸ ਲਾਲ ਸਗੂੜੋ (ਸਗੂੜੌ)॥

{ਪੰਨਾ ੧੩੩੧}

੨੨੧. ਕੋਟਿ ਕੋਟਿ ਕੇ ਦੋਖ ਸਭੁ (ਸਭ) ਜਨ ਕੇ...॥

{ਪੰਨਾ ੧੩੩੬}

੨੨੨. ਘਟੰਤ ਰੂਪੰ ਘਟੰਤ ਦੀਪੰ
ਘਟੰਤ ਰਵਿ ਸਸੀਅਰ ਨਖੵਤ੍ਰਿ (ਨਖੵਤ੍ਰ) ਗਗਨੰ ॥

{ਪੰਨਾ ੧੩੫੪}

੨੨੩. ਕੰਠਿ ਰਮਣੀਯ ਰਾਮ ਰਾਮ ਮਾਲਾਂ (ਮਾਲਾ)...॥

{ਪੰਨਾ ੧੩੫੬}

੨੨੪. ਮਿਤ੍ਰੰ ਤਜੰਤਿ ਸਤ੍ਰੰ (ਸਤ੍ਰੰ) ਦ੍ਰਿੜੰਤਿ..॥

{ਪੰਨਾ ੧੩੫੮}

੨੨੫. ਹੇ ਪ੍ਰਾਣਨਾਥ ਗੋਬਿੰਦਹ ਕ੍ਰਿਪਾਨਿਧਾਨ
ਜਗਦ੍ਗੁਰੋ (ਜਗਦਗੁਰੋ)॥

{ਪੰਨਾ ੧੩੫੮}

੨੨੬. ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਏ (ਮੁਡਾਇ)॥

{ਪੰਨਾ ੧੩੬੫}

੨੨੭. ਅਜਹੁ ਸੁ ਨਾਉ ਸਮੁਦ੍ਰ (ਸਮੁੰਦ੍ਰ) ਮਹਿ..॥

{ਪੰਨਾ ੧੩੬੬}

੨੨੮. ਕਬੀਰ ਮੈ ਜਾਨਿਓ ਪੜਿਬੋ ਭਲੋ...॥

{ਪੰਨਾ ੧੩੬੬}

੨੨੯. ਇੰਹ (ਇਹ) ਟੋਘਨੈ ਨ ਛੂਟਸਹਿ...॥

{ਪੰਨਾ ੧੩੬੭}

੨੩੦. ਓਹ ਝੂਲੈ ਉਹ (ਓਹੁ) ਚੀਰੀਐ...॥

{ਪੰਨਾ ੧੩੬੯}

੨੩੧. ਕਬੀਰ ਸਭੁ ਜਗੁ ਹਉ ਫਿਰਿਓ
ਮਾਦਲ (ਮਾਂਦਲੁ) ਕੰਧਿ ਚਢਾਇ॥

{ਪੰਨਾ ੧੩੭੦}

੨੩੨. ਜੇ ਹਹਿ (ਜੈਹਹਿ) ਆਟਾ ਲੋਨ ਜਿਉ...॥

{ਪੰਨਾ ੧੩੭੦}

੨੩੩. ਮਲਿਆਗਰੁ ਭੁਯੰਗਮ ਬੇਦਿਓ (ਬੇਢਿਓ)...॥

{ਪੰਨਾ ੧੩੭੩}

੨੩੪. ਕਬੀਰ ਜੋ (ਜਉ) ਤੁਹਿ ਸਾਧ ਪਿਰੰਮ ਕੀ...॥

{ਪੰਨਾ ੧੩੭੭}

੨੩੫. ਤਾ (ਤਾਂ) ਸਾਈ ਦੈ ਦਰਿ ਵਾੜੀਅਹਿ॥

{ਪੰਨਾ ੧੩੭੮}

੨੩੬. ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇਆਂ (ਆਇੜਿਆਂ)॥

{ਪੰਨਾ ੧੩੭੯}

੨੩੭. ਆਖੀ ਸੇਖਾਂ (ਸੇਖਾ) ਬੰਦਗੀ ਚਲਣੁ ਅਜੁ ਕਿ ਕਲਿ॥

{ਪੰਨਾ ੧੩੮੩}

੨੩੮. ਖਾਨ ਪਾਨ ਸੋਂਧੇ (ਸੋਧੇ) ਸੁਖ ਭੁੰਚਤ...॥

{ਪੰਨਾ ੧੩੮੭}

੨੩੯. ਤੈ ਤਾ ਹਦਰਥਿ ਪਾਇਓ ਮਾਨ
ਸੇਵਿਆ ਗੁਰ (ਗੁਰੁ) ਪਰਵਾਨੁ...॥

{ਪੰਨਾ ੧੩੯੧}

੨੪੦. ਤਿਨਰ (ਤਿ ਨਰ) ਸੇਵ ਨਹੁ ਕਰਹਿ...॥

{ਪੰਨਾ ੧੩੯੪}

੨੪੧. ਕਲਿ ਮਾਹਿ ਰੂਪੁ ਕਰਤਾ ਪੁਰਖੁ
ਸੋ ਜਾਣੈ ਜਿਨਿ ਕਛੁ (ਕਿਛੁ) ਕੀਅਉ ॥

{ਪੰਨਾ ੧੩੯੫}

੨੪੨. ਨਲ੍ਯ ਕਵਿ ਪਾਰਸ ਪਰਸ
ਕਚ ਕੰਚਨ (ਕੰਚਨਾ) ਹੋਇ...॥

{ਪੰਨਾ ੧੩੯੯}

੨੪੩. ਤਾਰਣ ਤਰਣ ਸਮਥੁ (ਸਮ੍ਰਥੁ) ਕਲਿਜੁਗਿ...॥

{ਪੰਨਾ ੧੪੦੦}

੨੪੪. ਗੁਰ ਰਾਮਦਾਸ ਦਰਸਨੁ ਪਰਸਿ
ਕਹਿ ਮਥੁਰਾ ਅੰਬ੍ਰਿਤ (ਅੰਮ੍ਰਿਤ) ਬਯਣ॥

{ਪੰਨਾ ੧੪੦੮}

੨੪੫. ੨੧॥੯॥੧੦॥੧੦॥੧੦॥੨੨॥੬੦॥੧੨੨॥
(॥੨॥੨੧॥੯॥੧੧॥੧੦॥੧੦॥੨੨॥੬੦॥੧੪੩॥)

{ਪੰਨਾ ੧੪੦੯}

੨੪੬. ਮਨਿ ਅੰਧੈ ਊਧੇ (ਊਂਧੈ) ਕਵਲ...॥

{ਪੰਨਾ ੧੪੧੧}

੨੪੭. ਜਨਮ ਮਰਣ (ਮਰਨ) ਕੀ ਮਲੁ ਉਤਰੈ...॥

{ਪੰਨਾ ੧੪੧੭}

੨੪੮. ਮਨਮੁਖ ਦਸ (ਦਹ) ਦਿਸਿ ਫਿਰਿ ਰਹੇ...॥

{ਪੰਨਾ ੧੪੧੮}

੨੪੯. ਨਾਨਕ ਸੁਖ ਅਨਦ (ਅਨੰਦ) ਭਏ
ਪ੍ਰਭ ਕੀ ਮਨਿ (ਮੰਨਿ) ਰਜਾਇ॥

{ਪੰਨਾ ੧੪੨੫}

੨੫੦. ਸਲੋਕ ਮਹਲਾ ੯॥ ਗੁਨ ਗੋਬਿੰਦ
ਗਾਇਨ (ਗਾਇਓ) ਨਹੀ...॥

{ਪੰਨਾ ੧੪੨੬}

੨੫੧. ਕਹੁ ਨਾਨਕ ਹਰਿ ਭਜੁ ਮਨਾ
ਜਿਹ ਬਿਧਿ ਜਲ ਕੌ (ਕਉ) ਮੀਨੁ॥

{ਪੰਨਾ ੧੪੨੬}

੨੫੨. ਕਹੁ ਨਾਨਕ ਸੁਨਿ ਰੇ ਮਨਾ
ਮੁਕਤਿ ਤਾਹਿ ਤੈ ਜਾਨ (ਜਾਨਿ)॥

{ਪੰਨਾ ੧੪੨੭}

੨੫੩. ਮਨੁ ਮਾਇਆ ਮੈ ਰਮਿ ਰਹਿਓ
ਨਿਕਸਤ ਨਾਹਨਿ (ਨਾਹਿਨ) ਮੀਤ॥

{ਪੰਨਾ ੧੪੨੮}

੨੫੪. ਨਾਨਕ ਮੂਰਤਿ ਚਿਤ੍ਰ ਜਿਉ
ਛਾਡਿਤ ਨਾਹਨਿ (ਨਾਹਿਨ) ਭੀਤਿ ॥

{ਪੰਨਾ ੧੪੨੮}

੨੫੫. ਕਹੁ ਨਾਨਕ ਅਬ ਓਟ ਹਰਿ
ਗਜਿ ਜਿਉ (ਗਜ ਜਿਉਂ) ਹੋਹੁ ਸਹਾਇ॥

{ਪੰਨਾ ੧੪੨੯}

੨੫੬. ਥਾਲ ਵਿਚਿ ਤਿਨਿ (ਤਿੰਨਿ) ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ॥

{ਪੰਨਾ ੧੪੨੯}

ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਕੇਂਦਰੀ ਸਿੰਘ ਸਭਾ ਸ੍ਰੀ ਅੰਮ੍ਰਿਤਸਰ ਦੁਆਰਾ ਸੰਨ ੧੯੭੪ ਵਿਚ ਕਰਵਾਏ 'ਸ੍ਰੀ ਗੁਰੂ ਗ੍ਰੰਥ ਵਿਚਾਰ ਸੰਮੇਲਨ' ਮੌਕੇ ਅਤੇ ਫਿਰ ੧੯੯੫ ਵਿਚ ਹੋਏ 'ਵਿਸ਼ਵ ਸਿੱਖ ਸੰਮੇਲਨ' ਵੇਲੇ ਜਥੇਦਾਰ ਵੇਦਾਂਤੀ

ਜੀ ਨੇ 'ਤੇਜਾ ਸਿੰਘ ਸਮੁੰਦਰੀ ਹਾਲ' ਵਿਖੇ ਹੋਏ ਵਿਸ਼ੇਸ਼ ਸੈਮੀਨਾਰਾਂ ਵਿਚ ਪਾਠ-ਭੇਦਾਂ ਦੀਆਂ ਬਹੁਤ ਸਾਰੀਆਂ ਵੰਨਗੀਆਂ ਦੀ ਸੂਚੀ ਪੜ੍ਹ ਕੇ ਸੁਣਾਈ ਸੀ। ਸੰਨ ੧੯੯੫ ਉਹ ਸ੍ਰੀ ਦਰਬਾਰ ਸਾਹਿਬ ਦੇ ਸਤਿਕਾਰਤ ਗ੍ਰੰਥੀ ਸਨ। ਉਨ੍ਹਾਂ ਦਾ ਮਕਸਦ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ-ਭੇਦਾਂ ਦੀ ਸੁਧਾਈ ਅਤੇ ਪਾਵਨ ਬੀੜ ਦੀ ਇਕਸਾਰਤਾ ਸਥਾਪਤੀ ਲਈ ਪ੍ਰੇਰਨਾ ਸੀ। ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਸੇਵਾ ਨਿਭਾ ਰਹੇ ਸਨ ਪ੍ਰੋ. ਮਨਜੀਤ ਸਿੰਘ ਜੀ, ਜਿਨ੍ਹਾਂ ਦੀ ਦੇਖ-ਰੇਖ ਵਿਚ ਇਹ ਮਹਾਨ ਸੰਮੇਲਨ ਹੋ ਰਿਹਾ ਸੀ।

ਦਾਸ (ਜਾਚਕ) ਦੀ ਖੁਸ਼ਕਿਸਮਤੀ ਹੈ ਕਿ ਸੰਨ ੧੯੭੪ ਵਿਚ ਮੈਂ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੇ ਨਾਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਵਿਦਿਆਰਥੀ ਵਜੋਂ ਅਤੇ ਸੰਨ ੧੯੯੫ ਵਿਚ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਗ੍ਰੰਥੀ ਵਜੋਂ ਉਪਰੋਕਤ ਸਮਾਗਮਾਂ ਵਿਚ ਹਾਜ਼ਰ ਸੀ। ਸੰਨ ੧੯੭੪ ਦੇ ਵਿਚਾਰ ਸੰਮੇਲਨ ਮੌਕੇ ਗਿ. ਵੇਦਾਂਤੀ ਜੀ ਨੇ ਜੋ ਵਿਸ਼ੇਸ਼ ਪਰਚਾ ਪੜ੍ਹਿਆ, ਉਸ ਸੂਚੀ-ਪਤ੍ਰ ਦੀ ਇੱਕ ਫਟੀ-ਪੁਰਾਣੀ ਫੋਟੋ ਕਾਪੀ, ਮੇਰੀ ਨਿੱਜੀ ਲਾਇਬ੍ਰੇਰੀ ਵਿਚ ਮੌਜੂਦ ਹੈ।

{ਵੇਖੋ! ਜਥੇਦਾਰ ਵੇਦਾਂਤੀ ਜੀ ਦੁਆਰਾ ਪੜ੍ਹੇ ਗਏ ਪਾਠ-ਭੇਦ ਪਰਚੇ ਦੇ ਚਿਤ੍ਰ}

ਭਾਈ ਜੋਗਿੰਦਰ ਸਿੰਘ ਜੀ 'ਵੇਦਾਂਤੀ'

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂਤ੍ਰ ਭੇਦ

੧. ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦੇ ਰਚਨ ਸਮੇਂ ਤੋਂ ਲੈਕੇ ਸੰਮਤ ੧੯੨੨ ਬਿਕ੍ਰਮੀ ਤੱਕ ਅੱਡ ਅੱਡ ਟਕਸਾਲਾਂ ਵਿੱਚ ਸੈਂਕੜੇ ਲਿਖਾਰੀਆਂ ਨੇ ਕਈ ਹਜ਼ਾਰਾਂ ਦੀ ਗਿਣਤੀ ਵਿਚ ਪਵਿੱਤ੍ਰ ਬੀੜਾਂ ਲਿਖਣ ਦੀ ਸੇਵਾ ਕੀਤੀ। ਸੰਮਤ ੧੯੨੧-੨੨ ਵਿਚ ਪੰਜਾਬ ਚ ਛਾਪਾ ਆ ਜਾਣ ਤੇ ਦੇਖਦੇ ਦੇਖਦੇ ਪੱਥਰ ਦੇ ਛਾਪੇ ਖ਼ਾਨਿਆਂ ਵਿਚ ਬੀੜਾਂ ਛਪਣੀਆਂ ਸ਼ੁਰੂ ਹੋ ਗਈਆਂ। ਲਿਖਾਰੀਆਂ ਦੀ ਲੋੜ ਘਟ ਗਈ। ਜਿਸਦੇ ਮਗਰੋਂ ਸੰਮਤ ੧੯੫੫ ਬਿਕ੍ਰਮੀ ਵਿਚ ਟਾਈਪ ਸ਼ੁਰੂ ਹੋ ਗਿਆ। ਭਿੰਨ ਭਿੰਨ ਪ੍ਰੈਸਾਂ ਵਿਚ ਬੀੜਾਂ ਛਪਣੀਆਂ ਆਰੰਭ ਹੋ ਗਈਆਂ, ਜੋ ਹਜ਼ਾਰਾਂ ਦੀ ਗਿਣਤੀ ਵਿਚ ਛਪ ਚੁਕੀਆਂ ਹਨ ਅਤੇ ਹੁਣ ਤੱਕ ਛਪ ਰਹੀਆਂ ਹਨ। ਭਾਵੇਂ ਹੱਥ ਲਿਖਤਾਂ ਦੇ ਲਿਖਾਰੀਆਂ ਅਤੇ ਪ੍ਰੈਸਾਂ ਦੇ ਮਾਲਕਾਂ ਨੇ ਆਪਣੇ ਵਲੋਂ ਬਹੁਤ ਮਿਹਨਤ ਨਾਲ ਸ਼ੁੱਧ ਬੀੜਾਂ [illegible] ਦੇ ਯਤਨ ਤੇ ਸਾਰੇ ਕੀਤੇ ਹਨ ਪਰ ਫਿਰ ਵੀ ਕੁਝ ਸੁਭਾਵਿਕ ਕੁਝ ਅਣਗਹਿਲੀ ਤੇ ਅਣਜਾਣ- ਪੁਣੇ [illegible] ਰਹਿ ਗਈਆਂ ਹਨ॥ ਭਾਵੇਂ ਇਹ ਅਸ਼ੁਧੀਆਂ [illegible] ਗੁਰਬਾਣੀ ਰਚਨਾ ਵਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ। ਜਿਸ ਦਾ [illegible] ਇਹਨਾਂ ਅਸ਼ੁਧੀਆਂ ਦੀ [illegible] ਇਹ ਵਧੀਆਂ ਜਾ ਰਹੀਆਂ ਹਨ ਅਤੇ ਹੋਰ ਵੀ ਵਧਣ ਦਾ ਸੰਸਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਦਾ ਕੰਮ ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਨੂੰ ਕਾਨੂੰਨੀ ਤੌਰ ਤੇ ਆਪਣੇ ਹੱਥ ਵਿਚ ਲੈਣਾ ਚਾਹੀਦਾ ਹੈ। ਪ੍ਰੰਤੂ ਅਜੇ ਤਕ ਅਜਿਹਾ ਕੰਮ ਨਹੀਂ ਹੋ ਸਕਿਆ, ਜਿਸਦੀ ਘਾਟ ਪੰਥ ਵਿਚ ਮਹਿਸੂਸ ਕੀਤੀ ਜਾ ਰਹੀ ਹੈ। ੨. ਲਗ ਭਗ ਦਸ ਕੁ ਸਾਲਾਂ ਤੋਂ ਦਾਸ ਪ੍ਰਾਚੀਨ ਬੀੜਾਂ ਦੇ ਪਾਠਾਂ ਦੇ ਭੇਦਾਂ ਬਾਰੇ ਖੋਜ ਕਰਦਾ ਆ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚੋਂ ਅਤੇ ਕਈ ਹੋਰ ਅਸਥਾਨਾਂ ਤੋਂ ਪ੍ਰਸਿੱਧ ਹੱਥ ਲਿਖਤ ਬੀੜਾਂ ਦੇ ਦਰਸ਼ਨ ਕੀਤੇ। ਛਪ ਰਹੀਆਂ ਪ੍ਰਚਲਤ ਬੀੜਾਂ ਦੇ ਪਾਠਾਂ ਨਾਲ ਹੱਥ ਲਿਖਤੀ ਬੀੜਾਂ ਦੇ ਪਾਠ ਮਿਲਾਏ ਹਨ। ਇਸ ਕਰਕੇ ਸੈਂਕੜਿਆਂ ਦੀ ਗਿਣਤੀ ਤੋਂ ਵਧ ਪਾਠਾਂਤਰ ਭੇਦ ਮੇਰੇ ਸਾਮ੍ਹਣੇ ਆਏ ਤਾਂ ਮੇਰੀ ਹੈਰਾਨੀ ਦੀ ਕੋਈ ਹੱਦ ਨ ਰਹੀ। ਉਹਨਾਂ ਪਾਠਾਂ ਵਿਚੋਂ ਬਹੁਤ ਸਾਰੇ ਪਾਠਾਂਤਰ ਭੇਦ ਨੋਟ ਵੀ ਕੀਤੇ ਹਨ। ਪਾਠਾਂ ਨੂੰ ਸਹੀ ਪ੍ਰਮਾਣਿਤ ਕਰਨ ਲਈ ਗੁਰਬਾਣੀ ਦੇ ਪ੍ਰਮਾਣਾਂ ਭੇਦਾਂ, ਟੀਕਿਆਂ, ਸ਼ਬਦਾਰਥ ਤੋਂ ਵੀ ਮੱਦਦ ਲਈ ਅਤੇ ਗੁਰਬਾਣੀ ਦੇ ਖੋਜੀ ਵਿਦਵਾਨਾਂ ਨਾਲ ਵੀ ਵਿਚਾਰ ਵਟਾਂਦਰਾ ਕਰਦਾ ਰਹਿਆ। ਸਿੱਖ ਸਭਾ ਸ਼ਤਾਬਦੀ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਾਰ ਸੰਮੇਲਨ ਬੁਲਾਇਆ ਹੈ ਇਹ ਪਾਠਾਂਤਰ ਭੇਦ ਗੁਰਬਾਣੀ ਦੇ ਮਹਾਨ ਖੋਜੀ ਸਿੱਖ ਵਿਦਵਾਨਾਂ ਦੇ ਸਾਹਮਣੇ ਪੇਸ਼ ਕਰਨ ਦਾ ਸੇਵਕ ਨੂੰ ਮੌਕਾ ਮਿਲਿਆ ਹੈ। ਇਸ ਕਰਕੇ ਸਾਰੇ ਵਿਦਵਾਨਾਂ ਦੇ ਚਰਨਾਂ ਵਿਚ ਸਤਿਕਾਰ ਸਹਿਤ ਬੇਨਤੀ ਕਰਦਾ ਹਾਂ ਕਿ ਇਹਨਾਂ ਪਾਠਾਂਤਰ ਭੇਦਾਂ ਵਿਚੋਂ ਸ਼ੁੱਧ ਪਾਠ ਨਿਸਚਤ ਕਰਨ ਲਈ ਕੋਈ ਮਹਾਨ ਯਤਨ ਕਰਨਾ ਚਾਹੀਦਾ ਹੈ ਤਾਂ ਕਿ ਗੁਰਬਾਣੀ ਸ਼ੁੱਧ ਰੂਪ ਵਿਚ ਛਪ ਸਕੇ [illegible] ਹੀ ਸਕਣ। ਹੱਥ ਲਿਖਤੀ ਬੀੜਾਂ ਦਿਨ-ਬ-ਦਿਨ ਸਾਡੇ ਹੱਥੋਂ ਅਲੋਪ ਹੁੰਦੀਆਂ ਜਾ ਰਹੀਆਂ ਹਨ ਇਹਨਾਂ ਨੂੰ ਮਾਈਕਰੋ ਫ਼ਿਲਮ ਦਾ ਵੀ ਕੋਈ ਪ੍ਰਬੰਧ ਕੀਤਾ ਜਾਵੇ। ਮੈਂ ਪਾਠਾਂਤਰ ਭੇਦਾਂ [illegible] ਵੈਤਨੀਆਂ ਆਪ ਜੀ ਦੀ [illegible] ਕਰਨ [illegible] ਹਾਂ।

(ੳ)

ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥
ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ ॥
ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥

ਉਪਰ ਲਿਖੀਆਂ ਤਿੰਨਾਂ ਪੰਗਤੀਆਂ ਦੇ ਤੁਕਾਂਤ ਖੱਖੇ ਅੱਖਰ ਨਾਲ ਹਨ। ਪਰ ਮੱਧ ਵਾਲੀ ਪੰਗਤੀਦਾ ਪਾਠ [ਸਾਖੁ] ਦੀ ਥਾਂ [ਸਾਥੁ] ਪ੍ਰਚੱਲਤ ਬੀੜਾਂ ਵਿਚ ਛਪ ਰਹਿਆ ਹੈ। ਸ਼ਬਦਾਰਥ, ਭਾਈ ਸ: ਡਾ: ਵੀਰ ਸਿੰਘ ਜੀ, ਪ੍ਰੋਫੈਸਰ ਸਾਹਿਬ ਸਿੰਘ ਜੀ, ਗਿ: ਸੰਤ ਕ੍ਰਿਪਾਲ ਸਿੰਘ ਜੀ ਗਲੀ ਸੱਤੋ ਵਾਲੀ, ਗੁਰਬਾਣੀ ਪਾਠ ਦਰਸ਼ਨ, ਦੇ ਕਰਤਾ ਉਪ੍ਰੋਕਤ ਪੰਜ ਵਿਦਵਾਨਾਂ ਨੇ ਵੀ ਪਾਠ [ਸਾਥੁ] ਮੰਨਕੇ ਇਸ ਦੇ ਅਰਥ ਸਾਥੀ ਕੀਤੇ ਹਨ। ਦੂਜਾ ਪਾਠ [ਸਾਖੁ] ਵੀ ਸਾਰਿਆਂ ਨੇ ਮੰਨਿਆ ਹੈ ॥ ਏਸੇ ਹੀ ਸ਼ਬਦ ਦੇ ਦੂਜੇ ਬੰਦ ਦੀ ਤੀਸਰੀ ਪੰਗਤੀ ਵਿਚ [ਸਾਥੁ] ਪਾਠ ਏਸੇ ਹੀ ਰੂਪ ਵਿਚ ਆਇਆ ਹੈ [ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ।] ਡਾ: ਸ: ਭਾ: ਵੀਰ ਸਿੰਘ ਪ੍ਰੋਫੈਸਰ ਸਾਹਿਬ ਸਿੰਘ ਸੰਤ ਕ੍ਰਿਪਾਲ ਸਿੰਘ ਜੀ ਇਸ [ਸਾਥੁ] ਸ਼ਬਦ ਦਾ ਅਰਥ ਕਾਫਲਾ ਕਰਦੇ ਹਨ। [ਨਾਮੁ ਭਲੋ ਪਤਿ ਸਾਥੁ] ਵਿਚ [ਸਾਥੁ] ਥੱਥੇ ਅੱਖਰ ਨੂੰ ਔਂਕੜ ਲਗਾ ਹੋਇਆ ਹੈ। ਇਸ ਕਰਕੇ ਪੁਲਿੰਗ ਅਤੇ ਇਕ ਬਚਨ ਹੈ। ਗੁਰਬਾਣੀ ਦੇ ਨੇਮਾਂ ਅਨੁਸਾਰ ਇਸ ਦਾ ਸਾਥੀ ਅਰਥ ਨਹੀਂ ਹੋ ਸਕਦਾ। ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਅਪਣੇ ਕੀਤੇ ਸਟੀਕ ਦੀ ਸੱਤਵੀਂ ਪੋਥੀ ਦੇ ਪੰਨੇ ੪੨ ਉਤੇ ਇਕ ਨੋਟ ਦਿੱਤਾ ਹੈ। ਉਹ ਲਿਖਦੇ ਹਨ ਲਫ਼ਜ਼ 'ਸਾਥੁ' ਅਤੇ 'ਸਾਥਿ' ਦਾ ਫ਼ਰਕ ਚੇਤੇ ਰਖਣ ਯੋਗ ਹੈ। 'ਸਾਥੁ' ਨਾਂਵ ਹੈ ਅਤੇ 'ਸਾਥਿ' ਸਬੰਧਕ ਹੈ ਦੇਖੋ ਗੁਰਬਾਣੀ ਵਿਆਕਰਣ। ਪ੍ਰੋਫੈਸਰ ਸਾਹਿਬ ਸਿੰਘ ਜੀ ਗੁਰਬਾਣੀ ਦੇ ਨਿਯਮਾਂ ਨੂੰ ਜਾਣਦੇ ਹੋਏ ਏਥੇ [ਸਾਥੁ] ਸ਼ਬਦ ਦੇ ਅਰਥ ਸਾਥੀ ਕਰਕੇ ਉਕਾਈ ਖਾ ਗਏ ਹਨ। ਇਹਨਾਂ ਵਾਂਗ ਹੀ ਸ਼ਬਦਾਰਥੀਏ, ਭਾ: ਸ: ਡਾ: ਵੀਰ ਸਿੰਘ, ਗਿ. ਸੰਤ ਕ੍ਰਿਪਾਲ ਸਿੰਘ, ਗੁਰਬਾਣੀ ਪਾਠ ਦਰਸ਼ਨ ਵੀ ਗੁਰਬਾਣੀ ਦੇ ਨੇਮਾਂ ਦੀ ਉਲੰਘਣਾ ਕਰ ਗਏ ਹਨ ਪਰ, ਪੰਡਿਤ ਤਾਰਾ ਸਿੰਘ ਨਰੋਤਮ, ਪ੍ਰਯਾਇ ਸੁਤੇ ਪ੍ਰਕਾਸ਼, ਪੰਡਿਤ ਨਰੈਣ ਸਿੰਘ ਸਟੀਕ ਫਰੀਦਕੋਟ, ਇਹਨਾਂ ਚੌਹਾਂ ਟੀਕਾਕਾਰਾਂ ਨੇ ਪਾਠ [ਸਾਖੁ] ਹੀ ਮੰਨਿਆ ਅਤੇ ਛਾਪਿਆ ਹੈ। ਦੂਜਾ ਪਾਠ ਇਹਨਾ ਨਹੀਂ ਮੰਨਿਆ ਅਤੇ ਛਾਪਿਆ ਵੀ ਨਹੀਂ। [ਪਤਿ ਸਾਖੁ] ਦਾ ਇਹ ਅਰਥ ਕੀਤਾ ਹੈ। "ਗੁਰੂ ਦੀ ਸਿਖਿਆ ਦੁਆਰਾ ਜਿਨਾਂ ਦੇ ਮਨ ਵਿਚ ਸੱਚਾ ਨਾਮ ਵਸ ਜਾਂਦਾ ਹੈ ਉਹਨਾਂ ਦੀ ਇਸ ਲੋਕ ਵਿਚ [ਪਤਿ] ਚੰਗੀ ਇਜ਼ਤ ਅਤੇ ਪ੍ਰਲੋਕ ਵਿਚ ਨੇਕ ਸ਼ੋਹਰਤ ਬਣੀ ਰਹਿੰਦੀ ਹੈ।" ਇਹਨਾਂ ਚੌਹਾਂ ਟੀਕਾਕਾਰਾਂ ਦੇ ਅਰਥਾਂ ਤੋਂ ਸਿਧ ਹੁੰਦਾ ਹੈ ਕਿ ਸ਼ੁਧ ਪਾਠ 'ਸਾਖੁ' ਹੀ ਹੈ।

ਗੁਰਬਾਣੀ ਅੰਦਰ 'ਪਤਿ ਸਾਥੁ' ਸ਼ਬਦ ਕਿਤੇ ਵੀ ਇਕੱਠੇ ਨਹੀਂ ਆਏ। ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਥੇ ਦੇ ਨਾਲ 'ਸਾਥੁ' ਸ਼ਬਦ ਸਿਰਫ ਤਿੰਨ ਵਾਰ ਆਇਆ ਹੈ। ਜਿਸ ਦਾ ਅਰਥ ਤਿੰਨਾਂ ਹੀ ਥਾਵਾਂ ਤੇ 'ਕਾਫਲਾ' ਜਾਂ ਸੰਗ ਹੈ। ਏਥੇ ਇਸ ਦਾ ਇਹ ਅਰਥ ਢੁਕਦਾ ਨਹੀਂ। ਪਰ 'ਪਤਿ ਸਾਖੁ' ਪਾਠ ਕਈ ਥਾਵੀਂ ਇਕੱਠਾ ਆਇਆ ਹੈ। ਪੁਸ਼ਟੀ ਲਈ ਕੁਝ ਤੁਕਾਂ ਹੇਠ ਦਰਜ ਕੀਤੀਆਂ ਜਾਂਦੀਆਂ ਹਨ ॥

(ੳ) ਜਿਉ ਭਾਵੈ ਤਿਉ ਰਾਖਹਿ ਰਾਖੁ ॥ ਜਸੁ ਜਾਚਉ ਦੇਵੈ ਪਤਿ ਸਾਖੁ ॥ [ਪੰਨਾ ੯੩੧]
(ਅ) ਸੰਤ ਸੰਗਤਿ ਮੇਲਾਪੁ ਕਰਿ, ਹਰਿ ਨਾਮੁ ਮਿਲੈ ਪਤਿ ਸਾਖੁ ॥ [ਪੰਨਾ ੯੯੫]
(ੲ) ਬਿਨੁ ਹਰਿ ਰਸ ਰਾਤੇ, ਪਤਿ ਨ ਸਾਖੁ ॥ [ਪੰਨਾ ੧੧੮੯]
(ਸ) ਬਿਨੁ ਸਬਦੈ, ਨਾਹੀ ਪਤਿ ਸਾਖੈ ॥ [ਪੰਨਾ ੯੪੨]

ਗੁਰਬਾਣੀ ਦੀਆਂ ਇਹ ਪੰਗਤੀਆਂ 'ਸਾਖੁ' ਪਾਠ ਦੀ ਪ੍ਰੋੜਤਾ ਕਰਦੀਆਂ ਹਨ। ਹੁਣ ਕੁਝ ਪ੍ਰਚੀਨ ਬੀੜਾਂ ਦਾ ਹਵਾਲਾ ਦਿੱਤਾ ਜਾਂਦਾ ਹੈ ਜਿਨਾ ਬੀੜਾਂ ਵਿਚ ਪਾਠ 'ਸਾਖ' ਆਇਆ ਹੈ।*

---

*ਬੀੜ ਨੰ: ੧,੪/੩, ੪੨/੩੨੯੧, ੫, ੩੮/੧੭੩, ੪੮, ੫੪ ਅਤੇ ੫੫
(ਨੋਟ) ਇਹ ਬੀੜਾਂ ਸਿਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਇਸ ਵੇਲੇ ਮੌਜੂਦ ਹਨ।

ਏਸੇ ਤਰਾਂ ਹੀ ਹੋਰ ਵੀ ਬੇਅੰਤ ਪਾਠਾਂਤ੍ਰ ਭੇਦ ਹਨ ਹਨ ਜਿਨ੍ਹਾਂ ਬਾਰੇ ਵਿਸਤਰਤ ਵਿਚਾਰ ਵਟਾਂਦਰਾ ਕੀਤਾ ਜਾ ਸਕਦੀ ਹੈ ਪਰ ਸਮੇਂ ਦੀ ਥੁੜ ਕਾਰਨ ਅਤੇ ਵਿਸਥਾਰ ਦੇ ਡਰ ਤੋਂ ਐਸਾ ਨਹੀਂ ਕੀਤਾ ਗਿਆ। ਸਿਰਫ ਵਿਦਵਾਨਾਂ ਦੀ ਜਾਣਕਾਰੀ ਲਈ ਹੋਰ ਕੁਝ ਪਾਠਾਂਤ੍ਰ ਭੇਦਾਂ ਦਾ ਵੇਰਵਾ ਦਿੱਤਾ ਜਾਂਦਾ ਹੈ।

ਪੰਨਾ	ਛਾਪੇ ਦੀਆਂ ਖੋਟਾਂ	ਪਰਾਚੀਨ ਬੀੜਾਂ
੨	ਮੂਹੋ ਕਿ ਬੋਲਣੁ ਬੋਲੀਐ	ਮੁਹੌ
"	ਕਰਮੀ ਆਵੈ ਕਪੜਾ ਨਦਰੀ ਮੋਖੁਦੁਆਰ ॥	ਮੋਖੁਦੁਆਰੁ ॥
"	ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥	ਕੋਇ
"	ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥	ਧਰੇਇ
"	ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥	ਦੇਇ
"	ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ।	ਕਰੇਇ
੩	ਧੌਲੁ ਧਰਮੁ ਦਇਆ ਕਾ ਪੂਤੁ ॥	ਧਉਲੁ
"	ਕੇਤਾ ਤਾਣੁ ਸੁਆਲਿਹੁ ਰੂਪੁ ॥	ਸੁਆਲਿਉ
"	ਕੇਤੀ ਦਾਤਿ ਜਾਣੈ ਕੌਣੁ ਕੂਤੁ ॥	ਕਉਣੁ
੪	ਪਾਣੀ ਧੋਤੈ ਉਤਰਸੁ ਖੇਹ ॥	ਉਤਰਸਿ
	ਓਹੁ ਧੋਪੈ ਨਾਵੈ ਕੈ ਰੰਗਿ	ਓਹ
"	ਵੇਲ ਨ ਪਾਈਆ ਪੰਡਤੀ	ਪੰਡਿਤੀ
੫	ਕੇਤੇ ਲੈ ਲੈ ਮੁਕਰੁ ਪਾਹਿ ॥	ਮੁਕਰਿ
੬	ਜੇ ਕੋ ਆਖੈ ਬੋਲੁ ਵਿਗਾੜੁ ॥	ਬੋਲੁਵਿਗਾੜੁ
"	ਸੋਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ,	ਤੁਧਨੋ
"	ਗਾਵਨਿ ਪੰਡਿਤ ਪੜਨਿ ਰਖੀਸਰ	ਰਿਖੀਸਰ
"	ਗਾਵੈ ਪਵਣ ਪਾਣੀ ਬੈਸੰਤਰ	ਬੈਸੰਤਰ
੧੨	ਪੰਕਜੁ ਮੋਹ ਪਗੁ ਨਹੀ ਚਾਲੈ,	ਪੰਕਜ
੧੩	ਧੂਪੁ ਮਲਆਨਲੋ ਪਵਣੁ ਚਵਰੋ ਕਰੇ;	ਮਲਿਆਨਲੋ
"	ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥	ਵੇਲਾ
੨੧	ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥	ਖਲਹਾਨੁ
੨੨	ਮਨ ਮਹਿ ਮਾਣਕੁ ਲਾਲੁ ਨਾਮੁ;	ਮਾਣਿਕੁ
੨੩	ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥	ਵਿਗੁਤੀ
"	ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ	ਅਵਗੁਣ
੨੪	ਸਤਗੁਰ ਕਾ ਭਾਣਾ ਮੰਨਿ ਲਈ;	ਸਤਿਗੁਰ
੨੬	ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰਧਾਰਿ	ਉਰਿਧਾਰਿ
੪੧	ਆਵ ਘਟੈ ਨਰੁ ਨਾ ਬੁਝੈ,	ਆਵ
੫੧	ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥	ਮਾਨ ਅਪਮਾਨ ਮਧੇ
੭੭	ਗੁਣ ਸੰਜਮਿ ਜਾਵੈ ਚੋਟ ਨ ਖਾਵੈ,	ਸੰਜਮਿ
੯੧	ਏਕੁ ਸੁਆਨੁ ਕੈ ਘਰਿ ਗਾਵਣਾ ॥	ਸੁਆਨੁ
੯੨	ਐਸਾ ਤੈਂ ਜਗੁ ਭਰਮਿ ਲਾਇਆ ॥	ਭੁਲਾਇਆ

੯੩. ਕਨਕ ਕਟਕ ਜਲ ਤਰੰਗ ਜੈਸਾ,	ਕਨਿਕ
੯੯ ਅਕਾਲ ਮੂਰਤਿ ਅਜੂਨੀ ਸੈਭੰ,	ਸੈਭਉ
੧੧੭ ਆਪੇ ਦੇਵੈ ਸਬਦਿ ਬੁਲਾਇ ॥	ਸਦਿ
੧੩੪ ਦੂਜੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥	ਪਈਅਸੁ ॥
" ਹਥ ਮਰੋੜੈ ਤਨੁ ਕਪੇ,	ਕੰਪੇ
੧੩੫ ਮੰਘਿਰਿ ਪ੍ਰਭੁ ਆਰਾਧਣਾ,	ਮੰਘਿਰਿ
" ਜੀਅ ਕੀ ਬਿਰਥਾ ਸੋ ਸੁਣੇ ਹਰਿ ਸੰਮ੍ਰਿਥ ਪੁਰਖੁ ਅਪਾਰੁ ॥	ਸੰਮ੍ਰਥ ॥
੧੩੭ ਕਰੇ ਸਿਗੀਰ ਪੁਕਾਰੀ·ਧਾਹ ॥	ਸੰਗੀਤ
੧੪੨ ਤਜਿ ਨਾਮੁ ਕਾਮਿਨੀ ਮੋਹ ਤਜੇ;	ਕਾਮਨੀ
੧੬੨ ਜੈਸੀ ਧਰਤੀ ਊਪਰ ਮੇਘੁਲਾ ਬਰਸਤੁ ਹੈ;	ਜੈਸੇ
੧੬੭ ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ ॥	ਅਨਿਕ
੧੯੯ ਦਾਰਨ ਦੁਖ ਦੁਤਰ ਸੰਸਾਰੁ ॥	ਦਾਰੁਨ
੨੦੧ ਗਰਧਪ ਵਾਂਗੂ ਲਾਹੇ ਪੰਟ ॥	ਗਰਧਭ
੨੧੩ ਜਉ ਹੋਇ ਦੈਆਲੁ ਸਤਿਗੁਰੁ ਅਪੁਨਾ,	ਦਇਆਲੁ
੨੧੪ ਰਾਗੁ ਗੋੜੀ ਮਾਲਵਾ	ਗਉੜੀ
ਆਖੈ ਬਿਖਮ ਪੰਥੁ ਭੈਆਨ ॥	ਭਇਆਨ
੨੧੯ ਜਨ ਨਾਨਕ ਇਹੁ ਖੇਲੁ ਕਠਨੁ ਹੈ;	ਕਠਿਨ
੨੨੭ ਨਾਨਕ ਕਹਤ ਗਾਇ ਕਰੁਨਾਮੈ:	ਕਰੂਣਾ ਮੈ
੨੪੮ ਭਾਗਿਆ ਕਰਹੁ ਛਹਿਆ ਅਭਿਮਾਨੁ,	ਛਹਿਆ
੨੫੯ ਪਰਪਚ ਧੁੰਧ ਮੋਹ ਮਿਟਨਾਈ ॥	ਪਰਪੰਚ
੨੬੭ ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥	ਗੁਰਦਭ
੨੭੦ ਜਿਹ ਪ੍ਰਸਾਦਿ ਪਾਈ ਦੁਲਭ ਦੇਹ	ਦੁਰਲਭ
੨੭੧ ਸਰਬ ਰੰਗ ਕਾ ਅਵਿਖੰਡ ਨਾਮੁ ॥	ਅਖੰਡ
੨੭੪ ਪਸੂ ਪ੍ਰੇਤ ਮੁਘਦ ਪਾਥਰ ਕਉ ਤਾਰੈ ॥	ਮੁਗਧ
੨੮੪ ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥	ਰਾਜਾ
੨੯੧ ਕਰਿ ਸਗਨ ਅਪਸਗਨ ਕਹਾ ਬੀਚਾਰੈ ॥	ਸਗੁਨ ਅਪਸਗੁਨ
੨੯੩ ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥	ਸਾਮਗ੍ਰੀ
੩੩੪ ਸਰਬਸੁ ਛੋਡਿ ਮਹਾ ਰਸੁ ਪੀਜੈ ॥	ਸਰਬ ਰਸੁ
੩੪੧ ਦਸਵੈ ਦੁਆਰਿ ਕੁੰਚੀ ਜਬ ਦੀਜੈ ॥	ਕੁੰਜੀ
੩੪੨ ਅਬ ਜਗੁ ਜਾਨਿ ਜਉ ਮਨਾ ਰਹੈ ॥	ਜਉ ਉਨਮਨਿ ਰਹੈ
੩੪੬ ਐਸਾ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥	ਉਰਵਾਰ ਪਾਰੁ
" ਮੈ ਸਉ ਕੋਊ ਨ ਕਹੈ ਸਮਝਾਇ ॥	ਮੋ ਕਉ
੩੫੫ ਪਾਹਰੂਅਰਾ ਛਬਿ ਚੋਰੁ ਨ ਲਾਗੈ ॥	ਪਾਹਰੂ ਅਛਤ
੩੮੫ ਸਗਲ ਸੂਖ ਜਾ ਕੈ ਚਿਤਿ ਆਵੈਂ ॥	ਆਵੇਂ
[illegible] ਜੀ ॥	ਅਨਿਕ

[illegible] ॥

[illegible] ॥

[illegible] ॥

[illegible] ॥

[illegible] ॥

[illegible] ॥

[illegible] ॥

[illegible] ॥

[illegible] ॥

[illegible] ॥

ਗੁਰਬਾਣੀ ਦੇ ਰਸੀਏ ਖੋਜੀ ਅਤੇ ਅਖੰਡ ਕੀਰਤਨੀ ਜਥੇ ਦੇ ਪ੍ਰਮੁੱਖ ਵਿਦਵਾਨ ਗਿ. ਜੁਗਿੰਦਰ ਸਿੰਘ 'ਤਲਵਾੜਾ' ਜੀ 'ਗੁਰਬਾਣੀ ਦਾ ਸਰਲ ਵਿਆਕਰਣ ਬੋਧ' ਪੁਸਤਕ ਦੇ ਪਹਿਲੇ ਭਾਗ ਵਿਚ ਲਿਖਦੇ ਹਨ: "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੂਲਕ-ਅੰਗੀ ਨਾਸਕੀ ਚਿੰਨ੍ਹਾਂ ਦੀ ਵੀ ਵਰਤੋਂ ਮਿਲਦੀ ਹੈ ਅਤੇ ਵਿਆਕਰਣਿਕ ਨਾਸਕੀ ਚਿੰਨਾਂ ਦੀ ਵੀ। ਗੁਰਬਾਣੀ ਦਾ ਪਾਠ ਕਰਦੇ ਸਮੇਂ ਵੇਖਣ ਵਿਚ ਆਉਂਦਾ ਹੈ ਕਿ ਛਾਪੇ ਦੀਆਂ ਬੀੜਾਂ ਵਿਚ ਓਹੀ ਸ਼ਬਦ ਕਿਧਰੇ ਨਾਸਕੀ-ਚਿੰਨ੍ਹਾਂ ਸਹਿਤ ਮਿਲਦੇ ਹਨ ਅਤੇ ਕਿਧਰੇ ਇਨ੍ਹਾਂ ਤੋਂ ਬਗੈਰ। ਮੂਲਕ-ਅੰਗੀ ਨਾਸਕੀ ਚਿੰਨ੍ਹ ਬਹੁਤ ਹੱਦ ਤਕ ਲੱਗੇ ਹੋਏ ਹਨ; ਬਾਕੀ ਸੰਭਵ ਹੈ ਛਾਪੇ ਦੀ ਉਕਾਈ ਕਾਰਨ ਲੱਗਣ ਤੋਂ ਰਹੇ ਹੋਣ। ਇਸ ਪੱਖ ਵੱਲ ਪੰਥਕ ਪੱਧਰ 'ਤੇ ਧਿਆਨ ਦੇ ਕੇ ਪੁਰਾਤਨ ਪ੍ਰਮਾਣਿਕ ਮੂਲ-ਬੀੜਾਂ ਤੋਂ ਅਗਵਾਈ ਲਏ ਜਾਣ ਦੀ ਲੋੜ ਭਾਸਦੀ ਹੈ।" {ਪੰਨਾ ੪੫}

ਕੇਂਦਰੀ ਸਿੰਘ ਸਭਾ ਦੇ ਜਨਰਲ ਸਕੱਤਰ ਤੇ ਸਿੰਘ ਸਭਾ ਪਤ੍ਰਕਾ ਦੇ ਸੁਘੜ ਐਡੀਟਰ ਗਿਆਨੀ ਗੁਰਦਿੱਤ ਸਿੰਘ ਜੀ ਹੁਰਾਂ ਨੇ ਵੀ ਦਸੰਬਰ ੧੯੭੮ ਦੀ ਮਾਸਿਕ ਪਤ੍ਰਕਾ ਵਿਚ ਉਪਰੋਕਤ ਸੱਚ ਦੀ ਗਵਾਹੀ ਭਰਦਿਆਂ ਪੰਥਕ ਆਗੂਆਂ ਨੂੰ ਇਉਂ ਸਲਾਹ ਦਿੱਤੀ ਸੀ: "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਲਈ ਪਹਿਲੀ ਤੇ ਬੁਨਿਆਦੀ ਗੱਲ ਸ਼ੁਧ ਪਠਨ-ਪਾਠ ਅਤੇ ਪ੍ਰਾਚੀਨ ਹੱਥ-ਲਿਖਤੀ ਬੀੜਾਂ ਦੇ ਅਧਾਰ ਉੱਤੇ ਬਾਣੀ ਦੇ ਠੀਕ ਭਾਵਾਂ ਤੱਕ ਪੁੱਜਣ ਦੀ ਹੈ। ਇਸ ਲਈ ਪਿਛਲੇ ਵੀਹ-ਪੰਝੀ ਸਾਲਾਂ ਤੋਂ ਬੀੜਾਂ ਅਤੇ ਪ੍ਰਾਚੀਨ ਪੋਥੀਆਂ ਦੀ ਖੋਜ ਪੜਤਾਲ ਦਾਸ ਨੇ ਕੀਤੀ ਹੈ, ਜਿਸ ਤੋਂ ਬਹੁਤ ਕੁਝ ਉਹ ਪ੍ਰਗਟ ਹੁੰਦਾ ਹੈ ਜਿਸ ਨੂੰ ਅਸੀਂ ਜਾਣਦੇ ਨਹੀਂ। ਪ੍ਰਗਟ ਹੋਣ 'ਤੇ ਅਜਨਬੀ ਲੱਗੇਗਾ। ਚਾਰ-ਪੰਜ ਸਾਲ ਤੋਂ ਛਪੀਆਂ-ਅਣਛਪੀਆਂ ਬੀੜਾਂ ਦੇ ਪਾਠ ਭੇਦ, ਸ਼ੁਧ-ਅਸ਼ੁਧ ਪਦ-ਜੋੜਾਂ ਬਾਰੇ ਲਗਾਂ ਮਾਤਰਾਂ ਦਾ ਨਿਰਣਯ, ਸਿਦਕਵਾਨ ਭਾਈ ਜੋਗਿੰਦਰ ਸਿੰਘ (ਤਲਵਾੜਾ) ਜੀ ਕੁਝ ਸਾਥੀਆਂ ਸਮੇਤ ਮਿਲ ਕੇ ਕਰ ਰਹੇ ਹਨ। ਗੁਰਬਾਣੀ ਦੇ ਹੋਰ ਵਿਦਵਾਨ ਗੁਰਮੁਖਾਂ ਨਾਲ ਵੀ ਸਮੇਂ-ਸਮੇਂ ਵਿਚਾਰਾਂ ਹੁੰਦੀਆਂ ਰਹੀਆਂ ਹਨ। ਮੁੱਢਲਾ ਲਕਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਧ ਪਾਠ ਨਿਰਧਾਰਤ ਕੀਤੇ ਜਾਣ ਦਾ ਹੈ, ਜਿਸ ਦੇ ਸੂਖਮ ਉਚਾਰਨਾਂ, ਪਾਠ ਭੇਦਾਂ ਦਾ ਵੱਧ ਤੋਂ ਵੱਧ ਵਿਦਵਾਨਾਂ ਦੇ ਮੇਲ ਨਾਲ ਨਿਰਣਾ ਹੋਵੇ।"

ਸ਼੍ਰੋਮਣੀ ਕਮੇਟੀ ਦੁਆਰਾ ਜਨਵਰੀ ੧੯੭੭ ਵਿਚ ਪ੍ਰਕਾਸ਼ਤ ਕੀਤੀ 'ਪਾਠ-ਭੇਦ ਸੂਚੀ' ਦੇ ਵਿਦਵਾਨਾਂ ਨੇ ਕਮੇਟੀ ਵੱਲੋਂ ਛਾਪੀਆਂ ਜਿਹੜੀਆਂ ਸੰਥਾ ਸੈਂਚੀਆਂ ਦੇ ਪਾਠ ਨੂੰ ਮੂਲ ਅਧਾਰ ਮੰਨ ਕੇ ਅਤੇ ਪ੍ਰਾਚੀਨ ਹੱਥ ਲਿਖਤੀ ਬੀੜਾਂ ਵਿਚੋਂ ਖੋਜ ਕੇ ੫੦੦੦ ਦੇ ਲਗਭਗ ਪਾਠ-ਭੇਦ ਲੱਭੇ ਅਤੇ ਕਮੇਟੀ ਨੂੰ ਸੁਧਾਈ ਲਈ ਦੱਸੇ ਸਨ, ਉਨ੍ਹਾਂ ਸੰਥਾ ਸੈਂਚੀਆਂ ਬਾਬਤ ਇੱਕ ਵਿਸ਼ੇਸ਼ ਨੋਟ ਇੰਞ ਲਿਖਿਆ

ਹੈ:

ਨੋਟ: ਸੰਚੀਆਂ ਵਿਚ ਸਬਦਾਂਤਿਕ ਲਗਾਂ-ਮਾਤ੍ਰਾਂ ਦਾ ਬਹੁਤ ਘੱਟ ਖਿਆਲ ਰੱਖਿਆ ਗਿਆ ਹੈ। ਹਾਲਾਂਕਿ ਗੁਰਬਾਣੀ ਵਿਚ ਲਗ-ਮਾਤ੍ਰ (ਸਿਹਾਰੀ ਤੇ ਅਉਂਕੜ ਆਦਿ) ਵੀ ਸਾਰਥਕ ਹਨ, ਤੇ ਇਨ੍ਹਾਂ ਤੋਂ ਬਿਨਾਂ ਅਰਥਾਂ ਵਿਚ ਬਹੁਤ ਫਰਕ ਤੇ ਝਮੇਲਾ ਪੈ ਜਾਂਦਾ ਹੈ। ਇਹ ਘਾਟ, ਲਿਖਾਰੀਆਂ ਤੇ ਪ੍ਰਕਾਸ਼ਕਾਂ ਦੇ ਅਰਥ-ਬੋਧ ਅਗਿਆਨ ਦੀ ਸੂਚਕ ਹੈ। ਅਸਾਂ ਇਸ ਘਾਟ ਨੂੰ ਪੂਰਿਆਂ ਕਰਨ ਦਾ ਵਿਤੁ-ਅਨੁਸਾਰ ਜਤਨ ਕੀਤਾ ਹੈ। ਪੁਰਾਤਨ ਲਿਖਤਾਂ ਦੇ ਹਵਾਲੇ ਵੀ ਕਾਫੀ ਦਿੱਤੇ ਹਨ। {ਪਾਠ ਭੇਦ ਸੂਚੀ-ਪੰਨਾ ੧੭}

ਜਿਵੇਂ ਸੰਥਾ ਸੈਂਚੀਆਂ ਦੇ ਛਾਪੇ ਦਾ ਮੂਲ ਪਾਠ ਸੀ: ਪੂਰੈ ਤਖਤਿ ਨਿਵਾਸ॥ {ਪੰਨਾ ੧੭} ਵਿਦਵਾਨ ਸੱਜਣਾਂ ਦੀ ਦ੍ਰਿਸ਼ਟੀ ਵਿਚ 'ਨਿਵਾਸ' ਪਾਠ ਅਸ਼ੁਧ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ੫੭ ਵਾਰ ਇੱਕ ਵਚਨ ਸਧਾਰਨ ਨਾਂਵ ਵਜੋਂ 'ਨਿਵਾਸੁ' ਪਦ ਅੰਤਕ ਔਂਕੜ ਸਹਿਤ ਵਰਤਿਆ ਮਿਲਦਾ ਹੈ। ਉਨ੍ਹਾਂ ਦੀ ਖੋਜ ਮੁਤਾਬਿਕ ੫, ੩੨/੬੨੯੧ ਅਤੇ ੪੦/੨੩੬ ਨੰਬਰ ਹੱਥ ਲਿਖਤ ਬੀੜਾਂ 'ਨਿਵਾਸੁ' ਪਾਠ ਦੀ ਪ੍ਰੋੜ੍ਹਤਾ ਕਰਦੀਆਂ ਹਨ, ਕਿਉਂਕਿ ਉਪਰੋਕਤ ਬੀੜਾਂ ਵਿਚ ਅੰਤਕ ਔਂਕੜ ਲਿਖਿਆ ਮਿਲਦਾ ਹੈ।

ਛਾਪੇ ਦੀ ਮੌਜੂਦਾ ਬੀੜ ਵਿੱਚ ਜਪੁ-ਜੀ ਅੰਦਰ ੫ ਵਾਰ ਕਨੌੜੇ ਦੀ ਵਰਤੋਂ ਮਿਲਦੀ ਹੈ। ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ 'ਪਾਠ-ਭੇਦ ਸੂਚੀ' ਅਨੁਸਾਰ ਪੁਰਾਤਨ ਹੱਥ ਲਿਖਤੀ ਬੀੜਾਂ ਮੁਤਾਬਿਕ ਚਉਥੀ (ਮੁਹੋਂ), ੨੧ਵੀਂ (ਆਪੋਂ) ਤੇ ੩੨ਵੀਂ (ਜੀਭੋਂ) ਪਉੜੀ ਵਿਚ ਹੋੜੇ ਤੋਂ ਪਹਿਲਾਂ ਬਿੰਦੀ ਸੀ, ਜੋ ਪੁਰਾਤਨ ਹੱਥ-ਲਿਖਤੀ ਬੀੜਾਂ ਦੀ ਲਿਖਣ ਸ਼ੈਲੀ ਤੋਂ ਨਾਵਾਕਫ਼ ਪ੍ਰਕਾਸ਼ਕਾਂ ਨੇ ਭੁਲੇਖੇ ਨਾਲ ਕਨੌੜਾ ਬਣਾ ਦਿੱਤਾ। ਗੁਰਬਾਣੀ ਵਿਆਕਰਣ ਅਨੁਸਾਰ 'ਮੁਹੋਂ' ਲਫ਼ਜ਼ ਅਪਾਦਾਨ ਕਾਰਕ ਨਾਂਵ ਹੈ, ਇਸ ਲਈ ਅੰਤ ਹੋੜਾ ਤੇ ਬਿੰਦੀ ਲੋੜੀਂਦੀ ਹੈ। ਪ੍ਰੋ. ਹਰਜਿੰਦਰ ਸਿੰਘ ਘਰਸਾਣਾ ਵੀ ਇਹੀ ਸ਼ੁਧ ਰੂਪ ਮੰਨਦੇ ਹਨ। 'ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਣੈ ਸਟੀਕ' ਦੀਆਂ ਉਚਾਰਨ ਸੇਧਾਂ ਵਿਚ ਸ਼ੁਧ ਉਚਾਰਣ 'ਮੁਹੋਂ' ਹੀ ਮੰਨਿਆ ਹੈ। ਇਸੇ ਤਰ੍ਹਾਂ 'ਪਾਠ ਭੇਦ ਸੂਚੀ' ਮੁਤਾਬਿਕ ੧੬ਵੀਂ ਪਉੜੀ ਦੇ "**ਧੌਲੁ** ਧਰਮੁ...॥' ਅਤੇ "...ਜਾਣੈ **ਕੌਣੁ** ਕੂਤੁ॥" ਤੁਕਾਂਸ਼ਾਂ ਵਿਚਲੇ 'ਧੌਲੁ' ਤੇ 'ਕੌਣੁ' ਲਫ਼ਜ਼ਾਂ ਨੂੰ ਪੁਰਾਤਨ ਹੱਥ-ਲਿਖਤ ਬੀੜਾਂ ਵਿਚ 'ਧਉਲੁ' ਤੇ 'ਕਉਣੁ' ਲਿਖਿਆ ਮਿਲਦਾ ਹੈ, ਕਿਉਂਕਿ ਉਸ ਮੌਕੇ ਕਨੌੜੇ ਦੀ ਵਰਤੋਂ ਬਹੁਤ ਘੱਟ ਸੀ। ਇਹ ਗੁਰਮੁਖੀ ਲਿਖਤ ਦੀ ਪੁਰਾਤਨਤਾ ਦਾ ਪ੍ਰਮਾਣ ਹੈ। ਜਪੁ-ਜੀ ਤੋਂ ਇਲਾਵਾ ਸਮਗਰ ਗੁਰਬਾਣੀ ਵਿਚ 'ਧੌਲ' ਤੇ 'ਕੌਣ' ਲਫ਼ਜ਼ ਨਹੀਂ ਮਿਲਦੇ। 'ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਣੈ ਸਟੀਕ' ਦੇ ਪੰਨਾ ੧੩੦ 'ਤੇ ਗਿਆਨੀ ਹਰਿਬੰਸ ਸਿੰਘ

ਪਟਿਆਲਾ ਲਿਖਦੇ ਹਨ: ਗੁਰਬਾਣੀ ਵਿਚ ਕਉਣ, ਕਉਣੁ, ਕਉਨ, ਕਵਣ, ਕਵਨ, ਕਵਨੁ, ਸਰੂਪਾਂ ਦੀ ਵਰਤੋਂ ਆਮ ਮਿਲਦੀ ਹੈ। ਪੁਰਾਤਨ ਬੀੜਾਂ ਵਿਚ ਇਸ ਪੰਕਤੀ ਦਾ 'ਕਉਣੁ' ਸਰੂਪ ਉਪਲਬਧ ਹੈ।

ਜਥੇਦਾਰ ਵੇਦਾਂਤੀ ਜੀ ਦੁਆਰਾ ਸੋਧੇ ਅਤੇ 'ਸਿੱਖ ਬੁੱਕ ਕਲੱਬ ਅਮਰੀਕਾ' ਦੁਆਰਾ ਆਪਣੀ ਵੈਬਸਾਈਟ ਰਾਹੀਂ ਪੰਥਕ ਵਿਚਾਰ ਹਿਤ ਪ੍ਰਕਾਸ਼ਤ ਕੀਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੀ ਪਾਵਨ ਬੀੜ ਦੇ ਖਰੜੇ ਨੂੰ ਦਾਸ (ਜਾਚਕ) ਨੇ ਬਹੁਤ ਗੰਭੀਰਤਾ ਸਹਿਤ ਵਿਚਾਰਿਆ ਹੈ। ਉਸ ਦੇ ਪਾਠ-ਦਰਸ਼ਨ ਉਪਰੰਤ ਦਾਸ ਨੂੰ ਤਾਂ ਵੇਦਾਂਤੀ ਜੀ ਦੇ ਸੋਧੇ ਹੋਏ ਵਧੇਰੇ ਪਾਠਾਂਤਰ ਓਹੀ ਜਾਪੇ ਹਨ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿੰਘ ਸਾਹਿਬਾਨ ਦੀ ਅਗਵਾਈ ਵਿਚ ਸਥਾਪਤ ਕਮੇਟੀਆਂ (ਸੰਨ ੧੯੭੪-੭੭ ਅਤੇ ੧੯੯੬-੨੦੦੨) ਦੇ ਖੋਜੀ ਵਿਦਵਾਨਾਂ, ਸਿੰਘ ਸਾਹਿਬਾਨਾਂ, ਟੀਕਾਕਾਰਾਂ, ਸਿੱਖ ਮਿਸ਼ਨਰੀ ਸੰਸਥਾਵਾਂ ਦੇ ਸਤਿਕਾਰਤ ਅਧਿਆਪਕਾਂ ਅਤੇ ਗੁਰਬਾਣੀ ਦੇ ਕਈ ਹੋਰ ਸੂਝਵਾਨ ਤੇ ਰਸੀਏ ਸੱਜਣਾਂ ਨੇ ਗੁਰਬਾਣੀ ਦੀ ਨਿਯਮਾਵਲੀ ਤੇ ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਵਿਚ ਸ਼ੁਧ ਮੰਨਿਆ ਹੈ।

ਇਸ ਖੋਜ-ਖਰੜੇ ਸੰਬੰਧੀ ਹੋਈ ਸ਼ੋਧ ਤੇ ਸੁਧਾਈ ਨੂੰ ਧਿਆਨ ਪੂਰਵਕ ਵਾਚਦਿਆਂ ਸਹਿਜੇ ਹੀ ਸਪਸ਼ਟ ਹੁੰਦਾ ਹੈ ਕਿ ਜਥੇਦਾਰ ਵੇਦਾਂਤੀ ਜੀ ਦੀ ਟੀਮ ਦੁਆਰਾ ਟਕਸਾਲ ਭਿੰਡਰਾਂ ਦੇ ਸਤਿਕਾਰਯੋਗ ਮੁਖੀ ਗਿਆਨੀ ਗੁਰਬਚਨ ਸਿੰਘ 'ਖ਼ਾਲਸਾ' ਜੀ ਦੀ 'ਗੁਰਬਾਣੀ ਪਾਠ ਦਰਸ਼ਨ' ਨਾਂ ਦੀ ਪੁਸਤਕ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ। ਕਾਰਣ ਹੈ ਕਿ ਉਸ ਪੁਸਤਕ ਵਿਚ ਸ੍ਰੀ ਕਰਤਾਰਪੁਰੀ ਤੇ ਦਮਦਮੀ ਬੀੜ ਅੰਦਰਲੇ ਕ੍ਰੀਬਨ ੧੫੦੦ ਪਾਠਾਂਤ੍ਰਾਂ ਦਾ ਜ਼ਿਕਰ ਹੈ, ਭਾਵੇਂ ਕਿ ਉਨ੍ਹਾਂ 'ਚੋਂ ਵਰਨਣ ਸੂਚੀ ਕੇਵਲ ੮੬ ਪਾਠਾਂ ਦੀ ਹੀ ਲਿਖੀ ਗਈ ਹੈ। ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਤ 'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨਾਂ ਦੀ ਪੁਸਤਕ ਦੇ ਅੰਤ ਵਿਚ 'ਗੁਰਬਾਣੀ ਪਾਠ ਦਰਸ਼ਨ' ਤੇ 'ਗੁਰਬਾਣੀ ਪਾਠ ਦਰਪਣ' ਨਾਂ ਦੀਆਂ ਦੋ ਪੁਸਤਕਾਂ ਅੰਦਰਲੇ ੮੬ ਪਾਠ-ਭੇਦਾਂ ਦਾ ਉਹ ਚਿਤ੍ਰ ਭਲੀ-ਭਾਂਤ ਵੇਖਿਆ ਤੇ ਵਾਚਿਆ ਜਾ ਸਕਦਾ ਹੈ।

ਜਥੇਦਾਰ ਵੇਦਾਂਤੀ ਜੀ ਨੇ ਸੰਨ ੧੯੭੪ ਦੇ ਸਮੁੰਦਰੀ ਤੇਜਾ ਸਿੰਘ ਹਾਲ ਵਿਚ ਹੋਏ 'ਸ੍ਰੀ ਗੁਰੂ ਗ੍ਰੰਥ ਵਿਚਾਰ ਸੰਮੇਲਨ' ਮੌਕੇ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੇ ਇੱਕ ਪ੍ਰਸ਼ਨ ਦੇ ਉੱਤਰ ਵਿਚ ਜਾਣਕਾਰੀ ਦਿੱਤੀ ਸੀ ਕਿ 'ਗੁਰਬਾਣੀ ਪਾਠ ਦਰਸ਼ਨ' ਪੁਸਤਕ ਵਾਲੇ ਉਪਰੋਕਤ ਪਾਠਾਂਤਰ ਦੋਹਾਂ ਬੀੜਾਂ ਦੇ ਮਿਲਾਨ ਤੋਂ ਨਹੀਂ ਸਨ ਉਪਜੇ, ਉਹ ਪਾਠਾਂਤਰ ਲਗਭਗ ਓਹੀ ਹਨ ਜਿਹੜੇ ਸ਼੍ਰੋਮਣੀ ਕਮੇਟੀ ਦੁਆਰਾ ਸੰਨ ੧੯੫੨ ਵਿਚ ਛਾਪੀ ਬੀੜ ਰਾਹੀਂ ਉੱਭਰੇ। ਲਗਮਾਤ੍ਰੀ ਪਾਠਾਂਤਰ ੭੩੩ ਤਾਂ

ਉਹੀ ਬਣਦੇ ਹਨ, ਜੋ ਕਮੇਟੀ ਦੇ ਵਿਦਵਾਨਾਂ ਦੀ ਟੀਮ ਨੇ ਪਾਵਨ ਬੀੜ ਦੀ ਛਪਾਈ ਮੌਕੇ ਸੋਧੇ। ਕੁੱਲ ਮੰਗਲਾਚਰਨ ਸਨ ੫੬੭, ਜਿਨ੍ਹਾਂ 'ਚੋਂ ੭੪ ਮੰਗਲ ਪਹਿਲਾਂ ਹੀ ਸਿਰਲੇਖਾਂ ਤੋਂ ਪਹਿਲੇ (ਆਦਿ ਵਿਚ) ਆਪਣੀ ਸਹੀ ਥਾਂ ਛਪ ਰਹੇ ਸਨ। ਬਾਕੀ ਦੇ ੪੯੩ ਮੰਗਲ ਸਨ, ਜਿਹੜੇ ਸ਼੍ਰੋਮਣੀ ਕਮੇਟੀ ਦੀ ਵਿਦਵਾਨ ਮੰਡਲੀ ਨੇ ਹਰੇਕ ਥਾਂ ਸ਼ਬਦਾਂ ਦੇ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿਚ) ਕਰਕੇ ਛਾਪੇ। ਗੁਰਬਾਣੀ ਉਚਾਰਣ ਨਾਲ ਸਬੰਧਤ ੨੫੦ ਦੇ ਲਗਭਗ ਉਹ ਪਦ-ਛੇਦਕ ਪਾਠਾਂਤਰ ਹਨ, ਜਿਨ੍ਹਾਂ ਦਾ ਵੇਰਵਾ 'ਗੁਰਬਾਣੀ ਪਾਠ ਦਰਸ਼ਨ' ਵਿਚੋਂ ਹੁਣ ਵੀ ਪੜ੍ਹਿਆ ਜਾ ਸਕਦਾ ਹੈ। ਇਸ ਪ੍ਰਕਾਰ ਅਜਿਹੇ ਪਾਠ-ਭੇਦਾਂ ਦੀ ਕੁੱਲ ਗਿਣਤੀ ਤਾਂ ਭਾਵੇਂ ੧੪੭੬ ਬਣਦੀ ਹੈ, ਪਰ ਕੁਝ ਵਾਧਾ-ਘਾਟਾ ਹੋਣ ਦੀ ਸੰਭਾਵਨਾ ਕਰਕੇ ਖ਼ਾਲਸਾ ਜੀ ਨੇ 'ਗੁਰਬਾਣੀ ਪਾਠ ਦਰਸ਼ਨ' ਵਿਚ ਤਕਰੀਬਨ ੧੫੦੦ ਲਿਖਵਾ ਦਿੱਤੇ।

ਇਸ ਮੌਕੇ ਕਿਸੇ ਹਾਜ਼ਰੀਨ ਸ੍ਰੋਤੇ ਦੇ ਮੂੰਹੋਂ ਸੁਭਾਵਕ ਸੁਆਲ ਖੜਾ ਹੋਇਆ ਕਿ ਪਾਠ-ਭੇਦਾਂ ਸਬੰਧੀ ਬਾਬਾ ਜੀ ਦਾ ਅਜਿਹਾ ਵਰਨਣ, ਕੀ ਸ਼੍ਰੋਮਣੀ ਕਮੇਟੀ ਦੁਆਰਾ ਛਾਪੀ ਬੀੜ ਸਬੰਧੀ ਕੇਵਲ ਦੁਬਿਧਾ ਪੈਦਾ ਕਰਨ ਦਾ ਹੀ ਇੱਕ ਯਤਨ ਸੀ? ਗਿ. ਵੇਦਾਂਤੀ ਜੀ ਦਾ ਉੱਤਰ ਸੀ ਕਿ, "ਇਸ ਬਾਰੇ ਤਾਂ ਮੈਂ ਕੁਝ ਨਹੀਂ ਕਹਿ ਸਕਦਾ, ਪਰ ਹੁਣ ਮਹਿਸੂਸ ਜ਼ਰੂਰ ਹੁੰਦਾ ਹੈ ਕਿ ਜੇ ਸੰਨ ੧੯੫੨ ਵਿਚ ਸ਼੍ਰੋਮਣੀ ਕਮੇਟੀ ਦੀ ਛਾਪੀ ਬੀੜ ਨੂੰ ਪੰਥਕ ਪੱਧਰ 'ਤੇ ਪ੍ਰਵਾਨ ਕਰ ਲਿਆ ਜਾਂਦਾ ਤਾਂ ਹੋ ਸਕਦਾ ਹੈ ਕਿ ਪਾਠ-ਭੇਦਾਂ ਦਾ ਹੁਣ ਵਾਲਾ ਖਿਲਾਰਾ ਨਾ ਹੀ ਪੈਂਦਾ। ਪਾਠ-ਭੇਦਾਂ ਦਾ ਇਹ ਪਿਟਾਰਾ ਨਾ ਹੀ ਖੁੱਲ੍ਹਦਾ, ਜਿਸ ਨੂੰ ਹੁਣ ਸੰਮੇਟਣਾ ਮੁਸ਼ਕਲ ਹੋ ਰਿਹਾ ਹੈ।"

ਭਾਈ ਸਾਹਿਬ ਭਾਈ ਬਿਧੀ ਚੰਦ ਵਾਲੀ ਜੀ ਦੇ ਨਾਮ ਨਾਲ ਜੋੜੀ ਜਾਂਦੀ 'ਸੁਰਸਿੰਘੀ ਬੀੜ' ਵਿਚ ਭਗਤ ਕਬੀਰ ਸਾਹਿਬ ਜੀ ਦੀ ਬਾਣੀ ਅੰਦਰਲੇ ਕੁਝ ਸ਼ਬਦਾਂ ਦੇ ਸਿਰਲੇਖ 'ਗਉੜੀ ਮਾਲਵਾ' ਦੇ ਵੀ ਹਨ। ਜਿਵੇਂ ਛਾਪੇ ਦੀ ਮੌਜੂਦਾ ਬੀੜ ਦੇ ਪੰਨਾ ੩੩੯ ਉੱਪਰਲੇ ੬੯ਵੇਂ ਸ਼ਬਦ "ਗਉੜੀ ੧੨॥ ਮਨ ਰੇ ਛਾਡਹੁ ਭਰਮ...॥" ਦੇ ਸਿਰਲੇਖ ਦੀ ਥਾਂ 'ਸੁਰਸਿੰਘੀ ਬੀੜ' ਵਿਚ ਪਤਿ (ਪਤਰਾ) ਨੰ. ੨੯੬ ਦੇ ੬੯ਵੇਂ ਸ਼ਬਦ ਦਾ ਸਿਰਲੇਖ ਹੈ "ਗਉੜੀਮਾਲਵਾ॥ ਮਨਰੇਛਾਡਹੁਭਰਮ...॥" ਜਦ ਕਿ ਛਾਪੇ ਦੀ ਮੌਜੂਦਾ ਬੀੜ ਵਿਚ ਭਗਤ ਬਾਣੀ ਅੰਦਰ ਐਸਾ ਕੋਈ ਸਿਰਲੇਖ ਹੈ ਹੀ ਨਹੀਂ। ਜਾਪਦਾ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਐਸੇ ਸਿਰਲੇਖਾਂ ਬਾਰੇ ਦੁਬਿਧਾ ਵਿਚ ਰਹੀ। ਦਾਸ (ਜਾਚਕ) ਦਾ ਖ਼ਿਆਲ ਹੈ ਕਿ ਜੇ ਗੁਰਮਤੇ ਦੀ ਪੰਥਕ ਜੁਗਤਿ ਅਨੁਸਾਰ 'ਗਉੜੀ ਪੂਰਬੀ ਕਬੀਰ ਜੀ' ਵਾਂਗ ' ਗਉੜੀ ਮਾਲਵਾ ਕਬੀਰ ਜੀ' ਸਿਰਲੇਖ ਹੇਠ ਇੱਕ

ਵੱਖਰਾ ਸੰਗ੍ਰਹਿ ਬਣ ਜਾਵੇ ਤਾਂ ਗਉੜੀ ਰਾਗ ਦੇ ਸਾਰੇ ਸਿਰਲੇਖਾਂ ਦਾ ਮਸਲਾ ਹੱਲ ਹੋ ਸਕਦਾ ਹੈ। ਇਸ ਸੁਝਾਅ ਨੂੰ ਜਥੇਦਾਰ ਵੇਦਾਂਤੀ ਜੀ ਖ਼ੁਦ ਮੰਨਦੇ ਸਨ। ਹੁਣ ਜਾਣਕਾਰੀ ਮਿਲੀ ਹੈ ਕਿ ਉਨ੍ਹਾਂ ਨੇ ਉਪਰੋਕਤ ਸੰਗ੍ਰਹਿ ਨੂੰ ਵੀ ਤਰਤੀਬ ਦੇ ਦਿੱਤੀ ਸੀ। {ਪੜ੍ਹੋ! ਅੰਤਿਕਾ ਨੰ. ੨ ਚੇਤਾਵਨੀ ਭਰੀ ਜਾਣਕਾਰੀ}

ਇਸ ਲਈ ਜਥੇਦਾਰ ਵੇਦਾਂਤੀ ਜੀ ਦੁਆਰਾ ਸੋਧੀ ਹੋਈ ਪਾਵਨ ਬੀੜ ਦੇ ਖਰੜੇ ਵਿਖੇ 'ਗਉੜੀ ਪੂਰਬੀ ਕਬੀਰ ਜੀ' ਦੇ ਸੰਗ੍ਰਹਿ ਨੂੰ ਛੱਡ ਕੇ ਬਾਕੀ ਦੇ ਸਾਰੇ ਮੰਗਲਾਂ, ਸਿਰਲੇਖਾਂ, ਸ਼ਬਦਾਂ ਦੀ ਤਰਤੀਬ ਅਤੇ ਜੋੜ-ਅੰਕਾਂ ਆਦਿਕ ਦੀ ਇਕਸਾਰਤਾ ਸਥਾਪਤੀ ਪੱਖੋਂ ਤਾਂ ਕੋਈ ਸੁਆਲ ਹੀ ਨਹੀਂ ਖੜਾ ਹੁੰਦਾ। ਬ-ਕਮਾਲ ਪੇਸ਼ਕਾਰੀ ਹੈ। ਕਾਰਣ ਹੈ ਕਿ ਉਨ੍ਹਾਂ ਦੀ ਟੀਮ ਦੇ ਸਾਰੇ ਮੈਂਬਰ ਇਹ ਮੰਨ ਕੇ ਚੱਲਦੇ ਸਨ ਕਿ ਗੁਰਬਾਣੀ ਵਿਚ ਆਏ ਗੁਰਮਤਿ ਸਿਧਾਂਤਾਂ, ਲਗ-ਮਾਤ੍ਰੀ ਨਿਯਮਾਵਲੀ ਅਤੇ ਅੰਕ-ਨਿਯਮਾਵਲੀ ਸਬੰਧੀ ਗੁਰੂ ਸਾਹਿਬਾਨ ਦੀ ਆਪਸੀ ਸਮਾਨਤਾ ਹੈ, ਪਰ ਵਿਆਕਰਣਿਕ ਦ੍ਰਿਸ਼ਟੀ ਤੋਂ ਅਜੇ ਵੀ ਪਾਠਾਂਤਰਾਂ ਦੀ ਲਿਖਤੀ ਤੇ ਉਚਾਰਣਕ ਸੁਧਾਈ ਤੇ ਸ਼ੁਧਤਾ ਦੀਆਂ ਬਹੁਤ ਸੰਭਾਵਨਾਵਾਂ ਹਨ। ਕਾਰਣ ਹੈ ਕਿ ਕੰਪਿਊਟਰੀ ਖੋਜ ਦੀ ਸਹੂਲਤ ਸਦਕਾ ਗੁਰਬਾਣੀ ਦੀ ਵਿਆਕਰਣ ਦਾ ਦਿਨ-ਬ-ਦਿਨ ਵਿਕਾਸ ਹੋ ਰਿਹਾ ਹੈ।

ਜਿਵੇਂ ਛਾਪੇ ਦੀ ਪ੍ਰਚਲਿਤ ਬੀੜ ਵਿਖੇ ਜਪੁ-ਜੀ ਦੀ ੨੦ਵੀਂ ਪਉੜੀ ਦੀਆਂ ਪਾਵਨ ਤੁਕਾਂ ਹਨ: "ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥" ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ ਦੇ ਪ੍ਰਮੁਖ ਮੈਂਬਰ ਅਤੇ ਪ੍ਰਸਿੱਧ ਟੀਕਾਕਾਰ ਗਿ. ਹਰਿਬੰਸ ਸਿੰਘ ਜੀ ਪਟਿਆਲੇ ਵਾਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ' ਵਿਖੇ 'ਅਰਥ ਭੇਦ ਅਤੇ ਨਿਰਣੈ' ਦੇ ਸਿਰਲੇਖ ਹੇਠ "ਪਾਣੀ ਧੋਤੈ ਉਤਰਸੁ ਖੇਹ॥" ਤੁਕ ਬਾਰੇ (ਸਟੀਕ ਅੰਕ ੧੪੦) ਇੱਕ ਵਿਸ਼ੇਸ਼ ਨੋਟ ਇੰਵ ਲਿਖਿਆ ਹੈ:

"ਭਿੰਡਰਾਂ ਵਾਲੀ ਟਕਸਾਲ ਅਤੇ ਹੋਰ ਸੰਪ੍ਰਦਾਵਾਂ ਦੇ ਵਿਦਿਆਰਥੀ **'ਉਤਰਸੁ'** ਪਦ ਨੂੰ 'ਉੱਤਰ ਸੁ' ਪਾਠ ਪਦ-ਛੇਦ ਕਰਦੇ ਹਨ, ਜੋ ਕਿ ਅਸ਼ੁਧ ਹੈ। ਨਿਰਣੈ ਗੁਰਬਾਣੀ ਦੀ ਸ਼ਬਦਾਵਲੀ ਮੁਤਾਬਿਕ ਇਹ ਜੁੜਤ ਪਦ ਹੈ। ਪੁਰਾਤਨ ਹੱਥ ਲਿਖਤੀ ਬੀੜਾਂ ਵਿਚ ਇਸ ਪਦ ਦਾ ਰੂਪ **'ਉਤਰਸਿ'** ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ 'ਜਪੁ' ਬਾਣੀ ਵਿਚ ਹੀ 'ਉਤਰਸੁ' ਸੱਸੇ ਔਂਕੜ ਸਹਿਤ ਅੰਕਿਤ ਹੈ। ਕਈ ਪੰਕਤੀਆਂ ਵਿਚ ਇਹ ਪਦ ਸੱਸੇ ਦੀ ਸਿਹਾਰੀ ਵਾਲੇ ਸਰੂਪ ਨਾਲ 'ਉਤਰਸਿ' ਹੀ ਅੰਕਿਤ ਹੈ। ਗੁਰਬਾਣੀ ਵਿਆਕਰਣ ਦੇ ਨੇਮਾਂ ਅਨੁਸਾਰ ਇਹ ਕਿਰਿਆ ਵਾਚਕ ਪਦ ਸਿਹਾਰੀ ਸਹਿਤ ਹੀ ਠੀਕ ਹੈ।

ਲਿਖਾਰੀਆਂ ਪਾਸੋਂ ਉਤਾਰਾ ਕਰਨ ਵੇਲੇ ਕਈ ਥਾਵਾਂ ਤੇ ਲਗਮਾਤਰੀ

ਉਕਾਈਆਂ ਰਹਿ ਗਈਆਂ ਹਨ ਜੋ ਛਾਪੇ ਵਾਲੇ ਸਰੂਪਾਂ ਵਿਚ ਵੀ ਉਸੇ ਤਰ੍ਹਾਂ ਪ੍ਰਚੱਲਿਤ ਹੋ ਗਈਆਂ ਹਨ। ਇਹ ਪਦ ਸੱਸੇ ਸਿਹਾਰੀ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੯੯, ੨੨੯, ੩੨੬, ੭੯੧, ੮੩੮, ੮੬੪, ੯੦੧, ੯੦੩ ਅਤੇ ੯੭੨ 'ਤੇ ਵੇਖਿਆ ਜਾ ਸਕਦਾ ਹੈ। ਇਸ ਪਦ ਦੇ ਅਰਥ ਦੇ ਸੁਮੇਲ ਨੂੰ ਮੁੱਖ ਰੱਖੀਏ ਤਾਂ ਹੇਠ ਲਿਖੀਆਂ ਪੰਕਤੀਆਂ ਤੋਂ ਵੀ ਭਲੀ ਪ੍ਰਕਾਰ ਪ੍ਰੋੜ੍ਹਤਾ ਹੋ ਜਾਂਦੀ ਹੈ:

੧. ਗੁਨ ਗਾਵਤ ਤੇਰੀ ਉਤਰਸਿ ਮੈਲੁ॥

{ਪੰਨਾ ੨੮੯}

੨. ਤੀਰਥ ਨਾਇ ਨ ਉਤਰਸਿ ਮੈਲੁ॥

{ਪੰਨਾ ੮੯੦}

੩. ਇੰਦ੍ਰੀ ਕੀ ਜੂਠਿ ਉਤਰਸਿ ਨਾਹੀ, ਬ੍ਰਹਮ ਅਗਨਿ ਕੇ ਲੂਠੇ॥

{ਪੰਨਾ ੧੧੯੫}

ਪੁਰਾਤਨ ਹੱਥ ਲਿਖਤਾਂ ਦੇ ਅਭਿਆਸੀ ਅਤੇ ਗੁਰਬਾਣੀ ਵਿਆਕਰਣ ਦੇ ਪ੍ਰਮਾਣਿਕ ਵਿਦਵਾਨ ਗਿ. ਭਰਪੂਰ ਸਿੰਘ ਜੀ, ਜੋ ਸੰਨ ੧੯੯੬ ਵਿਚ ਸਥਾਪਤ ਹੋਈ 'ਸ਼੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੇ ਵਿਸ਼ੇਸ਼ ਸਹਾਇਕ ਸਨ, ਉਹ ਵੀ ਗਿ. ਹਰਿਬੰਸ ਸਿੰਘ ਪਟਿਆਲਾ ਵਾਲਿਆਂ ਨਾਲ ਪੂਰੀ ਤਰ੍ਹਾਂ ਸਹਿਮਤ ਹਨ। ਉਨ੍ਹਾਂ ਮੁਤਾਬਿਕ ਪ੍ਰਿੰਸੀਪਲ ਪ੍ਰਕਾਸ਼ ਸਿੰਘ, ਪ੍ਰਿੰਸੀਪਲ ਵਿਕਰਮ ਸਿੰਘ ਵੀ ਇਸੇ ਪਾਠ ਨੂੰ ਸ਼ੁਧ ਮੰਨਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਸਾਨੂੰ ਪ੍ਰਾਚੀਨ ਬੀੜਾਂ ਵਿਚ ਪਾਠ ਦਾ ਸ਼ੁਧ ਰੂਪ 'ਉਤਰਸਿ' ਮਿਲਦਾ ਹੈ ਤਾਂ ਅਰਥਾਂ ਦੀ ਖਿੱਚ-ਧੂ ਕਰਕੇ ਹੋਰ ਪਾਸੇ ਭਟਕਣ ਦੀ ਲੋੜ ਨਹੀਂ। ਵੈਸੇ ਵੀ 'ਉਤਰਸੁ' ਪਦ ਹੋੜੇ ਦੀ ਧੁਨੀ ਤੋਂ ਰਹਿਤ ਹੈ, ਇਸ ਲਈ 'ਉਤਰਸੁ' ਪਦ ਨੂੰ 'ਸੁਧੋਸੁ' ਤੇ 'ਰਹਿਓਸੁ' ਵਰਗੀਆਂ ਕਰਮਣੀ ਰੂਪ ਦੇ ਪੜਨਾਵੀ ਪਿਛੇਤਰ ਵਾਲੀਆਂ ਲਹਿੰਦੀ ਭਾਸ਼ਾ ਦੀਆਂ ਭੂਤਕਾਲੀ ਕਿਰਿਆਵਾਂ ਦੀ ਸ਼੍ਰੇਣੀ ਵਿਚ ਰੱਖ ਕੇ ਨਹੀਂ ਵਿਚਾਰਿਆ ਜਾ ਸਕਦਾ। ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ 'ਪਾਠ ਭੇਦ ਸੂਚੀ' ਮੁਤਾਬਿਕ ਬੀੜ ਨੰ. ੩੮/੧੭੩, ੪੦/੨੩੬, ੫੪ ਵਿਚ ਪਾਠ 'ਉਤਰਸਿ' ਹੈ। ਬੀੜ ਨੰ. ੪੮ ਵਿਚ ਪਾਠ 'ਉਤਰਸੁ' ਹੈ। 'ਸ' ਔਂਕੜ ਰਹਿਤ ਹੈ। ਇਸ ਦਾ ਭਾਵ ਕਿ ਤਿੰਨ ਬੀੜਾਂ ਸਪਸ਼ਟ ਤੌਰ 'ਤੇ 'ਉਤਰਸਿ' ਪਾਠ ਦੀ ਹੀ ਪ੍ਰੋੜ੍ਹਤਾ ਕਰਦੀਆਂ ਹਨ।

ਗੁਰਬਾਣੀ ਦੀ ਲਿਖਤ ਸ਼ੈਲੀ ਦੇ ਖੋਜੀ, ਮਾਸਕ ਪਤਰ 'ਮਿਸ਼ਨਰੀ ਸੇਧਾਂ' ਦੇ ਸੰਪਾਦਕ ਅਤੇ 'ਗੁਰਪ੍ਰਸਾਦਿ ਡਾਟ ਕਾਮ' ਵੈਬਸਾਈਟ ਦੇ ਸੰਚਾਲਕ ਵਿਦਵਾਨ ਗਿ. ਅਵਤਾਰ ਸਿੰਘ ਜਲੰਧਰ ਵਾਲੇ ਵੀ 'ਉਤਰਸਿ' ਪਾਠ ਨੂੰ ਹੀ ਸ਼ੁਧ ਮੰਨ ਕੇ ਚੱਲਦੇ ਹਨ; ਕਿਉਂਕਿ ਵੈਬਸਾਈਟ ਦੀ 'ਗੁਰਬਾਣੀ ਲਿਖਤ ਵਿਚਾਰ' ਦੇ ਸਿਰਲੇਖ

ਹੇਠ ਉਹ ਲਿਖਦੇ ਹਨ:

"ਪਾਣੀ ਧੋਤੈ; ਉਤਰਸੁ ਖੇਹ॥" ਇਸ ਪੰਕਤੀ 'ਚ ਦਰਜ 'ਉਤਰਸੁ' (ਅੰਤ ਔਂਕੜ) ਸ਼ਬਦ ਕੇਵਲ ਇੱਥੇ ਹੀ ਦਰਜ ਹੈ, ਜਦਕਿ ਇਸ ਦਾ ਦੂਸਰਾ ਸਰੂਪ 'ਉਤਰਸਿ' (ਅੰਤ ਸਿਹਾਰੀ) ਗੁਰਬਾਣੀ ਵਿਚ ੧੬ ਵਾਰ ਦਰਜ ਹੈ; ਜਿਵੇਂ:

"ਵਿਣੁ ਕਰਮਾ; ਕੈਸੇ 'ਉਤਰਸਿ' ਪਾਰੇ?"

(ਮ: ੧/੯੦੩)

"ਤੀਰਥ ਨਾਇ; ਨ 'ਉਤਰਸਿ' ਮੈਲੁ॥"

(ਮ: ੫/੮੯੦)

"ਓਛੀ ਭਗਤਿ; ਕੈਸੇ 'ਉਤਰਸਿ' ਪਾਰੀ?"

(ਭਗਤ ਕਬੀਰ/੩੨੬)

(ਨੋਟ: ਪੁਰਾਤਨ ਹੱਥ ਲਿਖਤ ਸਰੂਪਾਂ ਵਿਚ ਸਬੰਧਤ ਪੰਕਤੀ ਵਿਚ ਵੀ 'ਉਤਰਸਿ' (ਅੰਤ ਸਿਹਾਰੀ) ਸਰੂਪ ਮਿਲਦਾ ਹੈ, ਜੋ ਕਿ ਸਹੀ ਜਾਪਦਾ ਹੈ।)

ਗਿਆਨੀ ਜੀ ਮੁਤਾਬਿਕ ਜਪੁ-ਜੀ ਦੀਆਂ ਉਪਰੋਕਤ ਤੁਕਾਂ ਦਾ ਅਰਥ ਹੈ: (ਜਿਵੇਂ) ਹੱਥ, ਪੈਰ, ਸਰੀਰ ਤੇ ਦੇਹ ਆਦਿਕ ਮਿੱਟੀ ਨਾਲ਼ ਗੰਦੇ ਹੋ ਜਾਣ ਤਾਂ ਪਾਣੀ ਦੁਆਰਾ ਸਾਫ਼ ਕਰਨ ਨਾਲ਼ ਮਿੱਟੀ ਲਹਿ (ਖੇਹ ਉੱਤਰ) ਜਾਂਦੀ ਹੈ।

ਅਕਾਦਮਿਕ ਖੇਤਰ ਦੇ ਭਾਸ਼ਾਈ ਵਿਗਿਆਨੀ ਤੇ ਗੁਰਬਾਣੀ ਵਿਆਕਰਣ ਦੇ ਗਿਆਤਾ ਪ੍ਰੋ. ਹਰਜਿੰਦਰ ਸਿੰਘ 'ਘਰਸਾਣਾ' ਵੀ ਮੰਨਦੇ ਹਨ ਕਿ ਵਰਤਮਾਨ ਕਾਲ ਦੀ ਅਨਪੁਰਖੀ ਕਿਰਿਆ ਹੋਰ ਕਾਰਣ 'ਉਤਰਸਿ' ਲਫ਼ਜ਼ ਸਿਹਾਰੀ ਸਹਿਤ ਹੀ ਸ਼ੁਧ ਮੰਨਿਆ ਜਾ ਸਕਦਾ ਹੈ। ਇਹੀ ਕਾਰਣ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੀ ਸਲਾਹ ਨਾਲ ਜਥੇਦਾਰ ਵੇਦਾਂਤੀ ਜੀ ਨੇ ਪਾਵਨ ਬੀੜ ਦਾ ਜੋ ਖਰੜਾ ਤਿਆਰ ਕੀਤਾ ਤੇ 'ਸਿੱਖ ਬੁੱਕ ਕਲੱਬ ਅਮਰੀਕਾ' ਦੁਆਰਾ ਵਿਚਾਰਨ ਹਿਤ ਪੰਥ ਦੇ ਸਨਮੁਖ ਰੱਖਿਆ, ਉਸ ਵਿਚ ਸ਼ੁਧ ਪਾਠ ਭਾਵੇਂ 'ਉਤਰਸਿ' ਹੀ ਸਹੀ ਮੰਨਿਆ, ਪਰ ਅਜਿਹਾ ਲਿਖ ਕੇ ਵੀ ਉਨ੍ਹਾਂ ਨੇ ਪਾਠ ਦੇ ਲਿਖਤੀ ਤੇ ਉਚਾਰਣਕ ਰੂਪ ਦੀ ਵਿਆਕਰਣਿਕ ਸੁਧਾਈ ਤੇ ਸ਼ੁਧਤਾ ਦੀ ਹੋਰ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ।

ਜਥੇਦਾਰ ਜੀ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੀ ਪ੍ਰਕਾਸ਼ਤ ਹੋਈ ਪੁਸਤਕ **'ਗੁਰਬਾਣੀ ਲਗ-ਮਾਤ੍ਰੀ ਨਿਯਮਾਵਲੀ ਖੋਜ ਤੇ ਸੰਭਾਵਨਾ'** ਇਸ ਤੱਥ ਦੀ ਅਕੱਟ ਗਵਾਹੀ ਹੈ। ਇਸ ਪੁਸਤਕ ਵਿਚ ਲਗਭਗ ਉਹ ਸਾਰੇ ਲੇਖ ਹਨ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅੰਦਰਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ' ਦੇ ਸਹਿਯੋਗ ਨਾਲ ਤਿਆਰ ਹੋ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਮੁੱਖ ਤੇ ਪ੍ਰਸਿੱਧ ਮਾਸਕ ਪਤਰ 'ਗੁਰਮਤਿ ਪ੍ਰਕਾਸ਼' ਵਿਚ ਲੜੀਵਾਰ ਛਪਦੇ ਰਹੇ ਹਨ।

ਇਸ ਪੁਸਤਕ ਵਿਚ ਜਪੁ-ਜੀ ਦੀਆਂ "ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥" ਤੁਕਾਂ ਸਬੰਧੀ ਵੱਖ-ਵੱਖ ਟੀਕਾਕਾਰਾਂ ਦੇ ਅਰਥ ਤੇ ਵਿਚਾਰ ਲਿਖਣ ਉਪਰੰਤ ਪੰਨਾ ੬੯ 'ਤੇ 'ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ' (ਪੰਨਾ ੨੩੭) ਕਿਤਾਬ ਮੁਤਾਬਿਕ 'ਉਤਰਸੁ' ਪਾਠ ਬਾਰੇ ਡਾ. ਹਰਕੀਰਤ ਸਿੰਘ ਦੇ ਵਿਚਾਰ ਇੰਞ ਅੰਕਿਤ ਕੀਤੇ ਹਨ:

"ਗੁਰਬਾਣੀ ਵਿਚ ਕਰਮਣੀ ਰੂਪ ਵਾਲੇ ਪੜਨਾਵੀਂ ਪਿਛੇਤਰ ਵੀ ਮਿਲਦੇ ਹਨ। ਉਦਾਹਰਨ: ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥ {ਪੰਨਾ ੯੬੭}

ਏਥੇ 'ਸੁਧੋਸੁ' ਦਾ ਪਿਛੇਤਰ 'ਸੁ' ਕਰਮਣੀ ਪਿਛੇਤਰ ਹੈ, ਅਰਥ ਹਨ: ਜਦੋਂ ਉਸ (ਲਹਿਣੇ) ਨੂੰ ਸੋਧ ਲਿਆ ਅਥਵਾ ਪਰਖ ਲਿਆ ਤਾਂ ਉਸ ਨੇ ਅਰਥਾਤ ਗੁਰੂ ਨਾਨਕ ਨੇ ਲਹਿਣੇ ਨੂੰ ਟਿਕ ਲਿਆ (ਚੁਣ ਲਿਆ)। ਇਕ ਹੋਰ ਉਦਾਹਰਨ ਸਹਿਤ ਵੇਖਿਆ ਜਾਵੇ:

'ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ ਛੋਡਿ ਗਇਆ ਸਭ ਭਾਈ ਸਾਕੁ॥
{ਮ: ੫, ਪੰਨਾ ੮੨੫}

'ਨ ਰਹਿਓਸੁ' ਦਾ ਅਰਥ ਹੈ- ਉਸ ਦਾ ਕੁਛ ਨਾ ਰਿਹਾ। ਇਹ ਵੀ ਕਰਮਣੀ ਰੂਪ ਵਾਲਾ ਪੜਨਾਵੀਂ ਪਿਛੇਤਰ ਹੈ।"

ਡਾ. ਸਾਹਿਬ ਜੀ ਦੇ ਅਜਿਹਾ ਲਿਖਣ ਦਾ ਭਾਵਾਰਥ ਹੈ ਕਿ ਜਪੁ-ਜੀ ਦੇ ਛਾਪੇ ਵਾਲੇ 'ਉਤਰਸੁ' ਪਦ ਨੂੰ ਗੁਰਬਾਣੀ ਵਿਆਕਰਣ ਦੇ ਉਪਰੋਕਤ ਦ੍ਰਿਸ਼ਟੀਕੋਨ ਤੋਂ ਵਿਚਾਰ ਕੇ 'ਉਤਰਸੁ' ਪਾਠ ਵੀ ਕਾਇਮ ਰਖਿਆ ਜਾ ਸਕਦਾ ਹੈ। ਅਰਥ ਹੋਵਗਾ: ਉਸ (ਅੰਗ) ਦੀ ਖੇਹ ਉੱਤਰ ਜਾਂਦੀ ਹੈ। ਜਥੇਦਾਰ ਵੇਦਾਂਤੀ ਜੀ ਵਿਅਕਤੀਗਤ ਤੌਰ 'ਤੇ ਡਾ. ਸਾਹਿਬ ਦੀ ਸਲਾਹ ਨਾਲ ਸਹਿਮਤ ਸਨ ਅਤੇ ਟਕਸਾਲ ਭਿੰਡਰਾਂ ਦੇ ਪਦ-ਛੇਦ ਰੂਪ ਨਾਲ ਅਸਹਿਮਤ। ਇਸ ਲਈ ਉਨ੍ਹਾਂ ਨੇ 'ਗੁਰਬਾਣੀ ਲਗ-ਮਾਤ੍ਰੀ ਨਿਯਮਾਵਲੀ ਖੋਜ ਤੇ ਸੰਭਾਵਨਾ' ਪੁਸਤਕ ਵਿਚ ਸੰਤ ਗਿਆਨੀ ਸੁੰਦਰ ਸਿੰਘ ਜੀ ਦੇ ਭ੍ਰਾਤਾ ਗਿ. ਇੰਦਰ ਸਿੰਘ ਦੇ ਹਵਾਲੇ ਨਾਲ ਭਰੋਸੇ ਸਹਿਤ ਲਿਖਿਆ ਕਿ ਸੰਨ ੧੯੪੭ ਤਕ ਟਕਸਾਲ ਭਿੰਡਰਾਂ 'ਉਤਰਸੁ' ਪਾਠ ਜੁੜਤ ਹੀ ਮੰਨਦੀ ਰਹੀ। ਪਰ ਉਸ ਤੋਂ ਬਾਅਦ ਪਤਾ ਨਹੀਂ 'ਸੁ' ਔਂਕੜ ਵੱਖ ਕਿਉਂ ਕਰਨ ਲੱਗ ਪਈ? ਪਰ ਜਥੇਦਾਰ ਜੀ ਨੇ ਅਜਿਹਾ ਸਭ ਕੁਝ ਵਰਨਣ ਕਰਕੇ ਅੰਤ ਵਿਚ ਜੋ ਸ਼ਬਦਾਵਲੀ ਵਰਤੀ, ਉਹ ਪਾਠਕਾਂ ਦਾ ਵਿਸ਼ੇਸ਼ ਧਿਆਨ ਮੰਗਦੀ ਹੈ। ਲਿਖਦੇ ਹਨ: "ਫਿਰ ਵੀ ਗੁਰਮਤਿ ਜੁਗਤ ਵਿਚ ਬੈਠ, ਸਦ-ਭਾਵਨਾ ਤੇ ਸ਼ਰਧਾ ਸਹਿਤ ਪਾਠਾਂ ਦੇ ਉਚਾਰਣ ਸਬੰਧੀ ਵਿਚਾਰ ਕਰਨੀ ਬਣਦੀ ਹੈ (ਪੰਨਾ ੭੪)।"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਾਪੇ ਵਾਲੀ ਪ੍ਰਚਲਿਤ ਬੀੜ ਵਿਚ

ਜਥੇਦਾਰ ਵੇਦਾਂਤੀ ਜੀ ਮੁਤਾਬਿਕ ਕੁੱਲ ੨੬੯੬ ਵਾਰ 'ਰਹਾਉ' ਪਦ ਦੀ ਵਰਤੋਂ ਕੀਤੀ ਮਿਲਦੀ ਹੈ। 'ਈਸ਼ਰ ਮਾਈਕਰੋ ਮੀਡੀਆ' ਅਨੁਸਾਰ ਕੁੱਲ ਗਿਣਤੀ ੨੬੮੫ ਹੈ। 'ਰਹਾਉ' ਦੇ ਅਰਥ ਹਨ: ਰਹਿਣਾ, ਟਿਕਣਾ, ਟਿਕਾਉ। ਇਹੀ ਕਾਰਣ ਹੈ ਕਿ ਸੰਗੀਤਕ ਦ੍ਰਿਸ਼ਟੀ ਤੋਂ 'ਰਹਾਉ' ਦੇ ਪਦੇ ਨੂੰ ਸ਼ਬਦ ਦੀ ਟੇਕ ਤੇ ਅਸਥਾਈ ਮੰਨ ਕੇ ਵਾਰ-ਵਾਰ ਦੁਹਰਾਏ ਜਾਣ ਦਾ ਵਿਧਾਨ ਹੈ। ਪਾਵਨ ਬੀੜ ਅੰਦਰ 'ਰਹਾਉ' ਪਦ ਇੱਕ ਵਾਰ ਸ਼ਬਦ ਦੀ ਤੁਕ ਵਜੋਂ 'ਹੁਕਮੀ ਕਿਰਿਆ' ਦੇ ਰੂਪ ਵਿਚ ਵੀ ਵਰਤਿਆ ਹੋਇਆ ਮਿਲਦਾ ਹੈ। ਜਿਵੇਂ: "ਭਾਈ ਰੇ! ਗੁਰਮਤਿ ਸਾਚਿ **ਰਹਾਉ**॥" (ਪੰਨਾ ੩੦) ਇਸ ਰੂਪ ਵਿਚ 'ਰਹਾਉ' ਦਾ ਅਰਥ ਹੈ: ਟਿਕੇ ਰਹੁ। ਇਸੇ ਤਰ੍ਹਾਂ ਇੱਕ ਵਾਰ ਸ਼ਬਦੀ ਤੁਕ ਵਜੋਂ ਇਸ ਪਦ ਦੀ ਵਰਤੋਂ ਉੱਤਮ ਪੁਰਖ ਵਿਚ ਵੀ ਮਿਲਦੀ ਹੈ। ਜਿਵੇਂ: "ਮੈ ਗੁਰਬਾਣੀ ਆਧਾਰੁ ਹੈ, ਗੁਰਬਾਣੀ ਲਾਗਿ **ਰਹਾਉ**॥" (ਪੰਨਾ ੭੫੯) ਐਸੇ ਰੂਪ ਵਿੱਚ ਉਚਾਰਨ ਬਿੰਦੀ ਸਹਿਤ 'ਰਹਾਉਂ' ਕੀਤਾ ਜਾਂਦਾ ਹੈ ਅਤੇ ਅਰਥ ਹੁੰਦਾ ਹੈ: ਰਹਿੰਦਾ ਹਾਂ।

ਇਸ ਪ੍ਰਕਾਰ ਸ਼ਬਦਾਂ ਦੀ ਸੰਗੀਤਕ ਸੂਚਨਾ ਵਜੋਂ 'ਰਹਾਉ' ਪਦ ਕੁੱਲ ੨੬੯੪ ਵਾਰ ਵਰਤਿਆ ਗਿਆ ਹੈ, ਜਿਨ੍ਹਾਂ 'ਚੋਂ ੨੫੬ ਸ਼ਬਦ ਐਸੇ ਹਨ, ਜਿਨ੍ਹਾਂ ਵਿਚ 'ਰਹਾਉ' ਦੇ ਪਦੇ ਦਾ ਪ੍ਰਤੀਕ ਅੰਕ॥੧॥ ਨਹੀਂ ਛਪ ਰਿਹਾ। ਜਿਵੇਂ ਛਾਪੇ ਦੀ ਪਾਵਨ ਬੀੜ ਵਿਖੇ "ਗਉੜੀ ਮਹਲਾ ੫॥ ਹਰਿ ਸੰਗਿ ਰਾਤੇ ਭਾਹਿ ਨ ਜਲੈ॥ ...ਭੇਟਤ ਸੰਗਿ ਹਰਿ ਹਰਿ ਗੁਨ ਗਾਇ॥ ਰਹਾਉ॥" {ਪੰਨਾ ੨੦੧} ਦੇ ੧੦੯ਵੇਂ ਸ਼ਬਦ ਤੋਂ ਲੈ ਕੇ "ਗਉੜੀ ਮਹਲਾ ੫॥ ਅਪਨੇ ਸੇਵਕ ਕਉ ਆਪਿ ਸਹਾਈ॥ ...ਕਰਨ ਕਰਾਵਨ ਪੂਰਨੁ ਸਚੁ ਸੋਇ॥ ਰਹਾਉ॥" {ਪੰਨਾ ੨੦੨} ਦੇ ੧੧੩ਵੇਂ ਤਕ ਪੰਜਾਂ ਸ਼ਬਦਾਂ ਵਿਚ ਉਪਰੋਕਤ ਅੰਕ ਦੀ ਘਾਟ ਹੈ। 'ਪਾਠ-ਭੇਦ ਸੂਚੀ' ਦੇ ਪੰਨਾ ੫੯ 'ਤੇ ੧੦੯ਵੇਂ ਸ਼ਬਦ ਦੇ ਰਹਾਉ ਵਾਲੀ ਤੁਕ ਦਾ ਪ੍ਰਤੀਕ ਤੁਕਾਂਸ਼ "ਹਰਿ ਗੁਨ ਗਾਇ॥ ਰਹਾਉ॥" ਦੇ ਕੇ, ਇੱਕ ਵਿਸ਼ੇਸ ਨੋਟ ਇੰਞ ਲਿਖਿਆ ਹੈ:

ਏਥੋਂ ਅਗਾੜੀ ੧੧੩ਵੇਂ ਸ਼ਬਦ ਤੱਕ, ਰਹਾਉ ਨਾਲ ਏਕਾਂਗ (ਏਕਾ-ਪੰਨਾ) ਨਹੀਂ। ਪਰ ਹੋਰਨਾਂ ਸਭਨਾਂ ਪੁਰਾਤਨ ਬੀੜਾਂ ਵਿਚ ਹੈ।" ਉੱਥੇ, ਇਸ ਸੱਚਾਈ ਦੇ ਪ੍ਰਮਾਣ ਵਜੋਂ ਬੀੜ ਨੰ. ੧, ੪/੩, ੭, ੨੧/੩੪, ੩੧/੯੯, ੩੨/੬੨੮੧, ੩੮/੧੭੩ ਅਤੇ ੪੪ ਦਾ ਹਵਾਲਾ ਵੀ ਪੇਸ਼ ਕੀਤਾ ਹੈ।

ਜਥੇਦਾਰ ਵੇਦਾਂਤੀ ਜੀ ਨੇ ਆਪਣੀ 'ਖੋਜ ਤੇ ਸੰਭਾਵਨਾ' ਪੁਸਤਕ ਦੇ ਪੰਨਾ ੧੭੯ 'ਤੇ ਵਿਸ਼ੇਸ਼ ਨੋਟ ਦੇ ਸਿਰਲੇਖ ਹੇਠ ਲਿਖਿਆ ਹੈ: "ਗੁਰਬਾਣੀ ਦੀ ਅੰਕ ਨਿਯਮਾਵਲੀ ਅਨੁਸਾਰ ਅੰਕ ॥੧॥ ਕਿਸੇ ਸ਼ਬਦ ਦੇ ਪਹਿਲੇ ਪਦੇ ਦੀ ਸਮਾਪਤੀ 'ਤੇ ਵੀ ਅਤੇ ਉਸ ਸ਼ਬਦ ਵਿਚ ਆਏ 'ਰਹਾਉ' ਨਾਲ ਵੀ ਅੰਕਿਤ ਕੀਤਾ ਗਿਆ ਹੈ। ਗੁਰਬਾਣੀ ਵਿਚ ਕੁਝ ਸ਼ਬਦਾਂ ਦੇ ਆਰੰਭ ਵਿਚ 'ਰਹਾਉ' ਪਦ

ਅੰਕਿਤ ਹੈ, ਪਰ ਬਹੁਤੇ ਸ਼ਬਦਾਂ ਵਿਚ ਪਹਿਲੇ ਪਦੇ ਤੋਂ ਬਾਅਦ ਅੰਕਿਤ ਹੈ। ਸਮੁੱਚੀ ਗੁਰਬਾਣੀ ਵਿਚ ਹਰੇਕ ਥਾਂ ਆਏ 'ਰਹਾਉ' ਪਦ ਨਾਲ ਅੰਕ॥੧॥ ਅੰਕਿਤ ਹੈ। ਪਾਵਨ ਗੁਰਬਾਣੀ ਵਿਚ ਆਏ ਗੁਰਮਤਿ ਸਿਧਾਂਤਾਂ, ਲਗ-ਮਾਤ੍ਰੀ ਨਿਯਮਾਵਲੀ ਅਤੇ ਅੰਕ ਨਿਯਮਾਵਲੀ ਸਬੰਧੀ ਗੁਰੂ ਸਾਹਿਬਾਨ ਦੀ ਆਪਸੀ ਸਮਾਨਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਉਤਾਰੇ ਕਰਨ ਸਮੇਂ ਲਿਖਾਰੀ ਦੀ ਕਲਮ ਦੀ ਉਕਾਈ ਕਾਰਨ ਕਈ ਥਾਵਾਂ 'ਤੇ 'ਰਹਾਉ' ਪਦ ਨਾਲ ਅੰਕ॥੧॥ ਅੰਕਿਤ ਹੋਣੋਂ ਰਹਿ ਗਿਆ ਹੈ, ਜਿਸ ਨੂੰ ਨਿਯਮ ਨਹੀਂ ਬਣਾਇਆ ਜਾ ਸਕਦਾ।

ਪੁਰਾਤਨ ਹੱਥ ਲਿਖਤ ਬੀੜਾਂ ਵਿਚ ਗੁਰਬਾਣੀ ਅੰਦਰ ਹਰੇਕ ਥਾਂ ਆਏ 'ਰਹਾਉ' ਪਦ ਨਾਲ ਅੰਕ॥੧॥ ਅੰਕਿਤ ਹੋਇਆ ਮਿਲਦਾ ਹੈ। (ਇਹੀ ਕਾਰਣ ਹੈ ਕਿ ਉਨ੍ਹਾਂ ਦੁਆਰਾ ਸੋਧੇ ਤੇ ਸਿੱਖ ਬੁੱਕ ਕਲਬ ਅਮਰੀਕਾ ਦੁਆਰਾ ਔਨਲਾਈਨ ਪ੍ਰਕਾਸ਼ਤ ਹੋਏ ਪਾਵਨ ਬੀੜ ਦੇ ਖਰੜੇ ਵਿਚ 'ਰਹਾਉ' ਦੇ ਹਰੇਕ ਪਦੇ ਨਾਲ ਅੰਕ॥੧॥ ਦੇ ਦਰਸ਼ਨ ਹੁੰਦੇ ਹਨ। ਪਰ ਫਿਰ ਵੀ ਉਨ੍ਹਾਂ ਲਿਖਿਆ) ਬਿਬੇਕ ਬੁੱਧੀ ਦੇ ਧਾਰਨੀ ਗੁਰੂ ਦੇ ਸਨਮੁਖ ਰਹਿਣ ਵਾਲੇ ਵਿਦਵਾਨ ਗੁਰਸਿੱਖਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਹ ਭਾਵਨਾ ਸਹਿਤ ਸਿਰ ਜੋੜ ਕੇ ਇਸ ਕਾਰਜ ਨੂੰ ਤਰਜੀਹ ਦੇ ਕੇ ਸੰਪੂਰਨ ਕਰਨ ਵਾਸਤੇ ਅੱਗੇ ਆਉਣ ਦਾ ਉੱਦਮ ਕਰਨ।"

ਭਾਵ, ਗੁਰਮੁਖ ਗੁਰਸਿੱਖ ਵਿਦਵਾਨ ਨਿਰਪਖਤਾ ਸਹਿਤ ਸਿਰ ਜੋੜ ਕੇ ਬੈਠਣ ਤੇ ਅਜਿਹੇ ਪਾਠਾਂਤ੍ਰਾਂ ਸਬੰਧੀ ਪੰਥਕ ਪਧਰ ਦਾ ਕੋਈ ਨਿਰਣੈਜਨਕ ਫੈਸਲਾ ਕਰਨ। ਇਸੇ ਲਈ ਉਨ੍ਹਾਂ ਨੇ 'ਸਿੱਖ ਬੁੱਕ ਕਲੱਬ' ਵਾਲੀ ਬੀੜ ਦੇ ਖੋਜ ਖਰੜੇ ਵਿਚ ਸ਼੍ਰੋਮਣੀ ਕਮੇਟੀ ਦੀ ਪਦ-ਛੇਦ ਬੀੜ ਅੰਦਰਲੇ 'ਪਰਸ ਨਪਰਸ' (ਪੰਨਾ ੯੮੧) ਅਤੇ 'ਪਰਸ ਨਿਪਰਸ' (ਪੰਨਾ ੧੩੨੪) ਵਰਗੇ ਕਈ ਤੁਕਾਂਸ਼ਾਂ ਨੂੰ ਸੋਧਣ ਤੋਂ ਵੀ ਸੰਕੋਚ ਕੀਤਾ। ਭਾਵੇਂ ਕਿ ਉਹ ਪਾਠ-ਬੋਧ ਸਮਾਗਮਾਂ ਮੌਕੇ ਉਪਰੋਕਤ ਤੁਕਾਂਸ਼ਾਂ ਨੂੰ 'ਪਰਸਨ ਪਰਸ' ਤੇ 'ਪਰਸਨਿ ਪਰਸ' ਹੀ ਪੜ੍ਹਿਆ ਕਰਦੇ ਸਨ ਅਤੇ ਉਨ੍ਹਾਂ ਨੇ ਆਪਣੇ ਨਿੱਜੀ ਖਰੜੇ ਵਿਚ ਇਸ ਪਾਠ ਦਾ ਇਹੀ ਸ਼ੁਧ ਰੂਪ ਲਿਖਿਆ ਹੋਇਆ ਸੀ।

ਸ਼ਾਇਦ ਇਹੀ ਕਾਰਣ ਹੈ ਕਿ 'ਸਿੱਖ ਬੁੱਕ ਕਲੱਬ ਅਮਰੀਕਾ' ਨੇ ਵਾਰ-ਵਾਰ ਸਪਸ਼ਟ ਕੀਤਾ ਹੈ ਕਿ ਉਸ ਵੱਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਔਨਲਾਈਨ ਪ੍ਰਕਾਸ਼ਨਾ ਕੋਈ ਅੰਤਮ ਨਿਰਣਾ ਨਹੀਂ। ਉਸ ਦਾ ਮੁੱਖ ਮਨੋਰਥ ਤਾਂ ਕੇਵਲ ਪਿਛਲੇ ੨੦ ਸਾਲਾਂ ਤੋਂ ਪਾਠ-ਭੇਦਾਂ ਦੀ ਖੋਜ ਵਿਚ ਲੱਗੇ ਉਪਰੋਕਤ ਵਿਦਵਾਨਾਂ ਦੀ ਖੋਜੀ ਘਾਲਣਾ ਨੂੰ ਸੰਭਾਲਣਾ ਅਤੇ ਉਸ ਪ੍ਰਤੀ ਧਾਰਮਿਕ ਤੇ ਅਕਾਦਮਿਕ ਖੇਤਰ ਦੇ ਚੋਣਵੇਂ ਵਿਦਵਾਨਾਂ ਦੀ ਨਿਰਣੈ-ਜਨਕ ਸਲਾਹ ਹਾਸਲ ਕਰਨਾ ਹੈ। ਹਰੇਕ ਗੁਰਸਿੱਖ

ਵਾਂਗ ਕਲੱਬ ਦੇ ਸਮੂਹ ਸੇਵਾਦਾਰਾਂ ਦੀ ਇੱਕੋ ਹੀ ਸ਼ਰਧਾ-ਜਨਕ ਇੱਛਾ ਹੈ ਕਿ ਪਾਵਨ ਬੀੜ ਦੀ ਸ਼ੁਧ-ਛਪਾਈ ਲਈ ਪੰਥਕ ਪੱਧਰ ਦਾ ਕੋਈ ਸਾਂਝਾ ਉਪਰਾਲਾ ਹੋ ਸਕੇ। ਕਾਰਨ ਹੈ ਕਿ ਸਿੱਖ ਰਹਿਤ ਮਰਯਾਦਾ ਮੁਤਾਬਿਕ ਪੰਥ ਨੂੰ ਪਾਵਨ ਬੀੜ ਦੀ ਨਿਰੋਲਤਾ (ਸ਼ੁਧਤਾ) ਦੇ ਘੇਰੇ ਵਿਚ ਸੋਧ-ਸੁਧਾਈ ਤੇ ਛਪਾਈ ਆਦਿਕ ਪ੍ਰਤੀ ਗੁਰਮਤੇ ਦਾ ਅਧਿਕਾਰ ਹੈ।

ਜੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਜਥੇਦਾਰ ਨਿਰਪੱਖਤਾ ਸਹਿਤ ਸਿੱਖ ਸੰਪਰਦਾਵਾਂ, ਸਿੱਖ ਮਿਸ਼ਨਰੀ ਸੰਸਥਾਵਾਂ ਅਤੇ ਅਕਾਦਮਿਕ ਖੇਤਰ ਦੇ ਵਿਦਵਾਨਾਂ ਦੀ ਕੋਈ ਭਰੋਸੇਯੋਗ ਸੋਧਕ ਕਮੇਟੀ ਬਣਾ ਕੇ ਨਿਰਣੈ-ਜਨਕ ਫੈਸਲੇ ਦਾ ਉਪਰਾਲਾ ਕਰੇ ਤਾਂ ਕਲੱਬ ਵੀ ਭਵਿੱਖ ਵਿਚ ਆਪਣੇ ਪਧਰ 'ਤੇ ਸੰਗਤੀ ਸਹਿਯੋਗ ਸਦਕਾ ਗੁਰਬਾਣੀ ਦੀ ਸ਼ੁਧ ਛਪਾਈ ਪੱਖੋਂ ਕੀਤੀ ਜਾਣ ਵਾਲੀ ਹਰੇਕ ਕਾਰਵਾਈ ਬੰਦ ਕਰ ਦੇਵੇਗਾ। ਸਿੱਖ ਜਗਤ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਪ੍ਰਿੰਸੀਪਲ ਜੋਧ ਸਿੰਘ ਹੁਰਾਂ ਨੇ ਅੱਜ ਤੋਂ ੯੦ ਸਾਲ ਪਹਿਲਾਂ ਸੰਨ ੧੯੩੨ ਵਿਚ ਹੀ ਚੇਤਾਵਨੀ ਵਜੋਂ ਲਿਖ ਦਿੱਤਾ ਸੀ:

"ਸਸਤਾ ਵੇਚਣ ਦੀ ਦੌੜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਲਗ, ਕੰਨੇ ਆਦਿ ਦੀਆਂ ਬਹੁਤ ਅਸ਼ੁੱਧੀਆਂ ਆ ਗਈਆਂ ਹਨ ਤੇ ਜੇ ਕਿਸੇ ਜ਼ਿੰਮੇਵਾਰ ਜਥੇ ਨੇ ਇਹ ਬੀੜਾਂ ਪ੍ਰਕਾਸ਼ਿਤ ਕਰਨ ਦਾ ਕੰਮ ਆਪਣੇ ਜ਼ਿੰਮੇ ਨਾ ਲਿਆ ਤਾਂ ਥੋੜੇ ਚਿਰ ਪਿੱਛੋਂ ਸ਼ੁਧ ਪਾਠ ਕਰਨਾ ਕਠਨ ਹੋ ਜਾਵੇਗਾ।" (ਗੁਰਮਤਿ ਨਿਰਣਯ, ਪੰਨਾ ੭)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਆਦਿ-ਮੰਗਲਾਚਰਣ ਦੇ ਸਥਾਨ
ਅਤੇ ਸੰਪੂਰਨ ਤੇ ਸੰਖੇਪ ਰੂਪ

ਸ਼੍ਰੋਮਣੀ ਕਮੇਟੀ ਅਤੇ ਬਜ਼ਾਰ ਦੇ ਛਾਪੇ ਦੀ ਪ੍ਰਚੱਲਿਤ ਬੀੜ ਦੇ ਦਰਸ਼ਨ ਕਰਦਿਆਂ ਅਸੀਂ ਵੇਖਦੇ ਹਾਂ ਕਿ ਮੰਗਲਾਂ ਦੀ ਰੂਪਕ ਤੇ ਸਥਾਨਿਕ ਤਰਤੀਬ ਵਿਚ ਇਕਸਾਰਤਾ ਨਹੀਂ ਹੈ। ਜਿਵੇਂ ਸ਼੍ਰੋਮਣੀ ਕਮੇਟੀ ਵਾਲੀ ਛਾਪੇ ਦੀ ਮੌਜੂਦਾ ਪਾਵਨ ਬੀੜ ਵਿਚ ੩੧ ਰਾਗਾਂ 'ਚੋਂ ੨੬ ਰਾਗਾਂ ਦੇ ਆਰੰਭ ਵਿਚ '੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥' ਤੱਕ ਦਾ ਸੰਪੂਰਨ ਮੰਗਲ ਹੈ।

ਸਿਰੀਰਾਗੁ, ਜੈਤਸਰੀ, ਬੈਰਾੜੀ, ਤੁਖਾਰੀ ਤੇ ਕੇਦਾਰਾ ਰਾਗ ਦੇ ਆਰੰਭ ਵਿਚ ਸੰਖੇਪ ਮੰਗਲ '੧ੴ ਸਤਿਗੁਰ ਪ੍ਰਸਾਦਿ' ਹੈ। ਭਾਵ, ੩੧ ਰਾਗਾਂ 'ਚੋਂ ੫ ਰਾਗਾਂ ਦੇ ਮੁੱਢ ਵਿਚ ਸੰਖੇਪ ਮੰਗਲ ਹੈ।

ਆਸਾ ਕੀ ਵਾਰ ਤੇ ਉਸ ਦੀ ਭਗਤ ਬਾਣੀ, ਸਹਸਕ੍ਰਿਤੀ ਸਲੋਕ ਮ: ੧ ਤੇ ਮ: ੫, ਸਵਈਏ ਮ: ੫ ਤੇ 'ਸਲੋਕ ਵਾਰਾਂ ਤੇ ਵਧੀਕ' ਦੇ ਆਦਿ-ਮੰਗਲ ਸੰਪੂਰਣ ਹਨ। ਇਨ੍ਹਾਂ ਤੋਂ ਇਲਾਵਾ ਬਾਕੀ ਬਾਣੀਆਂ ਦੇ ਮੰਗਲ ਸੰਖੇਪ ਹਨ ਤੇ ਉਹ ਵੀ ਤਿੰਨ ਪ੍ਰਕਾਰ ਦੇ। ਜਿਵੇਂ:

੧. ੧ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥ - ੯ ਵਾਰ
(ਪੰਨਾ ੧੩੭, ੨੨੦, ੨੩੫, ੨੪੨, ੨੪੩, ੩੨੩, ੩੪੦, ੩੪੫, ੮੫੫)

੨. ੧ੴ ਸਤਿ ਨਾਮੁ ਗੁਰ ਪ੍ਰਸਾਦਿ॥ - ੨ ਵਾਰ
(ਪੰਨਾ ੮੧, ੫੪੪)

੩. ੧ੴ ਸਤਿਗੁਰ ਪ੍ਰਸਾਦਿ॥ - ੫੨੨ ਵਾਰ

ਨੋਟ: ਸ਼੍ਰੋਮਣੀ ਕਮੇਟੀ ਦੀ ਸੰਨ ੧੯੫੨ ਵਾਲੀ ਛਾਪੇ ਦੀ ਬੀੜ ਅਤੇ ਸ਼ਬਦਾਰਥ ਦੀਆਂ ਪੋਥੀਆਂ ਵਿਚ ਸਹਸਕ੍ਰਿਤੀ ਦੇ ਆਰੰਭਕ ਸਲੋਕਾਂ ਅੰਦਰਲੇ 'ਮਹਲਾ ੧' ਅਤੇ 'ਮਹਲਾ ੨' ਦੇ ਸਲੋਕਾਂ ਨੂੰ ਨਿਖੇੜਣ ਲਈ ਸ੍ਰੀ ਕਰਤਾਰਪੁਰੀ ਬੀੜ ਮੁਤਾਬਿਕ ਅਤਿ ਸੰਖੇਪ ਮੰਗਲ ੧ੴ ਦਰਜ ਸੀ, ਜੋ ਹੁਣ ਸ਼੍ਰੋਮਣੀ ਕਮੇਟੀ ਤੇ ਟਕਸਾਲ ਭਿੰਡਰਾਂ ਦੀਆਂ ਪ੍ਰਕਾਸ਼ਤ ਬੀੜਾਂ ਤੇ ਪੋਥੀਆਂ ਵਿਚੋਂ ਅਲੋਪ ਹੈ, ਪਰ ਜਦੋਂ ਅਸੀਂ ੧੭ਵੀਂ ਤੇ ੧੮ਵੀਂ ਸਦੀ ਦੀਆਂ ਹੱਥ-ਲਿਖਤ ਬੀੜਾਂ ਦੇ ਬਰੀਕੀ ਨਾਲ ਦਰਸ਼ਨ ਕਰਦੇ ਹਾਂ ਤਾਂ ਭਾਈ ਬੰਨੋ ਸ਼ਾਖ ਦੀਆਂ ਬੀੜਾਂ ਨੂੰ ਛੱਡ ਕੇ ਭਾਈ ਗੁਰਦਾਸ ਤੇ ਦਮਦਮੀ ਸ਼ਾਖ ਦੀਆਂ ਵਧੇਰੇ ਬੀੜਾਂ ਵਿਚ ਮੰਗਲਾਂ ਦੀ ਸਥਾਨਿਕ ਤੇ ਰੂਪਕ ਇਕਸਾਰਤਾ ਦਿਸਦੀ ਹੈ। ੩੧ ਮੁੱਖ ਰਾਗਾਂ ਦੇ ਅਰੰਭਕ ਮੰਗਲ ਸਾਰੇ ਸੰਪੂਰਨ ਹਨ ਅਤੇ ਉਪਰਾਗਾਂ, ਰਾਗਾਂ ਦੇ ਘਰਾਂ, ਵੱਖ-ਵੱਖ ਬਾਣੀਕਾਰਾਂ ਦੀਆਂ ਬਾਣੀਆਂ ਦੇ ਜੋ ਵਿਸ਼ੇਸ਼ ਸੰਗ੍ਰਹਿ ਹਨ, ਉਨ੍ਹਾਂ ਅੱਗੇ ਕੇਵਲ '੧ੴ ਸਤਿਗੁਰਪ੍ਰਸਾਦਿ' ਦਾ ਸੰਖੇਪ ਮੰਗਲ ਹੈ।

ਪਰ, ਛਾਪੇ ਦੀ ਪ੍ਰਚਲਿਤ ਬੀੜ ਵਿਚ ਜੋ ਮੰਗਲ ਹਨ, ਉਨ੍ਹਾਂ ਵਿਚੋਂ ਵੀ ਕਈ ਥਾਈਂ ਮੰਗਲਾਚਰਣ ਰਾਗਾਂ ਦੀ ਅਰੰਭਤਾ ਤੇ ਸ਼ਬਦੀ ਸਿਰਲੇਖਾਂ ਤੋਂ ਪਹਿਲਾਂ ਹਨ ਅਤੇ ਕਈ ਥਾਈਂ ਪਿੱਛੋਂ। ਕਿਤੇ ਮੰਗਲ ਸਿਰਲੇਖਾਂ ਦੇ ਬਰਾਬਰ ਹਨ ਅਤੇ ਕਿਤੇ ਸੱਜੇ ਪਾਸੇ ਉੱਪਰ। ਭਾਵੇਂ ਕਿ ਇਸ ਢੰਗ ਨਾਲ ਪਾਵਨ ਬੀੜ ਦੀਆਂ ਇਲਾਹੀ ਰਚਨਾਵਾਂ ਦੇ ਬਾਣੀਕਾਰਾਂ, ਬਾਣੀਆਂ ਦੇ ਨਾਵਾਂ ਤੇ ਕਾਵਿਕ ਛੰਦਾਂ ਪ੍ਰਤੀ ਕਈ ਪ੍ਰਕਾਰ ਦੇ ਭੁਲੇਖੇ ਪੈਦਾ ਹੁੰਦੇ ਹਨ। ਖ਼ਾਸ ਕਰਕੇ ਭਗਤਬਾਣੀ ਦੇ ਸਿਰਲੇਖਾਂ **ਅਤੇ ਸੁਖਮਨੀ ਸਾਹਿਬ ਵਾਂਗ ਕੁਝ** ਹੋਰ ਵਿਸ਼ੇਸ਼ ਲੰਮੀਆਂ ਬਾਣੀਆਂ ਦੇ ਨਾਵਾਂ ਤੋਂ **ਪਿੱਛੋਂ ਆਏ ਸੰਖੇਪ ਮੰਗਲਾਂ ਕਾਰਣ।** ਉਦਾਹਰਨ ਵਜੋਂ ਕੁਝ ਹੇਠ ਲਿਖੇ ਸਿਰਲੇਖ **ਵਾਚੇ ਜਾ ਸਕਦੇ ਹਨ:**

੧. ੧ਓ ਸਤਿਗੁਰ ਪ੍ਰਸਾਦਿ॥
ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧॥
ਮੋਤੀ ਤ ਮੰਦਰ ਊਸਰਹਿ...

{ਪੰਨਾ ੧੪}

੨. ਸਿਰੀਰਾਗੁ ਮਹਲਾ ੩ ਘਰੁ ੧ ਅਸਟਪਦੀਆ॥ ੧ਓ ਸਤਿਗੁਰ ਪ੍ਰਸਾਦਿ॥ ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ...॥

{ਪੰਨਾ ੬੪}

੩. ੧ਓ ਸਤਿਗੁਰ ਪ੍ਰਸਾਦਿ॥
ਸਿਰੀਰਾਗੁ ਕਬੀਰ ਜੀਉ ਕਾ॥ ਏਕੁ ਸੁਆਨੁ ਕੈ ਘਰਿ ਗਾਵਣਾ
ਜਨਨੀ ਜਾਨਤ ਸੁਤੁ ਬਡਾ ਹੋਤੁ ਹੈ...॥

{ਪੰਨਾ ੯੧}

੪. ਰਾਗ ਮਾਝ ਚਉਪਦੇ
ਘਰੁ ੧ ਮਹਲਾ ੪ ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ॥

{ਪੰਨਾ ੯੪}

੫. ਗਉੜੀ ਸੁਖਮਨੀ ਮ: ੫॥ ਸਲੋਕੁ॥ ੧ਓ ਸਤਿਗੁਰ ਪ੍ਰਸਾਦਿ॥
ਆਦਿ ਗੁਰਏ ਨਮਹ॥...

{ਪੰਨਾ ੨੬੨}

੬. ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ॥
੧ਓ ਸਤਿਨਾਮੁ ਕਰਤਾ ਪੁਰਖ ਗੁਰਪ੍ਰਸਾਦਿ॥
ਬਾਵਨ ਅਛਰ ਲੋਕ ਤ੍ਰੈ...॥

{ਪੰਨਾ ੩੪੦}

ਪਰ, ਪ੍ਰਾਚੀਨ ਹੱਥ-ਲਿਖਤੀ ਬੀੜਾਂ ਵਿਚ ਐਸਾ ਨਹੀਂ। ਰਾਗਾਂ ਅਤੇ ਵੱਖ-ਵੱਖ ਸ਼ਬਦੀ ਸੰਗ੍ਰਹਿਆਂ ਦੇ ਮੰਗਲ ਸਭ ਥਾਈਂ ਪਤਰੇ ਅਥਵਾ ਪੰਨੇ ਦੇ ਅੱਧ ਤੂੰ ਸੱਜੇ ਪਾਸੇ 'ਤੇ ਸ਼ਬਦੀ ਸਿਰਲੇਖਾਂ ਤੋਂ ਉਚੇਰੇ ਹਨ। ਭਾਵ, ਸਿਰਲੇਖਾਂ ਤੋਂ ਪਹਿਲਾਂ ਲਿਖੇ ਗਏ ਹਨ। ਹਾਂ! ਭਾਈ ਬੰਨੋ ਤੇ ਸ੍ਰੀ ਕਰਤਾਰਪੁਰੀ ਬੀੜ ਦੇ ਮੰਗਲ ਵੀ ਹਨ ਤਾਂ ਭਾਵੇਂ ਕਈ ਥਾਈਂ ਸਿਰਲੇਖਾਂ ਦੇ ਬਰਾਬਰ, ਪਰ ਹੈਨ ਉਹ ਵੀ ਵਰਕੇ ਦੇ ਸੱਜੇ ਅੱਧ ਵਿਚ ਅਤੇ ਕਈ ਥਾਈਂ ਸੱਜੇ ਉੱਪਰ ਵੀ। ਇਸ ਪ੍ਰਕਾਰ ਉਪਰੋਕਤ ਦੋਹਾਂ ਤਰਤੀਬਾਂ ਵਿਚ ਮੰਗਲਾਂ ਨੂੰ ਕਿਸੇ ਵੀ ਹਾਲਤ ਵਿਚ ਵਰਕੇ ਦੇ ਖੱਬੇ ਅੱਧ ਵਾਲੇ ਪਾਸੇ ਵਧਣ ਨਹੀਂ ਦਿੱਤਾ ਗਿਆ। ਇਸ ਤੋਂ ਸਿੱਧ ਹੈ ਕਿ ਪ੍ਰਾਚੀਨ ਬੀੜਾਂ ਵਿਚ ਸਭ ਥਾਈਂ ਮੰਗਲਾਂ ਨੂੰ ਪਹਿਲ ਦਿੰਦਿਆਂ ਸਿਰਲੇਖਾਂ ਦੇ ਆਦਿ ਵਿਚ ਰੱਖਿਆ ਗਿਆ ਹੈ। ਕਿਸੇ ਨੂੰ ਸੱਜੇ ਪਾਸੇ ਬਠਾਉਣਾ ਜਾਂ ਰੱਖਣਾ, ਸਭਿਅਕ ਪੱਖੋਂ ਵੀ ਉਸ ਨੂੰ ਪਹਿਲ 'ਤੇ ਅਧਾਰਿਤ ਸਤਿਕਾਰ ਦੇਣਾ ਤੇ ਵਡੱਪਣ ਨੂੰ ਪ੍ਰਵਾਨ ਕਰਨ ਤੁੱਲ ਹੁੰਦਾ ਹੈ। ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੇ ਤਤਕਾਲੀ ਪ੍ਰਿੰਸੀਪਲ ਸਾਹਿਬ ਸਿੰਘ ਜੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੀ ਦਸਵੀਂ ਪੋਥੀ ਦੇ ਅੰਤਲੇ ਭਾਗ ਵਿਚ 'ਮੂਲਮੰਤ੍ਰ ਦੀ ਸਹੀ ਥਾਂ ਦਾ ਨਿਰਨਾ' ਸਿਰਲੇਖ ਹੇਠ ਲਿਖਦੇ ਹਨ:

"ਜਦੋਂ ਸਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਬੀੜ' ਦੀ ਛਪਾਈ ਦਾ ਕੰਮ ਆਪਣੇ ਹੱਥਾਂ ਵਿਚ ਲਿਆ, ਤਾਂ ਪ੍ਰਬੰਧਕਾਂ ਨੇ ਛਪਾਈ ਸ਼ੁਰੂ ਕਰਨ ਤੋਂ ਪਹਿਲਾਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨਾਲ ਸੁਧਾਈ ਕੀਤੀ। ਜਿਹੜੇ ਸੱਜਣ ਸੁਧਾਈ ਦੇ ਕੰਮ ਉੱਥੇ ਲਾਏ ਗਏ, ਉਨ੍ਹਾਂ ਨੂੰ ਉਸ 'ਬੀੜ' ਦਾ ਲਿਖਣ-ਢੰਗ ਵੇਖ ਕੇ ਇਹ ਨਵਾਂ ਖ਼ਿਆਲ ਸੁੱਝਿਆ ਕਿ ਉਸ ਬੀੜ ਵਿਚ ਮੂਲਮੰਤ੍ਰ ਹਰ ਥਾਂ ਬੀੜ ਦੇ ਪੱਤਰੇ ਉੱਤੇ ਸੱਜੇ ਪਾਸੇ ਦੇ ਅਖ਼ੀਰ 'ਤੇ ਹੀ ਲਿਖਿਆ ਹੋਇਆ ਹੈ। ਛੋਟਾ ਮੂਲਮੰਤ੍ਰ '੧ੴ ਸਤਿਗੁਰ ਪ੍ਰਸਾਦਿ' ਤਾਂ ਸੱਜੇ ਪਾਸੇ ਇਕੋ ਹੀ ਪਾਲ ਵਿਚ ਮੁੱਕ ਜਾਂਦਾ ਹੈ; ਪਰ ਜਿਥੇ ਕਿਤੇ ਸਾਰਾ ਮੂਲਮੰਤ੍ਰ ਲਿਖਿਆ ਹੋਇਆ ਹੈ, ਉਹ ਉਸੇ ਸਤ੍ਰ ਵਿਚ ਖ਼ਤਮ ਨਹੀਂ ਹੋ ਸਕਿਆ, ਕਿਉਂਕਿ ਇਹ ਹਰ ਥਾਂ ਲਿਖਣਾ ਸ਼ੁਰੂ ਹੀ ਹੁੰਦਾ ਹੈ ਪੱਤਰੇ ਦੇ ਅੱਧ ਤੋਂ ਪਿੱਛੋਂ ਸੱਜੇ ਪਾਸੇ ਵਲ। ਮੂਲਮੰਤ੍ਰ ਦੇ ਬਾਕੀ ਬਚੇ ਹਿੱਸੇ ਨੂੰ ਦੂਜੀ ਜਾਂ ਤੀਜੀ ਸਤਰ ਵਿਚ ਲਿਖਿਆ ਗਿਆ ਹੈ; ਪਰ ਉਹ ਵੀ ਸੱਜੇ ਪਾਸੇ ਹੀ ਉੱਪਰਲੀ ਸਤਰ ਦੇ ਹੇਠਵਾਰ। ਮੂਲਮੰਤ੍ਰ ਨੂੰ ਕਿਤੇ ਭੀ ਖੱਬੇ ਪਾਸੇ ਵੱਲ ਨਹੀਂ ਆਉਣ ਦਿੱਤਾ ਗਿਆ।

ਉਨ੍ਹਾਂ ਸੱਜਣਾਂ ਨੇ ਕਮੇਟੀ ਦੇ ਪ੍ਰਬੰਧਕਾਂ ਦਾ ਧਿਆਨ ਇਸ ਪਾਸੇ ਦਿਵਾਇਆ। ਪ੍ਰਬੰਧਕਾਂ ਨੇ ਪੰਥ ਦੇ ਕੁਝ ਮੁਖੀ ਵਿਦਵਾਨ ਸੱਜਣਾਂ ਦਾ ਇਕੱਠ

ਕਰਕੇ ਨਿਰਨਾ ਕਰਾਇਆ। ਮੂਲਮੰਤ੍ਰ ਦੀ ਲਿਖਾਈ ਬਾਰੇ (ਹੇਠ ਲਿਖੀਆਂ) ਚਾਰ ਜ਼ਰੂਰੀ ਗੱਲਾਂ ਸਾਹਮਣੇ ਆ ਗਈਆਂ।

੧. ਹਰੇਕ ਥਾਂ ਮੂਲਮੰਤ੍ਰ ਪੱਤ੍ਰੇ ਦੇ ਸੱਜੇ ਪਾਸੇ ਹੀ ਹੈ। ਸਾਬਤ ਮੂਲਮੰਤ੍ਰ ਦਾ ਪਹਿਲੀ ਸਤਰ ਤੋਂ ਬਚਿਆ ਹਿੱਸਾ ਲਿਖਣ ਵੇਲੇ ਭੀ ਪੱਤਰੇ ਦਾ ਸੱਜਾ ਪਾਸਾ ਹੀ ਵਰਤਿਆ ਹੈ। ਕਿਤੇ ਭੀ ਮੂਲਮੰਤ੍ਰ ਨੂੰ ਖੱਬੇ ਪਾਸੇ ਨਹੀਂ ਆਉਣ ਦਿੱਤਾ ਗਿਆ।

੨. ਕਈ ਥਾਈਂ ਇਹ ਮੂਲਮੰਤ੍ਰ ਸ਼ਬਦ-ਸੰਗ੍ਰਹਿ ਨਾਲੋਂ ਉਚੇਰਾ ਹੈ।

੩. 'ਰਾਗ' ਅਤੇ 'ਮਹਲੇ' ਵਾਲਾ ਸਿਰਲੇਖ ਸਦਾ ਹੀ ਪੱਤਰੇ ਦੇ ਖੱਬੇ ਪਾਸੇ ਲਿਖਿਆ ਗਿਆ ਹੈ। ਜੇ ਕਿਤੇ ਸਿਰਲੇਖ ਲੰਮਾ ਹੋ ਗਿਆ ਹੈ, ਤਾਂ ਇਸ ਨੂੰ ਪੱਤਰੇ ਦੇ ਅੱਧ ਤੋਂ ਸੱਜੇ ਪਾਸੇ ਵੱਲ ਨਹੀਂ ਜਾਣ ਦਿੱਤਾ ਗਿਆ। ਸਿਰਲੇਖ ਦਾ ਬਾਕੀ ਬਚਿਆ ਹਿੱਸਾ ਮੁੜ ਖੱਬੇ ਪਾਸੇ ਹੀ ਪਹਿਲੇ ਹਿੱਸੇ ਦੇ ਹੇਠ ਲਿਖ ਦਿੱਤਾ ਹੈ।

੪. ਸਿਰਲੇਖ ਅਤੇ ਮੂਲਮੰਤ੍ਰ- ਇਨ੍ਹਾਂ ਦੋਹਾਂ ਦੇ ਵਿਚਕਾਰ ਪੱਤਰੇ ਉੱਤੇ ਕਾਫ਼ੀ ਥਾਂ ਖ਼ਾਲੀ ਕੋਰਾ ਰੱਖਿਆ ਗਿਆ ਹੈ।

ਵਿਦਵਾਨਾਂ ਦਾ ਫੈਸਲਾ

ਇਕੱਠੇ ਹੋਏ ਵਿਦਵਾਨ ਸੱਜਣ ਇਸ ਨਤੀਜੇ ਉੱਤੇ ਅੱਪੜੇ ਕਿ ਪੱਤਰੇ ਉੱਤੇ ਹਰ ਥਾਂ ਮੂਲਮੰਤ੍ਰ ਨੂੰ ਸੱਜੇ ਪਾਸੇ ਰੱਖ ਕੇ ਆਦਰ-ਸਤਕਾਰ ਦਿੱਤਾ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਿਕਰਮਾ ਕਰਨ ਵੇਲੇ ਸਿੱਖ ਸ੍ਰੀ ਹਰਿਮੰਦਰ ਸਾਹਿਬ ਨੂੰ ਸੱਜੇ ਹੱਥ ਹੀ ਰੱਖਦਾ ਹੈ। ਸੋ ਸ੍ਰੀ ਕਰਤਾਰਪੁਰ ਵਾਲੀ 'ਬੀੜ' ਵਿਚ ਮੂਲਮੰਤ੍ਰ ਨੂੰ ਸਦਾ 'ਪਹਿਲ' ਦਿੱਤੀ ਹੋਈ ਹੈ। ਪੜ੍ਹਨ ਵੇਲੇ ਪਹਿਲਾਂ ਮੂਲਮੰਤ੍ਰ ਹੀ ਪੜ੍ਹਨਾ ਹੈ। ਪੁਰਾਣੇ ਸਮੇਂ ਲਿਖਣ-ਢੰਗ ਹੀ ਇਹੀ ਸੀ ਕਿ ਆਰੰਭਕ ਮੰਗਲਾਚਰਨ ਨੂੰ ਸੱਜੇ ਪਾਸੇ ਪਹਿਲ ਦਿੱਤੀ ਜਾਏ।

ਅਗਾਂ ਸਦਾ ਲਈ ਪਾਠਕਾਂ ਨੂੰ ਟਪਲੇ ਤੋਂ ਬਚਾਣ ਲਈ ਉਨ੍ਹਾਂ ਵਿਦਵਾਨਾਂ ਨੇ ਇਹ ਫੈਸਲਾ ਕੀਤਾ ਕਿ 'ਬੀੜਾਂ' ਛਾਪਣ ਵੇਲੇ ਮੂਲਮੰਤ੍ਰ ਨੂੰ 'ਪਹਿਲਾਂ' ਛਾਪਿਆ ਜਾਏ। ਪੰਜਾਬੀ ਦੀ ਲਿਖਾਈ ਖੱਬੇ ਪਾਸੇ ਤੋਂ ਸੱਜੇ ਵੱਲ ਜਾਂਦੀ ਹੈ। ਸੋ, ਇਸ ਫੈਸਲੇ ਅਨੁਸਾਰ ਮੂਲਮੰਤ੍ਰ ਪੱਤਰੇ ਦੇ ਸੱਜੇ ਪਾਸੇ ਛਾਪੇ ਜਾਣ ਦੇ ਥਾਂ ਖੱਬੇ ਪਾਸੇ ਤੋਂ ਸ਼ੁਰੂ ਕੀਤਾ ਗਿਆ। ਸਿਰਫ ਇਸੇ ਤਰੀਕੇ ਨਾਲ ਹੀ ਮੂਲਮੰਤ੍ਰ ਨੂੰ ਪਹਿਲ ਮਿਲ ਸਕਦੀ ਸੀ।

ਨਿਹੰਗ ਸਿੰਘ ਬੁੱਢਾ ਦਲ ਪਟਿਆਲਾ ਦੇ ਸਤਿਕਾਰਯੋਗ ਜਥੇਦਾਰ ਬਿਰੱਕਤ ਪੂਰਨ ਸਿੰਘ ਜੀ ਨੇ ਮਿਤੀ ੬/੬/੫੬ ਦੇ ਦਿਨ ਸ਼੍ਰੋਮਣੀ ਕਮੇਟੀ ਨੂੰ ਪਤਰ

ਲਿਖ ਕੇ ਆਪਣੀ ਜ਼ੋਰਦਾਰ ਰਾਇ ਇਉਂ ਪ੍ਰਗਟ ਕੀਤੀ:

ਸਾਨੂੰ ਪਤਾ ਲੱਗਾ ਹੈ ਕਿ ਚੀਫ਼ ਖ਼ਾਲਸਾ ਦੀਵਾਨ ਅਤੇ ਦੁਕਾਨਦਾਰ ਸੱਜਣ ਸ਼੍ਰੋ.ਗੁ.ਪ੍ਰ. ਕਮੇਟੀ ਵੱਲੋਂ ਛਾਪੀ ਬੀੜ ਵਿਚ ਅਦਲਾ ਬਦਲੀ ਚਾਹੁੰਦੇ ਹਨ। ਇਸ ਸਬੰਧ ਵਿਚ ਮੇਰੀ ਅਤੇ ਬੁੱਢਾ ਦਲ ਚੱਲਦਾ ਵਹੀਰ ਨਿਹੰਗ ਸਿੰਘਾਂ ਦੀ ਖ਼ਾਸ ਤੌਰ 'ਤੇ ਇਹ ਰਾਇ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਮੰਗਲਾਚਰਣਾਂ ਵਿਚ ਤਬਦੀਲੀ ਨਹੀਂ ਕਰਨੀ ਚਾਹੀਦੀ ਅਤੇ ਉਸ ਫੈਸਲੇ 'ਤੇ ਕਾਇਮ ਰਹਿਣਾ ਚਾਹੀਦਾ ਹੈ ਜੋ ੩੦ ਮਈ ੧੯੫੪ ਨੂੰ ਕਰਤਾਰਪੁਰ ਸਾਹਿਬ ਹੋਇਆ ਸੀ।

ਫਿਲਹਾਲ ਝਗੜੇ ਨੂੰ ਨਿਪਟਾਉਣ ਦੀ ਖ਼ਾਤਰ ਮੈਂ ੨੪-੪-੫੫ ਦੇ ਮਤੇ ਦੀ ਵੀ ਪ੍ਰੋੜ੍ਹਤਾ ਕਰਦਾ ਹਾਂ, ਪਰ ਜੇ ਸ਼੍ਰੋਮਣੀ ਕਮੇਟੀ ਮੰਗਲਾ ਚਰਣ ਬਦਲਣ ਦੇ ਹੱਕ ਵਿਚ ਵੀ ਹੋ ਜਾਵੇ ਤਾਂ ਭੀ ਸਾਡੀ ਰਾਇ ਸਪਸ਼ਟ ਇਹੀ ਰਹੇਗੀ ਕਿ "੧ੴ ਸਤਿਗੁਰ ਪ੍ਰਸਾਦਿ" ਪਹਿਲੇ ਹੋਣ ਚਾਹੀਦਾ ਹੈ। ਕਿਉਂਕਿ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਵਿਚ ਵੀ "੧ੴ ਵਾਹਿਗੁਰੂ ਜੀ ਕੀ ਫਤਹਿ" "ਵਾਰ ਸ੍ਰੀ ਭਗਉਤੀ ਜੀ ਕੀ, ਪਾਤਸ਼ਾਹੀ ਦਸਵੀਂ" ਜਾਂ "੧ੴ ਸਤਿਗੁਰ ਪ੍ਰਸਾਦਿ" ਪਹਿਲਾਂ ਹੀ ਲਿਖਿਆ ਹੈ।

ਪੁਰਾਤਨ ਸਮੇਂ ਵਿਚ ਵੀ ਗੁਰਦੁਆਰਾ ਸਾਹਿਬਾਨ ਅਤੇ ਨਿਹੰਗ ਸਿੰਘਾਂ ਦੀਆਂ ਛਾਉਣੀਆਂ ਵਿਚ ਓਹੀ ਹਸਤ ਲਿਖਤ ਬੀੜਾਂ ਪ੍ਰਕਾਸ਼ਤ ਹੁੰਦੀਆਂ ਸਨ, ਜਿਨ੍ਹਾਂ ਦੇ ਮੰਗਲਾ ਚਰਣ ਪਹਿਲੋਂ ਸਨ। ਛਾਪੇ ਦੀਆਂ ਬੀੜਾਂ ਦਾ ਉਪਰੋਕਤ ਅਸਥਾਨਾਂ 'ਤੇ ਇਸ ਲਈ ਪ੍ਰਕਾਸ਼ ਨਹੀਂ ਕੀਤਾ ਜਾਂਦਾ ਸੀ ਕਿ ਓਹਨਾ ਦੇ ਮੰਗਲਾ ਚਰਣ ਗ਼ਲਤ ਸਨ, ਭਾਵ ਅੱਗੇ ਪਿੱਛੇ ਸਨ।

ਆਪ ਦਾ ਹਿਤੂ-

ਮਿਤੀ ੬/੬/੫੬ (ਸਹੀ) ਜਥੇਦਾਰ ਬਿਰੱਕਤ ਪੂਰਨ ਸਿੰਘ, ਨਿਹੰਗ ਸਿੰਘ ਬੁਢਾ ਦਲ, ਪਟਿਆਲਾ। {ਵੇਖੋ! ਹਥਲੀ ਪੁਸਤਕ ਦੀ ਅੰਤਿਕਾ ਨੰ. ੧, ਸ਼੍ਰੋਮਣੀ ਕਮੇਟੀ ਦੁਆਰਾ ਛਾਪੀ ਸੰਨ ੧੯੫੨ ਵਾਲੀ ਪਾਵਨ ਬੀੜ ਦੀ ਛਪਾਈ ਬਾਰੇ 'ਜ਼ਰੂਰੀ ਵਾਕਫ਼ੀਅਤ' ਨਾਂ ਦਾ ਕਿਤਾਬਚਾ- ਪੰਨਾ ੨੫}

'ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ' ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਸਿਸਟੈਂਟ ਪ੍ਰੋਫੈਸਰ ਡਾ. ਗੁਰਮੇਲ ਸਿੰਘ ਦੇ ਲਿਖੇ 'ਗੁਰਬਾਣੀ ਉਚਾਰਨ' ਨਾਂ ਦੇ ਪਰਚੇ ਮੁਤਾਬਿਕ ਵੀ "ਮੰਗਲਾਚਰਨ (ਮੂਲ ਮੰਤ੍ਰ) ਨੂੰ ਪੜ੍ਹਨ ਦਾ ਵਿਧਾਨ ਸਿਰਲੇਖਾਂ ਤੋਂ ਪਹਿਲਾਂ ਦਾ ਹੈ। ਮੰਗਲਾਚਰਨ, ਸਿਰਲੇਖ ਤੋਂ ਉੱਪਰ ਤੇ ਸੱਜੇ ਕਰਕੇ ਹੈ, ਸੋ ਇਸ ਦਾ ਉਚਾਰਨ ਵੀ ਪਹਿਲਾਂ ਹੀ ਹੈ।" ਮੰਗਲਾਂ ਦੀ ਹੋਰ ਵਿਸਥਾਰਤ ਤੇ ਸਥਾਨਿਕ ਸਪਸ਼ਟਤਾ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੀ ਦਸਵੀਂ ਪੋਥੀ ਦੇ ਪੰਨਾ ੭੧੧ ਤੋਂ 'ਮੂਲਮੰਤ੍ਰ ਦੀ ਸਹੀ ਥਾਂ ਦਾ ਨਿਰਨਾ' ਅਤੇ

'ਸੰਪਾਦਕ ਨਿਰਣੈ ਸ੍ਰੀ ਗੁਰੂ ਗ੍ਰੰਥ ਸਾਹਿਬ', 'ਸੰਪਾਦਨ-ਕਲਾ ਸ੍ਰੀ ਗੁਰੂ ਗ੍ਰੰਥ ਸਾਹਿਬ' ਤੇ 'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ' ਆਦਿਕ ਪੁਸਤਕਾਂ ਨੂੰ ਧੀਰਜ ਸਹਿਤ ਵਾਚਣਾ ਹੋਰ ਵੀ ਲਾਹੇਵੰਦਾ ਹੋ ਸਕਦਾ ਹੈ।

ਜਥੇਦਾਰ ਵੇਦਾਂਤੀ ਜੀ ਦੇ ਅਤਿ ਨਿਕਟਵਰਤ ਸਾਥੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਖੋਜੀ ਪ੍ਰੋਫੈਸਰ ਡਾ. ਅਮਰ ਸਿੰਘ ਦੀ ਰਚਿਤ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਦੀ ਅੰਤਿਕਾ ਨੰ. ੮ ਵਿਖੇ ਮੰਗਲਚਰਨ ਦੇ ਵੱਖ-ਵੱਖ ਸਥਾਨਾਂ ਵਾਲੀਆਂ ਬੀੜਾਂ ਦੀ ਵਿਵਰਨਾਤਮਿਕ ਸੂਚੀ ਇਸ ਪ੍ਰਕਾਰ ਹੈ:

ਮੰਗਲਾਚਰਨ ਦਾ ਸਥਾਨ ਬਾਣੀ ਸਿਰਲੇਖ ਤੋਂ ਪਹਿਲੀ ਪੰਕਤੀ ਵਿਚ ਸੱਜੇ ਪਾਸੇ: ੯, ੧੧, ੧੩, ੧੫, ੧੮, ੪੭, ੫੧, ੫੩, ੮੦, ੮੯, ੯੮, ੧੦੭, ੧੦੮ (ਕੁੱਲ ੧੩)

ਮੰਗਲਾਚਰਨ ਦਾ ਸਥਾਨ ਪਤਰੇ ਦੇ ਸੱਜੇ ਪਾਸੇ ਹੈ: ੭, ੧੨, ੧੭, ੨੦, ੨੭, ੩੦, ੩੨, ੪੫, ੫੬, ੫੭, ੬੭, ੭੯, ੮੨, ੮੭, ੯੯, ੧੦੦, ੧੦੨, ੧੦੪, ੧੦੬, ੧੧੫ (ਕੁੱਲ ੨੦)

ਮੰਗਲਾਚਰਨ ਦਾ ਸਥਾਨ ਬਾਣੀ ਸਿਰਲੇਖ ਤੋਂ ਪਹਿਲਾਂ ਹੈ: ੫, ੮, ੨੨, ੨੬, ੨੭, ੩੧, ੩੩, ੩੪, ੩੫, ੩੬, ੫੪, ੬੨, ੬੬, ੬੮ (ਕੁੱਲ ੧੪)

ਜਥੇਦਾਰ ਵੇਦਾਂਤੀ ਜੀ ਮੁਤਾਬਿਕ ਬੁੰਗਾ ਗਿਆਨੀਆਂ, ਸ੍ਰੀ ਅੰਮ੍ਰਿਤਸਰ ਤੋਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਪਹੁੰਚੀ ਬੀੜ, ਜਿਹੜੀ ਹੁਣ ਡਾ. ਅਨੁਰਾਗ ਸਿੰਘ **ਲੁਧਿਆਣਾ ਦੇ ਘਰ ਦੱਸੀ ਜਾਂਦੀ ਹੈ। ਉਸ ਦੇ** ਸਾਰੇ ਮੰਗਲ ਸਿਰਲੇਖਾਂ ਤੋਂ ਪਹਿਲਾਂ **(ਆਦਿ ਵਿਚ) ਓਵੇਂ ਹੀ ਲਿਖੇ ਹਨ, ਜਿਵੇਂ ਸ਼੍ਰੋਮਣੀ** ਕਮੇਟੀ ਨੇ ਸੰਨ ੧੯੫੨ ਵਿਚ **ਛਾਪੇ ਸਨ। ਇਹ ਇੱਕ ਵਖਰਾ ਵਿਸ਼ਾ ਹੈ ਕਿ ਉਸ ਬੀੜ** ਵਿਚ '੧ਓ' ਦੇ **ਪ੍ਰਚੱਲਿਤ ਰੂਪ ਦੀ ਥਾਂ ਇਉ '੧ਓ' ਦਰਸ਼ਨ ਹੁੰਦੇ** ਹਨ। ਇਸ ਬੀੜ ਦੀ **ਡਿਜ਼ੀਟਲ ਕਾਪੀ ਮੇਰੀ ਲਾਇਬ੍ਰੇਰੀ ਵਿਚ ਮੌਜੂਦ ਹੈ, ਜੋ** ਗੁਰੂ ਨਾਨਕ ਦੇਵ **ਯੂਨੀਵਰਸਿਟੀ ਅੰਮ੍ਰਿਤਸਰ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ** ਚੋਂ ਵੇਦਾਂਤੀ **ਜੀ ਦੇ ਸੰਗ੍ਰਹਿ ਦਾ ਭਾਗ ਬਣੀ। 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ** ਪੁਰਾਤਨ ਹੱਥ **ਲਿਖਤੀ ਬੀੜਾਂ ਦੇ ਦਰਸ਼ਨ' ਦੀ ਵਿਵਰਾਨਤਮਕ ਸੂਚੀ ਵਿਚ ਵੀ ਉਹ** ਬੀੜ ੫੦ **ਨੰ 'ਤੇ ਦਰਜ ਹੈ ਅਤੇ ਉਸ ਦੇ ਖਾਲੀ ਪਤਰਿਆਂ ਦਾ ੪੧ ਨੰ. ਚਿੱਤਰ** ਵੀ ਪੁਸਤਕ **ਦੇ ਪੰਨਾ ੨੭੨ ਮੁਤਾਬਿਕ ਉਸ ਦਾ ਭਾਗ ਹੈ, ਜਿਸ ਉੱਤੇ** '੧ਓ' ਤੇ '卐' **(ਸਵਾਸਤਿਕ) ਦੇ ਗੇਰੂ ਰੰਗੇ (ਭਗਵੇ) ਨਿਸ਼ਾਨ ਲਗਾਏ ਹੋਏ ਹਨ।**

ਅਸਲ ਵਿਚ ਕੁਝ ਇਹੋ ਕਾਰਣ ਸਨ, ਜਿਨ੍ਹਾਂ ਕਰਕੇ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਸੰਨ ੧੯੫੨ ਤੋਂ ੧੯੬੨ ਤਕ ਪਾਵਨ ਬੀੜਾਂ ਤੇ ਸ਼ਬਦਾਰਥ ਪੋਥੀਆਂ ਦੇ ਮੰਗਲ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿਚ) ਛਾਪਣ ਦਾ ਉਪਕਾਰ ਕਰਦੀ ਰਹੀ। ਸ਼੍ਰੋਮਣੀ ਕਮੇਟੀ ਵੱਲੋਂ ਬੀੜ ਦੀ ਛਪਾਈ ਹੋਣ ਕਰਕੇ ਸਥਾਨਕ ਦੁਕਾਨਦਾਰ ਪ੍ਰਕਾਸ਼ਕਾਂ ਦੀ ਵਿੱਖਰੀ ਘਟ ਗਈ। ਉਨ੍ਹਾਂ ਦੀ ਚੁੱਕਣਾ ਅਤੇ ਮੁੱਠੀ ਗਰਮ ਕਰਨ ਵਾਲੀ ਸੁਆਰਥੀ ਸੋਚ ਅਧੀਨ ਕੁਝ ਸੰਪਰਦਾਈ ਡੇਰੇਦਾਰਾਂ ਅਤੇ 'ਚੀਫ਼ ਖ਼ਾਲਸਾ ਦੀਵਾਨ' ਦੇ ਆਗੂਆਂ ਵੱਲੋਂ ਅਜਿਹੀ ਜ਼ੋਰਦਾਰ ਵਿਰੋਧੀ ਸੁਰ ਅਲਾਪਣੀ ਸ਼ੁਰੂ ਕੀਤੀ ਕਿ "ਸ਼੍ਰੋਮਣੀ ਕਮੇਟੀ ਨੇ ਪਾਵਨ ਬੀੜ ਦੇ ਮੰਗਲ ਬਦਲ ਦਿੱਤੇ ਹਨ। ਗੁਰਬਾਣੀ ਬਦਲ ਦਿੱਤੀ ਹੈ। ਇਹ ਘੋਰ ਅਪਰਾਧ ਹੈ।" ਜਦ ਕਿ ਅਜਿਹਾ ਕੁਝ ਵੀ ਨਹੀਂ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਸੰਨ ੧੯੫੯ ਵਿੱਚ ਪ੍ਰਕਾਸ਼ਤ '**ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ ਸ੍ਰੀ ਗੁਰੂ ਗ੍ਰੰਥ** ਸਾਹਿਬ ਜੀ ਦੀ ਬੀੜ-ਬਾਰੇ **ਜ਼ਰੂਰੀ ਵਾਕਫ਼ੀਅਤ**' ਨਾਂ ਦੇ ਕਿਤਾਚਬੇ ਦੁਆਰਾ ਪੰਥਕ ਵਿਦਵਾਨਾਂ ਦੀਆਂ ਸਮੇਂ-ਸਮੇਂ ਹੋਈਆਂ ਇਕੱਤ੍ਰਤਾਵਾਂ ਤੇ ਵਿਚਾਰਾਂ ਸਮੇਤ ਉਪਰੋਕਤ ਕਿਸਮ ਦੀ ਸਾਰੀ ਕਾਰਵਾਈ ਤੋਂ ਸਹਿਜੇ ਹੀ ਜਾਣੂੰ ਹੋਇਆ ਜਾ ਸਕਦਾ ਹੈ। ਇਸ ਵਿਚ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ ਦੀਆਂ ਚੋਣਵੀਆਂ ਹੱਥ ਲਿਖਤ ਬੀੜਾਂ ਤੋਂ ਇਲਾਵਾ ਸ੍ਰੀ ਕਰਤਾਰਪੁਰੀ ਅਤੇ ਭਾਈ ਬਿਧੀ ਚੰਦ ਜੀ ਵਾਲੀ ਸੁਰਸਿੰਘੀ ਬੀੜ ਸਮੇਤ ੫੧ ਬੀੜਾਂ ਦੇ ਵੇਰਵੇ ਨਾਲ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਮੰਗਲਾਂ ਦਾ ਸਹੀ ਸਥਾਨ ਸ਼ਬਦ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿਚ) ਹੈ। {ਵਾਚੋ! ਹਥਲੀ ਪੁਸਤਕ ਦੀ ਅੰਤਿਕਾ ੧}

ਜਨਵਰੀ ੧੪ ਸੰਨ ੧੯੫੭ ਨੂੰ ਪੰਜਾਬ ਦੀਆਂ ਸਮਕਾਲੀ ਅਖ਼ਬਾਰਾਂ ਤੇ ਮਾਸਕ ਪੱਤਰਾਂ ਦੇ ਸਾਰੇ ਸੰਪਾਦਕਾਂ ਨੇ ਇੱਕ ਸਾਂਝੇ ਬਿਆਨ ਰਾਹੀਂ ਸ਼੍ਰੋਮਣੀ ਕਮੇਟੀ ਦੁਆਰਾ ਪਾਵਨ ਬੀੜ ਦੀ ਛਪਾਈ ਕਰਵਾਉਣ ਦੀ ਜ਼ੋਰਦਾਰ ਸ਼ਲਾਘਾ ਕੀਤੀ ਅਤੇ ਸਿੱਖ ਸ਼ਰਧਾਲੂਆਂ ਨੂੰ ਗੁਮਰਾਹ ਕਰਨ ਵਾਲੇ ਸਵਾਰਥੀ ਪ੍ਰਾਪੇਗੰਡੇ ਦੀ ਨਿਖੇਧੀ ਕਰਦਿਆਂ ਸਿੱਖ ਜਗਤ ਨੂੰ ਸੁਚੇਤ ਵੀ ਕੀਤਾ। ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਵਿਚ ਸ. ਸਾਧੂ ਸਿੰਘ 'ਹਮਦਰਦ', ਸ਼ਾਦੀ ਸਿੰਘ, ਈਸ਼ਰ ਸਿੰਘ 'ਮਝੈਲ' ਅਤੇ ਸ. ਅਵਤਾਰ ਸਿੰਘ ਅਜ਼ਾਦ ਵਰਗੇ ਦਰਜਨ ਤੋਂ ਵਧੇਰੇ ਸੁਘੜ ਸੰਪਾਦਕ, ਸਾਹਿਤਕਾਰ ਤੇ ਪੰਥ-ਦਰਦੀ ਵਿਦਵਾਨ ਸ਼ਾਮਲ ਸਨ, ਜਿਨ੍ਹਾਂ ਦੀ ਘਾਟ ਪੰਥ ਨੂੰ ਸਦਾ ਹੀ ਰੜਕਦੀ ਰਹਿੰਦੀ ਹੈ। ਹੇਠਾਂ ਵਾਚੋ! ਉਪਰੋਕਤ ਸਾਂਝੇ ਬਿਆਨ ਦਾ ਚਿਤ੍ਰ:

ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਛਪੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਾਰੇ

ਅਖ਼ਬਾਰਾਂ ਦੇ ਐਡੀਟਰਾਂ ਦੀ ਰਾਏ

ਅਜ ਕਲ ਚੀਫ਼ ਖ਼ਾਲਸਾ ਦੀਵਾਨ ਤੇ ਉਸ ਦੇ ਅਖ਼ਬਾਰਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਬਾਰੇ ਸੰਗਤਾਂ ਵਿਚ ਕੁਝ ਬੇ-ਅਰਾਮੀ ਪੈਦਾ ਕੀਤੀ ਜਾ ਰਹੀ ਹੈ। ਅਸੀਂ ਹੇਠ ਲਿਖੇ ਸਿਖ ਅਖ਼ਬਾਰਾਂ ਦੇ ਐਡੀਟਰ ਤੇ ਜਰਨਲਿਸਟ ਮਹਿਸੂਸ ਕਰਦੇ ਹਾਂ ਕਿ ਜਿਹੜਾ ਉਦਮ ਸ਼੍ਰੋਮਣੀ ਕਮੇਟੀ ਵਲੋਂ ਪਾਵਨ ਬੀੜ ਦੀ ਸੁੰਦਰ ਤੇ ਸ਼ੁਧ ਛਪਾਈ ਲਈ ਕੀਤਾ ਗਿਆ ਹੈ ਉਹ ਪ੍ਰਸੰਸਾ ਤੇ ਸ਼ਲਾਘਾ ਯੋਗ ਹੈ। ਇਸ ਸੁਚੱਜੇ ਉਦਮ ਵਿਰੁਧ ਕੀਤਾ ਜਾ ਰਿਹਾ ਪ੍ਰਾਪੇਗੰਡਾ ਨਿਰਾ ਸਵਾਰਥੀ ਪਰਤੀਤ ਹੁੰਦਾ ਹੈ। ਸਾਡੀ ਸਪਸ਼ਟ ਰਾਇ ਹੈ ਕਿ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਨੂੰ ਅਜਿਹੇ ਸਵਾਰਥੀ ਪ੍ਰਾਪੇਗੰਡੇ ਤੋਂ ਨਿਸਚਿੰਤ ਹੋ ਕੇ ਇਸ ਚੰਗੇ ਕੰਮ ਨੂੰ ਜਾਰੀ ਰਖਣਾ ਚਾਹੀਦਾ ਹੈ। ਬਾਣੀ ਦੀ ਸ਼ੁਧ ਤੇ ਸੁੰਦਰ ਛਪਾਈ ਸਿਖ ਕੌਮ ਦੀ ਵਿਸ਼ੇਸ਼ ਮੰਗ ਹੈ। ਅਸੀਂ ਆਸ ਕਰਦੇ ਹਾਂ ਕਿ ਸਿਖ ਸੰਗਤਾਂ ਇਸ ਮਾਮਲੇ ਵਿਚ ਵਿਰੋਧੀ ਤੇ ਸਵਾਰਥੀ ਪ੍ਰਾਪੇਗੰਡੇ ਤੋਂ ਗੁਮਰਾਹ ਨਹੀਂ ਹੋਣਗੀਆਂ।

(ਸਹੀ) ਸਾਧੂ ਸਿੰਘ 'ਹਮਦਰਦ' ਐ: ਅਜੀਤ (ਉਰਦੂ) ਅਜੀਤ ਪਤ੍ਰਕਾ ਪੰਜਾਬੀ।
(ਸਹੀ) ਕ੍ਰਿਪਾਲ ਸਿੰਘ 'ਅਮਰ ਜੋਤ' ਸਹਾਇਕ ਐਡੀਟਰ (ਅਜੀਤ ਪਤ੍ਰਕਾ)।
(ਸਹੀ) ਕਰਮ ਸਿੰਘ 'ਜ਼ਖਮੀ' ਐਡੀਟਰ ਅਕਾਲੀ।
(ਸਹੀ) ਗੁਰਬਖਸ਼ ਸਿੰਘ ਐਡੀਟਰ ਅਜੀਤ।
(ਸਹੀ) ਅਵਤਾਰ ਸਿੰਘ 'ਅਜ਼ਾਦ' ਐਡੀਟਰ ਪ੍ਰਭਾਤ।
(ਸਹੀ) ਸ਼ਾਦੀ ਸਿੰਘ ਐਡੀਟਰ ਅਕਾਲੀ ਪਤ੍ਰਕਾ।
(ਸਹੀ) ਹਰਕਿਸ਼ਨ ਸਿੰਘ ਐਡੀਟਰ 'ਅਪਣਾ'।
(ਸਹੀ) ਭਜਨ ਸਿੰਘ ਸਹਾਇਕ ਐਡੀਟਰ ਅਕਾਲੀ।
(ਸਹੀ) ਮਿਹਰ ਸਿੰਘ ਐਡੀਟਰ ਰੋਜ਼ਾਨਾ 'ਰਣਜੀਤ' ਪਟਿਆਲਾ।
(ਸਹੀ) ਈਸ਼ਰ ਸਿੰਘ 'ਮਝੈਲ' ਐਡੀਟਰ ਵਰਤਮਾਨ।
(ਸਹੀ) ਪਿਆਰਾ ਸਿੰਘ 'ਭੋਗਲ'।
(ਸਹੀ) ਗੁਰਮੁਖ ਸਿੰਘ 'ਗੁਰਮੁਖ' ਜਾਇੰਟ ਐਡੀਟਰ ਵਰਤਮਾਨ।
(ਸਹੀ) ਗੁਰਚਰਨ ਸਿੰਘ 'ਸਾਕੀ' ਐਡੀਟਰ ਰਸਾਲਾ 'ਗੁਰਮਤ', ਅੰਮ੍ਰਿਤਸਰ
(ਸਹੀ) [illegible] ਸਿੰਘ ਐਡੀਟਰ 'ਜੀਵਨ' ਅੰਮ੍ਰਿਤਸਰ।

ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੇ ਸ਼ਬਦਾਂ ਵਿਚ "ਪੰਥਕ ਬਦਨਸੀਬੀ ਹੀ ਮੰਨੀ ਜਾ ਸਕਦੀ ਹੈ ਕਿ (ਸੰਤ ਬਾਬਾ) ਫਤਹਿ ਸਿੰਘ ਤੇ ਚੰਨਣ ਸਿੰਘ ਦੀ ਪ੍ਰਧਾਨਗੀ ਮੌਕੇ ਸੰਨ ੧੯੬੪ ਵਿਚ ਸੰਪਰਦਾਈ ਸੋਚ ਅਤੇ ਰਾਜਨੀਤਕ ਵੋਟ-ਦ੍ਰਿਸ਼ਟੀ ਅਧੀਨ ਸ਼੍ਰੋਮਣੀ ਕਮੇਟੀ ਨੇ ਪਾਵਨ ਬੀੜ ਦੀ ਸ਼ੁਧ ਛਪਾਈ ਸਬੰਧੀ ਆਪਣਾ ਉਪਰੋਕਤ ਕਿਸਮ ਦਾ ਸਹੀ ਫੈਸਲਾ ਬਦਲ ਲਿਆ। ਗਿ. ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਸਲਾਹ ਨਾਲ ਉਨ੍ਹਾਂ ਦੇ ਪ੍ਰਮੁੱਖ ਵਿਦਿਆਰਥੀ ਗਿ. ਕਰਤਾਰ ਸਿੰਘ (ਜੋ ਉਨ੍ਹਾਂ ਤੋਂ ਪਿੱਛੋਂ ਡੇਰਾ ਚੌਕ ਮਹਿਤਾ ਦੇ ਮੁਖੀ ਬਣੇ) ਨੂੰ ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈੱਸ ਸ੍ਰੀ ਅੰਮ੍ਰਿਤਸਰ ਵਿਖੇ ਪਾਵਨ ਬੀੜ ਦੀ ਪਰੂਫ਼-ਰੀਡਿੰਗ ਲਈ ਨਿਯੁਕਤ ਕੀਤਾ, ਜਿਨ੍ਹਾਂ ਆਪਣੇ ਉਸਤਾਦ ਦੀਆਂ ਹਦਾਇਤਾਂ ਅਨੁਸਾਰ ਛਾਪੇ ਦੀ ਬੀੜ ਵਿਚ ਮੰਗਲਾਂ ਦੀ ਬੇਤਰਤੀਬੀ ਤੋਂ ਇਲਾਵਾ ਸ਼ਬਦ ਜੋੜਾਂ ਵਿਚ ਵੀ ਵਾਧੇ-ਘਾਟੇ ਕੀਤੇ। ਇਸ ਲਈ ਹੁਣ ਇਹ ਬੀੜ ਨਾ ਕਰਤਾਰਪੁਰੀ ਨਾਲ ਮੇਲ ਖਾਂਦੀ ਹੈ ਅਤੇ ਨਾ ਹੀ ਦਮਦਮੀ ਬੀੜ ਨਾਲ।"

ਸ਼੍ਰੋਮਣੀ ਕਮੇਟੀ ਦੀ ਪ੍ਰੈਸ ਵਿਚ ਪਰੂਫ਼ ਰੀਡਰ ਰਹੇ ਸ. ਹਰਿਬੰਸ ਸਿੰਘ (ਸ਼ਹੀਦ ਊਧਮ ਸਿੰਘ ਨਗਰ) ਸ੍ਰੀ ਅੰਮ੍ਰਿਤਸਰ ਵਾਲੇ ਨੇ ਮੁਲਾਜ਼ਮ ਦੇ ਰੂਪ ਵਿੱਚ ਜਥੇਦਾਰ ਟੌਹੜਾ ਜੀ ਨੂੰ ਅਤੇ ਸੇਵਾ-ਮੁਕਤ ਹੋਣ ਉਪਰੰਤ ਆਪਣੇ ਸੱਜਣ ਸ. ਇਕਬਾਲ ਸਿੰਘ 'ਖ਼ਾਲਸਾ' ਆਦਮਪੁਰ (ਜਲੰਧਰ) ਵਾਲਿਆਂ ਨੂੰ ਦੱਸਿਆ ਕਿ ਗਿ. ਕਰਤਾਰ ਸਿੰਘ ਜੀ ਦੀ ਅਗਵਾਈ ਵਿਚ ਮੰਗਲ ਅਤੇ ਕਈ ਸ਼ਬਦਾਂ ਦੇ ਲਗਮਾਤ੍ਰੀ ਜੋੜ ਬਦਲਣ ਦਾ ਲਿਖਤੀ ਕਾਰਜ ਉਨ੍ਹਾਂ ਨੇ ਹੱਥੀਂ ਕੀਤਾ। ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੇ ੧੯੭੪-੭੬ ਦੇ ਸ਼ੈਸ਼ਨ ਵਿਚ ਸਾਡੀ ਕਲਾਸ ਦੇ ਸਾਰੇ ਵਿਦਿਆਰਥੀਆਂ ਪਾਸ ਸੰਥਾ ਲਈ ਸ਼ਬਦਾਰਥ ਦੀਆਂ ਓਹੀ ਪੋਥੀਆਂ (੪ ਭਾਗ) ਸਨ, ਜਿਨ੍ਹਾਂ ਦੇ ਸਾਰੇ ਮੰਗਲ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿਚ) ਸਨ। ਸਹਸਕ੍ਰਿਤੀ ਸਲੋਕ ਮਹਲਾ ੧ ਦੇ ਦੂਜੇ ਸਲੋਕ ਤੋਂ ਪਹਿਲਾਂ 'ੴ' ਦਾ ਮੰਗਲ ਸੀ, ਕਿਉਂਕਿ ਅਗਲੇ ਤਿੰਨ ਸਲੋਕ ਮਹਲਾ ੨ ਦੇ ਹਨ, ਜੋ ਰਾਗੁ 'ਮਾਝ' ਤੇ 'ਆਸਾ' ਦੀ ਵਾਰ ਵਿਚ ਮ: ੨ ਦੇ ਸਿਰਲੇਖ ਹੇਠ ਦਰਜ ਹੋਏ ਮਿਲਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ ਦੇ ਪ੍ਰਮੁੱਖ ਖੋਜੀ ਮੈਂਬਰ ਤਲਵਾੜਾ ਜੀ ਅਤੇ ਜਥੇਦਾਰ ਵੇਦਾਂਤੀ ਜੀ ਸਾਰੇ ਮੰਗਲਾਂ ਨੂੰ ਪਤਰੇ ਦੇ ਸੱਜੇ ਪਾਸੇ ਸਿਰਲੇਖਾਂ ਤੋਂ ਉੱਪਰ ਲਿਖਣ ਦੀ ਹੀ ਵਕਾਲਤ ਕਰਦੇ ਸਨ, ਕਿਉਂਕਿ ਗੁਰੂ-ਕਾਲ ਦੀਆਂ ਪ੍ਰਮਾਣਿਤ ਬੀੜਾਂ ਤੋਂ ਇਲਾਵਾ ੧੭ਵੀਂ ਤੇ ੧੮ਵੀਂ ਸਦੀ ਦੀਆਂ ਬਹੁਗਿਣਤੀ ਹੱਥ ਲਿਖਤ ਬੀੜਾਂ ਵਿਚ ਇਹੀ ਢੰਗ ਅਪਨਾਇਆ ਗਿਆ ਹੈ। ਉਹ ਸੋਚਦੇ ਸਨ ਕਿ ਇਹੀ ਇੱਕ ਅਜਿਹਾ ਮੂਲਿਕ ਢੰਗ ਹੈ, ਜਿਸ ਨਾਲ ਮੰਗਲ ਆਪਣੇ ਸਹੀ ਸਥਾਨ

'ਤੇ ਸ਼ੋਭਨੀਕ ਵੀ ਰਹਿੰਦੇ ਹਨ ਅਤੇ ਮੰਗਲ ਬਦਲਣ ਵਾਲੇ ਕਥਿਤ ਤੇ ਫੁਹਰੀ ਦੋਸ਼ ਤੋਂ ਵੀ ਬਚਿਆ ਜਾ ਸਕਦਾ ਹੈ। ਇਸ ਟੀਮ ਮੁਤਾਬਿਕ ਮੰਗਲ ਹੈਨ ਵੀ ਕੇਵਲ ਦੋ ਕਿਸਮ ਦੇ, ਬਾਕੀ ਸਭ ਲਿਖਾਰੀਆਂ ਦੀਆਂ ਉਕਾਈਆਂ ਤੇ ਮਨਮਰਜ਼ੀਆਂ ਹਨ। ੩੧ ਰਾਗਾਂ ਦੇ ਆਰੰਭ ਵਿਚ ਸੰਪੂਰਨ ਅਤੇ ਉਪਰਾਗਾਂ, ਘਰਾਂ ਅਤੇ ਵੱਖ-ਵੱਖ ਬਾਣੀਕਾਰਾਂ ਦੇ ਸ਼ਬਦ ਸੰਗ੍ਰਹਿਆਂ ਅੱਗੇ ਕੇਵਲ '੧ੴ ਸਤਿਗੁਰਪ੍ਰਸਾਦਿ' ਦਾ ਸੰਖੇਪ ਮੰਗਲ। ਸਾਡੇ ਪਾਸ ਕਈ ਅਜਿਹੀਆਂ ਪ੍ਰਮਾਣੀਕ ਬੀੜਾਂ ਮੌਜੂਦ ਹਨ, ਜੋ ਉਪਰੋਕਤ ਹਕੀਕਤ ਦੀ ਗਵਾਹੀ ਭਰਦੀਆਂ ਹਨ।

'ਪਾਠ-ਭੇਦਾਂ ਦੀ ਸੂਚੀ' ਦੇ ਪੰਨਾ ੧੭ ਉੱਤੇ ਜਿੱਥੇ ਬੀੜ ਨੰ. ੪/੩, ੫, ੮/੮, ੨੧/੩੪, ੨੯/੭੯, ੩੨/੬੨੮੧, ੩੫/੧੧੬, ੩੯/੧੮੨ ਅਤੇ ਬੀੜ ਨੰ. ੪੮ ਦੇ ਹਵਾਲੇ ਨਾਲ ਸਿਰੀਰਾਗੁ ਦੀ ਆਰੰਭਤਾ ਵਜੋਂ ਛਾਪੇ ਦੀ ਬੀੜ ਵਾਲੇ '੧ੴ ਸਤਿਗੁਰ ਪ੍ਰਸਾਦਿ॥' ਸੰਖੇਪ ਮੰਗਲ ਦੀ ਥਾਂ '੧ੴ ਤੋਂ ਗੁਰਪ੍ਰਸਾਦਿ' ਤਕ ਦਾ ਸੰਪੂਰਨ ਮੰਗਲਾਚਰਨ ਲਿਖ ਕੇ ਛਾਪੇ ਦੇ ਸ਼ਬਦ ਸੰਗ੍ਰਹਿ ਦੇ ਸਿਰਲੇਖ 'ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧' ਦੀ ਥਾਂ ਸਹੀ ਸਿਰਲੇਖ 'ਰਾਗੁ ਸਿਰੀਰਾਗੁ ਮਹਲਾ ੧ ਚਉਪਦੇ ਘਰੁ ੧' ਲਿਖਿਆ ਹੈ, ਕਿਉਂਕਿ ਉਸ ਸੰਗ੍ਰਹਿ ਦੇ ਸਾਰੇ ਸ਼ਬਦ ਚਉਪਦੇ ਹਨ। ਉੱਥੇ ਇੱਕ ਵਿਸ਼ੇਸ਼ ਨੋਟ ਵੀ ਇਉਂ ਅੰਕਿਤ ਕੀਤਾ ਹੈ:

ਨੋਟ: ਪੁਰਾਤਨ ਲਿਖਤੀ 'ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਸੰਚਿਆਂ ਵਿਚ ਸਾਰੇ ਇਕੱਤੀਹਾਂ ਰਾਗਾਂ ਦੇ ਆਰੰਭ ਵਿਚ 'ਮੰਗਲ' ਵਜੋਂ 'ਪੂਰਨ ਮੂਲਮੰਤ੍ਰ' ਲਿਖੇ ਹੋਏ ਹਨ। ਅਤੇ ਅੰਦਰਲੇ ਛੋਟੇ ਸਿਰਲੇਖਾਂ ਨਾਲ ਸੰਖੇਪ (੧ੴ ਸਤਿ...ਗੁਰ ਪ੍ਰਸਾਦਿ।) ਮੂਲਮੰਤ੍ਰ "ਕਟਹ ਕੁੰਟਲ ਨਜਾਯ" ਅਨੁਸਾਰ ਲਿਖਣ ਦਾ ਰਿਵਾਜ ਸੀ।

(੧ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥) ਦੇ ੯ ਵਾਰ ਆਏ ਅਤੇ (੧ੴ ਸਤਿ ਨਾਮੁ ਗੁਰ ਪ੍ਰਸਾਦਿ॥) ਦੇ ਦੋ ਵਾਰ ਆਏ ਮੰਗਲਾਂ ਦੀ ਥਾਂ ਵੀ ਦਰਜਨਾਂ ਬੀੜਾਂ ਦੇ ਹਵਾਲੇ ਨਾਲ ਜਾਣਕਾਰੀ ਲਿਖੀ ਹੈ ਕਿ ਰਾਗਾਂ ਦੇ ਸਿਰਲੇਖਾਂ ਨੂੰ ਛੱਡ ਕੇ ਇਤਿਆਦਿਕ ਸਭ ਥਾਈਂ '੧ੴ ਸਤਿਗੁਰਪ੍ਰਸਾਦਿ॥' ਦਾ ਸੰਖੇਪ ਮੰਗਲ ਹੀ ਸਹੀ ਸਿੱਧ ਹੁੰਦਾ ਹੈ। ਜਿਵੇਂ ਛਾਪੇ ਦੀ ਪਾਵਨ ਬੀੜ ਦੇ ਪੰਨਾ ੨੨੦ ਤੇ ੨੩੫ 'ਤੇ ਮਹਲਾ ੧ ਤੇ ਮਹਲਾ ੫ ਦੀਆਂ ਅਸਟਪਦੀਆਂ ਵਿਚ ਲਿਖੇ '੧ੴ ਸਤਿ ਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥' ਮੰਗਲ ਬਾਰੇ ਬੀੜ ਨੰ. ੧, ੪/੩, ੫, ੭, ੨੧/੩੪, ੨੪/੩੬, ੩੧/੯੯, ੩੨/੬੨੮੧, ੩੬/੧੧੭, ੩੮/ ੧੭੩, ੪੧/੨੫੦ ਅਤੇ ੫੫ ਨੰ. ਬੀੜਾਂ ਦੇ ਹਵਾਲੇ ਨਾਲ '੧ੴ ਸਤਿਗੁਰਪ੍ਰਸਾਦਿ॥' ਦੇ ਸੰਖੇਪ ਮੰਗਲ ਨੂੰ ਸਹੀ ਸਿੱਧ ਕੀਤਾ ਹੈ। ਇਸੇ ਤਰਾਂ ਪਾਵਨ ਬੀੜ ਦੇ ਪੰਨਾ ੮੧

ਅਤੇ ਪੰਨਾ ੫੪੪ 'ਤੇ ੨ ਵਾਰ ਅੰਕਿਤ '੧ੴ ਸਤਿ ਨਾਮੁ ਗੁਰਪ੍ਰਸਾਦਿ॥' ਦੇ ਮੰਗਲ ਬਾਰੇ ਬੀੜ ਨੰ. ੫, ੪/੩, ੭, ੨੧/੩੪, ੩੨/੬੨੮੧, ੩੬/੧੧੭, ੩੮/੧੨੩, ੪੦/੨੩੬, ੪੧/੨੫੦, ੪੬, ੪੭, ੪੮, ੫੩/੧ ਅਤੇ ਬੀੜ ਨੰ. ੫੪ ਦੇ ਹਵਾਲੇ ਨਾਲ ਦੱਸਿਆ ਹੈ ਕਿ ਉਪਰੋਕਤ ਦੋਈਂ ਥਾਈਂ ਵੀ ਮੰਗਲ ਦਾ ਸੰਖੇਪ ਰੂਪ '੧ੴ ਸਤਿਗੁਰਪ੍ਰਸਾਦਿ॥' ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' (ਪੰਨਾ ੨੭੪) ਪੁਸਤਕ ਦੀ ਅੰਤਿਕਾ ਨੰ. ੧੦ ਮੁਤਾਬਿਕ ਯੂਨੀਵਰਸਿਟੀ ਦੇ ਉਪਰੋਕਤ ਕੇਂਦਰ ਦੀ ਲਾਇਬ੍ਰੇਰੀ ਵਿਖੇ ਹੇਠ ਲਿਖੀਆਂ ੬੫ ਪੁਰਾਤਨ ਬੀੜਾਂ ਮੌਜੂਦ ਹਨ, ਜਿਨ੍ਹਾਂ ਵਿਚ ਰਾਗ 'ਸਿਰੀਰਾਗੁ' ਦੇ ਅਰੰਭ ਵਿਚ ਸੰਖੇਪ ਮੰਗਲਾਚਰਨ '੧ੴ ਸਤਿਗੁਰਪ੍ਰਸਾਦਿ॥' (ਪੰਨਾ ੧੪) ਦੀ ਥਾਂ '੧ੴ ਤੋਂ ਗੁਰਪ੍ਰਸਾਦਿ॥' ਤਕ ਦਾ ਸੰਪੂਰਨ ਮੰਗਲ ਹੈ। ਦਰਸ਼ਨ ਕਰੋ! ਬੀੜ ਨੰ. ੧, ੨, ੫, ੭, ੮, ੧੩, ੧੯, ੨੨, ੨੪, ੨੫, ੨੬, ੩੧, ੩੩, ੩੪, ੩੫, ੩੬, ੩੯, ੪੨, ੪੩, ੪੪, ੪੫, ੪੮, ੫੦, ੫੧, ੫੨, ੫੩ ਆਦਿਕ।

ਅੰਤਿਕਾ ਨੰ. ੧੩ (ਪੰਨਾ ੨੭੫)- ਉਨ੍ਹਾਂ ਪੁਰਾਤਨ ਬੀੜਾਂ ਦੀ ਸੂਚੀ, ਜਿਨ੍ਹਾਂ ਵਿਚ ਛਾਪੇ ਦੀ ਪਾਵਨ ਬੀੜ ਵਿਖੇ ਰਾਗੁ ਸਿਰੀਰਾਗੁ ਮਹਲਾ ੪ ਵਣਜਾਰਾ (ਪੰਨਾ ੮੧) ਅਤੇ ਰਾਗੁ ਬਿਹਾਗੜਾ ਮਹਲਾ ੫॥ ਛੰਤ ਘਰੁ ੨ (ਪੰਨਾ ੫੪੪) ਦੇ ਸਿਰਲੇਖਾਂ ਪਿੱਛੋਂ ਛਪੇ ਮੰਗਲਾਚਰਨ '੧ੴ ਸਤਿ ਨਾਮੁ ਗੁਰਪ੍ਰਸਾਦਿ॥' ਦੀ ਥਾਂ ਅਰੰਭ ਵਿਚ ਮੰਗਲ ਕੇਵਲ '੧ੴ ਸਤਿਗੁਰਪ੍ਰਸਾਦਿ॥' ਹੈ। ਅਜਿਹੀਆਂ ਹੱਥ ਲਿਖਤਾਂ ਦੀ ਕੁੱਲ ਗਿਣਤੀ ੮੭ ਹੈ। ਜਿਵੇਂ ਬੀੜ ਨੰ. ੨, ੩, ੫, ੬, ੭, ੮, ੧੦, ੧੧, ੧੨, ੧੩, ੧੫, ੧੬, ੧੭, ੧੯, ੨੦, ੨੧, ੨੨, ੨੪, ੨੫, ੨੬, ੨੭, ੩੧, ੩੨, ੩੩, ੩੪, ੩੫, ੩੬, ੩੯, ੪੦, ੪੧, ੪੨, ੪੩, ੪੪, ੪੫, ੪੯, ੫੦, ੫੧, ੫੨, ੫੩, ੫੪, ੫੫, ੫੬, ੫੭, ੫੮, ੫੯, ੬੦, ੬੨, ੬੪, ੬੬, ੬੭, ੭੧, ੭੩, ੭੪, ੭੫, ੭੬, ੭੭, ੭੮, ੮੦, ੮੧, ੮੨, ੮੩, ੮੪, ੮੬, ੮੭, ੮੯, ੯੦, ੯੧, ੯੮, ੯੯, ੧੦੦, ੧੦੧, ੧੦੨, ੧੦੪, ੧੦੮, ੧੧੦, ੧੧੫, ੧੧੬, ੧੧੭, ੧੧੯, ੧੨੦, ੧੨੨, ੧੨੫, ੧੨੮, ੧੩੦, ੧੩੫, ੧੪੦ ਤੇ ੧੪੫।

ਅੰਤਿਕਾ ਨੰ. ੧੪ (ਪੰਨਾ ੨੭੫)- ਉਨ੍ਹਾਂ ਬੀੜਾਂ ਦੀ ਸੂਚੀ, ਜਿਨ੍ਹਾਂ ਵਿਚ ਰਾਗੁ ਗਉੜੀ ਛੰਤ ਮਹਲਾ ੧ (ਪੰਨਾ ੨੪੨), ਮਹਲਾ ੩ (ਪੰਨਾ ੨੪੩), ਭਗਤਾਂ ਕੀ ਬਾਣੀ (ਪੰਨਾ ੩੨੩), ਬਾਵਨ ਅਖਰੀ ਕਬੀਰ ਜੀ (ਪੰਨਾ ੩੪੦) ਅਤੇ ਭਗਤ ਰਵਿਦਾਸ ਜੀ ਦੀ ਬਾਣੀ (ਪੰਨਾ ੩੪੫) ਦੇ ਆਰੰਭ ਵਿਚ ਮੰਗਲਾਚਰਨ '੧ੴ ਸਤਿ ਨਾਮੁ ਕਰਤਾ ਪੁਰਖ ਗੁਰਪ੍ਰਸਾਦਿ॥' ਦੀ ਥਾਂ ਵੀ ਕੇਵਲ '੧ੴ

ਸਤਿਗੁਰਪ੍ਰਸਾਦਿ॥' ਦਾ ਸੰਖੇਪ ਮੰਗਲ ਹੈ। ਅਜਿਹੀਆਂ ਪਾਵਨ ਬੀੜਾਂ ਦੀ ਕੁੱਲ ਗਿਣਤੀ ੬੭ ਹੈ। ਜਿਵੇਂ ਬੀੜ ਨੰ. ੫, ੭, ੮, ੯, ੧੧, ੧੩, ੧੪, ੧੮, ੨੦, ੨੨, ੨੩, ੨੫, ੨੬, ੨੭, ੩੦, ੩੧, ੩੨, ੩੪, ੩੫, ੩੯, ੪੨, ੪੩, ੪੪, ੪੫, ੪੬, ੪੭, ੫੧, ੫੩, ੫੪, ੫੫, ੫੬, ੫੭, ੫੮, ੫੯, ੬੦, ੬੩, ੬੪, ੬੬, ੬੭, ੬੮, ੭੦, ੭੩, ੭੪, ੭੯, ੮੦, ੮੧, ੮੨, ੮੩, ੮੬, ੮੭, ੯੧, ੯੯, ੧੦੦, ੧੦੨, ੧੦੪, ੧੦੬, ੧੦੮, ੧੧੦, ੧੧੫, ੧੧੯, ੧੨੫, ੧੨੮, ੧੩੫, ੧੩੯, ੧੪੦, ੧੪੮ ਤੇ ੧੫੦।

ਅੰਤਿਕਾ ਨੰ. ੪੦ (ਉਹੀ ਪੁਸਤਕ, ਪੰਨਾ ੨੭੮)- ਸਲੋਕ ਸਹਸਕ੍ਰਿਤੀ ਮਹਲਾ ੧ ਦੇ ਦੂਜੇ ਸਲੋਕ 'ਨਿਹਫਲੰ ਤਸ੍ਯ ਜਨਮਸ੍ਯ ਜਾਵਦ ਬ੍ਰਹਮ ਨ ਬਿੰਦਤੇ॥' ਤੋਂ ਪਹਿਲਾਂ ਮੰਗਲਾਚਰਨ ਕੇਵਲ '੧ੴ' ਜਾਂ '੧ੴ ਸਤਿਗੁਰਪ੍ਰਸਾਦਿ॥' ਵਾਲੀਆਂ ਬੀੜਾਂ ਦੀ ਸੂਚੀ: ੨, ੪, ੧੨, ੧੫, ੧੭, ੧੮, ੧੯, ੨੨, ੩੩, ੪੦, ੪੨, ੪੩, ੪੫, ੫੩, ੫੬, ੧੦੧, ੧੦੪, ੧੦੭, ੧੦੮, ੧੨੦ (ਕੁੱਲ-੨੦)

ਇਹੀ ਕਾਰਣ ਹੈ ਕਿ ਜਥੇਦਾਰ ਵੇਦਾਂਤੀ ਜੀ ਦੁਆਰਾ ਪਾਵਨ ਬੀੜ ਦੇ ਸੋਧੇ ਹੋਏ ਖਰੜੇ ਵਿਖੇ ਵੀ ਇਸੇ ਮੰਗਲ ਸ਼ੈਲੀ ਨੂੰ ਹੀ ਮਹੱਤਵ ਦਿੱਤਾ ਗਿਆ ਹੈ। ਭਾਵ, 'ਸਿੱਖ ਬੁੱਕ ਕਲੱਬ ਅਮਰੀਕਾ' ਵਾਲੀ ਪਾਵਨ ਬੀੜ ਦੇ ਖਰੜੇ ਵਿਖੇ ੩੧ ਰਾਗਾਂ ਦੇ ਮੰਗਲ ਸੰਪੂਰਨ ਹਨ ਅਤੇ ਬਾਕੀ ਦੇ ਅੰਦਰਲੇ ਸਾਰੇ ਮੰਗਲ '੧ੴ ਸਤਿ ਗੁਰਪ੍ਰਸਾਦਿ॥' ਸੰਖੇਪ ਰੂਪ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ-ਸਿਰਲੇਖਾਂ ਦੀ ਤਰਤੀਬਕ ਇਕਸਾਰਤਾ

ਇਹ ਮਸਲਾ ਵਧੇਰੇ ਕਰਕੇ ਲਾਹੌਰ ਤੇ ਨਵਲ ਕਿਸ਼ੋਰ ਪ੍ਰੈੱਸ ਲਖਨਊ ਦੇ ਬੇਸਮਝ ਛਾਪਕਾਂ ਦੁਆਰਾ ਮੰਗਲਾਂ ਦੀ ਸਥਾਨਿਕ ਬੇਤਰਤੀਬੀ ਕਾਰਣ ਪੈਦਾ ਹੋਇਆ ਹੈ। ਭਗਤਬਾਣੀ ਦੇ ਕਈ ਸ਼ਬਦ ਸਿਰਲੇਖਾਂ ਤੋਂ ਹੀ ਰਹਿਤ ਹਨ। ਇਸ ਪੱਖੋਂ ਛਾਪੇ ਦੀ ਪ੍ਰਚੱਲਿਤ ਬੀੜ ਦੇ ਹੇਠ ਲਿਖੇ ਸਿਰਲੇਖ ਵਾਚੇ ਜਾ ਸਕਦੇ ਹਨ, ਜਿਨ੍ਹਾਂ ਵਿਚ ਇਕਸਾਰਤਾ ਅਤੇ ਇੱਕ ਬੱਝਵੀਂ ਤਰਤੀਬ ਦੀ ਵੱਡੀ ਤੇ ਰੜਕਵੀਂ ਘਾਟ ਹੈ। ਭਾਵ, ਕਈ ਥਾਈਂ ਬਾਣੀ ਦਾ ਨਾਂ ('ਸੋਹਿਲਾ', 'ਸੁਖਮਨੀ' ਤੇ 'ਓਅੰਕਾਰ' ਆਦਿਕ) ਸਿਰਲੇਖ ਦੇ ਆਰੰਭ ਵਿਚ ਅੰਕਤ ਕੀਤਾ ਗਿਆ ਹੈ ਅਤੇ ਕਦੀ ਰਾਗ, ਮਹਲਾ, ਘਰੁ ਅਤੇ ਚਉਪਦੇ ਆਦਿਕ ਸੂਚਨਾਵਾਂ ਦੇ ਵਿਚਕਾਰ ਅਤੇ ਕਦੇ ਅੰਤ ਵਿਚ। ਜਿਵੇਂ ਹੇਠਾਂ ਵੇਖੋ (ਨੰ. ੧, ੨, ੩) ਕਦੇ ਰਾਗ ਦਾ ਨਾਂ ਪਹਿਲਾਂ ਤੇ ਬਾਣੀਕਾਰ (ਮਹਲਾ) ਦਾ ਵੇਰਵਾ ਪਿੱਛੋਂ, ਕਦੇ ਮਹਲਾ ਦਾ ਵੇਰਵਾ ਪਹਿਲਾਂ ਤੇ ਰਾਗੁ ਪਿੱਛੋਂ ਅਤੇ ਕਈ ਥਾਈਂ ਮਹਲਾ ਦੀ ਸੂਚਨਾ, ਰਾਗ ਤੇ ਕਾਵਿਕ ਪਦਿਆਂ ਦੀ ਸੂਚਨਾ ਤੋਂ ਪਿੱਛੋਂ। ਅਗਲੇ ਪਹਿਰੇ ਤੋਂ ਹੇਠਾਂ ਵੇਖੋ (ਨੰ.੪, ੫, ੬, ੯)।

ਕਦੇ ਸੰਗੀਤਕ ਸੂਚਨਾ 'ਘਰੁ' ਨੂੰ ਰਾਗ ਤੋਂ ਪਿੱਛੋਂ ਲਿਖਿਆ ਗਿਆ ਹੈ ਅਤੇ ਕਈ ਥਾਈਂ ਬਾਣੀਕਾਰ (ਮਹਲਾ) ਦੇ ਪਿੱਛੋਂ ਤੇ ਕਦੀ ਅੰਤ ਵਿਚ। ਹੇਠਾਂ ਵੇਖੋ (ਨੰ. ੪, ੫, ੯) ਕਈ ਥਾਈਂ ਸ਼ਬਦ ਦੇ ਪਦਿਆਂ ਦੀ ਕਾਵਿਕ ਸੂਚਨਾ (ਦੁਪਦੇ, ਚਉਪਦੇ ਤੇ ਅਸਟਪਦੀਆਂ ਆਦਿਕ) ਨੂੰ 'ਘਰੁ' ਦੇ ਪਿੱਛੋਂ ਰੱਖਿਆ ਹੈ ਅਤੇ ਕਦੇ ਬਾਣੀਕਾਰ ਦੇ ਪਿੱਛੋਂ। ਹੇਠਾਂ ਵੇਖੋ (ਨੰ. ੪, ੫, ੬) ਕਦੇ ਮੁੱਖ ਰਾਗ ਤੇ ਉਪਰਾਗ ਨੂੰ ਮਿਲਾ ਕੇ ਮਿਸ਼ਰਤ ਰਾਗ (ਗਉੜੀ ਦੀਪਕੀ, 'ਗਉੜੀ ਮਾਝ', 'ਗਉੜੀ ਗੁਆਰੇਰੀ', 'ਆਸਾ ਕਾਫੀ' ਅਤੇ 'ਮਾਰੂ ਕਾਫੀ' ਤੇ 'ਬਸੰਤ ਹਿੰਡੋਲੁ' ਆਦਿਕ) ਵਜੋਂ ਗਾਉਣ ਦੀ ਸੂਚਨਾ ਨੂੰ ਸੰਯੁਕਤ ਰੂਪ ਵਿਚ ਲਿਖਿਆ ਹੈ। ਹੇਠਾਂ ਵੇਖੋ (ਨੰ. ੧, ੫, ੬, ੧੦) ਕਈ ਥਾਈਂ ਉਪਰਾਗ ਨੂੰ 'ਘਰੁ' ਜਾਂ 'ਮਹਲਾ' ਤੋਂ ਪਿੱਛੋਂ ਨਿਖੇੜ ਕੇ ਲਿਖਿਆ ਹੋਇਆ ਹੈ। ਹੇਠਾਂ ਵੇਖੋ (ਨੰ.੮, ੯, ੧੧):

੧. **'ਸੋਹਿਲਾ'** ਰਾਗੁ ਗਉੜੀ ਦੀਪਕੀ ਮਹਲਾ ੧॥ ੧ੴ ਸਤਿਗੁਰ ਪ੍ਰਸਾਦਿ॥ ਜੈ ਘਰਿ ਕੀਰਤਿ...॥

{ਪੰਨਾ ੧੨}

੨. ਗਉੜੀ **'ਸੁਖਮਨੀ'** ਮਹਲਾ ੫॥ ਸਲੋਕ॥ ੧ੴ ਸਤਿਗੁਰ ਪ੍ਰਸਾਦਿ॥ ਆਦਿ ਗੁਰਏ ਨਮਹ॥...

{ਪੰਨਾ ੨੬੨}

੩. ੧ੴ ਸਤਿਗੁਰ ਪ੍ਰਸਾਦਿ॥ ਰਾਮਕਲੀ ਮਹਲਾ ੧ ਦਖਣੀ **'ਓਅੰਕਾਰੁ'**॥ ਓਅੰਕਾਰਿ ਬ੍ਰਹਮਾ...॥

{ਪੰਨਾ ੯੨੯}

੪. ੧ੴ ਸਤਿਗੁਰ ਪਸਾਦਿ॥ ਸਿਰੀਰਾਗੁ ਮਹਲਾ ੧ ਘਰੁ ੧
ਅਸਟਪਦੀਆ॥ ਆਖਿ ਆਖਿ...॥

{ਪੰਨਾ ੫੩}

੫. ਰਾਗ ਮਾਝ ਅਸਟਪਦੀਆ ਮਹਲਾ ੧ ਘਰੁ ੧ ੧ੴ
ਸਤਿਗੁਰ ਪ੍ਰਸਾਦਿ॥ ਸਬਦਿ ਰੰਗਾਏ ਹੁਕਮਿ...॥

{ਪੰਨਾ ੧੦੯}

੬. ਮਹਲਾ ੫ ਰਾਗੁ ਗਉੜੀ ਗੁਰਆਰੇਰੀ ਚਉਪਦੇ ੧ੴ
ਸਤਿਗੁਰ ਪ੍ਰਸਾਦਿ॥
ਕਿਨ ਬਿਧਿ ਕੁਸਲ...॥

{ਪੰਨਾ ੧੭੫}

ਰਾਗੁ ਗਉੜੀ ਮਾਝ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥
ਤੂੰ ਮੇਰਾ ਬਹੁ ਮਾਣ ਕਰਤੇ...॥

{ਪੰਨਾ ੨੧੭}

ਗਉੜੀ ਮਹਲਾ ੫ ਮਾਝ॥ ਆਉ ਹਮਾਰੈ...॥

{ਪੰਨਾ ੨੧੭}

ਆਸਾ ਘਰੁ ੮ **ਕਾਫੀ** ਮਹਲਾ ੫॥ ੧ੴ ਸਤਿਗੁਰ ਪ੍ਰਸਾਦਿ॥
ਮੈ ਬੰਦਾ ਬੈਖਰੀਦੁ...॥

{ਪੰਨਾ ੩੯੬}

੭. **ਮਾਰੂ ਕਾਫੀ** ਮਹਲਾ ੧ ਘਰੁ ੨॥ ਆਵਉ ਵੰਞਉ ਡੁੰਮਣੀ...

{ਪੰਨਾ ੧੦੧੪}

੮. **ਬਸੰਤੁ** ਮਹਲਾ ੧ **ਹਿੰਡੋਲ**॥ ਸਾਹੁਰੜੀ ਵਥੁ...

{ਪੰਨਾ ੧੧੭੧}

ਪਰ, ਸ੍ਰੀ ਕਰਤਾਰਪੁਰੀ ਬੀੜ ਸਮੇਤ ਭਾਈ ਬੰਨੋ ਵਾਲੀ ਸ਼ਾਖ ਦੀਆਂ ਬੀੜਾਂ ਨੂੰ ਛੱਡ ਕੇ ਬਾਕੀ ਦੀਆਂ ਵਧੇਰੇ ਪ੍ਰਾਚੀਨ ਬੀੜਾਂ ਵਿਚ ਸਿਰਲੇਖਾਂ ਦੀ ਇੱਕ ਬੱਝਵੀਂ ਤਰਤੀਬ ਹੈ। ਪਹਿਲੇ ਨੰ. 'ਤੇ ਰਾਗ ਦਾ ਨਾਂ; ਦੂਜੇ 'ਤੇ ਬਾਣੀਕਾਰ (ਮਹਲਾ) ਦਾ ਵੇਰਵਾ; ਤੀਜੇ 'ਤੇ ਦੁਪਦੇ, ਚਉਪਦੇ ਤੇ ਅਸਟਪਦੀਆਂ ਆਦਿਕ ਦੇ ਰੂਪ ਵਿਚ ਕਾਵਿਕ ਪਦਿਆਂ ਦੀ ਸੂਚਨਾ; ਚੌਥੇ 'ਤੇ ਸੰਗੀਤਕ ਸੂਚਨਾ 'ਘਰੁ' ਅਤੇ ਅੰਤ ਵਿਚ ਬਾਣੀ ਦਾ ਨਾਂ 'ਸੋਹਿਲਾ' ਤੇ 'ਸੁਖਮਨੀ' ਆਦਿਕ। ਉਦਾਹਰਣ ਵਜੋਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ 'ਪਾਠ-ਭੇਦਾਂ ਦੀ ਸੂਚੀ' ਮੁਤਾਬਿਕ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਬੀੜ ਨੰ. ੪/੩, ੫, ੨੪/੩੬, ੨੯/੭੯ ਤੇ ੩੨/੬੨੮੧ ਵਿਚ ਸਿਰਲੇਖ ਸੀ:

ਰਾਗੁ ਗਉੜੀ ਦੀਪਕੀ ਮਹਲਾ ੧ **ਸੋਹਿਲਾ**॥ ਜੈ ਘਰਿ...॥

ਪਰ, ਹੁਣ ਛਪ ਰਿਹਾ ਹੈ: **ਸੋਹਿਲਾ** ਰਾਗੁ ਗਉੜੀ ਦੀਪਕੀ ਮਹਲਾ ੧॥

(੨) ਬੀੜ ਨੰ. ੨੯/੭੯ ਤੇ ੩੭/੧੭੦ ਵਿਚ ਸਿਰਲੇਖ ਸੀ:

ਰਾਮਕਲੀ ਦਖਣੀ ਮਹਲਾ ੧ ਓਅੰਕਾਰੁ॥

ਹੁਣ ਛਪ ਰਿਹਾ ਹੈ: **ਰਾਮਕਲੀ** ਮਹਲਾ ੧ **ਦਖਣੀ ਓਅੰਕਾਰੁ**॥

{ਪੰਨਾ ੯੨੯}

ਇਸੇ ਲਈ 'ਓਅੰਕਾਰ' ਨਾਮ ਦੀ ਬਾਣੀ ਨੂੰ ਹੁਣ ਆਮ ਤੌਰ 'ਤੇ 'ਦੱਖਣੀ ਓਅੰਕਾਰੁ' ਬੋਲਿਆ ਜਾ ਰਿਹਾ ਹੈ, ਜੋ ਕਿ ਸਿਧਾਂਤਕ ਪੱਖੋਂ ਵੀ ਗ਼ਲਤ ਹੈ। 'ਰਾਮਕਲੀ ਦਖਣੀ' ਦਾ ਅਰਥ ਹੈ: ਦੱਖਣੀ ਕਿਸਮ ਦੀ ਰਾਮਕਲੀ। ਇਸ ਲਈ ਰਾਗ ਦਾ ਸ਼ੁਧ ਨਾਮ ਛਪਣਾ ਚਾਹੀਦਾ ਹੈ 'ਰਾਮਕਲੀ ਦਖਣੀ'।

(੩) ਬੀੜ ਨੰ. ੧, ੪/੩, ੪੦/੩੨੬, ੪੬ ਤੇ ੪੭ ਵਿਚ ਛਾਪੇ ਦੀ ਬੀੜ ਦੇ ਪੰਨੇ ੫੩ ਦਾ ਸਿਰਲੇਖ ਸੀ:

ਰਾਗੁ ਸਿਰੀਰਾਗੁ ਮਹਲਾ ੧ **ਅਸਟਪਦੀਆ** ਘਰੁ ੧॥

ਪਰ ਹੁਣ ਛਪ ਰਿਹਾ ਹੈ: ਸਿਰੀਰਾਗੁ ਮਹਲਾ ੧ ਘਰੁ ੧ **ਅਸਟਪਦੀਆ**॥ {ਪੰਨਾ ੫੩}

ਛਾਪੇ ਦੀ ਪਾਵਨ ਬੀੜ ਵਿਚ ਵਾਰਾਂ ਦੇ ਸਿਰਲੇਖ ਵੀ ਉਘੜ-ਦੁਘੜ ਛਪ ਰਹੇ ਹਨ। ਭਾਵ, ਵਾਰਾਂ ਦੇ ਸਿਰਲੇਖਾਂ ਵਿਚ ਵੀ ਇਕਸਾਰਤਾ ਨਹੀਂ। ਗੁਰਬਾਣੀ ਤੇ ਕਾਵਿ-ਸ਼ੈਲੀ ਦੀ ਗਹਿਰੀ ਸੂਝ ਰੱਖਣ ਵਾਲੇ ਵਿਦਵਾਨਾਂ ਦਾ ਮਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੀਆਂ ਵਾਰਾਂ ਦੀ ਮੁੱਢਲੀ ਬਣਤਰ ਵਿਚ ਕੇਵਲ ਪਉੜੀਆਂ ਸਨ। ਉਨ੍ਹਾਂ ਦੇ ਭਾਵਾਂ ਨਾਲ ਮਿਲਦੇ ਸਲੋਕ 'ਪੋਥੀ ਸਾਹਿਬ' ਦੀ ਸੰਪਾਦਨਾ ਵੇਲੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਆਪ ਸਥਾਪਿਤ ਕਰਵਾਏ ਹਨ। ਇਉਂ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ 'ਬਸੰਤ ਕੀ ਵਾਰ ਮਹਲੁ ੫' ਵਾਰਾਂ ਦੇ ਮੁਢਲੇ ਰੂਪ ਨੂੰ ਹੀ ਪ੍ਰਮਾਣਿਤ ਕਰਨ ਹਿਤ ਸਲੋਕ ਰਹਿਤ ਸਥਾਪਿਤ ਕੀਤੀ ਹੈ, ਕਿਉਂਕਿ ਉਸ ਦੀਆਂ ਕੇਵਲ ੩ ਪਉੜੀਆਂ ਹੀ ਹਨ, ਸਲੋਕ ਨਹੀਂ। ਇਹ ਇੱਕ ਵੱਖਰੀ ਗੱਲ ਹੈ ਕਿ ਛਾਪੇ ਦੀ ਬੀੜ ਵਿਚ 'ਪਉੜੀ' ਸਿਰਲੇਖ ਦੀ ਅਣਹੋਂਦ ਹੈ। ਪਰ, ਪਾਠ-ਭੇਦ ਸੂਚੀ ਮੁਤਾਬਿਕ ਪੁਰਾਤਨ ਹੱਥ ਲਿਖਤੀ ਗ੍ਰੰਥਾਂ ਵਿਚ ਸਿਰਲੇਖ ਵਜੋਂ 'ਬਸੰਤ ਕੀ ਵਾਰ ਮਹਲੁ ੫' ਦੀ ਥਾਂ 'ਮਹਲਾ ੫' ਵੀ ਅੰਕਤ ਹੈ ਅਤੇ ਵਾਰ ਦੇ ਹਰੇਕ ਪਦੇ ਨਾਲ ਬਕਾਇਦਾ 'ਪਉੜੀ' ਸਿਰਲੇਖ ਵੀ। ਵਾਰ ਦਾ ਸੰਖੇਪ ਮੰਗਲ "੧ਓ ਸਤਿਗੁਰਪ੍ਰਸਾਦਿ॥" ਸੱਜੇ ਹੈ। ਜਿਵੇਂ ਬੀੜ ਨੰ. ੧, ੫, ੨੯/੭੯, ੩੫/੧੬੬ ਤੇ ੫੪ ਆਦਿਕ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਾ ਬੀੜ ਦੇ ਪੰਨਾ ੧੪੧੦ ਉੱਪਰਲਾ

ਵਿਸ਼ੇਸ਼ ਸਿਰਲੇਖ 'ਸਲੋਕ ਵਾਰਾਂ ਤੇ ਵਧੀਕ', ਇਸ ਹਕੀਕਤ ਦਾ ਅਕੱਟ ਪ੍ਰਮਾਣ ਹੈ ਕਿ ਜਿਹੜੇ ਸਲੋਕ ਵਾਰਾਂ ਤੋਂ ਵਧ ਗਏ, ਉਹ ਸਾਰੇ ਉਪਰੋਕਤ ਸਿਰਲੇਖ ਹੇਠ ਇਕੱਠੇ ਲਿਖ ਦਿੱਤੇ। ਇਸ ਲਈ ਜਥੇਦਾਰ ਵੇਂਦਾਂਤੀ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੀ ਸਾਂਝੀ ਖੋਜ ਅਤੇ 'ਪਾਠ ਭੇਦ ਸੂਚੀ' ਦੀ ਸੁਧਾਰਕ ਸਲਾਹ ਨਾਲ ਸਿਰਲੇਖਾਂ ਦੀ ਇਕਸਾਰਤਾ ਸਥਾਪਤ ਕਰਨ ਮੌਕੇ ਸਾਰੀਆਂ ਵਾਰਾਂ ਦੇ ਸੰਖੇਪ ਮੰਗਲ ਸੱਜੇ ਲਿਖਣ ਉਪਰੰਤ ਰਾਗ ਦੇ ਵੇਰਵੇ ਪਿੱਛੋਂ 'ਸਲੋਕਾ ਨਾਲਿ' ਦੀ ਵਿਸ਼ੇਸ਼ ਸੂਚਨਾ ਸਬੰਧਤ ਕੀਤੀ। ਇਸ ਪਿੱਛੋਂ ਬਾਣੀਕਾਰ ਦਾ ਵਰਨਣ ਅਤੇ ਵਾਰ ਦੀ ਧੁਨੀ ਦਾ ਵੇਰਵਾ ਲਿਖਿਆ। ਕੇਵਲ ਭਾਈ ਸੱਤੇ ਤੇ ਬਲਵੰਡ ਵਾਲੀ ਰਾਮਕਲੀ ਦੀ ਵਾਰ ਅਤੇ ਬਸੰਤ ਦੀ ਵਾਰ ਦੇ ਸਿਰਲੇਖ ਹੀ 'ਸਲੋਕਾ ਨਾਲਿ' ਸੂਚਨਾ ਤੋਂ ਖਾਲੀ ਹਨ, ਕਿਉਂਕਿ ਉਹ ਦੋਵੇ ਵਾਰਾਂ ਸਲੋਕਾਂ ਤੋਂ ਰਹਿਤ ਹਨ। ਮੰਨਿਆ ਜਾਂਦਾ ਹੈ ਕਿ ਬਸੰਤ ਦੀ ਵਾਰ ਇਸ ਹਕੀਕਤ ਦਾ ਅਕੱਟ ਪ੍ਰਮਾਣ ਹੈ ਕਿ ਵਾਰਾਂ ਦਾ ਮੁੱਢਲਾ ਰੂਪ ਸਲੋਕਾਂ ਤੋਂ ਰਹਿਤ ਸੀ।

'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਨੇ ਇਹ ਤੱਥ ਵੀ ਨੋਟ ਕੀਤਾ ਕਿ ਵਾਰ ਦੀ ਜਿਸ ਪਉੜੀ ਤੋਂ ਪਹਿਲਾਂ ਜੇ ਸਲੋਕ ਇੱਕੋ ਹੋਵੇ ਤਾਂ ਉਸ ਦਾ ਸਿਰਲੇਖ ਵੀ ਇੱਕ ਵਚਨ ਪੁਲਿੰਗ ਹੋਣ ਕਰਕੇ 'ਸਲੋਕੁ' ਅੰਤਕ ਔਂਕੜ ਹੋਵੇਗਾ। ਜੇ ਪਉੜੀ ਨਾਲ ਦੇ ਸਲੋਕ ਵਧੇਰੇ ਹੋਣ ਤਾਂ ਉਨ੍ਹਾਂ ਦਾ ਸਾਂਝਾ ਸਿਰਲੇਖ 'ਸਲੋਕ' ਬਹੁ-ਵਚਨ ਹੋਣ ਕਾਰਣ ਅੰਤਕ ਮੁਕਤਾ ਹੋਵੇਗਾ। ਸ਼ਬਦਾਂ ਦੇ ਸਿਰਲੇਖਾਂ ਵਿਚ ਬਾਣੀਕਾਰ ਗੁਰੂ ਸਾਹਿਬਾਨ ਲਈ 'ਮਹਲਾ' ਅਤੇ ਵਾਰਾਂ ਅੰਦਰਲੇ ਸਲੋਕਾਂ ਦੇ ਬਾਣੀਕਾਰਾਂ ਲਈ ਵਧੇਰੇ ਉਸ ਦਾ ਸੰਖੇਪ ਰੂਪ 'ਮਃ' ਹੀ ਲਿਖਿਆ ਮਿਲੇਗਾ। ਬੇਅੰਤ ਐਸੀਆਂ ਬੀੜਾਂ ਵੀ ਮਿਲਦੀਆਂ ਹਨ, ਜਿਨ੍ਹਾਂ ਦੇ ਸਿਰਲੇਖਾਂ ਵਿਚ 'ਮਹਲ' ਜਾਂ 'ਮਹਲੁ' ਦੀ ਥਾਂ 'ਮਹਲਾ' ਅੰਕਿਤ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਦੀ ਅੰਤਿਕਾ ਨੰ. ੧੧ ਵਿਚ ਐਸੀਆਂ ੧੪੭ ਬੀੜਾਂ ਦਾ ਵੇਰਵਾ ਦਰਜ ਹੈ, ਜਿਨ੍ਹਾਂ ਵਿਚ ਰਾਗੁ ਸਿਰੀਰਾਗੁ ਮਹਲਾ ੧ ਦੇ ੬ਵੇਂ (ਛਾਪੇ ਦੀ ਬੀੜ ਪੰਨਾ ੧੬, ਮਹਲੁ ੧), ੧੨ਵੇਂ (ਪੰਨਾ ੧੮, ਮਹਲੁ ੧) ਅਤੇ ੧੫ਵੇਂ (ਪੰਨਾ ੧੯, ਮਹਲ ੧) ਸ਼ਬਦਾਂ ਦੇ ਸਿਰਲੇਖ ਵਿਚ 'ਮਹਲ' ਜਾਂ 'ਮਹਲੁ' ਦੀ ਥਾਂ 'ਮਹਲਾ' ਦਰਜ ਹੈ। ਯੂਨੀਵਰਸਿਟੀ ਦੇ 'ਸ੍ਰੀ ਗੁਰੂ ਗ੍ਰੰਥ ਅਧਿਐਨ ਕੇਂਦਰ' ਵਿਚ ਉਪਰੋਕਤ ਬੀੜਾਂ ਦੇ ਡਿਜ਼ੀਟਲ ਫੋਟੋ ਮੌਜੂਦ ਹਨ। ਜਿਵੇਂ ਬੀੜ ਨੰ. ੧, ੨, ੩, ੪, ੫, ੬, ੭, ੮, ੯, ੧੦, ੧੧, ੧੨, ੧੩, ੧੪, ੧੫, ੧੬, ੧੭, ੧੮, ੧੯, ੨੦, ੨੧, ੨੨, ੨੩, ੨੪, ੨੫, ੨੬, ੨੮, ੨੯ ਤੇ ੩੦ ਆਦਿ। ਵੇਖੋ! 'ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੇ

ਪੰਨਾ ੨੭੧ ਦਾ ਚਿੱਤਰ ਨੰ. ੪੦ ।

ਇਸੇ ਤਰ੍ਹਾਂ ਉਪਰੋਕਤ ਪੁਸਤਕ ਦੀ ਅੰਤਿਕਾ ਨੰ. ੧੮ ਵਿਖੇ ਰਾਗੁ ਦੇਵ ਗੰਧਾਰੀ ਵਿਚ ਸ਼ਬਦਾਂ ਦੇ ਸਿਰਲੇਖ 'ਦੇਵ ਗੰਧਾਰੀ/ਦੇਵ ਗੰਧਾਰੀ ੫' ਦੀ ਥਾਂ ਦੇਵਗੰਧਾਰੀ ਮਹਲਾ ੪/੫ ਵਾਲੀਆਂ ੨੪ ਬੀੜਾਂ ਦੀ ਸੂਚੀ ਦਿੱਤੀ ਹੋਈ ਹੈ। ਜਿਵੇਂ ਬੀੜ ਨੰ. ੧, ੨, ੫, ੭, ੮, ੯, ੧੧, ੧੨, ੧੩, ੧੫, ੧੬, ੧੭, ੧੮, ੧੯, ੨੧, ੨੨, ੨੩, ੨੪, ੨੫, ੨੬, ੨੭, ੩੧, ੩੨, ੩੩ ਤੇ ੩੪ ਆਦਿ॥

'ਪਾਠ-ਭੇਦ ਸੂਚੀ' ਦੇ ਪੰਨਾ ੧੫੨ 'ਤੇ ਛਾਪੇ ਦੀ ਮੌਜੂਦਾ ਬੀੜ ਦੇ ਪਾਠ "ਦੇਵ ਗੰਧਾਰੀ॥ ਮੇਰੋ ਸੁੰਦਰ ਕਹਹੁ ਮਿਲੈ ਕਿਤੁ ਗਲੀ॥" {ਪੰਨਾ ੫੨੭} ਦੇ ਸਿਰਲੇਖ ਨੂੰ ਸ਼ੁਧ ਕਰਕੇ ਇੰਞ ਲਿਖਿਆ ਹੈ: "ਦੇਵ ਗੰਧਾਰੀ ਮਹਲਾ ੪॥ ਮੇਰੋ ਸੁੰਦਰ ਕਹਹੁ...॥" ਇੱਥੇ ਹੇਠ ਲਿਖਿਆ ਇੱਕ ਵਿਸ਼ੇਸ਼ ਨੋਟ ਦੇ ਕੇ ੧੧ ਬੀੜਾਂ ਦੀ ਸੂਚੀ ਵੀ ਦਿੱਤੀ ਹੈ:

ਰਾਗ ਦੇ ਨਾਲ 'ਮਹਲਾ ੪' ਜ਼ਰੂਰ ਚਾਹੀਏ। ਪਰ ਇਸ ਤੋਂ ਅਗਲੇ ਸਾਰੇ (ਪੰਜਾਂ) ਸ਼ਬਦਾਂ ਨਾਲ ਨਹੀਂ। ਹੋਰ ਬਹੁਤੇ ਲਿਖਤੀ ਗ੍ਰੰਥਾਂ ਵਿਚ ਇਹ ਘਾਟ ਨਹੀਂ। (ਜਿਵੇਂ) ਬੀੜ ਨੰ. ੧, ੪/੩, ੫, ੭, ੨੧/੩੪, ੩੨/੬੨੮੧, ੩੮/੧੭੩, ੪੦/੨੩੬, ੪੪, ੪੭ ਤੇ ੪੮। ਇਸੇ ਤਰ੍ਹਾਂ 'ਮਹਲਾ ੫' ਦੇ ਅਧੂਰੇ ਸਿਰਲੇਖ ਵੀ ਪੂਰੇ ਕੀਤੇ ਮਿਲਦੇ ਹਨ।

'ਪਾਠ-ਭੇਦ ਸੂਚੀ' ਦੇ ਪੰਨਾ ੨੧੮ ਮੁਤਾਬਿਕ "ਧਨਾਸਰੀ ਮ: ੫॥ ਕਰਿ ਕਿਰਪਾ...॥" {ਪੰਨਾ ੬੭੧} ਦੇ ਸਿਰਲੇਖ ਅੰਦਰਲੇ 'ਮ: ੫' ਦੀ ਥਾਂ ਬੀੜ ਨੰ. ੧, ੪/੩, ੫, ੭, ੨੧/੩੪, ੨੬/੫੫, ੩੨/੬੨੮੧, ਤੇ ੩੮/੧੭੩ ਵਿਚ 'ਮਹਲਾ ੫' ਦਰਜ ਹੈ। ਇਸੇ ਤਰ੍ਹਾਂ "ਜੈਤਸਰੀ ਮ: ੪॥ ਹਮ ਬਾਰਿਕ ਕਛੂਅ...॥ {ਪੰਨਾ ੬੯੭} ਸ਼ਬਦ ਸਿਰਲੇਖ ਅੰਦਰਲੇ 'ਮ: ੪' ਵਾਲੇ ਸੰਖੇਪ ਰੂਪ ਦੀ ਥਾਂ ਬੀੜ ਨੰ. ੧, ੪/੩, ੫, ੭, ੨੧/੩੪, ੨੬/੫੫, ੩੨/੬੨੮੧, ੪੦/੨੩੬, ੪੬, ੪੮, ੫੪ ਤੇ ੫੫ ਵਿਚ 'ਮਹਲਾ ੪ ਸੰਪੂਰਨ ਰੂਪ ਵਿਚ ਅੰਕਿਤ ਹੈ।

ਇਹੀ ਕਾਰਣ ਹਨ ਕਿ ਜਥੇਦਾਰ ਵੇਦਾਂਤੀ ਜੀ ਵਾਲੀ ਟੀਮ ਨੇ ਨਿਰਣੈਜਨਕ ਫੈਸਲਾ ਕੀਤਾ ਕਿ ਸ਼ਬਦਾਂ ਦੇ ਸਿਰਲੇਖਾਂ ਵਿਚ ਬਾਣੀਕਾਰ ਗੁਰੂ ਸਹਿਬਾਨ ਦਾ ਸ਼ੁਧ ਪ੍ਰਤੀਕ 'ਮਹਲਾ' ਹੈ ਅਤੇ ਵਾਰਾਂ ਵਿਚ ਉਸ ਦਾ ਸੰਖੇਪ ਰੂਪ ''ਮਃ' ਸ਼ੁਧ ਹੈ। ਸਲੋਕਾਂ ਵਾਲੀਆਂ ਵਾਰਾਂ ਦੇ ਸਿਰਲੇਖਾਂ ਵਿਚ ਰਾਗ ਦੇ ਵੇਰਵੇ ਨਾਲ 'ਸਲੋਕਾ ਨਾਲਿ' ਦੀ ਸੂਚਨਾ ਲਾਜ਼ਮੀ ਹੈ। ਜਿਵੇਂ ਸ਼੍ਰੋਮਣੀ ਕਮੇਟੀ ਵਾਲੀ ਮੌਜੂਦਾ ਬੀੜ ਵਿਖੇ ਸਿਰੀਰਾਗੁ ਦੀ ਵਾਰ ਦੇ ਸੰਖੇਪ ਮੰਗਲ ਸਹਿਤ ਸਿਰਲੇਖ ਛਪ

ਰਿਹਾ ਹੈ:

ੴ ਸਤਿਗੁਰ ਪ੍ਰਸਾਦਿ॥ ਸਿਰੀਰਾਗੁ ਕੀ ਵਾਰ ਮਹਲਾ ੪ ਸਲੋਕਾ ਨਾਲਿ॥ ਸਲੋਕ ਮ: ੩॥ ਰਾਗਾ ਵਿਚਿ ਸਿਰੀਰਾਗੁ ਹੈ...॥ (ਪੰਨਾ ੮੩)

ਪਰ, ਵੇਦਾਂਤੀ ਜੀ ਨੇ ਮੰਗਲ ਦਾ ਸਥਾਨ ਤੇ ਸਿਰਲੇਖ ਸੋਧ ਕੇ ਇੰਞ ਲਿਖਿਆ:

ੴ ਸਤਿ ਗੁਰ ਪ੍ਰਸਾਦਿ॥

ਰਾਗੁ ਸਿਰੀਰਾਗੁ ਕੀ ਵਾਰ ਸਲੋਕਾ ਨਾਲਿ ਮਹਲਾ ੪॥ ਸਲੋਕ ਮ: ੩॥ ਰਾਗਾ ਵਿਚਿ ਸਿਰੀਰਾਗੁ ਹੈ...॥

ਸ਼੍ਰੋਮਣੀ ਕਮੇਟੀ ਵਾਲੀ ਛਾਪੇ ਦੀ ਬੀੜ ਦਾ ਸਿਰਲੇਖ ਹੈ:

ਵਾਰ ਮਾਝ ਕੀ ਤਥਾ ਸਲੋਕ ਮਃ ੧॥ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥ ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥ ਸਲੋਕੁ ਮ: ੧॥ ਗੁਰੁ ਦਾਤਾ ਗੁਰੁ ਹਿਵੈ ਘਰਿ...॥ (ਪੰਨਾ ੧੩੭)

ਪਰ, ਵੇਦਾਂਤੀ ਜੀ ਲਿਖਿਆ:

ੴ ਸਤਿ ਗੁਰ ਪ੍ਰਸਾਦਿ॥

ਰਾਗੁ ਮਾਝ ਕੀ ਵਾਰ ਸਲੋਕਾ ਨਾਲਿ ਮਹਲਾ ੧॥ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥ ਸਲੋਕ ਮਃ ੧॥ ਗੁਰੁ ਦਾਤਾ ਗੁਰੁ ਹਿਵੈ ਘਰਿ...॥

ਛਾਪੇ ਦੀ ਪ੍ਰਚੱਲਿਤ ਬੀੜ ਵਿਖੇ ਆਸਾ ਦੀ ਵਾਰ ਦਾ ਮੰਗਲ ਸੰਪੂਰਨ ਹੈ ਅਤੇ ਸਿਰਲੇਖ ਵਿਚ 'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ' ਦੀ ਵਿਸ਼ੇਸ਼ ਸੂਚਨਾ ਦਰਜ ਹੈ, ਜਦ ਕਿ ਇਸ ਵਾਰ ਵਿਚ ੧੫ ਸਲੋਕ ਮਹਲਾ ੨ ਦੇ ਵੀ ਅੰਕਿਤ ਹਨ। ਇਸ ਲਈ 'ਪਾਠ ਭੇਦ ਸੂਚੀ' (ਪੰਨਾ ੧੩੭) ਦੇ ਖੋਜੀ ਵਿਦਵਾਨਾਂ ਨੇ ਬੀੜ ਨੰ. ੧, ੪/੩, ੫, ੭, ੨੯/੭੯, ੩੨/੬੨੮੧, ੩੮/ ੧੭੩, ੫੫ ਦੇ ਹਵਾਲੇ ਨਾਲ ਲਿਖਿਆ ਹੈ ਕਿ ਵਾਰ ਦਾ ਮੰਗਲ 'ੴ ਸਤਿਗੁਰਪ੍ਰਸਾਦਿ॥' ਸੰਖੇਪ ਹੈ ਅਤੇ 'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ' ਦੀ ਵਿਸ਼ੇਸ਼ ਸੂਚਨਾ ਬੇਲੋੜੀ ਹੈ। ਇਸ ਪੱਖੋਂ ਖੋਜੀ ਸੱਜਣਾਂ ਦੀ ਵਿਸ਼ੇਸ਼ ਰਾਇ ਇੰਵ ਹੈ:

ਨੋਟ: ਤਕਰੀਬਨ ਸਾਰੇ ਪੁਰਾਤਨ ਲਿਖਤੀ ਗ੍ਰੰਥਾਂ ਵਿਚ ਪਿਛਿ ਆ ਰਹੀ ਰੀਤ ਅਨੁਸਾਰ ਸੰਖੇਪ ਮੰਗਲ ਅਤੇ ਸਿਰਲੇਖ ਭੀ ਸਿੱਧੇ ਤੇ ਸੰਖੇਪ ਹਨ। ਸੋ, ਲਾਲ ਲੀਕਾਂ ਵਾਲੇ 'ਮੰਗਲ' ਤੇ 'ਸਿਰਲੇਖ' ਰੱਖਣੇ ਹੀ ਉਚਿੱਤ ਹਨ।

ਪਾਠਕਾਂ ਨੂੰ ਗਿਆਤ ਹੋਵੇ ਕਿ ਪਾਠ ਭੇਦ ਸੂਚੀ ਦੇ ਬਿਬਾਕ ਖੋਜੀਆਂ ਨੇ ਉਪਰੋਕਤ ਬੀੜਾਂ ਦੇ ਹਵਾਲੇ ਨਾਲ ਜਿਥੇ ਆਸਾ ਦੀ ਵਾਰ ਦਾ ਸੰਖੇਪ ਮੰਗਲ 'ੴ ਸਤਿਗੁਰਪ੍ਰਸਾਦਿ॥' ਸਹੀ ਪ੍ਰਵਾਨ ਕੀਤਾ ਹੈ। ਉਥੇ 'ਆਸਾ ਕੀ ਵਾਰ

ਸਲੋਕਾ ਨਾਲਿ ਮਹਲਾ ੧॥ ਟੁੰਡੇ ਅਸਰਾਜੈ ਕੀ ਧੁਨਿ॥' ਸਿਰਲੇਖ ਹੀ ਉਚਿੱਤ ਮੰਨਿਆ ਹੈ ਅਤੇ ਸੂਚੀ ਦੀਆਂ ਐਸੀਆਂ ਬੀੜਾਂ ਦੇ ਹਵਾਲੇ ਹੇਠਾਂ ਵਿਸ਼ੇਸ਼ ਲੀਕ ਖਿਚੀ ਹੈ। ਭਾਵ, ਅੰਡਰਲਾਈਨ ਕੀਤਾ ਹੈ। ਉਸ ਟੀਮ ਨੇ ਸ਼੍ਰੋਮਣੀ ਕਮੇਟੀ ਨੂੰ ਜੋ ਅਸਲ ਰਿਪੋਰਟ ਸਉਂਪੀ ਹੈ, ਉਹਦੇ ਵਿਚ ਅਜਿਹੀਆਂ ਲੀਕਾਂ ਲਾਲ ਰੰਗ ਦੀਆਂ ਹੋਣਗੀਆਂ। ਮੰਨਿਆ ਜਾਂਦਾ ਹੈ ਕਿ ਇਸੇ ਲਈ 'ਪਾਠ ਭੇਦ ਸੂਚੀ' ਪੁਸਤਕ ਦੇ ਉਪਰੋਕਤ ਨੋਟ ਵਿਚ ਲਾਲ ਲੀਕਾਂ ਦਾ ਵਿਸ਼ੇਸ਼ ਵਰਨਣ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ. ੧੬ ਵਿਖੇ ੩੫ ਹੱਥ ਲਿਖਤ ਬੀੜਾਂ ਦਾ ਵਰਨਣ ਮਿਲਦਾ ਹੈ, ਜਿਨ੍ਹਾਂ ਵਿਚ 'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ' ਸੂਚਨਾ ਦਰਜ ਨਹੀਂ, ਕਿਉਂਕਿ ਵਾਰ ਵਿਚ 'ਮਹਲਾ ੨ (ਦੂਜਾ)' ਦੇ ਸਲੋਕ ਵੀ ਅੰਕਿਤ ਹਨ। ਜਿਵੇਂ ਬੀੜ ਨੰ. ੧, ੨, ੯, ੧੮, ੨੦, ੨੨, ੨੫, ੨੬, ੨੭, ੩੦, ੩੩, ੩੪, ੪੦, ੪੨, ੪੫, ੫੨, ੫੬, ੫੮, ੫੯, ੬੪, ੬੬, ੬੭, ੬੮, ੭੩, ੭੯, ੮੨, ੮੪, ੯੮, ੧੦੦, ੧੦੪, ੧੦੬, ੧੧੫, ੧੧੯, ੧੩੩, ੧੪੮। ਯੂਨੀਵਰਸਿਟੀ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ' ਵਿਖੇ ਉਪਰੋਕਤ ਬੀੜਾਂ ਨੂੰ ਕਦੋਂ ਵੀ ਘੋਖਿਆ ਜਾ ਸਕਦਾ ਹੈ। ਇਹੀ ਕਾਰਣ ਹੈ ਕਿ ਸਿੱਖ ਬੁੱਕ ਕਲੱਬ ਵਾਲੀ ਬੀੜ ਵਿਖੇ ਆਸਾ ਦੀ ਵਾਰ ਦਾ ਸਿਰਲੇਖ ਇੰਞ ਅੰਕਿਤ ਹੋਇਆ ਮਿਲਦਾ ਹੈ:

ੴ ਸਤਿ ਗੁਰ ਪ੍ਰਸਾਦਿ॥

ਰਾਗੁ ਆਸਾ ਕੀ ਵਾਰ ਸਲੋਕਾਂ ਨਾਲਿ ਮਹਲਾ ੧॥
ਟੁੰਡੇ ਅਸਰਾਜੈ ਕੀ ਧੁਨੀ॥
ਸਲੋਕ ਮਃ ੧॥ ਬਲਿਹਾਰੀ ਗੁਰ ਆਪਣੇ...॥

ਬਸੰਤ ਕੀ ਵਾਰ ਮਹਲੁ ੫॥ ੴ ਸਤਿਗੁਰ ਪ੍ਰਸਾਦਿ॥ (ਪੰਨਾ ੧੧੯੩) ਛਪ ਰਹੇ ਪ੍ਰਚੱਲਿਤ ਸਿਰਲੇਖ ਦੀ ਥਾਂ, ਜਥੇਦਾਰ ਵੇਦਾਂਤੀ ਜੀ ਨੇ ਹੇਠ ਲਿਖੇ ਅਨੁਸਾਰ ਮੰਗਲ ਸੱਜੇ ਤੇ ਵਾਰ ਦਾ ਸਿਰਲੇਖ ਲਿਖ ਕੇ ਉਸ ਦੇ ਤਿੰਨੇ ਪਦਿਆਂ ਦੀ ਅਰੰਭਤਾ ਵਿਚ 'ਪਉੜੀ' ਸਿਰਲੇਖ ਵਿਸ਼ੇਸ਼ ਦਰਜ ਕੀਤਾ। ਜਿਵੇਂ:

ੴ ਸਤਿ ਗੁਰ ਪ੍ਰਸਾਦਿ॥

ਰਾਗੁ ਬਸੰਤ ਕੀ ਵਾਰ ਮਹਲਾ ੫॥ ਪਉੜੀ॥ ਹਰਿ ਕਾ ਨਾਮੁ ਧਿਆਇ ਕੈ...॥੧॥
ਪਉੜੀ॥ ਪੰਜੇ ਬਧੇ ਮਹਾਬਲੀ...॥੨॥
ਪਉੜੀ॥ ਕਿਥਹੁ ਉਪਜੈ ਕਹ ਰਹੈ...॥੩॥

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ'

ਪੁਸਤਕ ਦੀ ਅੰਤਿਕਾ ਨੰ. ੩੩ ਅਨੁਸਾਰ ੧੨੨ ਐਸੀਆਂ ਬੀੜਾਂ ਯੂਨੀਵਰਸਿਟੀ ਵਿਚ ਮੌਜੂਦ ਹਨ, ਜਿਨ੍ਹਾਂ ਵਿਖੇ ਬਸੰਤ ਕੀ ਵਾਰ ਦੇ ਸਿਰਲੇਖ ਵਿਚ 'ਮਹਲੁ' ਪਦ ਦੀ ਥਾਂ 'ਮਹਲਾ' ਹੈ। ਜਿਵੇਂ ਬੀੜ ਨੰ. ੨, ੩, ੪, ੫, ੬, ੭, ੮, ੯. ੧੦, ੧੧, ੧੨, ੧੩, ੧੪, ੧੫, ੧੬, ੧੭, ੧੮, ੧੯, ੨੦, ੨੨, ੨੩, ੨੪, ੨੫, ੨੬ ਤੇ ੨੭ ਆਦਿਕ।

ਸ਼ੋ੍ਮਣੀ ਕਮੇਟੀ ਵਾਲੀ ਮੌਜੂਦਾ ਬੀੜ ਦਾ ਸਿਰਲੇਖ ਹੈ:

ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ
ੴ ਸਤਿਗੁਰ ਪ੍ਰਸਾਦਿ॥ ਨਾਉ ਕਰਤਾ ਕਾਦਰੁ ਕਰੇ...॥

(ਪੰਨਾ ੯੬੬)

ਜਥੇਦਾਰ ਵੇਦਾਂਤੀ ਜੀ ਸੋਧ ਕੇ ਸੱਜੇ ਪਾਸੇ ਇੰਞ ਲਿਖਿਆ:

ੴ ਸਤਿ ਗੁਰ ਪ੍ਰਸਾਦਿ॥

ਰਾਗੁ ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ॥
ਨਾਉ ਕਰਤਾ ਕਾਦਰੁ ਕਰੇ...॥

ਇਸ ਲਈ ਜਥੇਦਾਰ ਵੇਦਾਂਤੀ ਜੀ ਦੁਆਰਾ ਸੋਧੇ ਨਿੱਜੀ ਖਰੜੇ ਅਤੇ ਸਿੱਖ **ਬੁੱਕ ਕਲੱਬ ਅਮਰੀਕਾ ਦੁਆਰਾ** ਔਨਲਾਈਨ ਪ੍ਰਕਾਸ਼ਤ ਕੀਤੀ ਪਾਵਨ ਬੀੜ ਦੇ **ਖਰੜੇ ਵਿਖੇ ਸਮੂਹ ਸ਼ਬਦਾਂ ਤੇ** ਵਾਰਾਂ ਦੀ ਸਿਰਲੇਖਕ ਤਰਤੀਬ ਓਹੀ ਰੱਖੀ ਗਈ **ਹੈ, ਜੋ ਭਾਈ ਬੰਨੋ ਵਾਲੀ ਸ਼ਾਖ** ਤੋਂ ਬਗੈਰ ਬਾਕੀ ਦੀਆਂ ਵਧੇਰੇ ਹੱਥ-ਲਿਖਤ ਬੀੜਾਂ **ਵਿਚ ਮੌਜੂਦ ਹੈ। ਸ਼ਬਦਾਂ ਦੇ ਸਮੂਹ** ਸਿਰਲੇਖਾਂ ਵਿਚ ਬਾਣੀਕਾਰ ਗੁਰੂ ਦਾ ਪ੍ਰਤੀਕ **'ਮਹਲਾ' ਅਤੇ ਵਾਰਾਂ ਵਿਚ ਉਸ ਦਾ ਸੰ**ਖੇਪ ਰੂਪ 'ਮਃ' ਹੀ ਦਰਜ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਤੇ ਬਾਣੀਆਂ ਦੀ ਮੂਲਿਕ ਬੱਝਵੀਂ ਤਰਤੀਬ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਰਧਾਲੂ ਪਾਠਕ ਭਲੀ-ਭਾਂਤ ਜਾਣਦੇ ਹਨ ਕਿ ਗੁਰਬਾਣੀ ਦੇ ਰਾਗੁ-ਮੁਕਤ ਤੇ ਰਾਗੁ-ਬਧ ਹਰੇਕ ਸੰਗ੍ਰਹਿ ਵਿਚ ਸਭ ਤੋਂ ਪਹਿਲਾਂ ਮਃ ੧ (ਪਹਿਲੇ ਸਤਿਗੁਰੂ ਨਾਨਕ ਪਾਤਿਸ਼ਾਹ), ਫਿਰ ਮਃ ੩ (ਤੀਜੇ ਸਤਿਗੁਰੂ ਅਮਰਦਾਸ ਪਾਤਿਸ਼ਾਹ), ਮਃ ੪ (ਚੌਥੇ ਸਤਿਗੁਰੂ ਰਾਮਦਾਸ ਪਾਤਿਸ਼ਾਹ), ਮਃ ੫ (ਪੰਜਵੇਂ ਸਤਿਗੁਰੂ ਅਰਜਨ ਪਾਤਿਸ਼ਾਹ) ਅਤੇ ਅੰਤ ਵਿਚ ਮਃ ੯ (ਨੌਵੇਂ ਸਤਿਗੁਰੂ ਤੇਗ ਬਹਾਦਰ ਪਾਤਿਸ਼ਾਹ) ਦੀ ਬਾਣੀ ਅੰਕਤ ਕੀਤੀ ਹੈ। ਮਃ ੨ (ਦੂਜੇ ਸਤਿਗੁਰੂ ਅੰਗਦ ਪਾਤਿਸ਼ਾਹ) ਜੀ ਨੇ ਕੇਵਲ ੬੨ ਸਲੋਕ ਹੀ ਰਚੇ ਹਨ, ਜੋ ਕੁਝ ਵਾਰਾਂ ਦੀਆਂ ਪਉੜੀਆਂ ਨਾਲ ਸਸ਼ੋਭਤ ਹਨ। ਜੈਜਾਵੰਤੀ ਰਾਗ ਵਿਚ ਬਾਣੀ ਦਾ ਉਚਾਰਨ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਹੀ ਕੀਤਾ ਹੈ। ਇਸ ਲਈ ਉੱਥੇ ਕੇਵਲ ਚਾਰ ਸ਼ਬਦ ਮਃ ੯ ਦੇ ਹੀ ਅੰਕਿਤ ਹਨ।

ਭਗਤ ਬਾਣੀ ਦੇ ਸੰਗ੍ਰਹਿ ਰਾਗਾਂ ਦੀਆਂ ਵਾਰਾਂ ਤੋਂ ਪਿੱਛੋਂ ਹਨ। ਹਾਂ, ਜਿਸ ਰਾਗ ਦੀ ਵਾਰ ਨਹੀਂ, ਉੱਥੇ ਭਗਤ-ਬਾਣੀ, ਗੁਰਬਾਣੀ ਤੋਂ ਪਿੱਛੋਂ ਦਰਜ ਕੀਤੀ ਹੋਈ ਹੈ। ਐਸੇ ਹਰੇਕ ਸੰਗ੍ਰਹਿ ਵਿਚ ਪਹਿਲਾਂ ਭਗਤ ਕਬੀਰ ਜੀ, ਫਿਰ ਨਾਮਦੇਵ ਜੀ, ਰਵਿਦਾਸ ਜੀ ਅਤੇ ਫਿਰ ਤ੍ਰਿਲੋਚਨ ਜੀ ਜਾਂ ਹੋਰ ਭਗਤਾਂ ਵਿਚੋਂ ਕਿਸੇ ਦੀ ਬਾਣੀ ਅੰਕਿਤ ਹੈ। ਇਸੇ ਤਰਾਂ ਹਰੇਕ ਰਾਗ ਦੀ ਛੰਦਕ ਤਰਤੀਬ ਵਿਚ ਪਹਿਲਾਂ ਸ਼ਬਦ, ਫਿਰ ਅਸਟਪਦੀਆਂ, ਛੰਤ, ਵਾਰ ਅਤੇ ਭਗਤਾਂ ਦੀਆਂ ਰੂਹਾਨੀ ਰਚਨਾਵਾਂ ਹਨ, ਜੋ ਹੈਨ ਵੀ ਗੁਰੂ ਸਾਹਿਬਾਨ ਤੇ ਭਗਤ-ਜਨ ਵਿਅਕਤੀਆਂ ਦੀ ਸਥਾਪਿਤ ਤਰਤੀਬ ਮੁਤਾਬਿਕ। ਪਰ, ਜਦੋਂ ਅਸੀਂ ਛਾਪੇ ਦੀ ਪ੍ਰਚੱਲਿਤ ਬੀੜ ਦੇ ਦਰਸ਼ਨ ਕਰਦੇ ਹਾਂ ਤਾਂ ਕਈ ਥਾਈਂ ਬਾਣੀਕਾਰਾਂ ਤੇ ਛੰਦਾਂ ਦੀ ਉਪਰੋਕਤ ਕਿਸਮ ਦੀ ਬੱਝਵੀਂ ਤਰਤੀਬ ਦੀ ਉਲੰਘਣਾ ਹੋਈ ਮਿਲਦੀ ਹੈ। ਭਾਈ ਗੁਰਦਾਸ ਵਾਲੀ ਅਤੇ ਦਮਦਮੀ ਸ਼ਾਖ ਦੀਆਂ ਬੀੜਾਂ ਵਿਚ ਬਾਣੀਕਾਰਾਂ ਦੀ ਉਪਰੋਕਤ ਬੱਝਵੀਂ ਤਰਤੀਬ ਨੂੰ ਮੁੱਖ ਰਖਦਿਆਂ ਭਗਤ ਕਬੀਰ ਤੇ ਫ਼ਰੀਦ ਜੀ ਦੇ ਸਲੋਕਾਂ ਨੂੰ ਵੀ 'ਸਲੋਕ ਵਾਰਾਂ ਤੇ ਵਧੀਕ ਸੰਗ੍ਰਹਿ ਵਿਚ ਮਃ ੧ ਤੋਂ ਮਃ ੯ ਤਕ ਦੇ ਸਾਰੇ ਸਲੋਕ ਲਿਖ ਕੇ ਪਿੱਛੋਂ ਦਰਜ ਕੀਤਾ ਹੈ। ਭੱਟਾਂ ਦੇ ਸਵਈਆਂ 'ਤੇ ਭੋਗ ਪਾਇਆ ਹੈ। ਮੁੰਦਾਵਣੀ ਨਾਲ ਦਾ 'ਸਲੋਕ ਮਃ ੫॥ ਤੇਰਾ ਕੀਤਾ ਜਾਤੋ ਨਾਹੀ...॥ ਵੀ ਵਾਰਾਂ ਤੇ ਵਧੀਕ 'ਸਲੋਕ ਮਃ ੫॥ ਰਤੇ ਸੇਈ ਜਿ ਮੁਖੁ...॥ ਸੰਗ੍ਰਹਿ ਦੇ ਅੰਤ ਵਿਚ ਅੰਕਿਤ ਕੀਤਾ ਹੋਇਆ ਮਿਲਦਾ ਹੈ।

'ਪਾਠ ਭੇਦ ਸੂਚੀ' ਅਨੁਸਾਰ ਬੀੜ ਨੰ. ੨੨/੩੨, ੨੩ ਤੇ ੪੪ ਵਿਖੇ 'ਸਲੋਕ ਮਃ ੫॥ ਤੇਰਾ ਕੀਤਾ ਜਾਤੋ ਨਾਹੀ...॥' ਸਲੋਕ ਪਿਛਲੇ ਵਾਰਾਂ ਤੇ ਵਧੀਕ 'ਸਲੋਕ ਮਃ ੫॥ ਰਤੇ ਸੇਈ ਜਿ ਮੁਖੁ...॥ ਦੇ ਸੰਗ੍ਰਹਿ ਵਿਚ ਬਿਨਾਂ ਸਿਰਲੇਖ ਦੇ ਸਿਲਸਲੇਵਾਰ ਅੰਕ ੨੩ ਪੁਰਿ ਦਰਜ ਹੈ। {ਪਾਠ-ਭੇਦ ਸੂਚੀ-ਪੰਨਾ ੮੫੭}

'ਪਾਠ ਭੇਦ ਸੂਚੀ' ਵਾਲੇ ਖੋਜੀ ਵਿਦਵਾਨਾਂ ਮੁਤਾਬਿਕ "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਈ ਪ੍ਰਾਚੀਨ ਲਿਖਤੀ ਸੰਚਿਆਂ ਵਿਚ ਸਮੁੱਚੀ ਬਾਣੀ 'ਸਵਈਆਂ' ਪੁਰ ਹੀ ਸਮਾਪਤਿ ਹੁੰਦੀ ਹੈ। ਅਤੇ "ਸਲੋਕ ਵਾਰਾਂ ਤੇ ਵਧੀਕ", ਚਉਬੋਲਿਆਂ ਤੋਂ ਬਾਅਦ ਸਹੀ ਟਿਕਾਣੇ ਲਿਖੇ ਹੋਏ ਹਨ, ਸਣੇ 'ਭਗਤਾਂ ਦੇ ਸਲੋਕਾਂ' ਦੇ। ਲੇਕਿਨ ਮਗਰੋਂ ਉਤਾਰੇ ਕਰਨ ਵਾਲੇ ਲੇਖਕਾਂ ਨੇ 'ਸਲੋਕ ਮ: ੯ ਸ਼ਾਮਲ ਕਰਨ ਤੇ 'ਮੁੰਦਾਵਣੀ ਮ: ੫' ਅੰਤ ਪੁਰ ਪੜ੍ਹਨ ਦੇ ਖਿਆਲ ਨਾਲ ਮਹਲਾਂ ਦੇ ਸਲੋਕ ਤਾਂ **ਉੱਥੋਂ ਚੁੱਕ ਕੇ 'ਸਵਈਆਂ'** ਦੇ ਅਖੀਰ 'ਤੇ ਜਾ ਪਾਏ ਹਨ; ਪਰ ਭਗਤਾਂ- **'ਕਬੀਰ ਜੀ' ਤੇ 'ਫਰੀਦ** ਜੀ' ਦੇ ਉੱਥੇ ਹੀ ਰਹਿਣ ਦਿੱਤੇ ਹਨ। ਇਹ ਅਮਲ, **ਬੱਧੀ ਮਰਯਾਦਾ ਦੇ ਅਨਕੂੱਲ** ਨਹੀਂ। ਸਾਡੀ ਵਿਚਾਰ ਹੈ ਕਿ ਸ੍ਰੀ ਗੁਰੂ **ਗ੍ਰੰਥ ਸਾਹਿਬ ਦਾ ਭੋਗ** ਇਤਿਹਾਸ ਸਯੁੰਕਤ ਬਾਣੀ- "ਸਵਈਆਂ"- ਉੱਥੇ ਹੀ ਪੈਣਾ ਚਾਹੀਦਾ ਤੇ **"ਮੁੰਦਾਵਣੀ" ਮਹਲਾ ੫** ਦੇ ਸਲੋਕਾਂ ਨਾਲ ਹੀ ਸੋਭਾ ਪਾਉਂਦੀ ਹੈ।

ਜਿਵੇਂ ਕਿ ਅੱਗੇ ਦੱਸੀਆਂ ਬੀੜਾਂ ਵਿਚ: ਬੀੜ ਨੰ: ੧ (ਸੰਮਤ ੧੬੬੭ **ਵਾਲੀ ਲਹੌਰੀ); ਨੰ: ੨** (ਭਾਈ ਬੂੜੇ 'ਸੰਧੂ' ਲਿਖਤ ਸੰਮਤ ੧੭੧੧); ਨੰ: ੩ **(ਸੰਮਤ ੧੭੧੮-ਕਾਨ੍ਹਗੜ** ਵਾਲੀ); ਨੰ: ੪/੩ (ਸੰਮਤ ੧੭੨੨ ਵਿਚ ਸੰਪੂਰਨ **ਹੋਈ); ਨੰ: ੯/੯ (ਸੰਮਤ** ੧੭੪੩ ਵਾਲੀ); ਨੰ: ੧੧/੪੮੯੬ (ਭਾਈ ਪਾਖਰ **ਮਲ 'ਢਿਲੋਂ' ਲਿਖਤ ਸੰਮਤ** ੧੭੪੫); ਨੰ: ੧੩ (ਭਾਈ ਰਾਮਰਾਇ ਦਰਬਾਰੀ **ਲਿਖਾਰੀ ਦਾ ਸੰਮਤ ੧੭੪੯** ਵਿਚ ਲਿਖਿਆ ਗ੍ਰੰਥ ਸਾਹਿਬ); ਨੰ: ੧੪/੧੫ **(ਸੰਮਤ ੧੭੫੧ ਵਾਲੀ); ਨੰ:** ੧੭/੨੭ (ਸੰਮਤ ੧੭੬੨); ਨੰ: ੩੨/੬੨੮੧ **(ਬਨਾਰਸੀ ਬੀੜ; ੪੪, ਤੇ ਗ੍ਰੰਥ ਨੰ: ੫੭** (ਬਿਨਾਂ ਤਿਥਿ ਸੰਮਤ) ਆਦਿ॥

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' **ਪੁਸਤਕ ਦੀ ਅੰਤਿਕਾ ਨੰ. ੫੧ (ਪੰਨਾ ੨੮੦)** ਮੁਤਾਬਿਕ ਭੱਟਾਂ ਦੀ ਸਵਈਆਂ **ਉੱਤੇ ਸਮਾਪਤੀ ਵਾਲੀਆਂ ਬੀੜਾਂ ਦੀ ਸੂਚੀ: ੧,** ੭, ੨੫, ੪੪, ੫੨, ੬੭, **੭੯, ੮੨, ੯੯, ੧੧੦ (ਕੁੱਲ-੧੦)**

ਅੰਤਿਕਾ ਨੰ. ੫੨ (ਉਪਰੋਕਤ ਪੁਸਤਕ ਪੰਨਾ ੨੮੦) ਅਨੁਸਾਰ ਸਲੋਕ **ਸ਼ੇਖ ਫ਼ਰੀਦ ਉੱਤੇ ਸਮਾਪਤੀ ਵਾਲੀਆਂ ਬੀੜਾਂ ਦੀ ਸੂਚੀ**: ੮, ੧੪, ੨੦, ੧੦੪ **(ਕੁੱਲ-੪)**

ਅੰਤਿਕਾ ਨੰ. ੪੭ (ਉਪਰੋਕਤ ਪੁਸਤਕ ਪੰਨਾ ੨੭੯) ਮੁਤਾਬਿਕ ਉਨ੍ਹਾਂ **ਬੀੜਾਂ ਦੀ ਸੂਚੀ, ਜਿਨ੍ਹਾਂ ਵਿਚ ਮੁੰਦਾਵਣੀ ਤੋਂ ਬਾਅਦ ਆਉਂਦਾ** ਸਲੋਕ 'ਤੇਰਾ **ਕੀਤਾ ਜਾਤੋ ਨਾਹੀ..' ਸਲੋਕ ਵਾਰਾਂ ਤੇ ਵਧੀਕ ਵਿਚ ਸਲੋਕ ਮਹਲਾ** ੫ ਦੇ ਸਲੋਕਾਂ **ਦੇ ਅਖੀਰ ਵਿਚ ਦਰਜ ਹੋਇਆ ਮਿਲਦਾ ਹੈ: ੧, ੭, ੮, ੯, ੨੦**, ੨੫, ੨੬, **੩੪, ੫੨, ੬੦, ੬੭, ੬੮, ੭੯, ੮੦, ੮੨, ੧੦੬, ੧੧੫, ੧੪੮** (ਕੁੱਲ-

੧੮)

ਜਥੇਦਾਰ ਵੇਦਾਂਤੀ ਤੇ ਭਾਈ ਤਲਵਾੜਾ ਜੀ ਵਾਲੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਪਾਵਨ ਬੀੜ ਅੰਦਰਲੀ ਬਾਣੀਕਾਰਾਂ ਦੀ ਬੱਝਵੀਂ ਤਰਤੀਬ ਅਨੁਸਾਰ ਉਪਰੋਕਤ ਕਿਸਮ ਦੀ ਅੰਤਮ ਤਰਤੀਬ ਨੂੰ ਸਹੀ ਮੰਨਦੀ ਸੀ। ਪਰ ਫਿਰ ਵੀ ਪੰਥਕ ਮਾਨਸਿਕਤਾ ਨੂੰ ਧਿਆਨ ਵਿਚ ਰੱਖ ਕੇ ਭਗਤ ਸ੍ਰੀ ਕਬੀਰ ਦੇ ਸਲੋਕਾਂ ਤੋਂ ਲੈ ਕੇ ਮੁੰਦਾਵਣੀ ਤੇ 'ਸਲੋਕ ਮਃ ੫॥ ਤੇਰਾ ਕੀਤਾ...॥' ਤੱਕ ਦੀ ਛਾਪੇ ਦੀ ਪ੍ਰਚੱਲਿਤ ਬੀੜ ਵਾਲੀ ਸਥਾਪਿਤ ਤਰਤੀਬ ਨੂੰ ਹੀ ਪ੍ਰਵਾਨ ਕਰਕੇ ਚੱਲਣ ਦੀ ਰਾਇ ਰੱਖਦੀ ਸੀ। ਇਸ ਲਈ ਜਥੇਦਾਰ ਵੇਦਾਂਤੀ ਜੀ ਨੇ ਵੀ ਪਾਵਨ ਬੀੜ ਦੀ ਸੁਧਾਈ ਵੇਲੇ ਛਾਪੇ ਵਾਲੀ ਪ੍ਰਚੱਲਿਤ ਤਰਤੀਬ ਨੂੰ ਹੀ ਕਾਇਮ ਰੱਖਿਆ ਹੈ, ਕਿਉਂਕਿ ਦਮਦਮੀ ਸ਼ਾਖ (ਸਾਬੋ ਕੀ ਤਲਵੰਡੀ) ਦੀਆਂ ਕੁਝ ਪ੍ਰਾਚੀਨ ਬੀੜਾਂ ਵਿਚ ਐਸੀ ਤਰਤੀਬ ਵੀ ਮੌਜੂਦ ਹੈ। ਪ੍ਰਾਚੀਨ ਬੀੜਾਂ ਦੇ ਪ੍ਰਸਿੱਧ ਖੋਜੀ ਡਾ. ਅਮਰ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ 'ਸ੍ਰੀ ਗੁਰੂ ਗ੍ਰੰਥ ਅਧਿਐਨ ਕੇਂਦਰ' ਵਿਖੇ ੪੦੦ ਤੋਂ ਵਧੇਰੇ ਹੱਥ ਲਿਖਤ ਬੀੜਾਂ ਹਨ, ਜੋ ਡਿਜੀਟਾਈਜ਼ ਕੀਤੀਆਂ ਹੋਈਆਂ ਹਨ। ਇਨ੍ਹਾਂ ਵਿਚ ਗਿਣਤੀ ਪੱਖੋਂ ਕੇਵਲ ਚਾਰ (੪) ਬੀੜਾਂ ਐਸੀਆਂ ਹਨ, ਜਿਨ੍ਹਾਂ ਨੂੰ ਉਪਰੋਕਤ 'ਦਮਦਮੀ ਸ਼ਾਖਾ' ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ-ਵਿਧਾਨ ਦੀ ਇਕਸਾਰਤਾ ਤੇ ਗਣਿਤਕ ਵਿਗਾੜ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਜਥੇ ਦੇ ਚੇਅਰਮੈਨ ਸਤਿਕਾਰਯੋਗ ਜਥੇਦਾਰ ਵੇਦਾਂਤੀ ਜੀ ਤੇ ਉਨ੍ਹਾਂ ਦੇ ਸਾਥੀਆਂ ਦਾ ਨਿਰਣੈਜਨਕ ਮਤ ਸੀ ਕਿ ਹੱਥ-ਲਿਖਤੀ ਪੁਰਾਣੀਆਂ ਬੀੜਾਂ ਵਿਚ ਵਧੇਰੇ ਕਰਕੇ ਅੰਕ-ਵਿਧਾਨ ਦੀ ਇੱਕ ਬੱਝਵੀਂ ਤਰਤੀਬ ਹੈ। ਉਸ ਮੁਤਾਬਿਕ ਪਹਿਲੇ ਚਾਰ ਗੁਰੂ ਸਾਹਿਬਾਨ ਦੇ ਸ਼ਬਦਾਂ, ਅਸਟਪਦੀਆਂ ਤੇ ਛੰਤਾਂ ਆਦਿਕ ਦੀ ਵੱਖ-ਵੱਖ ਗਿਣਤੀ ਕਰਕੇ ਫਿਰ ਇੱਕ ਸਾਂਝਾ ਜੋੜ ਕੀਤਾ ਗਿਆ ਹੈ। ਹਰੇਕ ਥਾਂ ਪੰਜਵੇਂ ਗੁਰੂ ਸਾਹਿਬ ਦੀ ਬਾਣੀ ਦਾ ਵੱਖਰਾ ਜੋੜ ਕਰਕੇ ਫਿਰ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਨੂੰ ਤਰਤੀਬ ਤੇ ਵੇਰਵੇ ਸਹਿਤ ਲਿਖ ਕੇ ਕੁੱਲ ਜੋੜ ਕੀਤਾ ਹੋਇਆ ਹੈ। ਜਿੱਥੇ ਨਾਵੇਂ ਗੁਰੂ ਪਾਤਸ਼ਾਹ ਬਣੀ ਚੜ੍ਹਾਈ ਗਈ ਹੈ, ਉੱਥੇ ਮਃ ੫ ਦੀ ਬਾਣੀ ਪਿੱਛੋਂ ਕੁੱਲ ਜੋੜ ਕਰਨ ਦੀ ਥਾਂ ਮਃ ੯ ਦੀ ਬਾਣੀ ਦਾ ਜੋੜ ਕਰਨ ਉਪਰੰਤ ਬਾਣੀ ਨੂੰ ਵੇਰਵੇ ਸਹਿਤ ਦਰਸਾਅ ਕੇ ਕੁੱਲ-ਜੋੜ (ਜੁਮਲਾ) ਅੰਕ ਪਾਇਆ ਗਿਆ ਹੈ।

ਭਗਤ ਬਾਣੀ ਦੇ ਸ਼ਬਦਾਂ ਦੀ ਗਿਣਤੀ ਵੀ ਬਾਣੀਕਾਰਾਂ ਮੁਤਾਬਿਕ ਵੱਖਰੀ-ਵੱਖਰੀ ਹੈ ਅਤੇ ਕੁਝ ਥਾਵਾਂ 'ਤੇ ਉਨ੍ਹਾਂ ਦਾ ਸਾਂਝਾ ਜੋੜ ਵੀ ਮਿਲਦਾ ਹੈ, ਜੋ ਹਰੇਕ ਥਾਂ ਲੋੜੀਂਦਾ ਹੈ। ਬਾਣੀਕਾਰਾਂ ਦੇ ਵੱਖ-ਵੱਖ ਸੰਗ੍ਰਹਿਆਂ ਵਿਚ ਉਪਰਾਗ 'ਤੇ ਘਰੁ ਬਦਲਣ ਕਾਰਣ ਗਿਣਤੀ ਬਦਲਦੀ ਹੈ। ਅਸਟਪਦੀਆਂ ਨੂੰ ਛੱਡ ਕੇ ਦੁਪਦੇ, ਤਿਪਦੇ ਆਦਿਕ ਗਿਣਤੀ ਨੂੰ ਪ੍ਰਭਾਵਤ ਨਹੀਂ ਕਰਦੇ। ਇਉਂ ਪ੍ਰਤੀਤ ਹੁੰਦਾ ਹੈ ਕਿ ਆਦਿ ਬੀੜ (ਪੋਥੀ ਸਾਹਿਬ) ਦੇ ਸੰਪਾਦਕ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਤੋਂ ਪਹਿਲਾਂ ਦੇ ਚਾਰ ਗੁਰੂ ਸਾਹਿਬਾਨ ਵੱਲੋਂ ਪ੍ਰਾਪਤ ਹੋਏ 'ਪਿਊ ਦਾਦੇ' ਦੇ ਬਾਣੀ ਰੂਪ ਵਿਰਾਸਤੀ ਖਜ਼ਾਨੇ ਨੂੰ ਹਰੇਕ ਥਾਂ ਵਿਸ਼ੇਸ਼ ਤੌਰ 'ਤੇ ਵੱਖਰਾ ਦਰਸਾਇਆ ਹੈ, ਜਿਸ ਪ੍ਰਤੀ ਉਨ੍ਹਾਂ ਦਾ ਅੰਮ੍ਰਿਤ ਬਚਨ ਹੈ:

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥

{ਪੰਨਾ ੧੮੬}

ਪਰ ਛਾਪੇ ਦੀ ਪ੍ਰਚੱਲਿਤ ਬੀੜ ਵਿਚ ਭਗਤ ਬਾਣੀ ਨੂੰ ਛੱਡ ਕੇ ਬਾਕੀ ਹੋਰ ਕਿਸੇ ਵੀ ਰਾਗ ਵਿਚ ਗੁਰੂ ਬਾਣੀਕਾਰਾਂ ਦੀ ਬਾਣੀ ਦੇ ਜੋੜ-ਅੰਕ ਉਪਰੋਕਤ ਕਿਸਮ ਦੀ ਬੱਝਵੀਂ ਤਰਤੀਬ ਵਿਚ ਨਹੀਂ ਮਿਲਦੇ। ਹਰ ਥਾਂ ਜੋੜ-ਅੰਕਾਂ ਦਾ ਵਿਧਾਨ ਭਿੰਨ-ਭਿੰਨ ਹੈ। ਕਈ ਥਾਂਈ ਜੋੜ-ਅੰਕ ਵੀ ਭੁਲੇਖੇ ਦਾ ਸ਼ਿਕਾਰ ਹੋਏ ਹਨ। ਜਿਵੇਂ:

ਰਾਗੁ ਸਿਰੀਰਾਗੁ: ਮਃ ੧, ੩ ਤੇ ਮਃ ੪ ਦੇ ਸ਼ਬਦਾਂ ਦੀ ਸਾਂਝੀ ਗਿਣਤੀ ਕਰਦਿਆਂ ਅੰਤ ਸਾਂਝਾ ਜੋੜ ਕਰਕੇ ਇਉਂ ਵਖਰਾਇਆ ਹੈ:

॥੪॥੩੩॥੩੧॥੬॥੭੦॥

(ਭਾਵ: ਮ: ੧-੩੩॥ ਮ: ੩-੩੧॥ ਮ: ੪-੬॥ ਕੁੱਲ ਜੋੜ ੭੦)

ਮ: ੫ ਦੇ ਸ਼ਬਦਾਂ ਦੀ ਗਿਣਤੀ ਵੱਖਰੀ ਨਹੀਂ ਰੱਖੀ, ਉਸ ਨੂੰ ਪਿਛਲੇ ੭੦ ਨਾਲ ਇਉਂ ਸਾਂਝਾ (੪॥੧॥੭੧॥) ਕਰਕੇ ਅੱਗੇ ਤੋਰਿਆ ਹੈ ਅਤੇ ਅੰਤ 'ਤੇ ਕੁੱਲ ਸਾਂਝਾ ਜੋੜ ਫਿਰ ਇਉ ਲਿਖ ਦਿੱਤਾ ਹੈ (੪॥੩੦॥੧੦੦॥) ਭਾਵ, ਇੱਥੇ ਮ: ੫ ਤਕ ਦੇ ਸ਼ਬਦਾਂ ਦਾ ਵੱਖਰਾ-ਵੱਖਰਾ ਵੇਰਵਾ ਨਹੀਂ ਦਿੱਤਾ। ਮ: ੫ ਦੇ ੩੦ ਲਿਖ ਕੇ ਮ: ੧, ਮ: ੩ ਤੇ ਮ: ੪ ਦੇ ੭੦ ਸ਼ਬਦਾਂ ਨੂੰ ਜੋੜ ਕੇ ਫਿਰ ਇਕੱਠੀ ਹੀ ਕੁੱਲ ਗਿਣਤੀ ੧੦੦ ਲਿਖ ਦਿੱਤੀ ਗਈ ਹੈ।

ਅਸਟਪਦੀਆਂ ਤੇ ਛੰਤਾਂ ਦੀ ਗਿਣਤੀ ਵੀ ਉਪਰੋਕਤ ਢੰਗ ਨਾਲ ਕੀਤੀ ਹੋਈ ਹੈ। ਪੰਨਾ ੫੦ ਤੋਂ ੫੨ ਤਕ ਦੇ ਸ਼ਬਦਾਂ ਤੋਂ ਜਾਣਿਆ ਜਾ ਸਕਦਾ ਹੈ 'ਘਰੁ' ਬਦਲਣ ਤੇ ਗਿਣਤੀ ਨਹੀਂ ਬਦਲਦੀ ਅਤੇ ਅਸਟਪਦੀਆਂ ਵਿਚ ਵੀ ਇਹੋ ਢੰਗ ਅਪਣਾਇਆ ਗਿਆ ਹੈ।

ਰਾਗੁ ਮਾਝ: ਮ: ੪ ਤੇ ਮ: ੫ ਦੇ ਸ਼ਬਦਾਂ ਦੀ ਗਿਣਤੀ ਤੇ ਜੋੜ ਸਾਂਝਾ ਹੈ। ਅੰਤ ਵਿਚ ਵੀ ਮ: ੪ ਤੇ ਮ: ੫ ਦੇ ਸ਼ਬਦਾਂ ਨੂੰ ਵੱਖਰਾ-ਵੱਖਰਾ ਨਹੀਂ ਦਰਸਾਇਆ। ਮ: ੪ ਦੇ ੭ ਚਉਪਦਿਆਂ ਨੂੰ ਜੋੜ ਕੇ ਇਉਂ ਲਿਖਿਆ ਹੈ: ॥੪॥੪੩॥੫੦॥

ਅਸਟਪਦੀਆਂ ਦੀ ਗਿਣਤੀ ਵੇਲੇ ਮ: ੧ ਦੀ ੧ ਅਤੇ ਮ: ੩ ਦੀਆਂ ੩੨ ਜੋੜ ਕੇ ਵੱਖਰਾ-ਵੱਖਰਾ ਦਰਸਾਂਦਿਆਂ ਇਉਂ ਲਿਖਿਆ ਹੈ: ॥੮॥੧॥੩੨॥੩੩॥ ਫਿਰ ਮ: ੪ ਦੀ ੧ ਅਸਟਪਦੀ ਨਾਲ ਉਪਰੋਕਤ ਜੋੜ ਸਾਂਝਾ ਕਰਕੇ ਲਿਖਿਆ ਹੈ॥੮॥੧॥੩੪॥ ਮ: ੫ ਦੀਆਂ ਅਸਟਪਦੀਆਂ ਮੁੱਕਣ 'ਤੇ ਕੁੱਲ ਜੋੜ ਇਉਂ ਵਖਰਾਇਆ ਹੈ॥॥੮॥੫॥੩੯॥੧॥੩੨॥੧॥੫॥੩੯॥

ਭਾਵ, ਇਸ ਰਾਗ ਵਿਚ ਸ਼ਬਦਾਂ ਦੀ ਗਿਣਤੀ ਸਾਂਝੀ ਹੈ, ਪਰ ਅਸਟਪਦੀਆਂ ਦੀ ਵੱਖਰੀ-ਵੱਖਰੀ।

ਰਾਗੁ ਗਉੜੀ: ਸ਼ਬਦਾਂ ਦੀ ਗਿਣਤੀ ਵੇਲੇ ਰਾਗ ਦੀਆਂ ਕਿਸਮਾਂ ਬਦਲਣ ਕਾਰਨ ਮ: ੧ ਦੀ ਅੰਦਰਲੀ ਗਿਣਤੀ ਵੱਖ-ਵੱਖ ਸਾਂਝੀ ਕਰਦਿਆਂ, ਜਦੋਂ ਮ: ੩ ਦੇ ਸ਼ਬਦਾਂ ਦੀ ਸਾਂਝੀ ਗਿਣਤੀ॥੪॥੧੪॥੩੪॥ 'ਤੇ ਪਹੁੰਚੀ ਤਾਂ ਅੱਗੋਂ ਅੰਕ ੧੬੨ 'ਤੇ ਗਉੜੀ ਬੈਰਾਗਣ ਸ਼ੁਰੂ ਹੋ ਗਈ। ਇਸ ਲਈ ਅੰਕ ਚੌਹਰਾ ਕਰਕੇ ਅੱਗੇ ਸਾਂਝੀ ਗਿਣਤੀ ਇਉਂ ਸ਼ੁਰੂ ਕਰ ਦਿੱਤੀ ਗਈ॥੪॥੧॥੧੫॥੩੫॥ ਭਾਵ, ਮ: ੩ ਦੇ ੧੫ ਸਬਦਾਂ ਦੀ ਗਿਣਤੀ ਵੱਖਰੀ ਵਿਖਾ ਕੇ ਉਸ ਵਿਚ ਮ: ੧ ਤੇ ਮ: ੩ ਦੀ ਪਿਛਲੀ ਗਿਣਤੀ ਜੋੜਦਿਆਂ ਵੱਡਾ ਜੋੜ-ਅੰਕ ਵੱਖਰਾ ਸ਼ੁਰੂ ਕਰ ਦਿਤਾ ਗਿਆ, ਕਿਉਂਕਿ ਰਾਗ ਦੀਆਂ ਕਿਸਮਾਂ ਦੇ ਸ਼ਬਦਾਂ ਦੀ ਗਿਣਤੀ ਨੂੰ ਵੱਖ ਦਰਸਾਉਣਾ ਲੋੜੀਂਦਾ ਹੈ।

ਮ: ੪ ਦੇ ਸ਼ਬਦਾਂ ਵਿਚ ਗਉੜੀ ਗੁਆਰੇਰੀ ਤੋਂ ਪਿੱਛੋਂ ੧੬੫ 'ਤੇ ਜਦੋਂ

ਬੈਰਾਗਣਿ ਸ਼ੁਰੂ ਹੁੰਦੀ ਹੈ ਤਾਂ ਉੱਪਰ ਦੀ ਤਰ੍ਹਾਂ ਚੌਹਰਾ ਅੰਕ ਇਉਂ ਸ਼ੁਰੂ ਹੋ ਜਾਂਦਾ ਹੈ॥੪॥੧॥੭॥੪੫॥

ਅੰਕ ੧੭੫ ਉੱਤੇ ਜਦੋਂ ਮਃ ੪ ਦੇ ਸ਼ਬਦ ਸੰਪੂਰਨ ਹੁੰਦੇ ਹਨ ਤਾਂ ਫਿਰ ਇੱਕਠਾ ਜੋੜ ਇਉਂ ਦਿੱਤਾ ਹੈ ॥੪॥੬॥੨੦॥੧੮॥੩੨॥੭੦॥

ਇੱਥੋਂ ਅੱਗੇ ਅੰਕ ੧੭੫ ਤੋਂ ਮ: **੫ ਦੇ ਸ਼ਬਦ ਸ਼ੁਰੂ ਹੁੰਦੇ** ਹਨ। **ਇੱਥੇ ਲਿਖਾਰੀ ਦੀ ਬੇਧਿਆਨੀ ਕਾਰਣ ਪਹਿਲੇ ਸ਼ਬਦ ਨੂੰ ਕੋਈ ਅੰਕ ਨਹੀਂ ਦਿੱਤਾ ਗਿਆ।** ਮ: **੫ ਦੇ ਦੂਜੇ ਸ਼ਬਦ ਪਿੱਛੋਂ ਵਿਚਕਾਰਲੀ ਗਿਣਤੀ ਤਾਂ ੨ ਠੀਕ ਲਿਖੀ ਗਈ, ਪਰ ਇੱਥੋਂ ਨਾਲ ਵੱਡਾ ਜੋੜ ੭੧ ਸ਼ੁਰੂ ਕਰ ਦਿੱਤਾ ਗਿਆ ਹੈ। ਜਿਵੇਂ ॥੪॥੨॥੭੧॥ {ਜੇ ਮ: ੫ ਦੀ ਗਿਣਤੀ ਵਿਚ** ਮ: **੪ ਤਕ ਦੇ ਸਬਦਾਂ ਦੀ ਗਿਣਤੀ ਜੋੜ ਕੇ ਸਾਂਝੀ ਕਰਨੀ ਲੋੜੀਂਦੀ ਹੈ ਤਾਂ ਲਿਖਣਾ ਚਾਹੀਦਾ ਸੀ ॥੪॥੨॥੭੨॥} ਲਿਖਾਰੀ ਦੀ ਬਾਹਰੀ ਗਿਣਤੀ ਦੀ ਇਹ ਭੁੱਲ ਅੰਕ ੨੦੦ 'ਤੇ ਜੋੜ ਅੰਕ ॥੪॥੧੦੫॥੧੭੪॥ ਤਕ ਨਿਰੰਤਰ ਚੱਲਦੀ ਹੈ। ਇੱਥੇ ਪਹੁੰਚ ਕੇ ਜਦੋਂ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੁੰਦਾ ਹੈ ਤਾਂ ਵੱਡਾ ਤੀਹਰਾ ਅੰਕ ਛੱਡ ਕੇ ਅੱਗੋਂ ਦੂਹਰਾ ਅੰਕ ਸੁਰੂ ਕਰ ਦਿੰਦਾ ਹੈ, ਕਿਉਂਕਿ ਉਹ ਠੀਕ ਚੱਲ ਰਿਹਾ ਸੀ। ਅੰਕ ੨੧੮ 'ਤੇ ਮ: ੫ ਦੇ ਸ਼ਬਦਾਂ ਦਾ ਅੰਕ ਤੀਹਰਾ ਹੈ। ਸਪਸ਼ਟ ਹੈ ਕਿ ਮ: ਪੰਜਵੇਂ ਦੇ ਸ਼ਬਦਾਂ ਨੂੰ ਪਹਿਲੇ ਗੁਰੂ ਸਾਹਿਬਾਨ ਤੋਂ ਵੱਖਰਾ ਗਿਣਿਆ ਹੈ, ਜਿਵੇਂ ॥੪॥੪॥੧੭੨॥**

ਇੱਥੇ ਕੁੱਲ ਜੋੜ ਨਹੀਂ ਕੀਤਾ, ਕਿਉਂਕਿ ਅੱਗੇ ੯ ਸ਼ਬਦ ਮਃ ੯ ਦੇ ਹਨ। ਪਰ ਅਸੀਂ ਦੇਖਦੇ ਹਾਂ ਕਿ ਉੱਥੇ ਸਾਰਾ ਜੋੜ ਤਾਂ ਭਾਵੇਂ ਇਉਂ ਕਰ ਦਿੱਤਾ ਹੈ।**੨॥੯॥੨੫੧॥** ਪਰ ਇੱਥੇ ਬਾਣੀਕਾਰ ਗੁਰੂਆਂ ਦੀ ਤਰਤੀਬਵਾਰ ਗਿਣਤੀ ਵੱਖਰੀ-ਵੱਖਰੀ ਨਹੀਂ ਦਰਸਾਈ। ਬੱਝਵੀਂ ਤਰਤੀਬ ਮੁਤਾਬਿਕ ਸਾਰਾ ਜੋੜ ਇਉਂ ਲਿਖਣਾ ਚਾਹੀਦਾ ਸੀ:

੨॥੯॥ ॥੨੦॥੧੮॥੩੨॥੧੭੨॥੯॥੨੫੧॥ (ਭਾਵ: ਮਃ ੧-੨੦, ਮਃ ੩-੧੮, ਮਃ ੪-੩੨, ਮਃ ੫-੧੭੨, ਮਃ ੯-੯, ਕੁੱਲ ਜੋੜ ੨੫੧)

ਨੋਟ: ਛਾਪੇ ਦੀ ਬੀੜ ਦੇ ਪੰਨਾ ੧੭੫ ਵਾਲੀ ਉਪਰੋਕਤ ਭੁੱਲ ਨੂੰ ਸਮਝਣ ਤੇ ਦੂਰ ਕਰਨ ਹਿਤ ਵੀ ਪੁਰਾਣੀਆਂ ਹੱਥ ਲਿਖਤੀ ਬੀੜਾਂ ਸਹਾਇਕ ਹੁੰਦੀਆਂ ਹਨ। ਜਿਵੇਂ ਮੁਕਤਸਰ ਤੇ ਕਾਨਗੜ੍ਹ ਵਾਲੀਆਂ ਬੀੜਾਂ ਵਿਚ ਪਹਿਲੇ ਸ਼ਬਦ ਪਿੱਛੋਂ ਕੇਵਲ ॥੧॥ ਅੰਕ ਹੀ ਪਾਇਆ ਹੈ, ਪਹਿਲੇ ਚਾਰ ਗੁਰੂ ਸਾਹਿਬਾਨ ਦੇ ੭੦ ਸ਼ਬਦਾਂ ਨੂੰ ਇਸ ਸੰਗ੍ਰਹਿ ਨਾਲ ਨਹੀਂ ਜੋੜਿਆ ਗਿਆ। ਇੱਥੋਂ ਇਹ ਹਕੀਕਤ ਵੀ ਪ੍ਰਗਟ ਹੁੰਦੀ ਹੈ ਕਿ ਪੰਜਵੇਂ ਗੁਰੂ ਪਾਤਸ਼ਾਹ ਨੇ ਆਪਣੇ ਸ਼ਬਦਾਂ ਦੀ ਗਿਣਤੀ ਸਭ ਥਾਂਈ ਵੱਖਰੀ ਰੱਖੀ ਹੈ।

ਰਾਗੁ ਆਸਾ: ਮਃ ੧ ਤੋਂ ਮਃ ੪ ਤਕ ਗਿਣਤੀ ਸਾਂਝੀ ਚੱਲਦੀ ਅਤੇ ਅੰਤ 'ਤੇ ਕੁੱਲ ਜੋੜ ਇਉਂ ਦਿੱਤਾ ਹੈ- ॥੨॥੩੯॥੧੩॥੧੫॥੬੭॥ ਪਰ ਲਿਖਣਾ ਚਾਹੀਦਾ ਸੀ- ॥੨॥੨॥੧੫॥ ॥੨॥੩੯॥੧੩॥੧੫॥੬੯॥

ਨੋਟ: ਛਾਪੇ ਦੀ ਬੀੜ ਵਾਲੇ ਜੋੜ ਵਿਚ 'ਸੋ ਦਰੁ' ਤੇ 'ਸੋ ਪੁਰਖ' ਦੇ ੨ ਸ਼ਬਦ ਨਹੀਂ ਸਨ ਜੋੜੇ ਗਏ; ਕਿਉਂਕਿ ਰਾਗੁ ਆਸਾਵਰੀ ਸੁਧੰਗ ਮਹਲਾ ੪ ਘਰੁ ੧੬ ਕੇ ੨॥ ਸਿਰਲੇਖ ਹੇਠ ੨ ਦੁਪਦੇ ਹਨ, ਜਿਨ੍ਹਾਂ ਦਾ ਵੇਰਵਾ ਸਿਰਲੇਖ ਵਿਚ ਦਿੱਤੇ ਜਾਣ ਕਰਕੇ ਲਿਖਾਰੀ ਨੇ ਗਿਣਤੀ ਵਾਲਾ ੨ (ਦੂਆ) ਪਾਉਣ ਦੀ ਲੋੜ ਨਹੀਂ ਸਮਝੀ, ਪਰ ਅਜਿਹਾ ਕਰਨ ਵੇਲੇ ਉਹ ਦੂਜੇ ਦੁਪਦੇ ਦਾ ਪ੍ਰਤੀਕ ੨ ਹਿੰਦਸਾ ਵੀ ਛੱਡ ਗਿਆ। ਕੁੱਲ ਜੋੜ ਕਰਨ ਵੇਲੇ ਉਸ ਨੂੰ ਭੁਲੇਖਾ ਲੱਗਾ ਕਿ ਜੋੜ ਦੇ ਵੇਰਵੇ ਵਿਚ ਪਹਿਲਾ ੨ ਅੰਕ ਦੁਪਦੇ ਦਾ ਪ੍ਰਤੀਕ ਹੈ, ਸ਼ਬਦਾਂ ਦੀ ਗਿਣਤੀ ਦਾ ਨਹੀਂ। ਜਦ ਕਿ ਉਹ ੨ (ਦੂਆ) ਸੋ ਦਰੁ ਤੇ ਸੋ ਪੁਰਖ ਦੇ ੨ ਸ਼ਬਦਾਂ ਦਾ ਪ੍ਰਤੀਕ ਸੀ। ਇਸ ਪ੍ਰਕਾਰ ਇਹ ਦੋ ਸ਼ਬਦ ਕੁੱਲ ਗਿਣਤੀ ਵਿਚ ਸ਼ਾਮਲ ਨਾ ਹੋ ਸਕੇ।

ਮਹਲਾ ੫ ਦੀ ਗਿਣਤੀ ੧੬੩ ਵੱਖਰੀ ਕਰਕੇ ਫਿਰ ਪਹਿਲੇ ਗੁਰੂ ਸਾਹਿਬਾਨ ਦੇ ੬੯ ਸ਼ਬਦ ਜੋੜ ਕੇ ਕੁੱਲ ਜੋੜ ਇਉਂ ਲਾਇਆ ਹੈ- ॥੨॥੭॥੧੬੩॥੨੩੨॥

ਮਹਲਾ ੯ ਦੇ ਇੱਕ ਸ਼ਬਦ ਨੂੰ ਜੋੜ ਕੇ ਅੰਤ ਵਿਚ ਫਿਰ ਕੁੱਲ ਜੋੜ ਇਉਂ ॥੨॥੧॥੨੩੩॥ ਲਿਖਿਆ ਹੈ। ਭਾਵ, ਇੱਥੇ ਵੀ ਜੋੜ ਵੇਲੇ ਬਾਣੀਕਾਰਾਂ ਨੂੰ ਵੱਖ-ਵੱਖ ਨਹੀਂ ਪ੍ਰਗਟਾਇਆ।

ਅਸਟਪਦੀਆਂ ਵਿਚ 'ਘਰੁ' ਬਦਲਣ ਤੇ ਗਿਣਤੀ ਨਿਰੰਤਰ ਚੱਲਦੀ ਹੈ, ਭਾਵ ਬਦਲਦੀ ਨਹੀਂ। ਪਰ ਮਃ ੫ ਦੇ ਘਰੁ ੨ ਤੇ ਘਰੁ ੩ ਦੀ ਇੱਕ-ਇੱਕ ਅਸਟਪਦੀ ਦਾ ਜੋੜ ਵੱਖਰਾ-ਵੱਖਰਾ ਹੈ, ਸਾਂਝਾ ਨਹੀਂ।

ਮਃ ੧ ਤੇ ੩ ਦੇ ਛੰਤਾ ਵਿਚ ਘਰ ਬਦਲਣ 'ਤੇ ਨਵੀਂ ਗਿਣਤੀ ਸ਼ੁਰੂ ਹੁੰਦੀ ਹੈ। ਭਾਵ ਇੱਥੇ 'ਘਰ' ਗਿਣਤੀ ਨੂੰ ਪ੍ਰਭਾਵਤ ਕਰਦੇ ਹਨ। ਮਃ ੩ ਦੇ ਛੰਤਾਂ ਉਪਰੰਤ ਮਃ ੧ ਤੇ ਮਃ ੩ ਦੇ ਛੰਤਾਂ ਦਾ ਜੋੜ ਕਰਕੇ ਵਖਰਾਇਆ ਵੀ ਗਿਆ ਹੈ, ਮ: ੪ ਦੇ ਛੰਤਾਂ ਉਪਰੰਤ ਵੀ ਜੋੜ ਮਿਲਦਾ ਹੈ। ਫਿਰ ਮਃ ੫ ਦੀ ਗਿਣਤੀ ਵੱਖਰੀ ਸ਼ੁਰੂ ਹੁੰਦੀ ਹੈ, ਇੱਥੇ ਵੀ 'ਘਰ' ਗਿਣਤੀ ਨੂੰ ਪ੍ਰਭਾਵਤ ਕਰਦੇ ਹਨ। ਮਃ ੫ ਦੇ ਛੰਤਾਂ ਦਾ ਵੱਖਰਾ ਜੋੜ ਲਿਖਣ ਉਪਰੰਤ ਮਃ ੧, ੩, ੪ ਤੇ ਮਃ ੫ ਦਾ ਕੁੱਲ ਜੋੜ (ਜੁਮਲਾ) ਨਹੀਂ ਲਿਖਿਆ।

ਨੋਟ: ਪੰਨਾ ੩੫੪ ਤੋਂ ੩੬੦ ਤਕ ਦੇ ਵੱਖ-ਵੱਖ ਸ਼ਬਦ ਸੰਗ੍ਰਹਿਆਂ ਤੋਂ ਨਿਸ਼ਚੇ ਹੁੰਦਾ ਹੈ ਕਿ 'ਘਰੁ' ਬਦਲਣ 'ਤੇ ਸੰਖੇਪ ਮੰਗਲਾਚਰਣ ਵੀ ਪੈਂਦਾ ਹੈ ਅਤੇ ਜੋੜ-ਅੰਕਾਂ ਦੀ ਗਿਣਤੀ ਵੀ ਨਵੀਂ ਸ਼ੁਰੂ ਹੁੰਦੀ ਹੈ। ਤਿਪਦੇ, ਦੁਤੁਕੇ ਆਦਿਕ

ਗਿਣਤੀ ਨੂੰ ਪ੍ਰਭਾਵਤ ਨਹੀਂ ਕਰਦੇ ਅਤੇ ਨਾ ਹੀ ਆਦਿ-ਮੰਗਲ ਲੋੜੀਂਦਾ ਹੈ।

ਰਾਗੁ ਗੂਜਰੀ: ਮਃ ੧ ਤੇ ਮਃ ੩ ਦੀ ਗਿਣਤੀ ਤੇ ਜੋੜ ਸਾਂਝਾ ਹੈ ਅਤੇ ਮਹਲਾ ੪ ਦਾ ਜੋੜ ਵੱਖਰਾ ਕਰਕੇ ਅੰਤ ਵਿਚ ਮਃ ੧, ੩ ਤੇ ੪ ਦਾ ਕੁੱਲ ਜੋੜ ਲਿਖ ਦਿੱਤਾ ਗਿਆ ਹੈ। ਇੱਥੇ 'ਘਰ' ਗਿਣਤੀ ਨੂੰ ਪ੍ਰਭਾਵਤ ਕਰ ਰਹੇ ਹਨ। ਭਾਵ, 'ਘਰੁ' ਬਦਲਣ ਤੇ ਗਿਣਤੀ ਦੇ ਅੰਕ ਬਦਲ ਰਹੇ ਹਨ।

ਮਃ ੫ ਦੀ ਗਿਣਤੀ ਵੱਖਰੀ ਹੈ, ਪਰ ਇੱਥੇ ਸ਼ਬਦਾਂ ਦਾ ਕੁੱਲ ਜੋੜ ਨਹੀਂ ਕੀਤਾ। ਅਸਟਪਦੀਆਂ ਵਿਚ ਵੀ ਇਹੋ ਤਰਤੀਬ ਹੈ।

ਰਾਗੁ ਦੇਵਗੰਧਾਰੀ ਤੇ ਬਿਹਾਗੜਾ ਵਿਚ ਵੀ ਲਗਭਗ ਗੂਜਰੀ ਰਾਗ ਵਾਲੀ ਹੀ ਵਿਧੀ ਅਪਨਾਈ ਹੈ, ਪਰ ੬-੬ ਸ਼ਬਦਾਂ ਦੇ ਛੱਕੇ ਕਾਇਮ ਕੀਤੇ ਹੋਏ ਹਨ।

ਰਾਗੁ ਵਡਹੰਸ ਵਿਚ ਹਰੇਕ ਮਹਲੇ ਦੀ ਗਿਣਤੀ ਵੱਖਰੀ-ਵੱਖਰੀ ਕੀਤੀ ਹੈ, ਸ਼ਬਦਾਂ ਦਾ ਕੁੱਲ ਜੋੜ ਕਿਤੇ ਵੀ ਨਹੀਂ। ਅਸਟਪਦੀਆਂ ਤੇ ਛੰਤਾਂ ਵਿਚ ਵੀ ਸ਼ਬਦਾਂ ਵਾਲੀ ਵਿਧੀ ਅਪਨਾਈ ਗਈ ਹੈ।

ਰਾਗੁ ਸੋਰਠਿ ਵਿਚ ਵੀ ਹਰੇਕ ਮਹਲੇ ਦੀ ਗਿਣਤੀ ਵੱਖਰੀ-ਵੱਖਰੀ ਕਰਦਿਆਂ ਕੁੱਲ ਜੋੜ ਮਹਲਾ ੯ ਦੇ ਸ਼ਬਦਾਂ ਪਿੱਛੋਂ ਹੈ ਅਤੇ ਉਹ ਵੀ ਵਖਰਾਇਆ ਹੋਇਆ ਨਹੀਂ। ਜਿਵੇਂ ॥੩॥੧੨॥੧੩੯॥

ਅਸਟਪਦੀਆਂ ਵਿਚ ਵੀ ਮਹਲਾ ੧ ਦੀਆਂ ੩ ਅਤੇ ਮਃ ੫ ਦੀਆਂ ੩, ਵੱਖ-ਵੱਖ ਗਿਣੀਆਂ ਹਨ, ਕੁੱਲ ਜੋੜ ੬ ਨਹੀ ਦਿੱਤਾ।

ਰਾਗੁ ਧਨਾਸਰੀ ਵਿਚ ਵੀ ਹਰੇਕ ਮਹਲੇ ਦੇ ਸ਼ਬਦਾਂ ਦੀ ਗਿਣਤੀ ਵੱਖ-ਵੱਖ ਹੈ ਅਤੇ ਮਃ ੯ ਦੇ ਸ਼ਬਦਾਂ ਉਪਰੰਤ ਕੁੱਲ ਜੋੜ-ਅੰਕ ੬੮੫ 'ਤੇ ਇਉਂ ਲਿਖਿਆ ਹੈ: ॥੨॥੪॥੯॥੯॥੧੩॥੫੮॥੪॥੯੩॥

ਭਾਵ, ਮਃ ੯ ਦੇ ੪, ਮਃ ੧ ਦੇ ੯, ਮਃ ੩ ਦੇ ੯, ਮਃ ੪ ਦੇ ੧੩, ਮਃ ੫ ਦੇ ੫੮ ਅਤੇ ਮਃ ੯ ਦੇ ੪॥ ਕੁੱਲ ਜੋੜ॥੯੩॥

ਅਸਟਪਦੀਆਂ ਤੇ ਛੰਤਾਂ ਦੀ ਗਿਣਤੀ ਵੀ ਉਪਰੋਕਤ ਢੰਗ ਦੀ ਹੈ।**ਰਾਗੁ ਜੈਤਸਰੀ** ਵਿਚ ਵੀ ਮਃ ੪, ਮਃ ੫ ਤੇ ਮਃ ੯ ਦੀ ਗਿਣਤੀ ਵੱਖ-ਵੱਖ ਹੈ ਅਤੇ ਸਾਂਝਾ ਕੁੱਲ ਜੋੜ ਨਹੀਂ।

ਰਾਗੁ ਟੋਡੀ ਵਿਚ ਵੀ ਉਪਰੋਕਤ ਵਿਧੀ ਹੈ ਅਤੇ ਸਾਂਝਾ ਕੁੱਲ ਜੋੜ ਮਃ ੯ ਦੇ ਸ਼ਬਦਾਂ ਉਪਰੰਤ ਹੈ।

ਰਾਗੁ ਬੈਰਾੜੀ ਵਿਚ ਉਪਰੋਕਤ ਵਿਧੀ ਅਪਨਾਈ ਹੈ ਅਤੇ ਸਾਂਝਾ ਕੁੱਲ ਜੋੜ ਮਃ ੫ ਦੇ ਸ਼ਬਦਾਂ ਉਪਰੰਤ ਹੈ।

ਰਾਗੁ ਤਿਲੰਗ ਵਿਚ ਉਪਰੋਕਤ ਜੋੜ ਵਿਧੀ ਹੈ। ਮਃ ੧, ੪ ਤੇ ੫ ਦਾ ਸਾਂਝਾ ਕੁੱਲ ਜੋੜ ਨਹੀਂ ਮਿਲਦਾ।

ਰਾਗੁ ਸੂਹੀ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੧ ਤੇ ੪ ਦਾ ਜੋੜ ਸਾਂਝਾ ਹੈ, ਪਰ ਵਖਰਾਇਆ ਨਹੀਂ। ਮਃ ੫ ਦਾ ਜੋੜ ਵੱਖਰਾ ਹੈ।

ਰਾਗੁ ਬਿਲਾਵਲ ਵਿਚ ਵੀ ਉਪਰੋਕਤ ਵਿਧੀ ਅਪਣਾਉਂਦਿਆਂ ਮਃ ੧, ੩, ੪ ਤੇ ੫ ਵਾਂ ਦੀ ਗਿਣਤੀ ਵੱਖ-ਵੱਖ ਹੈ, ਪਰ ਪਹਿਲਾਂ ਮਃ ੧ ਤੇ ਮਃ ੩ ਦਾ ਸਾਂਝਾ ਜੋੜ ਕਰਕੇ ਵਖਰਾਇਆ ਹੈ। ਮਹਲਾ ੪ ਦੇ ਸ਼ਬਦਾਂ ਪਿੱਛੋਂ ਵੀ ਕੁੱਲ-ਜੋੜ ਕਰਕੇ ਵਖਰਾਇਆ ਹੈ ਅਤੇ ਮਃ ੫ ਦਾ ਤੇ ਮਃ ੯ ਦਾ ਜੋੜ ਵੱਖਰਾ ਹੈ। ਅੰਤ ਸਾਂਝਾ ਕੁੱਲ ਜੋੜ ਨਹੀਂ।

ਰਾਗੁ ਗੋਂਡ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੪ ਤੇ ੫ ਵਾਂ ਦੀ ਗਿਣਤੀ ਵੱਖ-ਵੱਖ ਕਰਕੇ ਦੋਵਾਂ ਦੇ ਸਾਂਝੇ ਜੋੜ ਨੂੰ ਵਖਰਾਇਆ ਗਿਆ ਹੈ।

ਰਾਗੁ ਰਾਮਕਲੀ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੧, ੩ ਤੇ ਮਃ ੪ ਦੀ ਗਿਣਤੀ ਵੱਖ-ਵੱਖ ਕਰਕੇ ਤਿੰਨਾਂ ਦੇ ਸਾਂਝੇ ਜੋੜ ਨੂੰ ਵਖਰਾਇਆ ਨਹੀਂ ਗਿਆ। ਮਃ ੫ ਦੀ ਗਿਣਤੀ ਵੱਖਰੀ ਹੈ, ਪਰ ਇੱਥੇ ਸਾਂਝਾ ਕੁੱਲ ਜੋੜ ਨਹੀਂ। ਭਗਤ ਬਾਣੀ ਦੀ ਗਿਣਤੀ ਵੱਖ-ਵੱਖ ਹੈ, ਸਾਂਝਾ ਕੁੱਲ-ਜੋੜ ਨਹੀਂ।

ਰਾਗੁ ਨਟ ਨਰਾਇਣ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੪ ਤੇ ੫ ਵਾਂ ਦੀ ਗਿਣਤੀ ਵੱਖ-ਵੱਖ ਕਰਕੇ ਦੋਵਾਂ ਦੇ ਸਾਂਝੇ ਜੋੜ ਨੂੰ ਵਖਰਾਇਆ ਨਹੀਂ ਗਿਆ।

ਰਾਗੁ ਮਾਲੀ ਗਉੜਾ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੪ ਤੇ ੫ ਵਾਂ ਦੀ ਗਿਣਤੀ ਵੱਖ-ਵੱਖ ਕਰਕੇ ਦੋਵਾਂ ਦੇ ਸਾਂਝੇ ਜੋੜ ਨੂੰ ਵਖਰਾਇਆ ਗਿਆ ਹੈ। ਭਾਵ, ਜੋੜ ਵਿਚ ਬਾਣੀਕਾਰਾਂ ਦੇ ਸ਼ਬਦਾਂ ਦੀ ਗਿਣਤੀ ਵੱਖ-ਵੱਖ ਕਰਕੇ ਕੁੱਲ ਜੋੜ ਕੀਤਾ ਗਿਆ ਹੈ।

ਰਾਗੁ ਮਾਰੂ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੧, ੩, ੪, ੫ ਤੇ ਮਃ ੯ ਦੀ ਗਿਣਤੀ ਵੱਖ-ਵੱਖ ਕਰਕੇ ਉਨ੍ਹਾਂ ਦਾ ਸਾਂਝਾ ਜੋੜ ਵੀ ਨਹੀਂ ਕੀਤਾ ਗਿਆ। ਭਗਤ ਬਾਣੀ ਦੀ ਵੱਖਰੀ-ਵੱਖਰੀ ਗਿਣਤੀ ਦਾ ਸਾਂਝਾ ਜੋੜ ਹੈ।

ਰਾਗੁ ਤੁਖਾਰੀ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੧, ਮਃ ੪, ੫ ਦੇ ਛੰਤਾਂ ਦੀ ਗਿਣਤੀ ਵੱਖ-ਵੱਖ ਹੈ। ਪਰ ਪਹਿਲਾਂ ਮਃ ੧ ਤੇ ਮਃ ੪ ਦਾ ਸਾਂਝਾ ਜੋੜ ਹੈ ਅਤੇ ਫਿਰ ਮ: ੫ ਦਾ ਇੱਕ ਛੰਤ ਜੋੜਦਿਆਂ ਉੱਥੇ ਵੀ ਸਾਂਝਾ ਜੋੜ ਕੀਤਾ ਗਿਆ।

ਰਾਗੁ ਕੇਦਾਰਾ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੪ ਤੇ ਮਃ ੫ ਦੀ ਗਿਣਤੀ ਵੱਖ-ਵੱਖ ਹੈ ਅਤੇ ਅੰਤ ਸਾਂਝਾ ਜੋੜ ਹੈ। ਭਗਤ ਬਾਣੀ ਦੀ ਗਿਣਤੀ ਵੱਖ-ਵੱਖ ਹੈ, ਪਰ ਸਾਂਝਾ ਜੋੜ ਨਹੀਂ।

ਰਾਗੁ ਭੈਰਉ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੧, ਮਃ

੩, ਮਃ ੪ ਤੇ ਮਃ ੫ ਦੇ ਸਬਦਾਂ ਦੀ ਗਿਣਤੀ ਵੱਖ-ਵੱਖ ਹੈ ਅਤੇ ਅੰਤ ਵਿਚ ਸਾਂਝਾ ਜੋੜ ਕਰਕੇ ਵਖਰਾਇਆ ਗਿਆ ਹੈ। ਭਗਤ ਬਾਣੀ ਦੀ ਵੱਖਰੀ-ਵੱਖਰੀ ਗਿਣਤੀ ਹੈ, ਸਾਂਝਾ ਜੋੜ ਨਹੀਂ।

ਰਾਗੁ ਬਸੰਤੁ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੧, ਮਃ ੩, ਮਃ ੪ ਤੇ ਮਃ ੫ ਦੀ ਗਿਣਤੀ ਵੱਖ-ਵੱਖ ਹੈ। ਪਰ ਪਹਿਲਾਂ ਮਃ ੧ ਤੇ ਮਃ ੩ ਦਾ ਜੋੜ ਵਖਰਾਇਆ ਗਿਆ ਹੈ। ਫਿਰ ਮਃ ੪ ਦੇ ਅੰਤ ਵਿਚ ਸਾਂਝਾ ਜੋੜ ਕਰਕੇ ਵਖਰਾਇਆ ਹੈ। ਮਃ ੫ ਤੇ ਮਃ ੯ ਦਾ ਸਾਂਝਾ ਜੋੜ ਹੈ। ਭਗਤ ਬਾਣੀ ਦੀ ਵੱਖਰੀ-ਵੱਖਰੀ ਗਿਣਤੀ ਹੈ, ਸਾਂਝਾ ਜੋੜ ਨਹੀਂ।

ਰਾਗੁ ਸਾਰੰਗ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੧, ਮਃ ੪ ਤੇ ਮਃ ੫ ਦੀ ਗਿਣਤੀ ਵੱਖ-ਵੱਖ ਹੈ, ਅੰਤ ਵਿਚ ਸਾਂਝਾ ਜੋੜ ਕਰਕੇ ਵਖਰਾਇਆ ਹੈ। ਮ: ੯ ਦੀ ਬਾਣੀ ਪਿੱਛੋਂ ਵੀ ਸਾਂਝਾ ਜੋੜ ਵਖਰਾਇਆ ਗਿਆ ਹੈ। ਭਗਤ ਬਾਣੀ ਦੀ ਵੱਖਰੀ-ਵੱਖਰੀ ਗਿਣਤੀ ਕਰਕੇ ਅੰਤ ਸਾਂਝਾ ਜੋੜ ਹੈ।

ਰਾਗੁ ਮਲਾਰ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੧, ੩ ਤੇ ੪ ਦੀ ਗਿਣਤੀ ਵੱਖ-ਵੱਖ ਕਰਕੇ ਅੰਤ ਵਿਚ ਸਾਂਝਾ ਜੋੜ ਵਖਰਾਇਆ ਗਿਆ ਹੈ। ਮਃ ੫ ਦੀ ਬਾਣੀ ਪਿੱਛੋਂ ਸਾਂਝਾ ਜੋੜ ਨਹੀਂ। ਭਗਤ ਬਾਣੀ ਦੀ ਵੱਖਰੀ-ਵੱਖਰੀ ਗਿਣਤੀ ਹੈ, ਸਾਂਝਾ ਜੋੜ ਨਹੀਂ।

ਰਾਗੁ ਕਾਨੜਾ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੪ ਤੇ ਮਃ ੫ ਦੀ ਗਿਣਤੀ ਵੱਖ-ਵੱਖ ਕਰਕੇ ਅੰਤ ਵਿਚ ਸਾਂਝਾ ਜੋੜ ਵਖਰਾਇਆ ਹੈ। ਘਰੁ ਬਦਲਣ ਤੇ ਸੰਖੇਪ ਮੰਗਲਾਚਰਣ ਤੇ ਗਿਣਤੀ ਨਵੀਂ ਸ਼ੁਰੂ ਹੁੰਦੀ ਹੈ।

ਰਾਗੁ ਕਲਿਆਨ ਵਿਚ ਵੀ ਉਪਰੋਕਤ ਵਿਧੀ ਅਪਨਾਂਦਿਆਂ ਮਃ ੪ ਤੇ ਮਃ ੫ ਦੇ ਸ਼ਬਦਾਂ ਦੀ ਗਿਣਤੀ ਵੱਖ-ਵੱਖ ਕਰਕੇ ਅੰਤ ਵਿਚ ਸਾਂਝਾ ਜੋੜ ਨਹੀਂ ਕੀਤਾ।

ਰਾਗੁ ਪ੍ਰਭਾਤੀ ਵਿਚ ਵੀ ਮਃ ੧ ਤੇ ਮਃ ੩ ਦੀ ਗਿਣਤੀ ਵੱਖ-ਵੱਖ ਹੈ। ਪਰ ਇੱਥੇ ਮਃ ੧ ਤੇ ਮਃ ੩ ਦਾ ਸਾਝਾਂ ਜੋੜ ਕਰਕੇ ਵਖਰਾਇਆ ਹੈ। ਮਃ ੪ ਤੇ ਮ: ੫ ਦੇ ਸ਼ਬਦਾਂ ਦੀ ਗਿਣਤੀ ਵੀ ਵੱਖ-ਵੱਖ ਹੈ, ਪਰ ਦੋਹਾਂ ਦਾ ਸਾਂਝਾ ਜੋੜ ਨਹੀਂ ਕੀਤਾ।

ਉਪਰੋਕਤ ਵੇਰਵੇ ਤੋਂ ਭਲੀ-ਭਾਂਤ ਸਪਸ਼ਟ ਹੁੰਦਾ ਹੈ ਕਿ ਹਰੇਕ ਰਾਗ ਦੀ ਬਾਣੀ ਦੇ ਜੋੜ-ਅੰਕਾਂ ਦਾ ਢੰਗ ਵੱਖਰਾ-ਵੱਖਰਾ ਹੈ। ਭਾਵ, ਅੰਕ-ਵਿਧਾਨ ਵਿਚ ਇਕਸਾਰਤਾ ਨਹੀਂ ਹੈ। ਰਾਗ ਗਉੜੀ ਤੇ ਆਸਾ ਵਿਚ ਜੋੜ-ਅੰਕ ਵੀ ਓਵੇਂ ਸਹੀ ਕਰਨ ਵਾਲੇ ਹਨ, ਜਿਵੇਂ ਪਾਠ-ਭੇਦ ਸੂਚੀ ਪ੍ਰਕਾਸ਼ਤ ਹੋਣ ਉਪਰੰਤ ਛਾਪੇ ਦੀ ਬੀੜ ਵਿਖੇ ਭੱਟ-ਬਾਣੀ ਦੇ ਕੁੱਲ-ਜੋੜ (ਜੁਮਲਾ) ਨੂੰ ਸੋਧ ਕੇ ਲਿਖਿਆ ਗਿਆ ਸੀ।

ਜਿਵੇਂ ਜਨਵਰੀ ੧੯੭੭ ਵਾਲੀ 'ਪਾਠ-ਭੇਦ ਸੂਚੀ' ਤਿਆਰ ਕਰਨ ਵਾਲੇ ਵਿਦਵਾਨਾਂ ਪਾਸ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਜੋ ਸੰਥਾ-ਸੰਚੀ ਸੀ, ਉਸ ਵਿਚ ਸਵਈਆਂ ਦੇ ਅਖ਼ੀਰ ਪੁਰ ਜੋੜ-ਅੰਕ ਇਉਂ ਲਿਖੇ ਸਨ:

੨੧॥੯॥੧੦॥੧੧॥੨੨॥੬੦॥੧੨੨॥

ਪਰ ਅਜੋਕੀਆਂ ਪਾਵਨ ਬੀੜਾਂ ਤੇ ਸੰਥਾ ਸੰਚੀਆਂ ਵਿਚ ਜੋੜ-ਅੰਕ ਸੂਚੀ ਮੁਤਾਬਿਕ ਸੋਧ ਕੇ ਇੰਝ ਲਿਖਿਆ ਹੈ:

॥੨॥੨੧॥੯॥੧੧॥੧੦॥੧੦॥੨੨॥੬੦॥੧੪੩॥

ਭਾਵ, ਭੱਟ ਸਵਈਏ ਮਹਲੇ ਪੰਜਵੇਂ ਦੇ ੨੧, ਸਵਯੇ ਸ੍ਰੀ ਮੁਖਬਾਕ੍ਯ ਦੋਵੇਂ ਸੰਗ੍ਰਹਿ (੯॥੧੧॥), ਭੱਟ ਸਵਈਏ ਮਹਲੇ ਪਹਿਲੇ ਦੇ ੧੦, ਦੂਜੇ ਦੇ ੧੦, ਤੀਜੇ ਦੇ ੨੨, ਚੌਥੇ ਦੇ ੬੦ ਕੁੱਲ ਜੋੜ ੧੪੩। ਕਿਉਂਕਿ ੧੨੩ ਸਵਈਏ ਤਾਂ ਕੇਵਲ ਭੱਟਾਂ ਦੇ ਹਨ ਅਤੇ ੨੦ (੯+੧੧) ਸ੍ਰੀ ਮੁਖਵਾਕ੍ਯ ਮਃ ਪੰਜਵੇਂ ਦੇ।

ਪਰ ਇਸ ਸੁਧਾਈ ਵਿਚ ਘਾਟ ਇਹ ਹੈ ਕਿ ਇੱਕ ਤਾਂ ਬਾਣੀਕਾਰਾਂ ਦੀ ਤਰਤੀਬ ਸਹੀ ਨਹੀਂ ਅਤੇ ਦੂਜੇ ਮੁਖਬਾਕ੍ਯ ਮਃ ੫ ਦੇ ਸਵਈਆਂ ਨੂੰ ਭੱਟਾਂ ਦੇ ਸਵਈਆਂ ਨਾਲ ਮਿਲਾ ਕੇ ਕੁੱਲ ਜੋੜ ਕਰਨਾ ਵੀ ਠੀਕ ਨਹੀਂ, ਕਿਉਂਕਿ ਕਿਧਰੇ ਵੀ ਗੁਰੂ ਸਾਹਿਬਾਨ ਦੀ ਬਾਣੀ ਨੂੰ ਭਗਤਾਂ ਦੀ ਬਾਣੀ ਨਾਲ ਮਿਲਾ ਕੇ ਸਾਂਝਾ ਜੋੜ ਕੀਤਾ ਨਹੀਂ ਮਿਲਦਾ। ਭਾਵ, ਗੁਰਬਾਣੀ ਤੇ ਭਗਤ ਬਾਣੀ ਨੂੰ ਵੱਖ-ਵੱਖ ਰੱਖਿਆ ਹੈ। ਇਸ ਲਈ ਸੰਪੂਰਨ ਬਾਣੀ ਦੀ ਬੱਝਵੀਂ ਤਰਤੀਬ ਮੁਤਾਬਿਕ ਚੌਥੇ ਮਹਲੇ ਦੇ ੬੦ ਅੰਕ ਲਿਖਣ ਤੋਂ ਪਿੱਛੋਂ ਮਹਲੇ ਪੰਜਵੇਂ ਦੇ ੨੧ ਦੁਬਾਰਾ ਲਿਖਣੇ ਚਾਹੀਦੇ ਸਨ। ਇਸ ਪ੍ਰਕਾਰ ਭਟ-ਬਾਣੀ ਦਾ ਵੇਰਵੇ ਭਰਪੂਰ ਸਹੀ ਜੋੜ-ਅੰਕ ਬਣਦਾ ਹੈ:

॥੨॥੨੧॥੧੦॥੧੦॥੨੨॥੬੦॥੨੧॥੧੨੩॥

ਪਰ ਹੋਰ ਵੀ ਅੱਛਾ ਹੋਵੇ ਜੇ ਪਦ-ਛੇਦ ਕਰਕੇ ਵਿੱਥ ਸਹਿਤ ਇਉਂ ਲਿਖਿਆ ਜਾਏ:

॥੨॥੨੧॥ ॥੧੦॥੧੦॥੨੨॥੬੦॥੨੧॥੧੨੩॥

ਕਿਉਂਕਿ ਇਸ ਪ੍ਰਕਾਰ ਪੁਰਾਤਨਤਾ ਜੋੜ-ਵਿਧੀ ਵੀ ਕਾਇਮ ਰਹਿੰਦੀ ਹੈ ਅਤੇ ਭੁਲੇਖਾ ਲਗਣ ਦੀ ਸੰਭਾਵਨਾ ਵੀ ਬਹੁਤ ਘਟ ਜਾਂਦੀ ਹੈ। ਇਸ ਜੋੜ-ਅੰਕ ਪ੍ਰਤੀ ਪਾਠ-ਭੇਦ ਸੂਚੀ ਦਾ ਹੇਠ ਲਿਖਿਆ ਨੋਟ ਵੀ ਪੜ੍ਹਣਯੋਗ ਹੈ:

ਨੋਟ (੧) "ਸੰਚੀ ਵਿਚ ਸਵਈਆਂ ਦੇ ਅਖ਼ੀਰ ਪੁਰ ਜੋੜ ਅੰਕ ਇਉਂ ਲਿਖੇ ਹਨ:

੨੧॥੯॥੧੦॥੧੧॥੨੨॥੬੦॥੧੨੨॥

ਇਹ ਸਹੀ ਨਹੀਂ। ਕਿਉਂ ਜੋ ੧੨੩ ਛੰਦ ਤਾਂ ਕੇਵਲ ਭੱਟਾਂ ਦੇ ਹੀ ਹਨ। ਇਨ੍ਹਾਂ ਵਿਚ "੯॥੧੧" ਜੋੜ "ਮੁਖਵਾਕ ਮਹਲਾ ੫" ਦੇ ਵੀ ਲਿਖਾਰੀ ਨੇ

ਸ਼ਾਮਿਲ ਕੀਤੇ ਹਨ। ਇਹ ਪਾ ਕੇ ਕੁੱਲ ਜੋੜ ੧੪੩ ਬਣਦਾ ਹੈ। ਲੇਕਿਨ ਪਿੱਛੇ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ, ਭਗਤਾਂ ਦੇ ਸ਼ਬਦ ਸਤਿਗੁਰਾਂ ਨਾਲ ਮਿਲਾ ਕੇ, ਕਿਤੇ ਜੋੜ ਨਹੀਂ ਕੀਤਾ। ਬੱਧੀ ਮਰਿਯਾਦਾ ਕਾਇਮ ਰਖਦਿਆਂ ਹੋਇਆਂ, ਇੱਥੇ ਜੋੜ ਅੰਕ ਇੰਝ ਲਿਖਣੇ ਚਾਹੀਦੇ ਹਨ:

੨੧॥ ਮਃ ੧ ਕੇ ੧੦॥ ਮਃ ੨ ਕੇ ੧੦॥ ਮਃ ੩ ਕੇ ੨੨॥ ਮਃ ੪ ਕੇ ੬੦॥

ਜੋੜ ਭੱਟਾਂ ਕੇ ਸਵਈਆਂ ਕਾ ੧੨੩॥"

ਉਪਰੋਕਤ ਵੀਚਾਰ ਤੋਂ ਸਪਸ਼ਟ ਹੁੰਦਾ ਹੈ ਕਿ ਇੱਕ ਤਾਂ ਛਾਪੇ ਦੀ ਬੀੜ ਵਿਚ ਬਾਣੀਕਾਰਾਂ ਦੇ ਵੇਰਵੇ ਵਾਲੇ ਜੋ ਕੁੱਲ ਜੋੜ-ਅੰਕ (ਜੁਮਲਾ) ਹਨ, ਇੱਕ ਤਾਂ ਉਨ੍ਹਾਂ ਦੀ ਲਿਖਣ ਵਿਧੀ ਵੀ ਵਿਚਾਰਨਯੋਗ ਹੈ ਅਤੇ ਦੂਜੇ, ਪਾਠਕਾਂ ਦੇ ਸੁਖਾਲਾ ਸਮਝਣ ਲਈ ਸੰਪੂਰਨ ਬਾਣੀ ਨੂੰ ਪਦ-ਛੇਦ ਕਰਨ ਵਾਂਗ ਸਾਰੇ ਜੁਮਲਿਆਂ ਨੂੰ ਵੀ ਪਦ-ਛੇਦ ਕਰਨਾ ਲੋੜੀਂਦਾ ਹੈ। ਜਿਵੇਂ ਰਾਗ ਮਾਝ ਵਿਚ ਮਃ ੫ ਦੀਆਂ ਅਸਟਪਦੀਆਂ ਮੁੱਕਣ 'ਤੇ ਕੁੱਲ ਜੋੜ ਇਉਂ ਵਖਰਾਇਆ ਹੈ:

॥੮॥੫॥੩੯॥੧॥੩੨॥੧॥੫॥੩੯॥

ਅਸੀਂ ਵੇਖਦੇ ਹਾਂ ਕਿ ਇਸ ਤਰ੍ਹਾਂ ਅੰਕ ੫ ਤੇ ੩੯ ਦੋ ਵਾਰ ਲਿਖੇ ਹਨ, ਜਿਸ ਕਰਕੇ ਪਾਠਕ ਨੂੰ ਗਿਣਤੀ ਵਿਚ ਭੁਲੇਖਾ ਲਗਦਾ ਹੈ। ਹੱਥ ਲਿਖਤੀ ਤੇ ਛਾਪੇ ਦੀਆਂ ਬੀੜਾਂ ਵਿਚ ਵਧੇਰੇ ਇਹੀ ਢੰਗ ਅਪਨਾਇਆ ਗਿਆ ਹੈ। ਪਰ ਜੇ ਇਸ ਜੋੜ ਨੂੰ ਪਦ-ਛੇਦ ਕਰਕੇ ਹੇਠ ਲਿਖੇ ਅਨੁਸਾਰ ਲਿਖਿਆ ਜਾਏ ਤਾਂ ਕੋਈ ਭੁਲੇਖਾ ਵੀ ਨਹੀਂ ਪੈਂਦਾ ਤੇ ਸਧਾਰਨ ਵਿਅਕਤੀ ਵੀ ਸ਼ਬਦਾਂ ਦਾ ਵੇਰਵਾ ਸੁਖਾਲੇ ਹੀ ਸਮਝ ਸਕਦਾ ਹੈ:

॥੮॥੫॥ ॥੧॥੩੨॥੧॥੫॥੩੯॥ ਭਾਵ- { ਮਃ ੧-੧, ਮਃ ੩-੩੨, ਮਃ ੪-੧, ਮਃ ੫-੫॥ ਕੁੱਲ ਜੋੜ ੩੯}

ਰਾਗੁ ਧਨਾਸਰੀ ਵਿਚ ੬੮੫ 'ਤੇ ਸ਼ਬਦਾਂ ਦਾ ਕੁੱਲ-ਜੋੜ ਇਉਂ ਲਿਖਿਆ ਹੈ:

॥੨॥੪॥੯॥੯॥੧੩॥੫੮॥੪॥੯੩॥

ਭਾਵ, ਮਃ ੯ ਦੇ ੪, ਮਃ ੧ ਦੇ ੯, ਮਃ ੩ ਦੇ ੯, ਮਃ ੪ ਦੇ ੧੩, ਮਃ ੫ ਦੇ ੫੮ ਅਤੇ ਮਃ ੯ ਦੇ ੪॥ ਕੁੱਲ ਜੋੜ॥੯੩॥

ਪਰ ਜੇ ਉਪਰੋਕਤ ਜੋੜ ਨੂੰ ਕਿਸੇ ਪ੍ਰਕਾਰ ਦੀ ਤਬਦੀਲੀ ਤੋਂ ਬਗੈਰ ਪਦ-ਛੇਦ ਕਰਕੇ ਇਉਂ ਲਿਖਿਆ ਜਾਏ ਤਾਂ ਕਿਸੇ ਕਿਸਮ ਦੇ ਭੁਲੇਖੇ ਵੀ ਗੁੰਜਾਇਸ਼ ਵੀ ਨਹੀਂ ਰਹਿੰਦੀ ਤੇ ਸਮਝ ਵੀ ਸੁਖਾਲੇ ਪੈਂਦੀ ਹੈ:

॥੨॥੪॥ ॥੯॥੯॥੧੩॥੫੮॥੪॥੯੩॥

ਇਸ ਲਈ ਜਥੇਦਾਰ ਵੇਦਾਂਤੀ ਜੀ ਮੁਤਾਬਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ ਦੁਆਰਾ ਸੋਧੇ ਅਤੇ 'ਸਿੱਖ ਬੁੱਕ ਕਲੱਬ' ਰਾਹੀਂ ਔਨਲਾਈਨ ਪ੍ਰਕਾਸ਼ਤ ਕੀਤੇ ਬੀੜ ਦੇ ਖਰੜੇ ਵਿਖੇ ਯਤਨ ਕੀਤਾ ਜਾਪਦਾ ਹੈ ਕਿ ਹੱਥ-ਲਿਖਤ ਬੀੜਾਂ ਦੇ ਚਾਨਣ ਵਿਚ ਜੋੜ-ਅੰਕਾਂ ਦੀਆਂ ਭੁੱਲਾਂ ਨੂੰ ਦੂਰ ਕਰਕੇ ਅੰਕ-ਵਿਧਾਨ ਪੱਖੋਂ ਵੀ ਇਕਸਾਰਤਾ ਕਾਇਮ ਹੋ ਸਕੇ। ਵੇਦਾਂਤੀ ਜੀ ਆਖਿਆ ਕਰਦੇ ਸਨ ਕਿ ਗੁਰਬਾਣੀ ਪ੍ਰੇਮੀਆਂ ਲਈ ਬਾਣੀ ਤਾਂ ਪਦ-ਛੇਦ ਹੋ ਗਈ, ਜਿਸ ਨਾਲ ਗੁਰਮੁਖੀ ਜਾਨਣ ਵਾਲੇ ਹਰੇਕ ਮਾਈ-ਭਾਈ ਲਈ ਬਾਣੀ ਪੜ੍ਹਨੀ ਤੇ ਸਮਝਣੀ ਸੌਖੀ ਹੋ ਗਈ, ਪਰ ਜੁਮਲੇ ਪਦ-ਛੇਦ ਹੋਣੋ ਰਹਿ ਗਏ ਸਨ। ਪਾਵਨ ਬੀੜ ਦੇ ਇਸ ਖਰੜੇ ਵਿਚ ਇਹ ਉਪਰਾਲਾ ਵੀ ਕੀਤਾ ਜਾਪਦਾ ਹੈ ਕਿ ਉਨ੍ਹਾਂ ਨੂੰ ਵੀ ਸ਼ੁਧ ਤੇ ਪਦ-ਛੇਦ ਕਰਕੇ ਹੀ ਲਿਖਿਆ ਜਾਏ। ਭਗਤ-ਬਾਣੀ ਦੇ ਜੁਮਲੇ (ਕੁੱਲ-ਜੋੜ) ਵੀ ਲਿਖੇ ਜਾਣ। ਜੋੜ ਅੰਕਾਂ ਦੀ ਸਪਸ਼ਟਤਾ ਪੱਖੋਂ ਹੋਰ ਵੀ ਚੰਗਾ ਹੋਵੇ ਜੇਕਰ ਪੰਥਕ ਪੱਧਰ ਦੀ ਵਿਚਾਰ ਸਦਕਾ ਸ਼ਬਦਾਂ ਦੀ ਕੁੱਲ ਗਿਣਤੀ ਵਾਲੇ ਜੋੜਾਂ (ਜੁਮਲਿਆਂ) ਵਿਚ ਬਾਣੀਕਾਰਾਂ ਦੇ ਸੰਖੇਪ ਪ੍ਰਤੀਕ ਮਃ ੧ ਤੇ ਮਃ ੩, ੪, ੫ ਤੇ ੯ਵਾਂ ਆਦਿਕ ਦਾ ਵੇਰਵਾ ਵੀ ਦਰਜ ਕਰ ਦਿੱਤਾ ਜਾਵੇ।

ਕਾਰਣ ਹੈ ਕਿ ਕੁਝ ਪ੍ਰਾਚੀਨ ਹੱਥ-ਲਿਖਤੀ ਬੀੜਾਂ ਵਿਚ ਇਹ ਢੰਗ ਅਪਨਾਇਆ ਮਿਲਦਾ ਹੈ। ਜਿਵੇਂ 'ਪਾਠ-ਭੇਦ ਸੂਚੀ' ਮੁਤਾਬਿਕ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ਦੀ ਸੰਨ ੧੬੯੦ ਵਾਲੀ ਲਹੌਰੀ ਬੀੜ ਨੰ. ੧ ਤੋਂ ਇਲਾਵਾ ੨੧/੩੪, ੩੨/੬੨੮੧ ਅਤੇ ੪੭ ਨੰ. ਬੀੜਾਂ ਵਿੱਚ ਗਉੜੀ ਰਾਗ ਦੀਆਂ ਅਸਟਪਦੀਆਂ ਦਾ ਕੁੱਲ ਜੋੜ (ਜੁਮਲਾ) ਇਉਂ ਲਿਖਿਆ ਹੈ:

ਅਸਟਪਦੀਆ ਮਃ ੧॥੧੮॥ ਮਃ ੩॥੯॥ ਮਃ ੪॥੨॥ ਮਃ ੫॥੧੫॥ ਤਿਨ ਕਾ ਜੁਮਲਾ ੪੪॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਬਾਣੀਕਾਰਾਂ ਅਤੇ ਰਾਗਾਂ ਦੇ ਘਰਾਂ ਵਾਲੇ
ਬੇਮਿਸਲ ਹੋਏ ਸ਼ਬਦਾਂ ਦੇ ਸਹੀ ਸਥਾਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੂਹ ਬਾਣੀਕਾਰਾਂ ਅਤੇ ਰਾਗਾਂ ਦੇ ਘਰਾਂ ਦੀ ਇੱਕ ਬੱਝਵੀਂ ਤਰਤੀਬ ਹੈ। ਗੁਰੂ-ਬਾਣੀਕਾਰਾਂ ਦੀ ਤਰਤੀਬ ਤਾਂ ਗੁਰਿਆਈ ਕਾਲ ਦੀ ਤਰਤੀਬ ਮੁਤਾਬਿਕ ਹੈ। ਜਿਵੇਂ ਸ਼ਬਦਾਂ, ਅਸਟਪਦੀਆਂ ਤੇ ਛੰਤਾਂ ਆਦਿਕ ਵਿਚ ਸਭ ਤੋਂ ਪਹਿਲਾਂ ਮਹਲਾ ੧ ਦੀ ਬਾਣੀ, ਫਿਰ ਮਃ ੩, ਮਃ ੪, ਮਃ ੫ ਤੇ ਮਃ ੯ਵਾਂ ਦੀ। ਮਃ ੨ ਦੇ ਕੇਵਲ ੬੨ ਸਲੋਕ ਹਨ ਤੇ ਉਹ ਵੀ ਵਾਰਾਂ ਵਿਚ ਪ੍ਰੋਏ ਹੋਣ ਕਰਕੇ ਬਾਣੀਕਾਰਾਂ ਦੀ ਤਰਤੀਬ ਦਾ ਭਾਗ ਨਹੀਂ ਬਣਦੇ। ਪਰ ਭਗਤ-ਬਾਣੀ ਦੀ ਤਰਤੀਬ, ਸ਼ਬਦਾਂ ਦੀ ਬਹੁਲਤਾ ਅਤੇ ਗੁਰਮਤਿ ਦ੍ਰਿਸ਼ਟੀਕੋਨ ਤੋਂ ਸਿਧਾਂਤਕ ਅਨੁਕੂਲਤਾ ਤੇ ਸਪਸ਼ਟਤਾ ਅਧਾਰਿਤ ਹੈ। ਇਸ ਲਈ 'ਪੋਥੀ ਸਾਹਿਬ' ਦੀ ਸੰਪਾਦਕੀ ਵੇਲੇ ਜਿਵੇਂ ਪਹਿਲ ਦਿੱਤੀ ਗਈ ਗੁਰੂ ਨਾਨਕ-ਬਾਣੀ ਨੂੰ, ਤਿਵੇਂ ਹੀ ਭਗਤ-ਬਾਣੀ ਦੇ ਹਰੇਕ ਸ਼ਬਦ-ਸੰਗ੍ਰਹਿ ਵਿਚ ਪਹਿਲ ਦਿੱਤੀ ਹੈ- ਭਗਤ ਕਬੀਰ ਜੀ ਦੀ ਬਾਣੀ ਨੂੰ। ਉਨ੍ਹਾਂ ਉਪਰੰਤ ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਅਤੇ ਭਗਤ ਤ੍ਰਿਲੋਚਨ ਜੀ ਜਾਂ ਬਾਕੀ ਦੇ ਭਗਤਾਂ ਵਿਚੋਂ ਕਿਸੇ ਦੀ ਬਾਣੀ ਅੰਕਿਤ ਹੈ। ਛਾਪੇ ਦੀ ਪ੍ਰਚੱਲਿਤ ਬੀੜ ਵਿਚ ਗੁਰੂ-ਬਾਣੀਕਾਰਾਂ ਦੀ ਤਰਤੀਬ ਤਾਂ ਸਭ ਰਾਗਾਂ ਵਿਚ ਠੀਕ ਹੈ। ਹਾਂ! ਕਈ ਥਾਈਂ ਰਾਗਾਂ ਦੇ 'ਘਰੁ' ਅੱਗੇ ਪਿੱਛੇ ਹੋਏ ਮਿਲਦੇ ਹਨ, ਪਰ ਬੀੜਾਂ ਦੇ ਲੇਖਕਾਂ ਦੀਆਂ ਉਕਾਈਆਂ ਕਾਰਣ ਭਗਤ-ਬਾਣੀ ਦੀ ਬੱਝਵੀਂ ਤਰਤੀਬ ਵੀ ਕਈ ਥਾਈਂ ਵਿਗੜੀ ਹੋਈ ਹੈ। ਜਿਵੇਂ:

ਸਿਰੀਰਾਗੁ ਮਹਲਾ ੫ ਘਰੁ ੧॥ ਸੰਤ ਜਨਾ ਮਿਲਿ ਭਾਈਆ... {ਪੰਨਾ ੫੨} ਤੋਂ ਲੈ ਕੇ ਸਿਰੀਰਾਗੁ ਮਹਲਾ ੫॥ ਸੰਤ ਜਨਹੁ ਸੁਣਿ ਭਾਈਹੋ...॥ {ਪੰਨਾ ੫੩} ਤਕ ਦੇ ੨੮, ੨੯, ੩੦ ਤਿੰਨ ਸ਼ਬਦ ਪਹਿਲੇ ਘਰ ਦੇ ਹਨ। ਪਰ ਬੇਮਿਸਲ ਹੋ ਕੇ ੭ਵੇਂ ਘਰ ਤੋਂ ਪਿੱਛੋਂ ਛਪ ਰਹੇ ਹਨ। ਪਾਠ-ਭੇਦ ਸੂਚੀ ਮੁਤਾਬਿਕ ਸਹੀ ਕਰਨ ਦੀ ਲੋੜ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ: ੧੨ ਵਿਚ ਉਨ੍ਹਾਂ ੨੭ ਬੀੜਾਂ ਦੀ ਸੂਚੀ ਦਿੱਤੀ ਹੋਈ ਹੈ, ਜਿਨ੍ਹਾਂ ਵਿਚ ਉਪਰੋਕਤ ਤਿੰਨੇ ਸ਼ਬਦ 'ਘਰੁ ੧' ਵਾਲੇ ੨੧ਵੇਂ ਸ਼ਬਦ ਨਾਲ ਆਪਣੀ ਸਹੀ ਥਾਂ ਦਰਜ ਹਨ। ਜਿਵੇਂ: ਬੀੜ ਨੰ. ੭, ੨੦, ੩੪, ੪੨, ੪੪, ੪੫, ੫੦, ੫੨, ੫੪, ੫੬, ੫੯, ੬੦, ੬੭, ੭੩, ੭੯, ੮੦, ੮੧, ੮੨, ੮੬, ੯੪, ੯੮, ੯੯, ੧੦੪, ੧੦੫, ੧੦੮, ੧੧੦ ਤੇ ੧੧੫।

"ਸਿਰੀਰਾਗੁ ਤ੍ਰਿਲੋਚਨ ਕਾ॥ ਮਾਇਆ ਮੋਹੁ ਮਨਿ ਆਗਲੜਾ..." {ਪੰਨਾ ੯੨} ਬੇਮਿਸਲ ਹੋ ਕੇ ਕਬੀਰ ਜੀ ਦੀ ਬਾਣੀ ਦੇ ਵਿਚਕਾਰ ਛਪ ਰਿਹਾ ਹੈ। ਭਗਤ-ਬਾਣੀ ਦੀ ਬੱਝਵੀਂ ਤਰਤੀਬ ਮੁਤਾਬਿਕ ਇਸ ਦਾ ਸਥਾਨ ਠੀਕ ਕਰਨ ਦੀ ਲੋੜ ਹੈ। ਇਸ ਸਬੰਧੀ ਪਾਠ-ਭੇਦ ਸੂਚੀ ਦੀ ਮੰਨਣਯੋਗ ਸਲਾਹ ਇਸ ਪ੍ਰਕਾਰ ਹੈ:

ਇਹ ਸ਼ਬਦ ਬੇਮਿਸਲ ਹੈ। ਕਬੀਰ ਜੀ ਦੇ ਦੂਜੇ ਸਬਦ "ਅਚਰਜ ਏਕੁ ਸੁਨਹੁ ਰੇ" ਤੋਂ ਮਗਰੋਂ ਪੰਨਾ ੯੨ ਦੇ ਅੰਤ ਪੁਰ ਹੋਣਾ ਚਾਹੀਏ। ਜਿਵੇਂ ਕਿ ਏਹਨਾਂ ਗ੍ਰੰਥਾਂ ਵਿਚ- ਬੀੜ ਨੰਬਰ ੨੧/੩੪, ੪੪, ੫੪ {ਸੂਚੀ ਪੰਨਾ ੩੬}।

ਪ੍ਰੋ. ਸਾਹਿਬ ਸਿੰਘ ਟ੍ਰਸਟ ਸ਼੍ਰੀ ਅਨੰਦਪੁਰ, ਜਥੇਦਾਰ ਵੇਦਾਂਤੀ ਜੀ ਤੇ ਦਾਸ ਦੀ ਲਾਇਬ੍ਰੇਰੀ ਵਿਚ ਬਾਬਾ ਰਾਮਰਾਇ ਜੀ ਦੀ ਸੰਪਰਦਾ ਵਾਲੀ (ਲਿਖਤ ਸੰਮਤ ੧੭੫੨, ਸੰਨ ੧੬੯੫) ਬੀੜ ਦੀ ਵੀਡੀਓ ਕਾਪੀ ਮੌਜੂਦ ਹੈ। ਇਸ ਦੇ ਪਤਰਾ ਨੰਬਰ ੩੯ 'ਤੇ ਭਗਤ ਕਬੀਰ ਜੀ ਦੇ ਦੂਜੇ ਸ਼ਬਦ ਮਗਰੋਂ ਇਹ ਸੰਖੇਪ ਮੰਗਲ ਸਮੇਤ ਹੇਠ ਲਿਖੇ ਉਸ ਪ੍ਰਮਾਣੀਕ ਢੰਗ ਨਾਲ ਸ਼ੋਭਨੀਕ ਹੈ, ਜਿਸ ਮੁਤਾਬਿਕ ਮੰਗਲਾਂ ਨੂੰ ਸੱਜੇ ਰੱਖ ਕੇ ਇਉਂ ਪਹਿਲ ਦਿੱਤੀ ਜਾਂਦੀ ਰਹੀ:

ੴਸਤਿਗੁਰਪ੍ਰਸਾਦਿ॥

ਸਿਰੀਰਾਗੁਤ੍ਰਿਲੋਚਨਕਾ॥

ਮਾਇਆਮੋਹੁਮਨਿਆਗਲੜਾਪ੍ਰਾਣੀਜਰਾਮਰਣੁਭਉਵਿਸਰਿਗਇਆ॥

ੴ ਸਤਿਗੁਰਪ੍ਰਸਾਦਿ॥ ਰਾਗੁ ਗਉੜੀ ਗੁਆਰੇਰੀ ਕਬੀਰ ਜੀ ਕੀ ਅਸਟਪਦੀ॥ ਇਹ ਅਸਟਪਦੀ, ਜੋ ਪੰਨਾ ੩੩੦ 'ਤੇ ਛਪ ਰਹੀ ਹੈ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਬੱਧੇ ਕਰਮ ਅਨੁਸਾਰ ਬੇਮਿਸਲ ਹੈ। ਇਹ ਪੰਨਾ ੩੩੯ 'ਤੇ ਸ਼ਬਦਾਂ ਪਿੱਛੋਂ ੭੪ਵੇਂ ਅੰਕ 'ਤੇ ਦਰਜ ਹੋਣੀ ਚਾਹੀਦੀ ਹੈ, ਕਿਉਂਕਿ ਸਥਾਪਿਤ ਤਰਤੀਬ ਮੁਤਾਬਿਕ ਅਸਟਪਦੀਆਂ ਸਭ ਥਾਈਂ ਸ਼ਬਦਾਂ ਪਿੱਛੋਂ ਅੰਕਤ ਹੋਈਆਂ ਮਿਲਦੀਆਂ ਹਨ {ਵੇਖੋ ! ਪਾਠ-ਭੇਦ ਸੂਚੀ ਪੰਨਾ ੮੭}

ੴ ਸਤਿਗੁਰਪ੍ਰਸਾਦਿ॥ ਤਿਲੰਗ ਕਾਫੀ ਮਹਲਾ ੯॥ ਚੇਤਨਾ ਹੈ ਤਉ ਚੇਤਿ ਲੈ...॥{ਪੰਨਾ ੭੨੭} ਮਹਲਾ ੯ ਦੇ ਤਿੰਨੇ ਸ਼ਬਦ ਪੰਨਾ ੭੨੪ 'ਤੇ ਤਿਲੰਗ ਮਹਲਾ ੫॥ ਮੀਰਾਂ ਦਾਨਾ...॥ ਪਿੱਛੋਂ ਅਤੇ ਅਸਟਪਦੀਆਂ ਨੁਮਾ 'ਜਿਨ ਕੀਆ...' ਤੋਂ ਪਹਿਲਾਂ ਚਾਹੀਦੇ ਹਨ। ਕਾਰਣ ਹੈ ਕਿ ਹਰ ਥਾਂ ਅਸਟਪਦੀਆਂ ਤੇ ਛੰਤਾਂ ਤੋਂ ਪਹਿਲਾਂ ਹੀ ਨੌਵੇਂ ਮਹਲੁ ਦੇ ਸ਼ਬਦ ਦਰਜ ਹੋਏ ਹਨ। ਸੂਚੀ ਮੁਤਾਬਿਕ ਪੁਰਾਤਨ ਬੀੜਾਂ ਵਿਚ ਇੱਥੇ ਵੀ ਦੋ ਸ਼ਬਦ ਦਰਜ ਮਿਲਦੇ ਹਨ। ਜਿਵੇਂ ਸਿੱਖ ਰੈਫ਼ਰੈਂਸ ਦੀ ਬੀੜ ਨੰਬਰ ੮/੮, ੨੧/੩੪, ੨੪/੩੬, ੨੬/੫੫, ੨੯/੭੯ ...ਆਦਿ। {ਪਾਠ-ਭੇਦ ਸੂਚੀ ਪੰਨਾ ੨੫੫}

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ. ੨੬ (ਪੰਨਾ ੨੭੬) ਵਿਚ ੪੮ ਬੀੜਾਂ ਦੀ ਸੂਚੀ ਪ੍ਰਾਪਤ ਹੈ, ਜਿਨ੍ਹਾਂ ਵਿਚ ਉਪਰੋਕਤ ਤਿਲੰਗ ਮ: ੯ਵਾਂ ਦੇ ਤਿੰਨੇ ਸ਼ਬਦ ਅਸਟਪਦੀਆਂ ਤੋਂ ਪਹਿਲਾਂ ਆਪਣੀ ਥਾਂ ਸਿਰ ਦਰਜ ਹਨ। ਵੇਖੋ ਬੀੜ ਨੰ. ੧, ੨, ੪, ੫, ੭, ੧੧, ੨੪, ੨੫, ੨੬, ੨੭, ੩੨, ੩੩, ੩੪, ੩੫, ੩੬, ੪੦ ਤੇ ੪੨

ਆਦਿ। ਵੇਖੋ! ਇਸ ਪੁਸਤਕ ਦੇ ਪੰਨਾ ੨੫੫ ਉੱਪਰਲਾ ਚਿੱਤਰ ਨੰਬਰ-੧੬:

ਛਾਪੇ ਦੀ ਬੀੜ ਅੰਦਰਲਾ "ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ॥" {ਪੰਨਾ ੧੧੦੪} ਸੂਚੀ ਵਿਚ ਦਰਜ ਸਿਰਲੇਖ ਮੁਤਾਬਿਕ ਇਹ ਸ਼ਬਦ ਅਸਟਪਦੀ ਹੈ, ਜੋ 'ਚਉਪਦੇ' 'ਦੁਪਦਿਆਂ' ਵਿਚ ਬੇ-ਟਿਕਾਣੇ ਹੈ। ਕਬੀਰ ਜੀ ਦੇ ਸਾਰੇ ਸ਼ਬਦਾਂ ਤੋਂ ਬਾਦ ਰੱਖਣੀ ਚਾਹੀਦੀ ਹੈ, ਕਿਉਂਕਿ ਬੱਝਵੀਂ ਤਰਤੀਬ ਅਨੁਸਾਰ ਅਸਟਪਦੀਆਂ ਸਦਾ ਸ਼ਬਦਾਂ ਪਿੱਛੋਂ ਹੀ ਅੰਕਤ ਹੁੰਦੀਆਂ ਹਨ। {ਪਾਠ-ਭੇਦ ਸੂਚੀ ਪੰਨਾ ੪੯੩}

ਇਸ ਤੋਂ ਪਹਿਲੇ ਚਉਪਦਿਆਂ ਦੇ ਸਿਰਲੇਖ 'ਮਾਰੂ॥ ਕਬੀਰ ਜੀ' ਵੀ ਬੀੜਾਂ ਵਿਚ ਉਪਲਬਧ ਹਨ। ਜਿਵੇਂ ਬੀੜ ਨੰਬਰ ੧,੫, ੮/੮ ੨੧/੩੪, ੨੪/੩੬ ਆਦਿਕ ੧੬ ਬੀੜਾਂ ਦਾ ਵੇਰਵਾ ਸੂਚੀ ਵਿਚ ਦਰਜ ਹੈ। {ਪਾਠ-ਭੇਦ ਸੂਚੀ- ਪੰ. ੪੯੦}

ਪਾਠ-ਭੇਦ ਸੂਚੀ ਮੁਤਾਬਿਕ "ਮਾਰੂ ਕਬੀਰ ਜੀਉ॥ ਦੀਨੁ ਬਿਸਾਰਿਓ ਰੇ ਦਿਵਾਨੇ...॥" {ਸ੍ਰੀ ਗੁਰੂ ਗ੍ਰੰਥ-ਪੰ. ੧੧੦੫} ਅਤੇ "ਰਾਮੁ ਸਿਮਰੁ ਪਛੁਤਾਹਿਗਾ ਮਨ॥" {ਸ੍ਰੀ ਗੁਰੂ ਗ੍ਰੰਥ-ਪੰ. ੧੧੦੬} ਦੋਵੇਂ ਸ਼ਬਦ ਕਬੀਰ ਜੀ ਦੇ ਚਉਪਦਿਆਂ ਨਾਲ ਹੀ ਅੰਕਿਤ ਹੋਣੇ ਚਾਹੀਦੇ ਹਨ। ਭਾਈ ਬੰਨੋ ਵਾਲੀ ਬੀੜ ਦੇ ਲਿਖਾਰੀ ਦੀ ਭੁੱਲ ਹੈ, ਜਿਸ ਨੂੰ ਹੋਰ ਲੇਖਕਾਂ ਦੁਹਰਾਇਆ ਹੈ। ਪੁਰਾਤਨ ਲਿਖਤੀ ਬੀੜਾਂ ਵਿਚ ਉਪਰੋਕਤ ਸ਼ਬਦ "ਸਲੋਕ ਕਬੀਰ॥ ਗਗਨ ਦਮਾਮਾ..." ਤੋਂ ਪਹਿਲਾਂ ਦਰਜ ਹੈ। ਜਿਵੇਂ ਬੀੜ ਨੰ. ੧, ੮/੮, ੨੧/੩੪ ਆਦਿਕ ੧੧ ਬੀੜਾਂ ਦਾ ਹਵਾਲਾ ਮਿਲਦਾ ਹੈ।

ਇਸ ਪੁਸਤਕ ਅਨੁਸਾਰ "ਨਾਮਦੇਵ॥ ਆਉ ਕਲੰਦਰ ਕੇਸਵਾ॥ ਕਰਿ ਅਬਦਾਲੀ ਭੇਸਵਾ॥ ਰਹਾਉ॥" {ਸ੍ਰੀ ਗੁਰੂ ਗ੍ਰੰਥ ਸਾਹਿਬ-ਪੰ. ੧੧੬੭} ਭਗਤ ਨਾਮਦੇਵ ਜੀ ਦਾ ੧੦ ਦਸਵਾਂ ਸ਼ਬਦ ਭਾਈ ਗੁਰਦਾਸ ਜੀ ਮਿਸਲ ਦੀਆਂ ਬੀੜਾਂ ਵਿਚ ਦੂਜੇ ਘਰ ਵਾਲੇ ਸੰਗ੍ਰਹਿ ਵਿਖੇ (ਛਾਪੇ ਦੀ ਬੀੜ ਪੰਨਾ ੧੧੬੫ ਪੁਰ) ਆਪਣੇ ਟਿਕਾਣੇ ਸਿਰ ਦਰਜ ਹੈ, ਕਿਉਂਕਿ ਭਗਤ ਬਾਣੀ ਦੀ ਬੱਧੀ ਤਰਤੀਬ ਮੁਤਾਬਿਕ ਨਾਮਦੇਵ ਜੀ ਦਾ ਸ਼ਬਦ ਰਵਿਦਾਸ ਜੀ ਦੇ ਪਿੱਛੋਂ ਨਹੀਂ ਆ ਸਕਦਾ। ਉਪਰੋਕਤ ਹਕੀਕਤ ਲਈ ਸੂਚੀ ਵਿਚ ਬੀੜ ਨੰਬਰ ੧, ੨੧/੩੪, ੨੯/੭੯ ਆਦਿਕ ੯ ਬੀੜਾਂ ਦਾ ਹਵਾਲਾ ਦਰਜ ਹੈ। {ਪਾਠ-ਭੇਦ ਸੂਚੀ-ਪੰ. ੫੫੫}

ਬਸੰਤੁ ਕਬੀਰ ਜੀਉ॥ ਸੁਰਹ ਕੀ ਜੈਸੀ ਤੇਰੀ ਚਾਲ॥ {ਸ੍ਰੀ ਗੁਰੂ ਗ੍ਰੰਥ ਸਾਹਿਬ-ਪੰ. ੧੧੯੬} ਇਹ ਸ਼ਬਦ ਬੇਮਿਸਲ ਹੋ ਕੇ ਭਗਤ ਰਾਮਾਨੰਦ, ਨਾਮਦੇਉ ਤੇ ਰਵਿਦਾਸ ਜੀ ਦੀ ਬਾਣੀ ਪਿੱਛੋਂ ਅਖ਼ੀਰ ਵਿਚ ਛਪ ਰਿਹਾ ਹੈ। ਤਰਤੀਬ ਮੁਤਾਬਿਕ ਇਹ ਪੰਨਾ ੧੧੯੫ 'ਤੇ ਕਬੀਰ ਜੀ ਦਾ ਅਠਵਾਂ ਸ਼ਬਦ ਬਣਦਾ ਹੈ। ਸੂਚੀ ਦੀ

ਸੂਚਨਾ ਅਨੁਸਾਰ ਬੀੜ ਨੰ. ੨੯/੭੯, ੫੪, ੫੫ ਤੇ ੫੬ ਆਦਿਕ ੯ ਬੀੜਾਂ ਵਿਖੇ ਆਪਣੀ ਥਾਂ ਟਿਕਿਆ ਮਿਲਦਾ ਹੈ। {ਪਾਠ-ਭੇਦ ਸੂਚੀ- ਪੰ. ੫੯੪}

ਸਾਰੰਗ ਕਬੀਰ ਜੀਉ॥ ਹਰਿ ਬਿਨੁ ਕਉਨੁ ਸਹਾਈ ਮਨ ਕਾ॥ {ਪੰਨਾ ੧੨੫੩} ਇਹ ਸ਼ਬਦ ਪੰਨਾ ੧੨੫੨ 'ਤੇ ਕਬੀਰ ਜੀ ਦਾ ਤੀਜਾ ਸ਼ਬਦ ਬਣਦਾ ਹੈ, ਪਰ ਲਿਖਿਆ ਅੰਤ ਵਿਚ ਹੈ। ਸੂਚੀ ਦਾ ਨੋਟ ਇਸ ਪ੍ਰਕਾਰ ਹੈ:

ਨੋਟ: ਇਸ ਰਾਗ ਵਿਚ ਭੀ ਕਬੀਰ ਜੀ ਦਾ ਤੀਜਾ ਸ਼ਬਦ- ਹਰਿ ਬਿਨੁ ਕਉਨੁ ਸਹਾਈ ਮਨ ਕਾ॥... ਛਾਪੇ ਤੇ ਲਿਖਤ ਦੇ ਕਈ ਗ੍ਰੰਥਾਂ ਵਿਚ ਬੇ-ਮਿਸਲ (ਟਿਕਾਣੇ ਤੋਂ ਖਿਸਕਿਆ ਹੋਇਆ) ਯਾਨੀ ਰਾਗੁ ਦੇ ਅੰਤਿ ਦਰਜ ਹੈ। ਲੇਕਿਨ ਭਾਈ ਗੁਰਦਾਸ ਮਿਸਲ ਦੇ ਅਕਸਰ ਉਤਾਰਿਆਂ ਵਿਚ ਸਹੀ ਥਾਂ (ਤੀਜੇ ਨੰਬਰ) ਲਿਖਿਆ ਮਿਲਦਾ ਹੈ। ਜਿਹਾ ਕਿ- ਬੀੜ ਨੰ. ੨੧/੩੪, ੨੨/੬੨੧, ੩੬/੧੧੭, ੩੮/੧੭੩, ੪੦/੨੩੬ ਅਤੇ ੫੫ ਨੰਬਰ ਆਦਿਕ। {ਪਾਠ-ਭੇਦ ਸੂਚੀ- ਪੰ. ੬੫੭}

ਸੂਚੀ ਨੇ ਤਾਂ ਛਾਪੇ ਦੀ ਬੀੜ ਅੰਦਰਲੇ ਦੁਪਦੇ, ਤਿਪਦੇ ਤੇ ਚਉਪਦਿਆਂ ਆਦਿਕ ਦੀ ਤਰਤੀਬ ਦਾ ਵਿਗਾੜ ਵੀ ਦਰਸਾਇਆ ਹੈ। ਜਿਵੇਂ "ਆਸਾ ਮਹਲਾ ੧ ਦੁਪਦੇ॥ ਤਿਤੁ ਸਰਵਰੜੈ ਭਈਲੇ ਨਿਵਾਸਾ..." {੩੫੭} ਅਤੇ "ਛਿਅ ਘਰ ਛਿਅ ਗੁਰ...॥" ਦੂਜੇ ਘਰ ਦੇ ੨੯ ਤੇ ੩੦ ਨੰਬਰ ਦੋਵੇਂ ਦੁਪਦੇ, ਤਰਤੀਬ ਮੁਤਾਬਿਕ ਚਉਪਦਿਆਂ ਤੋਂ ਪਹਿਲਾਂ ਪੰਨਾ ੩੪੮ ਉੱਪਰ 'ਸੋ ਪੁਰਖੁ' ਸ਼ਬਦ ਤੋਂ ਪਿੱਛੋਂ ਮੰਗਲ ਸਹਿਤ ਅੰਕਿਤ ਹੋਣੇ ਚਾਹੀਦੇ ਹਨ। ਪੰਨਾ ੪੮੪ ਉੱਪਰਲੇ ੩੪ ਤੋਂ ੩੭ ਨੰਬਰ ਤਕ ਦੇ ਸ਼ਬਦ ਚਉਪਦੇ ਹੋਣ ਕਰਕੇ ਪੰਨਾ ੪੭੯ 'ਤੇ ੧੩ਵੇਂ ਅੰਕ ਪਿੱਛੋਂ ਦਰਜ ਹੋਣੇ ਚਾਹੀਦੇ ਹਨ। ਪਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੇ ਖੋਜੀ ਵਿਦਵਾਨਾਂ ਨੇ ਉਪਰੋਕਤ ਪੱਖ ਨੂੰ ਮਹੱਤਵ ਨਹੀਂ ਦਿੱਤਾ, ਕਿਉਂਕਿ ਦੁਪਦਿਆਂ ਤੇ ਚਉਪਦਿਆਂ ਆਦਿਕ ਦੇ ਰਲਵੇਂ-ਮਿਲਵੇਂ ਸੰਗ੍ਰਹਿ ਆਮ ਮਿਲਦੇ ਹਨ। ਦੂਜਾ ਕਾਰਣ ਹੈ ਕਿ ਦੁਪਦੇ, ਚਉਪਦੇ ਆਦਿਕ ਸੰਗ੍ਰਹਿ ਨਾ ਤਾਂ ਸ਼ਬਦਾਂ ਦੇ ਜੋੜ-ਅੰਕਾਂ ਨੂੰ ਪ੍ਰਭਾਵਤ ਕਰਦੇ ਹਨ ਅਤੇ ਨਾ ਹੀ ਇਨ੍ਹਾਂ ਅੱਗੇ ਵਿਸ਼ੇਸ਼ ਮੰਗਲ ਲੋੜੀਂਦਾ ਹੈ।

ਸੋ ਇਸ ਲਈ ਜਥੇਦਾਰ ਵੇਦਾਂਤੀ ਜੀ ਨੇ ਪਾਵਨ ਬੀੜ ਦੇ ਸੋਧੇ ਖਰੜੇ ਵਿਚ 'ਪਾਠ-ਭੇਦ ਸੂਚੀ' ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੇ ਖੋਜੀ ਵਿਦਵਾਨਾਂ ਦੀ ਸਲਾਹ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੱਝਵੀਂ ਤਰਤੀਬਕ ਇਕਸਾਰਤਾ ਨੂੰ ਕਾਇਮ ਕਰਨ ਹਿਤ ਘਰਾਂ ਪੱਖੋਂ ਉਪਰੋਕਤ ਕਿਸਮ ਦੇ ਬੇਮਿਸਲ ਸ਼ਬਦਾਂ ਨੂੰ ਤਰਤੀਬ ਦਿੰਦਿਆਂ ਉਨ੍ਹਾਂ ਦੇ ਘਰਾਂ ਮੁਤਾਬਿਕ ਸਹੀ ਥਾਂ 'ਤੇ ਟਿਕਾਉਣ ਤੇ ਦਰਸਾਉਣ ਦਾ ਵੀ ਉਪਰਾਲਾ ਕੀਤਾ ਦਿਸਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕੁਝ ਸੰਦਿਗਧ ਤੁਕਾਂ ਤੇ ਰਚਨਾਵਾਂ ਦੇ ਨਿਰਣਾਇਕ ਹੱਲ

ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੇ ਕਰਤਾ ਪ੍ਰੋ. ਸਾਹਿਬ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਪਹਿਲਾਂ ਜਿਤਨੀਆਂ ਭੀ ਬੀੜਾਂ ਲਿਖੀਆਂ ਗਈਆਂ ਸਨ, ਉਹ ਸਾਰੀਆਂ ਹੀ ਲਗਭਗ ਭਾਈ ਗੁਰਦਾਸ ਜੀ ਵਾਲੀ 'ਆਦਿ ਬੀੜ' ਨਾਲ ਮਿਲਦੀਆਂ ਸਨ। ਕਿਸੇ ਲਿਖਾਰੀ ਦੀ ਅਭੋਲ ਉਕਾਈ ਨਾਲ ਭਾਵੇਂ ਕੋਈ (ਲਗ-ਮਾਤ੍ਰੀ) ਨਿੱਕਾ ਮੋਟਾ ਫ਼ਰਕ ਪੈ ਗਿਆ ਹੋਵੇ। ਉਂਞ ਜਾਣ-ਬੁੱਝ ਕੇ ਕਿਸੇ ਨੇ ਕੋਈ ਅਦਲਾ-ਬਦਲੀ ਕਰਨ ਦੀ ਕੋਸ਼ਸ਼ ਨਹੀਂ ਕੀਤੀ। ਜੋ ਅਦਲਾ-ਬਦਲੀਆਂ ਹੋਈਆਂ ਉਹ ਸੰਨ ੧੭੩੨ ਤੋਂ ਪਿੱਛੋਂ ਹੋਈਆਂ।

ਸ. ਜੀ.ਬੀ. ਸਿੰਘ ਮੁਤਾਬਿਕ ਤਾਂ ਭਾਈ ਬੰਨੋ ਵਾਲੀ ਬੀੜ ਵਿਚ ਵੀ ਪਹਿਲਾਂ ਫ਼ਾਲਤੂ ਬਾਣੀਆਂ ਨਹੀਂ ਸਨ। ਗੁਰੂ ਤੇਗ ਬਹਾਦਰ ਸਾਹਿਬ ਦੀ ਜੀ ਦੀ ਸ਼ਹੀਦੀ ਤੋਂ ਪਿੱਛੋਂ ਕਿਸੇ ਨੇ ੨੬ ਵਰਕੇ ਨਵੇਂ ਪਾ ਕੇ ਮਹਲਾ ਨਾਵਾਂ ਦੀ ਬਾਣੀ ਸਮੇਤ ਕੁਝ ਹੋਰ ਫ਼ਾਲਤੂ ਬਾਣੀਆਂ ਲਿਖ ਦਿੱਤੀਆਂ। ਸੰਨ ੧੮੬੪ ਵਿਚ ਪੱਥਰ ਦੇ ਛਾਪੇ ਦੀ ਜੋ ਪਹਿਲੀ ਲਹੌਰੀ ਬੀੜ ਛਪੀ, ਪ੍ਰਤੀਤ ਹੁੰਦਾ ਹੈ ਕਿ ਭਾਈ ਬੰਨੋ ਵਾਲੀ ਬੀੜ ਦਾ ਕੋਈ ਉਤਾਰਾ ਹੀ ਉਸ ਦੀ ਛਪਾਈ ਦਾ ਅਧਾਰ ਬਣਿਆ। ਇਹ ਵੱਖਰੀ ਗੱਲ ਹੈ ਕਿ ਉਸ ਵਿਚ ਰਾਗਮਾਲਾ ਤੋਂ ਇਲਾਵਾ ਕੋਈ ਹੋਰ ਵਾਧੂ ਬਾਣੀ ਨਹੀਂ ਹੋਵੇਗੀ। ਪਰ ਛਾਪੇ ਦੀ ਪ੍ਰਚੱਲਿਤ ਬੀੜ ਅੰਦਰਲਾ ਰਾਮਕਲੀ ਰਾਗ ਦਾ ਛੰਤ "ਰਣ ਝੁੰਝਨੜਾ ਗਾਉ ਸਖੀ...॥ {ਪੰਨਾ ੯੨੭} ਦੀਆਂ ਕੇਵਲ ਦੋ ਤੁਕਾਂ ਅਤੇ ਰਾਗ ਸਾਰੰਗ ਵਿਚ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥" {ਪੰਨਾ ੧੨੫੩} ਵਾਲੀ ਇੱਕੋ ਤੁਕ ਬੀੜ ਦੀ ਛਪਾਈ ਦਾ ਖੋਜ-ਖੁਰਾ ਭਾਈ ਬੰਨੋ ਵਾਲੀ ਬੀੜ ਵੱਲ ਲੈ ਜਾਂਦਾ ਹੈ।

ਫ਼ਰੀਦਕੋਟੀ ਸੰਪਰਦਾਈ ਟੀਕੇ ਵਿਚ ਛੰਦ "ਰਣ ਝੁੰਝਨੜਾ ਗਾਉ ਸਖੀ...॥" {ਪੰਨਾ ੯੨੭} ਦੇ ਸਿਰਲੇਖ ਤੋਂ ਪਹਿਲਾਂ ਉਥਾਨਕਾ ਵਜੋਂ ਲਿਖਿਆ ਹੈ: ਸ੍ਰੀ ਗੁਰੂ ਅਰਜਨ ਸਾਹਿਬ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੇ ਜਨਮ ਸਮੇਂ ਮੇਂ ਉਚਾਰਤੇ ਭਏ: ਯਹਿ ਸ਼ਬਦ ਸਾਰਾ ਭਾਈ ਬੰਨੋ ਜੀ ਕੀ ਬੀੜ ਮੇਂ ਲਿਖਾ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ. ੨੮ (ਪੰਨਾ ੨੭੭) ਵਿਚ ਐਸੀਆਂ ੬੪ ਹੱਥ ਲਿਖਤੀ ਬੀੜਾਂ ਦੀ ਸੂਚੀ ਦਰਜ ਹੈ, ਜਿਨ੍ਹਾਂ ਵਿਚ ਰਾਮਕਲੀ ਛੰਤ ਦੀਆਂ ਉਪਰੋਕਤ ਦੋ ਤੁਕਾਂ ਦੀ ਥਾਂ ਪੂਰਾ ਚਉਪਦਾ ਛੰਤ ਹੈ। ਜਿਵੇਂ ਬੀੜ ਨੰ. ੧, ੨, ੩, ੪, ੫, ੭, ੯, ੧੧, ੧੨, ੧੩, ੧੪, ੧੫, ੧੬, ੧੭, ੧੯, ੨੨, ੨੪, ੨੫, ੨੬ ਤੇ ੨੭ ਆਦਿ। ਪੜ੍ਹੋ! ਪੁਸਤਕ ਦੇ ਪੰਨਾ ੨੫੬ ਵਾਲਾ ੧੭ ਨੰ. ਚਿਤ੍ਰ।

ਜੂਨ ਸੰਨ ੧੯੮੪ ਦੇ ਘਲੂਘਾਰੇ ਤੋਂ ਪਹਿਲਾਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸ਼੍ਰੀ ਅੰਮ੍ਰਿਤਸਰ ਵਿਖੇ ਸੰਮਤ ੧੭੯੨ (ਮੁਤਾਬਿਕ ਸੰਨ ੧੭੩੫) ਦੀ ਹੱਥ-ਲਿਖਤ ਬੀੜ ਮੌਜੂਦ ਸੀ । ਇਸ ਦੇ ਪਤਿ (ਪਤਰਾ) ਨੰ. ੫੪੭ ਉੱਤੇ ਰਾਮਕਲੀ ਛੰਤ ਦੀਆਂ ਦੋ ਤੁਕਾਂ, ਜੋ ਛਾਪੇ ਦੀ ਮੌਜੂਦਾ ਬੀੜ ਵਿਖੇ "ਰਣ ਝੁੰਝਨੜਾ ਗਾਉ ਸਖੀ..॥" ਤੁਕਾਂਸ਼ ਨਾਲ ਆਰੰਭ ਹੁੰਦੀਆਂ ਹਨ, ਉਪਰੋਕਤ ਹੱਥ-ਲਿਖਤ ਵਿੱਚ ਇੱਕ ਤਾਂ ਉਨ੍ਹਾਂ ਦਾ ਆਰੰਭ "ਰੁਣਝੁਝਨੜਾ ਗਾਓ ਸਖੀ..." ਤੁਕਾਂਸ਼ ਨਾਲ ਹੁੰਦਾ ਹੈ; ਦੂਜੇ, ਇਨ੍ਹਾਂ ਦੇ ਸਬੰਧ ਵਿੱਚ ਇੱਕ ਵਿਸ਼ੇਸ਼ ਨੋਟ ਲਿਖਿਆ ਹੈ, ਜਿਹੜਾ ਸ਼੍ਰੋਮਣੀ ਕਮੇਟੀ ਵੱਲੋਂ ਸੰਨ ੧੯੫੨ ਵਿੱਚ ਛਾਪੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਬਾਰੇ ਜ਼ਰੂਰੀ ਫ਼ਾਕਫ਼ੀਅਤ' ਨਾਂ ਦੇ ਕਿਤਾਬਚੇ ਵਿਖੇ ਪੰਨਾ ੧੯ ਉੱਤੇ ਬੀੜਾਂ ਦੇ ਸੂਚੀ ਨੰ. ੧੨ ਦੀ ਮੱਦ (ੲ) ਹੇਠ ਅਨ-ਛੇਦ ਲਿਖਤ ਵਿੱਚ ਹੂ-ਬਹੂ ਇੰਞ ਪੜ੍ਹਿਆ ਜਾ ਸਕਦਾ ਹੈ : "ਏਹ ਸ਼ਬਦ ਆਦਿ ਗ੍ਰੰਥ ਨਾਹੀ   ਦੁਇ ਤੁਕਾਂ ਸਹੀ ਹੈਨ   ਹੋਰ ਦੂਰ ਕੀਤਾ ॥" {ਪੜ੍ਹੋ ! ਹੱਥਲੀ ਪੁਸਤਕ ਦੀ ਅੰਤਿਕਾ ਨੰ. ੧ 'ਜ਼ਰੂਰੀ ਵਾਕਫ਼ੀਅਤ' ਦਾ ਪੰਨਾ ੧੯}

ਗਿ. ਹਰਿਬੰਸ ਸਿੰਘ ਜੀ ਰਚਿਤ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਸ਼ਨ ਨਿਰਣੈ ਸਟੀਕ' ਦੀ ਨਾਵੀਂ ਪੋਥੀ ਦੇ ਪੰਨਾ ੪੫੬ 'ਤੇ 'ਵਿਸ਼ੇਸ ਧਿਆਨ ਦਿਓ' ਸਿਰਲੇਖ ਹੇਠ ਨੋਟ ਹੈ:

...ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਗੁਰੂ ਜੀ ਨੇ ਗੁਰਮਤਿ ਕਸਵੱਟੀ 'ਤੇ ਪਰਖ ਕੇ ਕੇਵਲ ਸੱਚੀ ਬਾਣੀ ਨੂੰ ਪ੍ਰਮਾਣਿਕਤਾ ਦਿੱਤੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਬੰਨੋ ਵਾਲੇ ਸਰੂਪ ਵਿਚ ਚਾਰ ਪਦਾਂ ਦਾ ਪੂਰਾ ਛੰਤ ਅੰਕਿਤ ਹੈ ਪਰ ਸ਼੍ਰੀ ਕਰਤਾਰਪੁਰ ਵਾਲੇ ਪਾਵਨ ਸਰੂਪ ਵਿਚ ਇਸ ਸ਼ਬਦ ਦੀਆਂ ਬਾਕੀ ਪੰਕਤੀਆਂ ਛੱਡਣ ਦਾ ਪ੍ਰਸ਼ਨ ਹੀ ਨਹੀਂ ਸੀ ਉੱਠਣਾ। ਇਸ ਸ਼ਬਦ ਦੇ ਤੀਜੇ ਅੰਕ ਦੇ ਆਰੰਭ ਵਿਚ ਹੀ ਗੁਰਮਤਿ ਵਿਰੋਧੀ-ਭਾਵਨਾ ਪੜ੍ਹ ਕੇ ਪਾਠਕ ਜਨ ਆਪ ਹੀ ਅਨੁਮਾਨ ਲਗਾ ਲੈਣਗੇ ਕਿ ਉਪਰੋਕਤ ਦੋ ਪੰਕਤੀਆਂ ਛੱਡ ਕੇ ਸਾਰਾ ਸ਼ਬਦ ਹੀ ਗੁਰਦੇਵ ਜੀ ਦੀ ਕਾਵਿ-ਸ਼ੈਲੀ ਅਤੇ ਰਹੁ-ਰੀਤਾਂ ਨਾਲ ਮੇਲ ਨਹੀਂ ਸੀ ਖਾਂਦਾ, ਜਿਸ ਕਰਕੇ ਉਹ ਪੰਕਤੀਆਂ ਦਰਜ ਨਹੀਂ ਕਰਾਈਆਂ:

...॥ ਰੀਤੀ ਸਗਲ ਕਰਾਈਆ, ਹਰਿ ਸਿਉ ਲਿਵ ਲਾਈ॥
ਭਦਨੁ ਉਣੇਤ ਕਰਾਇਆ, ਗੁਰ ਗਿਆਨ ਜਪਾਈ॥

ਮਹਾਨ ਕੋਸ਼ ਮੁਤਾਬਿਕ 'ਭਦਨੁ' (ਭੱਦਣ) ਪਦ ਦਾ ਅਰਥ ਹੈ ਬ੍ਰਾਹਮਣ ਰੀਤੀ ਅਨੁਸਾਰ- 'ਮੁੰਡਨ ਸੰਸਕਾਰ' ਅਤੇ 'ਉਣੇਤ' ਦਾ ਪਦ-ਅਰਥ ਹੈ- ਜਨੇਊ-ਸੰਸਕਾਰ। ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਉਪਰੋਕਤ ਛੰਤ ਸਬੰਧੀ ਹੇਠ ਲਿਖਿਆ ਨੋਟ ਹੈ:

ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਇਸ ਦੀਆਂ ਕੇਵਲ ਦੋ ਤੁਕਾਂ ਦਿੱਤੀਆਂ ਹਨ, ਪਰ ਭਾਈ ਬੰਨੋ ਵਾਲੀ ਬੀੜ ਵਿਚ ਚਾਰ ਪਦਾਂ ਦਾ ਛੰਦ ਦਿੱਤਾ ਹੈ। ਮਜ਼ਮੂਨ ਬਾਲਕ ਸ੍ਰੀ ਹਰਿਗੋਬਿੰਦ ਜੀ ਦੇ ਸਬੰਧ ਵਿਚ ਕਿਸੇ ਸੰਸਕਾਰ ਦਾ ਨਹੀਂ, ਸਗੋਂ ਅਨੂਪਮ ਬਾਲਕ ਦਾ ਅਲੰਕਾਰ ਲੈ ਕੇ ਉਸ ਦੇ ਜੀਵਨ ਦੇ ਜ਼ਰੂਰੀ ਮੌਕਿਆਂ (ਜਨਮ, ਨਾਮ-ਕਰਨ, **ਭਦਣ**, ਸਕੂਲੇ ਪੈਣ, ਮੰਗਣਾ, ਵਿਆਹ) ਨੂੰ ਲੈ ਕੇ ਅੰਮ੍ਰਿਤ-ਨਾਮ ਦੇ ਵੰਡਣ ਦਾ ਜ਼ਿਕਰ ਕਰਦੇ ਹਨ, ਇਸੇ ਤਰ੍ਹਾਂ ਹੋਰਨਾਂ ਥਾਵਾਂ 'ਤੇ ਅਲਾਹਣੀਆਂ, ਘੋੜੀਆਂ, ਜੰਞੂ, ਵਿਆਹ ਆਦਿ ਦੇ ਅਲੰਕਾਰ ਵਰਤੇ ਗਏ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਬਲੀਕੇਸ਼ਨ ਬਿਊਰੋ ਵੱਲੋਂ ਛਾਪੀ ਪੁਸਤਕ 'ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ' ਵਿਚ ਡਾ. ਭਾਈ ਜੋਧ ਸਿੰਘ ਲਿਖਦੇ ਹਨ:

"ਰਾਮਕਲੀ ਮਹਲਾ ੫ ਛੰਤ "ਰਣ ਝੁੰਝਨੜਾ ਗਾਉ"। ਤਤਕਰੇ ਵਿਚ ਪ੍ਰਤੀਕ ਕੋਈ ਨਹੀਂ। ਪਰ ਦੋਵੇਂ ਤੁਕਾਂ ਆਪਣੀ ਥਾਂ 'ਤੇ ਅਖ਼ੀਰ ਵਿਚ ਦਿੱਤੀਆਂ ਹਨ। ੭੦੩/੧ ਪੰਨੇ ਪੁਰ ਹੜਤਾਲ ਕੋਈ ਨਹੀਂ ਫੇਰੀ। ਅੱਗੇ ਸਫ਼ਾ ਖਾਲੀ ਹੈ। ਇਨ੍ਹਾਂ ਦੋਹਾਂ ਸਤਰਾਂ ਦੀ ਕਲਮ ਹੋਰ ਹੈ, ਪਰ ਲਿਖਤ ਉਹੋ ਜਾਪਦੀ ਹੈ।"

ਛਾਪੇ ਦੀ ਪ੍ਰਚੱਲਿਤ ਬੀੜ ਦੇ ਤਤਕਰੇ ਵਿਚ ਤਾਂ ਛੰਤ ਦੇ ਉਪਰੋਕਤ ਪਦੇ ਦੀ ਪ੍ਰਤੀਕ ਹੈ, ਪਰ ਪਾਵਨ ਬੀੜ ਦੇ ਪੰਨਾ ੯੨੭ 'ਤੇ ਇਸ ਪਦੇ ਨੂੰ ਕੋਈ ਕਾਵਿਕ ਜਾਂ ਸ਼ਬਦਾਂ ਦੀ ਗਿਣਤੀ ਦਾ ਜੋੜ-ਅੰਕ ਨਹੀਂ ਦਿੱਤਾ ਗਿਆ। ਭਾਵ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਾਪੇ ਦੀ ਬੀੜ ਵਿਚ ਇਹ ਸ਼ਬਦਾਂ ਦੀ ਗਿਣਤੀ ਵਿਚ ਨਹੀਂ ਅਤੇ ਨਾ ਹੀ ਕਰਤਾਰਪੁਰੀ ਬੀੜ ਦੇ ਤਤਕਰੇ ਵਿਚ ਹੈ। ਇਸ ਲਈ ਪਾਠ-ਭੇਦ ਸੂਚੀ ਤੇ ਜਥੇਦਾਰ ਵੇਦਾਂਤੀ ਜੀ ਵਰਗੇ ਖੋਜੀ ਵਿਦਵਾਨਾਂ ਦਾ ਵਿਚਾਰ ਸੀ ਕਿ ਉਪਰੋਕਤ ਤੁਕਾਂ ਨੂੰ ਗੁਰਬਾਣੀ ਦਾ ਭਾਗ ਮੰਨਣਾ ਸਿਧਾਂਤਕ ਪੱਖੋਂ ਵੀ ਸਹੀ ਨਹੀਂ ਹੈ। ਗੁਰਮਤਿ ਦੇ ਚਾਨਣ ਵਿਚ ਅਜਿਹਾ ਕਦਾਚਿਤ ਵੀ ਨਹੀਂ ਮੰਨਿਆ ਜਾ ਸਕਦਾ ਕਿ ਅਕਾਲ-ਪੁਰਖ ਨੂੰ ਕੇਸ਼ਵ ਕਹਿੰਦਿਆਂ 'ਕੇਸਾ ਕਾ ਕਰਿ ਚਵਰੁ ਢੁਲਾਵਾ' ਦਾ ਇਲਾਹੀ ਨਗਮਾ ਗਾਉਣ ਵਾਲੇ ਗੁਰੂ ਸਾਹਿਬ "ਭਦਨੁ ਉਨੇਤ ਕਰਾਇਆ, ਗੁਰ ਗਿਆਨ ਜਪਾਈ॥" ਵਰਗੀ ਮੁੰਡਨ ਸੰਸਕਾਰ ਦੀ ਪ੍ਰੇਰਕ ਤੁਕ ਨੂੰ ਗੁਰੂ ਗਿਆਨ ਕਹਿਣ।

ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਹੋ ਰਹੇ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥" {ਪੰਨਾ ੧੨੫੩} ਦੀ ਤੁਕ ਸਬੰਧੀ ਇੱਕ ਵਿਸ਼ੇਸ਼ ਨੋਟ ਇੰਝ ਹੈ:

"ਇਹ ਸ਼ਬਦ ਭਾਈ ਬੰਨੋ ਦੀ ਬੀੜ ਵਿਚ ਸਾਰੇ ਦਾ ਸਾਰਾ ਦਿੱਤਾ ਹੈ।

ਪਰ ਸ਼੍ਰੀ ਕਰਤਾਰਪੁਰ ਵਾਲੀ ਬੀੜ ਵਿਚ ਪਹਿਲੀ ਤੁਕ ਹੀ ਦਿਤੀ ਹੈ। ਬਾਕੀਆਂ ਵਿਚ ਬੇਮੁਖ ਨੂੰ ਸੱਪ, ਹਾਥੀ, ਕਾਂ, ਗਦੋਂ, ਪੱਥਰ, ਕਾਲੀ ਕੰਬਲੀ ਨਾਲ ਤਸ਼ਬੀਹ ਦੇ ਕੇ ਸਦਾ ਲਈ ਅਮੋੜ ਤੇ ਅਭਿੱਗ ਸਾਬਤ ਕੀਤਾ ਹੋਇਆ ਹੈ, ਅਤੇ ਸੁਧਾਰ ਦੀ ਕੋਈ ਆਸ ਨਹੀਂ ਦੱਸੀ ਹੋਈ, ਇਸ ਲਈ ਗੁਰੂ ਜੀ ਨੇ ਸੂਚਨਾ ਮਾਤਰ ਇਕ ਤੁਕ ਦੇ ਕੇ ਬਾਕੀ ਦੀਆਂ ਤੁਕਾਂ ਛੱਡ ਦਿਤੀਆਂ ਮਲੂਮ ਹੁੰਦੀਆਂ ਹਨ।"

ਕਿਉਂਕਿ ਗੁਰਮਤਿ ਆਸ਼ਾਵਾਦੀ ਹੈ, ਨਿਰਾਸ਼ਾਵਾਦੀ ਨਹੀਂ। ਗੁਰਬਾਣੀ ਤਾਂ ਰੱਬੀ ਮਿਹਰ ਸਦਕਾ "ਸੂਕੇ ਕਾਸਟ, ਹਰੇ ਚਲੂਲ॥ ਊਚੈ ਥਲਿ ਫੂਲੇ ਕਮਲ ਅਨੂਪ॥" {ਪੰਨਾ ੮੯੮} ਦਾ ਵਿਸ਼ਵਾਸ਼ ਦ੍ਰਿੜ ਕਰਵਾਉਂਦੀ ਹੈ। 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' (ਭਗਤ ਬਾਣੀ ਭਾਗ) ਮੁਤਾਬਿਕ ਗਿਆਨੀ ਗੁਰਦਿੱਤ ਸਿੰਘ ਜੀ ਦਾ ਮਤ ਹੈ:

"ਕਰੜੇ ਭਾਵਾਂ ਵਾਲੀਆਂ ਤੁਕਾਂ ਛੱਡਣ ਦਾ ਮਨੋਰਥ ਇਹ ਜਾਪਦਾ ਹੈ ਬੇਮੁਖਾਂ ਨੂੰ ਇੱਥੇ ਨਾ ਦੁਰਕਾਰਨਾ ਭੀ ਯੋਗ ਨਹੀਂ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਬਖਸ਼ਿਆ ਨਹੀਂ ਜਾ ਸਕਦਾ ਹੈ। ਗੁਰਮਤ 'ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗੁ ਪਾਵੈ' ਦਾ ਮਾਰਗ ਦਰਸਾਉਂਦੀ ਹੈ। ਇਸ ਅਨੁਸਾਰ ਕਿਸੇ ਵੀ ਗਿਰਾਵਟ ਵਿਚ ਗਿਰੇ ਹੋਏ ਦਾ ਉਧਾਰ ਹੋਣ ਦਾ ਭਰੋਸਾ ਦਿੰਦੀ ਹੈ ਅਤੇ ਬਖਸ਼ਸ਼ ਦਾ ਰਾਹ ਖੁੱਲ੍ਹਾ ਰੱਖਦੀ ਹੈ।" {ਪੰਨਾ ੩੩੦}

ਗਿਆਨੀ ਜੀ ਆਪ ਤਾਂ ਭਾਵੇਂ "ਛਾਡਿ ਮਨ..." ਤੁਕ ਨੂੰ ਮਦਨ ਮੋਹਨ 'ਸੂਰਦਾਸ' ਦੀ ਹੀ ਮੰਨਦੇ ਸਨ। ਪਰ ਉਨਾਂ ਨੇ ਉਪਰੋਕਤ ਲਿਖਤ ਵਿਚ ਮੰਨਿਆ ਹੈ ਕਿ ਪੁਰਾਤਨ ਬੀੜਾਂ ਦੇ ਮੁੱਢਲੇ ਖੋਜੀ "ਸ: ਜੀ.ਬੀ. ਸਿੰਘ ਨੇ ਇਸ ਸ਼ਬਦ ਬਾਰੇ ਆਪਣੀ ਇਕ ਚਾਰ-ਪੰਜ ਸਫਿਆਂ ਉੱਥੇ ਲਿਖੀ ਕਾਪੀ ਮੈਨੂੰ ੧੯੪੬ ਵਿਚ ਦਿੱਤੀ ਸੀ। ਉਸ ਵਿਚ ਉਨ੍ਹਾਂ ਸਿੱਧ ਕੀਤਾ ਸੀ ਕਿ ਅਸਲ ਵਿਚ ਇਹ ਸ਼ਬਦ ਕ੍ਰਿਸ਼ਨ ਭਗਤ ਸੂਰਦਾਸ ਦਾ ਹੀ ਹੈ। ਉਨ੍ਹਾਂ ਨੇ ਸੂਰਦਾਸ ਦੇ ਗ੍ਰੰਥ 'ਸੂਰ ਸਾਗਰ' ਵਿਚੋਂ ਪੂਰੇ ਵਿਸ਼ਨੂ ਪਦੇ ਦਾ ਇਕ ਹਿੱਸਾ ਇਸ ਕੱਟੀ ਹੋਈ ਤੁਕ ਨਾਲ ਮੇਲ ਕੇ ਭੀ ਦੱਸਿਆ ਸੀ। ਉਸ ਵਿਸ਼ਨੂ ਪਦੇ ਦਾ ਆਰੰਭ ਇਸ ਤਰ੍ਹਾਂ ਹੈ:

ਚਰਨ ਕਮਲ ਬੰਦੋ ਹਰਿ ਰਾਇ।
ਜਾ ਕੀ ਕ੍ਰਿਪਾ ਪੰਗ ਗਿਰ ਲੰਘੈ ਅੰਧੇ ਕਉ ਸਭ ਕਿਛ ਦਰਸਾਏ।

{ਪੰਨਾ ੩੨੮}

"ਸਾਰੰਗ ਮਹਲਾ ੫ ਸੂਰਦਾਸ॥" ਦੀ ਵਿਆਖਿਆ ਕਰਦਿਆਂ ਸ਼ਬਦਾਰਥ ਲਿਖਦਾ ਹੈ:

(ਇਹ ਉਹ ਮਸ਼ਹੂਰ ਨੇਤ੍ਰਹੀਨ ਸੂਰਦਾਸ ਨਹੀਂ, ਜੋ ਵੈਸ਼ਨਾਵਾਂ ਦਾ ਮਹਾਤਮਾ ਭਗਤ ਹੋਇਆ ਹੈ।) ਇਹ ਭਗਤ ਮਦਨ ਮੋਹਨ ਨਾਮ ਦਾ ਬ੍ਰਾਹਮਣ

ਹੋਇਆ ਹੈ ਜੋ ਸੰਮਤ ੧੫੯੬ ਵਿਚ ਪੈਦਾ ਹੋਇਆ। ਇਹ ਸੰਸਕ੍ਰਿਤ, ਹਿੰਦੀ, ਫ਼ਾਰਸੀ ਦਾ ਪੂਰਨ ਵਿਦਵਾਨ ਅਤੇ ਅਕਬਰ ਦੇ ਵੇਲੇ ਅਵਧ ਦੇ ਇਲਾਕੇ ਸੰਦੀਲਾ ਦਾ ਹਾਕਮ ਸੀ, ਪਰ ਪਿੱਛੋਂ ਵੈਰਾਗਵਾਨ ਹੋ ਕੇ ਤਿਆਗੀ ਹੋ ਗਿਆ। ਇਸ ਦੀ ਸਮਾਧ ਕਾਂਸ਼ੀ ਵਿਚ ਹੈ।

ਫ਼ਰੀਦਕੋਟੀ ਟੀਕਾ ਲਿਖਦਾ ਹੈ: ਇਹ ਸਬਦ ਸਾਰਾ ਕਿਉਂ ਨਾ ਉਚਾਰਾ? ਇਸ ਵਿਕਲਪ ਕਾ ਉੱਥੇ ਇਹੁ ਹੈ: ਪ੍ਰੇਮ ਕਰ ਤੁਕ ਉਚਾਰੀ। ਪੁਨਾ ਵਹੁ ਸੂਰਦਾਸ ਪ੍ਰੇਮੀ ਸਮਾਧੀ ਇਸਥਿਤ ਹੋ ਗਯਾ। ਪੁਨਾ ਗੁਰੂ ਜੀ ਨੇ ਆਪ (ਸਾਰੰਗ ਮਹਲਾ ੫ ਸੂਰਦਾਸ॥ ਹਰਿ ਕੇ ਸੰਗਿ...) ਸਬਦ ਉਚਾਰ ਕਰ ਅੰਕ ਕਉ ਸੂਰਦਾਸ ਦਾ ਨਾਮੁ ਲਿਖ ਕਰ ਤਿਸ ਕਉ ਸਿਰਪਾਉ ਦੀਆ ਹੈ। ਤੌਂ ਇਹ (ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥ ਤੁਕ ਵਾਲਾ) ਸੂਰਦਾਸ ਜੀ ਕਾ ਸਾਰਾ ਸਬਦ ਭਾਈ ਬੰਨੋ ਦੀ ਬੀੜ ਮੇਂ ਹੈ।

'ਸ੍ਰੀ ਗੁਰੂ ਗ੍ਰੰਥ ਪ੍ਰਕਾਸ਼' (ਸੰਨ ੧੯੭੦) ਪੁਸਤਕ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਹੱਸਵਾਦੀ ਬਾਣੀਕਾਰ' ਸਿਰਲੇਖ ਹੇਠ ਪ੍ਰਾਚੀਨ ਸਹਿਤ ਦੇ ਖੋਜੀ ਪ੍ਰੋ. ਪਿਆਰਾ ਸਿੰਘ 'ਪਦਮ' ਨੇ ਸ਼ਬਦਾਰਥ-ਪੰਨਾ ੧੨੫੩ ਅਤੇ ਮਹਾਨ ਕੋਸ਼ ਦੇ ਪੰਨਾ ੧੬੯ 'ਤੇ ਅਧਾਰਿਤ ਭਗਤ ਸੂਰਦਾਸ ਬਾਰੇ ਆਪਣੇ ਵਿਚਾਰ ਇੰਝ ਦਿੱਤੇ ਹਨ:

ਕ੍ਰਿਸ਼ਨ-ਭਗਤ ਸੂਰਦਾਸ (੧੪੭੮-੧੫੮੫ ਈ.) ਦਾ ਨਾਮ ਹਿੰਦੀ ਸਹਿਤ ਵਿਚ ਸੂਰਜ ਵਾਂਗ ਰੋਸ਼ਨ ਹੈ। ਇਸ ਪ੍ਰੇਮੀ ਕਵੀ ਨੇ ਕ੍ਰਿਸ਼ਨ ਜੀ ਦੀ ਬਾਲ-ਲੀਲਾ ਨੂੰ ਬਹੁਤ ਹੀ ਸੁੰਦਰ ਪਦਿਆਂ ਵਿਚ ਗਾਇਆ ਹੈ ਤੇ ਇਹ ਗੀਤ ਵੈਸ਼ਣਵ ਸਭਾਵਾਂ ਦਾ ਸ਼ਿੰਗਾਰ ਹਨ। ਪਰ ਸਿੱਖ ਵਿਦਵਾਨਾਂ ਦੀ ਰਾਇ ਹੈ ਕਿ 'ਆਦਿ ਗ੍ਰੰਥ' ਵਿਚ ਜਿਸ ਭਗਤ ਸੂਰਦਾਸ ਦੀ ਤੁਕ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਸੰਕਲਿਤ ਹੈ, ਇਹ ਹੋਰ ਸੂਰਦਾਸ ਹੈ। ਜੋ ਦੂਜਾ ਪੂਰਾ ਸ਼ਬਦ "ਹਰਿ ਕੇ ਸੰਗ ਬਸੇ ਹਰਿ ਲੋਕ"- ਸਾਰੰਗ ਮ: ੫, ਸੂਰਦਾਸ ਸਿਰਲੇਖ ਹੇਠ ਦਰਜ ਹੈ- ਇਹ ਗੁਰੂ ਅਰਜਨ ਸਾਹਿਬ ਦੀ ਰਚਨਾ ਹੈ। ਪਰ "ਛਾਡਿ ਮਨ ਹਰਿ ਬਿਮੁਖਨ ਸੰਗੁ" 'ਸੂਰਸਾਗਰ' ਵਿਚ ਪ੍ਰਾਪਤ ਹੈ, ਇਸ ਕਰਕੇ ਦੂਜੇ ਸੂਰਦਾਸ ਦੀ ਕਲਪਨਾ ਸਾਰਥਿਕ ਨਹੀਂ। {ਪੰਨਾ ੭੫}

'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਸ਼ਨ ਨਿਰਣੈ ਸਟੀਕ' ਦਾ ਵਿਸ਼ੇਸ਼ ਨੋਟ ਹੈ: ਪੰਜਾਬੀ ਵਿਸ਼ਵ ਕੋਸ਼ (ਭਾਸ਼ਾ ਵਿਭਾਗ ਪਟਿਆਲਾ) ਵਿਚ ਭਗਤ ਸੂਰਦਾਸ ਦੇ ਜੀਵਨ ਤੇ ਰਚਨਾਵਾਂ ਬਾਰੇ ਵਿਸਥਾਰ ਸਹਿਤ ਨੋਟ ਦਿੱਤਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਸ ਸ਼ਬਦ ਦਾ ਜ਼ਿਕਰ ਤਕ ਨਹੀਂ ਕੀਤਾ, ਜਿਸ ਨਾਲ ਕਿ ਭਗਤ ਜੀ ਦੀ ਪ੍ਰਤਿਭਾ ਵਿਚ ਹੋਰ ਵਾਧਾ ਹੋਣਾ ਸੀ।

ਭਗਤ ਸੂਰਦਾਸ ਜੀ ਬਾਰੇ ਵਿਦਵਾਨਾਂ ਦੀਆਂ ਭਾਵੇਂ ਵੱਖਰੇ-ਵੱਖਰੇ ਰਾਵਾਂ ਹਨ, ਪਰ ਸੂਰਦਾਸ ਜੀ ਦੀ ਪ੍ਰਸਿੱਧ ਕ੍ਰਿਤ 'ਸੂਰ ਸਾਗਰ' ਵਿਚੋਂ ਹੇਠ ਲਿਖਿਆ ਪਦ ਸਾਹਮਣੇ ਰਖੀਏ ਤਾਂ ਨਿਰਣੈਜਨਕ ਗੱਲ ਪ੍ਰਗਟ ਹੁੰਦੀ ਹੈ:

'ਤਜੋ ਮਨ ਹਰਿ ਬਿਮੁਖਨ ਕੋ ਸੰਗੁ'

'ਸੂਰ ਸਾਗਰ' ਦੇ ਪਦਾਂ ਦੀ ਗਿਣਤੀ ਬਾਰੇ ਇਹ ਪ੍ਰਸਿੱਧ ਰਵਾਇਤ ਹੈ ਕਿ ਇਨ੍ਹਾਂ ਦੀ ਗਿਣਤੀ ਸਵਾ ਲੱਖ ਸੀ ਪਰ ਅੱਜ-ਕਲ੍ਹ ਕੋਈ ੫੦੦੦ ਮਿਲਦੇ ਹਨ। 'ਕ੍ਰਿਸ਼ਨ ਲੀਲਾ' ਸੂਰ ਸਾਗਰ ਦਾ ਮੁੱਖ ਭਾਗ ਹੈ, ਬਾਕੀ ਬਿਨੈ ਦੇ ਪਦ ੨੨੩ ਹਨ ਤੇ ਰਾਮਕਥਾ ਦੇ ਪਦਾਂ ਦੀ ਗਿਣਤੀ ੧੫੬ ਹੈ। ਗੁਰੂ ਸਾਹਿਬ ਨੇ ਗੁਰਮਤਿ ਨਾਲ ਮੇਲ ਦੀ ਇਕ ਪੰਗਤੀ ਨੂੰ ਪ੍ਰਵਾਨ ਕੀਤਾ ਹੈ ਜੋ ਦਰਜ ਹੋ ਗਿਆ, ਇਸ 'ਤੇ ਕਿੰਤੂ ਕਰਨਾ ਠੀਕ ਨਹੀਂ। 'ਤਜੋ ਮਨ ਹਰਿ ਬਿਮੁਖਨ ਕੋ ਸੰਗੁ' ਅਤੇ 'ਛਾਡਿ ਮਨ ਹਰਿ ਬਿਮੁਖਨ ਕੋ ਸੰਗੁ' ਸ਼ਬਦਾਵਲੀ ਵਿਚ ਰੂਪਕ ਅੰਤਰ ਹੈ, 'ਤਜੋ' 'ਛਾਡਿ' ਦਾ ਫਰਕ ਹੈ। ਹੋ ਸਕਦਾ ਹੈ ਕਿ ਭਗਤ ਜੀ ਨੇ 'ਛਾਡਿ ਮਨ' ਪਦ ਹੀ ਵਰਤਿਆ ਹੋਵੇ ਅਤੇ ਹਿੰਦੀ ਭਾਸ਼ਾ ਲਿਖਾਰੀ ਨੇ ਸ਼ੁੱਧੀਕਰਣ ਕਰ ਦਿੱਤਾ ਹੋਵੇ।"

'ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ' ਪੁਸਤਕ ਦਾ ਉਲੇਖ ਹੈ: ਇਸ ਪੰਨੇ 'ਤੇ 'ਛਡਿ ਮਨ ਹਰਿ ਬਿਮੁਖਨ ਕੋ ਸੰਗ' ਇਕੋ-ਤੁਕ ਵੱਖਰੀ ਸਤਰ ਲਿਖੀ ਹੋਈ ਹੈ। ਅੱਗੇ ਚਾਰ ਸਤਰਾਂ ਦੀ ਥਾਂ ਖਾਲੀ ਹੈ। ਹੜਤਾਲ ਨਹੀਂ ਫੇਰੀ ਹੋਈ। ਉਸ ਤੋਂ ਪਿੱਛੋਂ "ਸਾਰੰਗ ਮਹਲਾ ੫ ਸੂਰਦਾਸ" ਸ਼ੁਰੂ ਹੁੰਦਾ ਹੈ।{ਵੇਖੋ! 'ਪਾਠ-ਭੇਦ ਗਾਥਾ' ਦਾ ਚਿਤ੍ਰ ਨੰਬਰ ੩/੪}

ਛਾਪੇ ਦੀ ਬੀੜ ਵਿਚ ਉਪਰੋਕਤ ਤੁਕ ਦੇ ਨਾਲ ਕੋਈ ਪਦਿਆਂ ਜਾਂ ਸ਼ਬਦਾਂ ਦੀ ਗਿਣਤੀ ਦਾ ਅੰਕ ਨਹੀਂ ਦਿੱਤਾ। ਇਸ ਤੋਂ ਪਹਿਲਾਂ ਏਸ ਰਾਗ ਵਿਚ ਭਗਤ ਕਬੀਰ ਜੀ ਦੇ ਦੋ ਸ਼ਬਦ ਹਨ। ਨਾਮਦੇਵ ਜੀ ਦੇ ਤਿੰਨ। ਪਰਮਾਨੰਦ ਜੀ ਦਾ ਇੱਕ ਪਦਾ ਦਿੱਤਾ ਗਿਆ ਹੈ। 'ਸਾਰੰਗ ਮਹਲਾ ੫ ਸੂਰਦਾਸ॥ ਹਰਿ ਕੇ ਸੰਗ...॥" ਦੇ ਅੰਤ ਵਿਚ ਸਾਰੇ ਸ਼ਬਦਾਂ ਦਾ ਜੋੜ-ਅੰਕ॥੮॥ ਦਿੱਤਾ ਹੈ। ਭਾਵ, 'ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥' ਇੱਕੋ ਤੁਕ ਨੂੰ ਸਤਵੇਂ ਸ਼ਬਦ ਵਜੋਂ ਗਿਣਿਆ ਹੋਇਆ ਹੈ। ਇਉਂ ਵੀ ਕਹਿ ਸਕਦੇ ਕਿ ਇੱਥੇ ਇੱਕ ਤੁਕ ਵੀ ਨੂੰ ਪੂਰੇ ਸ਼ਬਦ ਦੀ ਥਾਂ ਦਿੱਤੀ ਗਈ ਹੈ। ਸੂਚੀ ਮੁਤਾਬਿਕ ਸਾਰੰਗ ਭਗਤ ਬਾਣੀ ਦੇ ਅੰਤਲੇ ਸ਼ਬਦ 'ਸਾਰੰਗ ਮਹਲਾ ੫ ਸੂਰਦਾਸ॥" ਦੀ ਥਾਂ ਅੱਗੇ ਲਿਖੀਆਂ ਹੱਥ ਲਿਖਤੀ ਬੀੜਾਂ ਨੰ. ੧, ੨੬/੫੫, ੨੯/੭੯, ੩੨/੬੨੮੧, ੩੭/੧੭੦ ਵਿਚ ਸੰਖੇਪ ਮੰਗਲ ਸੱਜੇ ਲਿਖ ਕੇ ਸਿਰਲੇਖ ਇਉਂ ਅੰਕਿਤ ਕੀਤਾ ਮਿਲਦਾ ਹੈ: 'ਰਾਗੁ ਸਾਰੰਗ ਸੂਰਦਾਸ॥' ਬੀੜ ਨੰ. ੪੦/੨੩੬ ਵਿਚ ਸਿਰਲੇਖ ਨੂੰ ਹੋਰ ਸਪਸ਼ਟਤਾ ਸਹਿਤ ਇੰਞ ਲਿਖਿਆ ਹੈ: 'ਸਾਰੰਗ ਬਾਣੀ ਸੂਰਦਾਸ ਜੀਉ ਕੀ॥' {ਪਾਠ-ਭੇਦ ਸੂਚੀ-ਪੰਨਾ

੬੬੨)

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥ ਤੁਕ ਸਬੰਧੀ 'ਪਾਠ-ਭੇਦ ਸੂਚੀ' ਦੇ ਪੰਨਾ ੬੬੧-੬੨ 'ਤੇ ਦੋ ਵਿਸ਼ੇਸ਼ ਨੋਟ ਇਸ ਪ੍ਰਕਾਰ ਹਨ:

ਨੋਟ: (੧) ਇਹ ਬੇ ਸਿਰ-ਪੈਰ ਤੁਕ ਅਨੇਕਾਂ ਪੁਰਾਤਨ ਲਿਖਤੀ ਗ੍ਰੰਥਾਂ ਵਿਚ ਹੈ ਈ ਨਹੀਂ। ਕਿਸੇ ੨ ਵਿਚ ਮਗਰੋਂ ਪ੍ਰੇਮੀਆਂ ਪੂਰਾ ਸ਼ਬਦ ਖਾਲੀ ਥਾਂ ਜਾਂ ਹਾਸ਼ੀਏ 'ਤੇ ਲਿਖ ਦਿੱਤਾ ਹੈ। ਐਪਰ ਅਗਾੜੀ ਦੱਸੇ ਗ੍ਰੰਥਾਂ ਵਿਚ (ਬੀੜ ਨੂੰ. ੭, ੮/੮, ੨੬/੫੫ ੩੫/੧੧੬) ਮੁਖ ਲਿਖਾਰੀਆਂ ਦੇ ਹੱਥੀਂ ਲਿਖਿਆ ਮਿਲਦਾ ਹੈ। ਪੂਰਾ ਪਾਠ ਇਉਂ ਦਿੱਤਾ ਹੈ:

ਸਾਰੰਗ॥ ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥ ਜਾ ਕੈ ਮਿਲੈ ਕਬੁਧਿ ਉਪਜਤ ਪਰਤ ਭਜਨ ਮੋ ਭੰਗੁ॥੧॥ ਰਹਾਉ॥ ਕਾਂਗਾ ਕਹਾ ਕਪੂਰ ਚਰਾਵਤ ਸੁਆਨ ਨਵਾਏ ਗੰਗ॥ ਖਰ ਕਉ ਕਹਾ ਅਗੁਰਜਾ ਲੇਪਨ ਮਰਕਟ ਭੂਕਨ ਅੰਗ॥੧॥ ਪਤਤ ਪਖਾਨ ਬਾਨ ਨਹੀਂ ਬੇਧੇ ਰੀਤੇ ਭਰੇ ਨਿਖੰਗ॥ ਸੂਰਦਾਸ ਕਾਰੀ ਕਮਰੀਆ ਚਰਤ ਨ ਦੂਸਰ ਰੰਗ॥੨॥੨॥ {ਬੀੜ ਨੰਬਰ ੩੬/੧੧੭ ਵਿਚ ਰਾਗ ਦੇ ਅੰਤਿ}

(੨) ਇਸ ਸ਼ਬਦ ਵਿਚ ਅਨੇਕਾਂ ਪਾਠ-ਭੇਦ ਤੇ ਵੱਧ ਘੱਟ ਤੁਕਾਂ ਭੀ ਹਨ। ਪੂਰਾ ਤੇ ਸ਼ੁਧ ਪਾਠ ਹਾਲਾਂ ਤੱਕ ਕਿਸੇ ਇਕ ਬੀੜ ਵਿਚ ਨਹੀਂ। ਬੀੜ ਨੰ: ੭, ੮/੮, ੨੬/੫੫, ੩੫/੧੧੬, ੩੯/੧੯੨, ੪੦/੨੩੬, ਤੇ ੫੪ ਵਿਚ ਰਹਾਉ ਦੀ ਦੂਜੀ ਤੁਕ- "ਕਹਾ ਭਏ ਪੈ ਪੀ ਪਿਆਏ ਬਿਖ ਨ ਤਜੈ ਭੁਇਅੰਗੁ॥"- ਹੈ। ਪਰ ਇਸ ਵਿਚ ਕਈ ਪਾਠ ਫਰਕ ਨਾਲ ਲਿਖੇ ਹਨ। ਜਿਵੇਂ ਕਿ 'ਪੈ ਪੀ' ਦੀ ਥਾਂ 'ਪੀ ਪਾਨ' ਤੇ 'ਪੀ ਪਾਇ' ਆਦਿ।

ਸੋ ਇਹ ਇਕੱਲੀ ਤੁਕ ਰੱਖਣੀ ਠੀਕ ਨਹੀਂ। ਮਿਲੇ ਤਾਂ ਸ਼ੁਧ ਪਾਠ ਵਾਲਾ ਸਾਰਾ ਸ਼ਬਦ ਸ਼ਾਮਲ ਕਰ ਲੈਣਾ ਚਾਹੀਦਾ ਹੈ। ਇਹ ਸ਼ਬਦ ਦਸਵੇਂ ਪਾਤਸ਼ਾਹ ਦੇ ਦਰਬਾਰੀ ਲਿਖਾਰੀ ਭਾਈ ਫ਼ਤਹ ਚੰਦ 'ਬਾਲ ਗੋਬਿੰਦ' ਦੇ ਲਿਖੇ 'ਸੂਰ ਸਾਗਰ' ਵਿਚ ਹੈਗਾਇ। ਜਿਸ ਦਾ ਪਾਠ ਇਉਂ ਹੈ:

ਸਾਰੰਗ॥ ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥ ਕਹਾ ਭਇਓ ਪੈ ਪਾਨ ਕਰਾਏ ਬਿਖ ਨਹੀਂ ਤਜਤ ਭੁਅੰਗ॥੧॥ ਰਹਾਉ॥ ਖਰ ਕਉ ਕਹਾ ਅਗਰਜਾ ਲੇਪਨ ਸੁਆਨ ਨ੍ਹਾ ਗੰਗ॥ ਕਾਗੇਂ ਕਹਾ ਕਪੂਰ ਚਗਾਏ ਮਰਕਟ ਭੂਖਨ ਅੰਗ॥੨॥ ਜਿਉ ਪਖਾਣ ਬਾਣ ਨਹੀਂ ਭੇਦਤ ਰੀਤੋ ਤ ਹੋਇ ਨਿਖੰਗ॥ ਸੂਰਦਾਸ ਜੋ ਕਾਰੀ ਕਾਂਮਰਿ ਚੜ੍ਹੈ ਨ ਦੂਜੋ ਰੰਗ॥੩॥੭੦੭॥ ('ਸੂਰ ਸਾਗਰ'- ਪਤਿ ੭੪੩/੨੯੨੬/-੨, ਸਤ੍ਰ ੨੭ ਤੋਂ ੨੯ ਤੱਕ)

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੀ ਅੰਤਿਕਾ ਨੰ. ੩੭ ਵਿਚ ੨੯ ਬੀੜਾਂ ਦਾ ਵੇਰਵਾ ਮਿਲਦਾ ਹੈ, ਜਿਨ੍ਹਾਂ

ਵਿਚ ਉਪਰੋਕਤ ਤੁਕ ਦੀ ਥਾਂ ਦੁਪਦਾ ਦਰਜ ਹੈ। ਜਿਵੇਂ ਬੀੜ ਨੰ. ੧, ੨, ੧੧, ੧੨, ੧੪, ੧੫, ੧੬, ੧੮, ੧੯, ੨੨, ੨੩, ੨੪, ੨੫, ੩੧ ਤੇ ੩੩ ਆਦਿ॥

ਰਾਗਮਾਲਾ ਪ੍ਰਤੀ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਅੰਤ ਵਿਖੇ 'ਮੁੰਦਾਵਣੀ' ਬਾਰੇ ਵਿਸ਼ੇਸ਼ ਨੋਟ ਵਿਚ ਲਿਖਿਆ ਹੈ ਕਿ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਹੈ। ਰਾਗਮਾਲਾ ਦੇ ਕਿਸੇ ਵੀ ਲਫ਼ਜ਼ (ਸ਼ਬਦ) ਦਾ ਅਰਥ ਵੀ ਨਹੀਂ ਕੀਤਾ, ਕਿਉਂਕਿ ਉਹ ਮਹਾਨ ਵਿਦਵਾਨ ਰਾਗਮਾਲਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਗ ਨਹੀਂ ਸਨ ਮੰਨਦੇ। 'ਸਿੱਖ ਰਹਿਤ ਮਰਯਾਦਾ' ਅੰਦਰਲਾ ਪੰਥਕ ਫੈਸਲਾ ਵੀ ਬੜਾ ਸਪਸ਼ਟ ਹੈ। ਇਸ ਲਈ ਉਸ ਬਾਰੇ ਤਾਂ ਇੱਥੇ ਕੋਈ ਵਿਸ਼ੇਸ਼ ਤੇ ਵਿਸਥਾਰਤ ਵਿਚਾਰ ਕਰਨ ਦੀ ਲੋੜ ਨਹੀਂ ਜਾਪਦੀ। ਜਾਪਦਾ ਹੈ ਕਿ ਉਸ ਪੰਥਕ ਫੈਸਲੇ ਦੀ ਕਦਰ ਕਰਦਿਆਂ ਹੀ 'ਸਿੱਖ ਬੁੱਕ ਕਲੱਬ' ਨੇ ਰਾਗਮਾਲਾ ਨੂੰ ਬੀੜ ਦੇ ਅੰਤ ਵਿਚ ਮੁੰਦਾਵਣੀ ਤੋਂ ਵਿੱਥ ਸਹਿਤ ਪ੍ਰਕਾਸ਼ਤ ਕੀਤਾ ਹੈ।

'ਸ੍ਰੀ ਕਰਤਾਰਪੁਰੀ ਬੀੜ' ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਲਿਖਤ ਮੰਨੀ ਜਾਂਦੀ 'ਸੁਨਹਿਰੀ ਬੀੜ' (ਦਮਦਮੀ ਬੀੜ) ਵਿਚ ਵੀ ਰਾਗਮਾਲਾ ਨੂੰ ਮੁੰਦਾਵਣੀ ਨਾਲ ਜੁੜਵੇਂ ਰੂਪ ਵਿਚ ਅੰਕਤ ਨਹੀਂ ਕੀਤਾ। ਕਰਤਾਰਪੁਰੀ ਬੀੜ ਵਿਚ ਲਗਭਗ ੧ ਪੂਰਾ ਪਤਰਾ ਤੇ ਇੱਕ ਅੱਧਾ ਪੰਨਾ ਅਤੇ ਸੁਨਹਿਰੀ ਬੀੜ ਵਿਚ ਅੱਧਾ ਪੰਨਾ ਖਾਲੀ ਛੱਡ ਕੇ ਅਗਲੇ ਪੰਨੇ 'ਤੇ ਲਿਖੀ ਹੈ। ਯੂ.ਕੇ. ਨਿਵਾਸੀ ਸ. ਹਰਬਖਸ਼ ਸਿੰਘ ਸਰਾਏ ਦੀ ਇੱਕ ਪਤ੍ਰਕਾ ਦੇ ਉੱਤਰ ਵਜੋਂ ਸ਼੍ਰੋਮਣੀ ਕਮੇਟੀ ਦੇ ਮੀਤ ਸਕਤ੍ਰ ਨੇ ਸਿੰਘ ਸਾਹਿਬਾਨ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਲਾਹ ਮੁਤਾਬਿਕ ਪਤ੍ਰਕਾ ਨੰਬਰ ੩੭੨੨੧, ਮਿਤੀ ੪-੪੯-੭੦ ਨੂੰ ਲਿਖਿਆ:

੧. ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਰਾਗਮਾਲਾ ਨਹੀਂ ਪੜ੍ਹੀ ਜਾਂਦੀ ਤੇ ਨਾ ਹੀ ਰਾਗਮਾਲਾ ਤੇ ਕੋਈ ਮਹਲਾ ਆਦਿ ਹੈਡ ਲੇਖ ਵਜੋਂ ਦਿੱਤਾ ਗਿਆ ਹੈ। ਜਿਸ ਤੋਂ ਨਿਰਨਾ ਹੋ ਸਕੇ ਕਿ ਇਹ ਕਿਸ ਗੁਰੂ ਦੀ ਬਾਣੀ ਹੈ।

੨. ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਉਪ੍ਰੰਤ ਰਾਗਮਾਲਾ ਨਾ ਪੜ੍ਹੀ ਜਾਵੇ ਤਾਂ ਗ੍ਰੰਥੀ ਸਿੰਘ ਤਨਖਾਹੀਆ ਨਹੀਂ।

੩. ਆਦਿ ਬੀੜ ਕਰਤਾਰਪੁਰ ਸਾਹਿਬ ਵਾਲੀ ਵਿਚ ਰਾਗਮਾਲਾ ਹੈ, ਪਰ 'ਤੇਰਾ ਕੀਤਾ ਜਾਤੋ ਨਾਹੀ' ਸ਼ਬਦ ਦੇ ਪਿੱਛੋਂ ਹੈ। ਦਸਖਤਾਂ ਤੋਂ ਪਿੱਛੋਂ ਹੈ।

ਪਰ, ਫਿਰ ਵੀ ਸ਼੍ਰੋਮਣੀ ਕਮੇਟੀ ਦੁਆਰਾ ਸੰਨ ੧੯੯੬ ਵਿਚ ਪਾਠ-ਭੇਦਾਂ ਦੀ ਖੋਜ ਤੇ ਨਿਰਣੈ ਸਬੰਧੀ ਸਥਾਪਤ ਕੀਤੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੇ ਪ੍ਰਮੁੱਖ ਮੈਂਬਰ ਭਾਈ ਜੁਗਿੰਦਰ ਸਿੰਘ ਤਲਵਾੜਾ ਜੀ ਨੇ ਗਿਆਨੀ ਗੁਰਦਿੱਤ ਸਿੰਘ ਜੀ ਦੀ ਰਚਿਤ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ **ਮੁੰਦਾਵਣੀ**' ਪੁਸਤਕ ਦੀ ਭੂਮਿਕਾ ਵਜੋਂ ਲਿਖੇ ਅਰੰਭਕ ਲੇਖ 'ਅਸਲੀਅਤ ਦੀ ਨਿਰਣਾਇਕ ਖੋਜ' ਵਿਚ ਪਾਠਕਾਂ ਨਾਲ ਜੋ ਵਿਸ਼ੇਸ਼ ਜਾਣਕਾਰੀ ਸਾਂਝੀ ਕੀਤੀ, ਉਸ ਦਾ ਉਲੇਖ ਕਰਨਾ ਲਾਜ਼ਮੀ ਜਾਪਦਾ ਹੈ। ਉਹ ਲਿਖਦੇ ਹਨ: "ਗੁਰਦੁਆਰਾ ਐਕਟ (ਸੰਨ ੧੯੨੫) ਦੇ ਹੋਂਦ ਵਿਚ ਆਉਣ ਮਗਰੋਂ, ਸ਼੍ਰੋਮਣੀ ਕਮੇਟੀ ਵਲੋਂ ਰਹਿਤ ਮਰਯਾਦਾ ਦਾ ਖਰੜਾ ਛਪਵਾ ਕੇ ਜਦੋਂ ਪਹਿਲੀ ਵਾਰ ਜਾਰੀ ਕੀਤਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਭੋਗ' ਸਿਰਲੇਖ ਹੇਠ ਇਸ ਪ੍ਰਕਾਰ ਲਿਖਿਆ ਸੀ:

'ਸ੍ਰੀ ਗੁਰੂ ਗ੍ਰੰਥ ਦੇ ਪਾਠ 'ਸਾਧਾਰਨ ਜਾਂ ਅਖੰਡ' ਦਾ ਭੋਗ ਮੁੰਦਾਵਣੀ ਉੱਤੇ ਪਾਇਆ ਜਾਵੇ।' (ਇਸ ਗੱਲ ਬਾਬਤ ਪੰਥ ਵਿਚ ਅਜੇ ਤਕ ਮਤ-ਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)

ਮਗਰੋਂ ਕੁਝ ਸਿਆਸੀ ਪ੍ਰਭਾਵਾਂ ਅਧੀਨ ਇਸ ਵਿਚ ਤਰਤੀਮ ਕੀਤੀ ਗਈ। ਪਰ ਇਹ ਅਟੱਲ ਸਚਾਈ ਹੈ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਪੰਥਕ ਪ੍ਰਬੰਧ ਹੇਠ ਆਉਣ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦਾ ਭੋਗ ਮੁੰਦਾਵਣੀ ਉੱਤੇ ਪਾਣ ਦੀ ਪ੍ਰਥਾ ਹੀ ੧੯੭੮ ਤਕ ਜਾਰੀ ਰਹੀ। ਇਸ ਪ੍ਰਥਾ ਦੀ ਉਲੰਘਣਾ ਵੀ ਕੁਝ ਸਿਆਸੀ ਸੱਜਣਾਂ ਵੱਲੋਂ ਆਪਣੇ ਸਿਆਸੀ ਮੁਫ਼ਾਦ ਅਧੀਨ ਹੀ ਕੀਤੀ ਗਈ।

'ਭੋਗ' ਬਾਰੇ ਸਿੱਖ ਰਹਿਤ ਰਹਿਤ ਮਰਯਾਦਾ ਵਿਚਲਾ (ਅਜੋਕਾ) ਪ੍ਰਚੱਲਤ ਨਿਰਣਾ ਇਹ ਹੈ:

'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ ਚੱਲਦੀ ਸਥਾਨਿਕ ਰੀਤੀ ਅਨੁਸਾਰ ਹੀ ਪਾਇਆ ਜਾਵੇ।'

ਉਪਰੋਕਤ ਨਿਰਣੇ ਦਾ ਸਪਸ਼ਟ ਭਾਵ ਹੈ ਕਿ, "ਕੋਈ ਰਾਗਮਾਲਾ ਪੜ੍ਹੇ ਜਾਂ ਨਾ ਪੜ੍ਹੇ, ਇਸ ਬਾਰੇ ਪਰਸਪਰ ਵਿਵਾਦ ਨਾ ਕੀਤਾ ਜਾਵੇ।" ਕਾਰਣ ਹੈ ਕਿ ਜਿਹੜੇ ਸੰਪਰਦਾਈ ਵਿਦਵਾਨ ਰਾਗਮਾਲਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਮੰਨਦੇ ਹਨ, ਉਹ ਵੀ ਟੇਢੇ ਢੰਗ ਨਾਲ ਪ੍ਰਵਾਨ ਕਰਦੇ ਹਨ ਕਿ ਰਾਗਮਾਲਾ 'ਗੁਰਬਾਣੀ' ਨਹੀਂ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸਤਿਕਾਰ-ਯੋਗ ਪਿਤਾ ਡਾ. ਚਰਨ ਸਿੰਘ ਦੀ ਲਿਖਤ ਹੈ: "ਅੰਗਰੇਜ਼ੀ ਪੜ੍ਹਿਆਂ ਲਈ ਸੌਖੀ ਸਮਝ

ਇਹ ਹੈ ਕਿ ਇੰਡੈਕਸ ਤਤਕਰਾ ਹੈ ਅਤੇ ਅੰਪੈਡੈਕਸ ਰਾਗਮਾਲਾ ਹੈ। ਜੀਕਰ ਤਤਕਰਾ ਬਾਣੀ ਨਾਲ ਕੋਈ ਸਬੰਧ ਨਹੀਂ ਰੱਖਦਾ, ਪਰ ਤਤਕਰਾ ਹੈ ਇਸੇ ਬਾਣੀ ਦਾ, ਤਿਵੇਂ ਹੀ ਰਾਗਮਾਲਾ ਬਾਣੀ ਨਾਲ ਕੋਈ ਸਬੰਧ ਨਹੀਂ ਰੱਖਦੀ, ਪਰ ਰਾਗਮਾਲਾ ਹੈ ਇਸੇ ਬਾਣੀ ਦੀ।" {ਪੁਸਤਕ: ਬਾਣੀ ਬਿਉਰਾ, ਪੰਨਾ ੯੨}

ਇਸ ਪੱਖੋਂ ਜੇ ਹੋਰ ਵੀ ਵਿਸਥਾਰ ਪੂਰਵਕ ਜਾਣਕਾਰੀ ਚਾਹੀਦੀ ਹੋਵੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਰਿਸਰਚ ਸਕਾਲਰ ਰਹੇ ਮਰਹੂਮ ਸ. ਸਮਸ਼ੇਰ ਸਿੰਘ 'ਅਸ਼ੋਕ' ਦੁਆਰਾ ੧੯੮੧ ਵਿਚ ਸੰਪਾਦਤ ਕੀਤੀ ਪੁਸਤਕ 'ਰਾਗਮਾਲਾ ਨਿਰਣਯ' ਅਤੇ ਕੇਂਦਰੀ ਸਿੰਘ ਸਭਾ ਦੇ ਜਨਰਲ ਸਕਤਰ ਰਹੇ ਮਰਹੂਮ ਗਿਆਨੀ ਗੁਰਦਿੱਤ ਸਿੰਘ ਹੁਰਾਂ ਦੀ ਖੋਜ ਪੁਸਤਕ 'ਮੁੰਦਾਵਣੀ' ਪੜ੍ਹੀ ਜਾ ਸਕਦੀ ਹੈ, ਜੋ ਉਪਰੋਕਤ ਸੰਦਰਭ ਤੋਂ ਅਤਿਅੰਤ ਲੋੜੀਂਦਾ ਮੁਸਤਨਿਦ ਦਸਤਾਵੇਜ਼ ਹੈ। ਇਸ ਪੁਸਤਕ ਦੇ ਟਾਈਟਲ ਪੇਜ਼ 'ਤੇ ਬਾਬਾ ਰਾਮਰਾਇ ਵਾਲੀ (ਦੇਹਰਾਦੂਨੀ) ਸੰਪਰਦਾਈ ਬੀੜ ਦੀ ਹੇਠਾਂ ਅੰਕਿਤ ਉਹ ਫੋਟੋ ਲਗਾਈ ਹੋਈ ਹੈ, ਜਿਸ ਵਿਚ ਮੁੰਦਾਵਣੀ ਦੇ ਸ਼ਬਦ ਉਪਰੰਤ ਵਿਸ਼ੇਸ਼ ਨੋਟ ਲਿਖਿਆ ਹੈ: **'ਏਹੁ ਭੋਗੁ ਸ੍ਰੀ ਆਦ ਗਰੰਥ ਜੀ ਹੈ'**। ਇਸ ਬੀੜ ਦੀ ਡਿਜ਼ੀਟਲ ਕਾਪੀ ਹੁਣ ਇੰਟਰਨੈਟ 'ਤੇ ਵੀ ਉਪਲਬਧ ਹੈ।

ਬਾਕੀ ਰਹੀ ਗੱਲ 'ਰਣ ਝੁੰਝਨੜਾ...' ਅਤੇ 'ਛਾਡਿ ਮਨ...' ਤੁਕਾਂ ਦੀ, ਉਨ੍ਹਾਂ ਬਾਰੇ ਕੁਝ ਵਿਦਵਾਨਾਂ ਦੀ ਐਸੀ ਮਨੌਤ ਯੋਗ ਨਹੀਂ ਜਾਪਦੀ ਕਿ ਕਿਸੇ ਰਚਨਾ ਦੀਆਂ ਇੱਕ ਜਾਂ ਦੋ ਉਹ ਤੁਕਾਂ ਗੁਰੂ ਸਾਹਿਬ ਜੀ ਨੇ ਪ੍ਰਵਾਨ ਕਰ ਲਈਆਂ, ਜਿਹੜੀਆਂ ਗੁਰਮਤਿ ਅਨੁਸਾਰੀ ਸਨ, ਬਾਕੀ ਛੱਡ ਦਿੱਤੀਆਂ। ਕਾਰਣ ਹੈ ਕਿ ਸਤਿਗੁਰਾਂ ਦੀ ਪਰਖ ਕਸਵੱਟੀ ਬਾਣੀਕਾਰ ਦੀ ਸਮੁੱਚੀ ਵਿਚਾਰਧਾਰਾ ਨੂੰ ਪਰਖਦੀ ਸੀ, ਨਾ ਕਿ ਕਿਸੇ ਰਚਨਾ ਦਾ ਕੋਈ ਇੱਕ ਭਾਗ ਜਾਂ ਉਸ ਦੀ ਕਾਵਿਕ ਸ਼ਬਦਾਵਲੀ। ਐਸੀਆਂ ਸੰਦਿਗਧ ਰਚਨਾਵਾਂ ਬਾਰੇ ਇਹ ਸੱਚ ਸਮਝਣ ਦੀ ਵੱਡੀ ਲੋੜ ਹੈ ਕਿ ਗੁਰਬਾਣੀ ਦੀ ਪਰਖ ਕਸਵੱਟੀ ਬਾਣੀਕਾਰ ਦੀ ਸਮੁੱਚੀ ਵਿਚਾਰਧਾਰਾ ਹੈ, ਨਾ ਕਿ ਉਹਦੀਆਂ ਕੇਵਲ ਇੱਕ-ਦੋ ਕਾਵਿਕ-ਤੁਕਾਂ ਦੀ ਸ਼ਬਦਾਵਲੀ ਜਾਂ ਉਨ੍ਹਾਂ ਦਾ ਗੁਰਮਤਿ ਅਨੁਸਾਰੀ ਹੋਣਾ। ਜੇ ਇਹ ਸੂਰਦਾਸ ਓਹੀ ਵੈਸ਼ਨਵ ਭਗਤ ਹੈ, ਜਿਹੜਾ ਸ੍ਰੀ ਕ੍ਰਿਸ਼ਨ ਜੀ ਦਾ ਉਪਾਸ਼ਕ ਸੀ, ਤਾਂ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰਲੇ ਨਿਰੰਕਾਰ ਦੇ ਉਪਾਸ਼ਕ ਭਗਤਾਂ ਵਾਲਾ ਸਥਾਨ ਮਿਲ ਸਕਣਾ ਅਸੰਭਵ ਹੈ। 'ਸਿੱਖ ਬੁੱਕ ਕਲਬ' ਵਾਲੇ ਖਰੜੇ ਵਿਚ ਵੀ ਉਪਰੋਕਤ ਰਚਨਾਵਾਂ ਮੌਜੂਦ ਹਨ। ਪੰਥ ਨੂੰ ਇਨ੍ਹਾਂ ਦੇ ਸਾਰੇ ਪੱਖ ਬਹੁਤ ਗੰਭੀਰਤਾ ਸਹਿਤ ਵਿਚਾਰਨ ਦੀ ਲੋੜ ਹੈ।

'ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਸ਼ੁਧ ਛਪਾਈ ਬਾਰੇ ਪੰਥ ਦੇ

ਵਿਚਾਰਨਯੋਗ ਮਸਲੇ ਤੇ ਸਮਾਧਾਨ' ਨਾਂ ਦਾ ਮੇਰਾ ਇੱਕ ਕਿਤਾਬਚਾ ਛਪਣ ਉਪਰੰਤ ਜਾਣਕਾਰੀ ਮਿਲੀ ਸੀ ਕਿ ਜਥੇਦਾਰ ਵੇਦਾਂਤੀ ਜੀ ਨੇ ਆਪਣੇ ਕੁਝ ਨਿਕਟਵਰਤੀ ਮਿਤ੍ਰਾਂ ਤੇ ਖ਼ਾਸ ਵਿਦਵਾਨਾਂ ਦੀ ਸਲਾਹ ਮੰਨ ਕੇ ਅਤੇ ਗੁਰਬਾਣੀ ਦੀ ਲਿਖਣ ਸ਼ੈਲੀ ਤੇ ਪਿੰਗਲ ਦੀ ਕਾਵਿਕ ਦ੍ਰਿਸ਼ਟੀ ਤੋਂ ਵਿਚਾਰ ਕਰਕੇ ਆਪਣੇ ਵਾਲੇ ਸੋਧੇ ਖਰੜੇ ਵਿਚ ਕਿਸੇ ਉਪਰੋਕਤ ਪਦੇ ਦਾ ਪੂਰਾ ਪਾਠ ਸ਼ਾਮਿਲ ਕਰ ਲਿਆ ਸੀ। 'ਰਾਗੁ' ਸ਼ਬਦ ਅਤੇ ਵਾਰਾਂ ਦੇ ਸਿਰਲੇਖਾਂ ਦੀ ਇਕਸਾਰਤਾ ਵੀ ਸਥਾਪਤ ਕਰ ਲਈ ਸੀ। ਇਸ ਕਥਨ ਵਿਚ ਕਿੱਥੋਂ ਤਕ ਸੱਚਾਈ ਹੈ, ਇਹ ਤਾਂ ਰੱਬ ਜਾਣੇ, ਪਰ ਮੇਰੇ ਨਾਲ ਵਿਚਾਰ-ਵਿਟਾਂਦਰਾ ਕਰਦਿਆਂ ਵੀ ਇੱਕ ਦਿਨ ਉਨ੍ਹਾਂ ਨੇ ਅਜਿਹੇ ਵਿਚਾਰਾਂ ਦਾ ਪ੍ਰਗਟਾਵਾ ਜ਼ਰੂਰ ਕੀਤਾ ਸੀ ਕਿ ਜੇਕਰ **"ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥"** ਤੁਕ ਕੱਟਦੇ ਹਾਂ ਤਾਂ ਇਸ ਤੋਂ ਅਗਲਾ ਜੋ ਮਹਲਾ ਪੰਜਵਾਂ ਦਾ ਸ਼ਬਦ ਹੈ, ਉਸ ਦੀ ਸਥਾਨਕ ਹੋਂਦ ਨਿਰਾਰਥਕ ਹੋ ਜਾਂਦੀ ਹੈ। ਭਾਵੇਂ ਕਿ ਕੁਝ ਬੀੜਾਂ ਵਿਚ ਉਹ ਸ਼ਬਦ ਕੇਵਲ 'ਸਾਰੰਗ ਸੂਰਦਾਸ' ਦੇ ਸਿਰਲੇਖ ਹੇਠਾਂ ਵੀ ਅੰਕਤ ਮਿਲਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ 'ਪਾਠ-ਭੇਦ ਸੂਚੀ' ਵਿਚ ੧ ਨੰ. ਵਾਲੀ ਅਨੰਦਪੁਰੀ ਬੀੜ ਸਹਿਤ ੫ ਪ੍ਰਾਚੀਨ ਹੱਥ ਲਿਖਤੀ ਬੀੜਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ '੧ੴ ਸਤਿਗੁਰਪ੍ਰਸਾਦਿ॥' ਦੇ ਸੰਖੇਪ ਮੰਗਲ ਨੂੰ ਸੱਜੇ ਪਾਸੇ ਲਿਖਣ ਉਪਰੰਤ ਖੱਬੇ ਹੱਥ 'ਰਾਗੁ ਸਾਰੰਗੁ ਸੂਰਦਾਸ ਜੀਉ'॥ ਵਿਸ਼ੇਸ਼ ਸਿਰਲੇਖ ਹੈ। ਦੂਜੇ, ਜਿਵੇਂ ਭਗਤ ਸੂਰਦਾਸ ਜੀ ਦੇ ਪਦੇ ਵਿਚ ਬੇਮੁਖਾਂ ਦੀ ਸੰਗਤ ਤੋਂ ਬਚਣ ਦੀ ਪ੍ਰੇਰਣਾ ਹੈ, ਇਸ ਤਰ੍ਹਾਂ ਦਾ ਉਪਦੇਸ਼ ਗੁਰੁ-ਸਾਹਿਬਾਨ ਤੇ ਭਗਤਾਂ ਦੀ ਬਾਣੀ ਵਿਚ ਵੀ ਮਿਲਦਾ ਹੈ। ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਭਗਤ ਸ੍ਰੀ ਕਬੀਰ ਸਾਹਿਬ ਜੀ ਦਾ ਸਲੋਕ ਹੈ:

ਕਬੀਰ ਸੰਗਤਿ ਸਾਧ ਕੀ, ਦਿਨ ਦਿਨ ਦੂਨਾ ਹੇਤੁ॥
ਸਾਕਤ ਕਾਰੀ ਕਾਂਬਰੀ, ਧੋਏ ਹੋਇ ਨ ਸੇਤੁ॥

{ਪੰਨਾ ੧੩੬੯}

ਜੋ ਪਦਾ ਭਗਤ ਸੂਰਦਾਸ ਜੀ ਦਾ ਮੰਨਿਆ ਜਾਂਦਾ ਹੈ, ਉਸ ਵਿਚ ਬੇਮੁਖਾਂ ਵਾਸਤੇ ਮਿਸਾਲਾਂ ਵੀ ਉਪਰੋਕਤ ਸਲੋਕ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਅੰਕਿਤ ਗੁਰਬਾਣੀ ਵਾਲੀਆਂ ਹਨ। ਜਿਵੇਂ:

ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ॥
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥੧੯॥

{ਪੰਨਾ ੭੫੫}

ਇਹ ਪਦਾ ਸੂਹੀ ਮਹਲਾ ੩ ਦੇ ਸਿਰਲੇਖ ਹੇਠ ਮਿਲਦਾ ਹੈ, ਜਾਚਕ ਜੀ! ਜੇ ਇਸ ਤੋਂ ਅਗਲਾ ਪਦਾ ਪੜ੍ਹੀਏ ਤੇ ਵਿਚਾਰੀਏ ਤਾਂ ਤੁਸੀਂ ਹੈਰਾਨ ਹੋਵੋਗੇ ਕਿ

ਸਤਿਗੁਰੂ ਜੀ ਸੱਪਾਂ ਵਰਗੇ ਕਠੋਰ ਚਿੱਤ ਰੱਖਣ ਵਾਲੇ ਮਨਮੁਖਾਂ ਅਥਵਾ ਬੇਮੁਖਾਂ ਪ੍ਰਤੀ ਵੀ ਹਮਦਰਦੀ ਰੱਖਦੇ ਹਨ, ਸੁਵੈਦ ਜੂ ਹੋਏ। ਉਹ ਬੇਮੁਖਾਂ ਤੋਂ ਵੀ ਨਿਰਾਸ਼ ਨਹੀਂ ਹੁੰਦੇ। ਉਹ ਗੁਰੁ-ਸ਼ਬਦ ਦੀ ਵੀਚਾਰ ਨੂੰ ਮੰਨਣ ਵਿਚ ਐਸੇ ਲੋਕਾਂ ਦੇ ਉਧਾਰ ਦੀ ਗੁੰਜਾਇਸ਼ ਨੂੰ ਵੀ ਪ੍ਰਵਾਨ ਕਰਦੇ ਹਨ। ਉਹ ਪਾਵਨ ਪਦਾ ਹੈ:

ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ॥
ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ॥੧੨॥

ਇਸ ਲਈ ਮੈਨੂੰ ਤਾਂ ਇਉਂ ਜਾਪਦਾ ਹੈ ਕਿ ਸੂਰਦਾਸ ਜੀ ਕਥਨ ਵਿਚ ਬੇਮੁਖਾਂ ਪ੍ਰਤੀ ਕੁਝ ਨਿਰਾਸ਼ਤਾ ਦੀ ਝਲਕ ਪੈਂਦੀ ਸੀ, ਕਿਉਂਕਿ ਉਸ ਵਿਚ ਕੇਵਲ ਮਨ ਨੂੰ ਬੇਮੁਖਾਂ ਦੀ ਸੰਗਤ ਤੋਂ ਜ਼ੋਰਦਾਰ ਢੰਗ ਨਾਲ ਹੋੜਿਆ ਹੈ। "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥" ਆਖਿਆ ਹੈ। ਇਸ ਲਈ ਉਸ ਪਦੇ ਦੀ ਗੁਰਮਤੀ ਵਿਆਖਿਆ ਪੱਖੋਂ ਸੁਘੜ-ਸੰਪਾਦਕ ਹਜ਼ੂਰ ਨੇ ਆਪਣਾ ਸ਼ਬਦ ਨਾਲ ਹੀ ਰੱਖ ਦਿੱਤਾ ਹੈ। ਭਗਤ-ਜਨਾਂ ਦੀ ਬਾਣੀ ਵਿਚ ਇਸ ਪ੍ਰਕਾਰ ਦੇ ਕਈ ਸਲੋਕ ਮਿਲ ਜਾਂਦੇ ਹਨ, ਜਿੱਥੇ ਸਤਿਗੁਰੂ ਜੀ ਨੇ ਗੁਰਮਤੀ ਵਿਆਖਿਆ ਲਈ ਆਪਣੇ ਸਲੋਕ ਅੰਕਿਤ ਕੀਤੇ ਹਨ। ਵੈਸੇ ਤੁਹਾਡੇ ਵਾਂਗ ਗੁਰਬਾਣੀ ਵੀਚਾਰਨ ਵਾਲੇ ਕੁਝ ਸੱਜਣਾਂ ਨੇ ਐਸਾ ਇਤਰਾਜ਼ ਵੀ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਖੇ 'ਬੇਮੁਖ'; 'ਵੇਮੁਖ'; ਬੇਮੁਖਾਈ ਤੇ ਵੇਮੁਖੀਆ ਆਦਿਕ ਸਾਰੇ ਲਫ਼ਜ਼ ਲਾਂਵ ਸਹਿਤ ਹਨ, ਕੇਵਲ ਇਹੀ ਇੱਕੋ-ਇੱਕ ਸਿਰਲੇਖ ਹੀਣ ਤੁਕ ਹੈ, ਜਿੱਥੇ 'ਬ' ਅੱਖਰ ਨੂੰ ਲਾਂਵ ਦੀ ਥਾਂ ਸਿਹਾਰੀ ਨਾਲ 'ਬਿਮੁਖਨ' ਲਿਖਿਆ ਹੈ। ਇਹ ਗੁਰਬਾਣੀ ਦੀ ਸ਼ੈਲੀ ਨਾਲ ਮੇਲ ਨਹੀਂ ਖਾਂਦਾ। ਪਰ, ਮੇਰਾ ਖ਼ਿਆਲ ਹੈ ਕਿ ਇਹ ਏਨਾ ਵੱਡਾ ਮਸਲਾ ਨਹੀਂ। ਕਾਵਿਕ-ਤੋਲ ਦੀ ਪੂਰਤੀ ਲਈ ਕਈ ਵਾਰ ਗੁਰਬਾਣੀ ਵਿਖੇ ਸਿਹਾਰੀ ਬਿਹਾਰੀ ਵਿਚ ਬਦਲ ਜਾਂਦੀ ਹੈ ਅਤੇ ਕਈ ਥਾਈਂ ਬਿਹਾਰੀ ਸਿਹਾਰੀ ਵਿਚ। ਇਸ ਤਰ੍ਹਾਂ ਇੱਥੇ ਲਾਂਵ, ਸਿਹਾਰੀ ਵਿਚ ਬਦਲੀ ਮੰਨਿਆ ਜਾ ਸਕਦਾ ਹੈ। ਪਰ, ਚਲੋ! ਇਸ ਪੱਖੋਂ ਹੋਰ ਵੀ ਵਿਦਵਾਨ ਸੱਜਣਾਂ ਨਾਲ ਵਿਚਾਰ ਕਰਦੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਾਤਿਬਾਂ ਦੀ ਅਣਗਹਿਲੀ ਦਾ ਸ਼ਿਕਾਰ ਹੋਈਆਂ ਤੁਕਾਂ, ਤੁਕਾਂਸ਼ਾਂ ਤੇ ਪਦਿਆਂ ਦੀ ਕਾਵਿਕ ਪੂਰਤੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਜਨਵਰੀ ਸੰਨ ੧੯੭੭ ਵਿਚ ਛਪਾਈ 'ਪਾਠ-ਭੇਦ ਸੂਚੀ' ਮੁਤਾਬਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੩੩੬ ਦੇ ੫੭ ਨੰ. ਸ਼ਬਦ ਦੀਆਂ ਰਹਾਉ ਦੀਆਂ ਪਹਿਲੀਆਂ ਦੋ ਤੁਕਾਂ ਨੂੰ ਛੱਡ ਕੇ ਬਾਕੀ ਦਾ ਸ਼ਬਦ 'ਕਬੀਰ ਬੀਜਕ' ਵਿਚ 'ਚਾਚਰ' ਸਿਰਲੇਖ ਹੇਠ ਮਿਲਦਾ ਹੈ। ਇਸ ਦਾ ਪਹਿਲਾ ਪਦਾ ਹੈ:

ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਿਤੁ ਰਚਿਓ ਜਗਦੀਸਿ॥
ਕਾਮ ਸੁਆਇ **ਗਜੁ** ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ **ਸੀਸਿ**॥੧॥

ਇਸ ਸ਼ਬਦ ਦੇ ਚਾਰੇ ਪਦੇ ਪਹਿਲੇ ਪਦੇ ਵਾਂਗ ਪੂਰੇ ਦੋ-ਦੋ ਤੁਕਾਂ ਦੇ ਹਨ। ਪਰ 'ਰਹਾਉ' ਦੀ ਪਹਿਲੀ ਤੁਕ ਅੱਧੀ ਹੈ। ਜਿਵੇਂ, "ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ...?॥" ਕਿਉਂਕਿ ਚਾਰੇ ਪਦਿਆਂ ਦੀ ਹਰੇਕ ਤੁਕ ਦੇ ਪਹਿਲੇ ਅੱਧ ਦੀਆਂ ਮਾਤਰਾਂ ੨੧, ੨੧ ਹਨ ਅਤੇ ਪਿਛਲੇ ਅੱਧ ਦੀਆਂ ੧੧, ੧੨ ਹਨ। ਪਰ, 'ਰਹਾਉ' ਦੀ ਉਪਰੋਕਤ ਤੁਕ ਦੇ ਪਹਿਲੇ ਅੱਧ ਦੀਆਂ ੨੧ ਮਾਤ੍ਰਾਵਾਂ ਪੂਰੀਆਂ ਹਨ, ਪਰ ਰਹਾਉ ਦੀ ਦੂਜੀ ਤੁਕ ਦੇ ਬਰਾਬਰ ਪਹਿਲੀ ਤੁਕ ਦੀਆਂ ਪਿਛਲੀਆਂ ੧੨ ਦੀ ਘਾਟ ਰੜਕਦੀ ਹੈ।

ਪਾਠ-ਭੇਦ ਸੂਚੀ ਮੁਤਾਬਿਕ ਸੰਤ ਟਹਿਲ ਸਿੰਘ ਨਿਹੰਗ ਤੇ ਸੰਤ ਇੰਦਰ ਸਿੰਘ ਚਕ੍ਰਵਤੀ ਨੇ ਕਿਸੇ ਬੀੜ ਵਿਚੋਂ ਉਪਰੋਕਤ ਅੱਧਾ ਪਦਾ 'ਦੁਰਲਭ ਦੇਹ ਕੈ ਕਾਜਿ॥' ਪੜ੍ਹਿਆ ਸੀ, ਜੋ ਸਮੁੱਚੇ ਸ਼ਬਦ ਦੇ ਪ੍ਰਕਰਣ ਤੇ ਤੁਕ ਦੇ ਅਰਥ-ਭਾਵ ਪੱਖੋਂ ਬੜਾ ਢੁੱਕਵਾਂ ਹੈ। ਜਥੇਦਾਰ ਵੇਦਾਂਤੀ ਜੀ ਤੇ ਗਿ. ਭਰਪੂਰ ਸਿੰਘ ਜੀ ਵਰਗੇ ਪੁਰਾਤਨ ਬੀੜਾਂ ਦੇ ਖੋਜੀ ਅਤੇ ਕਾਵਿਕ ਦ੍ਰਿਸ਼ਟੀ ਤੋਂ ਪਿੰਗਲ ਦੀ ਸੋਝੀ ਰੱਖਣ ਵਾਲੇ ਵਿਦਵਾਨਾਂ ਮੁਤਾਬਿਕ ਲੋੜੀਂਦਾ ਹੈ। ਇਸ ਲਈ ਹੁਣ ਚਾਹੀਦਾ ਹੈ ਕਿ ਰਹਾਉ ਦੇ ਪਦੇ ਨੂੰ ਇੰਝ ਲਿਖਿਆ ਜਾਏ:

ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ **ਦੁਰਲਭ ਦੇਹ ਕੈ ਕਾਜਿ**॥
ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ॥
੧॥ ਰਹਾਉ॥

{ਪੰਨਾ ੩੩੬}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਪੰਨਾ ੫੫੭, ੫੮ 'ਤੇ "ਵਡਹੰਸੁ ਮਹਲਾ ੧ ਘਰੁ ੨॥ ਮੋਰੀ ਰੁਣ ਝੁਣ ਲਾਇਆ ਭੈਣੇ...॥" ੨੧ ਤੁਕਾਂ ਦਾ ਇੱਕ ਵਿਸ਼ੇਸ਼ ਕਿਸਮ ਦਾ ਸ਼ਬਦ ਹੈ। ਇਸ ਸ਼ਬਦ ਤੋਂ ਪਹਿਲਾਂ ਅਤੇ ਪਿੱਛੋਂ ਵੀ ਦੋ-ਦੋ ਤੁਕਾਂ ਦੇ ਚਉਪਦੇ ਹਨ। ਇਸ ਸ਼ਬਦ ਦੇ ਵੱਖ-ਵੱਖ ਦੋ ਤੁਕੀ ਪਦੇ ਤਾਂ ਭਾਵੇਂ ਅੰਕਤ ਨਹੀਂ, ਪਰ ਸ਼ਬਦ ਦੇ ਅਖ਼ੀਰ ਵਾਲੀ ੨੧ਵੀਂ ਤੁਕ ਨੂੰ ਛੱਡ ਕੇ ਪਹਿਲੀਆਂ ਦੋ-ਦੋ

ਤੁਕਾਂ ਦੇ ਮਿਲਵੇਂ ਕਾਫ਼ੀਏ ਸਦਕਾ ੧੦ ਦੁਪਦੇ ਬਣ ਜਾਂਦੇ ਹਨ। ਜਿਵੇਂ ਹੇਠਾਂ ੧੯ ਤੇ ੨੦ ਨੰਬਰ ਤੁਕਾਂ ਦਾ ਜੋੜਾ:

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥

ਇਸ ਪ੍ਰਕਾਰ ਕੇਵਲ ੨੧ਵੀਂ ਤੁਕ ਬਚਦੀ ਹੈ, ਜਿਸ ਦੇ ਮਿਲਵੇਂ ਕਾਫ਼ੀਏ ਵਾਲੀ ਦੂਜੀ ਤੁਕ ਦੀ ਘਾਟ ਹੈ। ਪਾਠ-ਭੇਦ ਸੂਚੀ ਮੁਤਾਬਿਕ ਮੀਣੇ ਗੁਰੂ ਮਿਹਰਵਾਨ ਦੇ ਸੇਵਕ ਸੋਢੀ ਮਨੋਹਰ ਦਾਸ ਦੀ ਲਿਖੀ ਪੋਥੀ ਸਚਖੰਡ ਦੀ ੪੨੦ ਨੰਬਰ ਸਾਖੀ ਵਿਚ ਉਪਰੋਕਤ ਸ਼ਬਦ ਦੀ ੨੧ਵੀਂ ਤੁਕ "ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥" ਦੇ ਨਾਲ ਦੀ ਹੇਠ ਲਿਖੀ ੨੨ਵੀਂ ਤੁਕ ਮਿਲਦੀ ਹੈ:

ਆਪਣੇ ਪਿਰ ਭਾਣੀ ਮਹਲਿ ਬੁਲਾਈ ਨਾਨਕ ਸੰਗਿ ਸਮਾਣਾ॥

(ਪੋਥੀ ਪੰਨਾ ੧੭੦)

ਇਸ ਪ੍ਰਕਾਰ ਕਾਵਿਕ ਦ੍ਰਿਸ਼ਟੀ ਤੋਂ ੨੧ ਤੇ ੨੨ ਨੰਬਰ ਤੁਕਾਂ ਦਾ ਜੋੜਾ ਇਉਂ ਸ਼ੋਭਨੀਕ ਹੁੰਦਾ ਹੈ:

ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥
ਆਪਣੇ ਪਿਰ ਭਾਣੀ ਮਹਲਿ ਬੁਲਾਈ ਨਾਨਕ ਸੰਗਿ ਸਮਾਣਾ॥੧॥੩॥

(ਪੰਨਾ ੫੫੮)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਖੇ ਪੰਨਾ ੬੫੩ 'ਤੇ ਸੋਰਠਿ ਦੀ ਵਾਰ ਦੀ ੨੯ਵੀਂ ਪਉੜੀ ਨਾਲ ਦੋ ਸਲੋਕ ਹਨ। ਪਹਿਲਾ ਮਃ ੩॥ ਏ ਮਨ ਹਰਿ ਜੀ ਧਿਆਇ ਤੂ...॥" ਪੂਰੀਆਂ ੪ ਤੁਕਾਂ ਦਾ ਅਤੇ ਹੇਠ ਲਿਖਿਆ ਦੂਜਾ ਸਲੋਕ ਕੇਵਲ ੩ ਤੁਕਾਂ ਦਾ ਹੈ:

ਮ: ੩॥ ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ॥
ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ॥
ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗਿ ਜੁਗਿ ਸੋਭਾ ਹੋਇ॥੨॥

ਪਾਠ-ਭੇਦ ਸੂਚੀ ਮੁਤਾਬਿਕ ਦੂਜੇ ਸਲੋਕ ਦੀ ਦੂਜੀ ਤੁਕ ਕਿਸੇ ਲਿਖਾਰੀ ਤੋਂ ਛੁੱਟ ਗਈ ਹੈ ਅਤੇ ਅੱਗੋਂ ਛਪਾਈ ਵਿਚ ਓਹੀ ਭੁੱਲ ਦੁਹਰਾਈ ਜਾ ਰਹੀ ਹੈ, ਕਿਉਂਕਿ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੀ ਸਭ ਤੋਂ ਸ਼ੁਧ ਮੰਨੀ ਜਾਂਦੀ 'ਸਾਰਨ ਕੇ ਵਾਲੀ' ਬੀੜ ਨੰ. ੫ ਦੇ ਸਮੇਤ ਹੇਠ ਲਿਖੀਆਂ ੭ ਬੀੜਾਂ ਵਿਚ ਉਹ ਤੁਕ ਇੰਝ ਮਿਲੀ ਹੈ: ਆਪੇ ਦੇਇ ਵਡਿਆਈਆ ਆਪੇ ਨਦਰਿ ਕਰੇਇ॥ (ਸੂਚੀ ਪੰਨਾ ੨੦੬):

ਬੀੜ ਨੰ. ੫, ੧੧/੪੯੯੬, ੨੬/੫੫, ੨੬/੫੫, ੩੨/੬੨੯੧, ੩੬/੧੧੭, ੩੮/੧੭੩ ਅਤੇ ੩੯/੧੯੨ ਆਦਿ॥

ਸੂਚੀ ਦੇ ਉਪਰੋਕਤ ਵੇਰਵੇ ਮੁਤਾਬਿਕ ੨੯ਵੀਂ ਪਉੜੀ ਦਾ ਦੂਜਾ ਸਲੋਕ ਹੁਣ ਇੰਝ ਛਪਣਾ ਚਾਹੀਦਾ ਹੈ:

ਮ: ੩॥ ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ॥
ਆਪੇ ਦੇਇ ਵਡਿਆਈਆ ਆਪੇ ਨਦਰਿ ਕਰੇਇ॥
ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ॥
ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗਿ ਜੁਗਿ ਸੋਭਾ ਹੋਇ॥੨੯॥

{ਸ੍ਰੀ ਗੁਰੂ ਗ੍ਰੰਥ ਸਾਹਿਬ-ਪੰ. ੬੫੩}

ਸੂਚੀ ਮੁਤਾਬਿਕ ਪ੍ਰਮਾਣਿਕ ਬੀੜ ਨੰ. ੫ ਅਨੁਸਾਰ "ਮਹਾ ਮੰਗਲੁ ਰਹਸੁ ਥੀਆ... ਪਿਰੁ ਦਇਆਲੁ ਸਦ ਨਵਰੰਗੀਆ॥ {ਸ੍ਰੀ ਗੁਰੂ ਗ੍ਰੰਥ ਸਾਹਿਬ-ਪੰ. ੭੦੪} ਤੁਕ ਵਿਚੋਂ 'ਅੰਮ੍ਰਿਤੁ ਪੀਆ' ਪਦ ਛੁੱਟਿਆ ਜਾਪਦਾ ਹੈ, ਕਿਉਂਕਿ ਇਸ ਕਾਫ਼ੀਏ ਦੇ ਸਮਾਨਤਾ ਵਾਲੀ ਦੂਜੀ ਤੁਕ ਦੀ ਕਾਵਿਕ ਬਣਤਰ ਤੋਂ ਉਪਰੋਕਤ ਤੱਥ ਦੀ ਪੁਸ਼ਟੀ ਹੁੰਦੀ ਹੈ। ਅਰਥਾਂ ਦੀ ਦ੍ਰਿਸ਼ਟੀ ਤੋਂ ਜੇ ਤੁਕ ਦਾ ਅਨਵੈ ਕੀਤਾ ਜਾਏ, ਜਿਵੇਂ: 'ਸਦ ਨਵਰੰਗੀਆ ਪਿਰੁ ਦਇਆਲੁ (ਹੋਇਆ ਤਾਂ) ਮਹਾ ਮੰਗਲੁ ਰਹਸੁ ਥੀਆ, ਪਰ ਕਿਉਂ? ਕਿਉਂਕਿ 'ਅੰਮ੍ਰਿਤੁ ਪੀਆ'। ਇਸ ਪ੍ਰਕਾਰ ਦੋਹਾਂ ਤੁਕਾਂ ਦੇ ਸਹੀ ਪਾਠ ਦਾ ਜੁੱਟ ਇਉ ਬਣੇਗਾ:

ਮਹਾ ਮੰਗਲੁ ਰਹਸੁ ਥੀਆ ਅੰਮ੍ਰਿਤੁ ਪੀਆ ਪਿਰੁ ਦਇਆਲੁ ਸਦ ਨਵਰੰਗੀਆ॥
ਵਡਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਿਸੰਗੀਆ॥

{ਪੰਨਾ- ੭੦੪}

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਸਾਬਕਾ ਅਰਦਾਸੀਏ ਗਿ. ਭਰਪੂਰ ਸਿੰਘ ਜੀ ਮੁਤਾਬਿਕ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਬੀੜ ਵਿਚੋਂ "ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥"॥ {ਪੰਨਾ ੧੪੧੧} ਤੁਕ ਨਾਲ "ਨਾਨਕ ਨਦਰੀ ਪਾਈਐ ਗੁਰ ਕੈ ਸਬਦਿ ਵੀਚਾਰਿ॥" ਨਵੀਂ ਤੁਕ ਪਾ ਕੇ 'ਵਾਰਾਂ ਤੇ ਵਧੀਕ' ੧੨ਵਾਂ ਸਲੋਕ ਪੂਰਾ ਕੀਤਾ ਹੋਇਆ ਸੀ। ਇਹ ਪਾਠ ਉਨ੍ਹਾਂ ਨੇ ਜਨਵਰੀ ੧੯੮੪ ਵਿਚ ਨੋਟ ਕੀਤਾ, ਜੋ ਸ਼ਬਦਾਵਲੀ, ਕਾਵਿਕ ਮਾਤ੍ਰਾਵਾਂ ਤੇ ਅਰਥਾਂ ਪੱਖੋਂ ਬੜਾ ਢੁੱਕਵਾਂ ਹੈ। ਉਸ ਵੇਲੇ ਉਹ ਸ਼੍ਰੋਮਣੀ ਕਮੇਟੀ ਦੇ ਅਧੀਨ ਪਾਠੀ ਦੀ ਸੇਵਾ ਨਿਭਾਉਂਦੇ ਸਨ, ਪਰ ਪੁਰਾਤਨ ਬੀੜਾਂ ਦੇ ਦਰਸ਼ਨ ਕਰਨੇ ਉਨ੍ਹਾਂ ਦਾ ਸ਼ੌਕ ਸੀ, ਜੋ ਪ੍ਰੋ. ਸਾਹਿਬ ਸਿੰਘ ਦੀ 'ਗੁਰਬਾਣੀ ਵਿਆਕਰਣ' ਐਡੀਸ਼ਨ ਸੰਨ ੧੯੯੨

ਪੜ੍ਹ ਕੇ ਸਹਿਜੇ-ਸਹਿਜੇ ਖੋਜ ਵਿਚ ਬਦਲ ਗਿਆ। ਇਸ ਲਈ ਗਿਆਨੀ ਜੀ ਨੇ ਅਰਦਾਸੀਏ ਦੀ ਸੇਵਾ ਛੱਡ ਕੇ ਜਥੇਦਾਰ ਵੇਦਾਂਤੀ ਤੇ ਤਲਵਾੜਾ ਜੀ ਦੇ ਨਾਲ ਲਾਇਬ੍ਰੇਰੀ ਵਾਲੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਵਿਚ ਸ਼ਾਮਲ ਹੋਣ ਨੂੰ ਤਰਜੀਹ ਦਿੱਤੀ। ਭਾਵੇਂ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਉਨ੍ਹਾਂ ਦੇ 'ਸਿੰਘ ਸਾਹਿਬ ਗ੍ਰੰਥੀ' ਬਣਨ ਦੀ ਪੱਕੀ ਸੰਭਾਵਨਾ ਸੀ। ਖੋਜ 'ਚੋਂ ਪ੍ਰਾਪਤ ਹੋਈ ਉਪਰੋਕਤ ਤੁਕ ਪਾਵਨ ਬੀੜ ਵਿਚ ਛਾਪਣ ਨਾਲ ਪੂਰਾ ਸਲੋਕ ਇਉਂ ਦਰਸ਼ਨ ਦੇਵੇਗਾ:

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥
ਨਾਨਕ ਨਦਰੀ ਪਾਈਐ ਗੁਰ ਕੈ ਸਬਦਿ ਵੀਚਾਰਿ॥੧੨॥

{ਪੰਨਾ ੧੪੧੧}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਾਪੇ ਵਾਲੀ ਮੌਜੂਦਾ ਬੀੜ ਵਿਖੇ 'ਸਲੋਕ ਵਾਰਾਂ ਤੇ ਵਧੀਕ' ਵਿਚ 'ਸਲੋਕ ਮਹਲਾ ੩' ਦੇ ਸਿਰਲੇਖ ਹੇਠ ਤੀਜਾ ਸਲੋਕ ਹੈ:

ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ॥
ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ॥੩॥

{ਪੰਨਾ ੧੪੧੩}

ਇਹੀ ਸਲੋਕ ਮਾਰੂ ਕੀ ਵਾਰ ਮਃ ੩ ਦੀ ੧੧ਵੀਂ ਪਉੜੀ ਨਾਲ ਹੇਠ ਲਿਖੇ ਆਪਣੇ ਸੰਪੂਰਨ ਰੂਪ ਵਿਚ ਇਉਂ ਅੰਕਤ ਹੈ:

ਸਲੋਕੁ ਮ: ੩॥ ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ॥
ਨਵ ਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ॥
ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ॥
ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ॥੧॥

{ਸ੍ਰੀ ਗੁਰੂ ਗ੍ਰੰਥ ਸਾਹਿਬ-ਪੰ. ੧੦੯੦}

ਪਾਠ-ਭੇਦ ਸੂਚੀ ਮੁਤਾਬਿਕ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਖੇ ਬੀੜ ਨੰ. ੧, ੨੩, ੨੯/੭੯, ੩੨/੧੨੯੧ ਤੇ ਬੀੜ ਨੰ. ੫੫ ਆਦਿ ਵਿਚ ਛਾਪੇ ਦੀ ਬੀੜ ਵਾਲੇ ਪਹਿਲੇ ੪ ਸਲੋਕ ਨਹੀਂ ਹਨ। ਕਾਰਣ ਇਹ ਹੈ ਕਿ ਪਹਿਲੇ ਤਿੰਨ ਤਾਂ ਪਹਿਲਾਂ ਹੀ ਵਖ-ਵਖ ਵਾਰਾਂ ਵਿਚ ਆ ਚੁੱਕੇ ਹਨ। ਚੌਥਾ ਸਲੋਕ ਹੱਥ-ਲਿਖਤ ਬੀੜ ਨੰ. ੧, ੧੩, ੨੩, ੨੯/੭੯, ੩੨/ ੧੨੯੧ ਅਤੇ ੫੫ ਨੰਬਰ ਆਦਿ ਵਿਚ "ਬ੍ਰਹਮਣ ਕੈਲੀ..." ਸਲੋਕ 'ਮਹਲਾ ੨' ਦੇ ਸਿਰਲੇਖ ਹੇਠ ਅੰਕਿਤ ਹੈ। ਸੂਚੀ ਦੇ ਖੋਜੀ ਵਿਦਵਾਨਾਂ ਅਨੁਸਾਰ ਮਹਲਾ ੧ ਵਾਲੇ ਸੰਗ੍ਰਹਿ ਦੇ "ਉਦੋ ਸਾਹੈ ਕਿਆ ਨੀਸਾਨੀ..." ਸਲੋਕ ਤੋਂ ਸੰਖੇਪ ਮੰਗਲ ਸਹਿਤ 'ਮਹਲਾ ੨ ਦਾ ਵੱਖਰਾ ਸੈਟ ਬਣਨਾ ਚਾਹੀਦਾ ਹੈ। ਇਸ ਦੇ ਕਾਰਣਾਂ ਨੂੰ ਸਪਸ਼ਟ ਕਰਨ ਲਈ ਉਨ੍ਹਾਂ ਇੱਕ ਵਿਸ਼ੇਸ਼ ਨੋਟ ਇਉਂ ਲਿਖਿਆ ਹੈ:

ਨੋਟ: ਪੁਰਾਤਨ ਗ੍ਰੰਥਾਂ ਵਿਚੋਂ ਅਕਸਰ ਐਸੇ ਹਨ; ਜਿਨ੍ਹਾਂ ਵਿਚ ਸਲੋਕ ਮਹਲਾ ੧ ਦੇ ੨੬, ਮ: ੩ ਦਾ ਇਕ (੨੭ਵਾਂ) ਤੇ ਅਗਲੇ ਸਾਰੇ 'ਮਹਲਾ ੨' ਦੇ ਹੀ ਮੰਨੇ ਹਨ। ਜਿਹਾ ਕਿ ਅਗਲੀਆਂ (ਹਵਾਲੇ ਵਾਲੀਆਂ, ਬੀੜ ਨੰ. ੧, ੨੩, ੨੯/੭੯, ੩੨/੧੨੯੧ ਤੇ ੫੫ ਆਦਿ) ਬੀੜਾਂ ਵਿਚ। ਨੌਵੇਂ ਤੇ ਦਸਵੇਂ ਪਾਤਸ਼ਾਹ ਦੇ ਦਰਬਾਰੀ ਲਿਖਾਰੀ ਭਾਈ ਰਾਮਰਾਇ (ਬੀੜ ਨੰ. ੧੩ ਦੇ ਲਿਖਾਰੀ) ਨੇ ਪੰਜ ਹੋਰ ਸਲੋਕ- "ਪੂਰੇ ਕਾ ਕੀਆ" -੩੨ ਤੋਂ- "ਹੋਵਾਂ ਪੰਡਿਤ ਜੋਤਕੀ" -੩੭॥ ਤੱਕ- ਭੀ ਇਸੇ ਜੁੱਟ (ਸੈਟ) ਵਿਚ ਸ਼ਾਮਿਲ ਕਰਕੇ ਕੁੱਲ ਜੋੜ ੩੭ ਬਣਾਇਆ ਹੈ। ਪਰ 'ਮੰਗਲ' ਤੇ ਪੂਰਾ ਸਿਰਲੇਖ ਪਾ ਕੇ- ਸ਼ਾਇਦ-ਕਿਸੇ ਨੇ ਹੀ ਲਿਖੇ ਹੋਣੇ ਨੇ। ਹਾਲਾਂ ਕਿ ਐਸਾ ਕਰਨਾ ਜ਼ਰੂਰੀ ਸੀ। ਸੋ ਅਸਾਂ ਇਹ ਘਾਟ ਪੂਰੀ ਕਰ ਦਿੱਤੀ ਹੈ:

ੴ ਸਤਿਗੁਰ ਪ੍ਰਸਾਦਿ॥


ਸਲੋਕ ਮਹਲਾ ੨॥ ਉਦੋ ਸਾਹੈ ਕਿਆ ਨੀਸਾਣੀ-੧॥

ਸੋ ਇਸ ਲਈ ਸਪਸ਼ਟ ਹੈ ਕਿ ਸੂਚੀ ਦੇ ਵਿਦਵਾਨਾਂ ਨੇ 'ਸਲੋਕ ਮਹਲਾ ੩' ਦੇ ਤੀਜੇ ਸਲੋਕ ਦੀਆਂ ਮਗਰਲੀਆਂ ਦੋ ਤੁਕਾਂ ਦੀ ਪੂਰਤੀ ਕਰਨ ਦਾ ਯਤਨ ਇਸ ਲਈ ਨਹੀਂ ਕੀਤਾ, ਕਿਉਂਕਿ ਉਨ੍ਹਾਂ ਦਾ ਮਤ ਸੀ ਕਿ ਜਿਹੜੇ ਸਲੋਕ ਵਾਰਾਂ ਵਿਚ ਪਹਿਲਾਂ ਆ ਚੁੱਕੇ ਹਨ, ਉਹ ਸਲੋਕ ਵਾਰਾਂ ਤੇ ਵਧੀਕ ਨਹੀਂ ਮੰਨੇ ਜਾ ਸਕਦੇ। 'ਪਾਠ-ਭੇਦ ਸੂਚੀ' ਦੇ ਪੰਨਾ ੯੨੫ ਤੇ ਸਲੋਕ ਵਾਰਾਂ ਤੇ ਵਧੀਕ 'ਮਹਲਾ ੩' ਵਾਲੇ ਜੁੱਟ ਦੇ ਆਰੰਭ ਵਿਚ ਲਿਖਿਆ ਨੋਟ ਖੋਜੀ ਟੀਮ ਦੇ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਇਉਂ ਕਰਦਾ ਹੈ:

ਨੋਟ: (ਮਹਲਾ ੩ ਵਾਲੇ ਜੁੱਟ ਦੇ ਪਹਿਲੇ ਸਲੋਕ ਬਾਰੇ ਅਗਲਾ ਨੋਟ ਲਿਖਣ ਤੋਂ ਪਹਿਲਾਂ, ਪਹਿਲੇ ਸਲੋਕ ਦੀ ਲਿਖੀ ਤੁਕ- ਅਭਿਆਗਤ ਏਹ ਨ ਆਖੀਅਹਿ...॥ ਵੱਲ ਇਸ਼ਾਰਾ ਕਰਦਿਆਂ ਲਿਖਿਆ ਹੈ) ਇਹ ਤੇ ਅਗਲੇ ਤਿੰਨ-ਚਾਰੇ ਸਲੋਕ ਪਿਛੇ ਆ ਚੁੱਕੇ ਹਨ। ਪਹਿਲਾ ਤੇ ਦੂਜਾ (ਅਭੈ ਨਿਰੰਜਨ...) ਰਾਮਕਲੀ ਕੀ ਵਾਰ ਮ: ੩ ਦੀ ੬ਵੀਂ ਪਉੜੀ ਨਾਲ; ਅਤੇ ਤੀਜਾ ਮਾਰੂ ਕੀ ਵਾਰ (ਮਹਲਾ ੩) ਵਿਚ ੧੧ਵੀਂ ਪਉੜੀ ਨਾਲ ਪਹਿਲਾ ਹੈ। ਅਰੁ ਚਉਥਾ (ਬ੍ਰਹਮਣ ਕੈਲੀ ਘਾਤੁ ਕੰਞਕਾ...) ਸਲੋਕ ਮ: ੨ ਦੇ ਸਲੋਕਾਂ ਵਿਚ। (ਦੇਖੋ ਬੀੜ ਨੰ. ੧, ੧੩, ੨੩, ੨੬/੫੫, ੨੯/੭੯, ੩੨/੬੨੯੧ ਤੇ ੫੫) ਆਦਿ। ਇਸ ਲਈ ਇਹ ਪਿਛਲੇ (ਮ: ੨ ਦੇ) ਸੈੱਟ ਵਿਚ ੩੪ਵੇਂ ਅੰਕ ਪੁਰ ਲਿਖਣਾ ਚਾਹੀਦਾਇ।

ਜਥੇਦਾਰ ਵੇਦਾਂਤੀ ਜੀ ਦੀ ਸਮੁੱਚੀ ਟੀਮ ਭਾਵੇਂ ਨਿੱਜੀ ਤੌਰ 'ਤੇ 'ਸਲੋਕ ਵਾਰਾ ਤੇ ਵਧੀਕ' ਸਿਰਲੇਖ ਪ੍ਰਤੀ ਪਾਠ-ਭੇਦ ਸੂਚੀ ਵਾਲੇ ਉਪਰੋਕਤ ਵਿਚਾਰਾਂ ਨਾਲ ਸਹਿਮਤੀ ਰੱਖਦੀ ਸੀ, ਪਰ ਫਿਰ ਵੀ ਜਥੇਦਾਰ ਜੀ ਨੇ ਸੂਚੀ ਮੁਤਾਬਿਕ

'ਸਲੋਕ ਮਹਲਾ ੨' ਦਾ ਨਵਾਂ ਜੁੱਟ ਨਹੀਂ ਸਿਰਜਿਆ, ਪਰ ਜਿਹੜੇ ਸਲੋਕ ਅਧੂਰੇ ਲਿਖੇ ਸਨ, ਉਨ੍ਹਾਂ ਨੂੰ ਪੂਰਾ ਕਰਨ ਦੇ ਪੂਰਨੇ ਜ਼ਰੂਰ ਪਾਏ ਹਨ। ਉਨ੍ਹਾਂ ਪਾਸ ਕੁਝ ਪ੍ਰਾਚੀਨ ਬੀੜਾਂ ਦੇ ਚਿਤ੍ਰ ਸਨ, ਜਿਨ੍ਹਾਂ ਵਿਚ ਸਲੋਕ ਮਹਲਾ ੩ ਦਾ ਉਪਰੋਕਤ ਤੀਜਾ ਸਲੋਕ ਆਪਣੀਆਂ ੪ ਤੁਕਾਂ ਸਮੇਤ ਪੂਰਾ ਦਰਜ ਹੈ। ਜਿਵੇਂ ਹੇਠਲੇ ਚਿਤ੍ਰ ਵਿਚ:



ਜਦੋਂ ਮੈਂ ਜਥੇਦਾਰ ਜੀ ਨੂੰ ਅਦਬ ਸਹਿਤ ਪੁੱਛਿਆ ਕਿ ਤੁਸੀਂ ਸਲੋਕ ਮਹਲਾ ੨ ਦਾ ਜੁੱਟ ਕਿਉਂ ਨਹੀਂ ਬਣਾਇਆ ਤਾਂ ਉਨ੍ਹਾਂ ਦਾ ਉੱਤਰ ਸੀ:

"ਜਦੋਂ ਇਹ ਪਹਿਲੇ ਤਿੰਨ ਸਲੋਕ ਵਾਰਾਂ ਵਿਚ ਮਃ ੩ ਦੇ ਸਿਰਲੇਖ ਹੇਠ ਅੰਕਿਤ ਹੋ ਚੁੱਕੇ ਹਨ ਤਾਂ ਇੱਥੇ ਇਨ੍ਹਾਂ ਨੂੰ ਮਹਲਾ ੨ ਦੇ ਜੁੱਟ ਦਾ ਭਾਗ ਕਿਵੇਂ ਬਣਾਇਆ ਜਾ ਸਕਦਾ ਹੈ। ਐਸਾ ਤਾਂ ਸੰਭਵ ਹੈ ਕਿ ਮਃ ੧ ਦਾ ਕੋਈ ਸਲੋਕ ਮਃ ੨ ਦੇ ਸਿਰਲੇਖ ਹੇਠ ਅੰਕਿਤ ਹੋਵੇ, ਮਃ ੨ ਦਾ ਮਃ ੩ ਦੇ ਸਿਰਲੇਖ ਹੇਠ, ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਰਾਗ ਮਾਝ ਦੀ ਵਾਰ ਵਿਚ 'ਜਪੁ' (ਮਃ ੧) ਦਾ ਸਲੋਕੁ (ਪਵਣ ਗੁਰੁ...) ਸਲੋਕੁ ਮਃ ੨ ਦੇ ਸਿਰਲੇਖ ਹੇਠ ਅਤੇ ਜਪੁ (ਮਃ ੧) ਦਾ ਸਲੋਕੁ 'ਮਹਲਾ ੫ ਸੁਖਮਨੀ' ਵਿਖੇ ਮਹਲਾ ੫ ਦੇ ਸਿਰਲੇਖ ਹੇਠ ਅੰਕਤ ਹਨ। ਕਾਰਨ ਵਿਸ਼ੇਸ਼ ਇਹ ਹੈ ਕਿ ਦਸੇ ਗੁਰੂ-ਸਾਹਿਬਾਨ ਨਾਨਕ-ਜੋਤਿ ਦਾ ਪ੍ਰਗਟ ਸਰੂਪ ਹਨ, ਇਸ ਲਈ ਉਨ੍ਹਾਂ ਨੂੰ ਆਪਣੇ ਤੋਂ ਪਹਿਲੇ ਗੁਰਾਂ ਦਾ ਕੋਈ ਸਲੋਕ 'ਨਾਨਕ' ਨਾਮ ਦੀ ਮੋਹਰ-ਛਾਪ ਹੇਠ ਵਿਆਖਿਆ ਵਜੋਂ ਦੁਬਾਰਾ ਅੰਕਿਤ ਕਰਨ ਦਾ ਅਧਿਕਾਰ ਹੈ।

ਇਹੀ ਕਾਰਣ ਹੈ ਕਿ ਗੁਰਬਾਣੀ ਦੇ ਸਾਰੇ ਸ਼ਬਦਾਂ ਵਿਚ 'ਨਾਨਕ' ਮੋਹਰ

ਛਾਪ ਹੈ। ਇਸ ਲਈ ਅਜਿਹਾ ਹੋਣਾ ਜਾਂ ਪੋਥੀ ਸਾਹਿਬ ਦੇ ਸੰਪਾਦਕ ਸਤਿਗੁਰੂ ਅਰਜਨ ਪਾਤਿਸ਼ਾਹ ਵੱਲੋਂ ਆਪਣੇ ਸੰਪਾਦਕੀ ਅਧਿਕਾਰਾਂ ਹੇਠ ਕੋਈ ਅਜਿਹੀ ਤਬਦੀਲੀ ਕਰਨਾ ਤਾਂ ਮੁੱਢੋਂ ਹੀ ਅਸੰਭਵ ਹੈ ਕਿ ਮਃ ੩ ਦਾ ਕੋਈ ਸਲੋਕ ਮਃ ੨ ਦੇ ਜੁੱਟ ਦਾ ਭਾਗ ਬਣਾਇਆ ਜਾਵੇ, ਕਿਉਂਕਿ ਮਃ ੩ ਦੀ ਅੰਮ੍ਰਿਤ-ਬਾਣੀ ਤਾਂ ਮਃ ੨ ਦੀ ਬਾਣੀ ਤੋਂ ਪਿੱਛੋਂ ਦੀ ਰੂਹਾਨੀ ਰਚਨਾ ਹੈ। ਟਿੱਪਣੀ ਜਾਂ ਵਿਆਖਿਆ ਉਸ ਸ਼ਬਦ ਜਾਂ ਸਲੋਕ ਸੰਬੰਧੀ ਹੋ ਸਕਦੀ ਹੈ, ਜਿਹੜਾ ਕਿਸੇ ਗੁਰੂ ਸਾਹਿਬ ਜੀ ਦੇ ਪਾਸ ਮੌਜੂਦ ਹੋਵੇ।

ਅੱਗੇ ਦਰਸ਼ਨ ਕਰੋ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ਤ ਹੋ ਰਹੀ ਮੌਜੂਦਾ ਬੀੜ ਵਿਖੇ 'ਸਲੋਕ ਵਾਰਾਂ ਤੇ ਵਧੀਕ' ਸੰਗ੍ਰਹਿ ਵਿਚ ਸਲੋਕ ਮਹਲਾ ੩ ਦੇ ਸਿਰਲੇਖ ਹੇਠ ੫੦ ਨੰਬਰ ਸਲੋਕ ਇਉਂ ਛਪ ਰਿਹਾ ਹੈ:

ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ॥
ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ॥
ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮਬ੍ਰਹਮੁ ਪਛਾਨੁ॥
ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ॥੫੦॥

{ਪੰਨਾ ੧੪੧੯}

ਪਰ ਇਹੀ ਸਲੋਕ ਰਾਗੁ ਕਾਨੜੇ ਦੀ ਵਾਰ ਵਿਚ ਤੀਜੀ ਪਉੜੀ ਦੇ ਪਹਿਲੇ ਸਲੋਕ ਵਜੋਂ 'ਸਲੋਕ ਮਃ ੪॥' ਦੇ ਸਿਰਲੇਖ ਹੇਠ ਇੰਝ ਛਪਿਆ ਮਿਲਦਾ ਹੈ:

ਸਲੋਕ ਮਃ ੪॥
ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ॥
ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ॥
ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ॥
ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ॥
ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ॥੧॥

ਇਸ ਕਾਰਣ ਸੂਰਜ-ਵਤ ਰੌਸ਼ਨ ਹੈ ਕਿ 'ਸਲੋਕ ਵਾਰਾਂ ਤੇ ਵਧੀਕ' ਵਾਲੇ ਸੰਗ੍ਰਹਿ ਵਿਚ ਉਪਰੋਕਤ ਸਲੋਕ ਹੀ 'ਮਹਲਾ ੩' ਸਿਰਲੇਖ ਹੇਠ ਅੰਕਿਤ ਹੈ ਅਤੇ ਉਸ ਵਿਚੋਂ ਦੂਜੀ ਤੁਕ "ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ॥" ਛੁੱਟੀ ਹੋਈ ਹੈ।" ਇਸ ਸਬੰਧੀ ਪਾਠ-ਭੇਦ ਸੂਚੀ ਦਾ ਵਿਸ਼ੇਸ਼ ਨੋਟ ਇਸ ਤਰ੍ਹਾਂ ਹੈ:

ਨੋਟ: ੫੦ਵਾਂ ਸਲੋਕ ਅਨੇਕ ਪ੍ਰਾਚੀਨ ਬੀੜਾਂ ਵਿਚ ਹੈ ਨਹੀਂ। ਪਰ ਕਿਸੇ ੨ ਵਿਚ ਮਗਰੋਂ ਪ੍ਰੇਮੀਆਂ ਨੇ ਹਾਸ਼ੀਏ ਪੁਰ ਲਿਖ ਕੇ ਵਧਾਇਆ ਹੈ। ਜਿਵੇਂ ਕਿ

ਬੀੜ ਨੰ: ੧, ੨੯/੭੯ ਤੇ ੩੨/੬੨੮੧ ਆਦਿ। ਲੇਕਿਨ ਇਹ ਪਿੱਛੇ ਕਾਨ੍ਹੜੇ ਦੀ ਵਾਰ ਮਃ ੪ ਵਿਚ ਤੀਜੀ ਪਉੜੀ ਨਾਲ 'ਸਲੋਕ ਮ: ੪' ਸਿਰਲੇਖ ਸਹਿਤ ਆ ਭੀ ਚੁੱਕਾ ਹੈ। ਸਗੋਂ ਉੱਥੇ ਦੂਜੀ ਤੁਕ "ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ॥" ਵੱਧ ਹੈ। ਸੋ, ਇਹ ਸਲੋਕ ਏਥੇ ਅਨਜਾਣ ਲਿਖਾਰੀਆਂ ਬਿਨਾਂ ਵਿਚਾਰੇ ਹੀ ਵਧਾ ਦਿੱਤਾ ਹੈ।

'ਸਲੋਕ ਵਾਰਾਂ ਤੇ ਵਧੀਕ' ਵਿਚ ਸਲੋਕ ਮਹਲਾ ੪ ਦੇ ਸਿਰਲੇਖ ਹੇਠ ੩੦ਵਾਂ ਸਲੋਕ ਹੈ:

ਗੁਰਮਤੀ ਹਰਿ ਹਰਿ ਬੋਲੇ॥ ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ॥ ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ॥ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ॥ ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ॥

(ਪੰਨਾ ੧੪੨੪)

ਇਹੀ ਸਲੋਕ ਸੋਰਠਿ ਕੀ ਵਾਰ ਮਃ ੪ ਦੀ ਪਹਿਲੀ ਪਉੜੀ ਨਾਲ ਹੇਠ ਲਿਖੇ ਆਪਣੇ ਸੰਪੂਰਨ ਰੂਪ ਵਿਚ ਇਉਂ ਅੰਕਤ ਹੈ:

ਮਃ ੪॥ ਸੋਰਠਿ ਤਾਮਿ ਸੁਹਾਵਣੀ ਜਾ ਹਰਿ ਹਰਿ ਨਾਮੁ ਢੰਢੋਲੇ॥ ਗੁਰੁ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ॥ ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ॥ ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ॥ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ॥ ਜਨੁ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੋਲ ਗੋਲੇ॥

(ਪੰਨਾ ੬੪੨)

ਸਪਸ਼ਟ ਹੈ ਕਿ 'ਸਲੋਕ ਵਾਰਾਂ ਤੇ ਵਧੀਕ' ਸੰਗ੍ਰਹਿ ਵਿਖੇ ਉਪਰੋਕਤ ਸਲੋਕ ਦੀ ਪਹਿਲੀ ਪੂਰੀ ਅਤੇ ਦੂਜੀ ਤੁਕ ਦਾ ਪਹਿਲਾ ਅੱਧਾ ਹਿੱਸਾ ਕਿਸੇ ਤਰ੍ਹਾਂ ਛੁੱਟ ਚੁੱਕਾ ਹੈ, ਜੋ ਉਸੇ ਤਰ੍ਹਾਂ ਹੀ ਛਪਦਾ ਆ ਰਿਹਾ ਹੈ। ਭਾਵ, "ਸੋਰਠਿ ਤਾਮਿ ਸੁਹਾਵਣੀ ਜਾ ਹਰਿ ਹਰਿ ਨਾਮੁ ਢੰਢੋਲੇ॥ ਗੁਰੁ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ॥" ਤੁਕਾਂ ਦੀ ਥਾਂ ਦੂਜੀ ਤੁਕ ਦਾ ਕੇਵਲ ਪਿਛਲਾ ਅੱਧਾ ਹਿੱਸਾ **"ਗੁਰਮਤੀ ਹਰਿ ਹਰਿ ਬੋਲੇ॥"** ਹੀ ਛਪ ਰਿਹਾ ਹੈ। ਇਸ ਪ੍ਰਤੀ 'ਪਾਠ-ਭੇਦ ਸੂਚੀ' ਦਾ ਵਿਸ਼ੇਸ਼ ਨੋਟ ਇੰਞ ਹੈ:

"ਇਹ ਸਲੋਕ ਵੀ 'ਸੋਰਠਿ ਕੀ ਵਾਰ ਮਹਲਾ ੪ ਵਿਚ ਪਹਿਲੀ ਪਉੜੀ ਨਾਲ ਦੂਜੇ ਨੰਬਰ 'ਤੇ ਆ ਚੁੱਕਾ ਹੈ। (ਦੇਖੋ ਪੰਨਾ ੬੪੨, ਸਤ੍ਰ ੨੦ ਤੋਂ ੨੪) ਪਰ ਇੱਥੇ ਲਿਖਾਰੀ ਨੇ ਭੁੱਲ ਕੇ ਪਹਿਲਾ ਭਾਗ ਛੱਡ ਹੀ ਦਿੱਤਾ ਹੈ। ਅਗਾੜੀ ਦੱਸੇ ਪ੍ਰਚੀਨ ਗ੍ਰੰਥਾਂ ਵਿਚ ਇਹ ਹੈ ਹੀ ਨਹੀਂ ਯਾ ਮਗਰੋਂ ਕਿਸੇ ਵਧਾਇਆ ਹੈ।"

ਸੂਚੀ ਮੁਤਾਬਿਕ ਬੀੜ ਨੰ. ੧ ਤੇ ੭ ਦੇ ਹਾਸ਼ੀਏ ਪੁਰ ਹੈ ਅਤੇ ਬੀੜ ਨੰ. ੭੯/੭੯ ਤੇ ੪੦/੨੩੬ ਵਿਚ ਹੈ ਹੀ ਨਹੀਂ। ਸਤਾਰਵੀਂ ਸਦੀ ਦੇ ਗੁਰੂ-ਕਾਲ ਦੀ 'ਬੂੜੇ ਸੰਧੂ ਵਾਲੀ ਬੀੜ' ਵਿਚ ਵੀ ਇਹ ਸਲੋਕ ਨਹੀਂ, ਜਿਸ ਦੀ ਇੱਕ ਵੀਡੀਓ ਕਾਪੀ ਦਾਸ ਦੀ ਲਾਇਬ੍ਰੇਰੀ ਵਿਚ ਮੌਜੂਦ ਹੈ। ਜਥੇਦਾਰ ਵੇਦਾਂਤੀ ਤੇ ਉਨ੍ਹਾਂ ਦੇ ਸਾਥੀ ਇਸ ਹੱਕ ਵਿਚ ਵੀ ਨਹੀਂ ਸਨ ਕਿ 'ਸਲੋਕ ਵਾਰਾਂ ਤੇ ਵਧੀਕ' ਸੰਗ੍ਰਹਿ ਵਿਖੇ ਉਹ ਸਲੋਕ ਸਥਾਪਤ ਰਹਿਣ, ਜਿਹੜੇ ਪਹਿਲਾਂ ਹੀ ਵੱਖ-ਵੱਖ ਵਾਰਾਂ ਵਿਚ ਮੌਜੂਦ ਹਨ। ਕਾਰਣ ਹੈ ਕਿ ਇਨ੍ਹਾਂ ਸਲੋਕਾਂ ਦਾ ਗੁਰੂ ਬਖ਼ਸ਼ਿਆ ਸਾਂਝਾ ਸਿਰਲੇਖ, ਪਾਠ-ਭੇਦ ਸੂਚੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸ਼ੋਭਨੀਕ ਬੀੜਾਂ ਅਜਿਹੀ ਆਗਿਆ ਨਹੀਂ ਦਿੰਦੀਆਂ।

'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਨਾਂ ਦੀ ਪੁਸਤਕ ਵਿਚ ਡਾ. ਅਮਰ ਸਿੰਘ ਹੁਰਾਂ ਨੇ ਯੂਨੀਵਰਸਿਟੀ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ' ਦੀਆਂ ਬੀੜਾਂ (ਬੀੜ ਨੰ. ੬੮, ੭੩, ੭੯ ਤੇ ੮੨) ਦੇ ਹਵਾਲੇ ਨਾਲ ਅੰਕਿਤ ਕੀਤਾ ਹੈ ਕਿ ਇਨ੍ਹਾਂ ਬੀੜਾਂ ਵਿਚ 'ਸਲੋਕ ਮਹਲਾ ੪' ਦੇ ੩੦ ਦੀ ਥਾਂ ੨੭ ਸਲੋਕ ਹਨ। ਭਾਵ, ਪਿਛਲੇ ੩ ਸਲੋਕ ਉਪਰੋਕਤ ਬੀੜਾਂ ਦਾ ਭਾਗ ਨਹੀਂ, ਕਿਉਂਕਿ ਉਹ ਵੱਖ-ਵੱਖ ਵਾਰਾਂ ਵਿਚ ਪਹਿਲਾਂ ਦੀ ਸ਼ਾਮਲ ਹਨ, ਪਰ ਅਜਿਹੀ ਪੁਖਤਾ ਜਾਣਕਾਰੀ ਦੇ ਬਾਵਜੂਦ ਵੀ 'ਸਿੱਖ ਬੁੱਕ ਕਲੱਬ' ਵਾਲੇ ਵੇਦਾਂਤੀ ਜੀ ਦੁਆਰਾ ਸੋਧੇ ਖਰੜੇ ਵਿਚ ਉਪਰੋਕਤ ਸਲੋਕ ਪ੍ਰਚੱਲਿਤ ਤਰਤੀਬ ਅਨੁਸਾਰ ਹੀ ਮੌਜੂਦ ਹਨ, ਕਿਉਂਕਿ ਉਹ ਅੰਤ ਤਕ ਯਤਨਸ਼ੀਲ ਰਹੇ ਕਿ ਬਿਬੇਕਵਾਨ ਖ਼ਾਲਸਾ ਪੰਥ ਗੁਰਬਾਣੀ ਨਾਲ ਸਬੰਧਤ ਐਸੇ ਸਾਰੇ ਪੱਖਾਂ ਨੂੰ ਗੰਭੀਰਤਾ ਸਹਿਤ ਵਿਚਾਰੇ। ਭਾਵੇਂ ਕਿ ਉਨ੍ਹਾਂ ਨੇ ਸਟੱਡੀ ਟੀਮ ਵਾਲੀ ਆਪਣੀ ਸਾਂਝੀ ਖੋਜ ਨੂੰ ਸੰਭਾਲਣ ਤੇ ਪੰਥ ਦੀ ਨਿਰਣੈਜਨਕ ਵਿਚਾਰ-ਗੋਸ਼ਟੀ ਦਾ ਭਾਗ ਬਨਾਉਣ ਲਈ ਤਿਆਰ ਕੀਤੇ ਆਪਣੇ ਨਿੱਜੀ ਖਰੜੇ ਵਿਚ ਉਪਰੋਕਤ ਸਾਰੀਆਂ ਤਬਦੀਲੀਆਂ ਕੀਤੀਆਂ ਹੋਈਆਂ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੋਜਣ ਤੇ ਵਿਚਾਰਨਯੋਗ ਲੋੜੀਂਦੀਆਂ ਤੁਕਾਂ, ਤੁਕਾਂਸ਼ਾਂ ਤੇ ਤੁਕਾਂਤਾਂ

ਪਾਵਨ ਬੀੜ ਵਿਚ ਕੁਝ ਪਦਿਆਂ ਦੀਆਂ ਤੁਕਾਂ ਤੇ ਤੁਕਾਂਸ਼ ਐਸੇ ਹਨ, ਜੋ ਕਾਵਿਕ-ਤੁਲ ਦੀ ਦ੍ਰਿਸ਼ਟੀ ਤੋਂ ਖੋਜਣੇ ਤੇ ਵਿਚਾਰਨੇ ਅਤਿ ਲੋੜੀਂਦੇ ਹਨ। ਜਿਵੇਂ ਛਾਪੇ ਦੀ ਪਾਵਨ ਬੀੜ ਵਿਖੇ ਤੁਕ ਛਪ ਰਹੀ ਹੈ: "ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ੍ ਕਉ ਮਹਲੁ ਦੁਲਭਾਵਉ॥"

{ਪੰਨਾ ੪੦੧}

ਜਥੇਦਾਰ ਗਿ. ਜੋਗਿੰਦਰ ਸਿੰਘ ਵੇਦਾਂਤੀ ਤੇ ਗਿ. ਭਰਪੂਰ ਸਿੰਘ ਜੀ ਮੁਤਾਬਿਕ ਉਨ੍ਹਾਂ ਨੇ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ' ਵਿਖੇ ਭਾਈ ਗੁਰਦਾਸ ਜੀ ਦੀ ਸ਼ਾਖਾ ਵਾਲੀ ਕਿਸੇ ਹੱਥ ਲਿਖਤੀ ਬੀੜ ਦੇ ਹਾਸ਼ੀਏ ਵਿਚ ਉਪਰੋਕਤ ਤੁਕ ਅੰਦਰਲੇ ਸੰਧੀਜਨਕ ਲਫ਼ਜ਼ 'ਸਨਕਾਦਿਕ' (ਸਨਕ+ਆਦਿਕ) ਪਦ ਦੀ ਵਿਆਖਿਆ ਵਜੋਂ ਕਿਸੇ ਵੱਖਰੀ ਕਲਮ ਨਾਲ ਲਿਖੇ ਹੋਏ ਚਾਰ ਨਾਂ (ਸਨਕ, ਸਨੰਦਨ, ਸਨਾਤਨ ਤੇ ਸਨਤਕੁਮਾਰ) ਪੜ੍ਹੇ ਸਨ, ਜੋ ਪੌਰਾਣਿਕ ਮਤਾਂ ਮੁਤਾਬਿਕ ਬ੍ਰਹਮਾ ਦੇ ਚਾਰ ਪੁੱਤਰ (ਸਨਕਾਦਿਕ) ਦੱਸੇ ਜਾਂਦੇ ਹਨ। ਪਰ, ਲਿਖਾਰੀਆਂ ਜਾਂ ਪ੍ਰੈੱਸ ਦੀ ਭੁੱਲ ਕਾਰਣ ਹਾਸ਼ੀਏ ਵਿਚ ਲਿਖੇ ਇਹ ਚਾਰੇ ਨਾਂ, ਸਹਿਜੇ-ਸਹਿਜੇ ਉਵੇਂ ਹੀ ਬਾਣੀ ਦਾ ਪੱਕਾ ਭਾਗ ਬਣ ਗਏ ਹਨ, ਜਿਵੇਂ ਵਾਰਾਂ ਦੀਆਂ ਅੰਤਕ 'ਸੁਧੁ' ਤੇ 'ਸੁਧੁ ਕੀਚੈ' ਆਦਿਕ ਸੂਚਨਾਵਾਂ, ਜੋ ਪਾਠ-ਭੇਦ ਸੂਚੀ ਮੁਤਾਬਿਕ ਹੁਣ ਲੋੜੀਂਦੀਆਂ ਨਹੀਂ। ਭਾਵ, ਉਪਰੋਕਤ ਤੁਕ ਦਾ ਅਸਲੀ ਪਾਠ ਸੀ:

"ਬ੍ਰਹਮਾਦਿਕ ਸਨਕਾਦਿਕ, ਤਿਨ੍ ਕਉ ਮਹਲੁ ਦੁਲਭਾਵਉ॥"

ਪਰ, ਹੁਣ ਪੰਨਾ ੪੦੧ ਉੱਤੇ ਇਉਂ ਛਪ ਰਹੀ ਹੈ, "ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ੍ ਕਉ ਮਹਲੁ ਦੁਲਭਾਵਉ॥" ਜੋ ਕਾਵਿਕ ਦ੍ਰਿਸ਼ਟੀਕੋਨ ਤੋਂ ਸਹੀ ਨਹੀਂ; ਕਿਉਂਕਿ ਅਜਿਹੀ ਭੁੱਲ ਦੁਆਰਾ ਸ਼ਬਦ ਦੀਆਂ ਬਾਕੀ ਤੁਕਾਂ ਨਾਲੋਂ ਇਸ ਦੀਆਂ ਮਾਤ੍ਰਾਵਾਂ ਵਧ ਜਾਂਦੀਆਂ ਹਨ। ਵੈਸੇ ਵੀ 'ਸਨਕਾਦਿਕ' ਪਦ ਲਿਖਣ ਉਪਰੰਤ (੧. ਸਨਕ, ੨. ਸਨੰਦਨ, ੩. ਸਨਾਤਨ, ੪. ਸਨਤਕੁਮਾਰ) ਨਾਵਾਂ ਦਾ ਵੇਰਵਾ ਦੇਣਾ ਵੀ ਕਾਵਿਕ ਤੇ ਵਾਰਤਕ ਨਿਯਮਾਵਲੀ ਦੇ ਅਨੁਕੂਲ ਨਹੀਂ ਜਾਪਦਾ।

ਛਾਪੇ ਦੀ ਪਾਵਨ ਬੀੜ ਵਿਖੇ ਹੇਠ ਲਿਖੇ ਸ਼ਬਦਾਂ ਵਿਚ, ਜਿਨ੍ਹਾਂ ਦਾ ਲਿਖਤੀ ਰੂਪ ਓਹੀ ਹੈ, ਜੋ ਬੀੜ ਵਿਚ ਮੌਜੂਦ ਹੈ। ਇਨ੍ਹਾਂ ਵਿਚ ਕਿਸੇ ਥਾਂ ਅੱਧੀ ਤੁਕ ਅਤੇ ਕਿਸੇ ਥਾਂ ਪੂਰੀ ਤੁਕ ਛੁੱਟੀ ਜਾਪਦੀ ਹੈ। ਪਾਠਕਾਂ ਦੀ ਜਾਣਕਾਰੀ ਅਤੇ ਇਸ ਭੁੱਲ ਦੇ ਪ੍ਰਗਟਾਵੇ ਲਈ ਜਿੱਥੇ ਕਿਸੇ ਤੁਕਾਂਸ਼ (ਤੁਕ ਦੇ ਹਿੱਸੇ) ਅੱਗੇ ਇਉਂ (...?) ਪੈਰੀਂ ੩ ਬਿੰਦੀਆਂ ਤੇ ਸੁਆਲੀਆ ਚਿੰਨ ਪਾਇਆ ਗਿਆ ਹੋਵੇ ਤਾਂ ਸਮਝੋ ਕਿ ਉੱਥੇ ਅੱਧੀ ਤੁਕ ਛੁੱਟੀ ਹੈ ਅਤੇ ਜਿੱਥੇ ਇਉਂ (... ...?) ਵਿੱਥ ਸਹਿਤ ਪੈਰੀਂ ੬ ਬਿੰਦੀਆਂ ਪਾਈਆਂ ਹੋਣ ਤਾਂ ਸਮਝੋ ਕਿ ਉੱਥੇ ਪੂਰੀ ਤੁਕ ਛੁੱਟੀ

ਹੈ, ਜੋ ਖੋਜਣ ਦੀ ਲੋੜ ਹੈ। ਜਿਵੇਂ ਬਿਹਾਗੜੇ ਦੀ ਵਾਰ ਵਿਚ ੧੨ਵੀਂ ਪਉੜੀ ਦਾ ਅੰਤਕ ਤੇ 'ਮਃ ੧' ਦੇ ਸਿਰਲੇਖ ਤੋਂ ਰਹਿਤ ਤਿੰਨ ਤੁਕਾ ਸਲੋਕ ਇਉਂ ਛਪ ਰਿਹਾ ਹੈ:

੧. ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ॥
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ॥੩॥

(ਪੰਨਾ ੫੫੩)

ਇਸ ਪ੍ਰਥਾਇ ਪਾਠ-ਭੇਦ ਸੂਚੀ ਦਾ ਵਿਸ਼ੇਸ਼ ਨੋਟ ਹੈ: "ਸਤ ਸੰਗਤਿ ਸਿਉ ਮੇਲਾਪੁ ਹੋਇ...?॥' ਇਸ ਤੋਂ ਅਗਲਾ ਪਾਠ ਛੁੱਟਿਆ ਹੋਇਆ ਪ੍ਰਤੀਤ ਹੁੰਦਾ ਹੈ। ਐਪਰ ਹਾਲਾਂ ਤਕ ਲੱਭਾ ਕਿਤੋਂ ਨਹੀਂ। ਅਗਾੜੀ ਤੁਕ- 'ਲਿਵ ਕਟੋਰੀ ਅੰਮ੍ਰਿਤ ਭਰੀ...॥" ਭਾਵ, "ਸਤ ਸੰਗਤਿ ਸਿਉ ਮੇਲਾਪੁ ਹੋਇ...? ਤੁਕ ਦੇ ਪਿਛਲਾ ਅੱਧ ਖੋਜਣ ਦੀ ਲੋੜ ਹੈ।

੨. ਮਾਰੂ ਵਾਰ ਮਃ ੩ ਦੀ ੧੪ਵੀਂ ਪਉੜੀ ਦਾ ਚਾਰ ਤੁਕਾ ਤੀਜਾ ਸਲੋਕ ਇਉਂ ਛਪ ਰਿਹਾ ਹੈ:

ਮਃ ੧॥ ਸਾਗਰੁ ਗੁਣੀ ਅਥਾਹੁ ਕਿਨਿ ਹਾਥਾਲਾ ਦੇਖੀਐ॥ ਵਡਾ ਵੇਪਰਵਾਹੁ ਸਤਿਗੁਰੁ ਮਿਲੈ ਤ ਪਾਰਿ ਪਵਾ॥ ...? ਮਝ ਭਰਿ ਦੁਖ ਬਦੁਖ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥੩॥

(ਪੰਨਾ ੧੦੮੭)

ਇੱਥੇ ਵੀ ਸਲੋਕ ਦੀ ਤੀਜੀ ਤੁਕ "...? ਮਝ ਭਰਿ ਦੁਖ ਬਦੁਖ॥" ਦਾ ਪਹਿਲਾ ਅੱਧ ਨਹੀਂ ਛਪ ਰਿਹਾ। ਵੈਸੇ, ਮਲਾਰ ਕੀ ਵਾਰ ਦੀ ੨੧ਵੀਂ ਪਉੜੀ ਨਾਲ ਮਃ ੧ ਦੇ ਸਿਰਲੇਖ ਹੇਠ ਉਪਰੋਕਤ ਸਲੋਕ ਨਾਲ ਮਿਲਦਾ ਜੁਲਦਾ ਸਲੋਕ ਇਉਂ ਵੀ ਮਿਲਦਾ ਹੈ:

ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥
ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥

(ਪੰਨਾ ੧੨੮੭)

ਨਿਰਮਲੇ ਵਿਦਵਾਨ ਗਿ. ਬਲਵੰਤ ਸਿੰਘ 'ਕੋਠਾ ਗੁਰੂ' ਗੁਰਬਾਣੀ ਤੇ ਗੁਰ-ਇਤਿਹਾਸ ਦੇ ਪੁਰਾਤਨ ਤੇ ਹੱਥ ਲਿਖਤੀ ਸੰਚਿਆਂ ਦੀ ਸੇਵਾ-ਸੰਭਾਲ ਕਰਨ ਵਾਲੇ ਖੋਜੀ ਤੇ ਲੇਖਕ ਵਿਦਵਾਨ ਪਾਸੋਂ ਜਥੇਦਾਰ ਵੇਦਾਂਤੀ ਜੀ ਨੂੰ ਗੁਰਬਾਣੀ ਦੇ ਉਪਰੋਕਤ ਸਲੋਕਾਂ ਤੇ ਤੁਕਾਂ ਦੀ ਪੂਰਤੀ ਲਈ ਜੋ ਦੋ ਦੁਰਲਭ ਤੁਕਾਂ ਪ੍ਰਾਪਤ ਹੋਈਆਂ ਸਨ, ਉਨ੍ਹਾਂ ਨੇ ਉਹ ਤੁਕਾਂ ਵੀ ਤਰਤੀਬਵਾਰ ਆਪਣੇ ਸੋਧੇ ਹੋਏ ਖਰੜੇ ਵਿਚ ਸ਼ਾਮਲ ਕੀਤੀਆਂ ਹੋਈਆਂ ਸਨ। ਜਥੇਦਾਰ ਜੀ ਦਾ ਕਹਿਣਾ ਸੀ ਕਿ

ਗੁਰਮਤਿ ਦੇ ਸਿਧਾਂਤਕ ਪਰਿਪੇਖ ਅਤੇ ਕਾਵਿਕ-ਤੋਲ ਦੀ ਪੂਰਤੀ ਪੱਖੋਂ ਇਹ ਤੁਕਾਂ ਠੀਕ ਹਨ। ਉਨ੍ਹਾਂ ਤੁਕਾਂ ਦੀ ਬਦੌਲਤ ਛਾਪੇ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੫੫੩ ਵਾਲੀ ਅਧੂਰੀ ਤੁਕ ਇਉਂ ਪੂਰੀ ਹੁੰਦੀ ਹੈ- "ਸਤਿਸੰਗਤਿ **ਮੇਲਾਪੁ ਹੋਇ ਲਿਵ ਲਗੀ ਕਰਤਾਰ**॥" ਅਤੇ ਪੰਨਾ ੧੦੯੧ ਵਾਲੀ ਦੂਜੀ ਤੁਕ ਆਪਣੇ ਪਹਿਲਾ ਅੱਧ ਸਮੇਤ ਇੰਞ ਪੂਰੀ ਹੁੰਦੀ ਹੈ- "**ਭੁਖਾ ਭੁਖਾ ਮਨੁ ਕਰੈ** ਮੰਝਿ ਭਰਿ ਦੁਖ ਬਦੁਖ॥"

ਗਿ. ਬਲਵੰਤ ਸਿੰਘ ਜੀ ਨੂੰ ਉਪਰੋਕਤ ਤੁਕਾਂ ਕਿੱਥੋਂ ਮਿਲੀਆਂ? ਅਫ਼ਸੋਸ ਕਿ ਇਸ ਦੁਰਲਭ ਪ੍ਰਾਪਤੀ ਬਾਰੇ ਉੱਤਰ ਦੇਣ ਤੋਂ ਪਹਿਲਾਂ ਹੀ ਜਥੇਦਾਰ ਵੇਦਾਂਤੀ ਜੀ ਅਕਾਲ ਚਲਾਣਾ ਕਰ ਗਏ। ਗਿਆਨੀ ਬਲਵੰਤ ਸਿੰਘ ਜੀ ਆਪ ਵੀ ਸੰਸਾਰ ਤੋਂ ਕੂਚ ਕਰ ਚੁੱਕੇ ਹਨ। ਇਸ ਲਈ ਗੁਰਬਾਣੀ ਦੀਆਂ ਐਸੀਆਂ ਤੁਕਾਂ ਬਾਰੇ ਖੋਜ ਕਰਨੀ ਤੇ ਨਿਰਣਾਇਕ ਫੈਸਲਾ ਲੈਣਾ ਹੁਣ ਖ਼ਾਲਸਾ ਪੰਥ ਦੇ ਸੂਝਵਾਨ ਵਿਦਵਾਨਾਂ ਦਾ ਫਰਜ਼ ਹੈ।

੩. ਛਾਪੇ ਦੀ ਪਾਵਨ ਬੀੜ ਵਿਖੇ ਸ਼ਬਦ ਹੈ:

ਕੇਦਾਰਾ ਮਹਲਾ ੫ ਘਰੁ ੨॥ ੧ਓ ਸਤਿਗੁਰ ਪ੍ਰਸਾਦਿ॥ ਮਾਈ ਸੰਤਸੰਗਿ ਜਾਗੀ॥ ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ॥ ਰਹਾਉ॥ ਦਰਸਨ ਪਿਆਸ ਲੋਚਨ ਤਾਰ ਲਾਗੀ॥ ਬਿਸਰੀ ਤਿਆਸ ਬਿਡਾਨੀ॥੧॥ ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ॥ ਦੇਖਿ ਦਮੋਦਰ ਰਹਸੁ ਮਨਿ ਉਪਜਿਓ ਨਾਨਕ ਪ੍ਰਿਅ ਅੰਮ੍ਰਿਤ ਬਾਨੀ॥੨॥੧॥

{ਪੰਨਾ ੧੧੧੯}

ਪਾਠ-ਭੇਦ ਸੂਚੀ ਦਾ ਵਿਸ਼ੇਸ਼ ਨੋਟ ਹੈ: ਇਸ ਸ਼ਬਦ ਵਿਚ ਪਹਿਲੇ ਪਦੇ ਦੀ ਇੱਕੋ ਤੁਕ ਹੈ; ਪਰ ਦੂਜੇ ਦੀਆਂ ਦੋ। ਇਸ ਤੋਂ ਸ਼ੱਕ ਪੈਂਦਾ ਹੈ ਕਿ ਪਹਿਲੇ ਦੀ ਇਕ ਤੁਕ ਛੁੱਟੀ ਹੋਈ ਹੈ। ਢੂੰਢਣੀ ਚਾਹੀਏ॥" {ਸੂਚੀ ਪੰਨਾ ੫੦੯} ਭਾਵ, ਪਹਿਲੇ ਪਦੇ "ਦਰਸਨ ਪਿਆਸ ਲੋਚਨ ਤਾਰ ਲਾਗੀ, ਬਿਸਰੀ ਤਿਆਸ ਬਿਡਾਨੀ॥"... ...?॥੧॥ ਦੀ ਦੂਜੀ ਤੁਕ ਪੁਰਾਤਨ ਹੱਥ ਲਿਖਤੀ ਬੀੜਾਂ 'ਚੋਂ ਖੋਜਣ ਦੀ ਲੋੜ ਹੈ। ਜੇ ਇਹ ਸ਼ਬਦ ਧਿਆਨ ਪੂਰਵਕ ਪੜ੍ਹਿਆ ਜਾਵੇ, ਤਾਂ ਤੁਸੀਂ ਵੇਖੋਗੇ ਕਿ ਰਹਾਉ ਦੇ ਪਦੇ ਵਾਲਾ॥੧॥ ਅੰਕ ਵੀ ਨਹੀਂ ਹੈ। ਸ਼ੁਕਰ ਹੈ ਕਿ 'ਸਿੱਖ ਬੁਕ ਕਲੱਬ' ਵਾਲੀ ਬੀੜ ਵਿਚ॥੧॥ ਅੰਕ ਵਾਲੀ ਘਾਟ ਕਿਤੇ ਵੀ ਨਹੀਂ ਰੜਕਦੀ।

੪. ਛਾਪੇ ਦੀ ਬੀੜ ਦਾ ਸ਼ਬਦ ਹੈ:

ਕੇਦਾਰਾ ਮਹਲਾ ੫ ਘਰੁ ੩॥ ੧ਓ ਸਤਿਗੁਰਪ੍ਰਸਾਦਿ॥ ਦੀਨ ਬਿਨਉ

ਸੁਨੁ ਦਇਆਲ॥ ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ॥ ਰਾਖੁ ਹੋ ਕਿਰਪਾਲ॥ ਰਹਾਉ॥ ਅਨਿਕ ਜਤਨ ਗਵਨੁ ਕਰਉ॥ ਖਟੁ ਕਰਮ ਜੁਗਤਿ ਧਿਆਨੁ ਧਰਉ॥ ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ॥੧॥ ਸਰਣਿ ਬੰਦਨ ਕਰੁਣਾ ਪਤੇ॥ ਭਵ ਹਰਣ ਹਰਿ ਹਰਿ ਹਰਿ ਹਰੇ॥ ਏਕ ਤੂਹੀ ਦੀਨ ਦਇਆਲ॥ ਪ੍ਰਭ ਚਰਨ ਨਾਨਕ ਆਸਰੋ॥ ਉਧਰੇ ਭ੍ਰਮ ਮੋਹ ਸਾਗਰ॥ ਲਗਿ ਸੰਤਨਾ ਪਗ ਪਾਲ॥੨॥੧॥੨॥

{ਪੰਨਾ ੧੧੧੯}

'ਪਾਠ-ਭੇਦ ਸੂਚੀ' ਦਾ ਨੋਟ: ਇਸ ਸ਼ਬਦ ਵਿਚ ਹਰ ਤੁਕ ਵਿਚ ਜਿਥੇ **ਬਿਸਰਾਮ ਆਏ ਹਨ; ਡੰਡੀਆਂ ਵਰਤੀਆਂ** ਹਨ। ਪਰ ਅਗਾੜੀ ਦਿੱਤੇ ਗ੍ਰੰਥਾਂ ਵਿਚ **ਨਹੀਂ। (ਜਿਵੇਂ ਬੀੜ ਨੰ. ੫, ੮/੮,** ੩੨/੬੨੮੧, ੩੬/੧੧੭, ੩੭/੧੭੦, **੩੯/੧੮੨, ੪੦/੨੩੬, ੫੪)। ਇਸ** ਲਈ ਕੱਢ ਦਿੱਤੀਆਂ ਗਈਆਂ। {ਸੂਚੀ **ਪੰਨਾ ੫੧੦}**

(੨) ਪਹਿਲੇ (ਪਦੇ) ਦੀ ਇਕ ਤੁਕ ਦੀ ਘਾਟ ਇਸ ਸ਼ਬਦ ਵਿਚ ਵੀ **ਜਾਪਦੀ ਹੈ। ਭਾਵ, ਕਾਵਿਕ ਤੋਲ ਦੀ ਦ੍ਰਿਸ਼ਟੀ** ਤੋਂ "ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ॥ ... ...?॥੧॥" ਤੁਕ ਦੇ ਅੱਗੇ ਜਾਂ ਪਿੱਛੇ ਇੱਕ **ਤੁਕ ਲੋੜੀਂਦੀ ਹੈ, ਜੋ ਖੋਜਣ ਦੀ ਲੋੜ ਹੈ।** ਇਸ ਸ਼ਬਦ ਵਿਚ ਵੀ 'ਰਹਾਉ' ਦੇ **ਪਦੇ ਦਾ॥੧॥ ਅੰਕ ਵੀ ਨਹੀਂ। ਮੰਗਲ ਵੀ** ਟਿਕਾਣੇ ਨਹੀਂ। ਜਥੇਦਾਰ ਵੇਦਾਂਤੀ ਜੀ **ਅਨੁਸਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ'** ਨੇ ਰਹਾਉ ਵਾਲੇ॥੧॥ ਦੀ ਘਾਟ **ਹਰੇਕ ਥਾਂ ਪੂਰੀ ਕਰਨ ਅਤੇ ਸਾਰੇ ਮੰਗਲ ਸੱਜੇ ਪਾਸੇ** ਰੱਖਣ ਦਾ ਫੈਸਲਾ ਕੀਤਾ **ਸੀ। ਪਰ, ਸਭ ਥਾਵਾਂ ਤੋਂ ਬਿਸਰਾਮਾਂ ਲਈ ਲਗੀਆਂ ਡੰਡੀਆਂ** ਹਟਾਈਆਂ ਜਾਣ, **ਇਸ ਪੱਖੋਂ ਸਥਿਤੀ ਦੁਬਿਧਾ-ਜਨਕ ਬਣੀ ਰਹੀ, ਕਿਉਂਕਿ** ਅਕਾਦਮਿਕ ਖੇਤਰ ਦੇ **ਵਿਦਵਾਨਾਂ ਮੁਤਾਬਿਕ ਤੁਕਾਂ ਅੰਦਰਲੀਆਂ ਡੰਡੀਆਂ ਇਸ ਹਕੀਕਤ** ਦਾ ਪ੍ਰਮਾਣ ਹਨ **ਕਿ ਗੁਰੂ ਕਾਲ ਵਿੱਚ ਹਰੇਕ ਕਿਸਮ ਦੇ ਬਿਸਰਾਮਾਂ ਲਈ** (॥) ਡੰਡੀਆਂ ਹੀ **ਵਰਤੀਆਂ ਜਾਂਦੀਆਂ ਸਨ। ਅਰਥਾਤ, ਉਸ ਵੇਲੇ ਦੀ ਗੁਰਮੁਖੀ** ਲਿਪੀ ਵਿਚ ਡੰਡੀ **(॥) ਤੋਂ ਸਿਵਾ ਹੋਰ ਕੋਈ ਬਿਸਰਾਮ ਚਿੰਨ੍ਹ ਨਹੀਂ ਸੀ।**

ਇਸ ਲਈ ਲਿਖਾਰੀ ਆਪਣੀ ਤੇ ਪਾਠਕਾਂ ਦੀ ਸਹੂਲਤ ਲਈ ਕਈ **ਥਾਈਂ ਅਜਿਹਾ ਢੰਗ ਵਰਤ ਲੈਂਦੇ ਰਹੇ ਹਨ। ਵਿਚਾਰਨ ਦੀ ਲੋੜ ਹੈ,** ਭਾਵੇਂ ਕਿ **ਸ਼੍ਰੋਮਣੀ ਕਮੇਟੀ ਵਾਲੀ ਪਾਵਨ ਬੀੜ ਦੇ ਕਈ ਸ਼ਬਦਾਂ ਦੀਆਂ ਤੁਕਾਂ ਵਿਚੋਂ ਅਜਿਹੀਆਂ ਬਿਸਰਾਮਕ ਤੇ ਮੰਝਲੀਆਂ ਡੰਡੀਆਂ ਦੇ ਹੁਣ ਦਰਸ਼ਨ ਨਹੀਂ ਹੁੰਦੇ। ਧੰਨਵਾਦੀ ਹਾਂ ਗਿ. ਗੁਰਬਚਨ ਸਿੰਘ 'ਖ਼ਾਲਸਾ' ਭਿੰਡਰਾਂਵਾਲਿਆਂ ਦੇ, ਜਿਨ੍ਹਾਂ ਨੇ**

'ਗੁਰਬਾਣੀ ਪਾਠ ਦਰਸ਼ਨ' ਵਿਖੇ ਗੁਰਬਾਣੀ ਦੀਆਂ ਬਿਖਮ ਤੁਕਾਂ ਦੇ ਵਿਸ਼ਰਾਮ ਸਮਝਾਉਣ ਲਈ ਅੰਗਰੇਜ਼ੀ ਦੇ ਸਾਰੇ ਵਿਸ਼ਰਾਮ ਚਿੰਨ ਵਰਤਣ ਦੀ ਹਿੰਮਤ ਭਰੀ ਪਹਿਲ ਕੀਤੀ ਹੈ।

੫. ਛਾਪੇ ਦੀ ਬੀੜ ਵਿਚ 'ਭੈਰਉ' ਰਾਗ ਦੇ ਸਿਰਲੇਖ ਤੋਂ ਰਹਿਤ ਭਗਤ ਨਾਮਦੇਵ ਜੀ ਦਾ ਸ਼ਬਦ ਹੈ:

ਕਬਹੂ ਖੀਰਿ ਖਾਡ ਘੀਉ ਨ ਭਾਵੈ॥ **ਕਬਹੂ ਘਰ ਘਰ ਟੂਕ ਮਗਾਵੈ**॥ ਕਬਹੂ ਕੂਰਨੁ ਚਨੇ ਬਿਨਾਵੈ॥੧॥ ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ॥ ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ॥੧॥ ਰਹਾਉ॥ ਕਬਹੂ ਤੁਰੇ ਤੁਰੰਗ ਨਚਾਵੈ॥ ਕਬਹੂ ਪਾਇ ਪਨਹੀਓ ਨ ਪਾਵੈ॥੨॥ ਕਬਹੂ ਖਾਟ ਸੁਪੇਦੀ ਸੁਵਾਵੈ॥ ਕਬਹੂ ਭੂਮਿ ਪੈਆਰੁ ਨ ਪਾਵੈ॥੩॥ ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ॥ ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ॥੪॥੫॥

{ਪੰਨਾ ੧੧੬੪}

ਇਸ ਸ਼ਬਦ ਬਾਰੇ ਪਾਠ-ਭੇਦ ਸੂਚੀ ਦੇ ਪੰਨਾ ੫੫੨ ਦਾ ਵਿਸ਼ੇਸ਼ ਨੋਟ ਹੈ: ਇਹ ਤੁਕ (ਕਬ ਹੂ ਘਰ ਘਰ ਟੂਕ ਮਗਾਵੈ॥) ਅਗਾੜੀ ਦੱਸੇ ਗ੍ਰੰਥਾਂ (੧, ੫, ੮/੮, ੨੯/੭੯, ੩੨/੬੨੯੧, ੫੫) ਵਿਚ ਨਹੀਂ। ਨੰਬਰ ੧ ਵਿਚ ਮਗਰੋਂ ਕਿਸੇ ਵਧਾਈ ਹੈ। ਲੇਕਿਨ ਨੰਬਰ ੫੬ ਵਿਚ (ਪੰਨਾ ੫੪੦/੨ ਦੀ ਸਤਰ ਨੰ. ੧੪,੧੫ ਅਨੁਸਾਰ) ਇਕ ਹੋਰ ਤੁਕ (ਕਬ ਹੂ ਸੂਕੇ ਚਨੇ ਚਬਾਵੈ॥) ਵਧਾ ਕੇ ਚਾਰ ਤੁਕਾਂ ਦਾ ਪਦਾ (ਚਉਪਦਾ) ਬਣਾ ਧਰਿਆ ਹੈ:

ਕਬਹੂ ਘਰ ਘਰ ਟੂਕ ਮਗਾਵੈ॥ ਕਬ ਹੂ ਸੂਕੇ ਚਨੇ ਚਬਾਵੈ॥ ਕਬਹੂ ਕੂਰਨੁ ਚਨੇ ਬਿਨਾਵੈ॥੧॥

{ਪੰਨਾ ੫੪੦/੨; ਸਤ੍ਰ ਨੰ. ੧੪/੧੫}

ਭਾਵ, ਛਾਪੇ ਦੀ ਬੀੜ ਵਿਚ "ਕਬਹੂ ਘਰ ਘਰ ਟੂਕ ਮਗਾਵੈ॥" ਤੁਕ ਵਾਧੂ ਹੈ। ਕਾਰਣ ਹੈ ਕਿ ਇਸ ਚਉਪਦੇ ਦੀਆਂ ਬਾਕੀ ਸਾਰੀਆਂ ਤੁਕਾਂ ਦੋ ਦੋ ਹਨ। ਗੁਰਬਾਣੀ ਦੀ ਭਾਸ਼ਾ ਵਿੱਚ ਇਉਂ ਵੀ ਕਹਿ ਸਕਦੇ ਹਾਂ ਕਿ ਇਹ ਚਉਪਦਾ ਦੋ-ਤੁਕਾ ਹੈ। ਇਸ ਲਈ ਸੁਆਲ ਪੈਦਾ ਹੁੰਦਾ ਹੈ ਕਿ ਕੇਵਲ ਪਹਿਲੇ ਪਦੇ ਦੀਆਂ ਹੀ ਤਿੰਨ ਕਿਉਂ ਛਪ ਰਹੀਆਂ ਹਨ? ਇਸ ਨੋਟ ਤੋਂ ਇਹ ਜਾਣਕਾਰੀ ਵੀ ਮਿਲਦੀ ਹੈ ਕਿ ਲਿਖਾਰੀ ਸੱਜਣ ਬੀੜਾਂ ਦੀ ਲਿਖਤ ਵਿਚ ਮਨਮਰਜ਼ੀ ਕਰਦੇ ਰਹੇ ਹਨ? ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ 'ਅਹੀਆਪੁਰ ਵਾਲੀਆਂ ਪੋਥੀਆਂ' (ਬਾਬਾ ਮੋਹਣ ਵਾਲੀਆਂ) ਵਿਚ ਵੀ ਉਪਰੋਕਤ ਤੁਕ ਦਾ ਅਭਾਵ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਹੱਥ ਲਿਖਤ ਬੀੜਾਂ ਦੇ ਦਰਸ਼ਨ' ਪੁਸਤਕ ਦੇ ਪੰਨਾ ੨੫੯ 'ਤੇ ਪ੍ਰਕਾਸ਼ਤ ਚਿਤ੍ਰ ਨੰ. ੨੧ ਅਨੁਸਾਰ ਤਖ਼ਤ

ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਵਿਚ 'ਭੈਰਉ' ਸਿਰਲੇਖ ਹੈ, ਪਰ ਉਪਰੋਕਤ ਵਾਧੂ ਤੁਕ ਨਹੀਂ। ਇਸ ਲਈ ਪੰਥ ਨੂੰ ਬੀੜ ਦੀ ਸ਼ੁਧ ਛਪਾਈ ਸਬੰਧੀ ਬਹੁਤ ਹੀ ਗੰਭੀਰਤਾ ਨਾਲ ਸਰਬਪੱਖੀ ਵਿਚਾਰ ਦੀ ਲੋੜ ਹੈ।

੬. ਛਾਪੇ ਦੀ ਪਾਵਨ ਬੀੜ ਦੇ ਪੰਨਾ ੧੩੨੧ ਉੱਤੇ ਹੇਠ ਲਿਖੇ ਦੁਪਦੇ ਸ਼ਬਦ ਦੇ ਪਹਿਲੇ ਪਦੇ ਦੀ ਇੱਕੋ ਤੁਕ ਹੈ "ਕੇਤੀ ਕੇਤੀ ਮਾਂਗਨਿ ਮਾਗੈ ਭਾਵਨੀਆ ਸੋ ਪਾਈਐ॥... ...?॥੧॥

ਇਸ ਲਈ ਇੱਥੇ ਦੂਜੀ ਤੁਕ ਖੋਜਣ ਦੀ ਲੋੜ ਹੈ, ਕਿਉਂਕਿ ਇਸ ਤੋਂ ਦੂਜੇ ਪਦੇ ਦੀਆਂ ਦੋ ਤੁਕਾਂ ਸੰਪੂਰਨ ਹਨ। 'ਪਾਠ-ਭੇਦ ਸੂਚੀ' ਵਾਲੀਆਂ ਸੰਥਾ ਪੋਥੀਆਂ ਵਿਚ ਰਾਗ ਦਾ ਸਿਰਲੇਖ ਸੀ 'ਕਲ੍ਯ਼ਾਨ', ਉਹ ਤਾਂ ਸ਼੍ਰੋਮਣੀ ਕਮੇਟੀ ਨੇ ਸੂਚੀ ਦੀ ਅੰਤ੍ਰਿਮ ਰਿਪੋਰਟ ਮੁਤਾਬਿਕ ਬੀੜ ਅਤੇ ਨਵੀਨ ਸੰਥਾ ਸੈਂਚੀਆਂ ਵਿਚ 'ਕਲਿਆਨ' ਕਰ ਦਿੱਤਾ। ਪਰ, ਪੁਰਾਤਨ ਬੀੜਾਂ ਤੇ ਗੁਰਬਾਣੀ ਕੋਸ਼ਾਂ ਮੁਤਾਬਿਕ ਸੰਸਕ੍ਰਿਤ ਵਾਲੇ 'ਯਾਚਕ' ਨਾਂਵ ਦੇ ਗੁਰਮੁਖੀ ਰੂਪ 'ਜਾਚਕੁ' ਨੂੰ ਸ਼ੁਧ ਨਹੀਂ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਤਤੁ' ਨਾਂਵ ੧੯੭ ਵਾਰ ਇਕ ਵਚਨ ਪੁਲਿੰਗ ਦੇ ਰੂਪ ਵਿਚ ਅੰਤਕ ਔਂਕੜ ਨਾਲ ਵਰਤਿਆ ਮਿਲਦਾ ਹੈ। ਗੁਰਬਾਣੀ ਦੀ ਲਿਖਣ ਸ਼ੈਲੀ ਅਨੁਸਾਰ ਜਦੋਂ ਇਸ ਨਾਲ ਕੋਈ ਸਬੰਧਕੀ ਪਦ 'ਸਿਉ' ਆਦਿਕ ਸਬੰਧਤ ਹੁੰਦਾ ਹੈ ਤਾਂ ਇਹ ਔਂਕੜ ਰਹਿਤ ਹੋ ਜਾਂਦਾ ਹੈ। ਜਿਵੇਂ: ਨਾਨਕ! ਤਤੁ, ਤਤ ਸਿਉ ਮਿਲਿਆ; ਪੁਨਰਪਿ ਜਨਮਿ ਨ ਆਹੀ॥ {ਪੰਨਾ ੧੬੨} ਪਰ ਸੁਆਲ ਖੜਾ ਹੁੰਦਾ ਹੈ ਕਿ ਹੇਠ ਲਿਖੇ ਸ਼ਬਦ ਦੀ ਅੰਤਮ ਤੁਕ ਦਾ ਪਹਿਲਾ ਅੱਧ "ਨਾਨਕ ਤਤ ਤਤ ਸਿਉ ਮਿਲਿਆ...॥" ਬਿਲਕੁਲ ਓਹੀ ਹੈ, ਪਰ ਇੱਥੇ ਦੋਵੇਂ 'ਤਤ' ਲਫ਼ਜ਼ ਔਂਕੜ ਰਹਿਤ ਕਿਉਂ? ਇਸ ਦਾ ਸ਼ੁਧ ਰੂਪ ਹੈ: ਨਾਨਕ **ਤਤੁ** ਤਤ ਸਿਉ ਮਿਲਿਆ...॥ ਗੁਰਬਾਣੀ ਕੋਸ਼ਾਂ ਮੁਤਾਬਿਕ 'ਸਰਬਧਾਰ' ਤੇ 'ਸਰਬਧਾਰਨ' ਦੋਵੇਂ ਪਦ ਸੰਬੋਧਨ-ਕਾਰਕ ਅਤੇ ਸਮਾਨਰਥਕ ਰੱਬੀ ਨਾਂਵ ਹਨ। ਅਰਥ ਹੈ: ਹੇ ਸਾਰਿਆਂ ਨੂੰ ਧਾਰਨ ਵਾਲੇ। ਸਾਰਿਆ ਦੇ ਆਸਰੇ। ਪਰ, ਛਾਪੇ ਦੀ ਪਾਵਨ ਬੀੜ ਵਿਚ ਹੇਠਲੇ ਸ਼ਬਦ ਵਾਂਗ ਸਭ ਥਾਈਂ ਇਸ ਦਾ ਪਦ-ਛੇਦ ਰੂਪ 'ਸਰਬ ਧਾਰ' ਜਾਂ 'ਸਰਬ ਧਾਰਨ' ਹੀ ਮਿਲਦਾ ਹੈ। ਸੋਧਣ ਦੀ ਲੋੜ ਹੈ:

> ਕਲਿਆਨ ਮਹਲਾ ੫॥ **ਜਾਚਿਕੁ** ਨਾਮੁ ਜਾਚੈ ਜਾਚੈ॥ **ਸਰਬ ਧਾਰ** ਸਰਬ ਕੇ ਨਾਇਕ ਸੁਖ ਸਮੂਹ ਕੇ ਦਾਤੇ॥੧॥ ਰਹਾਉ॥ ਕੇਤੀ ਕੇਤੀ ਮਾਂਗਨਿ ਮਾਗੈ ਭਾਵਨੀਆ ਸੋ ਪਾਈਐ॥੧॥ ਸਫਲ ਸਫਲ ਸਫਲ ਦਰਸੁ ਰੇ ਪਰਸਿ ਪਰਸਿ ਗੁਨ ਗਾਈਐ॥ ਨਾਨਕ **ਤਤ** ਤਤ ਸਿਉ ਮਿਲੀਐ ਹੀਰੈ ਹੀਰੁ ਬਿਧਾਈਐ॥੨॥

{ਪੰਨਾ ੧੩੨੧}

੭. ਛਾਪੇ ਦੀ ਪਾਵਨ ਬੀੜ ਦੇ ਪੰਨਾ ੧੩੨੨ ਉੱਤੇ ਹੇਠ ਲਿਖਿਆ ਦੁਪਦਾ ਸ਼ਬਦ ਹੈ, ਜੋ ਕੀਰਤਨੀਆਂ ਵੱਲੋਂ ਵੀ ਆਮ ਗਾਇਆ ਜਾਂਦਾ ਹੈ। ਜੇ ਪਾਠਕ ਸੱਜਣ ਧਿਆਨ ਪੂਰਵਕ ਦਰਸ਼ਨ ਕਰਨਗੇ ਤਾਂ ਉਹ ਸਹਿਜੇ ਹੀ ਪਛਾਣ ਲੈਣਗੇ ਕਿ ਇਸ ਸ਼ਬਦ ਦੇ ਪਹਿਲੇ ਪਦੇ ਦੀ ਵੀ ਇੱਕੋ ਤੁਕ ਹੈ, ਦੂਜੀ ਨਹੀਂ। ਜਿਵੇਂ "ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ॥... ...?॥੧॥ ਕਾਰਣ ਹੈ ਕਿ ਉਪਰੋਕਤ ਸ਼ਬਦ ਵਾਂਗ ਇਹ ਵੀ ਦੋ-ਤੁਕਾ ਦੁਪਦਾ ਹੈ, ਇਸ ਲਈ ਪਹਿਲੇ ਪਦੇ ਦੀ ਦੂਜੀ ਤੁਕ ਖੋਜਣ ਦੀ ਲੋੜ ਹੈ?

ਦੂਜੇ ਪਦੇ ਦੀ ਪਹਿਲੀ ਤੁਕ "ਜੋਗ ਗਿਆਨ ਧਿਆਨ **ਸੇਖਨਾਗੈ** ਸਗਲ ਜਪਹਿ ਤਰੰਗੀ॥" ਵਿਚ ਗੁਰਬਾਣੀ ਦੀ ਲਿਖਣ ਸ਼ੈਲੀ ਮੁਤਾਬਿਕ 'ਜੋਗ', 'ਗਿਆਨ' ਤੇ 'ਧਿਆਨ' ਬਹੁਵਚਨੀ ਨਾਂਵਾਂ ਵਾਂਗ ਹੀ 'ਸੇਖਨਾਗੈ' ਦਾ ਬਹੁਵਚਨੀ ਰੂਪ 'ਸੇਖਨਾਗੇ' ਲੋੜੀਂਦਾ ਹੈ:

ਕਲਿਆਨ ਮਹਲਾ ੫॥ ਮੇਰੇ ਲਾਲਨ ਕੀ ਸੋਭਾ॥ ਸਦ ਨਵਤਨ ਮਨ ਰੰਗੀ ਸੋਭਾ॥੧॥ ਰਹਾਉ॥ ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ॥੧॥ ਜੋਗ ਗਿਆਨ ਧਿਆਨ **ਸੇਖਨਾਗੈ** ਸਗਲ ਜਪਹਿ ਤਰੰਗੀ॥ ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ॥੨॥੩॥

{ਪੰਨਾ ੧੩੨੨}

੮. ਛਾਪੇ ਦੀ ਪਾਵਨ ਬੀੜ ਦੇ ਪੰਨਾ ੧੩੨੨ ਉੱਪਰਲੇ ਦੂਜੇ ਘਰੁ ਦੇ ਹੇਠ ਲਿਖੇ ਸ਼ਬਦ ਦਾ ਸੂਚੀ ਮੁਤਾਬਿਕ ਸਿਰਲੇਖ ਹੈ: ਕਲਿਆਨ ਮਹਲਾ ੫ ਦੁਪਦੇ ਘਰੁ ੨॥ ਪਰ ਇਸ ਦੇ ਵੀ ਪਹਿਲੇ ਪਦੇ ਦੀ ਇੱਕੋ ਤੁਕ ਹੈ, ਦੂਜੀ ਨਹੀਂ। ਦੂਜੇ ਪਦੇ ਦੀਆਂ ਤੁਕਾਂ ਦੋ ਹਨ। ਇਸ ਲਈ ਪਹਿਲੇ ਪਦੇ 'ਇੱਥੇ ਉੱਥੇ ਦਹਦਿਸਿ ਰਵਿਓ **ਮੇਰ** ਤਿਨਹਿ ਸਮਾਨਿ॥... ...?॥੧॥ ਦੀ ਦੂਜੀ ਤੁਕ ਭਾਲਣ ਦੀ ਲੋੜ ਹੈ। ਗੁਰਬਾਣੀ ਦੀ ਲਿਖਤ ਸ਼ੈਲੀ, ਪਾਠ-ਭੇਦ ਸੂਚੀ ਤੇ ਅਰਥਾਂ ਮੁਤਾਬਿਕ ਸ਼ਬਦ ਵਿਚਲੇ 'ਅੰਗ' 'ਮੇਰ', 'ਤਿਨਹਿ' ਤੇ 'ਪਰਧਾਨ' ਪਦ ਵੀ ਸੁਧਾਈ ਮੰਗਦੇ ਹਨ। ਕੋਸ਼ ਮੁਤਾਬਿਕ 'ਪੁਰਖਪਤਿ' ਨਾਂਵ ਵੀ ਇਕੋ ਜੁੜਤ ਪਦ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਅਨੁਸਾਰ 'ਬ੍ਰਹਮ ਗਿਆਨ' ਨੂੰ ਪਦ-ਛੇਦ ਕਰਨ ਦੀ ਲੋੜ ਨਹੀਂ:

ਕਲਿਆਨ ਮਹਲਾ ੫ ਘਰੁ ੨॥ ਤੇਰੈ ਮਾਨਿ ਹਰਿ ਹਰਿ ਮਾਨਿ॥ ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ ਪ੍ਰਾਨਿ॥੧॥ ਰਹਾਉ॥ ਇਤ ਉਤ

ਦਹ ਦਿਸਿ ਰਵਿਓ **ਮੇਰ ਤਿਨਹਿ** ਸਮਾਨਿ॥੧॥ ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ **ਪਰਧਾਨ**॥ ਸਾਧਸੰਗਿ ਭ੍ਰਮ ਭੈ ਮਿਟੇ ਕਥੇ ਨਾਨਕ ਬ੍ਰਹਮ **ਗਿਆਨ**॥੨॥੧॥੪॥

{ਪੰਨਾ ੧੩੨੨}

ਇਸੇ ਤਰਾਂ ਹੇਠ ਲਿਖੇ ਉਪਰੋਕਤ ਦੁਪਦੇ ਸੰਗ੍ਰਹਿ ਦੇ ਪਵੇਂ ਤੇ ੬ਵੇਂ ਸ਼ਬਦਾਂ ਅੰਦਰਲੇ ਪਹਿਲੇ ਪਦੇ ਦੀ ਇੱਕ ਇੱਕ ਤੁਕ ਘਟ ਹੈ। ਜਿਵੇਂ "ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪਖੰਡਲੀ॥... ...?॥੧॥" ਅਤੇ "ਬਿਸਨ ਮਹੇਸ ਸਿਧ ਮੁਨਿ ਇੰਦ੍ਰਾ ਕੈ ਦਰਿ ਸਰਨਿ ਪਰਉ॥... ...?॥੧॥" ਖੋਜਣਾ ਲੋੜੀਂਦਾ ਹੈ। ੬ਵੇਂ ਸ਼ਬਦ ਦੇ ਰਹਾਉ ਵਾਲੇ ਪਦੇ ਦੀ ਪਹਿਲੀ ਤੁਕ ਦੇ ਪਹਿਲੇ ਤੁਕਾਂਸ਼ 'ਕਉਨੁ ਬਿਧਿ' ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਪਦ-ਅਰਥਾਂ ਵਿਚ 'ਕਉਨ ਬਿਧਿ' ਲਿਖਿਆ ਹੈ, ਜਿਸ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਨੇ ਵੀ ਬੀੜਾਂ ਦੀ ਲਿਖਤ ਤੇ ਵਿਆਕਰਣ ਦੇ ਚਾਨਣ ਵਿਚ ਸਹੀ ਮੰਨਿਆ ਹੈ। ਕਾਰਣ ਹੈ ਕਿ 'ਬਿਧਿ' ਇਸਤ੍ਰੀਲਿੰਗ ਨਾਂਵ ਹੈ। ਪਾਠ-ਭੇਦ ਸੂਚੀ ਨੇ ਪੁਰਾਤਨ ਹਥ-ਲਿਖਤਾਂ ਮੁਤਾਬਿਕ ਇਸ ਪਦੇ ਦੀ ਦੂਜੀ ਤੁਕ ਅੰਦਰਲੇ 'ਸਸਤ੍ਰਗਿਆ' ਪਾਠ ਦਾ ਸ਼ੁਧ ਰੂਪ 'ਸਾਸਤ੍ਰਗਿਆ' ਮੰਨਿਆ ਹੈ। 'ਦਰਪਣ' ਦੇ ਪਦ-ਅਰਥ ਵੀ 'ਸ਼ਾਸਤ੍ਰ+ਗਿਆ' = ਸ਼ਾਸਤ੍ਰਾਂ ਦਾ ਗਿਆਤਾ ਕੀਤੇ ਹਨ, ਜੋ ਬਿਲਕੁਲ ਸਹੀ ਹਨ। ਸੋ ਇਸ ਲਈ ਉਪਰੋਕਤ ਸ਼ਬਦਾਂ ਸਬੰਧੀ ਇਹ ਸਾਰੇ ਪੱਖ ਵਿਚਾਰਨੇ ਜ਼ਰੂਰੀ ਹਨ:

ਕਲਿਆਨ ਮਹਲਾ ੫॥ ਗੁਨ ਨਾਦ ਧੁਨਿ ਅਨੰਦ ਬੇਦ॥ ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ॥੧॥ ਰਹਾਉ॥ ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ॥੧॥ ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ॥ ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ॥੨॥੨॥੫॥

{ਪੰਨਾ ੧੩੨੨}

ਕਲਿਆਨੁ ਮਹਲਾ ੫॥
ਕਉਨ ਬਿਧਿ ਤਾ ਕੀ ਕਹਾ ਕਰਉ॥ ਧਰਤ ਧਿਆਨੁ ਗਿਆਨੁ ਸਾਸਤ੍ਰਗਿਆ ਅਜਰਪਦੁ ਕੈਸੇ ਜਰਉ॥੧॥ ਰਹਾਉ॥ ਬਿਸਨ ਮਹੇਸ ਸਿਧ ਮੁਨਿ ਇੰਦ੍ਰਾ ਕੈ ਦਰਿ ਸਰਨਿ ਪਰਉ॥੧॥ ਕਾਹੂ ਪਹਿ ਰਾਜੁ ਕਾਹੂ ਪਹਿ ਸੁਰਗਾ ਕੋਟਿ ਮਧੇ ਮੁਕਤਿ ਕਹਉ॥ ਕਹੁ ਨਾਨਕ ਨਾਮ ਰਸੁ ਪਾਈਐ ਸਾਧੂ ਚਰਨ ਗਹਉ॥੨॥੩॥੬॥

{ਪੰਨਾ ੧੩੨੨}

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਰਲੇਖਕ, ਸੰਪਾਦਕੀ ਅੰਤਕੀ ਸੇਧਾਂ ਅਤੇ ਦੂਹਰੀ-ਡੰਡੀ ਵਿਸ਼ਰਾਮ ਚਿੰਨ੍ਹ ਦੀ ਬਹੁ-ਭਾਂਤੀ ਵਰਤੋਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਢਲੇ ਰੂਪ 'ਪੋਥੀ' ਸਾਹਿਬ ਦੇ ਦੂਰ-ਦ੍ਰਿਸ਼ਟ ਤੇ ਸੁਘੜ ਸੰਪਾਦਕ ਸਾਹਿਬ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਨੇ 'ਧੁਰ ਕੀ ਬਾਣੀ' ਨੂੰ ਸੰਪਾਦਤ ਕਰਨ ਮੌਕੇ ਸ਼ਰਧਾਲੂ ਪਾਠਕਾਂ ਤੇ ਗਾਇਕਾਂ ਨੂੰ ਸਮਝਾਉਣ ਅਤੇ ਕਈ ਕਿਸਮ ਦੇ ਭੁਲੇਖਿਆਂ ਤੋਂ ਬਚਾਉਣ ਲਈ ਕੁਝ ਵਿਸ਼ੇਸ਼ ਸੇਧਾਂ ਤੇ ਸੂਚਨਾਵਾਂ ਦੀ ਬਖ਼ਸ਼ਿਸ਼ ਕੀਤੀ ਹੈ। ਇਸ ਸਬੰਧ ਵਿਚ ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਤ 'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ' ਪੁਸਤਕ 'ਚੋਂ ਵਿਸ਼ੇਸ਼ ਤੇ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

ਛਾਪੇ ਦੀ ਪਾਵਨ ਬੀੜ ਵਿਖੇ 'ਆਸਾ ਕਬੀਰ ਕਬੀਰ ਜੀਉ ਕੇ ਪਦੇ ੯ ਦੁਤੁਕੇ' {ਪੰਨਾ ੪੭੯}; ਵਾਰਾਂ ਦੀਆਂ ਸੰਪਾਦਕੀ ਸੂਚਨਾਵਾਂ 'ਸੁਧੁ' ਤੇ 'ਸੁਧੁ ਕੀਚੈ' {ਪੰਨਾ ੯੧, ੩੧੭, ੩੨੩, ੪੭੫, ੫੫੬, ੮੫੫, ੯੫੬, ੯੬੬, ੧੦੯੪, ੧੨੫੧ ਤੇ ੧੩੧੮ } ਅਤੇ 'ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ' {ਪੰਨਾ ੨੨੮} ਆਦਿ, ਐਸੀਆਂ ਸਿਰਲੇਖਕ, ਸੰਪਾਦਕੀ ਤੇ ਅੰਤਕੀ ਸੇਧਾਂ ਹਨ, ਜਿਨ੍ਹਾਂ ਨੂੰ ਪਾਠ-ਭੇਦ ਸੂਚੀ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੇ ਖੋਜੀ ਵਿਦਵਾਨ ਬੇਲੋੜੀਆਂ ਸਮਝਦੇ ਸਨ। 'ਸੁਧ' ਤੇ 'ਸੁਧੁ ਕੀਚੈ' ਸੂਚਨਾਵਾਂ ਬਾਰੇ 'ਪਾਠ-ਭੇਦ ਸੂਚੀ' ਦੇ ਵਿਸ਼ੇਸ਼ ਨੋਟ ਵੀਚਾਰਨਯੋਗ ਹਨ। ਜਿਵੇਂ :

'ਸੁਧੁ'॥ ਇਹ ਪਾਠ ਕਿਸੇ ਲਿਖਤੀ ਗ੍ਰੰਥ ਸਾਹਿਬ ਵਿਚ, ਕਿਸੇ ਵੀ ਵਾਰ ਨਾਲ ਨਹੀਂ ਲੱਭਦਾ॥ ਕਰਤਾਰਪੁਰੀ ਬੀੜ 'ਚ ਲਿਖਾਰੀ ਦੇ ਹੀ ਹੱਥ-ਕਲਮ ਨਾਲ ਲਿਖਿਆ ਵੇਖਦੇ ਹਾਂ। ਜਿੱਥੋਂ ਛਾਪੇਖਾਨੇ ਵਾਲਿਆਂ ਮੱਖੀ 'ਤੇ ਮੱਖੀ ਮਾਰਨੀ ਅਰੰਭੀ ਹੈ॥ ਸੋ, ਇਹ ਗ਼ਲਤ ਤੇ ਗੈਰ ਜ਼ਰੂਰੀ ਰੀਸ ਛੱਡ ਦੇਣੀ ਚਾਹੀਦੀ ਹੈ। {ਸੂਚੀ ਪੰਨਾ ੩੫}

'ਸੁਧੁ ਕੀਚੈ'॥ ਦੀ ਹਦਾਇਤ ਸਬੰਧੀ ਹੇਠ ਲਿਖਿਆ ਨੋਟ ਲਿਖਣ ਮੌਕੇ ਸੂਚੀ ਦੇ ਖੋਜੀ ਲੇਖਕਾਂ ਨੇ ੧੨ ਉਨ੍ਹਾਂ ਪੁਰਾਤਨ ਬੀੜਾਂ ਦਾ ਹਵਾਲਾ ਦਿੱਤਾ ਹੈ, ਜਿਨ੍ਹਾਂ ਵਿਚ ਅਜਿਹੀ ਕੋਈ ਹਦਾਇਤ ਨਹੀਂ ਮਿਲਦੀ। ਜਿਵੇਂ ਬੀੜ ਨੰ. ੧, ੪/੩, ੫, ੮/੮, ੨੧/੩੪, ੨੯/੭੯, ੩੨/੬੨੮੧, ੩੫/੧੧੬, ੩੯/੧੮੨, ੪੪, ੪੭ ਤੇ ੫੪। ਵਿਸ਼ੇਸ਼ ਨੋਟ ਇਸ ਪ੍ਰਕਾਰ ਹੈ:

'ਸੁਧੁ ਕੀਚੈ' ਕੀ ਹਦਾਇਤ, ਪੰਚਮ ਪਾਤਸ਼ਾਹ ਨੇ ਆਪਣੇ ਲਿਖਾਰੀ ਨੂੰ ਅਸ਼ੁਧੀਆਂ ਦਰੁਸਤ ਕਰਨ ਵਾਸਤੇ, ਕਰ ਕਮਲਾਂ ਨਾਲ ਲਿਖੀ ਸੀ। ਹੁਕਮ 'ਤੇ ਅਮਲ ਕਰਕੇ, ਲਿਖਾਰੀ ਨੇ ਲਿਖ ਦਿੱਤਾ ਸੀ: "ਸੁਧੁ ਕੀਤਾ।" ਇਹ ਦੋਵੇਂ ਪਾਠ 'ਆਦਿ ਬੀੜ' ਦੀ ਪੱਕੀ ਇਤਿਹਾਸਕ ਪਛਾਣ ਹਨ। ਐਪਰ ਇਨ੍ਹਾਂ ਨੂੰ ਅਗਾਂਹ ਚਲਾਈ ਰੱਖਣਾ, ਦਾਨਾਈ ਨਹੀਂ। ਮੱਖੀ 'ਤੇ ਮੱਖੀ ਮਾਰਨ ਵਾਲੇ ਲਿਖਾਰੀਆਂ ਤੋਂ ਬਿਨ੍ਹਾਂ ਹੋਰ ਕਿਸੇ ਨੇ ਇਹ ਨਕਲ ਮਾਰੀ ਵੀ ਨਹੀਂ। ਗੁ. ਦੂਖ ਨਿਵਾਰਨ-

ਪਟਿਆਲਾ ਦੇ ਤੋਸ਼ੇਖ਼ਾਨੇ ਵਿਰਾਜਮਾਨ ਇੱਕ ਲਿਖਤੀ ਗ੍ਰੰਥ ਸਾਹਿਬ ਵਿਚ "ਸੁਧ ਕੀਤਾ" ਪਾਠ ਵੀ ਅਸਾਂ ਪੜ੍ਹਿਆ ਹੈ। ਪਰ ਇਹ ਵੀ ਗੈਰ ਜ਼ਰੂਰੀ ਨਕਲ ਹੀ ਹੈ। {ਸੂਚੀ ਪੰਨਾ ੯੨, ੯੩}

ਉਪਰੋਕਤ ਕਿਸਮ ਦੀਆਂ ਸੋਧਾਂ ਦੇ ਨਾਲ ਦੂਜਾ ਵਿਚਾਰਨ ਯੋਗ ਵਿਸ਼ੇਸ਼ ਮਸਲਾ ਹੈ ਅੰਗਰੇਜ਼ੀ ਦੇ ਫੁੱਲ-ਸਟਾਪ ਵਿਸ਼ਰਾਮ ਚਿੰਨ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੀਆਂ ਤੁਕਾਂ ਦੇ ਅੰਤ ਵਿਚ ਵਰਤੇ ਜਾਣ ਵਾਲੇ ਗੁਰਮੁਖੀ ਦੇ ਦੂਹਰੀ-ਡੰਡੀ ਪੂਰਨ ਵਿਸ਼ਰਾਮ ਚਿੰਨ ਦੀ ਬਹੁ-ਭਾਂਤੀ ਵਰਤੋਂ ਦਾ। ਕਾਰਣ ਹੈ ਕਿ ਗੁਰੂ-ਕਾਲ ਵਿਖੇ ਪੰਜਾਬੀ ਦੀ ਅਜੋਕੀ ਲਿਖਾਈ ਵਾਲੇ ਯੂਰਪੀ ਵਿਸ਼ਰਾਮ-ਚਿੰਨਾ ਦਾ ਅਭਾਵ ਸੀ। ਉਦੋਂ ਹਿੰਦੋਸਤਾਨ ਦੀਆਂ ਸਾਰੀਆਂ ਭਸ਼ਾਵਾਂ ਵਿਚ ਕਿਸੇ ਤੁਕ ਦੀ ਸੰਪੂਰਨਤਾ 'ਤੇ ਵਰਤਿਆ ਜਾਣ ਵਾਲਾ ਕੇਵਲ ਇੱਕੋ ਖੜਵੀਂ ਲਕੀਰ ਵਾਂਗ ਡੰਡੀ ਚਿੰਨ (।), ਹੀ ਸੀ, ਜਿਸ ਨੂੰ 'ਹੱਦ' ਵੀ ਬੋਲਿਆ ਜਾਂਦਾ ਸੀ। ਭਾਰਤੀ ਪੰਜਾਬ ਦੇ ਮੁਖ-ਮੰਤਰੀ ਰਹੇ ਕੈਪਟਨ (ਰਾਜਾ) ਅਮਰਿੰਦਰ ਸਿੰਘ ਪਟਿਆਲਾ ਦੇ ਮਰਹੂਮ ਤੇ ਵੱਡੇ ਭਾਈ ਰਾਜਾ ਮ੍ਰਿਗਿੰਦਰ ਸਿੰਘ ਨਿਊਯਾਰਕ ਵਾਲਿਆਂ ਨੇ ਮੈਨੂੰ ਸੰਸਕ੍ਰਿਤ ਪੜ੍ਹਾਉਂਦਿਆਂ ਸੰਨ ੨੦੦੩ ਵਿਚ ਦੱਸਿਆ ਸੀ ਕਿ ਗੁਰਬਾਣੀ ਦੀ ਲਿਖਤ ਵਿਚ ਵੀ ਅਸਲ ਹੈ ਤਾਂ ਹੱਦ ਰੂਪ ਇੱਕੋ ਡੰਡੀ ਚਿੰਨ, ਪਰ ਛਪਾਈ ਵਿਚ ਉਹ ਦੂਹਰੀ-ਡੰਡੀ ਵਾਲਾ ਚਿੰਨ੍ਹ ਬਣ ਗਿਆ ਹੈ।

ਉਨ੍ਹਾਂ ਜਾਣਕਾਰੀ ਦਿੱਤੀ ਸੀ ਕਿ ਗੁਰਬਾਣੀ ਦੇ ਲਿਖਾਰੀ ਕਾਤਿਬ ਪਹਿਲਾਂ ਪਹਿਲ ਗੁਰਮੁਖੀ ਦੀ ਲਿਖਤ ਨੂੰ ਇੱਕ ਸੇਧ ਵਿਚ ਰੱਖਣ ਲਈ ਧਾਗੇ ਨੂੰ ਸਿਆਹੀ ਨਾਲ ਲਬੇੜ ਕੇ ਅਤੇ ਦੋਹਾਂ ਹੱਥਾਂ ਦੀਆਂ ਉਂਗਲਾਂ ਨਾਲ ਸਿਰਿਆਂ ਤੋਂ ਧਾਗੇ ਨੂੰ ਹੇਠਾਂ ਮਰੋੜ ਕੇ ਖਿਚਣ ਉਪਰੰਤ ਕਾਗਜ਼ ਉੱਪਰ ਲਗਾਉਂਦੇ। ਇਸ ਢੰਗ ਨਾਲ ਜਿੱਥੇ ਇੱਕ ਲੇਟਵੀਂ ਲਕੀਰ ਛਪ ਜਾਂਦੀ, ਉੱਥੇ ਧਾਗੇ ਦੇ ਦੋਵਾਂ ਸਿਰਿਆਂ ਦੀ ਮਰੋੜੀ ਕਾਰਣ ਹੇਠਾਂ ਨੂੰ ਵੀ ਇਕ ਇਕ ਜੁੜਵੀਂ ਤੇ ਖੜਵੀਂ ਡੰਡੀ ਛਪ ਜਾਂਦੀ ਸੀ। ਇਸੇ ਤਰ੍ਹਾਂ ਜਦੋਂ ਅਗਲੀ ਤੁਕ ਦੇ ਅੱਖਰੀ ਅੰਦਾਜ਼ੇ ਮੁਤਾਬਿਕ ਲੇਟਵੀਂ ਲਕੀਰ ਛਾਪਦੇ ਤਾਂ ਉੱਥੇ ਵੀ ਦੋਹੀਂ ਪਾਸੀਂ ਇਕ ਇਕ ਜੁੜਵੀਂ ਤੇ ਖੜਵੀਂ ਡੰਡੀ ਛਪ ਜਾਂਦੀ। ਇਸ ਪ੍ਰਕਾਰ ਹਰੇਕ ਤੁਕ ਦੀ ਸੰਪੂਰਨਤਾ 'ਤੇ ਇੰਗਲਿਸ਼ ਦੇ ਫੁੱਲ-ਸਟਾਪ ਵਾਲਾ ਦੂਹਰੀ-ਡੰਡੀ ਵਿਸ਼ਰਾਮ ਚਿੰਨ ਜਾਪਣ ਲੱਗਦਾ। ਇੱਥੋਂ ਹੀ ਪਹਿਲਾਂ ਕੁਝ ਕਾਤਿਬਾਂ ਨੇ ਕਲਮ ਨਾਲ ਦੂਹਰੀਆਂ ਡੰਡੀਆਂ ਪਾਉਣੀਆਂ ਸ਼ੁਰੂ ਕੀਤੀਆਂ ਤੇ ਫਿਰ ਛਾਪੇ-ਖ਼ਾਨੇ ਵਾਲਿਆਂ ਵੀ ਮੱਖੀ ਤੇ ਮੱਖੀ ਮਾਰਨੀ ਸ਼ੁਰੂ ਕਰ ਦਿੱਤੀ।

ਉਸ ਮੌਕੇ ਧਾਗੇ ਨਾਲ ਛਪੀ ਲੇਟਵੀਂ ਲਕੀਰ 'ਤੇ ਗੁਰਮੁਖੀ ਅੱਖਰ ਟੰਗੇ ਜਾਂਦੇ ਸਨ। ਇਹੀ ਕਾਰਣ ਹੈ ਕਿ ਉਸ ਵੇਲੇ ਦੀਆਂ ਸਾਰੀਆਂ ਲਿਖਤਾਂ ਸੰਯੁਕਤ (ਜੁੜਵੀਆਂ) ਦਿਸਦੀਆਂ ਹਨ। ਇਸ ਕਿਸਮ ਦੀ ਲਿਖਤ ਕਰਕੇ ਪੋਥੀਆਂ ਦੀ

ਨਕਲ-ਦਰ-ਨਕਲ ਕਰਨ ਵਾਲੇ ਕਾਤਿਬ 'ਖ' ਅੱਖਰ ਨੂੰ 'ਥ' 'ਘ' ਨੂੰ 'ਬ', 'ਪ' ਨੂੰ 'ਧ' ਅਤੇ 'ਮ' ਆਦਿਕ ਨੂੰ 'ਸ' ਪੜ੍ਹ ਲੈਣ ਦੀ ਭੁੱਲ ਵੀ ਕਰਦੇ ਰਹੇ, ਕਿਉਂਕਿ ਕਈ ਵਾਰ ਪਾਲ਼ ਨੂੰ ਇੱਕ ਸੇਧ ਵਿਚ ਰੱਖਣ ਲਈ ਖਿੱਚੀ ਲੇਟਵੀ ਰੇਖਾ ਨੂੰ ਹੀ ਅਜਿਹੇ ਅੱਖਰਾਂ ਦਾ ਭਾਗ ਮੰਨ ਲਿਆ ਜਾਂਦਾ। ਰਾਜਾ ਸਾਹਿਬ ਦੇ ਖ਼ਿਆਲ ਮੁਤਾਬਿਕ ਐਸੇ ਭੁਲੇਖੇ ਕਾਰਣ ਹੀ ਗੁਰਬਾਣੀ ਦੀ ਲਿਖਤ ਵਿਚ ਬਹੁਤੇ ਪਾਠ-ਭੇਦ ਪੈਦਾ ਹੋਏ ਹਨ।

ਇਸ ਪੱਖੋਂ ਵਿਸ਼ੇਸ਼ ਧੰਨਵਾਦ ਕਰਨਾ ਬਣਦਾ ਹੈ ਟਕਸਾਲ ਭਿੰਡਰਾਂ ਦੇ ਬਜ਼ੁਰਗ ਮੁਖੀ ਗਿ. ਗੁਰਬਚਨ ਸਿੰਘ ਜੀ ਦਾ, ਜਿਨ੍ਹਾਂ ਨੇ 'ਗੁਰਬਾਣੀ ਪਾਠ ਦਰਸ਼ਨ' ਨਾਂ ਦੀ ਪੁਸਤਕ ਵਿਚ ਗੁਰਬਾਣੀ-ਸੰਥਾ ਦੇ ਦ੍ਰਿਸ਼ਟੀਕੋਨ ਤੋਂ ਸੈਂਕੜੇ ਹੀ ਬਿਖਮ ਤੁਕਾਂ ਨੂੰ ਜਿਥੇ ਪਦ-ਛੇਦ ਕਰਨ ਦਾ ਉਪਕਾਰ ਕੀਤਾ। ਉੱਥੇ, ਉਨ੍ਹਾਂ ਤੁਕਾਂ ਵਿਚ ਅਜੋਕੀ ਪੰਜਾਬੀ ਦੇ ਅੰਗਰੇਜ਼ੀ ਵਾਲੇ ਸਾਰੇ ਵਿਸ਼ਰਾਮ-ਚਿੰਨ ਵਰਤਣ ਦੀ ਦਲੇਰੀ ਭਰੀ ਪਹਿਲ ਕੀਤੀ। 'ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ' ਦੁਆਰਾ ਪ੍ਰਕਾਸ਼ਤ 'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ' ਨਾਂ ਦੀ ਪੁਸਤਕ ਵਿਚ ਗੁਰਬਾਣੀ ਦੇ ਵਿਸ਼ਰਾਮ ਚਿੰਨਾਂ ਸਬੰਧੀ ਪੰਨਾ ੧੬੧ 'ਤੇ ਛਪੇ ਲੇਖ ਵਿਚ ਇਸ ਪੱਖੋਂ ਵਿਸ਼ੇਸ਼ ਜਾਣਕਾਰੀ ਪੜ੍ਹੀ ਜਾ ਸਕਦੀ ਹੈ। ਜਿਵੇਂ ਦਸਵੇਂ ਗੁਰੂ ਪਾਤਸ਼ਾਹ ਜੀ ਦੇ ਨਿਵਾਜੇ ਪੰਜ ਪਿਆਰਿਆਂ 'ਚੋਂ ਭਾਈ ਦਇਆ ਸਿੰਘ ਜੀ ਨਾਮ ਨਾਲ ਜੋੜੀ ਜਾਂਦੀ ਟਕਸਾਲ 'ਕਰਮਸਰ, ਰਾੜਾ ਸਾਹਿਬ' ਦੁਆਰਾ ਤਿਆਰ ਕਰਵਾਈ 'ਈਸ਼ਰ ਮਾਈਕ੍ਰੋਮੀਡੀਆ ਵੈਬਸਾਈਟ' ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਨਾਮ ਨਾਲ ਜੋੜੀ ਜਾਂਦੀ 'ਦਮਦਮੀ ਟਕਸਾਲ, ਭਿੰਡਰਕਲਾਂ' ਦੁਆਰਾ ਪ੍ਰਕਾਸ਼ਤ 'ਗੁਰਬਾਣੀ ਪਾਠ ਦਰਸ਼ਨ' ਪੁਸਤਕ ਦੇ ਪੰਨਾ ੪੮੪'ਤੇ ਤੁਕ ਹੇਠਾਂ ਬ੍ਰੈਕਟ ਵਿਚ ਨੋਟ ਲਿਖ ਕੇ ਇਉਂ ਪ੍ਰਗਟ ਕੀਤਾ ਹੈ:

ਤੂ ਕੁਨੁ ਰੇ?॥ ਮੈ ਜੀ!॥ ਨਾਮਾ॥ ਹੋ ਜੀ!॥
ਆਲਾ ਤੇ ਨਿਵਾਰਣਾ, ਜਮ ਕਾਰਣਾ॥ {ਅੰਗ ੬੯੪}
ਮੋਹਨੁ ਲਾਲੁ ਮੇਰਾ; ਪ੍ਰੀਤਮ ਮਨ ਪ੍ਰਾਨਾ॥ ਮੋ-ਕਉ, ਦੇਹੁ ਦਾਨਾ॥
{ਅੰਗ ੧੦੦੫}

(ਇਹ ਇਕੋ ਹੀ ਤੁਕ ਹੈ, ਬਿਸ੍ਰਾਮ ਵਾਲੀ ਜਗ੍ਹਾ ਹੱਦਾਂ ਲਾ ਕੇ ਦੋ ਤੁਕਾਂ ਬਣਾਈਆਂ ਹਨ, ਸ਼ੁਧ ਇਕੋ ਹੀ ਤੁਕ ਹੈ।)

ਸ੍ਰੀ ਮਾਨ ਗਿਆਨੀ ਗੁਰਬਚਨ ਸਿੰਘ 'ਖ਼ਾਲਸਾ' ਜੀ ਦੀ ਪੁਸਤਕ 'ਗੁਰਬਾਣੀ ਪਾਠ ਦਰਸ਼ਨ' ਵਿਚੋਂ ਉਪਰੋਕਤ ਵਿਸ਼ਰਾਮਾਂ ਦੇ ਦਰਸ਼ਨ ਕਰਕੇ ਇਉਂ ਜਾਪਦਾ ਹੈ ਕਿ ਅਜਿਹੀ ਸੇਧ ਉਨ੍ਹਾਂ ਨੂੰ ਕਿਸੇ ਪੁਰਾਤਨ ਹੱਥ-ਲਿਖਤੀ ਬੀੜ ਵਿਚੋਂ ਹੀ ਮਿਲੀ ਹੋਵੇਗੀ। ਮੇਰੇ ਇਸ ਖ਼ਿਆਲ ਦਾ ਅਧਾਰ ਹੈ ਸ਼੍ਰੋਮਣੀ ਕਮੇਟੀ ਦੁਆਰਾ

ਪ੍ਰਕਾਸ਼ਤ ਪੁਸਤਕ 'ਪਾਠ-ਭੇਦ ਸੂਚੀ' (ਜਨਵਰੀ ੧੯੭੭), ਕਿਉਂਕਿ ਉਸ ਦੇ ਪੰਨਾ ੨੨੩ 'ਤੇ ਇੱਕ ਐਸੀ ਬੀੜ ਦਾ ਹਵਾਲਾ ਹੈ, ਜਿਸ ਵਿਖੇ ਛਾਪੇ ਦੀ ਅਜੋਕੀ ਬੀੜ ਅੰਦਰਲੇ "ਸੁਨਹੁ ਸੰਤ ਪਿਆਰੇ ਬਿਨਉ ਹਮਾਰੇ ਜੀਉ॥" {ਪੰਨਾ ੬੭੮} ਗੁਰਵਾਕ ਨਾਲ ਸ਼ੁਰੂ ਹੁੰਦੇ ਰਾਗ ਧਨਾਸਰੀ ਦੇ ਸ਼ਬਦ ਦੀਆਂ ਲੰਮੀਆਂ ਤੁਕਾਂ ਨੂੰ ਵਿਸ਼ਰਾਮਾਂ ਸਹਿਤ ਨਿਖੇੜਣ ਲਈ 'ਬਿੰਦੀ ਕਾਮਾ' (;) ਤੇ 'ਕਾਮਾ' (,) ਚਿੰਨਾਂ ਦੀ ਵਰਤੋਂ ਕੀਤੀ ਮਿਲਦੀ ਹੈ। ਜਿਵੇਂ "ਮਨ ਨਿਰਮਲ ਕਰਮ ਕਰਿ; ਤਾਰਨ ਤਰਨ ਹਰਿ, ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ॥" ਬਹੁਤੀਆਂ ਪੁਰਾਤਨ ਬੀੜਾਂ ਵਿਚ ਇਨ੍ਹੀਂ ਥਾਈਂ ਵਿਸ਼ਰਾਮਾਂ ਲਈ ਦੋ ਡੰਡੀ (॥) ਚਿੰਨ ਦੀ ਵਰਤੋਂ ਹੀ ਕੀਤੀ ਮਿਲਦੀ ਹੈ, ਜਿਹੜੀ ਕਿ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਛਾਪੇ ਦੀ ਮੌਜੂਦਾ ਬੀੜ ਵਿਚੋਂ ਬਹੁਤੀ ਥਾਈਂ ਗ਼ਾਇਬ ਹੈ। ਪਾਠ-ਭੇਦ ਸੂਚੀ ਦਾ ਹੇਠ ਲਿਖਿਆ ਨੋਟ ਇਸ ਪੱਖੋਂ ਵਿਚਾਰਨਯੋਗ ਹੈ:

"ਇਸ ਸ਼ਬਦ ਵਿਚ ਝੂਲਣੇ ਤੇ ਤ੍ਰਿਭੰਗੀ ਛੰਦ ਵਾਂਗੂੰ ਵਿਸ਼ਰਾਮ ਚਿੰਨ (; ਯਾ ,) ਆਉਂਦੇ ਹਨ; ਅਰ ਇਨ੍ਹਾਂ ਦੀ ਥਾਂ ਦੂਹਰੀ ਡੰਡੀ (ਫੁੱਲ ਸਟਾਪ॥) ਹੀ ਪੁਰਾਣੇ ਲਿਖਾਰੀਆਂ ਲਾਏ ਹਨ। ਜੋ ਨਵੇਂ ਪਾਠੀਆਂ ਨੂੰ ਭੁਲੇਖਾ ਪਾ ਦੇਂਦੀਆਂ ਹਨ। ਇਸ ਕਰਕੇ ਅਕਸਰ ਪੁਰਾਣੇ ਤੇ ਸਿਆਣੇ ਲਿਖਾਰੀਆਂ ਡੰਡੀਆਂ ਲਾਈਆਂ ਹੀ ਨਹੀਂ। ਜਿਵੇਂ "ਏਕੈ ਗੋਬਿੰਦ ਕੋ ਨਾਮੁ ਨੀਕੋ ਕਹਤ ਹੈ ਸਾਧ ਜਨ॥"

ਸ਼ਾਇਦ ਇਹੀ ਕਾਰਣ ਹੈ ਕਿ ਛਾਪੇ ਦੀ ਮੌਜੂਦਾ ਬੀੜ ਵਿਖੇ ਹੁਣ ਬਹੁਤ ਥੋੜੇ ਸ਼ਬਦ ਐਸੇ ਮਿਲਦੇ ਹਨ, ਜਿਨ੍ਹਾਂ ਦੀਆਂ ਲੰਮੀਆਂ ਤੁਕਾਂ ਵਿਚ ਅਰਧ-ਵਿਸ਼ਰਾਮ ਚਿੰਨ (,) ਦੀ ਥਾਂ ਫੁੱਲ-ਸਟਾਪ ਵਾਲੇ ਦੂਹਰੀ-ਡੰਡੀ (॥) ਵਿਸ਼ਰਾਮ ਚਿੰਨ ਦੀ ਵਰਤੋਂ ਹੋਵੇ। ਜਿਵੇਂ:

ਸਾਰਗ ਮਹਲਾ ੪॥ ਜਪਿ ਮਨ ਨਿਰਭਉ॥ ਸਤਿ ਸਤਿ ਸਦਾ ਸਤਿ॥ ਨਿਰਵੈਰੁ ਅਕਾਲ ਮੂਰਤਿ॥ ਆਜੂਨੀ ਸੰਭਉ॥ ਮੇਰੇ ਮਨ ਅਨਦਿਨੁੋ ਧਿਆਇ ਨਿਰੰਕਾਰੁ ਨਿਰਾਹਾਰੀ॥੧॥ ਰਹਾਉ॥ (ਗੁਰੂ ਗ੍ਰੰਥ ਸਾਹਿਬ-ਪੰਨਾ ੧੨੦੧}

ਇਸ ਲਈ ਇਹ ਵਿਸ਼ਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਧ-ਛਪਾਈ ਪੱਖੋਂ ਅਤਿਅੰਤ ਵਿਚਾਰਨਯੋਗ ਹੈ ਕਿ ਤੁਕਾਂ ਅੰਦਰ ਲੋੜੀਂਦੇ ਵਿਸ਼ਰਾਮ ਚਿੰਨਾਂ ਲਈ ਵਰਤੀਂਦੇ ਦੂਹਰੀ ਡੰਡੀ (॥) ਫੁੱਲ ਸਟਾਪ ਚਿੰਨ ਨੂੰ ਹਟਾਉਣਾਂ ਚਾਹੀਦਾ ਹੈ ਜਾਂ ਨਹੀਂ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਸਿਰਲੇਖਾਂ ਵਾਲੇ ਲਟਕਵੇਂ ਅੰਕਾਂ, ਦੋਮਾਤ੍ਰੇ ਲਫ਼ਜ਼ਾਂ ਅਤੇ ਲਗਾਖਰਾਂ ਦੀ ਵਿਆਕਰਣਿਕ ਤੇ ਕਾਵਿ-ਰੂਪ ਦੂਹਰੀ ਵਰਤੋਂ

ਰਾਗੁ ਗਉੜੀ {ਪੰਨਾ ੨੦੪ ਤੋਂ ੨੪੯ ਤੇ ਪੰਨਾ ੩੨੬ ਤੋਂ ੩੩੯} ਅਤੇ ਰਾਗੁ ਆਸਾ {ਪੰਨਾ ੩੫੪ ਤੋਂ ਪੰਨਾ ੩੯੩} ਦੇ ਸਿਰਲੇਖਾਂ ਵਿਖੇ ਲਟਕਦੇ ਅੰਕਾਂ ਦੀ ਸਾਰਥਿਕਤਾ ਦਾ ਮਸਲਾ ਵੀ ਵਿਚਾਰਨਯੋਗ ਹੈ, ਜੋ ਰਾਗਾਂ ਦੇ ਘਰਾਂ; ਦੁਪਦੇ ਤਿਪਦੇ ਸ਼ਬਦਾਂ ਤੇ ਤੁਕਾਂ ਦੀ ਗਿਣਤੀ ਨੂੰ ਪ੍ਰਗਟਾਉਂਦੇ ਮੰਨੇ ਜਾਂਦੇ ਹਨ। ਇਨ੍ਹਾਂ ਦੀ ਗਿਣਤੀ ੩੭ ਦੇ ਲਗਪਗ ਹੈ। ਹੱਥ ਲਿਖਤੀ ਬੀੜਾਂ ਮੁਤਾਬਿਕ ਕੇਵਲ ਇੱਕ ੩੮ਵਾਂ 'ਪ੍ਰਭਾਤੀ੫ ਮਹਲਾ ੩॥ ਜੋ ਤੇਰੀ ਸਰਣਾਈ ਹਰਿ ਜੀਉ...॥ {ਪੰਨਾ ੧੩੩੩} ਸਿਰਲੇਖ ਹੇਠ ਹੈ, ਜਿਸ ਦਾ ਲਟਕਵਾਂ ਅੰਕ ੫. ਹੁਣ ਭਿੰਡਰਾਂ ਟਕਸਾਲ ਦੀ 'ਗੁਰਬਾਣੀ ਪਾਠ ਦਰਪਣ' ਤੇ 'ਦਰਸ਼ਨ' ਨਾਂ ਦੀਆਂ ਦੋਵੇਂ ਪੁਸਤਕਾਂ ਵਿਚ ਇਸ ਲਟਕਵੇਂ ਅੰਕ ਦੀ ਵਿਆਖਿਆ ਵਜੋਂ ਹੇਠ ਲਿਖਿਆ ਇੱਕ ਵਿਸ਼ੇਸ਼ ਨੋਟ ਇਉਂ ਮਿਲਦਾ ਹੈ:

(ਮਹਲੇ ਹੇਠਲੇ ਪੰਜ ਅੰਗ ਦਾ ਭਾਵ ਇਹ ਹੈ ਕਿ ਇਹ ਸ਼ਬਦ ਪੰਜਵੇਂ ਪਾਤਸ਼ਾਹ ਨੇ ਵੀ ਉਚਾਰਿਆ ਹੈ ਤੇ ਤੀਜੇ ਪਾਤਸ਼ਾਹ ਨੇ ਵੀ ਪਹਿਲਾਂ ਉਚਾਰਿਆ ਹੋਇਆ ਸੀ। ਤੀਜੇ ਪਾਤਸ਼ਾਹ ਦਾ ਮੁਖ ਰੱਖਿਆ ਤੇ ਪਾਂਜਾ ਹੇਠਾਂ ਦੇ ਦਿੱਤਾ।)

ਪਰ ਪਰਖ ਕਸਵੱਟੀ ਇਸ ਦਲੀਲ ਨੂੰ ਅਧਾਰਹੀਣ ਸਿੱਧ ਕਰਦੀ ਹੈ। ਸ਼ਾਇਦ ਇਹੀ ਕਾਰਣ ਹੈ ਕਿ ਛਾਪੇ ਦੀ ਪ੍ਰਚੱਲਿਤ ਬੀੜ ਵਿੱਚ ਹੁਣ ਇਹ ਅੰਕ ਨਹੀਂ ਮਿਲਦਾ। ਅਜਿਹੇ ਅੰਕਾਂ ਬਾਰੇ ਐਸਾ ਵੀ ਮੰਨਿਆ ਜਾਂਦਾ ਹੈ ਕਿ ਜਿਥੇ ਲਿਖਾਰੀ ਸਿਰਲੇਖ ਵਿਖੇ ਰਾਗ ਦੇ ਘਰੁ ਜਾਂ ਦੁਪਦੇ, ਤਿਪਦੇ ਆਦਿਕ ਸ਼ਬਦਾਂ ਦੀ ਗਿਣਤੀ ਖੜਵੇਂ ਅਖਰਾਂ ਵਿਚ ਲਿਖਣੀ ਭੁੱਲ ਗਿਆ, ਉੱਥੇ ਫਿਰ ਬਰੀਕ ਕਲਮ ਨਾਲ ਉਪਰੋਕਤ ਕਿਸਮ ਦੇ ਲਟਕਵੇਂ ਅੰਕ ਪਾ ਕੇ ਸਾਰਿਆ ਹੈ। ਪਰ, ਇਨ੍ਹਾਂ ਚੋਂ ਵੀ ਕੁਝ ਅੰਕ ਐਸੇ ਵੀ ਹਨ, ਜਿਹੜੇ ਸਾਰਥਿਕ ਸਿੱਧ ਨਹੀਂ ਹੁੰਦੇ। ਰਾਗ ਗਉੜੀ ਵਿਚ ਘਰਾਂ ਦਾ ਵੇਰਵਾ ਨਹੀਂ ਮਿਲਦਾ। ਇਸ ਲਈ ਮੰਨਿਆ ਜਾ ਰਿਹਾ ਹੈ ਕਿ ਉੱਥੇ ਲਟਕਵੇਂ ਅੰਕ 'ਘਰੁ' ਦਾ ਪ੍ਰਤੀਕ ਹਨ। ਪਰ ਜੇ ਐਸਾ ਮੰਨ ਲਿਆ ਜਾਏ ਤਾਂ ਫਿਰ ਅਜਿਹੇ ਸੰਗ੍ਰਹਿ ਤੋਂ ਪਹਿਲਾਂ ਸੰਖੇਪ ਮੰਗਲਾਚਰਨ ਵੀ ਲੋੜੀਂਦਾ ਹੈ। ਇਸ ਲਈ ਜਥੇਦਾਰ ਵੇਦਾਂਤੀ ਜੀ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰ ਸੀ ਕਿ ਅਜਿਹੇ ਸਾਰੇ ਅੰਕ ਛਪਾਈ ਲਈ ਲੋੜੀਂਦੇ ਨਹੀਂ, ਕਿਉਂਕਿ ਇਹ ਸਾਰਥਿਕ ਸਿੱਧ ਨਹੀਂ ਹੁੰਦੇ। ਇਸ ਲਈ ਪੰਥਕ ਵਿਦਵਾਨਾਂ ਨੂੰ ਸਿਰ ਜੋੜ ਕੇ ਸਹਿਜਮਈ ਢੰਗ ਨਾਲ ਵਿਚਾਰਨ ਦੀ ਲੋੜ ਹੈ ਕਿ ਪਾਵਨ ਬੀੜ ਦੀ ਸ਼ੁਧ ਛਪਾਈ ਲਈ ਐਸੇ ਅੰਕਾਂ ਦੀ ਲੋੜ ਵੀ ਹੈ ਜਾਂ ਨਹੀਂ?

ਗੁਰਬਾਣੀ ਵੀਚਾਰ ਲਈ 'ਗੁਰਪ੍ਰਸਾਦਿ ਡਾਟ ਕਾਮ' ਵੈਬਸਾਈਟ ਦੇ ਸੰਚਾਲਕ ਗਿ. ਅਵਤਾਰ ਸਿੰਘ ਜਲੰਧਰ ਵਾਲਿਆਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਦੋਮਾਤ੍ਰੇ ਲਫ਼ਜ਼ਾਂ ਦੀ ਗਿਣਤੀ ੧੪੭ ਦੇ ਲਗਭਗ ਹੈ। ਕੁਝ ਵਿਦਵਾਨ

੧੭੬ ਦੇ ਲਗਭਗ ਵੀ ਗਿਣਦੇ ਹਨ, ਕਿਉਂਕਿ ਕਈ ਦੋਮਾਤ੍ਰੇ ਇੱਕ ਤੋਂ ਵਧ ਵਾਰ ਵੀ ਵਰਤੇ ਮਿਲਦੇ ਹਨ। ਜਿਵੇਂ 'ਉਮਾਹਾ' ੧੩ ਵਾਰ ਲਿਖਿਆ ਮਿਲਦਾ ਹੈ। ਇਹ ਚਾਰ ਪ੍ਰਕਾਰ ਦੇ ਹਨ। ਇੱਕ ਉਹ ਹਨ, ਜਿਨ੍ਹਾਂ ਦੇ ਅਰੰਭਕ ਅੱਖਰ ਨੂੰ ਦੋ ਮਾਤ੍ਰਾ ਹਨ। ਜਿਵੇਂ 'ਗੋੁਪਾਲੁ'। ਦੂਜੇ ਉਹ ਹਨ, ਜਿਨ੍ਹਾਂ ਦਾ ਅਖੀਰਲਾ ਅੱਖਰ ਦੋਮਾਤ੍ਰਾ ਹੈ। ਜਿਵੇਂ 'ਅਨਦਿਨੋੁ'। ਤੀਜੇ ਹਨ ਇੱਕ ਅਖਰੀ ਦੋਮਾਤ੍ਰੇ, ਜਿਵੇਂ 'ਸੋੁ' ਅਤੇ ਚੌਥੇ ਹਨ, ਜਿਨ੍ਹਾਂ ਪਦਾਂ ਦਾ ਕੋਈ ਵਿਚਕਾਰਲਾ ਅੱਖਰ ਦੋਮਾਤ੍ਰਾ ਹੁੰਦਾ ਹੈ। ਜਿਵੇਂ 'ਜਗਦੀਸੋੁਰਾ' ਆਦਿ। ਪਰ ਜਥੇਦਾਰ ਵੇਦਾਂਤੀ ਜੀ ਮੁਤਾਬਿਕ ਇਨ੍ਹਾਂ ਵਿਚੋਂ ਕੁਝ ਅਜਿਹੇ ਵੀ ਹਨ ਜਿਹੜੇ ਆਪਣੀਆਂ ਮੂਲਿਕ ਲਗਾਂ ਸਦਕਾ ਹੀ ਛੰਦ ਦੇ ਕਾਵਿਕ-ਤੋਲ ਵਿਚ ਪੂਰੇ ਉੱਤਰਦੇ ਹਨ। ਭਾਵ, ਤੁਕ ਦੇ ਮਾਤ੍ਰਿਕ ਤੋਲ ਦੀ ਪੂਰਤੀ ਲਈ ਉਨ੍ਹਾਂ ਵਿਚੋਂ ਕਿਸੇ ਅਖਰ ਦੀ ਗੁਰੂ-ਮਾਤ੍ਰਾ ਨੂੰ ਲਘੂ-ਮਾਤ੍ਰਾ ਅਤੇ ਲਘੂ ਨੂੰ ਗੁਰੂ ਦੇ ਰੂਪ ਵਿਚ ਉਚਾਰਣ ਦੀ ਲੋੜ ਨਹੀਂ। ਭਾਵ, 'ਔਂਕੜ' ਨੂੰ 'ਹੋੜੇ' ਵਿਚ ਬਦਲ ਕੇ ਮਾਤ੍ਰਾ ਵਧਾਉਣ ਅਤੇ 'ਹੋੜੇ' ਨੂੰ 'ਔਂਕੜ' ਵਿਚ ਬਦਲ ਕੇ ਮਾਤ੍ਰਾ ਘਟਾਉਣ ਦੀ ਲੋੜ ਨਹੀਂ ਜਾਪਦੀ।

ਜਿਵੇਂ, ਸ੍ਰੀ ਸੁਖਮਨੀ ਸਾਹਿਬ ਦੀ ਪਾਵਨ ਤੁਕ ਹੈ: "ਟੂਟੀ ਗਾਢਨਹਾਰ ਗੋੁਪਾਲ॥" {ਪੰਨਾ ੨੮੨} ਇਹ ੧੫ਵੀਂ ਅਸਟਪਦੀ ਦੇ ਪਹਿਲੇ ਪਦੇ ਦੀ ਪਹਿਲੀ ਤੁਕ ਹੈ। ਇਸ ਤੁਕ ਵਿਚ 'ਗੋੁਪਾਲ' ਪਦ ਦੋਮਾਤ੍ਰਾ ਹੈ, ਕਿਉਂਕਿ ਉਸ ਦੇ 'ਗ' ਅੱਖਰ ਨੂੰ 'ਹੋੜਾ' ਤੇ 'ਔਂਕੜ' ਦੇ ਰੂਪ ਵਿਚ ਦੋ ਮਾਤ੍ਰਾਂ ਪਈਆਂ ਦਿਸਦੀਆਂ ਹਨ। ਗੁਰਬਾਣੀ ਪਾਠ ਦੀ ਪ੍ਰਚੱਲਿਤ ਰੀਤ ਮੁਤਾਬਿਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਸਟੀਕ ਦੇ ਪਦ-ਅਰਥਾਂ ਵਿਚ ਦੁਮਾਤ੍ਰੇ-ਪਦ 'ਗੋੁਪਾਲ' ਪ੍ਰਤੀ ਵਿਸ਼ੇਸ਼ ਨੋਟ ਇੰਞ ਹੈ: ਗੋੁਪਾਲ- {ਨੋਟ:—ਅੱਖਰ 'ਗ' ਨਾਲ ਦੋ 'ਲਗਾਂ' ਵਰਤੀਆਂ ਗਈਆਂ ਹਨ। ਅਸਲੀ ਲਫ਼ਜ਼ 'ਗੋਪਾਲ' ਹੈ, ਪਰ ਛੰਦ ਦੀ ਚਾਲ ਤਾਂ ਹੀ ਪੂਰੀ ਰਹਿ ਸਕਦੀ ਹੈ ਜੇ 'ਗੁਰੂ' ਮਾਤ੍ਰਾ' (ˉ) ਦੇ ਥਾਂ 'ਲਘੂ' ਮਾਤ੍ਰਾ (_) ਵਰਤੀ ਜਾਏ। ਸੋ, ਪਾਠ ਵਿਚ ਲਫ਼ਜ਼ 'ਗੁਪਾਲ' ਪੜ੍ਹਨਾ ਹੈ}। ਪਰ ਧਿਆਨ ਦੇਣ ਯੋਗ ਗੱਲ ਹੈ ਕਿ ਇਸ ਪਦੇ ਦੀ ਕੋਈ ਵੀ ਤੁਕ ੧੬ ਮਾਤ੍ਰਾ ਤੋਂ ਵਧੇਰੇ ਨਹੀਂ। ਉਪਰੋਕਤ ਤੁਕ "ਟੂਟੀ (੪) ਗਾਢਨਹਾਰ (੭) ਗੋੁਪਾਲ (੫)॥"। ਦੀਆਂ ਵੀ ਕੁੱਲ ਮਾਤ੍ਰਾਂ ੧੬ ਹਨ। ਸੰਸਕ੍ਰਿਤ ਦਾ ਮੂਲਿਕ ਲਫ਼ਜ਼ ਹੈ: 'ਗੋਪਾਲ (ਗੋ+ਪਾਲ) = ਧਰਤੀ ਦਾ ਪਾਲਕ, ਸੰਸਾਰ ਦੀ ਪਾਲਣਾ ਕਰਨ ਵਾਲਾ। ਇਸ ਪਦ ਦੀਆਂ ਮੂਲਿਕ ਮਾਤ੍ਰਾਵਾਂ ਸੁਭਾਵਿਕ ਹੀ ੫ ਹਨ।

ਇਸ ਲਈ ਜਥੇਦਾਰ ਵੇਦਾਂਤੀ ਤੇ ਗਿਆਨੀ ਭਰਪੂਰ ਸਿੰਘ ਜੀ ਦਾ ਮੰਨਣਾ ਹੈ ਕਿ 'ਗ' ਅੱਖਰ ਦੇ ਹੋੜੇ ਦੀ ਥਾਂ ਔਂਕੜ ਬੋਲ ਕੇ ਇੱਕ ਮਾਤ੍ਰਾ ਘਟਾਉਣ ਦੀ ਇੱਥੇ ਲੋੜ ਨਹੀਂ, ਕਿਉਂਕਿ ਇਸ ਤੋਂ ਅਗਲੀ ਤੁਕ "ਸਰਬ (੩)

ਜੀਆ (੪) ਆਪੇ (੪) ਪ੍ਰਤਿਪਾਲ (੫)॥" ਦੀਆਂ ਮਾਤ੍ਰਾਵਾਂ ਦੀ ਕੁੱਲ ਗਿਣਤੀ ਵੀ ੧੬ ਹੈ। ਇਸ ਕਾਰਣ ਉਪਰੋਕਤ ਦੋਵੇਂ ਤੁਕਾਂ ਦੀਆਂ ੧੬,੧੬ ਮਾਤ੍ਰਾਵਾਂ ਹੋਣ ਕਰਕੇ ਆਪਸੀ ਕਾਵਿਕ-ਤੋਲ ਪੂਰਾ ਪੂਰਾ ਹੈ।

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਪੰਨਾ ੧੩੪੭ ਵਿਖੇ 'ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ' ਦੇ ਸਿਰਲੇਖ ਹੇਠ ਪਹਿਲੇ ਪਦੇ ਦੀਆਂ ਅੰਤਕ ਦੋ ਤੁਕਾਂ ਹਨ: "ਉਰਝਿ ਪਰਿਓ ਮਨ ਮੀਠ ਮੁੋਹਾਰਾ॥ ਗੁਨ ਗਾਹਕ ਮੇਰੇ ਪ੍ਰਾਨ ਅਧਾਰਾ॥੧॥" ਇਨ੍ਹਾਂ ਦੋ ਤੁਕਾਂ ਵਿਚ ੧੮,੧੮ ਮਾਤ੍ਰਾਵਾਂ ਦਾ ਕਾਵਿ-ਤੋਲ ਹੈ। ਜਿਵੇਂ: ਉਰਝਿ (੩) ਪਰਿਓ (੪) ਮਨ (੨) ਮੀਠ (੩) ਮੁੋਹਾਰਾ॥ ਗੁਨ ਗਾਹਕ ਮੇਰੇ ਪ੍ਰਾਨ ਅਧਾਰਾ॥੧॥" 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਸਟੀਕ ਦੇ ਪਦ-ਅਰਥਾਂ ਵਿਚ ਦੁਮਾਤ੍ਰੇ-ਪਦ 'ਮੁੋਹਾਰਾ' ਪ੍ਰਤੀ ਵਿਸ਼ੇਸ਼ ਨੋਟ ਇੰਞ ਹੈ: ਮੁੋਹਾਰਾ— (ਅੱਖਰ 'ਮ' ਦੇ ਨਾਲ ਦੋ ਲਗਾਂ ਹਨ— ਹੋੜਾ (ੋ) ਅਤੇ ਔਂਕੜ (ੁ)। ਅਸਲ ਲਫ਼ਜ਼ 'ਮੋਹਾਰਾ' ਹੈ, ਇੱਥੇ 'ਮੁਹਾਰਾ' ਪੜ੍ਹਨਾ ਹੈ)।

ਪਰ, ਜਥੇਦਾਰ ਵੇਦਾਂਤੀ ਜੀ ਤੇ ਗਿ. ਭਰਪੂਰ ਸਿੰਘ ਜੀ ਦਾ ਕਥਨ ਹੈ ਕਿ ਇਨ੍ਹਾਂ ਦੋ ਤੁਕਾਂ ਵਿਚ ੧੮, ੧੮ ਮਾਤ੍ਰਾਵਾਂ ਦਾ ਆਪਸੀ ਕਾਵਿ-ਤੋਲ ਹੈ। ਜਿਵੇਂ: "ਉਰਝਿ (੩) ਪਰਿਓ (੪) ਮਨ (੨) ਮੀਠ (੩) ਮੁੋਹਾਰਾ (੬)॥" ਕੁੱਲ ਜੋੜ- ੧੮ ਅਤੇ ਦੂਜੀ ਤੁਕ "ਗੁਨ (੨) ਗਾਹਕ (੪) ਮੇਰੇ (੪) ਪ੍ਰਾਨ (੩) ਅਧਾਰਾ (੫)॥" ਦਾ ਕੁੱਲ ਜੋੜ ਵੀ ੧੮ ਹੈ। ਉਪਰੋਕਤ ਸੰਸਕ੍ਰਿਤ ਮੂਲਿਕ ਲਫ਼ਜ਼ 'ਮੋਹਾਰਾ' ਆਪਣੇ ਅਸਲੀ ਰੂਪ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ 'ਮਾਰੂ ਮਹਲਾ ੫ ਸੋਲਹੇ' ਸਿਰਲੇਖ ਹੇਠ ਵੀ ਇੱਕ ਵਾਰ ਵਰਤਿਆ ਮਿਲਦਾ ਹੈ। ਉਹ ਪਾਵਨ ਤੁਕ ਹੈ: "ਮਿਥਨ **ਮੋਹਾਰਾ** ਝੂਠੁ ਪਸਾਰਾ॥" {ਪੰਨਾ ੧੦੭੭} ਇੱਥੋਂ ਵੀ ਪੁਸ਼ਟੀ ਹੁੰਦੀ ਹੈ ਕਿ ਸੰਸਕ੍ਰਿਤ ਦੇ ਸੰਧੀ-ਜਨਕ 'ਮੋਹਾਰਾ' (ਮੋਹ+ਹਾਰਾ) ਪਦ ਦੀਆਂ ਮੂਲਿਕ ਮਾਤ੍ਰਾਂਵਾਂ ਸੁਭਾਵਿਕ ਹੀ ੬ ਹਨ, ਜਿਨ੍ਹਾਂ ਨਾਲ ਤੁਕ ਦਾ ਕਾਵਿਕ ਤੋਲ ਪੂਰਾ ਹੁੰਦਾ ਹੈ। ਇਸ ਲਈ ਇੱਥੇ ਵੀ ਗੁਰੂ-ਮਾਤ੍ਰਾ ਹੋੜੇ ਦੀ ਥਾਂ ਲਘੂ-ਮਾਤ੍ਰਾ ਔਂਕੜ ਉਚਾਰਣ ਦੀ ਲੋੜ ਨਹੀਂ। ਭਾਵ, ਦਰਪਣ ਸਟੀਕ ਦੇ ਉਪਰੋਕਤ ਵਿਸ਼ੇਸ਼ ਨੋਟ ਵਾਲੀ ਪਾਠ ਦੀ ਪ੍ਰਚੱਲਿਤ ਰੀਤ ਮੁਤਾਬਿਕ 'ਮੋਹਾਰਾ' ਪਦ ਨੂੰ 'ਮੁਹਾਰਾ' ਉਚਾਰਣ ਕਰਨਾ ਅਵਸ਼ਕ ਨਹੀਂ।

ਜਥੇਦਾਰ ਵੇਦਾਂਤੀ ਜੀ ਵਾਲੇ ਸੋਧੇ ਖਰੜੇ ਵਿਚ ਭਾਵੇਂ ਇਸ ਪੱਖੋਂ ਕਿਸੇ ਕਿਸਮ ਦੀ ਕੋਈ ਸੁਧਾਈ ਕੀਤੀ ਨਹੀਂ ਦਿਸਦੀ, ਪਰ ਫਿਰ ਵੀ ਉਨ੍ਹਾਂ ਦੇ ਕਥਨ ਮੁਤਾਬਿਕ ਇਸ ਦ੍ਰਿਸ਼ਟੀਕੋਨ ਤੋਂ ਸਾਰੇ ਦੋਮਾਤ੍ਰੇ ਪਦਾਂ ਨੂੰ ਵਿਚਾਰਨਾ ਲਾਭਦਾਇਕ ਹੈ, ਕਿਉਂਕਿ ਗੁਰਬਾਣੀ ਦੇ ਸ਼ੁਧ-ਉਚਾਰਣ ਪੱਖੋਂ ਪਾਠਕਾਂ ਲਈ ਬੇਲੋੜੀ ਉਚਾਰਣਕ-ਦੁਬਿਧਾ ਦੀ ਥਾਂ ਉਚਾਰਣਕ-ਸਰਲਤਾ ਲਾਭਦਾਇਕ ਹੈ।

ਇਸ ਅਧਿਆਇ ਦਾ ਵਿਚਾਰਨਯੋਗ ਤੀਜਾ ਮਸਲਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਟਿੱਪੀ ਦਾ ਅੱਧਕ ਤੇ ਕਾਵਿ ਰੂਪ ਦੂਹਰੀ ਵਰਤੋਂ ਦਾ। ਗੁਰਮੁੱਖੀ ਦੀ ਲਿਖਤ ਵਿਚ 'ਟਿੱਪੀ' (ੰ), 'ਬਿੰਦੀ' (ਂ) ਅਤੇ 'ਅੱਧਕ' (ੱ), ਤਿੰਨ 'ਲਗਾਖਰ' (Consonant Symbols) ਮੰਨੇ ਜਾਂਦੇ ਹਨ। 'ਲਗਾਖਰ' ਪਦ ਦਾ ਅਰਥ ਹੈ, ਉਹ ਲਿਖਤ ਚਿੰਨ, ਜਿਨ੍ਹਾਂ ਦਾ ਉਚਾਰਨ ਸਦਾ ਲਗਾਂ ਤੋਂ ਪਿੱਛੋਂ ਹੀ ਹੁੰਦਾ ਹੈ। ਐਸੇ ਚਿੰਨ ਆਮ ਤੌਰ 'ਤੇ ਲਗਾਂ ਤੋਂ ਪਿੱਛੋਂ ਹੀ ਵਰਤੇ ਜਾਂਦੇ ਹਨ। ਇਨ੍ਹਾਂ ਵਿਚੋਂ ਟਿੱਪੀ ਤੇ ਅੱਧਕ ਤਾਂ ਮੁਕਤੇ ਅੱਖਰਾਂ 'ਤੇ ਵੀ ਟਿਕ ਜਾਂਦੇ ਹਨ, ਪਰ ਬਿੰਦੀ ਕਦੇ ਵੀ ਨਹੀਂ। ਇਹ ਸਦਾ ਲਗਾਂ ਤੋਂ ਪਿੱਛੋਂ ਹੀ ਵਰਤੀਂਦੀ ਹੈ।

ਇਸ ਪ੍ਰਕਾਰ ਦੀ ਸਾਰੀ ਜਾਣਕਾਰੀ ਉਪਰੋਕਤ ਪੁਸਤਕ 'ਸਰਬੋਤਮਤਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚੋਂ ਵਿਸਥਾਰ ਪੂਰਵਕ ਪੜ੍ਹੀ ਜਾ ਸਕਦੀ ਹੈ। ਸਾਹਿਤਕ ਭਾਸ਼ਾ ਵਿਚ 'ਟਿੱਪੀ' ਦੀ ਅਵਾਜ਼ ਨੂੰ ਨਾਸਕੀ-ਧੁਨਿ ਅਤੇ ਅੱਧਕ ਦੀ ਅਵਾਜ਼ ਨੂੰ ਬਲ-ਧੁਨੀ ਜਾਂ ਅੱਖਰੀ ਦੁੱਤ ਉਚਾਰਣ ਲਿਖਿਆ ਜਾਂਦਾ ਹੈ, ਕਿਉਂਕਿ ਜਿਸ ਅੱਖਰ ਤੋਂ ਪਹਿਲਾਂ ਅੱਧਕ ਵਰਤਿਆ ਹੋਵੇ, ਉਸ ਨੂੰ ਦੂਹਰਾ ਕਰਕੇ ਬੋਲਿਆ ਜਾਂਦਾ ਹੈ। ਟਿੱਪੀ ਦੋ ਕੰਮ ਕਰਦੀ ਹੈ। ਇੱਕ ਤਾਂ ਜਿਸ ਅੱਖਰ 'ਤੇ ਟਿੱਪੀ ਪੈਂਦੀ ਹੈ, ਉਸ ਨੂੰ ਨਾਸਕੀ ਧੁਨਿ ਵਿਚ ਬਦਲਦੀ ਹੈ ਅਤੇ ਦੂਜੇ, ਉਸ ਤੋਂ ਅਗਲੇ ਅੱਖਰ ਨੂੰ ਦੂਹਰੀ-ਧੁਨਿ ਪ੍ਰਦਾਨ ਕਰਦੀ ਹੈ।

ਪੰਚਮ ਗੁਰੂ ਪਾਤਸ਼ਾਹ ਜੀ ਨੇ ਸੰਨ ੧੬੦੪ ਵਿਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਢਲੇ ਰੂਪ 'ਪੋਥੀ' ਸਾਹਿਬ ਦੀ ਸੰਪਾਦਨਾ ਕੀਤੀ, ਉਸ ਵਕ਼ਤ ਲਗਾਂ ਤੇ ਲਗਾਖਰਾਂ ਦੀ ਵਰਤੋਂ ਬੜੀ ਸੰਕੋਚਵੀਂ ਸੀ। ਜੇ ਸ੍ਰੀ ਗੋਇੰਦਵਾਲ ਸਾਹਿਬ ਵਾਲੀਆਂ ਪੋਥੀਆਂ ਦੇ ਦਰਸ਼ਨ ਕਰੀਏ ਤਾਂ ਉਨ੍ਹਾਂ ਵਿਚ ਕੰਨੇ ਦੀ ਥਾਂ ਵੀ ਬਿੰਦੀ ਦੀ ਵਰਤੋਂ ਮਿਲਦੀ ਹੈ। ਹੇਠਾਂ ਵੇਖੋ ਬਿੰਦੀ ਦੀ ਵਰਤੋਂ ਵਾਲਾ ਪੋਥੀ ਦਾ ਚਿਤ੍ਰ :

ਕੇਤੀ॥ਕਰਸੈਨੈਸਿਕਪੇਟੀਟੀ
ਟੈਗੀ॥੫॥੫ੁਰਬਲਾਏਰਸਤੁਕ
ਰਸੁਨਸਿੁਟਗੈਪਾਰਗੀਤੁਘਰਿ
ਮੰਚਨਮਮੇਲਾਂ॥ਬਾਣਦਦੇਲ
ਚਨਰਮਜੀਓ॥ਨਰਈਣਤੇ
ਣਸਕਤਗੀਕੈਲੇਗਦਗ॥
॥੬॥੧੫॥ ਰਾਗੁਧਨਾਸਰੀ
ਪਾਇਲਪਤੀਏਸੰਕਰਤਹਨਤਚੇ
ਤੁੰਸੰਸਗਲੇਜਨ॥ਕਸਨਤਤਤ
ਉਤਿਤਿਨਚੰਦੀਨਦਨ॥੧॥
ਪਾਲਪੁਰਸਬਿਰਸਛਿਨਪੁਰਖ
ਦਖਰ॥ਸਾਸਗਸਸਉਸਗਾ
~~ਕੈਸੁਸਕੀਨਪਾਗ॥੨੬~~

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਤ ਵਿਖੇ ਬਿੰਦੀ ਤੇ ਟਿੱਪੀ ਦੀ ਵਰਤੋਂ ਤਾਂ ਭਾਵੇਂ ਲਗਾਖਰਾਂ ਵਜੋਂ ਸੰਕੇਤਕ ਰੂਪ ਵਿਚ ਮਿਲਦੀ ਹੈ; ਪਰ ਅੱਧਕ ਚਿੰਨ ਦੀ ਲਿਖਤੀ ਵਰਤੋਂ ਦਾ ਭਾਵੇਂ ਬਿਲਕੁਲ ਅਭਾਵ ਹੈ, ਪਰ ਇਸ ਦੀ ਉਚਾਰਣਕ ਧੁਨੀ ਦਾ ਅਭਾਵ ਨਹੀਂ। ਗੁਰਬਾਣੀ ਵਿਖੇ ਕਈ ਥਾਈਂ ਟਿੱਪੀ ਨੂੰ ਅੱਧਕ ਦੀ ਥਾਂ ਭਾਰ-ਚਿੰਨ ਵਜੋਂ ਵੀ ਵਰਤਿਆ ਮਿਲਦਾ ਹੈ ਅਤੇ ਕਾਵਿਕ ਮਾਤ੍ਰਾਂਵਾਂ ਦੀ ਪੂਰਤੀ ਤੇ ਤੁਕਾਂਤਕ ਇਕਸਾਰਤਾ ਲਈ ਵੀ, ਕਿਉਂਕਿ ਕਾਵਿ-ਸ਼ਾਸ਼ਤਰ ਪਿੰਗਲ ਮੁਤਾਬਿਕ ਟਿੱਪੀ ਤੇ ਅੱਧਕ ਦੀ ਆਪੋ-ਆਪਣੀ ਪੂਰੀ ਇੱਕ ਇੱਕ ਮਾਤ੍ਰਾ ਮੰਨੀ ਜਾਂਦੀ ਹੈ। ਜਿਵੇਂ 'ਰਾਮਕਲੀ ਅਨੰਦ' ਦੀਆਂ ਹੇਠ ਲਿਖੀਆਂ ਤੁਕਾਂ ਵਿਚ ਵਿਚ ਦੋਮਾਤ੍ਰੀ ਲਫ਼ਜ਼ 'ਮਨ' ਨੂੰ ਤ੍ਰੈਮਾਤ੍ਰੀ ਬਨਉਣ ਲਈ ਉਸ ਨੂੰ 'ਮੰਨ' ਲਿਖਿਆ ਹੈ, ਕਿਉਂਕਿ ਇਸ ਤੋਂ ਅਗਲੀ ਤੁਕ ਦੀਆਂ ਕਾਵਿਕ ਮਾਤ੍ਰਾਂ ੨੨ ਸਨ। ਜੇ ਦੋਮਾਤ੍ਰੀ ਲਫ਼ਜ਼ 'ਮਨ' ਟਿੱਪੀ ਰਹਿਤ ਲਿਖਿਆ ਜਾਂਦਾ ਤਾਂ ਇੱਕ ਮਾਤ੍ਰਾ ਘਟਦੀ ਸੀ:

ਚਤੁਰਾਈ (੬) ਨ (੧) ਪਾਇਆ (੫) ਕਿਨੈ (੩), ਤੂ (੨) ਸੁਣਿ (੨) ਮੰਨ (੩) ਮੇਰਿਆ (੫)॥ (ਕੁੱਲ ਜੋੜ- ੨੨)

ਏਹ (੩) ਮਾਇਆ (੫) ਮੋਹਣੀ (੫), ਜਿਨਿ (੨) ਏਤੁ (੩) ਭਰਮਿ (੩) ਭੁਲਾਇਆ (੬)॥ (ਕੁੱਲ ਜੋੜ- ੨੨) {ਗੁਰੂ ਗ੍ਰੰਥ ਸਾਹਿਬ-ਪੰਨਾ ੯੧੮}

ਇਸੇ ਤਰ੍ਹਾਂ ਹੇਠ ਲਿਖੇ ਸਵਈਏ ਵਿਚ ਟਿੱਪੀ ਦੀ ਵਰਤੋਂ ਕਾਵਿਕ ਮਾਤ੍ਰਾਂ ਦੀ ਪੂਰਤੀ ਅਤੇ ਤੁਕਾਂਤਕ ਇਕਸਾਰਤਾ ਰੂਪ ਖ਼ੂਬਸੂਰਤੀ ਲਈ ਵੀ ਕੀਤੀ ਮਿਲਦੀ ਹੈ। ਇਸ ਲਈ ਜਿੱਥੇ 'ਮਨ' ਨੂੰ ਟਿੱਪੀ ਸਹਿਤ 'ਮੰਨ' ਲਿਖਿਆ ਹੈ, ਉੱਥੇ ਦੋਮਾਤ੍ਰੀ ਲਫ਼ਜ਼ 'ਅਨ' (ਸੰਸਕ੍ਰਿਤ ਦੇ 'ਅਨਜ' ਲਫ਼ਜ਼ ਦਾ ਪ੍ਰਾਕ੍ਰਿਤ ਰੂਪ ਹੈ 'ਅਨ', ਜਿਸ ਦਾ ਅਰਥ ਹੈ 'ਹੋਰ', 'ਦੂਜੇ' ਅਤੇ 'ਭਿੰਨ') ਨੂੰ ਤ੍ਰੈਮਾਤ੍ਰੀ ਬਨਾਉਣ ਲਈ 'ਅੰਨ' ਅਤੇ ਤੁਕਾਂਤਕ ਖ਼ੂਬਸੂਰਤੀ ਲਈ 'ਜਨ' ਲਫ਼ਜ਼ ਨੂੰ 'ਜੰਨ' ਲਿਖਿਆ ਮਿਲਦਾ ਹੈ:

ਗੁਰੂ ਗੁਰੁ, ਗੁਰੂ ਗੁਰੁ, ਗੁਰੂ ਜਪੁ ਮੰਨ ਰੇ॥

ਜਾ ਕੀ ਸੇਵ, ਸਿਵ ਸਿਧ ਸਾਧਿਕ, ਸੁਰ ਅਸੁਰ ਗਣ; ਤਰਹਿ ਤੇਤੀਸ, ਗੁਰ ਬਚਨ ਸੁਣਿ ਕੰਨ ਰੇ॥

ਫੁਨਿ, ਤਰਹਿ ਤੇ ਸੰਤ, ਹਿਤ ਭਗਤ ਗੁਰੁ ਗੁਰੁ ਕਰਹਿ; ਤਰਿਓ ਪ੍ਰਹਲਾਦੁ, ਗੁਰ ਮਿਲਤ ਮੁਨਿ ਜੰਨ ਰੇ॥

ਤਰਹਿ ਨਾਰਦਾਦਿ ਸਨਕਾਦਿ, ਹਰਿ ਗੁਰਮੁਖਹਿ; ਤਰਹਿ ਇਕ ਨਾਮ ਲਗਿ, ਤਜਹੁ ਰਸ ਅੰਨ ਰੇ॥

ਦਾਸੁ ਬੇਨਤਿ ਕਹੈ, ਨਾਮੁ ਗੁਰਮੁਖਿ ਲਹੈ; ਗੁਰੂ ਗੁਰੁ, ਗੁਰੂ ਗੁਰੁ, ਗੁਰੂ ਜਪੁ ਮੰਨ ਰੇ॥੪॥ {ਗੁਰੂ ਗ੍ਰੰਥ ਸਾਹਿਬ-ਪੰਨਾ ੧੪੦੧}

ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵਾਲੇ ਪ੍ਰੋ. ਕਸ਼ਮੀਰਾ ਸਿੰਘ ਜੀ (ਲੇਖਕ: ਵਿਸ਼ੇਸ਼ ਧੁਨੀ ਗੁਰਬਾਣੀ ਸ਼ਬਦ ਕੋਸ਼) ਦਾ ਕਥਨ ਹੈ ਕਿ ਗੁਰਬਾਣੀ ਦੀ ਲਿਖਤ ਵਿਚ "ਅੱਧਕ ਦਾ ਚਿੰਨ੍ਹ (ਸੇਮਬੋਲ) ਵਰਤਿਆ ਨਹੀਂ ਮਿਲ਼ਦਾ, ਭਾਵੇਂ, ਅੱਧਕ ਦੀ ਧੁਨੀ ਦੀ ਵਰਤੋਂ ਕੀਤੀ ਮਿਲ਼ਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਓਦੋਂ ਅੱਧਕ ਦਾ ਚਿੰਨ੍ਹ ਗੁਰਮੁਖੀ ਲਿੱਪੀ ਵਿਚ ਅਜੇ ਹੋਂਦ ਵਿਚ ਨਹੀਂ ਸੀ। ਉਰਦੂ/ਫ਼ਾਰਸੀ ਭਾਸ਼ਾ ਵਿਚ਼ ਅੱਧਕ ਲਈ 'ਤਸ਼ਦੀਦ' ਨਾਂ ਦਾ ਚਿੰਨ੍ਹ ਵਰਤੋਂ ਵਿਚ ਸੀ। ਸੰਸਕ੍ਰਿਤ ਭਾਸ਼ਾਂ ਵਿਚ ਅੱਧਕ ਦੀ ਵਰਤੋਂ ਅੱਖਰ ਦੇ ਨਾਲ਼ ਉਹੀ ਅੱਧਾ ਅੱਖਰ ਹੋਰ ਜੋੜ ਕੇ ਕੀਤੀ ਜਾਂਦੀ ਸੀ। ਜਿਵੇਂ:

੧. ਉਰਦੂ/ਫ਼ਾਰਸੀ ਭਾਸ਼ਾ ਵਿਚ ਅੱਧਕ ਦੀ ਵਰਤੋਂ -

ਅੱਬਾ = ਅਲਿਫ਼+ਤਸ਼ਦੀਦ+ਬੇ+ਜ਼ਬਰ+ਅਲਿਫ਼ (ਆਪਣੇ ਖੱਬੇ ਪਾਸੇ ਨੂੰ ਪੜ੍ਹੋ)

੨. ਸੰਸਕ੍ਰਿਤ/ਹਿੰਦੀ ਵਿਚ ਅੱਧਕ ਦੀ ਵਰਤੋਂ -

ਛੁੱਟੀ = । ਪੱਤਾ= । ਬੱਚਾ= । ਕੁੱਤਾ= ।

ਉਪਰੋਕਤ ਤੋਂ ਪਤਾ ਲੱਗਦਾ ਹੈ ਕਿ ਅੱਧਕ, ਭਾਵ, ਅੱਖਰ ਦੀ ਧੁਨੀ ਨੂੰ ਦੁੱਤ ਕਰਕੇ ਜਾਂ ਅੱਖਰ ਉੱਤੇ ਬੱਲ ਦੇ ਕੇ ਬੋਲਣਾਂ ਆਮ ਪ੍ਰਚੱਲਤ ਸੀ। ਪੰਜਾਬੀ ਭਾਸ਼ਾ ਬੋਲਣ ਵਾਲ਼ੇ ਭੀ ਉਹੀ ਪ੍ਰਾਣੀ ਸਨ ਜੋ ਅੱਧਕ ਦੀ ਧੁਨੀ ਨੂੰ ਬੋਲਣ ਦਾ ਅਭਿਆਸ ਰੱਖਦੇ ਸਨ ਤੇ ਸਿੱਖੀ ਵਿਚਾਰਧਾਰਾ ਨੂੰ ਅਪਣਾ ਕੇ ਸਿੱਖ ਬਣ ਗਏ। ਹਿੰਦੂ ਜਾਂ ਮੁਸਲਮਾਨ ਤੋਂ ਸਿੱਖ ਬਣਨ ਲਈ ਐਸੀ ਕੋਈ ਸ਼ਰਤ ਨਹੀਂ ਸੀ ਕਿ ਉਹ ਪਹਿਲਾਂ ਅੱਧਕ ਦੀ ਧੁਨੀ ਬੋਲਣੀ ਬੰਦ ਕਰਨ। ਜੇ ਅੱਧਕ ਦੀ ਧੁਨੀ ਦਾ ਚਿੰਨ੍ਹ ਗੁਰਬਾਣੀ ਵਿਚ ਨਹੀਂ ਹੈ ਤਾਂ ਇਸ ਦਾ ਅਰਥ ਇਹ ਨਹੀਂ ਕਿ ਇਹ ਧੁਨੀ ਪੰਜਾਬੀ ਭਾਸ਼ਾ ਵਿਚੋਂ ਪੂਰੀ ਹੀ ਅਲੋਪ ਹੋ ਗਈ ਸੀ। ਧੁਨੀਆਂ ਪਹਿਲਾਂ ਤੇ ਉਨ੍ਹਾਂ ਦੇ ਚਿੰਨ੍ਹ ਪਿੱਛੋਂ ਜਾ ਕੇ ਹੋਂਦ ਵਿਚ ਆਉਂਦੇ ਹਨ।

ਹੁਣ ਪ੍ਰਸ਼ਨ ਹੈ ਕਿ ਕੀ ਅੱਧਕ ਦਾ ਚਿੰਨ੍ਹ ਨਾ ਲੱਗਾ ਹੋਣ ਤੇ ਭੀ ਸ਼ਬਦਾਂ ਵਿਚ ਲੋੜ ਅਨੁਸਾਰ ਇਹ ਧੁਨੀ ਬੋਲਣੀ ਹੈ ਕਿ ਨਹੀਂ? ਜਵਾਬ ਸਪਸ਼ਟ ਹੈ ਕਿ ਬੋਲਣੀ ਹੈ, ਨਹੀਂ ਤਾਂ ਪਾਠ ਰੁੱਖਾ ਹੋਵੇਗਾ ਅਤੇ ਅਰਥ ਭੀ ਠੀਕ ਨਹੀਂ ਬਣਨਗੇ। ਗੱਲ 'ਅੱਧਕ' ਦਾ ਚਿੰਨ੍ਹ ਲੱਗਾ ਜਾਂ ਨਾ ਲੱਗਾ ਹੋਣ ਦੀ ਨਹੀਂ, ਗੱਲ ਹੈ ਕਿ ਸ਼ਬਦ ਰਚਨਾ ਨੂੰ ਵਿਚਾਰ ਕੇ ਬੋਲਣ ਨਾਲ਼ ਅਰਥ ਕੀ ਬਣਦੇ ਹਨ। ਕਿਸੇ ਭੀ ਸ਼ਬਦ ਦੇ ਬੋਲਣ ਵਿਚ ਉੱਸ ਭਾਸ਼ਾ ਦੀਆਂ ਧੁਨੀਆਂ ਨੂੰ ਧਿਆਨ ਵਿਚ ਰੱਖਣਾ ਹੈ ਜਿਸ ਭਾਸ਼ਾ ਵਿਚੋਂ ਉਹ ਸ਼ਬਦ ਲਿਆ ਗਿਆ ਹੈ ਨਹੀਂ ਤਾਂ ਅਰਥ ਦਾ ਅਨਰਥ ਬਣ ਜਾਏਗਾ। ਇਸ ਕੰਮ ਲਈ ਸ਼ਬਦ-ਜੋੜ ਭਾਸ਼ਾ ਧੁਨੀ-ਗਿਆਨ ਦਾ ਹੋਣਾ ਅਤੀ ਜ਼ਰੂਰੀ ਹੈ। ਬਿਨਾਂ ਵੀਚਾਰ ਜਾਂ ਲੋੜ ਤੋਂ ਅੱਧਕ ਦੀ ਵਰਤੋਂ ਭੀ ਅਰਥ ਦਾ ਅਨਰਥ ਬਣਾ

ਦਿੰਦੀ ਹੈ। ਗੁਰਬਾਣੀ ਵਿਚੋਂ ਪਾਵਨ ਕੁਝ ਤੁਕਾਂ ਵਿਚ ਅੱਧਕ ਦੀ ਧੁਨੀ ਦੀ ਵਰਤੋਂ/ਕੁਵਰਤੋਂ ਤੇ ਵਿਚਾਰ ਕਰਦੇ ਹਾਂ:

੧. ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ॥

{ਪੰਨਾ ੧੩੬੮}

ਤੁਕ ਵਿਚ 'ਫਰਕਿ' ਸ਼ਬਦ ਦੀ ਵਰਤੋਂ 'ਫੜੱਕ' ਤੋਂ ਹੈ ਭਾਵ ਬਹੁਤ ਜਲਦੀ, ਇਸ ਲਈ 'ਰ' ਅੱਧਕ ਨਾਲ਼ ਬੋਲਿਆ ਜਾਵੇਗਾ। ਕੱਕਾ ਅੱਖਰ ਨੂੰ ਦੁੱਤ ਕਰਕੇ ਬੋਲਣ ਨਾਲ ਹੀ ਅਰਥ ਸ਼ੁੱਧ ਹੋਣਗੇ। ਜੇ 'ਫਰੱਕਿ' ਦੀ ਥਾਂ 'ਫਰਕਿ' ਪੜ੍ਹਿਆ ਜਾਵੇ ਤਾਂ ਅਰਥ ਹੋਣਗੇ ਅੰਤਰ ਕਰਕੇ, ਜੋ ਇੱਥੇ ਢੁੱਕਵੇਂ ਨਹੀਂ।

੨. ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥

{ਪੰਨਾ ੧੩੮੦}

ਕੰਨਿ- ਮੋਢੇ ਉੱਤੇ। ਸੂਫੁ- ਕਾਲ਼ੀ ਖਫ਼ਨੀ। ਦਿਲਿ- ਦਿਲ ਵਿਚ (ਅਧਿਕਰਣ ਕਾਰਕ ਸ਼ਬਦ)। ਵਾਤਿ- ਮੂੰਹ ਵਿਚ (ਅਧਿਕਰਣ ਕਾਰਕ ਸ਼ਬਦ- locative case)। ਤੁਕ ਵਿਚ 'ਮੁਸਲਾ' ਸ਼ਬਦ ਦਾ ਅਰਥ ਹੈ ਨਮਾਜ਼ (ਸੱਲਤ) ਪੜ੍ਹਨ ਲਈ ਸਾਧਨ। ਇਹ ਅਰਥ ਤਾਂ ਹੀ ਬਣਨਗੇ ਜੇ ਸ਼ਬਦ ਨੂੰ 'ਮੁਸੱਲਾ' ਪੜ੍ਹਿਆ ਜਾਵੇ। ਇਹ ਅਰਬੀ ਭਾਸ਼ਾ ਦਾ ਸ਼ਬਦ 'ਮੁਸੱਲਹ' ਹੈ। ਜੇ ਸੱਸਾ ਅੱਖਰ ਏਥੇ ਅੱਧਕ ਨਾਲ ਨਾ ਬੋਲਿਆ ਜਾਵੇ ਤਾਂ 'ਮੁਸਲਾ' ਬੋਲਣ ਨਾਲ਼ ਸ਼ਬਦ ਦੇ ਅਰਥ ਹੋਣਗੇ 'ਮੁਸਲਮਾਨ' ਅਤੇ 'ਕੰਨਿ ਮੁਸਲਾ' ਦਾ ਅਰਥ ਬਣੇਗਾ 'ਮੋਢੇ ਉੱਤੇ ਮੁਸਲਮਾਨ ਚੁੱਕੀ ਫਿਰਦਾ ਹੈ' ਤੇ ਇਉਂ ਬਾਣੀ ਦਾ ਨਿਰਾਦਰ ਹੋਏਗਾ ਅਤੇ ਅਰਥਾਂ ਦਾ ਅਨਰਥ ਬਣੇਗਾ।

੩. ੳ. ਮਾਤਾ ਪ੍ਰੀਤਿ ਕਰੇ ਪੁਤੁ ਖਾਇ॥

{ਪੰਨਾ ੧੬੪}

ਅ. ਮਾਤਾ ਭੈਸਾ ਅੰਮੁਹਾ ਜਾਇ॥

{ਪੰਨਾ ੩੨੬}

ਤੁਕ ਨੰਬਰ ੩. ੳ. ਵਿਚ ਮਾਤਾ ਸ਼ਬਦ ਦਾ ਅਰਥ ਹੈ 'ਮਾਂ', 'ਤ' ਨਾਲ਼ ਕੋਈ ਬੱਲ ਧੁਨੀ ਨਹੀਂ ਹੈ। ਜੇ ਗ਼ਲਤੀ ਨਾਲ਼ ਬੱਲ ਧੁਨੀ ਬੋਲੀ ਗਈ ਤਾਂ ਅਰਥ ਬਣੇਗਾ 'ਮਸਤਿਆ ਹੋਇਆ ਪ੍ਰੇਮ ਕਰਦਾ ਹੈ' ਤੇ ਪੁੱਤਰ ਖਾਂਦਾ ਹੈ ਜੋ ਠੀਕ ਨਹੀਂ ਹੋਵੇਗਾ।

ਤੁਕ ਨੰਬਰ ੩. ਅ. ਵਿਚ 'ਮਾਤਾ' ਸ਼ਬਦ ਦਾ ਅਰਥ ਹੈ ਮਸਤਿਆ ਹੋਇਆ ਅਤੇ ਉਚਾਰਣ 'ਮੱਤਾ' ਜਾਂ 'ਮਾਅਤਾ' ਹੋਵੇਗਾ। 'ਤ' ਨੂੰ ਦੁੱਤ ਕਰਕੇ ਬੋਲਿਆ ਜਾਵੇਗਾ। ਇੱਥੇ 'ਮਾਤਾ' ਸ਼ਬਦ 'ਮੱਤਾ' ਤੋਂ ਬਣਿਆਂ ਹੈ। ਤੁਕ ਦਾ ਅਰਥ ਬਣੇਗਾ- ਮਸਤੇ ਹੋਏ ਸੰਢੇ ਵਰਗਾ ਮਨੁ ਅਮੋੜ-ਪੁਣਾ ਕਰਦਾ ਹੈ। 'ਮਾਤਾ'

ਸ਼ਬਦ ਵਿਚ /ਮਾ/ ਨਾਲ਼ ਅੱਧਕ ਧੁਨੀ ਬੋਲਣ ਤੋ ਬਿਨਾਂ 'ਮਾਤਾ ਭੈਸਾ' ਦਾ ਅਰਥ ਬਣੇਗਾ 'ਮਾਂ ਸੰਢਾ ਹੈ' ਜੋ ਗ਼ਲਤ ਹੈ। ਸ੍ਰੋਤੇ ਨੇ ਬੋਲਣ ਵਾਲ਼ੇ ਦੀ ਰਸਨਾ ਤੋਂ ਹੋਏ ਉਚਾਰਣ ਨੂੰ ਸੁਣਕੇ ਹੀ ਕੋਈ ਅਰਥ ਭਾਵ ਸਮਝਣਾ ਹੁੰਦਾ ਹੈ। ਠੀਕ ਬੋਲਣ ਨਾਲ਼ ਹੀ ਠੀਕ ਅਰਥ ਪ੍ਰਚਾਰ ਵਿਚ ਆਉਣਗੇ।

੪. ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥

{ਪੰਨਾ ੨੯੪}

ਤੁਕ ਵਿਚ 'ਓਹੁ' ਸ਼ਬਦ ਪੁਲਿੰਗ ਹੈ ਤੇ ਬਾਕੀ ਸ਼ਬਦ ਭੀ ਪੁਲਿੰਗ ਸਰੂਪ ਹਨ। 'ਪਤਿਵੰਤੁ' ਨੂੰ 'ਪੱਤਿਵੰਤੁ' ਸਮਝ ਕੇ ਪੜ੍ਹਨਾ ਹੈ ਤੇ ਠੀਕ ਅਰਥ ਬਣੇਗਾ 'ਇੱਜ਼ਤ ਵਾਲ਼ਾ'। ਅੱਧਕ ਬੋਲਣ ਤੋਂ ਬਿਨਾ ਪੜ੍ਹਨ ਤੇ ਅਰਥ ਬਣੇਗਾ 'ਪਤੀ ਵਾਲ਼ਾ' ਕਿਉਂਕਿ 'ਪਤਿ' ਸ਼ਬਦ ਦਾ ਅਰਥ ਹੈ 'ਪਤੀ', ਭਾਵ, ਖ਼ਸਮ ਹੈ। ਬੰਦਾ ਪਤਨੀ ਵਾਲ਼ਾ ਹੋ ਸਕਦਾ ਹੈ ਪਤੀ ਵਾਲ਼ਾ ਨਹੀਂ, ਕਿਉਂਕਿ 'ਓਹੁ' ਸ਼ਬਦ ਪੁਲਿੰਗ ਵਾਸਤੇ ਹੈ। ਜੇ 'ਪਤਿਵੰਤੁ' ਸ਼ਬਦ ਨੂੰ 'ਪੱਤਵੰਤ' ਬੋਲਿਆ ਜਾਵੇ ਤਾਂ ਗੁਰਬਾਣੀ ਦੀ ਭਾਸ਼ਾ ਅਨੁਸਾਰ 'ਪੱਤਵੰਤ' ਦਾ ਅਰਥ 'ਪੱਤਿਆਂ ਵਾਲ਼ਾਂ' ਬਣੇਗਾ ਜੋ ਪ੍ਰਕਰਣ ਅਨੁਸਾਰ ਢੁੱਕਦਾ ਨਹੀਂ ਹੈ। ਗੁਰਬਾਣੀ ਵਿਚ 'ਪੱਤ' ਸ਼ਬਦ ਦ੍ਰੱਖ਼ਤਾਂ ਦੇ ਪੱਤਿਆਂ ਵਾਸਤੇ ਵਰਤਿਆ ਗਿਆ ਹੈ, ਜਿਵੇਂ: ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥

{ਪੰਨਾ ੪੭੦}

੫. ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰ ਰਹਿਆ॥

{ਪੰਨਾ ੪੬੯}

ਤੁਕ ਵਿਚ 'ਅਕਲ' ਸ਼ਬਦ ਅਰਬੀ ਭਾਸ਼ਾ ਦਾ 'ਅਕਲ' ਨਹੀਂ ਜਿਸ ਦਾ ਅਰਥ 'ਬੁੱਧਿ' ਹੁੰਦਾ ਹੈ। ਤਾਂ ਤੇ ਇਸ ਦਾ ਪਾਠ 'ਕ' ਨੂੰ ਦੁੱਤ ਕਰਕੇ ਠੀਕ ਬਣੇਗਾ ਤੇ ਬੋਲਿਆ ਜਾਵੇਗਾ 'ਅ+ਕੱਲ' (ਭਾਵ ਅਖੰਡ)। ਇਸ ਨੂੰ 'ਅਕ+ਲ' ਨਹੀਂ ਬੋਲਿਆ ਜਾਵੇਗਾ। ਇੱਥੇ ਵਰਤੇ 'ਅਕਲ' ਸ਼ਬਦ ਨੂੰ ਠੀਕ ਬੋਲਣ ਲਈ ਗੁਰਬਾਣੀ ਵਿਚਾਰ ਰਾਹੀਂ ਠੀਕ ਬੋਲਣ ਦੀ 'ਅਕਲ' ਜ਼ਰੂਰ ਆ ਜਾਣੀ ਚਾਹੀਦੀ ਹੈ। ਏਥੇ 'ਕਲਾ' ਦਾ ਅਰਥ ਹੈ 'ਟੋਟਾ' ਜਾਂ ਹਿੱਸਾ ਅਤੇ 'ਅਕਲ' ਦਾ ਅਰਥ 'ਸੰਪੂਰਨ' ਹੈ। ਪ੍ਰਭੂ ਐਸਾ ਹੈ ਜਿੱਸ ਦੇ ਹੋਰ ਟੋਟੇ ਨਹੀਂ ਹੋ ਸਕਦੇ ਭਾਵ ਉਹ ਸੰਪੂਰਨ ਅਤੇ ਅਖੰਡ ਹੈ।

੬. ਰਾਗੁ ਸੂਹੀ ਮਹਲਾ ੧ ਕੁਚਜੀ {ਪੰਨਾ-੭੬੨} ਸੂਹੀ ਮਹਲਾ ੧ ਸੁਚਜੀ॥ {ਪੰਨਾ-੭੬੨}

ਸਿਰਲੇਖਾਂ ਵਿਚ ਵਰਤੇ ਸ਼ਬਦ 'ਕੁਚਜੀ' ਅਤੇ 'ਸੁਚਜੀ', 'ਕੁੱਚ ਜੀ' ਅਤੇ 'ਸੁੱਚ ਜੀ' ਨਹੀਂ ਹਨ। 'ਕੁਚਜੀ' ਸ਼ਬਦ ਦਾ ਪਾਠ 'ਕੁਚੱਜੀ'(ਚੱਜ ਤੋਂ

ਬਿਨਾਂ) ਅਤੇ 'ਸੁਚਜੀ' ਸ਼ਬਦ ਦਾ ਪਾਠ 'ਸੁਚੱਜੀ' (ਚੱਜ ਵਾਲ਼ੀ) ਠੀਕ ਬਣਦਾ ਹੈ, ਅੱਧਕ ਧੁਨੀ ਦੀ ਠੀਕ ਥਾਂ ਵਰਤੋਂ ਕਰਕੇ। ਸ. ਤੇਜਾ ਸਿੰਘ ਸਮੁੰਦਰੀ ਹਾਲ ਵਿਚ ਵਿਚ ਪਹਿਲੀ ਵਾਰੀ ਸੰਨ ੧੯੭੮ ਵਿਚ ਹੋਏ ਸ਼ੁੱਧ ਪਾਠ ਬੋਧ ਸਿੱਖਿਆ ਸਮਾਗਮ ਵਿਚ ਇੱਕ ਬੀਬੀ ਨੇ ਅੱਧਕ ਦੀ ਗ਼ਲਤ ਵਰਤੋਂ ਕਰਕੇ 'ਕੁਚਜੀ' ਅਤੇ 'ਸੁਚਜੀ' ਸ਼ਬਦਾਂ ਨੂੰ 'ਕੁੱਚ ਜੀ' ਅਤੇ 'ਸੁੱਚ ਜੀ' ਪੜ੍ਹ ਦਿੱਤਾ ਸੀ ਜਿਸ ਦੀ ਸੋਧ ਪਾਠ ਤੋਂ ਪਿੱਛੋਂ ਹੋਈ ਵਿਚਾਰ ਚਰਚਾ ਵਿਚ ਕੀਤੀ ਗਈ ਸੀ।

੭. ਬਿਲਾਵਲ ਮਹਲਾ ੩ ਵਾਰ ਸਤ ਘਰੁ ੧੦ {ਪੰਨਾ ੮੪੧}

ਸਿਰਲੇਖ ਵਿਚ ਸ਼ਬਦ 'ਸਤ' ਸੰਸਕ੍ਰਿਤ ਦੇ ਸ਼ਬਦ 'ਸਪਤ' ਤੋਂ ਬਣਿਆ **ਹੈ ਜਿੱਸਦਾ ਅਰਥ ਹੈ 'ਸੱਤ'** (Seven)। ਇਹ ਸ਼ਬਦ 'ਸ' ਨੂੰ ਅੱਧਕ ਸਹਿਤ **ਬੋਲਿਆ ਜਾਵੈਗਾ। ਬਿਨਾ ਅੱਧਕ** ਬੋਲਣ ਦੇ 'ਵਾਰ ਸਤ' ਦਾ ਅਰਥ ਬਣੇਗਾ **'ਵਾਰ ਦਾ ਅਰਕ' ਜਿਵੇਂ ਨਿੰਬੂ** ਦਾ 'ਸਤ' ਜੋ ਨਿੰਬੂ ਦਾ ਸੁਕਾਇਆ ਹੋਇਆ **ਅਰਕ ਹੁੰਦਾ ਹੈ।**

੮. **ਅਸੀ ਖਤੇ ਬਹੁਤੁ ਕਮਾਵਦੇ** ਅੰਤੁ ਨਾ ਪਾਰਾਵਾਰੁ॥ (ਪੰਨਾ -੧੪੧੬ **ਗਗਸ) ਤੁਕ ਦੇ ਸ਼ਬਦ** 'ਖਤੇ' ਵਿਚ ਬਿਨਾ ਵਿਚਾਰੇ 'ਤ' ਦੂੱਤ **ਕੀਤਿਆ, ਭਾਵ, 'ਖੱਤੇ'** ਪਾਠ ਗ਼ਲਤ ਹੋਵੈਗਾ। ਇਹ ਸ਼ਬਦ ਅ਼ਰਬੀ **ਭਾਸ਼ਾ ਦੇ ਸ਼ਬਦ 'ਖ਼ਤ਼ਾ'** ਤੋਂ ਬਹੁ-ਵਚਨ ਪੁਲਿੰਗ ਭਾਵ-ਵਾਚਕ ਨਾਂਵ **ਹੈ।**

'ਖ਼ਤਾ' ਸ਼ਬਦ ਦਾ ਅਰਥ ਹੈ 'ਪਾਪ'। ਖਤੇ ਸ਼ਬਦ ਨੂੰ 'ਖੱਤੇ' ਬੋਲਣ **ਨਾਲ਼ ਅਰਥ ਬਣੇਗਾ 'ਖੇਤ' (Feilds),** ਜੋ ਮਾਇਆ ਨਾਲ਼ ਖ਼ਰੀਦੇ ਜਾਂਦੇ ਹਨ, **ਪਰ ਇਹ ਅਰਥ ਇੱਥੇ ਢੁੱਕਦਾ ਨਹੀਂ ਹੈ ਕਿਉਂਕਿ** ਪ੍ਰਕਰਣ ਅਨੁਸਾਰ ਇਹ ਅਰਥ **ਨਹੀਂ ਹੈ।**

ਸਪਸ਼ਟ ਹੈ ਕਿ ਗੁਰਬਾਣੀ ਦੇ ਸ਼ਬਦਾਂ ਵਿਚ ਅੱਧਕ ਦੀ ਧੁਨੀ ਦੀ ਕੀਤੀ **ਗਈ ਵਰਤੋਂ ਨੂੰ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ।** ਲੋੜ ਕੇਵਲ ਮਿਹਨਤ ਕਰਕੇ **ਅੱਧਕ ਧੁਨੀ ਵਾਲੇ ਅਨੇਕਾਂ ਸ਼ਬਦਾਂ ਦੀ ਪਛਾਣ ਕਰਨ** ਦੀ ਹੈ। ਅਗਿਆਨਤਾ **ਵਿਚ ਗ੍ਰਸਤ, ਮਿਹਨਤ ਦੀ ਥਾਂ ਢੁੱਚਰਾਂ ਕਰਨ ਵਾਲ਼ੇ ਅਕਸਰ** ਇਹ ਗ਼ਲਤ ਕਹਿੰਦੇ **ਹਨ ਕਿ ਬਾਣੀ ਓਵੇਂ ਪੜ੍ਹੋ ਜਿਵੇਂ ਲਿਖੀ ਹੈ, ਭਾਵੇਂ, ਅਜਿਹਾ** ਉਹ ਆਪ ਵੀ ਨਹੀਂ **ਕਰਦੇ। ਗੁਰਬਾਣੀ ਕੇਵਲ ਲਿਖਣ-ਕਾਲ਼ ਵਾਲ਼ੇ ਸਮੇਂ ਵਾਲ਼ੀ** ਐਨਕ ਲਾ ਕੇ ਹੀ **ਠੀਕ ਪੜ੍ਹੀ ਜਾ ਸਕਦੀ ਹੈ। ਅੱਜ ਦੇ ਸਮੇਂ ਵਾਲ਼ੀ ਐਨਕ** ਨਾਲ਼ ਠੀਕ ਦੇਖਿਆ **ਜ਼ਰੂਰ ਜਾ ਸਕਦਾ ਹੈ ਪਰ ਬਾਣੀ ਸ਼ੁੱਧ ਰੂਪ ਵਿਚ ਨਹੀਂ ਪੜ੍ਹੀ** ਜਾ ਸਕਦੀ। **ਗੁਰਬਾਣੀ ਵਿਚ ਅੱਧਕ ਧੁਨੀ ਵਾਲ਼ੇ ਅਨੇਕਾਂ ਸ਼ਬਦ ਹਨ। ਏਥੇ ਕੇਵਲ** ਕੁੱਝ 'ਕੁ **ਉਦਾਹਰਣਾਂ, ਅੱਧਕ ਧੁਨੀ ਦੀ ਹੋਂਦ ਸਮਝਣ ਲਈ, ਹੀ ਦਿੱਤੀਆਂ ਗਈਆਂ** ਹਨ।

ਟਕਸਾਲ ਭਿੰਡਰਾਂ ਦੇ ਸੁਪ੍ਰਸਿੱਧ ਮੁਖੀ ਗਿ. ਗੁਰਬਚਨ ਸਿੰਘ 'ਖ਼ਾਲਸਾ' ਜੀ ਦੀਆਂ ਸੇਧਾਂ ਮੁਤਾਬਿਕ ਲਿਖੀ ਅਤੇ ਡੇਰਾ ਚੌਕ ਮਹਿਤਾ ਵੱਲੋਂ ਪ੍ਰਕਾਸ਼ਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਨਾਂ ਦੀ ਪੁਸਤਕ ਦੇ ਇੱਕੋ ਪੰਨੇ ੨੩੫ ਉੱਤੇ ਤਰਤੀਬਵਾਰ ਲਿਖੀਆਂ ਤੁਕਾਂ ਦੇ ਪਦਾਂ ਵਿਚ ਉਚਾਰਣਕ ਵਿਸ਼ਰਾਮਾਂ ਤੇ ਅੱਧਕ ਦੀ ਉਚਾਰਣਕ ਵਰਤੋਂ ਬਾਰੇ ਦਿੱਤੀਆਂ ਵਿਸ਼ੇਸ਼ ਹਦਾਇਤਾਂ ਦੇ ਹੂ-ਬਹੂ ਦਰਸ਼ਨ ਕਰੋ:

ਅੰਗ ੫੭, ਪੰਗਤੀ ੧੧, ਸ਼ਬਦ ੭: ਕਸਿ **ਕਸਵਟੀ** ਲਾਈਐ; ਪਰਖੈ ਹਿਤੁ ਚਿਤੁ ਲਾਇ॥ (**ਕਸਵੱਟੀ** ਬੋਲੋ)

ਅੰਗ ੫੮, ਪੰਗਤੀ ੧੬, ਸ਼ਬਦ ੯: ਮਨੁ ਤਨੁ ਸਾਚਿ **ਵਿਗਸਿਆ**; ਕੀਮਤਿ ਕਹਣੁ ਨਾ ਜਾਇ॥ (**ਵਿਗੱਸਿਆ** ਬੋਲੋ)

ਅੰਗ ੫੯, ਪੰਗਤੀ ੧੪, ਸ਼ਬਦ ੯: ਮੇਰੀ ਮੇਰੀ ਕਰਿ ਗਏ; ਤਨੁ ਧਨੁ **ਕਲਤੁ ਨ** ਸਾਥਿ॥ **(ਕਲੱਤ ਬੋਲੋ)**

ਇਸੇ ਤਰ੍ਹਾਂ ਉਪਰੋਕਤ ਪੁਸਤਕ ਵਿਚ ਵਿਸ਼ਰਾਮਾਂ ਤੇ 'ਬਿੰਦੀ' ਦੀ **ਲੋੜੀਂਦੀ ਵਰਤੋਂ ਬਾਰੇ ਵੀ ਵਿਸ਼ੇਸ਼** ਹਦਾਇਤਾਂ ਮਿਲਦੀਆਂ ਹਨ। ਜਿਵੇਂ:

ਅੰਗ ੯੯, ਪੰਗਤੀ ੨, ਸ਼ਬਦ ੧੫: **ਦੇਦੇ** ਤੋਟਿ ਨਾਹੀ; ਪ੍ਰਭ ਰੰਗਾ॥ **(ਦੇਂਦੇ** ਬੋਲੋ)

ਅੰਗ ੧੦੧੯, ਪੰਗਤੀ ੧੯, ਸ਼ਬਦ ੮: ਪਾਪ **'ਕਰੇਦੜ'**; ਸਰਪਰ ਮੁਠੇ॥ (**ਕਰੇਂਦੜ** ਬੋਲੋ)

ਅੰਗ ੧੦੯੫, ਪੰਗਤੀ ੧੮, ਸ਼ਬਦ ੫: ਭੋਰੇ ਭੋਰੇ ਰੂਹੜੇ; **ਸੇਵੇਦੇ** ਆਲਕੁ॥ (**ਸੇਵੇਂਦੇ** ਬੋਲੋ)

ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਧ ਛਪਾਈ ਲਈ ਬਿੰਦੀ **ਟਿੱਪੀ ਤੇ ਅੱਧਕ ਦੀ ਵਰਤੋਂ ਬਾਰੇ ਵੀ** ਅਤਿ ਗੰਭੀਰਤਾ ਸਹਿਤ ਵਿਚਾਰਨ ਦੀ ਲੋੜ **ਹੈ। ਭਾਵੇਂ ਕਿ 'ਪਾਠ-ਭੇਦਾਂ ਦੀ ਸੂਚੀ'** ਵਾਲੇ ਖੋਜੀ ਵਿਦਵਾਨਾਂ ਨੇ ਸਿੱਖ ਰੈਫ਼ਰੈਂਸ **ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ ਵਿਖੇ ਕੁਝ ਐਸੀਆਂ** ਬੀੜਾਂ ਦੇ ਦਰਸ਼ਨ ਵੀ ਕੀਤੇ ਸਨ, **ਜਿਨ੍ਹਾਂ ਵਿਚ 'ਅੱਧਕ' ਦੀ ਲਿਖਤੀ ਵਰਤੋਂ ਵੀ** ਦਿਸਦੀ ਹੈ। ਜਿਵੇਂ ਛਾਪੇ ਦੀ **ਪਾਵਨ ਬੀੜ ਦੀ ਤੁੱਕ "ਸਰਾ ਸਰੀਅਤਿ ਲੇ ਕੰਮਾਵਹੁ॥** {ਪੰਨਾ ੧੦੮੩} ਨੂੰ ਬੀੜ **ਨੰ. ੮/੮, ੨੬/੫੫, ੩੨/੬੨੮੧, ੩੫/੧੧੬,** ੩੬/੧੧੭, ੩੭/੧੭੦, **੩੯/੧੯੨ ਅਤੇ ਬੀੜ ਨੰ. ੪੦/੨੩੬ ਵਿਚ ਜਿਥੇ** ਅਰਬੀ ਮੂਲ ਦੇ ਲਫ਼ਜ਼ਾਂ **'ਸਰਾ' ਤੇ 'ਸਰੀਅਤ' ਨੂੰ ਅੱਧਕ ਤੇ ਪੈਰੀਂ ਬਿੰਦੀ ਪਾ** ਕੇ 'ਸ਼ੱਰਾ' 'ਸ਼ਰੀਅੱਤ' **ਲਿਖਿਆ ਹੈ, ਉੱਥੇ 'ਕੰਮਾਵਹੁ' ਲਫ਼ਜ਼ ਦੇ ਕੱਕੇ ਅੱਖਰ ਉੱ**ਪਰਲੀ ਟਿੱਪੀ ਦੀ ਥਾਂ **ਵੀ ਅੱਧਕ ਦੀ ਵਰਤੋਂ ਕੀਤੀ ਹੋਈ ਹੈ।**

ਪਾਠ-ਭੇਦਾਂ ਦੀ ਸੂਚੀ ਦੇ ਪੰਨਾ ੨੬੯ 'ਤੇ ਛਾਪੇ ਦੀ ਪਾਵਨ ਬੀੜ ਦੀ

ਤੁਕ 'ਠਾਕੁਰ ਦੇਖਿ ਰਹੰਸੀ ਰਾਮ॥ ਗੁਣ ਸੰਗਿ ਰਹੰਸੀ...(ਪੰਨਾ ੭੬੫) ਦੇ **'ਰਹੰਸੀ'** ਪਦ ਨੂੰ ਹੱਥ ਲਿਖਤੀ ਪੁਰਾਤਨ ਬੀੜ ਨੰ. ੫, ੮/੮, ੨੧/੩੪, ੨੪/੩੬, ੨੬/੫੫, ੩੨/੬੨੮੧, ੩੯/੧੮੨ ਅਤੇ ੪੦/੨੩੬ ਵਿਚ ਸਪਸ਼ਟ ਤੌਰ 'ਤੇ **'ਰਹੱਸੀ'** ਲਿਖਿਆ ਮਿਲਦਾ ਹੈ। ਇਹੀ ਕਾਰਣ ਹੈ ਕਿ ਪਾਠ-ਭੇਦ ਸੂਚੀ ਦੇ ਸੰਪਾਦਕ ਅੱਧਕ ਦੀ ਥਾਂ ਵਰਤੀਆਂ ਟਿੱਪੀਆਂ ਨੂੰ ਹਟਾ ਦੇਣ ਅਤੇ ਹੋਰ ਲੋੜੀਂਦੀਆਂ ਥਾਵਾਂ 'ਤੇ ਅੱਧਕ ਚਿੰਨ ਲਿਖਤੀ ਰੂਪ ਵਿਚ ਵਰਤਣ ਦੀ ਵਕਾਲਤ ਕਰਦੇ ਹਨ। ਇਉਂ ਜਾਪਦਾ ਹੈ ਕਿ ਜਿਹੜੀਆਂ ਸੰਥਾ ਪੋਥੀਆਂ ਸ਼੍ਰੋਮਣੀ ਕਮੇਟੀ ਨੇ **ਰੈਫ਼ਰੈਂਸ ਲਾਇਬ੍ਰੇਰੀ ਦੇ ਇੰਚਾਰਜ** ਸ. ਰਣਧੀਰ ਸਿੰਘ ਵਾਲੀ ਟੀਮ ਨੂੰ ਸੰਨ **੧੯੭੪ ਵਿਚ ਮੁਹੱਈਆ ਕਰਵਾਈਆਂ** ਸਨ, ਉਨ੍ਹਾਂ ਵਿਚ ਕਈ ਥਾਈਂ ਪਾਠ **'ਦੂਰਲੰਭ' ਸੀ, ਸੰਨ ੧੯੭੭ ਤੋਂ** ਪਿੱਛੋਂ ਦੀਆਂ ਬੀੜਾਂ ਤੇ ਪੋਥੀਆਂ ਵਿਚੋਂ ਉਨ੍ਹਾਂ **ਦੀ ਲਿਖਤੀ ਸਲਾਹ ਇੰਵ ਹੈ:**

"ਨੋਟ: 'ਰਹੰਸੀ' ਵਿਚ 'ਹ' ਨੂੰ ਟਿੱਪੀ (ੰ) ਅਧਕ (ੱ) ਦੀ ਥਾਂ **ਲੱਗੀ ਹੈ; ਜਿਵੇਂ 'ਦੂਲੰਭ' (ਦੁਲੱਭ)** ਵਿਚ ਪਿਛੇ ਕਈ ਥਾਈਂ ਆਈ ਹੈ। ਇਸ **ਤਰ੍ਹਾਂ ਪਾਠ ਅਸ਼ੁਧ ਹੋ ਜਾਂਦਾ ਹੈ। ਇਸ** ਲਈ ਲਾਹ ਦੇਣੀ ਚਾਹੀਦੀ ਹੈ। ਨਹੀਂ ਤਾਂ **ਅਧਕ (ੱ) ਬਣਾ ਦੇਣੀ ਚਾਹੀਏ।** ਪੜ੍ਹਨੀ ਤਾਂ ਹਰ ਹਾਲ ਅਧਕ ਹੀ ਉਚਿੱਤ **ਹੈ।"** (ਪੰਨਾ ੨੬੯)

ਕਈ ਪੁਰਾਤਨ ਸੰਚਿਆਂ ਵਿਚ ਲੋੜੀਂਦੀਆਂ ਥਾਵਾਂ 'ਤੇ ਟਿੱਪੀ ਦੀ ਵਰਤੋਂ **ਵੀ ਹੋਈ ਮਿਲਦੀ ਹੈ। ਜਿਵੇਂ ਛਾਪੇ ਦੀ** ਪਾਵਨ ਬੀੜ ਵਿਖੇ 'ਜਪੁ'-ਜੀ ਦੀ ਪਾਵਨ **ਤੁਕ ਹੈ "ਇਕ ਦੂ ਜੀਭੌ ਲਖ ਹੋਹਿ..."** (ਪੰਨਾ ੬, ਪਉੜੀ ਨੰ. ੩੨) ਪਰ, **ਸ਼੍ਰੋਮਣੀ ਕਮੇਟੀ ਵੱਲੋਂ ਛਪੀ 'ਪਾਠ-ਭੇਦਾਂ ਦੀ ਸੂਚੀ'** ਮੁਤਾਬਿਕ ਸਭ ਤੋਂ ਸ਼ੁਧ ਮੰਨੀ **ਗਈ ਬੀੜ ਨੰ. ੫ ਤੋਂ ਇਲਾਵਾ ੨੪/੩੬,** ੩੨/੬੨੮੧, ੩੯/੧੮੨, **੪੦/੨੩੬ ਅਤੇ ਬੀੜ ਨੰ. ੪੭ ਵਿਚ ਪਾਠ 'ਦੂ' ਦੀ** ਥਾਂ ਟਿੱਪੀ ਸਹਿਤ ਪਾਠ **'ਦੂੰ' ਮਿਲਦਾ ਹੈ। ਛਾਪੇ ਦੀ ਪਾਵਨ ਬੀੜ ਦੀ ਤੁਕ** "ਪਰਪਚ ਧ੍ਰੋਹ ਮੋਹ ਮਿਟਨਾਈ॥" (ਪੰਨਾ ੨੫੮) ਦੇ ਮੁਢਲੇ ਪਦ **'ਪਰਪਚ'** ਨੂੰ ਹੱਥ ਲਿਖਤ ਬੀੜ ਨੰ. ੧, ੫, ੨੧/੩੪, ੩੨/੬੨੮੧, ੪੦/੨੩੬, ੪੬. ੪੭, ੫੦, ੫੪ ਅਤੇ ੫੫ ਨੰ. ਬੀੜ ਵਿਚ ਲੋੜੀਂਦੀ 'ਟਿੱਪੀ' ਸਹਿਤ **'ਪਰਪੰਚ'** ਲਿਖਿਆ ਹੋਇਆ ਹੈ। **ਛਾਪੇਖ਼ਾਨੇ ਦੀ ਬੀੜ ਵਿਚ ਬਿੰਦੀ ਦੀ ਸੰਕੋਚਵੀਂ ਵਰਤੋਂ ਤਾਂ ਕਈ** ਸ਼ਬਦਾਂ ਵਿਚ **ਹੋਈ ਮਿਲਦੀ ਹੈ, ਜਿਸ ਨੂੰ ਸੇਧ ਰੂਪ ਮੰਨ ਕੇ ਸੂਝਵਾਨ ਪਾਠੀਆਂ** ਵੱਲੋਂ ਉਪਰੋਕਤ **ਕਿਸਮ ਦੀ ਉਚਾਰਣਕ ਵਰਤੋਂ ਕੀਤੀ ਜਾ ਰਹੀ। ਪਰ ਹੱਥ ਲਿਖਤੀ** ਪੁਰਾਤਨ **ਬੀੜਾਂ ਵਿਚ ਕਈ ਹੋਰ ਲੋੜੀਂਦੀਆਂ ਥਾਵਾਂ 'ਤੇ ਵੀ ਬਿੰਦੀ ਦੀ** ਵਰਤੋਂ ਹੋਈ **ਮਿਲਦੀ ਹੈ, ਜੋ ਛਾਪੇ ਦੀ ਬੀੜ ਵਿਚ ਨਹੀਂ ਦਿਸਦੀ।**

ਇਸ ਪੱਖੋਂ 'ਸਿੰਘ ਸਭਾ ਪਤ੍ਰਕਾ' ਦੇ ਵਿਸ਼ੇਸ਼ ਅੰਕਾਂ ਵਿਚ ਭਾਈ ਜੁਗਿੰਦਰ ਸਿੰਘ 'ਤਲਵਾੜਾ' ਜੀ ਦੇ ਲੇਖ ਵੀ ਸਹਾਇਕ ਸਿੱਧ ਹੋ ਸਕਦੇ ਹਨ, ਕਿਉਂਕਿ ਉਨ੍ਹਾਂ ਮੁਤਾਬਿਕ ਕਈ ਬਿੰਦੀਆਂ ਲੋੜੀਂਦੀਆਂ ਹਨ, ਪਰ ਹੈ ਨਹੀਂ। ਭਾਵੇਂ ਕਿ ਉਹ ਪ੍ਰਾਚੀਨ ਹੱਥ ਲਿਖਤ ਸੰਚਿਆਂ ਵਿਚ ਮਿਲਦੀਆਂ ਹਨ। ਕਈ ਥਾਈਂ ਬੇਲੋੜੀਆਂ ਹੀ ਛਪ ਰਹੀਆਂ ਹਨ ਅਤੇ ਬਹੁਤ ਬਿੰਦੀਆਂ ਐਸੀਆਂ ਵੀ ਹਨ, ਜੋ ਛਾਪੇਖ਼ਾਨੇ ਦੀ ਅਣਗਹਿਲੀ ਕਾਰਣ ਆਪਣੀ ਅਸਲ ਥਾਂ ਤੋਂ ਖਿਸਕ ਕੇ ਅੱਗੇ-ਪਿੱਛੇ ਹੋ ਚੁੱਕੀਆਂ ਹਨ। ਗੁਰਮੁਖੀ ਲਿਖਤ ਦੇ ਨੇਮਾਂ ਅਨੁਸਾਰ ਬਿੰਦੀ ਲਗਾਖਰ ਦਾ ਅਸਲ ਟਿਕਾਣਾ ਲਾਂਵ ਦੁਲਾਵਾਂ, ਹੋੜਾ ਕਨੌੜਾ ਅਤੇ ਸਿਹਾਰੀ ਤੇ ਬਿਹਾਰੀ ਆਦਿਕ ਲਗਾਂ ਤੋਂ ਪਿੱਛੋਂ ਮੰਨਿਆ ਗਿਆ ਹੈ। ਜਿਵੇਂ ਛਾਪੇ ਦੀ ਪਾਵਨ ਬੀੜ ਵਿਖੇ ਤੁਕ ਹੈ "ਦੇਦਾ ਦੇ ਲੈਦੇ ਥਕਿ ਪਾਹਿ॥" {ਪੰਨਾ ੨, ਪਉੜੀ ਨੰ. ੧੧} 'ਪਾਠ-ਭੇਦਾਂ ਦੀ ਸੂਚੀ' ਮੁਤਾਬਿਕ ਸਭ ਤੋਂ ਸ਼ੁਧ ਮੰਨੀ ਗਈ ਹੱਥ ਲਿਖਤੀ ਬੀੜ ਨੰ. ੫ ਵਿਖੇ ਸਪਸ਼ਟ ਰੂਪ ਵਿਚ **'ਦੇਦਾ'** ਦੀ ਥਾਂ **'ਦੇਂਦਾ'** ਅਤੇ **ਲੈਦੇ** ਦੀ ਥਾਂ 'ਲੈਂਦੇ' ਸ਼ੁਧ ਪਾਠ ਮਿਲਦੇ ਹਨ; ਜੋ ਉਚਾਰਨ ਪੱਖੋਂ ਵੀ 'ਗੁਰਬਾਣੀ ਪਾਠ ਦਰਸ਼ਨ' ਤੇ 'ਦਰਪਣ' ਦੀਆਂ ਉਪਰੋਕਤ ਸੇਧਾਂ ਅਨੁਸਾਰ ਢੁਕਵੇਂ ਹਨ।

ਛਾਪੇ ਦੀ ਪਾਵਨ ਬੀੜ ਵਿਖੇ ਤੁਕ ਹੈ "ਆਪੇ ਬਖਸਿਹਿ ਦੇ **ਵਡਿਆਈ॥" {ਪੰਨਾ ੧੧੧} ਪਰ, 'ਪਾਠ-ਭੇਦਾਂ ਦੀ ਸੂਚੀ'** ਅਨੁਸਾਰ ਅਸ਼ੁੱਧ **ਪਾਠ 'ਬਖਸਿਹਿ' ਦੀ ਥਾਂ ਹੱਥ-ਲਿਖਤ ਪੁਰਾਤਨ ਬੀੜ** ਨੰ. ੫, ੨੧/੩੮, **੩੨/੬੨੮੧, ੪੦/੨੩੬, ੪੬ ਤੇ ੫੫ ਵਿਚ ਬਿੰਦੀ ਲਗਾਖਰ** ਸਮੇਤ ਸ਼ੁੱਧ ਪਾਠ **'ਬਖਸਹਿੰ'** ਮੌਜੂਦ ਹੈ। **ਛਾਪੇ ਦੀ ਪ੍ਰਚੱਲਿਤ ਬੀੜ ਵਿਖੇ** ਤੁਕ ਹੈ "ਤੂ ਆਪੇ ਮੇਲਿਹਿ ਗੁਰਮੁਖਿ ਜਾਤਾ॥" {ਪੰਨਾ ੧੨੨} **ਪਰ ਸੂਚੀ** ਮੁਤਾਬਿਕ **'ਮੇਲਿਹਿ' ਅਸ਼ੁੱਧ ਪਾਠ ਦੀ ਥਾਂ ਬੀੜ ਨੰ. ੧, ੪/੩, ੫, ੭,** ੨੧/੩੪, ੩੧/੯੯, **੩੨/੬੨੮੧, ੪੦/੨੩੬, ੪੭ ਤੇ ੫੫ ਨੰ. ਆਦਿ ਵਿਚ** ਬਿੰਦੀ ਸਹਿਤ ਸ਼ੁੱਧ **ਪਾਠ 'ਮੇਲਹਿੰ'** ਮਿਲਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ
ਸ਼ੁਧ-ਛਪਾਈ ਲਈ
ਗੁਰਮੁਖੀ ਦੇ ਵਿਸ਼ੇਸ਼ ਫੌਂਟ ਦੀ ਲੋੜ

ਗੁਰਮੁਖੀ ਦੀ ਲਿਖਾਈ ਵਿਚ ਲਗਾਂ ਮਾਤ੍ਰਾਂ ਅੱਖਰਾਂ ਨਾਲ ਜੁੜਵੀਆਂ ਚਾਹੀਦੀਆਂ ਹਨ, ਪਰ ਇਸ ਪੱਖੋਂ ਸਾਡੀਆਂ ਪ੍ਰਮੁੱਖ ਸਿੱਖ ਸੰਸਥਾਵਾਂ ਤੇ ਗੁਰਬਾਣੀ ਦੇ ਹੋਰ ਪ੍ਰਕਾਸ਼ਕਾਂ ਨੇ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ। ਕੰਪਿਊਟਰੀ ਯੁਗ ਦੀ ਛਪਾਈ ਵਿਚ ਸਿਹਾਰੀ (ਿ), ਬਿਹਾਰੀ (ੀ), ਹੋੜਾ (ੋ) ਕਨੌੜਾ (ੌ) ਅਤੇ ਟਿੱਪੀ (ੰ) ਸਬੰਧਤ ਅਖਰਾਂ ਨਾਲੋਂ ਵੱਖਰੇ ਦਿਸਦੇ ਹਨ। ਅਧਕ (ੱ) ਵੀ ਥਾਂ ਸਿਰ ਨਹੀਂ ਟਿਕਦਾ। ਅਜਿਹਾ ਹੋਣਾ ਗੁਰਮੁਖੀ ਦੀ ਮੁਢਲੀ ਲਿਖਣਸ਼ੈਲੀ ਦੇ ਅਨੁਕੂਲ ਨਹੀਂ ਜਾਪਦਾ। ਲਿਖਾਰੀਆਂ ਅੰਦ੍ਰਲੇ ਭਾਸ਼ਾਈ ਪ੍ਰਭਾਵ ਤੇ ਪ੍ਰੈਸ ਦੀਆਂ ਮਜ਼ਬੂਰੀਆਂ ਕਾਰਨ ਖੜਵਾਂ ਅੱਧਾ 'ਜ' ਤੇ ਪੈਰਾਂ ਵਿਚਲਾ ਅੱਧਾ (ੵ) ਉਲਟੇ ਜਿਹੇ ਪੈਰ ਵਾਲੇ ਅੱਧੇ 'ਹ' ਵਿਚ ਬਦਲ ਗਿਆ ਹੈ। ਇਸੇ ਤਰ੍ਹਾਂ ਅੱਧਾ 'ਹ' (੍ਹ) ਉਲਟੇ ਜਿਹੇ ਕੌਮੇ ਵਰਗੀ ਲਕੀਰ ਵਿਚ ਬਦਲ ਗਿਆ ਹੈ, ਜਿਸ ਨੂੰ ਗੁਰਬਾਣੀ ਦੇ ਪਾਠਕਾਂ ਵੱਲੋਂ ਹਲੰਤ ਆਖਿਆ ਜਾ ਰਿਹਾ ਹੈ। ਜਿਵੇਂ: **ਧ੍ਯਾਨੰ, ਗ੍ਯਾਨੰ** ਅਤੇ **ਤਿਨ੍ ਤੇ ਜਿਨ੍** ਆਦਿਕ। ਪ੍ਰਾਚੀਨ ਬੀੜਾਂ ਵਿਚ ਉਪਰੋਕਤ ਲਫ਼ਜ਼ ਇਉਂ ਮਿਲਦੇ ਹਨ। ਜਿਵੇਂ '**ਧ੍ਯਾਨ**' '**ਕਲ੍ਯਾਨ**' ਅਤੇ '**ਤਿਨ੍ਹ**' ਤੇ '**ਜਿਨ੍ਹ**' ਆਦਿ।

ਬ੍ਰਾਹਮੀ ਲਿਪੀ ਤੋਂ ਉਤਪੰਨ ਹੋਇਆ ਵਿਰਾਮ ਚਿੰਨ (੍) ਦੇਵਨਾਗਰੀ ਤੇ ਹਿੰਦੀ ਲਿਪੀ ਵਿਚ ਸੰਗਿਆ ਵਜੋਂ 'ਹਲ' ਚਿੰਨ, ਸੰਸਕ੍ਰਿਤ ਵਿਚ 'ਹਲੰਤ' (ਹਲ+ਅੰਤ) ਅਤੇ ਮਲਿਆਲਮ ਲਿਪੀ ਵਿਚ 'ਚੰਦ੍ਰਕਲਾ' ਅਖਵਾਉਂਦਾ ਹੈ। ਸੰਸਕ੍ਰਿਤ ਵਿਚ ਇਹ ਕਿਸੇ ਪਦ ਦੇ ਅੰਤਕ ਅੱਖਰ (ਵਰਣ) ਦੇ ਪੈਰ ਪੈਂਦਾ ਹੈ ਅਤੇ ਉਸ ਨੂੰ ਸ੍ਵਰ ਰਹਿਤ ਵਿਅੰਜਨ ਬਣਾ ਦਿੰਦਾ ਹੈ। ਜਿਵੇਂ 'ਕ' (ਕਾ = ਕ+ਅ) ਦੇ ਉਚਾਰਣ ਵਿਚ 'ਕ' ਵਿਅੰਜਨ ਹੈ ਅਤੇ 'ਅ' ਸ੍ਵਰ। ਪਰ, ਜਦੋਂ 'ਕ' ਦੇ ਹੇਠਾਂ ਹਾਲੰਤ (੍) ਲਗਾ ਕੇ ਇਉਂ 'ਕ੍' ਲਿਖਿਆ ਜਾਂਦਾ ਹੈ ਤਾਂ ਉਹਦੇ ਉਚਾਰਣ 'ਚੋਂ 'ਅ' ਸ੍ਵਰ ਉੱਡ ਜਾਂਦਾ ਹੈ ਅਤੇ ਉਹਦੀ ਧੁਨੀ ਦਾ ਸਮਾਂ ਅੱਧਾ ਰਹਿ ਜਾਂਦਾ ਹੈ। ਜਿਵੇਂ 'ਭਗਵਤ੍', 'ਰਾਜਨ੍', 'ਵਾਚ੍', 'ਦਿਸ਼੍', 'ਤਪਸ੍' ਅਤੇ 'ਉਪਾਨਹ੍' ਆਦਿਕ। ਇਹੀ ਕਾਰਣ ਹੈ ਕਿ ਸੰਸਕ੍ਰਿਤ ਵਿਚ ਇਸ ਨੂੰ ਹਲੰਤ (ਹਲ+ਅੰਤ) ਆਖਦਿਆਂ ਇਉਂ ਪ੍ਰੀਭਾਸ਼ਤ ਕੀਤਾ ਜਾਂਦਾ ਹੈ: ਸ਼ੁਧ ਵਿਅੰਜਨ, ਜਿਸ ਦੇ ਉਚਾਰਣ ਵਿਚ ਸ੍ਵਰ ਨਾ ਮਿਲਿਆ ਹੋਵੇ।

ਹਿੰਦੀ ਵਿਚ 'ਹਲ' ਚਿੰਨ (੍) ਕਿਸੇ ਅੱਖਰ ਦੇ ਅੱਧੇ ਹੋਣ ਦਾ ਸੂਚਕ ਹੈ। ਇਸ ਲਈ ਇਹ ਕਿਸੇ ਵੀ ਵਿਅੰਜਨ ਅਖਰ ਦੇ ਹੇਠ ਲਗ ਕੇ ਉਹਨੂੰ 'ਦ੍ਰੱਤ' ਅਖਰ ਵਿਚ ਬਦਲ ਦਿੰਦਾ ਹੈ। ਪਰ, 'ਹਲ' ਚਿੰਨ ਆਮ ਕਰਕੇ ਹਿੰਦੀ ਦੇ ਉਨ੍ਹਾਂ ਅੱਖਰਾਂ ਹੇਠ ਲਾਇਆ ਜਾਂਦਾ ਹੈ, ਜਿਨ੍ਹਾਂ ਦੀਆਂ ਧੁਨੀਆਂ ਦੇ ਅੱਧੇ ਰੂਪ ਮੌਜੂਦ ਨਹੀਂ ਹਨ। ਜਿਵੇਂ 'ਦਾ' 'ਟਾ', 'ਠਾ', 'ਢਾ' 'ਹਾ' ਤੇ 'ਰਾ' ਆਦਿਕ ਧੁਨੀਆਂ ਦੇ ਅੱਧੇ ਰੂਪ ਬਣਨੇ ਔਖੇ ਹਨ ਜੇ ਬਣਾਇਆ ਜਾਏ ਤਾਂ ਦ੍ਰੱਤ ਬਣਨ 'ਤੇ ਉਨ੍ਹਾਂ ਦੀ

ਲੰਬਾਈ ਵਧ ਜਾਂਦੀ ਹੈ। ਇਸ ਲਈ ਅਜਿਹੇ ਅੱਖਰਾਂ ਹੇਠ 'ਹਲ' ਚਿੰਨ ਲਗਾ ਕੇ ਹੀ ਸਾਰ ਲਿਆ ਜਾਂਦਾ ਹੈ। 'ਕਾ' ਤੇ 'ਖਾ' 'ਗਾ' 'ਚਾ' ਤੇ 'ਜਾ' ਅਜਿਹੀਆਂ ਧੁਨੀਆਂ ਹਨ, ਜਿਨ੍ਹਾਂ ਦੇ ਅੱਧੇ ਰੂਪ ਸੁਖਾਲੇ ਹੀ ਬਣ ਜਾਂਦੇ ਹਨ, ਜਿਨ੍ਹਾਂ ਨੂੰ ਸਯੁੰਕਤ ਰੂਪ ਵਰਤਿਆ ਜਾ ਸਕਦਾ ਹੈ। ਇਸ ਲਈ ਅਜਿਹੇ ਅੱਖਰਾਂ ਹੇਠ 'ਹਲ' ਲਗਾਉਣ ਦੀ ਲੋੜ ਨਹੀਂ ਪੈਂਦੀ।

ਗੁਰਬਾਣੀ ਵਿਚ ਇਹ ਚਿੰਨ ਲਫ਼ਜ਼ਾਂ ਦੇ ਦਰਮਿਆਨ ਵੀ ਮਿਲਦੇ ਹਨ **ਅਤੇ ਅੰਤਕ ਵਿਅੰਜਨਾਂ ਨੂੰ ਵੀ ਅਤੇ ਲਾਂਵ ਤੇ ਕੰਨੇ ਦੀ ਧੁਨੀ ਵਾਲੇ ਸੂਰ ਅਖਰਾਂ ਨੂੰ ਵੀ। ਜਿਵੇਂ ਸੰਮ੍ਰਾਰਾ, ਸੰਮ੍ਰਲਾ ਦੀਨ੍ਹ, ਚੀਨ੍ਹ, ਦੀਨ੍ਹੇ**, ਤੇ **ਤਿਨ੍ਹਾ** ਆਦਿ। ਪਰ ਵਧੇਰੇ **ਕਰਕੇ ਹਲੰਤ ਚਿੰਨ ਅੱਧੇ ਹ (੍ਹ) ਵਜੋਂ** ਭਾਰ ਚਿੰਨ ਲਈ ਵਰਤਿਆ ਜਾਪਦਾ ਹੈ, **ਕਿਉਂਕਿ ਪ੍ਰਾਚੀਨ ਹੱਥ ਲਿਖਤੀ** ਬੀੜਾਂ ਵਿਚ ਹਾਲੰਤ ਦੀ ਥਾਂ ਪੈਰ-ਚਿੰਨ੍ਹ ਅੱਧਾ ਹ **(੍ਹ) ਲਿਖਿਆ ਮਿਲਦਾ ਹੈ।** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ **ਵਿਗਿਆਨੀ ਡਾ. ਹਰਕੀਰਤ** ਸਿੰਘ ਮੁਤਾਬਿਕ ਇਹ ਸੰਸਕ੍ਰਿਤ ਭਾਸ਼ਾ ਦਾ **'ਉਦਾਤ' ਚਿੰਨ ਹੈ, ਜਿਹੜਾ ਉੱਚੇ** ਸੂਰ ਦਾ ਪ੍ਰਤੀਕ ਹੈ। ਰਿਸ਼ੀ ਪਾਨਿਨੀ ਦੇ **ਅਸ਼ਟਾਧਿਆਇ ਅੰਦਰ ਪਹਿਲੇ** ਅਧਿਆਇ ਦੇ ਸੂਰ ਸੰਗਿਆ ਵਾਲੇ ਦੂਜੇ ਪਾਦ ਦਾ **੨੯ਵਾਂ ਸੂਤਰ ਹੈ: ਉੱਚੈ: ਉਦਾਤਾ:॥**(੧.੨.੨੯) ਭਾਵ, ਤਾਲੂ ਆਦਿਕ ਸਮਾਨ **ਭਾਗ ਵਾਲੇ ਸਥਾਨਾਂ ਤੋਂ ਨਿਕਲਣ** ਵਾਲੇ ਉੱਚੇ ਸੂਰਾਂ ਨੂੰ 'ਉਦਾਤ' ਸੰਗਿਆ ਦਾ ਨਾਂ **ਦਿੱਤਾ ਜਾਂਦਾ ਹੈ। ਸਪਸ਼ਟ** ਹੈ ਕਿ 'ਉਦਾਤ' ਸੰਗਿਆ 'ਹਲੰਤ' ਵਰਗਾ ਕੋਈ **ਪ੍ਰਤੀਕਾਤਮਿਕ ਚਿੰਨ ਨਹੀਂ।**

ਭਾਸ਼ਾ ਵਿਗਿਆਨੀ ਪ੍ਰੋ. ਹਰਜਿੰਦਰ ਸਿੰਘ 'ਘਰਸਾਣਾ ਮੁਤਾਬਿਕ' **"ਸੰਸਕ੍ਰਿਤ ਭਾਖਾ ਵਿਚ ਸੂਰ ਅੱਖਰਾਂ ਨੂੰ** 'ਅਚ' (ਅਚ) ਆਖਿਆ ਜਾਂਦਾ ਹੈ ਅਤੇ **ਵਿਅੰਜਨ ਅੱਖਰਾਂ ਨੂੰ 'ਹੑ' (ਹਲ)। 'ਹਲ'** ਤੋਂ ਹੀ 'ਹਲੰਤ' (ਹਲੰਤ) ਸੰਸਕ੍ਰਿਤ **ਵਿਚ ਲਫ਼ਜ਼ ਬਣਿਆ ਹੈ, ਜਿਸ ਦਾ ਅਰਥ ਹੈ** 'ਐਸਾ ਸ਼ਬਦ ਜਿਸ ਦੇ ਅੰਤ ਵਿਚ **ਹਲ (ਵਿਅੰਜਨ) ਅੱਖਰ ਹੋਵੇ।' ਅੱਖਰ ਨੂੰ ਸੂਰ** ਰਹਿਤ ਕਰਨ ਲਈ ਅਤੇ ਕੇਵਲ **ਵਿਅਜੰਨ ਉਚਾਰਨ ਲਈ ਸੰਸਕ੍ਰਿਤ ਵਿਚ ਹਲੰਤ** ਦਾ ਪ੍ਰਯੋਗ ਹੁੰਦਾ ਹੈ। ਹਲੰਤ **ਲਈ ਇਸ (੍) ਚਿੰਨ੍ਹ ਨੂੰ ਤਸਲੀਮ ਕੀਤਾ ਗਿਆ** ਹੈ। ਅਜੋਕੀ ਹਿੰਦੀ ਵਿਚ **ਵਿਅਜੰਨ ਅੱਖਰਾਂ ਹੇਠ ਇਸ ਚਿੰਨ੍ਹ ਨੂੰ ਵਰਤਿਆ ਜਾਂਦਾ** ਹੈ। ਮਾਨਕੀਕਰਨ ਹਿੰਦੀ **ਵਿਚ ਇਸ ਨੂੰ ਹਟਾਅ ਦਿੱਤਾ ਗਿਆ ਹੈ। ਅਜੋਕੀ** ਗੁਰਮੁਖੀ ਲਿਪੀ ਵਿਚ **ਸੰਸਕ੍ਰਿਤੀ ਹਲੰਤ ਚਿੰਨ੍ਹ ਨੂੰ ਕੋਈ ਥਾਂ ਨਹੀਂ ਹੈ।**

ਐਪਰ ਗੁਰੂ ਗ੍ਰੰਥ ਸਾਹਿਬ ਵਿਚ ਬਹੁਤਾਤ ਵਿਚ ਲਫ਼ਜ਼ ਦੇ ਅੰਤ ਸੰਸਕ੍ਰਿਤ ਹਲੰਤ ਦੇ **ਚਿੰਨ੍ਹ ਵਰਗਾ ਇਕ ਨਿਸ਼ਾਨ ਨਜਰੀਂ ਪੈਂਦਾ ਹੈ। ਉਸ ਚਿੰਨ੍ਹ** ਨੂੰ ਅਸੀਂ ਜਿਸ **ਸੰਬੰਧਤ ਅੱਖਰ ਹੇਠ ਪਾਇਆ ਗਿਆ ਹੈ, ਅਰਧ 'ਹ' ਸਮਝ** ਕੇ ਅੱਖਰ ਉਪਰ

ਬਲ ਦਿੰਦੇ ਹਾਂ। ਭਾਵ ਉਸ ਚਿੰਨ੍ਹ ਨੂੰ ਭਾਰ-ਚਿੰਨ੍ਹ ਕਿਹਾ ਜਾਂਦਾ ਹੈ। ਉਸ ਚਿੰਨ੍ਹ ਦਾ ਨਾਮ ਵੀ ਹਲੰਤ ਪ੍ਰਚਲਤ ਹੈ। ਅਜੋਕੀ ਗੁਰਮੁਖੀ ਲਿਪੀ ਵਿਚ ਅੱਖਰ 'ਤੇ ਭਾਰ ਦੇਣ ਲਈ ਅਰਧ 'ਹ' ਪੈਰੀਂ ਚਿੰਨ੍ਹ ਲਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਭਾਰ-ਚਿੰਨ੍ਹ ਰੂਪ ਵਿਚ ਲਗਿਆ ਚਿੰਨ੍ਹ ਨੂੰ ਹਲੰਤ ਆਖਣਾ ਦਰੁੱਸਤ ਨਹੀਂ ਹੈ। ਨਾਵਾਕਫ਼ੀ ਕਰਕੇ ਇਹ ਨਾਮ ਪ੍ਰਚਲਤ ਹੋਇਆ ਹੈ। ਚੂੰਕਿ 'ਹਲੰਤ' ਨਾਮ ਸੰਸਕ੍ਰਿਤ ਦਾ ਹੈ, ਜਿਸ ਦੀ ਵਰਤੋਂ ਭਾਰ-ਚਿੰਨ੍ਹ ਤੋਂ ਅਲਹਦੀ(ਵੱਖਰੀ) ਹੈ। ਭਾਰ ਚਿੰਨ੍ਹ ਨੂੰ 'ਉਦਾਤ' ਨਾਮ ਦਿਤਾ ਜਾ ਸਕਦਾ ਹੈ। ਨੋਟ: ਸਮਗਰ ਗੁਰੂ ਗ੍ਰੰਥ ਸਾਹਿਬ ਵਿਚ ਅੱਖਰਾਂ ਹੇਠ ਨਜਰੀਂ ਪੈਂਦਾ ਚਿੰਨ੍ਹ ਅਸਲ ਵਿਚ ਅਰਧ 'ਹ' ਹੈ। ਸਮੱਗਰ ਹੱਥ ਲਿਖਤ ਬੀੜਾਂ ਵਿਚ ਇਸ ਚਿੰਨ੍ਹ ਦੀ ਬਜਾਇ ਅੱਧੇ 'ਹ' ਦੇ ਦਰਸ਼ਨ ਹੁੰਦੇ ਹਨ। ਜਾਪਦਾ ਹੈ ਕਿ ਨਵੀਸਾਂ ਤੋਂ ਲਿਖਦੇ ਸਮੇਂ ਆਕਾਰ ਘਟਦਾ-ਘਟਦਾ ਚਿੰਨ੍ਹ ਰੂਪ ਵਿਚ ਹੀ ਰਹਿ ਗਿਆ ਹੈ। ਫਾਉਂਡਰੀ ਵਾਲਿਆਂ ਨੇ ਬਿਲਕੁਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਤ ਵਿਖੇ ਬਿੰਦੀ ਤੇ ਟਿੱਪੀ ਦੀ ਵਰਤੋਂ ਸ਼ਕਲ ਬਦਲ ਕੇ ਚਿੰਨ੍ਹ ਹੀ ਬਣਾ ਦਿੱਤਾ ਗਿਆ ਹੈ।

ਉਪਰੋਕਤ ਸਾਰੀ ਵਿਚਾਰ ਦਾ ਸਾਰੰਸ਼ ਇਹ ਹੈ ਕਿ ਗੁਰਬਾਣੀ ਵਿਚਲੇ ਹਲੰਤ ਚਿੰਨ (੍) ਦੀ ਵਰਤੋਂ ਨਾ ਤਾਂ ਸੰਸਕ੍ਰਿਤ ਅਤੇ ਹਿੰਦੀ ਲਿਪੀ ਨਾਲ ਮਿਲਦੀ ਅਤੇ ਨਾ ਹੀ ਉਸ ਨੂੰ ਸੰਸਕ੍ਰਿਤ ਦੀ ਸੁਰ ਸੰਗਿਆ 'ਉਦਾਤ' ਨਾਲ ਜੋੜ ਕੇ ਵਿਚਾਰਿਆ ਜਾ ਸਕਦਾ। ਸੰਪਰਦਾਈ ਵਿਦਵਾਨ ਇਸ ਨੂੰ 'ਯਕਸ਼-ਚਿੰਨ' ਆਖਦੇ ਹਨ। 'ਗੁਰਬਾਣੀ ਦਾ ਸਰਲ ਵਿਆਕਰਣ-ਬੋਧ' ਦੇ ਕਰਤਾ ਭਾਈ ਜੁਗਿੰਦਰ ਸਿੰਘ ਤਲਵਾੜਾ ਜੀ ਨੇ ਇਸ ਨੂੰ ਭਾਰ-ਚਿੰਨ ਦਾ ਨਾਂ ਦਿੱਤਾ ਹੈ। ਸ਼ਾਇਦ ਇਹੀ ਕਾਰਣ ਸੀ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਵਾਲੇ ਪੁਰਾਤਨ ਬੀੜਾਂ ਦੇ ਖੋਜੀ ਵਿਦਵਾਨ ਗੁਰਬਾਣੀ ਦੀ ਛਪਾਈ ਵਿਚ ਹਾਲੰਤ (ਚਿੰਨ (੍) ਦੀ ਥਾਂ ਅੱਧੇ ਪੈਰ-ਚਿੰਨ੍ਹ (੍ਹ) ਨੂੰ ਵਰਤਣਾ ਵਧੇਰੇ ਸਹੀ ਮੰਨਦੇ ਸਨ। 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿਚ ਸੁਪ੍ਰਸਿੱਧ ਟੀਕਾਕਾਰ ਪ੍ਰੋ. ਸਾਹਿਬ ਸਿੰਘ ਜੀ ਨੇ ਵੀ ਪਦ-ਅਰਥਾਂ ਇਸ ਚਿੰਨ ਨੂੰ ਪੈਰ-ਚਿੰਨ੍ਹ ਅੱਧੇ ਹਾਹੇ (੍ਹ) ਦੇ ਰੂਪ ਵਿਚ ਪ੍ਰਗਟਾਇਆ ਹੈ। ਇਸੇ ਲਈ ਸਟੱਡੀ ਟੀਮ ਦੇ ਚੇਅਰਮੈਨ ਜਥੇਦਾਰ ਵੇਦਾਂਤੀ ਜੀ ਨੇ ਪਾਵਨ ਬੀੜ ਦੇ ਸੋਧੇ ਹੋਏ ਖਰੜੇ ਵਿਚ ਇਹੀ ਚਿੰਨਾਤਮਿਕ ਨੀਤੀ ਅਪਨਾਈ ਹੈ। ਭਾਵ, ਗੁਰਮੁਖੀ ਦੇ ਅੱਧੇ 'ਯ' ਲਈ ਪੈਰ ਚਿੰਨ (੍ਯ) ਅਤੇ ਹਾਲੰਤ ਦੀ ਲੋੜੀਂਦੀ ਥਾਂ ਭਾਰ ਚਿੰਨ (੍ਹ) ਦੀ ਵਰਤੋਂ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਬਿਬੇਕਵਾਨ ਗੁਰਸਿੱਖਾਂ ਨੂੰ ਬੇਨਤੀ

ਗਿਆਨ ਰੂਪ ਸ਼ਬਦ-ਗੁਰੂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ' ਤੁਕਾਂਤੀ, ਅੱਖਰੀ, ਲਗਾਮਾਤ੍ਰੀ ਤੇ ਅੰਕ-ਵਿਧਾਨ ਆਦਿਕ ਦੀ 'ਸ਼ੋਧ, ਸੁਧਾਈ ਤੇ ਸ਼ੁਧ-ਛਪਾਈ' ਪ੍ਰਤੀ ਉਪਰੋਕਤ ਕਿਸਮ ਦੀਆਂ ਪੰਥ ਹਿਤਕਾਰੀ ਬੇਨਤੀਆਂ ਕਰਨ ਉਪਰੰਤ ਅੰਤ ਵਿਚ ਪਾਠਕਾਂ ਨਾਲ ਇੱਕ ਵਿਸ਼ੇਸ਼ ਜਾਣਕਾਰੀ ਸਾਂਝੀ ਕਰਨੀ ਵੀ ਕੁਥਾਇੰ ਨਹੀਂ ਹੋਵੇਗੀ ਕਿ 'ਟਕਸਾਲ ਭਿੰਡਰਾਂ' ਵੱਲੋਂ ਪ੍ਰਕਾਸ਼ਤ ਪਾਵਨ ਬੀੜਾਂ, ਗੁਰਬਾਣੀ ਦੇ ਟੀਕਿਆਂ, ਪੋਥੀਆਂ ਤੇ ਗੁਟਕਿਆਂ ਆਦਿਕ ਵਿਚ ਉਪਰੋਕਤ ਕਿਸਮ ਦੇ ਉਹ ਪਾਠ-ਭੇਦ ਮਿਟਾਉਣ ਦਾ ਚੁਪ-ਚਪੀਤਾ ਯਤਨ ਲਗਭਗ ੧੯੫੦ ਤੋਂ ਨਿਰੰਤਰ ਹੋ ਰਿਹਾ ਹੈ, ਜਿਹੜੇ 'ਗੁਰਬਾਣੀ ਪਾਠ-ਦਰਸ਼ਨ' ਪੁਸਤਕ ਅਤੇ ਉਨ੍ਹਾਂ ਦੀ ਸੰਪਰਦਾ ਦੇ

ਮੁਖੀ ਵਿਦਵਾਨਾਂ ਨੇ ਸ਼ੁਧ ਮੰਨੇ ਹਨ।

ਜਿਵੇਂ ਸ਼੍ਰੋਮਣੀ ਕਮੇਟੀ ਦੀਆਂ ਸੰਨ ੧੯੫੨ ਤੋਂ ਲੈ ਕੇ ਸਾਰੀਆਂ ਗੁਰਬਾਣੀ ਪ੍ਰਕਾਸ਼ਨਾਵਾਂ ਵਿਖੇ ਜਪੁ-ਜੀ ਸਾਹਿਬ ਦੇ '੧ੴ ਤੋਂ ਗੁਰਪ੍ਰਸਾਦਿ॥' ਤੁਕ ਦੇ ਆਦਿ ਮੰਗਲਾਚਰਣ (ਮੂਲ-ਮੰਤ੍ਰ) ਅਤੇ ਬਾਣੀ ਦੇ ਨਾਮ ਰੂਪ ਸਿਰਲੇਖ 'ਜਪੁ' ਨੂੰ ਵੱਖਰਾ ਦਰਸਾਉਣ ਲਈ ਦੋ ਵਾਰ ਦੂਹਰੀਆਂ ਡੰਡੀਆਂ ਛਪ ਰਹੀਆਂ ਹਨ। ਇਸ ਢੰਗ ਦੀ ਛਪਾਈ ਦਾ ਵਿਸ਼ੇਸ਼ ਕਾਰਣ ਹੈ ਕਿ ਸ੍ਰੀ ਕਰਤਾਰਪੁਰੀ ਬੀੜ ਵਿਚ ਵੀ ਇਸ ਵਖਰੇਵੇਂ ਲਈ ਦੂਹਰੀਆਂ ਡੰਡੀਆਂ (॥-ਫੁੱਲ-ਸਟਾਪ) ਵਿੱਥ ਸਹਿਤ ਦੋ ਵਾਰ ਹਨ। 'ਜਪੁ' ਸਿਰਲੇਖ ਤੋਂ ਪਿੱਛੋਂ ਦੂਹਰੀਆਂ ਡੰਡੀਆਂ ਵਿੱਥ ਸਹਿਤ ਤਿੰਨ ਵਾਰ ਹਨ, ਤਾਂ ਕਿ ਬਾਣੀ ਦੇ ਨਾਮ ਰੂਪ ਸਿਰਲੇਖ ਨੂੰ ਪਹਿਲੇ ਸਲੋਕ ਨਾਲੋਂ ਵੀ ਵੱਖਰਾ ਪ੍ਰਗਟਾਇਆ ਜਾ ਸਕੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਹੇਠ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਵਾਲੀ ਸੁਨਿਹਰੀ ਬੀੜ, ਜਿਹੜੀ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਲਿਖਤ ਮੰਨੀ ਜਾਂਦੀ ਹੈ, ਉਸ ਵਿਚ 'ਜਪੁ' ਸਿਰਲੇਖ ਤੋਂ ਪਹਿਲਾਂ ਦੂਹਰੀਆਂ ਡੰਡੀਆਂ ਦੇ ਤਿੰਨ ਜੋੜੇ ਅਤੇ ਪਿੱਛੋਂ ਵਿੱਥ ਸਹਿਤ ਦੋ ਜੋੜੇ ਅੰਕਿਤ ਹਨ। ਇਸ ਪਾਵਨ ਬੀੜ ਵਿਚ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸੀਨਾ ਮੰਨੇ ਜਾਂਦੇ ਭਾਈ ਬਿਧੀਚੰਦ ਜੀ ਵਾਲੀ ਸੁਰਸਿੰਘੀ ਬੀੜ ਵਿਚ 'ਚੁਪੈ ਚੁਪ ਨ ਹੋਵਈ..' ਤੁਕ ਵਿਚਲਾ 'ਚੁਪ' ਲਫ਼ਜ਼ ਅੰਤਕ ਮੁਕਤਾ ਹੈ। ਸ਼ਹੀਦ ਭਾਈ ਮਨੀ ਸਿੰਘ ਜੀ ਦੀ ਦਿੱਲੀ ਵਾਲੀ ਸੰਨ ੧੭੧੩ ਦੀ ਬੀੜ (ਜੋ ਸ. ਗੁਲਾਬ ਸਿੰਘ ਸੇਠੀ ਦੀ ਕੋਠੀ ੨੫੧, ਨੇੜੇ ਗੁਰਦੁਆਰਾ ਬੰਗਲਾ ਸਾਹਿਬ ਤੇ ਹਨੂੰਮਾਨ ਮੰਦਰ) ਵਿਚ ਆਦਿ ਮੰਗਲਾਚਰਨ ਤੇ 'ਆਦਿ ਸਚੁ...॥' ਵਾਲੇ ਸਲੋਕ ਨੂੰ ਨਿਖੇੜਣ ਅਤੇ 'ਜਪੁ' ਸਿਰਲੇਖ ਨੂੰ ਉਭਾਰਨ ਲਈ ਉਸ ਦੇ ਅੱਗੇ ਪਿੱਛੇ ਨੀਲੇ ਰੰਗ ਦੀਆਂ ਵਿਸ਼ੇਸ਼ ਡੱਬੀਆਂ ਬਣਾ ਕੇ ਵਿੱਥ ਸਥਾਪਤ ਕੀਤੀ ਗਈ ਹੈ। ਇਹ ਡੱਬੀਆਂ ਉਸੇ ਰੰਗ ਦੀਆਂ ਹਨ, ਜਿਸ ਰੰਗ ਨਾਲ ਬੀੜ ਦੇ ਪਹਿਲੇ ਪੰਨੇ ਨੂੰ ਸਜਾਉਂਦਿਆਂ ਪੰਕਤੀਆਂ

ਨੂੰ ਵੱਖ-ਵੱਖ ਦਰਸਾਉਣ ਦਾ ਸਜਾਵਟੀ ਯਤਨ ਕੀਤਾ ਗਿਆ ਹੈ। ਹੱਥਲੀ ਪੁਸਤਕ ਦੇ ਸਰਵਰਕ ਉੱਤੇ ਇਸ ਬੀੜ ਅੰਦਰਲੇ 'ਜਪੁ ਸਿਰਲੇਖ, ਆਰੰਭਕ ਸਲੋਕ ਅਤੇ ਪਹਿਲੀ ਪਉੜੀ ਦੇ ਚਿਤ੍ਰ-ਦਰਸ਼ਨ ਕੀਤੇ ਜਾ ਸਕਦੇ ਹਨ।

ਪਰ ਟਕਸਾਲ ਭਿੰਡਰਾਂ ਦੀਆਂ ਗੁੱਟਕੇ ਆਦਿਕ ਗੁਰਬਾਣੀ ਪ੍ਰਕਾਸ਼ਨਾਵਾਂ ਵਿਚ ਉਪਰੋਕਤ ਡੰਡੀਆਂ ਦੇ ਦੁਹਰਾਅ ਦਾ ਮੂਲੋਂ ਅਭਾਵ ਹੈ। ਭਾਵ, 'ਗੁਰਪ੍ਰਸਾਦਿ' ਪਦ ਉਪਰੰਤ ਡੰਡੀਆਂ ਦੇ ਦੋ ਜੋੜਿਆਂ ਦੀ ਥਾਂ ਡੰਡੀਆਂ ਦਾ ਕੇਵਲ ਇੱਕੋ ਜੋੜਾ ਹੈ; ਕਿਉਂਕਿ ਸਾਰੇ ਸੰਪਰਦਾਈ ਸਿੱਖ ਡੇਰੇਦਾਰ ਮੂਲ-ਮੰਤ੍ਰ ਦਾ ਸੰਪੂਰਨ ਰੂਪ 'ਨਾਨਕ ਹੋਸੀ ਭੀ ਸਚੁ॥' ਤਕ ਮੰਨਦੇ ਹਨ ਅਤੇ ਉਹ ਬਾਕੀ ਸਾਰਿਆਂ ਨੂੰ ਮਨਵਾਉਣ ਲਈ ਯਤਨਸ਼ੀਲ ਹਨ। ਟਕਸਾਲ ਵੱਲੋਂ ਪਹਿਲੀ ਪਉੜੀ ਦੀ ਦੂਜੀ ਤੁਕ "ਚੁਪੈ ਚੁਪ ਨ ਹੋਵਈ...॥" ਵਿਚਲੇ 'ਚੁਪ' ਲਫ਼ਜ਼ ਨੂੰ ਅੰਤਕ ਸਿਹਾਰੀ ਸਹਿਤ 'ਚੁਪਿ' ਛਾਪਿਆ ਜਾ ਰਿਹਾ ਹੈ, ਕਿਉਂਕਿ ਡੇਰਾ ਭਿੰਡਰਾਂ ਦੀ ਪੁਸਤਕ 'ਗੁਰਬਾਣੀ ਪਾਠ ਦਰਸ਼ਨ' ਅਤੇ ਡੇਰਾ ਚੌਕ ਮਹਿਤਾ ਦੀ 'ਗੁਰਬਾਣੀ ਪਾਠ ਦਰਪਣ' ਮੁਤਾਬਿਕ ਸ੍ਰੀ ਦਮਦਮੀ ਬੀੜ ਵਿਚ ਪਾਠ 'ਚੁਪਿ' ਹੈ ਅਤੇ ਸ੍ਰੀ ਕਰਤਾਰਪੁਰੀ ਬੀੜ ਵਿਚ 'ਚੁਪ'। ਪਰ, ਸ਼ਹੀਦ ਭਾਈ ਮਨੀ ਸਿੰਘ ਜੀ ਦੇ ਨਾਮ ਨਾਲ ਜੋੜੀ ਜਾਂਦੀ ਦਿੱਲੀ ਵਾਲੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਵਾਲੀ ਸੁਨਹਿਰੀ ਬੀੜ ਮੁਤਾਬਿਕ ਟਕਸਾਲ ਦੇ ਉਪਰੋਕਤ ਦਾਵੇ ਮਨਘੜਤ ਸਾਬਿਤ ਹੁੰਦੇ ਹਨ। ਕਾਰਣ ਹੈ ਕਿ ਦਮਦਮੀ ਸ਼ਾਖ ਦੀ ਸੁਨਿਹਰੀ ਬੀੜ ਵਿਚ ਜਪੁ-ਜੀ ਦੀ ਪਹਿਲੀ ਪਉੜੀ ਦੀ ਪਹਿਲੀ ਤੁਕ ਅੰਦਰਲਾ 'ਚੁਪ' ਅੰਤਕ ਮੁਕਤਾ ਹੈ ਅਤੇ ਭਾਈ ਮਨੀ ਸਿੰਘ ਵਾਲੀ ਬੀੜ ਵਿਚ ਪਹਿਲੀ ਤੁਕ ਅੰਦਰਲਾ 'ਸੋਚ' ਤੇ ਦੂਜੀ ਤਕ ਵਿਚਲਾ 'ਚੁਪ' ਦੋਵੇਂ ਪਦ ਤੀਜੀ ਤੁਕ ਵਿਚਲੇ 'ਭੁਖ' ਪਦ ਵਾਂਗ ਅੰਤਕ ਮੁਕਤੇ ਹਨ। ਇਸ ਪੱਖੋਂ ਵੇਖੋ 'ਪਾਠ-ਭੇਦ ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਸਰਵਰਕ ਦਾ ਚਿਤ੍ਰ ।

ਸ਼੍ਰੋਮਣੀ ਕਮੇਟੀ ਵੱਲੋਂ ੧੯੯੬ ਵਿਚ ਸਥਾਪਤ ਜਥੇਦਾਰ ਵੇਦਾਂਤੀ ਜੀ ਵਾਲੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਗੁਰਬਾਣੀ ਦੀ ਲਿਖਣ ਸ਼ੈਲੀ ਅਥਵਾ ਵਿਆਕਰਣਿਕ ਚਾਨਣ ਵਿਚ ਇਸ ਸਿੱਟੇ 'ਤੇ ਪਹੁੰਚੀ ਸੀ ਕਿ ਜਪੁ-ਜੀ ਦੀ ਪਹਿਲੀ ਪਉੜੀ ਅੰਦਰਲੇ 'ਸੋਚ', 'ਚੁਪ' ਤੇ 'ਭੁਖ' ਤਿੰਨੇ ਪਾਠ ਅੰਤਕ ਮੁਕਤੇ ਹੀ ਸ਼ੁਧ ਹਨ। ਇਸਤ੍ਰੀ ਲਿੰਗ ਸਧਾਰਨ ਨਾਂਵ ਹੋਣ ਕਰਕੇ ਅੰਤਕ ਸਿਹਾਰੀ ਲੋੜੀਂਦੀ ਨਹੀਂ। ਸਤਿਕਾਰਯੋਗ ਗਿ. ਭਰਪੂਰ ਸਿੰਘ ਜੀ ਵੀ ਇਸ ਤੱਥ ਦੀ ਜ਼ੋਰਦਾਰ ਪੁਸ਼ਟੀ ਕਰਦੇ ਹਨ। ਇਹੀ ਕਾਰਣ ਹੈ ਕਿ 'ਸਿੱਖ ਬੁੱਕ ਕਲੱਬ' ਵਾਲੀ ਬੀੜ ਦੇ ਖੋਜ ਖਰੜੇ ਮੁਤਾਬਿਕ ਜਥੇਦਾਰ ਵੇਦਾਂਤੀ ਜੀ ਨੇ ਵੀ ਜਪੁ-ਜੀ ਦੀ ਪਹਿਲੀ ਪਉੜੀ ਵਿਚਲੇ ਇਹ ਤਿੰਨੇ ਪਾਠ ਅੰਤਕ ਮੁਕਤੇ ਹੀ ਸ਼ੁਧ ਮੰਨੇ ਹਨ।

ਸ਼ੋਸਲ ਮੀਡੀਏ ਦੀ ਬਦੌਲਤ ਟਕਸਾਲ ਭਿੰਡਰਾਂ ਦਾ ਪੰਥ ਦੀ ਪਾਰਦਰਸ਼ੀ ਜੁਗਤਿ ਤੋਂ ਹੀਣਾ ਉਪਰੋਕਤ ਉਪਰਾਲਾ ਹੁਣ ਇੱਕ ਵਾਇਰਲ ਵੀਡੀਓ ਰਾਹੀਂ ਸਭ ਦੇ ਸਾਹਮਣੇ ਆ ਚੁੱਕਾ ਹੈ। ਹੈਰਾਨੀ ਹੁੰਦੀ ਹੈ ਕਿ ਡੇਰਾ ਭਿੰਡਰ ਕਲਾਂ ਅਤੇ ਚੌਕ ਮਹਿਤਾ ਵਾਲੇ ਸ਼ਹੀਦ ਭਾਈ ਮਨੀ ਸਿੰਘ ਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਦਮਦਮੀ ਟਕਸਾਲ ਦੇ ਮੋਢੀ ਬਾਬੇ ਮੰਨਦੇ ਹਨ। ਪਰ, ਉਨ੍ਹਾਂ ਦੀਆਂ ਗੁਰਬਾਣੀ ਪ੍ਰਕਾਸ਼ਨਾਵਾਂ ਆਪਣੇ ਮੋਢੀਆਂ ਦੀਆਂ ਲਿਖਤਾਂ ਨਾਲ ਮੁਢੋਂ ਹੀ ਮੇਲ ਨਹੀਂ ਖਾਂਦੀਆਂ। ਦਾਸ ਦੀ ਲਾਇਬ੍ਰੇਰੀ ਵਿਖੇ ਜਥੇਦਾਰ ਵੇਦਾਂਤੀ ਜੀ ਪਾਸੋਂ ਪ੍ਰਾਪਤ ਹੋਈਆਂ ਉਨ੍ਹਾਂ ਦੋ ਪੋਥੀਆਂ ਦੀ ਫੋਟੋ ਕਾਪੀ ਵੀ ਮੌਜੂਦ ਹੈ, ਜਿਨ੍ਹਾਂ ਤੋਂ ਸਤਿਕਾਰਯੋਗ ਗਿ. ਗੁਰਬਚਨ ਸਿੰਘ ਖ਼ਾਲਸਾ ਜੀ ਆਪਣੇ ਵਿਦਿਆਰਥੀਆਂ ਨੂੰ ਸੰਥਾ ਦਿੰਦੇ ਰਹੇ। ਪਰ ਹੈਰਾਨੀ ਹੁੰਦੀ ਹੈ ਕਿ ਉਸ ਪੋਥੀ ਵਿਚ ਵੀ 'ਜਪੁ' ਸਿਰਲੇਖ ਤੋਂ ਪਹਿਲਾਂ ਦੀਆਂ ਦੂਹਰੀਆਂ ਡੰਡੀਆਂ ਦਾ ਜੋੜਾ ਗਾਇਬ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸ੍ਰੀ ਅੰਮ੍ਰਿਤਸਰ ਵਾਲੇ ਪਾਵਨ ਬੀੜਾਂ ਦੇ ਪ੍ਰਕਾਸ਼ਕ ਦੁਕਾਨਦਾਰ ਵੀ ਗੁਰਬਾਣੀ ਦੀ ਸ਼ੁਧ ਛਪਾਈ ਪੱਖੋਂ ਉਪਰੋਕਤ ਸੰਪਰਦਾ ਵੱਲੋਂ ਮਿਲੀਆਂ ਸੇਧਾਂ ਨੂੰ ਹੀ ਵਿਸ਼ੇਸ਼ ਮਹਤਵ ਦਿੰਦੇ ਰਹੇ ਹਨ।

ਜਥੇਦਾਰ ਵੇਦਾਂਤੀ ਜੀ ਨੇ ਜਿਸ ਖੋਜ ਖਰੜੇ ਪ੍ਰਤੀ ਦਾਸ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਆਪਣੇ ਘਰ ੬ ਮਹੀਨੇ ਦੇ ਲਗਭਗ ਵਿਚਾਰ-ਵਿਟਾਂਦਰਾ ਕੀਤਾ, ਉਹ ਉਪਰੋਕਤ ਕਿਸਮ ਦੀਆਂ ਸਾਰੀਆਂ ਸੰਦਿਗਧ ਰਚਨਾਵਾਂ, ਪਦੇ ਤੇ ਤੁਕਾਂ ਆਦਿਕ ਤੋਂ ਰਹਿਤ ਸੀ। ਹਾਂ, ਇਸ ਸਮੇਂ ਦਰਮਿਆਨ ਕਦੇ-ਕਦਾਈਂ ਐਸੇ ਬਚਨ ਜ਼ਰੂਰ ਕਰਦੇ ਸਨ ਕਿ ਮੇਰੇ ਕੁਝ ਸੁਹਿਰਦ ਸੱਜਣ ਚਹੁੰਦੇ ਹਨ ਕਿ ਪਾਵਨ ਬੀੜ ਵਿਚ ਅਜਿਹੇ ਵਾਧੇ ਘਾਟੇ ਲਈ ਪੰਥਕ ਪੱਧਰ ਦੀ ਰਾਇ ਲੈਣੀ ਲਾਜ਼ਮੀ ਹੈ। ਇਸ ਲਈ ਯਤਨਸ਼ੀਲ ਹਾਂ ਕਿ ਇਸ ਖਰੜੇ ਦੀ ਇੱਕ ਕਾਪੀ ਉਪਰੋਕਤ ਤਰ੍ਹਾਂ ਦੀਆਂ ਸੰਦਿਗਧ ਰਚਨਾਵਾਂ ਦੇ ਸਹਿਤ ਵੀ ਤਿਆਰ ਹੋ ਜਾਵੇ। ਭਾਵੇਂ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਦਰਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ' ਸਥਿਤ ਪਾਵਨ ਬੀੜਾਂ ਵਾਚ ਕੇ ਮੈਨੂੰ ਪੂਰਨ ਨਿਸ਼ਚਾ ਹੋ ਗਿਆ ਹੈ ਕਿ ਛਾਪੇ ਦੀਆਂ ਬੀੜ ਵਿਚਲੀਆਂ ਸੰਦਿਗਧ ਰਚਨਾਵਾਂ ਪੰਜਵੇਂ ਗੁਰੂ ਪਾਤਸ਼ਾਹ ਦੀ ਸੰਪਾਦਤ 'ਪੋਥੀ ਸਾਹਿਬ' ਦਾ ਭਾਗ ਨਹੀਂ ਹੋਣਗੀਆਂ।

ਛਾਪੇ ਦੀ ਬੀੜ ਅੰਦਰਲਾ 'ਕਹੁ ਕਬੀਰ ਜਨ ਭਏ ਖਾਲਸੇ...॥ {ਪੰਨਾ ੬੫੫} ਤੁਕ ਵਾਲਾ 'ਖਾਲਸੇ' ਪਦ ਵੀ ਸ੍ਰੀ ਕਰਤਾਰਪੁਰੀ ਮੌਜੂਦਾ ਬੀੜ ਤੇ ਉਸ ਦੀਆਂ ਨਕਲਾਂ ਨੂੰ ਛੱਡ ਕੇ ਬਾਕੀ ਹੋਰ ਕਿਸੇ ਬੀੜ ਵਿੱਚ ਨਹੀਂ। ਸਭ ਬੀੜਾਂ ਵਿਚ ਸ਼ੁਧ ਪਾਠ 'ਖਲਾਸੇ' ਹੈ। ਜੇ ਕਿਸੇ ਦਮਦਮੀ ਸ਼ਾਖ ਦੀ ਬੀੜ ਵਿਚ 'ਖਾਲਸੇ' ਪਾਠ ਹੈ ਤਾਂ ਉਹ ਸ੍ਰੀ ਕਰਤਾਰਪੁਰੀ ਬੀੜ ਦੀ ਹੀ ਨਕਲ ਹੈ। 'ਸੁਰਸਿੰਘੀ' ਬੀੜ

ਦੀ ਮੁੱਢਲੀ ਲਿਖਤ ਅਨੁਸਾਰ ਸ਼ੁਧ ਲਫ਼ਜ਼ 'ਖਲਾਸੇ' ਹੈ। ਇਸ ਬੀੜ ਦੀ ਡਿਜ਼ਟਲ ਕਾਪੀ ਕਰਨ ਮੌਕੇ ਅਸਾਂ ਦਰਸ਼ਨ ਕੀਤੇ ਸਨ ਕਿ ਕਿਸੇ ਸੱਜਣ ਨੇ ਛਾਪੇ ਦੀ ਬੀੜ ਨੂੰ ਵੇਖ ਕੇ ਸੁਰਸਿੰਘੀ ਬੀੜ ਦੇ ਮੂਲ-ਪਾਠ ਵਿਚ 'ਖ' ਨੂੰ ਫ਼ਿਕਾ ਜਿਹਾ ਕੰਨਾ ਲਗਾਉਣ ਦਾ ਅਸਫਲ ਯਤਨ ਕੀਤਾ ਹੈ; ਕਿਉਂਕਿ ਇਸ ਪ੍ਰਕਾਰ ਪਾਠ 'ਖਾਲਸੇ' ਦੀ ਥਾਂ 'ਖਾਲਾਸੇ' ਬਣ ਗਿਆ ਹੈ। ਛਾਪੇ ਦੀ ਬੀੜ ਵਿਚਲੇ ਭਗਤ ਰਵਿਦਾਸ ਜੀ ਦੇ ਪਾਵਨ ਵਾਕ 'ਕਹਿ ਰਵਿਦਾਸ ਖਲਾਸ ਚਮਾਰਾ॥' {ਪੰਨਾ ੩੪੫} ਤੁਕ ਦੇ ਚਾਨਣ ਵਿਚ ਵੀ 'ਖਾਲਸੇ' ਪਾਠ ਦੀ ਸ਼ੁਧਾਈ ਵਾਲੀ ਅਵਸ਼ਕਤਾ ਛੁਪੀ ਹੋਈ ਹੈ, ਕਿਉਂਕਿ 'ਖਲਾਸੇ' ਤੇ 'ਖਲਾਸ' ਦੋਵੇਂ ਪਦ ਸਮਾਨਰਥਕ ਹਨ।

ਸ਼੍ਰੋਮਣੀ ਕਮੇਟੀ ਦੀ ਪ੍ਰਕਾਸ਼ਤ 'ਪਾਠ-ਭੇਦ ਸੂਚੀ' ਵਿਚ ੧੯ ਬੀੜਾਂ ਨੂੰ ਪ੍ਰਮਾਣ ਵਜੋਂ ਪੇਸ਼ ਕੀਤਾ ਹੈ, ਜਿਨ੍ਹਾਂ ਵਿਚ ਸ਼ੁਧ ਪਾਠ 'ਖਲਾਸੇ' ਹੈ। ਪਰ, ਗਿ. ਭਰਪੂਰ ਸਿੰਘ ਜੀ ਦਾ ਖ਼ਿਆਲ ਹੈ ਕਿ ਸੁਰਸਿੰਘੀ ਬੀੜ ਵਿੱਚ ਜਿਸ ਵੀ ਕਿਸੇ ਸੋਧਕ ਸੱਜਣ ਨੇ 'ਖਲਾਸੇ' ਪਦ ਨੂੰ 'ਖਾਲਾਸੇ' ਬਨਾਉਣ ਦਾ ਯਤਨ ਕੀਤਾ ਹੈ ਉਹ ਨਿਰਾਰਥਕ ਨਹੀਂ ਜਾਪਦਾ, ਕਿਉਂਕਿ ਉਸ ਤੋਂ ਪਹਿਲੀ ਤੁਕ ਦੀਆਂ ਕੁੱਲ ਮਾਤ੍ਰਾਂ ੨੯ ਹਨ। ਜੇ 'ਖਾਲਸੇ' ਪਦ ਨੂੰ 'ਖਾਲਾਸੇ' ਲਿਖਿਆ ਜਾਏ, ਤਾਂ ਇਸ ਸੁਧਾਈ ਵਾਲੀ ਤੁਕ ਦੀਆਂ ਵੀ ੨੯ ਮਾਤ੍ਰਾਂ ਬਣ ਜਾਂਦੀਆਂ ਹਨ। ਸੋ ਕਾਵਿਕ ਤੋਲ ਦੀ ਪੂਰਤੀ ਲਈ ਗਿਆਨੀ ਜੀ ਦਾ ਪੱਖ ਵੀ ਵਿਚਾਰ ਦਾ ਮੁਥਾਜ ਹੈ।"

ਜਥੇਦਾਰ ਵੇਦਾਂਤੀ ਜੀ ਬੜੇ ਜ਼ੋਰਦਾਰ ਲਫ਼ਜ਼ਾਂ ਵਿਚ ਆਖਦੇ ਸਨ ਕਿ "ਜੇ ਸ਼੍ਰੋਮਣੀ ਕਮੇਟੀ ਨੇ ਸਾਡੇ ਇਸ ਖੋਜ ਖਰੜੇ ਬਾਰੇ ਪੰਥਕ ਰਾਇ ਲੈਣ ਦਾ ਯਤਨ ਨਾ ਕੀਤਾ ਤਾਂ ਗੁਰੂ ਆਸਰੇ ਮੇਰੀ ਕੋਈ ਅੰਤਮ ਕੋਸ਼ਿਸ਼ ਅਵੱਸ਼ ਹੋਵੇਗੀ ਕਿ ਭਵਿੱਖ ਵਿਚ ਪਾਵਨ ਬੀੜ ਦਾ ਸੱਚ ਪੰਥਕ ਵਿਚਾਰ ਦਾ ਭਾਗ ਬਣਿਆ ਰਹੇ। ਐਸਾ ਨਾ ਹੋਵੇ ਕਿ ਸਾਡੇ ਬਜ਼ੁਰਗ ਵਿਦਵਾਨਾਂ ਤੇ ਅਣਥੱਕ ਖੋਜੀਆਂ ਦੀ ਘਾਲਣਾ, ਰਾਜਨੀਤਕਾਂ ਦੇ ਕਲੁਖਤ ਪਰਛਾਵੇਂ ਹੇਠ ਦੱਬੀ ਹੀ ਰਹਿ ਜਾਵੇ। (ਗਲ਼ਾ ਭਰ ਕੇ ਆਖਦੇ) ਮੈਂ ਹਰ ਰੋਜ਼ ਸ੍ਰੀ ਦਰਬਾਰ ਸਾਹਿਬ ਵਿਖੇ ਪਹੁੰਚ ਕੇ ਅਰਦਾਸ ਕਰਦਾ ਹਾਂ ਕਿ ਹੇ ਸਤਿਗੁਰੂ ਜੀ! ਆਪਣੇ ਸਾਜੇ ਨਿਵਾਜੇ ਖ਼ਾਲਸਾ ਪੰਥ ਨੂੰ ਬਿਬੇਕ-ਬੁਧੀ ਤੇ ਗੁਰਬਾਣੀ ਵਿਚਾਰਣ ਦਾ ਬਲ ਬਖ਼ਸ਼ੋ। ਗੁਰਬਾਣੀ ਦੀ ਲਿਖਤੀ ਸ਼ੁਧਤਾ ਪੱਖੋਂ ਉਨ੍ਹਾਂ ਤੋਂ ਆਪਣਾ ਇਹ ਕਾਰਜ ਆਪ ਹੀ ਸੰਪੂਰਨ ਕਰਵਾਓ। ਮੈਨੂੰ ਪੂਰਾ ਭਰੋਸਾ ਹੈ, ਗੁਰੂ ਕੋਈ ਗ਼ੈਬੀ ਕਲਾ ਅਵੱਸ਼ ਵਰਤਾਏਗਾ। ਹਰੇਕ ਬਿਬੇਕੀ ਸਿੱਖ ਦੇ ਮੂੰਹੋਂ ਸੁਣਿਆ ਜਾਏਗਾ 'ਜਿਸ ਕਾ ਕਾਰਜੁ, ਤਿਨ ਹੀ ਕੀਆ; ਮਾਣਸੁ ਕਿਆ ਵੇਚਾਰਾ, ਰਾਮ॥' {ਪੰਨਾ ੭੮੪} "

ਜਥੇਦਾਰ ਜੀ ਦੇ ਇਨ੍ਹਾਂ ਕਥਨਾਂ ਦਾ ਪਹਿਲਾ ਸੱਚ ਉਦੋਂ ਪ੍ਰਗਟ ਹੋਇਆ, ਜਦੋਂ ਉਨ੍ਹਾਂ ਦੀ ਮੌਜੂਦਗੀ ਵਿਚ ਹੀ ਡਾ. ਅਮਰ ਸਿੰਘ ਹੁਰਾਂ ਨੇ 'ਸ੍ਰੀ ਗੁਰੂ ਗ੍ਰੰਥ

ਸਾਹਿਬ ਦੀਆਂ ਹੱਥ ਲਿਖਤ ਬੀੜਾਂ ਦੇ ਦਰਸ਼ਨ' ਨਾਂ ਦੀ ਪੁਸਤਕ ਦਾ ਪਹਿਲਾ ਭਾਗ ਪ੍ਰਕਾਸ਼ਤ ਕਰ ਦਿੱਤਾ। ਕਾਰਣ ਹੈ ਕਿ ਇਸ ਪੁਸਤਕ ਦੀ ਅੰਤਿਕਾ ਨੰ. ੨੭ (ਪੰਨਾ ੨੭੬) ਵਿਖੇ ੫ ਬੀੜਾਂ ਦੀ ਸੂਚੀ ਦਿੱਤੀ ਹੈ, ਜਿਨ੍ਹਾਂ ਵਿਚ 'ਰਾਮਕਲੀ ਛੰਤ ਮਹਲਾ ੫' ਦੇ ਪੰਜਵੇਂ ਛੰਤ ਦੀਆਂ ਦੋ ਤੁਕਾਂ "ਰਣ ਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ॥ ਸਤਿਗੁਰੁ ਤੁਮ ਸੇਵਿ ਸਖੀ ਮਨਿ ਚਿੰਦਿਅੜਾ ਫਲੁ ਪਾਵਹੁ॥" ਸ਼ਾਮਿਲ ਨਹੀਂ ਹਨ। ਜਿਵੇਂ ਬੀੜ ਨੰ. ੮, ੧੮, ੫੭, ੭੩, ੧੧੫॥ ਇਸੇ ਤਰ੍ਹਾਂ ਅੰਤਿਕਾ ਨੰ. ੩੬ (ਪੰਨਾ ੨੭੮) ਵਿਚ ੧੪ ਬੀੜਾਂ ਦੀ ਸੂਚੀ ਦਾ ਵਰਨਣ ਹੈ, ਜਿਨ੍ਹਾਂ ਵਿਚ ਭਗਤ ਸੂਰਦਾਸ ਵਾਲੀ ਇੱਕ ਤੁਕ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥" ਅੰਕਿਤ ਨਹੀਂ। ਜਿਵੇਂ ਬੀੜ ਨੰ. ੭, ੮, ੯, ੨੬, ੨੭, ੩੪, ੫੭, ੫੯, ੬੮, ੭੩, ੧੦੬, ੧੧੫, ੧੩੫ ਤੇ ੧੪੮। ਇਸ ਪੁਸਤਕ ਵਿਚ **'ਸਲੋਕ ਵਾਰਾਂ ਤੇ ਵਧੀਕ'** ਸੰਗ੍ਰਹਿ ਵਿਚਲੇ ਮਹਲੇ ੪ ਦੇ ੩੦ ਸਲੋਕਾਂ ਦੀ ਥਾਂ ੨੭ ਸਲੋਕਾਂ **ਵਾਲੀਆਂ ਬੀੜਾਂ ਦੇ ਦਰਸ਼ਨ** ਵੀ ਹੁੰਦੇ ਹਨ, ਕਿਉਂਕਿ ਇਸ ਸੰਗ੍ਰਹਿ ਦੇ ਪਿਛਲੇ **ਤਿੰਨ ਸਲੋਕ ਰਾਗਾਂ ਦੀਆਂ** ਵਾਰਾਂ ਵਿਚ ਪਹਿਲਾਂ ਹੀ ਅੰਕਿਤ ਹੋ ਚੁੱਕੇ ਹਨ।

ਦੂਜਾ ਪੱਖ ਉਦੋਂ ਉਦੈ ਹੋਇਆ, ਜਦੋਂ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ **'ਸਿੱਖ ਬੁੱਕ ਕਲੱਬ ਅਮਰੀਕਾ'** ਨੇ ਜਥੇਦਾਰ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ **ਗੁਰੂ ਸੇਵਾ ਜਾਣ ਕੇ ਪਾਵਨ** ਬੀੜ ਦਾ ਉਹ ਖੋਜ-ਖਰੜਾ ਔਨਲਾਈਨ ਪ੍ਰਕਾਸ਼ਤ **ਕਰ ਦਿੱਤਾ, ਜਿਹੜਾ ਪੰਥਕ** ਪਧਰ ਦੇ ਕਿਸੇ ਖੋਜੀ ਅਤੇ ਨਿਰਣਾਇਕ ਫੈਸਲੇ **ਨਿਰਣੈ ਦੀ ਉਡੀਕ ਵਿਚ** ਉਪਰੋਕਤ ਕਿਸਮ ਦੇ ਲੋੜੀਂਦੇ ਵਾਧੇ-ਘਾਟੇ ਤੋਂ ਰਹਿਤ **ਹੈ। 'ਅਮਰੀਕਨ ਸਿੱਖ ਕੌਂਸਲ'** ਦੇ ਪ੍ਰਧਾਨ ਨੇ ਐਲਾਨੀਆ ਆਖਿਆ ਕਿ ਉਹ **ਧੰਨਵਾਦੀ ਹੈ 'ਸਿੱਖ ਬੁੱਕ ਕਲੱਬ'** ਦੇ ਮੁਖੀ ਸ. ਥਮਿੰਦਰ ਸਿੰਘ ਅਨੰਦ ਦਾ, ਜਿਸ **ਨੇ ਪੁਜਾਰੀਵਾਦ ਦੇ ਸਮਾਜਕ** ਬਾਈਕਾਟ ਅਤੇ ਜਾਨ-ਮਾਲ ਦਾ ਖ਼ਤਰਾ ਸਹੇੜ ਕੇ **ਵੀ ਸ੍ਰੀ ਗੁਰੂ ਗ੍ਰੰਥ ਸਾਹਿਬ** ਜੀ ਦੀ ਸ਼ੁਧ ਛਪਾਈ ਦੇ ਮਸਲੇ ਨੂੰ ਪੰਥਕ ਪਧਰ 'ਤੇ **ਉਭਾਰਿਆ ਹੈ। ਜੇ ਹੁਣ ਸ਼੍ਰੋਮਣੀ** ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਜਾਂ **ਸ੍ਰੀ ਅਕਾਲ ਤਖ਼ਤ ਸਾਹਿਬ ਨੇ ਗੁਰਬਾਣੀ** ਦੇ ਇਸ ਗਹਿਰ-ਗੰਭੀਰ ਤੇ ਅਤਿਅੰਤ **ਸੰਵੇਦਨਸ਼ੀਲ ਮਸਲੇ ਨੂੰ ਦਬਾਉਣ ਜਾਂ ਇਸ** ਪੱਖੋਂ ਪਾਸਾ ਵੱਟਣ ਦਾ ਯਤਨ ਕੀਤਾ **ਤਾਂ ਉਹ ਕੌਂਸਲ ਵੱਲੋਂ ਗੁਰਬਾਣੀ ਦੀ ਸ਼ੁਧ ਛਪਾਈ** ਸਬੰਧੀ ਅੱਗੇ ਵਧਣ ਤੋਂ ਗੁਰੇਜ਼ **ਨਹੀਂ ਕਰਨਗੇ।**

ਤੀਜਾ ਪੱਖ ਉਦੋਂ ਪ੍ਰਤੱਖ ਰੂਪ ਵਿਚ ਪ੍ਰਗਟ ਹੋਇਆ, ਜਦੋਂ ਉਨ੍ਹਾਂ ਦੇ ਪ੍ਰਵਾਰ ਦੁਆਰਾ ਅਕਾਲ ਚਲਾਣੇ ਦੇ ਇੱਕ ਸਾਲ ਪਿੱਛੋਂ **'ਗੁਰਬਾਣੀ ਲਗ-ਮਾਤ੍ਰੀ ਨਿਯਮਾਵਲੀ ਖੋਜ ਤੇ ਸੰਭਾਵਨਾ'** ਨਾਂ ਦੀ ਪੁਸਤਕ ਪ੍ਰਕਾਸ਼ਤ ਕਰਵਾਈ, ਜੋ ਪੰਥ ਨੂੰ **'ਸਿੱਖ ਬੱਕ ਕਲੱਬ ਅਮਰੀਕਾ' ਵਾਲੀ ਪਾਵਨ ਬੀੜ** ਦੇ ਖਰੜੇ ਨੂੰ ਪੰਥਕ ਪਧਰ ਦੀ

ਵੀਚਾਰ-ਗੋਸ਼ਟੀ ਦਾ ਭਾਗ ਬਨਾਉਣ ਦੀ ਪ੍ਰੇਰਨਾ ਦਾ ਸ੍ਰੋਤ ਬਣਦੀ ਹੈ। ਜੋ ਇਹ ਵੀ ਸਿੱਧ ਕਰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁਧ ਛਪਾਈ ਪੱਖੋਂ ਜ਼ਰੂਰੀ ਨਹੀਂ ਕਿ 'ਟਕਸਾਲ ਭਿੰਡਰਾਂ' ਤੇ 'ਸਿੱਖ ਮਿਸ਼ਨਰੀ ਕਾਲਜ' ਵਰਗੀ ਕਿਸੇ ਇੱਕ ਸੰਸਥਾ ਜਾਂ ਕਿਸੇ ਇੱਕ ਵਿਅਕਤੀ ਦਾ ਨਿਰਣਾ ਅੰਤਮ ਮੰਨ ਲਿਆ ਜਾਵੇ। ਜਿਹੜਾ ਵੀ ਕੋਈ ਪਾਠ ਸੁਝਾਵੇ, ਉਸ ਨੂੰ ਗੁਰਬਾਣੀ ਲਗ-ਮਾਤ੍ਰੀ ਨਿਯਮਾਵਲੀ ਦੀ ਖੋਜ ਤੇ ਸੰਭਾਵਨਾਵਾਂ ਦੇ ਦਾਇਰੇ ਵਿਚ ਜ਼ਰੂਰ ਪਰਖਿਆ ਜਾਵੇ। ਕਾਰਣ ਹੈ ਕਿ ਜਥੇਦਾਰ ਜੀ ਮੁਤਾਬਿਕ ਪੰਥ ਵਿਰੋਧੀ ਸ਼ਕਤੀਆਂ ਦੀ ਬਦੌਲਤ ਖ਼ਾਲਸਾ ਪੰਥ ਗੁਰਬਾਣੀ ਦੇ ਹੱਥ ਲਿਖਤ ਮੂਲ-ਸਰੋਤਾਂ ਤੋਂ ਵਾਂਝਾ ਹੋ ਚੁੱਕਾ ਹੈ। ਇਸ ਲਈ ਹੁਣ ਤਾਂ ਉਤਾਰਿਆਂ ਦੇ ਰੂਪ ਵਿਚ ਪਰਾਪਤ ਉਨ੍ਹਾਂ ਸਾਰੀਆਂ ਪੁਰਾਤਨ-ਹੱਥ ਲਿਖਤਾਂ ਦੇ **ਸਾਰੰਸ਼ ਨੂੰ ਅਧਾਰ ਬਣਾ ਕੇ** ਪਾਵਨ ਬੀੜ ਦੀ ਸੁਧਾਈ ਤੇ ਸ਼ੁਧ ਛਪਾਈ ਪੱਖੋਂ **ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ** (ਗੁਰਬਾਣੀ ਵਿਆਕਰਣ) ਦੀ ਕਸਵੱਟੀ **ਹੀ ਸਭ ਤੋਂ ਸਰਬੋਤਮ ਪ੍ਰਮਾਣ ਮੰਨਿਆ** ਜਾ ਸਕਦਾ ਹੈ।

ਜਥੇਦਾਰ ਵੇਦਾਂਤੀ ਜੀ ਨੇ ਦਾਸ (ਜਾਚਕ) ਨਾਲ ਵਾਅਦਾ ਕੀਤਾ ਸੀ ਕਿ **ਦਸੰਬਰ ੨੦੨੧ ਅਤੇ ਜਨਵਰੀ ੨੦੨੨** ਦੇ ਦੋ ਮਹੀਨੇ ਆਪਾਂ ਫਿਰ ਮਿਲ **ਬੈਠਾਂਗੇ। ਕਿਹੜਾ ਪਾਠ, ਕਿਹੜੀ ਬੀੜ** ਵਿਚੋਂ ਲਿਆ ਗਿਆ ਹੈ? ਕਿਉਂ ਸੋਧਿਆ **ਗਿਆ ਹੈ? ਉਹ ਸਭ ਕੁਝ ਮੈਂ ਤਹਾਨੂੰ** ਵੇਰਵੇ ਸਹਿਤ ਲਿਖਾਵਾਂਗਾ। ਜਥੇਦਾਰ ਜੀ **ਦਾ ਕਹਿਣਾ ਸੀ:**

"ਮੈਂ ਬਾਬਾ ਮੋਹਣ ਜੀ ਵਾਲੀਆਂ ਪੋਥੀਆਂ ਨੂੰ ਗੰਭੀਰਤਾ ਸਹਿਤ ਵਿਚਾਰ **ਰਹਿਆ ਹਾਂ, ਜੇ ਕੋਈ ਨਵੀਂ ਖੋਜ ਸਾਹਮਣੇ** ਆਈ ਤਾਂ ਉਹ ਵੀ ਸਾਂਝੀ ਕਰਾਂਗਾ। **ਦੇਸ਼ ਵਿਦੇਸ਼ ਵਿਚ ਮੇਰੇ ਬਹੁਤ ਸਾਰੇ ਮਿਤਰ** ਵੀ ਇਸ ਪੱਖੋਂ ਸਰਗਰਮ ਹਨ। ਮੈਂ **ਉਨ੍ਹਾਂ ਸਾਰੇ ਸੱਜਣਾਂ ਨਾਲ ਰਾਬਤਾ ਰੱਖਦਾ ਹਾਂ।** ਉਨ੍ਹਾਂ ਨੂੰ ਸਲਾਹ ਦਿੰਦਾ ਵੀ ਹਾਂ ਤੇ **ਕਈ ਵਾਰ ਉਨ੍ਹਾਂ ਦੀ ਮੰਨਦਾ ਵੀ ਹਾਂ। ਮੇਰੇ ਖ਼ਿਆਲ** ਮੁਤਾਬਿਕ 'ਰਾਗੁ' ਲਫ਼ਜ਼ **ਹਰੇਕ ਬਾਣੀਕਾਰ ਦੇ ਸਾਰੇ ਆਰੰਭਕ ਜੁਟਾਂ ਨਾਲ ਲੋੜੀਂਦਾ** ਹੈ। 'ਸੁਰਸਿੰਘੀ' ਬੀੜ **ਦੇ ਚਾਨਣ ਵਿਚ ਭਗਤ ਕਬੀਰ ਸਾਹਿਬ ਜੀ ਦੇ ਰਾਗੁ ਗਉੜੀ** ਵਾਲੇ ਜੁੱਟ ਨੂੰ ਰਾਗ **ਦੀਆਂ ਵੱਖ-ਵੱਖ ਕਿਸਮਾਂ ਮੁਤਾਬਿਕ ਮੰਗਲ ਸਹਿਤ ਤਰਤੀਬ** ਦੇਣਾਂ ਵੀ ਲਾਜ਼ਮੀ **ਹੈ। ਮੇਰੇ ਕੁਝ ਸੂਝਵਾਨ ਸਾਥੀਆਂ ਦੀ ਰਾਇ ਹੈ ਕਿ ਮਹਲਾ** ਪਵਾਂ ਦੇ ਆਸਾ **ਆਸਾਵਰੀ ਵਾਲੇ ੧੭ਵੇਂ ਘਰੁ ਵਾਲੇ ਜੁੱਟ ਦੇ ਕਾਫ਼ੀਏ ਨੂੰ ਮੌਜੂਦਾ** ਛਾਪੇ ਮੁਤਾਬਿਕ **ਬਿੰਦੀ ਸਹਿਤ ਹੀ ਪ੍ਰਵਾਨ ਕਰ ਲੈਣਾ ਚਾਹੀਦਾ ਹੈ, ਕਿਉਂਕਿ ਉਸ** ਕਾਫੀਏ ਦਾ **ਸ਼ਬਦ-ਅਰਥਾਂ ਨਾਲ ਕੋਈ ਵਾਸਤਾ ਨਹੀਂ। ਹਰੇਕ ਤੁਕ ਪਿੱਛੋਂ** 'ਹਾਂ' ਲਫ਼ਜ਼ ਤਾਂ **ਕਾਵਿਕ ਦ੍ਰਿਸ਼ਟੀ ਤੋਂ ਕੇਵਲ ਤੁਕਾਂਤਕ ਇਕਸਾਰਤਾ ਵਜੋਂ ਹੀ ਅੰਕਿਤ** ਹੈ। ਇਹ **ਪੱਖ ਵੀ ਮੇਰੇ ਵਿਚਾਰਧੀਨ ਹੈ। ਵਾਰਾਂ ਦੇ ਸਿਰਲੇਖਾਂ ਵਿਚ ਇਕਸਾਰਤਾ** ਸਥਾਪਤ

ਕਰਨੀ ਵੀ ਜ਼ਰੂਰੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾ ਰਹੇ ਸ਼ਬਦਾਰਥ ਵਿਚ ਰਾਗ ਮਾਰੂ ਦੀ ਵਾਰ ਮਹਲਾ ੩ ਨੂੰ ਰਾਗ ਕੇਦਾਰਾ ਦੀ ਵਾਰ ਮੰਨਿਆ ਗਿਆ ਹੈ। ਇਸ ਲਈ ਪਾਵਨ ਬੀੜ ਦੀਆਂ ਬਾਣੀਆਂ ਦੀ ਤਰਤੀਬ ਮੁਤਾਬਿਕ ਇਹ ਵਾਰ ਰਾਗੁ ਕੇਦਾਰਾ ਦੀ ਭਗਤ ਬਾਣੀ ਤੋਂ ਪਹਿਲਾਂ ਅੰਕਿਤ ਹੋਣੀ ਚਾਹੀਦੀ ਹੈ।"

ਅਫ਼ਸੋਸ ਕਿ ਰੱਬੀ-ਸੱਦੇ ਮੁਤਾਬਿਕ ਉਹ ਇਸ ਮੌਕੇ ਤੋਂ ਪਹਿਲਾਂ ਹੀ ਮਈ ੨੦੨੧ ਵਿਚ ਅਕਾਲ ਚਲਾਣਾ ਕਰ ਗਏ। "ਨਰ ਚਾਹਤ ਕਛੁ ਅਉਰ, ਅਉਰੈ ਕੀ ਅਉਰੈ ਭਈ॥" {ਪੰਨਾ ੧੪੨੮} ਗੁਰਵਾਕ ਦਾ ਸਦੀਵੀ ਸੱਚ ਪ੍ਰਤੱਖ ਵਾਪਰ ਗਿਆ। ਇਸ ਵਿਸ਼ੇ 'ਤੇ ਲਿਖਣ ਤੇ ਪ੍ਰਗਟਾਉਣ ਲਈ ਹੋਰ ਵੀ ਬਹੁਤ ਕੁਝ ਹੈ, ਪਰ ਵਿਸਥਾਰ ਦੇ ਡਰੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪ੍ਰੋਫੈਸਰ ਤੇ ਪੰਥ-ਦਰਦੀ ਵਿਰਾਸਤ ਦੇ ਮਾਲਕ ਡਾ. ਗੁਰਸ਼ਰਨਜੀਤ ਸਿੰਘ ਜੀ ਦੀ 'ਗੁਰੂ ਗ੍ਰੰਥ ਸਾਹਿਬ ਪਰੰਪਰਾ ਅਤੇ ਇਤਿਹਾਸ' ਨਾਂ ਦੀ ਪੁਸਤਕ ਵਿਚ ਸਮੁੱਚੇ ਸਿੱਖ ਜਗਤ ਨੂੰ ਕਈ ਸਾਲ ਪਹਿਲਾਂ ਜੋ ਹੇਠ ਲਿਖੀ ਸਨਿਮਰ ਅਪੀਲ ਕੀਤੀ ਸੀ, ਉਸ ਨਾਲ ਹੱਥਲੇ ਵਿਸ਼ੇ ਨੂੰ ਇੱਥੇ ਹੀ ਸੰਕੋਚਦਾ ਹਾਂ:

"ਇਸ ਤੋਂ ਪਹਿਲਾਂ ਕਿ ਬਿਗਾਨੇ ਸਾਡੇ ਧਰਮ-ਗ੍ਰੰਥ ਉੱਪਰ ਉਂਗਲ ਉਠਾਉਣ, ਸਾਨੂੰ ਪੰਥਕ ਤੌਰ 'ਤੇ ਯਤਨ ਕਰਕੇ ਐਸੇ ਪਾਠ-ਭੇਦਾਂ ਨੂੰ ਠੀਕ ਕਰ ਲੈਣਾ ਚਹੀਦਾ ਹੈ। ਇਸ ਵਿਚ ਨਾ ਤਾਂ ਮਿਹਣੇ ਵਾਲੀ ਅਤੇ ਨਾ ਹੀ ਸ਼ਰਮ ਵਾਲੀ ਗੱਲ ਹੈ। ਸਭ ਧਰਮ ਗ੍ਰੰਥ ਸਮੇਂ ਦੇ ਨਾਲ ਦੂਸ਼ਿਤ ਹੁੰਦੇ ਆਏ ਹਨ। ਸੂਝਵਾਨ ਕੌਮਾਂ ਚਾਰ ਸਦੀਆਂ ਤੀਕ ਅਜਿਹੇ ਗੰਭੀਰ ਕੰਮ ਕਰਨ ਲਈ ਇੰਤਜ਼ਾਰ ਨਹੀਂ ਕਰਦੀਆਂ। ਹੱਠ ਛੱਡ ਕੇ ਆਪਣੀ ਸੋਚ ਨੂੰ ਖੁੱਲ੍ਹਾ ਕਰਨ ਨਾਲ ਮਸਲੇ ਹੱਲ ਹੋ ਸਕਦੇ ਹਨ। ਵਿਦਵਾਨਾਂ ਨੂੰ ਨਿੰਦਣ ਨਾਲ ਕੋਈ ਫਾਇਦਾ ਨਹੀਂ।" ਭਾਵ, ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਜੁੜੀਆਂ ਸਾਰੀਆਂ ਧਿਰਾਂ ਦੇ ਵਿਦਵਾਨਾਂ ਨੂੰ ਗੁਰੂ ਦੀ ਭੈ-ਭਵਨੀ ਵਿਚ ਮੇਰ-ਤੇਰ ਮਿਟਾ ਕੇ ਤੇ ਗੁਰ-ਭਾਈਆਂ ਵਾਂਗ ਸਿਰ-ਜੋੜ ਕੇ ਬੈਠਣ ਦੀ ਲੋੜ ਹੈ। ਸਿਰ ਵੱਢਣ ਦੀਆਂ ਧਮਕੀਆਂ ਸਤਿਗੁਰੂ ਨੂੰ ਪਰਵਾਨ ਨਹੀਂ ਹਨ। ਗੁਰਬਾਣੀ ਦੇ ਰੂਪ ਵਿਚ ਸਾਡੇ ਲਈ ਹੁਕਮਨ ਸਿਰ ਹੁਕਮ ਹੈ:

ਹੋਇ ਇਕਤ੍ਰ ਮਿਲਹੁ, ਮੇਰੇ ਭਾਈ!
ਦੁਬਿਧਾ ਦੂਰਿ ਕਰਹੁ, ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ;
ਗੁਰਮੁਖਿ ਬੈਸਹੁ ਸਫਾ ਵਿਛਾਇ॥

{ਗੁਰੂ ਗ੍ਰੰਥ ਸਾਹਿਬ-ਪੰਨਾ ੧੧੮੫}

ਬੇਨਤੀ ਕਰਤਾ
ਜਗਤਾਰ ਸਿੰਘ ਜਾਚਕ ਨਿਊਯਾਰਕ

ਅੰਤਕਾ ੧

ਸ਼੍ਰੋਮਣੀ ਕਮੇਟੀ ਵੱਲੋਂ ਸੰਨ ੧੯੫੨ ਵਿਚ ਛਾਪੀ ਗਈ ਪਾਵਨ ਬੀੜ ਬਾਰੇ ਜ਼ਰੂਰੀ ਵਾਕਫ਼ੀਅਤ

B.

੧ ੴ ਵਾਹਿਗੁਰੂ ਜੀ ਕੀ ਫਤਹਿ ॥

ਸ਼੍ਰੋਮਣੀ ਕਮੇਟੀ ਵਲੋਂ ਛਾਪੀ ਗਈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ

—ਬਾਰੇ—

ਜ਼ਰੂਰੀ ਵਾਕਫ਼ੀਅਤ

ਪ੍ਰਕਾਸ਼ਕ—
ਸਕੱਤ੍ਰ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

Digitized by Panjab Digital Library | www.panjabdigilib.org

੧ ੴ ਵਾਹਿਗੁਰੂ ਜੀ ਕੀ ਫ਼ਤਹਿ ॥

_
*

ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਰਮ ਪਵਿੱਤ੍ਰ ਆਦਿ ਬੀੜ ਨਾਲ

ਸੁਧਾਈ ਕਰ ਕੇ

ਦਮਦਮੇ ਸਾਹਿਬ ਵਾਲੀ ਬੀੜ ਅਨੁਸਾਰ ਬਲਾਕਾਂ ਰਾਹੀਂ

ਸ਼੍ਰੋਮਣੀ ਕਮੇਟੀ ਵਲੋਂ ਛਾਪੀ ਗਈ

—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਾਰੇ—

ਜ਼ਰੂਰੀ ਵਾਕਫ਼ੀਅਤ

ਸਿਖ ਸੰਗਤਾਂ ਦੀ ਬੜੇ ਚਿਰ ਤੋਂ ਇਹ ਇਛਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪ ਕਰਨਾ ਚਾਹੀਦਾ ਹੈ। ਸੰਗਤਾਂ ਦੀ ਇਸ ਇਛਿਆ ਨੂੰ ਹੀ ਮੁਖ ਰਖਦਿਆਂ ਕਮੇਟੀ ਨੇ ਫ਼ੈਸਲਾ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦੀ ਛਪਾਈ ਦਾ ਕੰਮ ਆਰੰਭ ਕਰਨ ਤੋਂ ਪਹਿਲਾਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਪ੍ਰਮਾਣੀਕ ਬੀੜ ਜੋ ਪੰਚਮ ਪਾਤਸ਼ਾਹ ਜੀ ਨੇ ਲਿਖਾਈ ਤੇ ਭਾਈ ਗੁਰਦਾਸ ਜੀ ਨੇ ਲਿਖੀ ਹੈ, ਨਾਲ ਛਪੀਆਂ ਹੋਈਆਂ ਬੀੜਾਂ ਚੋਂ ਇਕ ਬੀੜ ਲੈ ਕੇ ਮੇਲ ਲਈ ਜਾਵੇ ਅਤੇ ਇਸ ਤੋਂ ਉਪਰੰਤ ਸਫ਼ੇ ਸਫ਼ੇ ਦੇ ਵਖੋ ਵਖਰੇ ਫੋਟੋ ਲੈ ਕੇ ਬਲਾਕ ਤਿਆਰ ਕਰਵਾ ਕੇ ਬੀੜ ਦੀ ਛਪਾਈ ਕਰਾਈ ਜਾਏ ਤਾਂ ਜੋ ਵਧ ਤੋਂ ਵਧ ਸ਼ੁਧ ਛਪਾਈ ਹੋ ਸਕੇ।

ਚੁਨਾਂਚਿ ਇਸ ਫੈਸਲੇ ਅਨੁਸਾਰ ਕਰਤਾਰਪੁਰ ਸਾਹਿਬ ਵਾਲੀ ਬੀੜ ਨਾਲ ਮੇਲ ਕੇ ਤੇ ਪੰਜਾਹ ਹਜ਼ਾਰ ਰੁਪਏ ਦੇ ਕਰੀਬ ਬਲਾਕਾਂ ਉਤੇ ਰੁਪਿਆ ਖ਼ਰਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸ਼੍ਰੋਮਣੀ ਕਮੇਟੀ ਨੇ ਆਪਣੇ ਛਾਪੇਖ਼ਾਨੇ ਵਿਚੋਂ ਛਪਵਾਈ।

ਇਸ ਬੀੜ ਦੇ ਛਪਣ ਉੱਤੇ ਇਸ ਦੀ ਸੁੰਦਰ ਛਪਵਾਈ, ਲਾਗਤ ਮਾਤਰ ਭੇਟਾ, ਸੋਹਣੇ ਕਾਗਜ਼ ਤੇ ਸਭ ਤੋਂ ਵਧ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨਾਲ ਮੇਲ ਕੇ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਅਨੁਸਾਰ ਸ਼ੁਧ ਛਪਾਈ ਕਰਾਣ ਦੀ ਸਾਰੇ ਸਿਖ ਜਗਤ ਨੇ ਸ਼ਲਾਘਾ ਕੀਤੀ।

ਚੀਫ਼ ਖ਼ਾਲਸਾ ਦੀਵਾਨ ਵੱਲੋਂ ਵੀ ਇਸ ਕੰਮ ਦੀ ਸ਼ਲਾਘਾ ਹੋਈ ਪਰੰਤੂ ਦੀਵਾਨ ਆਪ ਹੀ ਬਾਦ ਵਿਚ ਇਸ ਉਤੇ ਕਾਇਮ ਨਾ ਰਿਹਾ ਅਤੇ ਤਿੰਨ ਆਪਾ ਵਿਰੋਧੀ ਮਤੇ ਪਾਸ ਕਰ ਦਿੱਤੇ।

Digitized by Panjab Digital Library | www.panjabdigilib.org

ਚੀਫ਼ ਖ਼ਾਲਸਾ ਦੀਵਾਨ ਦੇ ਆਪਾ-ਵਿਰੋਧੀ ਮਤੇ:-

ਨਕਲ ਮਤਾ ਨੰ: ੩੯੬੧ ਮਿਤੀ ੨੯-੬-੫੩ :-

੧. "(ੳ) ਦੀਵਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਉਸ ਉਦਮ ਦੀ ਪ੍ਰਸੰਸਾ ਕਰਦਾ ਹੈ, ਜਿਸ ਦੁਆਰਾ ਕਮੇਟੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਤਿਆਰ ਕਰਵਾਈ ਤੇ ਭਾਈ ਗੁਰਦਾਸ ਜੀ ਦੀ ਕਲਮ ਦੁਆਰਾ ਲਿਖੀ ਗਈ ਪਾਵਨ ਆਦਿ ਬੀੜ ਜੋ ਸ੍ਰੀ ਕਰਤਾਰਪੁਰ ਸਾਹਿਬ ਵਿਰਾਜਮਾਨ ਹੈ, ਨਾਲ ਸੁਧਾਈ ਕਰ ਕੇ ਬਲਾਕਾਂ ਨਾਲ ਛਪਾਈ ਦਾ ਇਹ ਮਹਾਨ ਕਾਰਜ ਸਿਰੇ ਚਾੜ੍ਹਿਆ ਹੈ। ਲਾਗਤ ਤੋਂ ਘਟ ਭੇਟਾ ਨਿਯਤ ਕਰਨੀ ਤੇ ਬੀੜ ਨੂੰ ਜਿਉਂ ਦਾ ਤਿਉਂ ਬਿਨਾਂ ਪਦ-ਛੇਦ ਕੀਤੇ ਛਾਪਣਾ ਨਿਰਸੰਦੇਹ ਬਹੁਤ ਸੁਚੱਜੀ ਤੇ ਸ਼ਲਾਘਾ ਯੋਗ ਸੇਵਾ ਹੈ।

(ਅ) ਪਰ ਸਿਰਲੇਖਾਂ ਅਤੇ ਮੰਗਲਾਂ ਦੀ ਤਰਤੀਬ ਜੋ ਪ੍ਰਚਲਤ ਬੀੜਾਂ ਤੋਂ ਭਿੰਨ ਇਸ ਬੀੜ ਵਿਚ ਛਾਪੀ ਗਈ ਹੈ ਤੇ ਜਿਸ ਦੇ ਸੰਬੰਧ ਵਿਚ ਸੰਗਤਾਂ ਵਲੋਂ ਚਿੰਤਾ ਦੀ ਆਵਾਜ਼ ਉਠ ਰਹੀ ਹੈ, ਉਸ ਦੇ ਸੁਧਾਰ ਹਿਤ ਇਕ ਇਕ-ਸੰਮਤ ਫੈਸਲੇ ਲਈ ਦੀਵਾਨ ਦੀ ਤੀਬਰ ਇੱਛਾ ਹੈ ਕਿ ਛੇਤੀ ਤੋਂ ਛੇਤੀ ਗੁਰਸਿਖ ਵਿਦਵਾਨਾਂ ਦੇ ਸਾਹਮਣੇ ਇਹ ਵੀਚਾਰ ਹਿਤ ਲਿਆਂਦੀ ਜਾਏ ਅਤੇ ਜੋ ਸਹਿਵਨ ਰਹਿ ਗਈਆਂ ਅਸ਼ੁੱਧੀਆਂ ਸੁਣੀਆਂ ਜਾਂਦੀਆਂ ਹਨ, ਉਹ ਪਾਵਨ ਬੀੜ ਅਨਕੂਲ ਸ਼ੁੱਧ ਕਰ ਦਿਤੀਆਂ ਜਾਣ।

(ੲ) ਕਿਉਂਕਿ ਇਹ ਮਾਮਲਾ ਸਾਰੇ ਖ਼ਾਲਸਾ ਪੰਥ ਤੇ ਸਭ ਪੰਥਕ ਸੰਪ੍ਰਦਾਵਾਂ, ਭਾਵੇਂ ਉਹ ਕੇਸਾਧਾਰੀ ਹੋਣ ਜਾਂ ਸਹਿਜਧਾਰੀ, ਨਾਲ ਸੰਬੰਧ ਰਖਦਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਆਦਿ "੧ ਓ ਸਤਿਨਾਮੁ" ਤੋਂ ਅੰਤ "ਅਠਾਰਹ ਦਸ ਬੀਸ" ਤਕ ਕਰਤਾਰਪੁਰ ਸਾਹਿਬ ਵਾਲੀ ਪਾਵਨ ਪ੍ਰਮਾਣੀਕ ਬੀੜ ਜੋ ਪੰਚਮ ਪਾਤਸ਼ਾਹ ਜੀ ਨੇ ਲਿਖਾਈ ਤੇ ਭਾਈ ਗੁਰਦਾਸ ਜੀ ਨੇ ਲਿਖੀ ਹੈ, ਨਾਲ ਜਿਉਂ ਕਾ ਤਿਉਂ ਹੋਣਾ ਸਿਖੀ ਦੀ ਹੋਂਦ ਅਤੇ ਪੰਥਕ ਏਕਤਾ ਤੇ ਕਲਿਆਨ ਵਾਸਤੇ ਅਤਿ ਜ਼ਰੂਰੀ ਹੈ, ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਪੂਰੇ ਜ਼ੋਰ ਨਾਲ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਬੜੀ ਛੇਤੀ ਹੀ ਸਾਰੇ ਮਤਭੇਦਾਂ ਦੀ ਨਿਰਪੱਖ ਤੇ ਸਯੋਗ ਛਾਣਬੀਣ ਲਈ ਆਪਣੇ ਤੇ ਦੀਵਾਨ ਦੇ ਧਾਰਮਿਕ ਸਲਾਹਕਾਰਾਂ ਦੇ ਇਹ ਮਾਮਲਾ ਸਪੁਰਦ ਕਰ ਦੇਵੇ ਤੇ ਉਹਨਾਂ ਕੋਲੋਂ ਛੇਤੀ ਪਰ ਪੂਰੀ ਪੂਰੀ ਖੋਜ ਵਿਚਾਰ ਬਾਅਦ ਰੀਪੋਰਟ ਲੈ ਕੇ ਉਚਿਤ ਸੁਧਾਈ ਕਰ ਦੇਵੇ, ਜਿਸ ਨਾਲ ਮੌਜੂਦਾ ਚਰਚਾ ਖਤਮ ਹੋ ਜਾਵੇ........।"

੨. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਤਾ ਨੰ: ੯੬ ਜੋ ਗੁਰਦੁਆਰਾ ਗਜ਼ਟ ਮਹੀਨਾ ਫ਼ਰਵਰੀ ੧੯੫੪ ਦੇ ਪੰਨਾ ੫੯ ਪਰ ਛਪਿਆ ਹੈ, ਚੀਫ਼ ਖਾਲਸਾ ਦੀਵਾਨ ਦੀ ਕਾਰਜ ਸਾਧਕ ਕਮੇਟੀ ਦੇ ਪੇਸ਼ ਹੋਇਆ। ਦੀਵਾਨ ਨੂੰ ਇਹ ਲਖ ਕੇ ਹੈਰਾਨੀ ਹੋਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਜੋ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਨੇ ਬਲਾਕਾਂ ਰਾਹੀਂ ਛਾਪੀ ਹੈ ਤੇ ਜਿਸ ਵਿਚ ਉਕਤ ਕਮੇਟੀ ਨੇ ਮੰਗਲਾਂ ਤੇ ਸਿਰਲੇਖਾਂ ਦੀ ਤਰਤੀਬ ਨਿਜ ਮਤ ਅਨੁਸਾਰ ਪੰਥ ਪ੍ਰਮਾਣੀਕ ਦਮਦਮੀ ਬੀੜ ਦੀ ਤਰਤੀਬ ਨੂੰ ਬਦਲ ਕੇ ਛਾਪੀ ਹੈ ਤੇ ਜਿਸ ਦੇ ਵਿਰੁਧ ਪੰਥਕ ਅਵਾਜ਼ ਉਠਣ ਤੇ ਦੀਵਾਨ ਵਲੋਂ ਆਪਣੇ ਗੁਰਮਤੇ ਨੰ: ੩੯੬੧ ਤਰੀਕ ੨੯-੬-੫੩ ਰਾਹੀਂ ਕੀਤੀ ਗਈ ਪਰੇਰਨਾ ਪਰ ਸ਼੍ਰੋਮਣੀ ਕਮੇਟੀ ਨੇ ਆਪਣੇ ਅਤੇ ਚੀਫ ਖਾਲਸਾ ਦੀਵਾਨ ਦੇ ਧਾਰਮਕ ਸਲਾਹਕਾਰਾਂ ਦੀ ਇਕ ਇਕੱਤ੍ਰਤਾ ਸ੍ਰੀ ਕਰਤਾਰਪੁਰ ਸੱਦ ਕੇ ਉਨ੍ਹਾਂ ਤੋਂ ਮੰਗਲਾਂ ਦੀ ਤਰਤੀਬ ਬਾਰੇ ਇਕ ਸੰਮਤ ਫੈਸਲਾ ਇਸ ਖਿਆਲ ਤੇ ਲਿਆ ਸੀ ਕਿ ਛਪਾਈ ਇਸ ਅਨੁਸਾਰ ਕੀਤੀ ਜਾਏਗੀ। ਉਸ ਫੈਸਲੇ ਨੂੰ ਲਾਂਭੇ ਰਖ ਕੇ ਸ਼੍ਰੋ: ਗੁ: ਕਮੇਟੀ ਨੇ ਆਪਣੀ ਮਤ ਅਨੁਸਾਰ ਧਾਰਨ ਕੀਤੀ ਤਰਤੀਬ ਨੂੰ ਹੀ

Digitized by Panjab Digital Library | www.panjabdigilib.org

ਉਕਤ ਬੀੜ ਵਿਚ ਉਸੇ ਤਰ੍ਹਾਂ ਕਾਇਮ ਰਖਣ ਦਾ ਫੈਸਲਾ ਕੀਤਾ ਹੈ। ਚੀਫ ਖਾਲਸਾ ਦੀਵਾਨ ਸ਼੍ਰੋ: ਗੁ: ਪ੍ਰ: ਕਮੇਟੀ ਦੇ ਇਸ ਕਰਤੱਵ ਨੂੰ ਅਯੋਗ ਸਮਝ ਕੇ ਅਪ੍ਰਵਾਨਗੀ ਦੀ ਨਜ਼ਰ ਨਾਲ ਵੇਖਦਾ ਹੋਇਆ ਪ੍ਰਗਟ ਕਰਦਾ ਹੈ ਕਿ ਇਸ ਮਤੇ ਦੁਆਰਾ ਕੀਤਾ ਫੈਸਲਾ ਤੇ ਬੀੜ ਵਿਚ ਕਮੇਟੀ ਦੀ ਛਾਪੀ ਮੰਗਲਾਂ ਆਦਿ ਦੀ ਤਰਤੀਬ ਨਾ ਤਾਂ ਆਦਿ ਬੀੜ ਦੇ ਅਨਕੂਲ ਹੈ ਤੇ ਨਾ ਹੀ ਢਾਈ ਸੌ ਸਾਲ ਤੋਂ ਪ੍ਰਮਾਣੀਕ ਤੇ ਪੰਥ ਪਰਚਲਤ ਦਮਦਮੀ ਬੀੜ ਦੇ ਅਨੁਸਾਰ ਹੈ। ਜਿਸ ਦਮਦਮੀ ਬੀੜ ਨੂੰ ਕਿ ਸ੍ਰੀ ਦਸਮ ਪਾਤਸ਼ਾਹ ਜੀ ਨੇ ਆਦਿ ਬੀੜ ਦੇ ਅਧਾਰ ਤੇ ਰਚਿਆ ਤੇ ਪਾਵਨ ਆਦਿ ਬੀੜ ਦੇ ਮੰਗਲਾਂ ਤੇ ਸਿਰਲੇਖਾਂ ਦੀ ਤਰਤੀਬ ਜੋ ਸਤਿਗੁਰ ਨੇ ਆਪ ਦਰੁਸਤ ਤਸਲੀਮ ਕੀਤੀ ਉਸ ਨੂੰ ਆਪਣੀ ਅੰਤਮ ਰੂਪ ਵਿਚ ਸਿਰਜੀ ਦਮਦਮੀ ਬੀੜ ਵਿਚ ਕਾਇਮ ਰਖਿਆ। ਇਸ ਲਈ ਗੁਰੂ ਕਿਰਤ ਮੰਗਲਾਂ ਆਦਿ ਦੀ ਤਰਤੀਬ ਦੀ ਬਦਲੀ ਆਦਿ ਦਾ ਕਰਤੱਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਸ਼੍ਰੋ: ਗੁ: ਪ੍ਰ: ਕਮੇਟੀ ਦਾ ਸਪਸ਼ਟ ਹਸਤਾਖੇਪ ਹੈ, ਜਿਸ ਦਾ ਕਿਸੇ ਸਿਖ ਵਿਅਕਤੀ, ਸੰਪਰਦਾ ਜਾਂ ਸੰਸਥਾ ਨੂੰ ਮੂਲੋਂ ਅਧਿਕਾਰ ਨਹੀਂ। ਇਸ ਲਈ ਸਮੂਹ ਪੰਥ ਪਾਸ ਦੀਵਾਨ ਬੇਨਤੀ ਕਰਦਾ ਹੈ ਕਿ ਸਮੂਹ ਤਖਤ ਸਾਹਿਬ, ਸਿੰਘ ਸਭਾਵਾਂ, ਸੰਪਰਦਾਵਾਂ, ਸਿਖ ਦੀਵਾਨ ਤੇ ਸੰਸਥਾਵਾਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਇਸ ਹਸਤਾਖੇਪ ਵਿਰੁਧ ਜ਼ੋਰਦਾਰ ਅਵਾਜ਼ ਉਠਾ ਕੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਇਸ ਮਨਮਤ ਤੋਂ ਬਾਜ਼ ਰੱਖਣ ਤੇ ਬੀੜ ਨੂੰ ਸ਼ੁਧ ਕਰਾਉਣ ਦੀ ਸੇਵਾ ਪੂਰੇ ਤਾਣ ਨਾਲ ਕਰਨ। ਚੂੰਕਿ ਇਹ ਤਰਤੀਬ ਪਾਵਨ ਆਦਿ ਬੀੜ ਦੇ ਆਧਾਰ ਤੇ ਸ੍ਰੀ ਕਲਗੀਧਰ ਜੀ ਦੀ ਸਿਰਜੀ ਅਤੇ ਗੁਰਤਾ ਪ੍ਰਾਪਤ ਪੂਜਨੀਕ ਦਮਦਮੀ ਬੀੜ ਦੇ ਅਨਕੂਲ ਨਹੀਂ ਹੈ, ਇਸ ਲਈ ਪ੍ਰਮਾਣੀਕ ਨਹੀਂ ਮੰਨੀ ਜਾ ਸਕਦੀ। ਸੋ ਸਮੂਹ ਪੰਥ ਪ੍ਰੇਮੀ ਇਸ ਬੀੜ ਨੂੰ ਖਰੀਦਣ ਤੋਂ ਭੀ ਪ੍ਰਹੇਜ਼ ਕਰਨ। (ਮਤਾ ਨੰ: ੯੯੯੪, ਮਿਤੀ ੨੮-੨-੫੪)

੩. ਚੀਫ ਖਾਲਸਾ ਦੀਵਾਨ ਦਾ ਮਤਾ ਮਿਤੀ ੩-੯-੫੬ :-

"ਚੀਫ ਖਾਲਸਾ ਦੀਵਾਨ ਦੇ ਸਦੇ ਤੇ ਇਕੱਤਰ ਹੋਏ ਅੱਜ ਦੇ ਇਸ ਪ੍ਰਤੀਨਿਧ ਪੰਥਕ ਸਮਾਗਮ ਦੀ ਦ੍ਰਿਸ਼ਟੀ ਵਿਚ ਲਿਆਂਦਾ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਛਪੀਆਂ ਪਾਵਨ ਬੀੜਾਂ ਵਿਚ ਸਹਿਵਨ ਜਾਂ ਅਸਹਿਵਨ ਕਈ ਪਰਕਾਰ ਦੇ ਫਰਕ ਪੈ ਗਏ ਹਨ। ਡੂੰਘੀ ਤੇ ਦੀਰਘ ਵਿਚਾਰ ਉਪਰੰਤ ਇਹ ਸਮਾਗਮ ਇਸ ਸਿੱਟੇ ਤੇ ਪੁੱਜਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਛਪਾਈ ਦਾ ਆਧਾਰ ਦਮਦਮੇ ਸਾਹਿਬ ਵਾਲੀ ਉਹ ਬੀੜ ਹੋਵੇ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਸੰਪੂਰਨ ਹੋਏ ਅੰਤਮ ਸਰੂਪ ਤੋਂ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਕੀਤਾ ਹੋਇਆ ਉਤਾਰਾ ਹੈ।"

ਉਪ੍ਰੋਕਤ ਮਤਾ ਪ੍ਰਵਾਨ ਕਰਨ ਤੋਂ ਪਹਿਲਾਂ ਸੰਬੰਧਤ ਇਕੱਠ ਸੱਦਣ ਲਈ ਖਾਲਸਾ ਐਡਵੋਕੇਟ ਮਿਤੀ ੮ ਅਕਤੂਬਰ ੧੯੫੬ ਵਿਚ ਜੋ ਲੇਖ ਛਾਪਿਆ ਗਿਆ ਉਸ ਦਾ ਦੂਜਾ ਪੈਰਾ ਖਾਸ ਧਿਆਨ ਨਾਲ ਵੀਚਾਰਨ ਯੋਗ ਹੈ :-

ਚੀਫ ਖਾਲਸਾ ਦੀਵਾਨ ਦੇ ਸੇਵਕ ਕੁਝ ਸਮੇਂ ਤੋਂ ਮਹਿਸੂਸ ਕਰ ਰਹੇ ਹਨ ਕਿ ਸਿਖ ਪੰਥ ਦੇ ਸਿਰਤਾਜ ਦਸੋਂ ਪਾਤਸ਼ਾਹੀਆਂ ਦੇ ਪ੍ਰਗਟ ਸਰੂਪ, ਗੁਰੂ ਗੱਦੀ ਅਤੇ ਤਖਤ ਚਵਰ ਦੇ ਮਾਲਕ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਛਪੀਆਂ ਹੋਈਆਂ ਪਾਵਨ ਬੀੜਾਂ ਵਿਚ ਸਹਿਵਨ ਜਾਂ ਅਸਹਿਵਨ ਕਈ ਪ੍ਰਕਾਰ ਦੀਆਂ ਅੱਖਰਾਂ, ਲਗਾਂ ਮਾਤਰਾਂ ਆਦਿ ਜਾਂ ਸਿਰਲੇਖਾਂ ਦੀਆਂ ਅਸ਼ੁਧੀਆਂ ਆ ਗਈਆਂ ਹਨ ਅਤੇ ਅਗਾਂਹ ਨੂੰ ਇਹ ਭੀ ਹੋ ਸਕਦਾ ਹੈ ਕਿ ਕਈ ਤਰ੍ਹਾਂ ਦੀਆਂ ਹੋਰ ਅਸ਼ੁਧੀਆਂ ਆ ਜਾਣ। ਨਤੀਜਾ ਇਹ ਨਿਕਲੇਗਾ ਕਿ ਅਸੀਂ ਪਵਿੱਤਰ ਸ੍ਰੀ ਮੁਖ ਵਾਕ ਕਿ "ਇਕਾ ਬਾਣੀ ਇਕੁ ਗੁਰੁ ਇਕੋ

Digitized by Panjab Digital Library | www.panjabdigilib.org

ਸਬਦੁ ਵੀਚਾਰਿ" ਤੋਂ ਦੁਰੇਡੇ ਚਲੇ ਜਾਵਾਂਗੇ।

ਦੀਵਾਨ ਦਾ ਵੀਚਾਰ ਹੈ ਕਿ ਇਸ ਦੀ ਰੋਕ ਤਾਂ ਹੀ ਹੋ ਸਕਦੀ ਹੈ ਜੇ ਸਾਰੇ ਪੰਥ ਵਲੋਂ ਇਕ ਟੁੱਕ ਫੈਸਲਾ ਹੋ ਜਾਵੇ ਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ "ਆਦਿ ਬੀੜ" ਤੇ ਸ੍ਰੀ ਦਮਦਮਾ ਸਾਹਿਬ ਅਤੇ ਚਾਰੋਂ ਤਖਤ ਸਾਹਿਬਾਨ ਪੁਰ ਬਿਰਾਜਮਾਨ (ਮੁਸਤਨਦ) ਪਾਵਨ ਬੀੜਾਂ ਦੇ ਆਧਾਰ ਤੇ ਸੁਧਾਈ ਕੀਤੀ ਜਾਵੇ ਅਤੇ ਅਗਾਂਹ ਨੂੰ ਜੋ ਵੀ ਬੀੜ ਕਿਸੇ ਸਭਾ ਸੁਸਾਇਟੀ ਜਾਂ ਵਿਅਕਤੀ ਵਲੋਂ ਛਪੇ ਉਹ ਉਸ ਸੋਧੀ ਹੋਈ ਬੀੜ ਅਨੁਸਾਰ ਹੀ ਹੋਵੇ, ਕਿਉਂਕਿ ਉਹ ਬੀੜਾਂ ਪੁਰਾਤਨ ਸਮੇਂ ਤੋਂ ਹੀ ਚਲੀਆਂ ਆ ਰਹੀਆਂ ਹਨ।.......... (ਖਾਲਸਾ ਐਡਵੋਕੇਟ, ੯ ਅਕਤੂਬਰ, ੧੯੫੬)

ਸਿਰਲੇਖਾਂ ਤੇ ਮੰਗਲਾਂ ਦੀ ਤਰਤੀਬ ਛਾਪੇ ਦੀਆਂ ਪਰਚਲਤ ਬੀੜਾਂ ਤੋਂ ਭਿੰਨ ਹੋਣ ਸੰਬੰਧੀ ਸ਼੍ਰੋਮਣੀ ਕਮੇਟੀ ਵਲੋਂ ਦਿਤੇ ਗਏ ਸਬੂਤਾਂ ਦਾ ਸਾਰ-ਅੰਸ਼ ਅਗੇ ਦਿਤਾ ਜਾਂਦਾ ਹੈ। ਇਸ ਵਿਚ ਦਸਿਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਛਾਪੀ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦੇ ਮੰਗਲ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਹਨ:-

ਸ਼੍ਰੋਮਣੀ ਕਮੇਟੀ ਦੇ ਵਿਚਾਰ-

ਸ੍ਰੀ ਕਰਤਾਰਪੁਰ ਸਾਹਿਬ, ਸੁਧਾਈ ਦਾ ਕੁਝ ਦਿਨ ਕੰਮ ਕਰਨ ਅਤੇ ਪਾਵਨ ਆਦਿ ਬੀੜ ਦੇ ਗਹੁ ਨਾਲ ਦਰਸ਼ਨ ਕਰਨ ਉਪਰੰਤ ਸਾਡੇ ਪ੍ਰਤੀਨਿਧਾਂ ਨੂੰ ਇਹ ਗਲ ਸਪਸ਼ਟ ਤੌਰ ਤੇ ਪ੍ਰਤੀਤ ਹੋਈ ਕਿ ਪਵਿਤ੍ਰ ਆਦਿ ਬੀੜ ਵਿਚ ਸਤਿਗੁਰਾਂ ਨੇ ਮੰਗਲਾਚਰਨ ਸਦਾ ਪਹਿਲਾਂ ਅੰਕਿਤ ਕਰਾਇਆ ਹੈ ਅਤੇ ਰਾਗ ਦੇ ਸਿਰਲੇਖ ਨੂੰ ਬਾਅਦ ਵਿਚ। ਇਹਨਾਂ ਵਲੋਂ ਇਸ ਸੰਬੰਧੀ ਯੋਗ ਰੀਪੋਰਟ ਦਫਤਰ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਗਈ। ਸ਼੍ਰੋਮਣੀ ਕਮੇਟੀ ਨੇ ਪ੍ਰਿੰ: ਜੋਧ ਸਿੰਘ ਜੀ ਦੀ ਸਲਾਹ ਨਾਲ ਧਾਰਮਕ ਸਲਾਹਕਾਰ ਕਮੇਟੀ ਦੀ ਇਕ ਉਚੇਚੀ ਇਕੱਤ੍ਰਤਾ ਮਿਤੀ ੨-੧੨-੫੧ ਚਾਰ ਵਜੇ ਸ਼ਾਮ ਨੂੰ ਸ੍ਰੀ ਕਰਤਾਰਪੁਰ ਸਾਹਿਬ ਰਖੀ ਤਾਂ ਜੁ ਉਹ ਆਦਿ ਬੀੜ ਦੇ ਦਰਸ਼ਨ ਕਰਕੇ ਇਸ ਸੰਬੰਧੀ ਆਪਣੀ ਰੀਪੋਰਟ ਕਰੇ। ਧਾਰਮਕ ਸਲਾਹਕਾਰ ਕਮੇਟੀ ਨੇ ਇਕ ਲਿਖਤੀ ਰੀਪੋਰਟ ਦਫਤਰ ਨੂੰ ਦਿਤੀ ਜਿਸ ਦੇ ਆਧਾਰ ਉਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਪੂਰੀ ਸੋਚ ਵਿਚਾਰ ਉਪਰੰਤ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਅਨੁਸਾਰ ਮੰਗਲਾਂ ਨੂੰ ਰਾਗਾਂ ਦੇ ਸਿਰਲੇਖਾਂ ਨਾਲੋਂ ਪਹਿਲਾਂ ਥਾਂ ਦੇਣ ਬਾਰੇ ਫ਼ੈਸਲਾ ਕੀਤਾ। ਇਸ ਤਰ੍ਹਾਂ ਕਰਨ ਦਾ ਮਨੋਰਥ ਪਾਵਨ ਆਦਿ ਬੀੜ ਦੀ ਮੰਗਲਾਚਰਨ ਦੀ ਤਰਤੀਬ ਦੇ ਉਲਟ ਛਪੀਆਂ ਪ੍ਰਚਲਤ ਬੀੜਾਂ ਵਿਚ ਸਹਿਵਨ ਆ ਗਈ ਉਕਾਈ ਨੂੰ ਦੂਰ ਕਰਨਾ ਸੀ। ਇਸ ਤੋਂ ਵਧ ਹੋਰ ਕੁਝ ਹਰਗਿਜ਼ ਨਹੀਂ ਸੀ।

੧.

ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਦਾ ਧਿਆਨ ਨਾਲ ਦਰਸ਼ਨ ਤੇ ਪਾਠ ਕੀਤਿਆਂ ਇਕ ਗਲ ਸਾਫ ਸਪਸ਼ਟ ਹੋ ਜਾਂਦੀ ਹੈ ਕਿ ਉਸ ਪਵਿਤ੍ਰ ਬੀੜ ਵਿਚ ਸਾਰੀ ਬਾਣੀ ਦਰਜ ਕਰਨ ਸਮੇਂ ਬਾਣੀ ਦੀ ਤਰਤੀਬ ਸੰਬੰਧੀ ਖਾਸ ਮਰਯਾਦਾ ਵਰਤੀ ਗਈ ਹੈ ਜੋ ਆਦਿ ਤੋਂ ਅੰਤ ਤਕ ਨਿਭਦੀ ਹੈ।

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਚਲਾਣ ਵਾਲੇ ਹਨ। ਉਹਨਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲਾਂ ਥਾਂ ਦਿਤੀ ਗਈ ਹੈ। ਆਰੰਭਕ ਬਾਣੀ 'ਜਪੁ' ਗੁਰੂ ਨਾਨਕ ਦੇਵ ਜੀ ਦੀ ਹੈ। ਰਾਗਾਂ ਵਿਚ ਪਹਿਲਾਂ ਸ਼ਬਦ, ਫਿਰ ਅਸਟਪਦੀਆਂ ਤੇ ਫਿਰ ਛੰਤ ਆਦਿਕ ਹਨ। ਹਰ ਥਾਂ ਪਹਿਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਮਿਲੀ ਹੈ।

Digitized by Panjab Digital Library | www.panjabdigilib.org

ਰਾਗਾਂ ਤੋਂ ਪਿਛੋਂ ਸਹਸਕ੍ਰਿਤੀ ਸ਼ਲੋਕ ਅਤੇ ਸ਼ਲੋਕ ਵਾਰਾਂ ਤੇ ਵਧੀਕ ਦਰਜ ਕਰਨ ਵੇਲੇ ਭੀ ਪਹਿਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਹੀ ਹੈ।

ਭੱਟਾਂ ਦੇ ਸਵੀਏ ਦਰਜ ਕਰਨ ਵੇਲੇ ਸਭ ਤੋਂ ਪਹਿਲਾਂ ਭੱਟਾਂ ਦੇ ਮੁਖੀ ਕੱਲਸਹਾਰ ਦੇ ਸਵਈਏ ਹਨ।

ਭਗਤਾਂ ਦੀ ਬਾਣੀ ਵਿਚ ਹਰ ਥਾਂ ਪਹਿਲ ਮੁਖੀ ਭਗਤ ਕਬੀਰ ਜੀ ਨੂੰ ਦਿੱਤੀ ਗਈ ਹੈ।

ਇਥੋਂ ਇਹੀ ਨਤੀਜਾ ਕੱਢ ਸਕੀਦਾ ਹੈ ਕਿ ਜਿਥੋਂ ਤਕ ਬਾਣੀ ਦੀ ਤਰਤੀਬ ਦਾ ਸੰਬੰਧ ਹੈ' ਇਕ ਖਾਸ ਮਰਯਾਦਾ ਵਰਤੀ ਗਈ ਹੈ।

ਜਦੋਂ ਅਸੀਂ ਬਾਣੀ ਦੀ ਗਿਣਤੀ ਦੇ ਹਿੰਦਸਿਆਂ ਵਲ ਵੇਖਦੇ ਹਾਂ, ਤਾਂ ਇਥੇ ਭੀ ਬਾਣੀ ਵਿਚ ਕਿਸੇ ਮਿਲਾਵਟ ਦੀ ਸੰਭਾਵਨਾ ਤੋਂ ਬਚਾਅ ਰਖਣ ਵਾਸਤੇ ਇਕ ਖਾਸ ਤਰੀਕਾ ਵਰਤਿਆ ਹੈ ਜੋ ਅਖੀਰ ਤਕ ਸਹੀ ਨਿਭਦਾ ਹੈ।

ਭਗਤਾਂ ਦੀ ਬਾਣੀ ਦਰਜ ਕਰਨ ਬਾਰੇ ਭੀ ਇਕੋ ਹੀ ਨਿਯਮ ਹੈ ਜੋ ਹਰ ਥਾਂ ਨਿਭਦਾ ਹੈ। ਭਗਤਾਂ ਦੀ ਬਾਣੀ ਤਦੋਂ ਹੀ ਦਰਜ ਕੀਤੀ ਹੈ ਜਦੋਂ ਸਾਰੇ ਗੁਰੂ ਸਾਹਿਬਾਂ ਦੀ ਬਾਣੀ ਦਰਜ ਹੋ ਚੁਕੀ ਹੈ।

ਭਗਤਾਂ ਦੀ ਆਪੋ ਵਿਚ ਭੀ ਬੱਝਵੀਂ ਤਰਤੀਬ ਹੈ-ਪਹਿਲਾਂ ਕਬੀਰ ਜੀ, ਫਿਰ ਨਾਮਦੇਵ ਜੀ ਤੇ ਫਿਰ ਰਵਿਦਾਸ ਜੀ ਆਦਿਕ।

ਗੁਰੂ ਸਾਹਿਬ ਦੀ ਆਪਣੀ ਬਾਣੀ ਭੀ ਹਰੇਕ ਰਾਗਾਂ ਵਿਚ ਇਕ ਬੱਝਵੇਂ ਨਿਯਮ ਅਨੁਸਾਰ ਹੈ- ਪਹਿਲਾਂ ਸ਼ਬਦ, ਫਿਰ ਅਸ਼ਟਪਦੀਆਂ, ਫਿਰ ਛੰਤ ਆਦਿਕ, ਅਖੀਰ ਤੇ 'ਵਾਰ'; ਉਸ ਤੋਂ ਪਿਛੋਂ ਭਗਤ ਬਾਣੀ।

੨.

ਹੁਣ ਵੇਖੀਏ ਮੰਗਲਾਚਰਣ ਲਿਖਣ ਬਾਰੇ ਮਰਯਾਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂ ਵਿਚ ਹੀ ਸਭ ਤੋਂ ਪਹਿਲਾਂ ਮੂਲ ਮੰਤ੍ਰ (ਮੰਗਲਾਚਰਨ) ਹੀ ਹੈ। ਜਦੋਂ ਰਾਗਾਂ ਦੇ ਸ਼ਬਦ ਜਾਂ ਅਸ਼ਟ- ਪਦੀਆਂ ਦਰਜ ਕਰਨ ਲਗਦੇ ਹਨ, ਤਾਂ ਜਿਥੇ ਜਿਥੇ ਭੀ ਨਵਾਂ ਸੰਗ੍ਰਹਿ ਸ਼ੁਰੂ ਹੁੰਦਾ ਹੈ, ਉਥੇ ਪਹਿਲ ਮੰਗਲਾਚਰਨ ਨੂੰ ਮਿਲੀ ਹੈ। ਮੰਗਲਾਚਰਨ ਅਗਲੇ ਸਾਰੇ ਹੀ ਸੰਗ੍ਰਹਿ ਨਾਲ ਸੰਬੰਧ ਰੱਖਦਾ ਹੈ, ਇਸ ਨੂੰ ਹਰੇਕ ਸ਼ਬਦ ਦੇ ਨਾਲ ਮੁੜ ਮੁੜ ਨਹੀਂ ਵਰਤਿਆ ਗਿਆ। ਇਹ ਇਕ ਐਸਾ ਨਿਯਮ ਹੈ ਜਿਸ ਦਾ ਕਿਤੇ ਭੀ ਉਲੰਘਣ ਨਹੀਂ ਹੋਇਆ।

ਉਦਾਹਰਣ ਵਜੋਂ ਵੇਖੋ ਸਿਰੀ ਰਾਗ ਵਿਚ ਮਹਲੇ ਪਹਿਲੇ ਦੀਆਂ ਅਸਟਪਦੀਆਂ, ਪੰਨਾ ੫੩। ਇਹਨਾਂ ਦੇ ਅਰੰਭ ਵਿਚ ਮੰਗਲਾਚਰਨ '੧ ਓ ਸਤਿਗੁਰਪ੍ਰਸਾਦਿ' ਲਿਖਿਆ ਗਿਆ ਹੈ। ਇਹ ੧੭ ਅਸਟਪਦੀਆਂ ਹਨ। ਇਸ ਮੰਗਲਾਚਰਨ ਦਾ ਸਬੰਧ ਇਹਨਾਂ ਸਾਰੀਆਂ ਨਾਲ ਹੀ ਪੈਂਦਾ ਹੈ, ਕਿਤੇ ਭੀ ਮੰਗਲਾਚਰਨ ਨੂੰ ਦੂਜੀ ਵਾਰੀ ਨਹੀਂ ਲਿਖਿਆ ਗਿਆ। ਜਦੋਂ ਭੀ ਇਕ ਅਸ਼ਟਪਦੀ ਸੰਪੂਰਨ ਹੋ ਕੇ ਦੂਜੀ ਸ਼ੁਰੂ ਹੁੰਦੀ ਹੈ ਤਾਂ ਨਵਾਂ ਸਿਰਲੇਖ ਸਿਰਫ "ਸਿਰੀ ਰਾਗ ਮਹਲਾ ੧" ਹੀ ਦਰਜ ਕੀਤਾ ਗਿਆ ਹੈ।

ਇਸੇ ਤਰ੍ਹਾਂ ਵੇਖੋ ਪੰਨਾ ਨੰ: ੭੯੫। ਸ਼ੁਰੂ ਵਿਚ ਮੰਗਲਾਚਰਨ ਹੈ, ਇਸ ਸੰਗ੍ਰਹ ਦੇ ੪ ਸ਼ਬਦ ਹਨ। ਇਹ ਮੰਗਲਾ-ਚਰਨ ਸਭਨਾਂ ਲਈ ਸਾਂਝਾ ਹੈ।

ਪਰ ਛਾਪੇ ਦੀਆਂ ਪਰਚਲਤ ਬੀੜਾਂ ਵਿਚ ਜਿਥੇ ਜਿਥੇ 'ਰਾਗ ਤੇ ਮਹਲੇ' ਨੂੰ ਪਹਿਲ ਦਿੱਤੀ

Digitized by Panjab Digital Library | www.panjabdigilib.org

ਗਈ ਹੈ, ਉਥੇ ਕੋਈ ਭੀ ਬੱਝਵਾਂ ਨਿਯਮ ਨਹੀਂ ਰਹਿ ਗਿਆ। 'ਜਿਥੇ 'ਰਾਗ ਤੇ ਮਹਲੇ' ਨੂੰ ਕਿਸੇ ਸੰਗ੍ਰਹਿ ਦੇ ਸ਼ੁਰੂ ਵਿਚ ਮੰਗਲਾਚਰਨ ਤੋਂ ਪਹਿਲਾਂ ਥਾਂ ਦਿਤੀ ਗਈ ਹੈ ਉਸ ਦਾ ਭਾਵ ਕੁਦਰਤੀ ਤੌਰ ਤੇ ਇਹ ਹੀ ਹੋਣਾ ਚਾਹੀਦਾ ਹੈ ਕਿ ਇਹ ਸਿਰਲੇਖ ਸਾਰੇ ਹੀ ਸੰਗ੍ਰਹਿ ਦਾ ਹੈ, ਸੰਗ੍ਰਹਿ ਦੇ ਹਰੇਕ ਸ਼ਬਦ ਨਾਲ ਉਸਨੂੰ ਬਾਰ ਬਾਰ ਦੁਹਰਾਉਣ ਦੀ ਲੋੜ ਨਹੀਂ ਸੀ। ਸਗੋਂ ਇਸ ਦੀ ਥਾਂ ਉਪ੍ਰੋਕਤ ਨਿਯਮ ਅਨੁਸਾਰ ਮੰਗਲਾਚਰਨ ਨੂੰ ਹਰੇਕ ਸ਼ਬਦ ਦੇ ਸ਼ੁਰੂ ਵਿਚ ਮੁੜ ਮੁੜ ਲਿਖਣ ਦੀ ਲੋੜ ਸੀ। ਪਰੰਤੂ ਸੰਗ੍ਰਹਿ ਵਿਚ ਕਿਤੇ ਵੀ ਅਜੇਹਾ ਨਹੀਂ ਹੋਇਆ ਕਿ ਮੰਗਲਾਚਰਨ ਨੂੰ ਹਰੇਕ ਸ਼ਬਦ ਦੇ ਸਿਰਲੇਖ ਦੀ ਥਾਂ ਬਾਰ ਬਾਰ ਦੁਹਰਾਇਆ ਗਿਆ ਹੋਵੇ। ਇਸ ਤੋਂ ਸਪਸ਼ਟ ਹੈ ਕਿ ਪ੍ਰਚਲਤ ਬੀੜਾਂ ਵਿਚ ਰਾਗ ਦੇ ਸਿਰਲੇਖਾਂ ਨੂੰ ਮੰਗਲਾਂ ਤੋਂ ਉਪਰ ਜਾਂ ਪਹਿਲਾਂ ਲਿਖਕੇ ਇਸ ਬੱਝਵੇਂ ਨਿਯਮ ਦੀ ਉਲੰਘਣਾ ਕੇਵਲ ਪਿਛੋਂ ਦੇ ਕਿਸੇ ਲਿਖਾਰੀ ਦੀ ਉਕਾਈ ਨਾਲ ਹੀ ਹੋਈ ਹੈ। ਜਾਂ ਇਉਂ ਆਖੋ ਕਿ ਸ੍ਰੀ ਆਦਿ ਬੀੜ ਵਿਚ ਕਿਤੇ ਭੀ 'ਰਾਗ ਤੇ ਮਹਲੇ' ਨੂੰ ਕਿਸੇ ਭੀ ਸੰਗ੍ਰਹਿ ਦੇ ਅਰੰਭ ਵਿਚ ਪਹਿਲ ਨਹੀਂ ਦਿਤੀ ਗਈ ਸੀ, ਅਸਲ ਨਿਯਮ ਨੂੰ ਨਾਂਹ ਸਮਝਦੇ ਹੋਏ ਪਿਛੋਂ ਦੇ ਕਿਸੇ ਲਿਖਾਰੀ ਨੇ ਮੰਗਲਾਚਰਨ ਨੂੰ ਪਹਿਲ ਦੇਣ ਦੇ ਥਾਂ ਕਿਸੇ ਵੇਲੇ 'ਰਾਗ ਤੇ ਮਹਲੇ' ਨੂੰ ਪਹਿਲੀ ਥਾਂ ਦੇ ਦਿੱਤੀ, ਤੇ ਇਹ ਉਕਾਈ ਅਗੋਂ ਲਈ ਪਰਚਲਤ ਹੋ ਗਈ।

ਜਿਥੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਵਿਚ ਸਾਰੀ ਬਾਣੀ ਦੀ ਤਰਤੀਬ, ਉਪਰ ਦਿਤੇ ਖਾਸ ਨਿਯਮ ਅਨੁਸਾਰ ਹੈ, ਉਥੇ ਮੰਗਲ ਅਤੇ ਸਿਰਲੇਖ ਲਿਖਣ ਲਈ ਭੀ ਇਕ ਖਾਸ ਮਰਯਾਦਾ ਵਰਤੀ ਗਈ ਹੈ। ਸਾਰੀ ਬੀੜ ਵਿਚ ਧਿਆਨ ਮਾਰ ਕੇ ਵੇਖੋ, ਮੰਗਲਾਚਰਨ ਹਰ ਥਾਂ ਪੰਨੇ ਦੇ ਅਧ ਤੋਂ ਅਗਾਂਹ ਸਜੇ ਪਾਸੇ ਹੈ, ਅਤੇ 'ਰਾਗ ਤੇ ਮਹਲਾ' ਖੱਬੇ ਪਾਸੇ ਹਨ।

ਇਹ ਲਿਖਣ ਸ਼ੈਲੀ ਜਾਂ ਮਰਯਾਦਾ ਖਾਸ ਵੀਚਾਰਨ ਯੋਗ ਹੈ।

੩.

(ੳ) ਸ੍ਰੀ ਕਰਤਾਰ ਪੁਰ ਸਾਹਿਬ ਵਾਲੀ ਪਾਵਨ ਆਦਿ ਬੀੜ ਦੇ ਆਰੰਭ ਵਿਚ ਤਤਕਰੇ ਵਾਲੇ ਪੰਨੇ ਉਤੇ ਹੇਠ ਲਿਖੇ ਅਨੁਸਾਰ ਅੰਕਿਤ ਮੰਗਲਾਚਰਨ ਖਾਸ ਤੌਰ ਤੇ ਵੀਚਾਰਨ ਦੀ ਲੋੜ ਹੈ-

ਸੂਚੀਪਤ੍ਰਪੋਥੀਕਾਤਤਕਰਾਰਾਗਾਕਾ--	੧ ੴ ਸਤਿਨਾਮੁਕਰਤਾਪੁਰਖੁਨਿਰਭਉਨਿ
੪੧ ਜੋਤੀਜੋਤਿਸਮਾਵਣੇਕਾਚਲਿਤ੍ਰ--	ਰਵੈਰੁਅਕਾਲਮੂਰਤਿਅਜੂਨੀਸੈਭੰ
ਸੰਬਤ੧੬੬੧ਮਿਤੀਭਾਦਉਵਦੀਏਕਮ੧	ਗੁਰਪ੍ਰਸਾਦਿ----------
ਪੋਥੀਲਿਖਿਪਹੁੰਚੇ----------	੮੧੧ ਤੁਖਾਰੀ----------
੪੦ ਨੀਸਾਣੁਗੁਰੂਜੀਉਕੇਦਸਖਤਾਮ:	* * * *
੫	* * * *
* * *	* * * *
* * *	* * * *
* * *	* * * *
* * *	ਰਾਜੇਸ਼ਿਵਨਾਭਕੀਬਿਧਿ
੭੪੫ ਮਾਰੂ----------	੯੭੪ ਰਾਗਮਾਲਾਤਥਾਸਿੰਘਲਾਦੀਪ

(ਨੋਟ) ਜਿਹੜੇ ਸਜਣ ਆਦਿ ਬੀੜ ਵਿਚ, ਇਕੋ ਲਾਈਨ ਵਿਚ ਲਿਖੇ ਰਾਗ ਦੇ ਸਿਰਲੇਖ

Digitized by Panjab Digital Library | www.panjabdigilib.org

ਤੇ ਮੰਗਲਾਚਰਨ ਨੂੰ ਖੱਬੇ ਸੱਜੇ ਦੇ ਹਿਸਾਬ ਅਨੁਸਾਰ ਖੱਬੇ ਲਿਖੇ ਸਿਰਲੇਖ ਨੂੰ ਪਹਿਲਾਂ ਤੇ ਮੰਗਲਾਚਰਨ ਨੂੰ ਪਿਛੋਂ ਲਿਖਿਆ ਮੰਨਦੇ ਹਨ, ਉਹ ਕੀ ਏਥੇ ਅੱਧ ਦੀ ਲਾਈਨ ਤੋਂ ਸੱਜੇ ਪਾਸੇ ਬਰਾਬਰ ਲਿਖੇ ਮੰਗਲਾਚਰਨ ਦਾ ਉਚਾਰਨ ਆਰੰਭ ਵਿਚ ਕਰਨਗੇ ਜਾਂ ਤਤਕਰੇ ਵਿਚ ਲਿਖੇ ਮਾਰੂ ਰਾਗ ਤੋਂ ਬਾਅਦ ? ਯਕੀਨਨ ਇਸ ਦਾ ਪਾਠ ਆਰੰਭ ਵਿਚ ਹੀ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਪਵਿਤ੍ਰ ਆਦਿ ਬੀੜ ਦੀ ਲਿਖਣ ਸ਼ੈਲੀ ਅਤੇ ਪ੍ਰਤੱਖ ਦਰਸ਼ਨਾਂ ਤੋਂ ਇਹ ਸਪਸ਼ਟ ਹੈ ਕਿ ਮੰਗਲਾਚਰਨ ਪਹਿਲੇ ਲਿਖਿਆ ਗਿਆ ਹੈ ਅਤੇ ਤਤਕਰੇ ਦਾ ਆਰੰਭ ਪਿਛੋਂ ਕੀਤਾ ਗਿਆ ਹੈ। ਇਸ ਤੋਂ ਇਹ ਵੀ ਸਪਸ਼ਟ ਹੈ ਕਿ ਮੰਗਲਾਚਰਨ ਦੇ ਸਤਿਕਾਰ ਨੂੰ ਮੁਖ ਰਖਦਿਆਂ ਹੋਇਆਂ ਇਸ ਨੂੰ ਸਫ਼ੇ ਦੇ ਸੱਜੇ ਪਾਸੇ ਲਿਖਿਆ ਗਿਆ ਹੈ। ਛਾਪੇ ਦੀਆਂ ਪ੍ਰਚਲਤ ਬੀੜਾਂ ਵਿਚ ਵੀ ਇਸ ਮੰਗਲ ਨੂੰ ਤਾਂ ਆਰੰਭ ਵਿਚ ਉਪਰ ਛਾਪਿਆ ਹੈ ਪਰੰਤੂ ਏਸੇ ਲਿਖਤ ਸ਼ੈਲੀ ਅਨੁਸਾਰ ਜਦੋਂ ਪਾਵਨ ਬੀੜ ਵਿਚ ਹੋਰ ਮੰਗਲਾਚਰਨ ਰਾਗ ਦੇ ਸਿਰਲੇਖ ਦੇ ਬਰਾਬਰ ਸੱਜੇ ਪਾਸੇ ਆਏ ਹਨ ਤਾਂ ਓਥ ਖੱਬੇ ਪਾਸੇ ਵਾਲੇ ਰਾਗ ਦੇ ਸਿਰਲੇਖ ਨੂੰ ਚੁਕ ਕੇ ਉਪਰ ਅਤੇ ਸੱਜੇ ਪਾਸੇ ਲਿਖੇ ਮੰਗਲਾਚਰਨ ਨੂੰ ਸਿਰਲੇਖ ਤੋਂ ਹੇਠਾਂ ਖੱਬੇ ਪਾਸੇ ਦੂਜੀ ਸਤਰ ਦੇ ਆਰੰਭ ਵਿਚ ਛਾਪ ਦਿਤਾ ਹੈ। ਇਹ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਆਦਿ ਬੀੜ ਦੀ ਤਰਤੀਬ ਦੇ ਵਿਰੁਧ ਤੇ ਅਸ਼ੁੱਧ ਹੈ।

(ਅ) ਇਸ ਦੀ ਪ੍ਰੋੜ੍ਹਤਾ ਵਿਚ ਸੰਮਤ ੧੭੪੨ ਵਿਚ ਸੰਪੂਰਨ ਹੋਈ ਪ੍ਰਾਚੀਨ ਬੀੜ ਜੋ ਸਾਡੇ ਪਾਸ ਮੌਜੂਦ ਹੈ, ਦੇ ਅਰੰਭ ਵਿਚ ਹੇਠ ਲਿਖੇ ਅਨੁਸਾਰ ਅੰਕਿਤ ਮੰਗਲਾਚਰਨ ਪਾਵਨ ਆਦਿ ਬੀੜ ਦੀ ਲਿਖਣ ਸ਼ੈਲੀ ਸਮਝਣ ਵਿਚ ਅਤਿਅੰਤ ਸਹਾਇਕ ਹੈ:-

ਪਤਿ	ਸੂਚੀਪਤ੍ਰੁਪੋਥੀਕਾਤਤਕਰਾਰਾਗਾਂਕਾ---		
੪੨	ਜੋਤੀਜੋਤਸਮਾਵਣੇਕਾਚਰਿਤ੍ਰ------		੧ ੴ ਸਤਿਨਾਮੁਕਰਤਾਪੁਰਖੁਨਿਰਭਉਨਿ
	ਸੰਮਤ੧੭੪੨ਮਿਤੀਸਾਵਣ੧੯, ਪੋਥੀ		ਰਵੈਰੁਅਕਾਲਮੂਰਤਿਅਜੂਨੀਸੈਭੰ
	ਲਿਖਪਹੁਚੇ--------------		ਗੁਰਪ੍ਰਸਾਦਿ------------
੪੩	ਨੀਸਾਣੁਗੁਰੂਜੀਉਕੇਦਸਖਤਮਹਲਾ	੬੯੬	ਕਾਨੜਾ--------------
	... ... ੧੦	੭੦੮	ਕਲਿਆਣ------------
੬੭੬	ਮਲਾਰ		

(ੲ) ਇਹ ਪੁਰਾਤਨ ਲਿਖਤੀ ਬੀੜ ਸ: ਗੰਡਾ ਸਿੰਘ ਜੀ ਡਾਇਰੈਕਟਰ ਮਹਿਕਮਾ ਆਰਕਾਈਵਿਜ਼, ਪਟਿਆਲਾ ਪਾਸ ਮੌਜੂਦ ਹੈ। ਇਹ ਨਾਵੇਂ ਪਾਤਸ਼ਾਹ ਦੇ ਸਮੇਂ ਦੀ ਲਿਖਤ ਹੈ:-

ਤਤਕਰਾ	੧ ੴ ਸਤਿਗੁਰਪ੍ਰਸਾਦਿ
ਸਿਰੀਰਾਗੁਮਾਝਗਉੜੀਆਸਾਗੂਜਰੀਦੇਵਗੰਧਾ	੪੯੧ ਰਾਗੁ ਬਿਲਾਵਲੁ
ਰੀਬਿਹਾਗੜਾ – – –	– –
– – – – –	– –
– – – – ਪ੍ਰਭਾਤੀ	੫੩੨ ਰਾਗੁ ਗੋਂਡ
੪੦ ਜਪੁ	
੪੫੧ ਰਾਗ ਸੂਹੀ	

Digitized by Panjab Digital Library | www.panjabdigilib.org

(ਸ) (ਆਦਿ ਗ੍ਰੰਥ ਸਾਹਿਬ ਲਿਖਤ–ਭਾਈ ਹਰਦਾਸ ਜੀ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ) ਤਤਕਰੇ ਤੋਂ ਪਹਿਲੇ ਸਫੇ ਤੇ ਨਾਵੇਂ ਪਾਤਿਸ਼ਾਹ ਦਾ 'ਨੀਸਾਣੁ' ਮੂਲ ਮੰਤ੍ਰ ਹੈ ਅਤੇ ਸਾਰੀ ਬੀੜ ਵਿਚ ਇਕਸਾਰ ਮੰਗਲਾਂ ਨੂੰ ਰਾਗਾਂ ਦੇ ਸਿਰਲੇਖਾਂ ਨਾਲੋਂ ਸਪਸ਼ਟ ਉਪਰਲੀ ਸਤਰ ਵਿਚ ਪਹਿਲਾਂ ਲਿਖਿਆ ਹੈ।

੧ ਓ ਸਤਿਗੁਰਪ੍ਰਸਾਦਿ

੩੨ ਜਪੁ	੫੯੫	ਕੇਦਾਰਾ
੩੯ ਸਿਰੀਰਾਗ		
–		– – – –
–		– – – –
੩੫੩ ਸੋਰਠਿ		– – – –
੩੯੪ ਧਨਾਸਰੀ		– – – –
੪੦੦ ਜੈਤਸਰੀ		– – – –
੪੦੭ ਜੈਜਾਵੰਤੀ		
– –		
੫੯੧ ਤੁਖਾਰੀ		
	੭੪੩	ਰਾਗ ਮਾਲਾ

ਬੀੜ ਦੇ ਅੰਤ ਵਿਚ ਲਿਖਾਰੀ ਨੇ ਇਹ ਸ਼ਬਦ ਅੰਕਿਤ ਕੀਤੇ ਹਨ–

ਗ੍ਰੰਥੁਸੰਪੂਰਨਹੋਆਲਿਖਿਆਹਰਿਦਾਸਲਿਖਾਰੀਸ੍ਰੀਗੁਰੂਗੋਬਿੰਦਸਿੰਘਜੀਦੇ ਲਿਖਾਰੀਲਿਖਿਆ। ਭੁਲਚੁਕਹੋਵੈਸੋਸੋਧਨਾਗੁਲਾਮਪਤਿਤੁਅਘਪਤੁਮਹਾਪਤਤਹਰਿਦਾਸ ਲਿਖਾਰੀਸ੍ਰੀਗੁਰੂਗੋਬਿੰਦਸਿੰਘਜੀਦਾ।

(ਹ) ਸੰਮਤ ੧੭੪੮ ਵਾਲੀ ਬੀੜ–

ਪਤਿ	ਸੂਚੀਪਤ੍ਰਪੋਥੀਕਾਤਤਕਰਾਰਾਗਾਕਾ––– ਜੋਤੀਜੋਤਿਸਮਾਵਣੇਕਾਚਲਿਤ੍ਰ–––– ਸੰਬਤ੧੭੪੮ਮਿਤੀਹਾੜ੍ਹੇਪਹਿਲੇਪੋਥੀ		੧ ਓ ਸਤਿਨਾਮੁਕਰਤਾਪੁਰਖੁਨਿਰਭਉ ਨਿਰਵੈਰਅਕਾਲਮੂਰਤਿਅਜੂਨੀਸੈ ਭੰਗੁਰਪ੍ਰਸਾਦਿ–––––––
	ਲਿਖੀਪਹੁਚੇ	੪੭੩	ਸਲੋਕਸਹਸਕ੍ਰਿਤੀ––––––
	... ...		* * * *
	... ...		* * * *
		੪੮੮	ਰਾਗਮਾਲਾ
	... ...		
	... ...		
੪੬੬	ਬਿਭਾਸੁ ਪ੍ਰਭਾਤੀ–––––––		

Digitized by Panjab Digital Library | www.panjabdigilib.org

(ਕ) ਭਾਈ ਪਾਖਰ ਮਲ ਢਿਲੋਂ ਦੀ ਲਿਖੀ ਬੀੜ । ਇਸ ਪਾਵਨ ਬੀੜ ਦੇ ਅਖੀਰ ਵਿਚ ਇਹ ਸ਼ਬਦ ਅੰਕਿਤ ਹਨ:-

੧ੴ ਸੰਬਤ੧੭੪੫ਮਾਘਸੁਦੀਗ੍ਰੰਥਜੀਲਿਖਆਪੂਰਨਹੋਇਆ॥ਲਿਖਾਰੀ
ਪਾਖਰਮਲਢਿਲੋਂਵਾਸੀਖਾਰਾਰੰਭਲਪੋਤ੍ਰਾਚੌਧਰੀਲੰਗਾਹਕਾ॥ਵਾਹਗੁਰੂ॥

ਆਰੰਭ ਇਸ ਪ੍ਰਕਾਰ ਹੈ:-

	ਸੂਚੀਪਤਿਪੋਥੀਕਾਤਤਕਰਾਲਿਖਿਆ ਰਾਗਕਾਤਤਕਰਾਸਬਦਾਕਾ ॥ ਜਪੁਸ੍ਰੀਗੁਰੂਰਾਮਦਾਸਜੀਉਕਿਆਦਸ ਖਤਾਕਾਨਕਲ		੧ੴ ਸਤਿਗੁਰਪ੍ਰਸਾਦਿ-	
			ਰਾਗਸਾਰਗਮਹਲਾ੧	੨੬
	— — —		— — —	
	— — —		— — —	
	— — —		— — —	
	* * *			
੫੫੮	ਰਾਗੁਬਸੰਤੁਮਹਲਾ੧	੨੫		

(ਖ) ਸੰਮਤ ੧੭੧੧ ਵਾਲੀ ਬੀੜ

੫੩ ੧੯	ਸੂਚੀਪਤ੍ਰੁਪੋਥੀਕਾਤਤਕਰਾਰਾਗਾਕਾ---- ਜੋਤੀਜੋਤਿਸਮਾਵਣੇਕਾਚਲਿਤ੍ਰ------- ਸੰਬੰਤੁ੧੭੧੧ਮਿਤੀਜੇਠੋਸੁਦੀਏਕਮ ਪੋਥੀਲਿਖਪਹੁਚੇ--------		੧ੴ ਸਤਿਨਾਮੁਕਰਤਾਪੁਰਖੁਨਿਰਭਉਨਿ ਰਵੈਰੁਅਕਾਲਮੂਰਤਿਅਜੂਨੀਸੈਭੰਗੁਰ ਪ੍ਰਸਾਦਿ
	— — — —	੫੩੯	ਤੁਖਾਰੀ
	— — — —		— — — —
	— — — —		— — — —
	— — — —		— — — —
੪੯੫	ਮਾਰੂ		

Digitized by Panjab Digital Library | www.panjabdigilib.org

(ਗ) ਸੰਬਤ ੧੮੧੧ ਦੀ ਲਿਖਤਿ ਬੀੜ ਡਾ: ਗੰਡਾ ਸਿੰਘ ਜੀ ਪਟਿਆਲਾ ਪਾਸ ਮੌਜੂਦ ਹੈ। ਇਸ ਦੇ ਤਤਕਰੇ ਦਾ ਆਰੰਭ ਇਉਂ ਹੁੰਦਾ ਹੈ:-

ਸੂਚੀਪਤ੍ਰੁਪੋਥੀਕਾਤਤਕਰਾਰਾਗਾਕਾ	ਜੈਤਸਰੀ	੧ ੳ ਸਤਿਨਾਮੁਕਰਤਾਪੁਰਖੁ
ਜੋਤੀਜੋਤਿਸਮਾਵਣੇਕਾਚਲਿਤੁ	ਟੋਡੀ	ਨਿਰਭਉਨਿਰਵੈਰੁਅਕਾਲਮੂਰ ੧
ਸਬੰਤ੧੮੧੧ ਮਿਤੀ	ਬੈਰਾੜੀ	ਤਿਅਜੂਨੀਸੈਭੰਗੁਰਪ੍ਰਸਾਦਿ
ਜੇਠਸੁਦੀ ਪੋਥੀਲਿ	ਤਿਲੰਗ	
ਖਿਪਹੁਚੇ	ਸੂਹੀ	ਗਾਥਾ
ਨੀਸਾਣੁਗੁਰੂਜੀਕੇਦਸਤਖਤਮ:	ਬਿਲਾਵਲ	ਫੁਨਹੇ
ਜਪੁ	ਗੋਂਡ	ਚਉਬੋਲੇ
* * * *	* *	* *
ਸਿਰੀਰਾਗੁ	* *	* *
* * * *	* *	* *
	ਬਿਭਾਸਪ੍ਰਭਾਤੀ	* *
ਧਨਾਸਰੀ	ਸਲੋਕਸਹਸਕ੍ਰਿਤੀ	ਰਾਗਮਾਲਾ

(ਘ) ਸੰਬਤ ੧੮੬੯ ਦੀ ਲਿਖੀ ਹੋਈ ਬੀੜ-ਗੁ: ਮਹਿੰਦਰ ਗੰਜ ਰਾਜਪੁਰਾ (ਪੈਪਸੂ)। ਇਸ ਦਾ ਤਤਕਰਾ ਇਸ ਤਰ੍ਹਾਂ ਅਰੰਭਿਆ ਹੈ:-

ਸੂਚੀਪਤ੍ਰੁਪੋਥੀਕਾਤਤਕਰਾਰਾਗਾਕਾ	੧ ੳ ਸਤਿਨਾਮਕਰਤਾਪੁਰਖੁਨਿਰਭਉ-ਗੁਰਪ੍ਰਸਾਦਿ
ਜੋਤੀਜੋਤਿਸਮਾਵਣੇਕਾਚਲਿਤ੍ਰ	ਮਾਲੀਗਉੜਾ
ਸਬੰਤੁ੧੮੬੯ਮਿਤੀਸਾਵਣੇ੧	ਮਾਰੂ
ਲਿਖਪਹੁਚੇ	ਤੁਖਾਰੀ
੧ ਜਪੁਗੁਰੂਰਾਮਦਾਸਜੇਨਕਲਕ	ਭੈਰਉ
ਨਕਲੁ	ਪ੍ਰਭਾਤੀ
੧ ਸੋਦਰਪੰਚਸਬਦ	ਸਲੋਕਸਹਸਕ੍ਰਿਤੀ
੧ ਸੋਹਿਲਾਆਰਤੀਪੰਚਸਬਦ	ਗਾਥਾ
੧ ਸਿਰੀਰਾਗੁ	ਫੁਨਹੇ
* * * *	- - - -
ਨਟਨਾਰਾਇਨ	- - - -

੪.

ਆਦਿ ਬੀੜ ਦੇ ਅਰੰਭ ਵਿਚ 'ਜਪੁ' ਤੋਂ ਪਹਿਲਾਂ ਮੂਲਮੰਤ੍ਰ ਸਪਸ਼ਟ ਉਪਰ ਹੈ। ਉਪਰੰਤ ਮੰਗਲਾਚਰਨ ਹਮੇਸ਼ਾਂ ਹੀ ਪੱਤਰੇ ਦੇ ਅੱਧ ਤੋਂ ਅਰੰਭ ਕੀਤਾ ਹੈ ਅਤੇ ਲਿਖਤ ਦਾ ਇਹ ਢੰਗ ਆਦਿ

Digitized by Panjab Digital Library | www.panjabdigilib.org

ਤੋਂ ਅੰਤ ਤਕ ਇਕਸਾਰ ਨਿਭਾਇਆ ਹੈ। ਸੱਜੇ ਪਾਸੇ ਲਿਖਿਆ ਇਹ ਮੰਗਲਾਚਰਨ ਕਈ ਥਾਈਂ ਇਕ ਲਾਈਨ ਵਿਚ ਹੀ ਲਿਖਿਆ ਗਿਆ ਹੈ ਅਤੇ ਕਈ ਥਾਈਂ ਦੋ ਯਾ ਤਿੰਨਾਂ ਲਾਈਨਾਂ ਵਿਚ, ਪਰੰਤੂ ਇਕ ਚੀਜ਼ ਸਪਸ਼ਟ ਹੈ ਕਿ ਦੂਜੀ ਜਾਂ ਤੀਜੀ ਲਾਈਨ ਵਿਚ ਲਿਖਣ ਲਗਿਆਂ ਪੰਨੇ ਦੇ ਖਬੇ ਪਾਸੇ ਵਲ ਕਦੀ ਵੀ ਇਸ ਦਾ ਕੋਈ ਅੱਖਰ ਨਹੀਂ ਲਿਖਿਆ ਗਿਆ, ਜਿਹਾ ਕਿ:-

(ੳ) ੧ ੳ ਸਤਿਗੁਰਪ੍ਰਸਾਦਿ ॥

(ਅ) ੧ ੳ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ ॥

(ੲ) ੧ ੳ ਸਤਿਨਾਮੁਕਰਤਾਪੁਰਖੁਨਿਰਭਉਨਿ
ਰਵੈਰੁਅਕਾਲਮੂਰਤਿਅਜੂਨੀਸੈਭੰਗੁ
ਰਪ੍ਰਸਾਦਿ ॥

(੨) ਰਾਗ ਦਾ ਸਿਰਲੇਖ ਹਮੇਸ਼ਾਂ ਹੀ ਪੱਤਰੇ ਦੇ ਪਹਿਲੇ ਅੱਧ ਵਿਚ ਮੂਲ ਮੰਤ੍ਰ ਦੇ ਖੱਬੇ ਪਾਸੇ, ਮੂਲ ਮੰਤ੍ਰ ਤੋਂ ਹੇਠਾਂ ਜਾਂ ਬਰਾਬਰ ਦੀ ਲਾਈਨ ਤੋਂ ਆਰੰਭ ਕੀਤਾ ਗਿਆ ਹੈ। ਜੇ ਰਾਗ ਦਾ ਸਿਰਲੇਖ ਇਕੋ ਲਾਈਨ ਵਿਚ ਖਤਮ ਨਹੀਂ ਹੋ ਸਕਿਆ ਤਾਂ ਹੇਠਾਂ ਦੂਜੀ ਲਾਈਨ ਵਿਚ ਹੀ ਲਿਖ ਦਿਤਾ ਗਿਆ ਹੈ। ਪਰੰਤੂ ਛਾਪੇ ਦੀਆਂ ਪਰਚਲਤ ਬੀੜਾਂ ਵਾਂਗ ਰਾਗ ਦਾ ਸਿਰਲੇਖ ਮੰਗਲਾਚਰਨ ਨਾਲੋਂ ਸਪਸ਼ਟ ਉਪਰਲੀ ਲਾਈਨ ਵਿੱਚ ਲਿਖਿਆ ਨਹੀਂ ਮਿਲਦਾ ਅਤੇ ਨਾ ਹੀ ਇਹ ਸਿਰਲੇਖ ਲੰਮਾ ਹੋਣ ਕਰਕੇ, ਸਾਰੇ ਨੂੰ ਇਕੋ ਲਾਈਨ ਵਿਚ ਉਪਰ ਹੀ ਲਿਖੀ ਗਏ ਹਨ; ਜਿਹਾ ਕਿ-

(ੳ) ਮੰਗਲਾਚਰਨ ਉੱਚਾ ਤੇ ਰਾਗ ਦਾ ਸਿਰਲੇਖ ਇਕੇ ਲਾਈਨ ਵਿਚ ਇਸ ਪ੍ਰਕਾਰ ਲਿਖਿਆ ਹੈ:-

੧ ੳ ਸਤਿਨਾਮੁਕਰਤਾਪੁਰਖੁਨਿਰਭਉ
ਨਿਰਵੈਰੁਅਕਾਲਮੂਰਤਿਅਜੂਨੀ
ਰਾਗੁਬਿਹਾਗੜਾਚਉਪਦੇਮਹਲਾ ੫ ਘਰੁ ੨ ਸੈਭੰਗੁਰਪ੍ਰਸਾਦਿ ॥

(ਅ) ਮੰਗਲਾਚਰਨ ਪਹਿਲੇ ਹੋਣ ਕਰਕੇ ਰਾਗ ਦਾ ਸਿਰਲੇਖ ਦੋ ਲਾਈਨਾਂ ਵਿਚ (ਪੰਨਾ ੨੦੩)

ਰਾਗੁਗਉੜੀਅਸਟਪਦੀਆ ੧ ੳ ਸਤਿਗੁਰਪ੍ਰਸਾਦਿ ॥
ਮਹਲਾ ੧ ਗਉੜੀਗੁਆਰੇਰੀ ॥

(ਨੋਟ--੧) ਵੀਚਾਰ ਖਾਤਰ ਜੇ ਦਰਸ਼ਨ ਦੇ ਰਹੇ ਰੂਪ ਨੂੰ 'ਇੰਨ ਬਿੰਨ' ਪੜ੍ਹਨਾ ਹੋਵੇ ਤਾਂ ਗੁਰਮੁਖੀ ਖੱਬੇ ਪਾਸਿਓਂ ਲਿਖੀਦੀ ਮੰਨ ਕੇ ਇਸ ਰਾਗ ਦੇ ਸਿਰਲੇਖ ਨੂੰ ਹੇਠ ਲਿਖੇ ਅਨੁਸਾਰ ਛਾਪਣਾ ਤੇ ਪੜ੍ਹਿਆ ਜਾਣਾ ਚਾਹੀਦਾ ਸੀ:-

ਰਾਗੁ ਗਉੜੀ ਅਸਟਪਦੀਆ ੧ ੳ ਸਤਿਗੁਰ ਪ੍ਰਸਾਦਿ ॥ ਮਹਲਾ ੧ ਗਉੜੀਗੁਆਰੇਰੀ ॥
ਪ੍ਰੰਤੂ ਐਸਾ ਨ ਕੋਈ ਛਾਪਦਾ ਹੈ ਤੇ ਨਾ ਹੀ ਛਾਪਣਾ ਉਚਿਤ ਹੈ।

(ਨੋਟ-੨) ਸੱਜੇ ਪਾਸੇ ਲਿਖਿਆ ਮੰਗਲਾਚਰਨ ਵੱਡਾ ਜਾਂ ਛੋਟਾ ਹੋਣ ਦੀ ਸੂਰਤ ਵਿਚ ਇਕ, ਦੋ ਜਾਂ ਤਿੰਨਾਂ ਸਤਰਾਂ ਵਿਚ ਲਿਖਿਆ ਹੋਣਾ ਕੁਦਰਤੀ ਹੈ, ਕਿਉਂਕਿ ਅਗੇ ਪੰਨੇ ਦਾ ਅਖੀਰ ਆ ਜਾਂਦਾ

Digitized by Panjab Digital Library | www.panjabdigilib.org

ਹੈ; ਪਰੰਤੂ ਖਬੇ ਪਾਸਿਓਂ ਅਰੰਭ ਕੀਤੇ ਰਾਗ ਦੇ ਸਿਰਲੇਖ ਨੂੰ, ਜੇ ਪਹਿਲੇ ਹੀ ਉਸ ਦੇ ਸਜੇ ਪਾਸੇ ਬਰਾਬਰ ਮੰਗਲਾਚਰਨ ਅੰਕਿਤ ਨਹੀਂ ਸੀ ਤਾਂ ਹੇਠਾਂ ਇਕ ਤੋਂ ਵਧੀਕ ਸਤਰਾਂ ਵਿਚ ਲਿਖਣ ਦੀ ਕਿਉਂ ਲੋੜ ਪਈ ? ਇਹ ਉਪਰ ਇਕੋ ਸਤਰ ਵਿਚ ਲਿਖਿਆ ਜਾ ਸਕਦਾ ਸੀ, ਅਤੇ ਮੰਗਲਾ- ਚਰਨ, ਜੇ ਉਥੇ ਬਾਦ ਵਿਚ ਹੀ ਲਿਖਿਆ ਜਾਣਾ ਸੀ ਤਾਂ ਰਾਗ ਦੇ ਸਿਰਲੇਖ ਨਾਲੋਂ ਹੇਠਾਂ ਸਪਸ਼ਟ ਲਿਖਣ ਵਿਚ ਕੀ ਹਰਜ ਸੀ ?

ਜੇ ਕੋਈ ਸਜਣ ਇਸ ਦੇ ਉੱਤਰ ਵਿਚ ਇਹ ਕਹੇ ਕਿ ਇਹ ਤਾਂ ਪਾਵਨ ਬੀੜ ਦੀ ਲਿਖਣ ਸ਼ੈਲੀ ਦੇ ਕਾਰਣ ਹੈ ਜੋ ਰਾਗ ਤੇ ਮੰਗਲਾਚਰਨ ਨੂੰ ਖੱਬੇ ਸਜੇ ਲਿਖਿਆ ਗਿਆ ਹੈ ਅਤੇ ਰਾਗ ਦੇ ਸਿਰਲੇਖ ਨੂੰ ਇਕ ਲਾਈਨ ਵਿਚ ਨਹੀਂ ਲਿਖਿਆ ਗਿਆ; ਤਾਂ ਅਸੀਂ ਵੀ ਸਨਿਮਰ ਇਹੀ ਬਿਨੈ ਕਰਾਂਗੇ ਕਿ ਹੋਰ ਸਹਾਇਕ ਸਬੂਤਾਂ ਦੇ ਅਧਾਰ ਤੇ ਇਹੋ ਲਿਖਣ ਸ਼ੈਲੀ ਹੀ ਸਾਡੇ ਪਾਸ ਇਕ ਵੱਡਾ ਸਬੂਤ ਹੈ ਕਿ ਸੱਜੇ ਪਾਸੇ ਲਿਖਿਆ ਮੰਗਲਾਚਰਨ ਰਾਗ ਦੇ ਸਿਰਲੇਖ ਤੋਂ ਹਰ ਹਾਲਤ ਪਹਿਲਾਂ ਅੰਕਿਤ ਕੀਤਾ ਗਿਆ ਹੈ।

ਸੋ, ਪਾਵਨ ਆਦਿ ਬੀੜ ਦੀ ਲਿਖਣ ਸ਼ੈਲੀ ਨੂੰ ਪੂਰੇ ਗਹੁ ਤੇ ਠਰ੍ਹਮੇ ਨਾਲ ਵਿਚਾਰੇ ਬਿਨਾਂ ਕਿਸੇ ਸਹੀ ਸਿੱਟੇ ਤੇ ਪੁਜਣਾ ਅਸੰਭਵ ਹੈ।

(੩) ਇਹ ਗਲ ਵਧੇਰੇ ਸਪਸ਼ਟ ਕਰਨ ਲਈ ਕਿ ਪਾਵਨ ਆਦਿ ਬੀੜ ਵਿਚ ਰਾਗ ਦੇ ਸਿਰਲੇਖਾਂ ਦੇ ਐਨ ਬਰਾਬਰ ਲਿਖੇ ਮੰਗਲਾਚਰਨ ਵੀ ਉਸ ਸਿਰਲੇਖ ਨਾਲੋਂ ਪਹਿਲਾਂ ਅੰਕਿਤ ਕੀਤੇ ਗਏ ਹਨ, ਹੇਠਾਂ ਨਮੂਨੇ ਮਾਤ੍ਰ ਲਿਖੀਆਂ ਕੁਝ ਕੁ ਉਦਾਹਰਨਾਂ ਵੀਚਾਰਨੀਆਂ ਅਤੀ ਜ਼ਰੂਰੀ ਹਨ:—

(ੳ) ਰਾਗਗਉੜੀਗੁਆਰੇਰੀ ਚਉਪਦੇ ੧ੳ ਸਤਿਗੁਰਪ੍ਰਸਾਦਿ ॥

(ਅ) ਰਾਗਗਉੜੀਚੇਤੀਮਹਲਾ ੫ ਦੁਪਦੇ੧ੳ ਸਤਿਗੁਰਪ੍ਰਸਾਦਿ ॥

ਆ

(ੲ) ਸਿਰੀਰਾਗੁਮਹਲਾ੩ ਅਸਟਪਦੀ ੧ੳ ਸਤਿਗੁਰਪ੍ਰਸਾਦਿ ॥ (ਪੰਨਾ ੯੩)

(ਸ) ਰਾਗੁਗਉੜੀਪੂਰਬੀਮਹਲਾ ੧ੳ ਸਤਿਗੁਰਪ੍ਰਸਾਦਿ ॥ (ਪੰਨਾ ੧੯੫)

੫

(ਹ) ਗਉੜੀਬੈਰਾਗਣਮਹਲਾ ੧ੳ ਸਤਿਗੁਰਪ੍ਰਸਾਦਿ ॥ (ਪੰਨਾ ੨੦੬)

੧

(ਕ) ਗਉੜੀਕੀਵਾਰਮਹਲਾ ੫ ਰਾਇਕਮਾਲਦੀਮੋਜ੧ ੳ ਸਤਿਗੁਰਪ੍ਰਸਾਦਿ ॥
ਦੀਕੀਵਾਰਕੀਧੁਨਿਉਪਰਿਗਾਵਣੀ

ਉਪਰੋਕਤ ਉਦਾਹਰਨਾਂ ਤੋਂ ਇਹ ਗਲ ਬਿਲਕੁਲ ਸਪਸ਼ਟ ਹੈ ਕਿ ਰਾਗ ਦਾ ਸਿਰਲੇਖ ਲਿਖਣ ਲਗਿਆਂ ਜੇ ਅਗੇ ਮੰਗਲਾਚਰਨ ਪਹਿਲਾਂ ਲਿਖਿਆ ਹੋਣ ਕਰਕੇ ਥਾਂ ਥੋੜੀ ਰਹਿ ਗਈ ਹੈ

Digitized by Panjab Digital Library | www.panjabdigilib.org

ਤਾਂ ਅਖੀਰ ਦਾ ਪਦ ਜਾਂ ਅੰਕ ਬਰੀਕ ਕਰ ਦਿਤਾ ਹੈ ਜਾਂ ਮੰਗਲਾਚਰਨ ਦੇ ਭੋਕੇ ਉਪਰ ਚੜ੍ਹਾ ਦਿਤਾ ਹੈ ਤੇ ਜਾਂ ਹੇਠਾਂ ਦਰਜ ਕਰਨਾ ਪਿਆ ਹੈ। ਜੇ ਉਸੇ ਸਤਰ ਵਿਚ ਸਾਹਮਣੇ ਸੱਜੇ ਪਾਸੇ ਮੰਗਲਾਚਰਨ ਪਹਿਲਾਂ ਲਿਖਿਆ ਨਾ ਹੁੰਦਾ ਤਾਂ ਇਹ ਇਕ ਅੱਧਾ ਪਦ ਜਾਂ ਅੰਕ ਨਿੱਕਾ ਕਰਨ, ਪਹਿਲੇ ਲਿਖੇ ਅਖਰ ਤੇ ਚਾੜ੍ਹਨ, ਹੇਠਾਂ ਪੈਰਾਂ ਵਿਚ ਲਿਖਣ ਜਾਂ ਪਦ ਨੂੰ ਤੋੜਨ ਦੀ ਕੀ ਲੋੜ ਸੀ ਜਦ ਕਿ ਅੱਗੇ ਕਾਫ਼ੀ ਥਾਂ ਖਾਲੀ ਪਈ ਹੋਈ ਹੈ ਅਤੇ ਮੰਗਲਾਚਰਨ ਜ਼ਰਾ ਹੋਰ ਅਗਾਂਹ ਲਿਖਿਆ ਜਾ ਸਕਦਾ ਸੀ। ਇਨ੍ਹਾਂ ਪ੍ਰਮਾਣਾਂ ਦੇ ਕੇਵਲ ਦਰਸ਼ਨ ਕਰਨ ਨਾਲ ਪਵਿਤ੍ਰ ਆਦਿ ਬੀੜ ਦੀ ਲਿਖਣ ਸ਼ੈਲੀ ਇਤਨੀ ਸਪਸ਼ਟ ਹੋ ਜਾਂਦੀ ਹੈ ਕਿ ਕਿਸੇ ਹੋਰ ਦਲੀਲ ਦੀ ਲੋੜ ਹੀ ਨਹੀਂ ਰਹਿ ਜਾਂਦੀ।

੫.

ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਦੇ ਪੰਨਾ ੪੬੩ (੨) ਉਤੇ ਮੰਗਲਾਚਰਨ ਅਤੇ ਰਾਗ ਦੇ ਸਿਰਲੇਖ ਦੀ ਪੋਜ਼ੀਸ਼ਨ ਹੇਠ ਲਿਖੀਆਂ ਉਦਾਹਰਣਾਂ ਰਾਹੀਂ ਵਧੇਰੇ ਸਪਸ਼ਟ ਕੀਤੀ ਜਾਂਦੀ ਹੈ:-

(ੳ)..........ਸੋਈਜੀਉ ॥ ੫ ॥ ੧੧ ॥ ਸੋਰਠਿਮਹਲਾ ੧ ਘਰੁ

ਸੋਰਠਿਮਹਲਾ ੧ ਘਰੁ ੩ ੧ ਓ ਸਤਿਗੁਰਪ੍ਰਸਾਦਿ ॥

ਜਾਤਿਸੁਭਾਵਾ.................

(ਅ) ਸਹਜਸਮਾਨੋਤਭਰਮਭਾਜ ॥ ੩ ॥ ੬ ॥ ਬਸੰਤਹਿੰਡੋਲਘਰੁ

ਬਸੰਤੁਹਿੰਡੋਲੁਘਰੁ ੨ ੧ ਓ ਸਤਿਗੁਰਪ੍ਰਸਾਦਿ

ਮਾਤਾ ਜੂਠੀਪਿਤਾਵੀਜੂਠਾ.................

(ਨੋਟ-੧) ਜੇ ਉਪਰੋਕਤ ਦੋਹਾਂ ਉਦਾਹਰਣਾਂ ਵਿਚ ਸਜੇ ਪਾਸੇ ਲਿਖੇ ਅਧੂਰੇ ਸਿਰਲੇਖ ਮੰਗਲਾਂ ਦੇ ਉਪਰ ਲਿਖਣੇ ਪਰਵਾਨ ਸਨ ਤਾਂ ਇਨ੍ਹਾਂ ਨੂੰ ਉਥੇ ਅਧੂਰੇ ਛਡ ਕੇ ਦੋਬਾਰਾ ਖਬੇ ਪਾਸੇ ਲਿਖਣ ਦੀ ਕੀ ਲੋੜ ਸੀ ? ਇਸ ਦਾ ਉਤਰ ਸਪਸ਼ਟ ਹੈ। ਜਦ ਲਿਖਦਿਆਂ ਸਾਰ ਲਿਖਾਰੀ ਨੂੰ ਇਹ ਪਤਾ ਲਗ ਗਿਆ ਕਿ ਇਥੇ ਨਵੇਂ 'ਘਰੁ' ਦਾ ਸੰਗ੍ਰਹਿ ਸ਼ੁਰੂ ਹੋਣ ਕਰਕੇ ਮੰਗਲ ਵੀ ਲਿਖਣੇ ਹਨ ਤਾਂ ਉਪਰ ਲਿਖੇ ਗਏ ਰਾਗ ਦੇ ਸਿਰਲੇਖ ਨੂੰ ਉਥੇ ਅਧੂਰਾ ਛਡ ਕੇ ਪਹਿਲਾਂ ਸਜੇ ਪਾਸੇ ਮੰਗਆਚਰਨ ਲਿਖੇ ਗਏ ਅਤੇ ਬਾਅਦ ਵਿਚ ਉਨ੍ਹਾਂ ਦੇ ਬਰਾਬਰ ਖਬੇ ਪਾਸੇ; ਆਦਿ ਬੀੜ ਦੀ ਲਿਖਣ ਸ਼ੈਲੀ ਅਨੁਸਾਰ, ਰਾਗ ਦੇ ਪੂਰੇ ਸਿਰਲੇਖ ਅੰਕਿਤ ਕੀਤੇ ਗਏ। ਜੇ ਇਥੇ ਮੰਗਲ ਦੇ ਉਪਰ ਰਾਗ ਦਾ ਸਿਰਲੇਖ ਪਰਵਾਨ ਹੁੰਦਾ ਤਾਂ ਅਧੂਰੇ ਸਿਰਲੇਖ ਦੇ ਅਗੇ ਹੀ (੩) ਤੇ (੨) ਵਧਾ ਕੇ ਇਸ ਨੂੰ ਪੂਰਾ ਕੀਤਾ ਜਾ ਸਕਦਾ ਸੀ।

(ਨੋਟ-੨) ਆਦਿ ਪਾਵਨ ਬੀੜ ਵਿਚ ਅਜੇਹੀਆਂ ਕਈ ਇਕ ਥਾਵਾਂ ਹਨ ਜਿਥੇ "ਰਾਗ ਅਤੇ ਮਹਲਾ" ਆਦਿ ਦਰਜ ਹੈ, ਅਗੇ ਸ਼ਬਦ ਅੰਕਿਤ ਨਹੀਂ। ਪਰੰਤੂ ਉਨ੍ਹਾਂ ਸਮੂਹ ਥਾਵਾਂ ਦੇ ਅਗੇ ਕਾਫੀ ਥਾਂ ਖਾਲੀ ਪਈ ਹੈ; ਕਈ ਵੇਰ ਕਈ ਕਈ ਪੰਨੇ। ਪਰੰਤੂ ਇਥੇ ਗਲ ਇਹ ਨੋਟ ਕਰਨ ਵਾਲੀ ਹੈ ਕਿ ਉਪਰੋਕਤ ਉਦਾਹਰਣਾਂ ਬਿਲਕੁਲ ਵਖਰੀਆਂ ਹਨ । ਇਨ੍ਹਾਂ ਥਾਵਾਂ ਉਤੇ ਕੋਈ ਥਾਂ ਖਾਲੀ ਨਹੀਂ ਤੇ ਸਿਰਲੇਖ ਜਾਂ ਮੰਗਲਾਂ ਤੋਂ ਬਾਅਦ ਬਾਕਾਇਦਾ ਸ਼ਬਦ ਦਰਜ ਹੈ ਅਤੇ ਵਿਚਕਾਰ ਇਕ ਸਤ੍ਰ ਲਿਖੇ ਜਾਣ ਦੀ ਦੀ ਗੁੰਜਾਇਸ਼ ਨਹੀਂ। ਇਸੇ ਲਈ ਧਾਰਮਿਕ ਸਲਾਹਕਾਰ ਕਮੇਟੀ ਦੇ ਸਜਣਾਂ ਨੇ

Digitized by Panjab Digital Library | www.panjabdigilib.org

ਵੀ ਆਪਣੀ ਮਿਲਵੀਂ ਰੀਪੋਰਟ ਮਿਤੀ ੯-੧੦-੫੩ ਵਿਚ ਕੇਵਲ ਇਨ੍ਹਾਂ ਦੋ ਥਾਵਾਂ ਦਾ ਹੀ ਉਚੇਚੇ ਤੌਰ ਉਤੇ ਜ਼ਿਕਰ ਕੀਤਾ ਹੈ।

੬.

ਇਹ ਮੰਨੀ-ਪ੍ਰਮੰਨੀ ਗਲ ਹੈ ਕਿ ਮੂਲ ਮੰਤ੍ਰ "੧ ਓ ਸਤਿਗੁਰਪ੍ਰਸਾਦਿ ॥" ਗੁਰੂ ਸਾਹਿਬ ਦਾ ਮੁਖਵਾਕ ਹੈ, ਭਗਤਾਂ ਦਾ ਨਹੀਂ। ਨਿਯਮ ਅਨੁਸਾਰ ਸਤਿਗੁਰੂ ਜੀ ਨੇ ਭਗਤ ਬਾਣੀ ਦਰਜ ਕਰਨ ਵੇਲੇ ਇਹ ਮੰਗਲ ਹਰੇਕ ਭਗਤ ਦੇ ਸ਼ਬਦ-ਸੰਗ੍ਰਹਿ ਦੇ ਸ਼ੁਰੂ ਵਿਚ ਦਰਜ ਕੀਤਾ ਹੈ, ਇਹੀ ਇਸਦਾ ਯੋਗ ਥਾਂ ਹੈ। ਪਰ ਉਕਾਈ ਕਰਨ ਵਾਲਿਆਂ ਇਸ ਨੂੰ ਅਸਲ ਥਾਂ ਤੋਂ ਬਦਲ ਕੇ ਹੇਠਾਂ ਲਿਖ ਕੇ ਇਹ ਭੁਲੇਖਾ ਬਣਾ ਦਿਤਾ ਹੈ ਕਿ ਮੰਗਲਾਚਰਨ ਭਗਤ ਜੀ ਦਾ ਮੁਖਵਾਕ ਹੈ। ਜਿਵੇਂ ਕਿ ਵੇਖੋ ਪੰਨਾ ੯੧ (ਜਿਥੇ ਕਿ ਮੰਗਲਾਚਰਨ ਦੀ ਠੀਕ ਥਾਂ ਹੈ)।

੧ ਓ ਸਤਿਗੁਰਪ੍ਰਸਾਦਿ ॥ ਸਿਰੀ ਰਾਗੁ ॥ ਕਬੀਰਜੀਉਕਾ ॥
ਏਕੁਸੁਆਨੁਕੈਘਰਿਗਾਵਣਾ ॥ ਜਨਨੀਜਾਨਤ........

ਦੂਜਾ ਵੇਖੋ ਪੰਨਾ ੯੩ (ਜਿਥੇ ਉਕਾਈ ਕੀਤੀ ਗਈ ਹੈ) :-

ਸਿਰੀਰਾਗਬਾਣੀਭਗਤਬੇਣੀਜੀਉਕੀ
ਪਹਰਿਆਕੈਘਰਿਗਾਵਣਾ ॥

੧ ਓ ਸਤਿਗੁਰ ਪ੍ਰਸਾਦਿ ॥ ਰੇ ਨਰ........॥

ਇਥੇ ਮੂਲ ਮੰਤ੍ਰ ਭਗਤ ਬੇਣੀ ਜੀ ਦਾ ਮੁਖਵਾਕ ਸਮਝਿਆ ਜਾਇਗਾ, ਜੋ ਅਸਲ ਵਿਚ ਹੈ ਨਹੀਂ।

੭.

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਦੇ ਸਿਰਲੇਖ ਨਾਲ ਸ਼ਬਦ 'ਮਹਲਾ' ਦੇ ਬਾਅਦ ੧, ੨, ੩, ੪, ੫ ਜਾਂ ੯ ਲਿਖਿਆ ਗਿਆ ਹੈ, ਜਿਵੇਂ 'ਆਸਾ ਮਹਲਾ ੫'। ਅਸੀਂ ਪਾਠ ਕਰਨ ਵੇਲੇ ਅੰਕ '੫' ਨੂੰ 'ਪੰਜ' ਨਹੀਂ ਸਗੋਂ 'ਪੰਜਵਾਂ' ਉਚਾਰਦੇ ਹਾਂ। ਇਹ, ਇਸ ਲਈ ਕਿ ਪਵਿਤ੍ਰ ਬੀੜ ਵਿਚ ਕੁਝ ਕੁ ਥਾਈਂ 'ਮਹਲੇ' ਸ਼ਬਦ ਦੇ ਨਾਲ ਅੰਕ ਨੂੰ ਸਪਸ਼ਟ ਤੌਰ ਉਤੇ ਉਚਾਰਨ ਕਰਨ ਦਾ ਤਰੀਕਾ ਲਿਖ ਦਿਤਾ ਹੈ। ਉਦਾਹਰਣ ਵਜੋਂ ਵੇਖੋ ਪੰਨਾ ੧੪-

"੧ ਓ ਸਤਿਗੁਰਪ੍ਰਸਾਦਿ ॥
ਰਾਗੁਸਿਰੀਰਾਗੁਮਹਲਾ ਪਹਿਲਾ ੧ ਘਰੁ ੧ ॥

ਵਿਆਕਰਣਕ ਨਿਯਮ ਅਨੁਸਾਰ ਵੀ 'ਆਸਾ ਮਹਲਾ ਪੰਜ' ਉਚਾਰਣਾ ਅਸ਼ੁਧ ਹੈ, ਪ੍ਰੰਤੂ 'ਆਸਾ ਮਹਲਾ ਪੰਜਵਾਂ' ਉਚਾਰਣਾ ਸ਼ੁਧ।

ਇਸੇ ਤਰ੍ਹਾਂ ਹੀ ਜੇ ਸਾਨੂੰ ਆਦਿ ਪਵਿਤ੍ਰ ਬੀੜ ਵਿਚ ਕਈ ਇਕ ਥਾਈਂ ਸਾਫ਼ ਸਿਧ ਹੋ ਜਾਵੇ ਕਿ ਰਾਗ ਦੇ ਸਿਰਲੇਖ ਨਾਲੋਂ ਸਫੇ ਦੇ ਸਜੇ ਪਾਸੇ ਲਿਖਿਆ ਮੰਗਲ ਹਰ ਹਾਲਤ ਪਹਿਲਾਂ ਅੰਕਿਤ ਹੈ ਤਾਂ ਸਜੇ ਖਬੇ ਦੀ ਤਰਤੀਬ ਅਤੇ ਸਮੁਚੇ ਮੰਗਲਾਂ ਦੀ ਲਿਖਣ ਸ਼ੈਲੀ ਅਤੇ ਸਹੀ ਥਾਂ ਸਮਝਣ ਵਿਚ ਕਿਸੇ ਤਰ੍ਹਾਂ ਦਾ ਟਪਲਾ ਲਗਣ ਦੀ ਰਤੀ ਭਰ ਗੁੰਜਾਇਸ਼ ਨਹੀਂ ਰਹਿ ਜਾਂਦੀ। ਸੋ ਮੰਗਲਾਂ ਦੇ ਸਜੇ

Digitized by Panjab Digital Library | www.panjabdigilib.org

ਪਾਸੇ ਪਹਿਲਾਂ ਲਿਖੇ ਜਾਣ ਦੇ ਬਹੁਤ ਸਾਰੇ ਅਕੱਟ ਸਬੂਤ ਅਸੀਂ ਪਿਛੇ ਦੇ ਹੀ ਆਏ ਹਾਂ।

੮.

ਗੁਰਬਾਣੀ ਦੀ ਖੋਜ ਵੀ ਇਹੀ ਸਿਧ ਕਰਦੀ ਹੈ ਕਿ ਸਭ ਤੋਂ ਪਹਿਲੇ ਆਦਿ ਵਿਚ 'ਓਅੰਕਾਰ' ਹੀ ਸੀ। ਉਸੇ ਤੋਂ ਸਾਰਾ ਪਸਾਰਾ ਹੈ, ਜਿਵੇਂ-"ਓਅੰਕਾਰ ਆਦਿ ਮੈ ਜਾਨਾ" ਜਾਂ "ਓਅੰ ਆਦਿ ਰੂਪੇ॥ ਅਨਾਦੀ ਸਰੂਪੇ॥" "ਪ੍ਰਿਥਮ ਕਾਲ ਜਬ ਕਰਾ ਪਸਾਰਾ॥ ਓਅੰਕਾਰ ਤੇ ਸ੍ਰਿਸਟ ਉਪਾਰਾ॥" ਆਦਿ।

ਮੰਗਲਾ ਚਰਨ ਵਾਲਾ '੧ ਓ' ਵੀ ਪ੍ਰਭੂ ਦਾ ਲਖਾਇਕ ਹੈ। ਇਸ ਲਈ ਇਸ ਦੀ ਵੀ ਯੋਗ ਥਾਂ 'ਆਦਿ' ਵਿਚ ਹੀ ਹੈ ਅਤੇ ਇਹੀ ਥਾਂ ਸਤਿਗੁਰਾਂ ਨੇ ਇਸ ਨੂੰ ਦਿਤੀ।

੯.

ਸਾਰੇ ਧਰਮ ਗ੍ਰੰਥਾਂ ਵਿਚ ਮੰਗਲ ਆਰੰਭ ਵਿਚ ਹੀ ਲਿਖਿਆ ਮਿਲਦਾ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਵੀ ੨੯ ਤੋਂ ੩੫ ਵੇਰ ਮੰਗਲ ਆਉਂਦਾ ਹੈ ਅਤੇ ਸਦਾ ਸਪਸ਼ਟ ਕਰਕੇ ਬਾਣੀ ਦੇ ਅਰੰਭ ਤੋਂ ਪਹਿਲਾਂ ਹੀ ਲਿਖਿਆ ਗਿਆ ਹੈ।

੧੦.

ਸਤਿਕਾਰ ਦੇ ਖਿਆਲ ਨਾਲ ਭੀ ਹਰ ਪੂਜਣ ਜੋਗ ਤੇ ਮਾਨਨੀਯ ਸੱਜਣ ਯਾ ਵਸਤੂ ਨੂੰ ਸਾਰੇ ਸੱਭਯ ਸੰਸਾਰ ਵਿਚ ਸੱਜੇ ਪਾਸੇ ਸਜਾਉਣ ਯਾ ਬਹਾਉਣ ਦੀ ਮ੍ਰਯਾਦਾ ਹੈ। ਅੱਜ ਅਸੀਂ ਆਪਣੇ ਇਸ਼ਟ ਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਜੇ ਹੱਥ ਰੱਖ ਕੇ ਹੀ ਪ੍ਰਕਰਮਾਂ ਕਰਦੇ ਹਾਂ। ਸਾਡੀ ਵਿਚਾਰ ਵਿਚ ਮੂਲ ਮੰਤ੍ਰ (ਮੰਗਲ) ਨੂੰ ਪੁਰਾਤਨ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਹਰ ਥਾਂ ਸੱਜੇ ਪਾਸੇ ਅੰਕਤ ਕਰਨ ਦਾ ਕਾਰਣ ਭੀ ਇਹੋ ਹੈ।

੧੧.

ਭਾਈ ਮਨੀ ਸਿੰਘ ਜੀ ਆਪਣੀ ਪੋਥੀ ਜਨਮ ਸਾਖੀ-"ਗਿਆਨ ਰਤਨਾਵਲੀ" ਜਿਸ ਦਾ ਨਾਮ "ਜਨਮ ਸਾਖੀ ਭਾਈ ਮਨੀ ਸਿੰਘ ਜੀ ਵਾਲੀ" ਕਰਕੇ ਪ੍ਰਸਿਧ ਹੈ, ਵਿਚ ਮੂਲ-ਮੰਤ੍ਰ ਜਾਂ ਮੰਗਲ ਦਾ ਸਹੀ ਥਾਂ ਇਸ ਤਰ੍ਹਾਂ ਨਿਰੂਪਨ ਕਰਦੇ ਹਨ:-

੧ ਓ ਸਤਿਨਾਮੁ
ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਨਾਮ ਸਭ ਦੇਵਾਂ ਦਾ ਦੇਵ ਹੈ॥ ਕੋਈ ਦੇਵੀ ਨੂੰ ਮਨਾਵਦਾ ਹੈ॥
ਕੋਈ ਸ਼ਿਵ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ ਨੂੰ॥
ਗੁਰੂ ਕੇ ਸਿਖ ਸਤਿਨਾਮੁ ਨੂੰ ਅਰਾਧਤੇ ਹੈਂ ਜਿਸ ਕਰ ਸਭ
ਵਿਘਨ ਨਾਸ ਹੋਂਦੇ ਹਨ॥ ਤਾਂ ਤੇ ਸਤਿਨਾਮੁ ਦਾ ਮੰਗਲਚਾਰ
ਆਦਿ ਰਖਾ ਗਿਆ ਹੈ।

Digitized by Panjab Digital Library | www.panjabdigilib.org

੧੨.

(ੳ)

ਸੰਮਤ ੧੮੨੩ ਬਿਕਰਮੀ ਨੂੰ ਬਾਬਾ ਦੀਪ ਸਿੰਘ ਨੇ ਉਸੇ ਗੁਰੂ ਗ੍ਰੰਥ ਸਾਹਿਬ ਤੋਂ, ਜੋ ਸ੍ਰੀ ਗੁਰੂ ਕਲਗੀਧਰ ਜੀ ਨੇ ਦਮਦਮੇ ਸਾਹਿਬ ਤਿਆਰ ਕਰਵਾਈ ਸੀ, ਚਾਰ ਉਤਾਰੇ ਕਰਵਾਏ।

ਇਕ ਤਾਂ ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਜੀ, ਦੂਜਾ ਪਟਨਾ ਸਾਹਿਬ, ਤੀਜਾ ਅਨੰਦ ਪੁਰ ਸਾਹਿਬ ਤੇ ਚੌਥਾ ਦਮਦਮੇ ਸਾਹਿਬ ਵਿਚ ਹੈ। ਅਸਲ ਗੁਰੂ ਗ੍ਰੰਥ ਸਾਹਿਬ ਜੀ, ਜਿਸ ਨੂੰ ਦਸਮ ਪਾਤਸ਼ਾਹ ਜੀ ਨੇ ਤਿਆਰ ਕੀਤਾ ਸੀ, ਖਾਲਸਾ ਜੀ ਦੇ ਲਸ਼ਕਰ ਵਿਚ ਰਿਹਾ ਕਰਦਾ ਸੀ। ਕਿੰਤੂ ਵਡੇ ਘਲੂਘਾਰੇ ਵਿਚ ਦੁਰਾਨੀਆਂ ਦੇ ਹਥ ਆ ਗਿਆ, ਜੋ ਉਸ ਨੂੰ ਕਾਬਲ ਲੈ ਗਏ।

ਸੰਮਤ ੧੮੧੭ ਬਿਕਰਮੀ ਨੂੰ ਦੀਪ ਸਿੰਘ ਜੀ ਨੇ ਕਰਤਾਰ ਪੁਰ ਵਿਚ ੬ ਮਹੀਨੇ ਠਹਿਰ ਕੇ ਦਮਦਮੇ ਸਾਹਿਬ ਵਾਲੀ ਬੀੜ ਨੂੰ ਸ੍ਰੀ ਕਰਤਾਰ ਪੁਰ ਵਾਲੀ ਬੀੜ ਦੇ ਨਾਲ ਸੋਧਿਆ।

ਪ੍ਰਸਾਦ ਸ: ਜਸਾ ਸਿੰਘ ਆਹਲੂਵਾਲੀਆ ਦੇ ਲੰਗਰ ਵਿਚੋਂ ਛਕਦੇ ਰਹੇ।

ਤ੍ਵਾਰੀਖ ਰਾਜ ਖਾਲਸਾ ਹਿਸਾ ੩, ਭਾਗ ੧, ਪੰਨਾ ੬੨, ੬੩

(ਅ)

ਚੌਪਈ—ਅਬ ਦਰਬਾਰ ਦਮਦਮਾ ਜਹਾਂ ॥ ਤੰਬੂ ਲਗਵਾਇ ਗੁਰ ਤਹਾਂ ॥
ਮਨੀ ਸਿੰਘ ਕੋ ਲਿਖਨ ਬਿਠੈ ਕੈ ॥ ਗੁਰ ਨਾਨਕ ਧਿਆਨ ਧਰਿ ਕੈ ॥
ਨਿਤ ਪ੍ਰਤਿ ਗੁਰੂ ਉਚਾਰੀ ਜੈਸੇ ॥ ਬਾਣੀ ਲਿਖੀ ਮਨੀ ਸਿੰਘ ਤੈਸੇ ॥
ਬੀੜ ਆਦ ਗੁਰ ਗ੍ਰੰਥੇ ਜੇਹੀ ॥ ਕਰੀ ਦਸਮ ਗੁਰ ਤਿਆਰ ਉਜੇਹੀ ॥
ਔਰ ਪਾਠ ਸਭ ਵੈਸ ਰਾਖਾ ॥ ਅਖਰ ਭੇਦ ਅਨਿਕ ਠਾਂ ਰਾਖਾ ॥
ਸੋਊ ਸਿਆਨੇ ਸਿਖ ਜਾਨਤ ॥ ਦਸਮ ਗੁਰੂ ਕੀ ਬੀੜ ਬਖਾਨਤ ॥
ਔਰ ਚਾਰ ਤਿਸ ਪਰਤੇ ਭਾਇ ॥ ਦੀਪ ਸਿੰਘ ਸ਼ਹੀਦ ਲਿਖਾਇ ॥
ਇਕ ਅਕਾਲ ਬੁੰਗੇ ਇਕ ਪਟਨੇ ॥ ਤ੍ਰਿਤੀ ਹਜੂਰ ਦਯੋ ਹਿਤ ਪਠਨੇ ॥
ਚਤ੍ਰਥ ਰਖਯੋ ਦਮਦਮੇ ਚਾਹਿ ॥ ਬਡ ਬਾਬੇ ਇਹ ਚਾਰ ਸਦਾਹਿ ॥

(ਪੰਥ ਪ੍ਰਕਾਸ਼ ਪੰਨਾ ੨੫੫ ਗਿ: ਗਿਆਨ ਸਿੰਘ ਜੀ)

੧੩.

ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਵਿਤ੍ਰ ਆਦਿ ਬੀੜ ਦੀ ਲਿਖਣ ਸ਼ੈਲੀ ਨੂੰ ਕੇਵਲ ਸ਼੍ਰੋ:ਕਮੇਟੀ ਨੇ ਹੀ ਇਸ ਤਰ੍ਹਾਂ ਨਹੀਂ ਮੰਨਿਆ ਸਗੋਂ ਇਸ ਤੋਂ ਬਹੁਤ ਸਮਾਂ ਪਹਿਲੇ ਦੇ ਲਿਖਾਰੀਆਂ ਨੇ, ਜਿਨ੍ਹਾਂ ਵਿਚ ਸਤਿਗੁਰਾਂ ਦੇ ਨਿਕਟ-ਵਰਤੀ ਅਤੇ ਅਨਿੰਨ ਸਿਖ ਵੀ ਸ਼ਾਮਿਲ ਹਨ ਅਤੇ ੧੬੬੨ ਤੋਂ ਲੈ ਕ ੧੯੩੬ ਸੰਮਤ ਤਕ ਦੇ ਗੁਰ ਰੀਤੀ ਦੇ ਜਾਣੂ ਸਮੂਹ ਲਿਖਾਰੀਆਂ ਨੇ ਵੀ ਸ਼ੈਲੀ ਨੂੰ ਕਮੇਟੀ ਵਾਂਗ ਹੀ ਸਮਝਿਆ ਹੈ।

ਇਸ ਦੇ ਸਬੂਤ ਵਿਚ ਅਸੀਂ ਵੰਨਗੀ ਮਾਤਰ ਹੇਠ ਲਿਖੀਆਂ ਪ੍ਰਾਚੀਨ ਪਵਿਤ੍ਰ ਬੀੜਾਂ ਜੋ ਸਾਡੇ ਪਾਸ ਸੈਂਕੜਿਆਂ ਦੀ ਗਿਣਤੀ ਵਿਚ ਮੌਜੂਦ ਹਨ, ਦੇ ਦਰਸ਼ਨ ਕਰਾ ਸਕਦੇ ਹਾਂ:—

(੧) ਭਾ: ਬੂੜੇ ਸੰਧੂ ਵਾਲੀ ਪਵਿਤ੍ਰ ਬੀੜ। ਇਸ ਦੇ ਪਤਿ ੫੯੧ ਦੇ ਅੰਤ ਵਿਚ ੧੯ਵੀਂ ਸਤਰ ਤੋਂ ਸ਼ੁਰੂ ਕਰਕੇ ਇਹ ਅੱਖਰ ਲਿਖੇ ਹਨ:—

"... ... ...

ਸ੍ਰੀ ਵਾਹਿਗੁਰੂ ਜੀ ਸ੍ਰੀ ਵਾਹਿਗੁਰੂ ਜੀ

Digitized by Panjab Digital Library | www.panjabdigilib.org

ਸ੍ਰੀ ਗੁਰੂ ਜੀ ਕੇ ਹਜ਼ੂਰਿ ਗਰੰਥ ਸਾਹਿਬ ਸੰਪੂਰਣ ਹੋਇਆ। ਲਿਖਿਆ ਭਾਈ ਬੂੜੇ ਸੰਧੂ। ਪੰਜਵੀਂ ਪਾਤਸ਼ਾਹੀ ਦੇ ਹਜ਼ੂਰ। ਲਿਖਵਾਇਆ ਭਾਈ ਮਿਲਖੀ ਪਸਊਰ ਦੇ ਵਾਸੀ।

... ...

ਭੁਲ ਚੁਕ ਬਖਸਣੀ ਸ੍ਰਿਹੀ ਵਾਹਿਗੁਰੂ ਜੀ ਸਤਿ ਜੀ ॥
ਸੰਮਤ ੧੬੬੨ ਵਿਚ ਸੰਪੂਰਨ ਹੋਇਆ।"

ਨਮੂਨੇ ਵਜੋਂ ਇਕ ਉਦਾਹਰਣ:-

ੴ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁਅਕਾ
ਲਮੂਰਤਿਅਜੂਨੀਸੈਭੰਗੁਰਪ੍ਰਸਾਦਿ-

"ਰਾਗੁਮਾਝਮਹਲਾ ੪ ਚਉਪਦੇ
ਹਰਿਹਰਿਨਾਮੁਮੈਹਰਿਮਨਿਭਾਇਆ ॥

(੨) ਸੰਮਤ ੧੬੬੧ ਵਾਲੀ ਪਵਿਤ੍ਰ ਬੀੜ, ਜੋ ਇਸ ਵੇਲੇ ਸਿਖ ਰੈਫਰੈਂਸ ਲਾਇਬਰੇਰੀ, ਸ੍ਰੀ ਅੰਮ੍ਰਿਤਸਰ ਵਿਚ ਸੁਰੱਖਤ ਹੈ, ਇਸ ਵਿਚੋਂ ਵੰਨਗੀ ਮਾਤ੍ਰ ਹੇਠ ਲਿਖੇ ਉਦਾਹਰਣ ਵੀਚਾਰਨ ਯੋਗ ਹਨ:-

(ੳ) ਰਾਗਰਾਮਕਲੀਮਹਲਾ ੩ ਵਾਰਸਲੋਕਾਨਾ ੧ ੴ ਸਤਿਗੁਰਪ੍ਰਸਾਦਿ
ਲਿ
ਜੋਧੈਵੀਰੈਪੂਰੈਬਾਣੀਕੀਧੁਨੀ ॥ ਸਲੋਕੁਮਹਲ ੩

(ਅ)

	੧	ੴ ਸਤਿਗੁਰਪ੍ਰਸਾਦਿ	
ਚਲਿਤ੍ਰੁਜੋਤੀਜੋਤਿਸਮਾਵਣੇਕਾ			
ਸੰਮਤੁ੧੫੯੬	ਅਸੂਵਦੀ	੧੦	ਸ੍ਰੀਬਾਬਾਨਾਨਕਦੇਵਜੀਸਮਾਏ
... ...	... ...	......	... ...

(੩) ਭਾ: ਬਿਧੀ ਚੰਦ ਵਾਲੀ ਪੁਰਾਤਨ ਬੀੜ, ਜੋ ਬਿਲਾਵਲੁ ਰਾਗ ਤਕ ਹੈ, ਇਸ ਵੇਲੇ ਉਨ੍ਹਾਂ ਦੇ ਘਰਾਣੇ ਵਿਚ ਬਾਬਾ ਸੋਹਣ ਸਿੰਘ ਜੀ ਨਿਹੰਗ ਸੁਰ ਸਿੰਘ (ਅੰਮ੍ਰਿਤਸਰ) ਪਾਸ ਸੁਰੱਖਤ ਹੈ।

ਇਸ ਚੋਂ ਨਮੂਨੇ ਵਜੋਂ ਇਕ ਥਾਂ ਦੇ ਮੰਗਲ ਅਤੇ ਰਾਗ ਦੇ ਸਿਰਲੇਖ ਦੀ ਤਰਤੀਬ ਆਦਿ ਇਸ ਪ੍ਰਕਾਰ ਹੈ:-

ੴ ਸਤਿਗੁਰਪ੍ਰਸਾਦਿ-

"ਰਾਗਗਉੜੀਦੀਪਕੀਮਹਲਾ੧ਪਹਿਲਾ ॥
ਜੈਘਰਿਕੀਰਤਿਆਖੀਐ----"

(੪) ਦਸਵੇਂ ਪਾਤਸ਼ਾਹ ਦੇ ਲਿਖਾਰੀ ਭਾ: ਹਰਿਦਾਸ ਜੀ ਦੀ ਲਿਖਤਿ ਬੀੜ ਜਿਸ ਦੇ ਅਰੰਭ ਵਿਚ ਨੌਵੇਂ ਪਾਤਸ਼ਾਹ ਦਾ ਨੀਸਾਣ ਹੈ ਅਤੇ ਅਖੀਰ ਵਿਚ ਇਹ ਅਖਰ ਦਰਜ ਹਨ-

"ਗ੍ਰੰਥੁਸੰਪੂਰਨਹੋਆਲਿਖਿਆਹਰਿਦਾਸਲਿਖਾਰੀਸ੍ਰੀਗੁਰੂਗੋਬਿੰਦਸਿੰਘਜੀਦੇਲਿਖਾਰੀਲਿਖਿਆ।

Digitized by Panjab Digital Library | www.panjabdigilib.org

ਭੁਲਚੁਕਹੋਵੈਸੋਸੋਧਨਾਗੁਲਾਮਪਤਿਤੁਅਘਪਤਤੁਮਹਾਪਤਤਹਰਿਦਾਸਲਿਖਾਰੀਸ੍ਰੀਗੁਰੂਗੋਬਿੰਦ ਸਿੰਘਜੀਦਾ॥"

ਇਸ ਪਵਿਤ੍ਰਬੀੜ ਵਿਚ ਮੰਗਲ ਸਪਸ਼ਟ ਤੌਰ ਤੇ ਸਿਰਲੇਖਤੋਂ ਪਹਿਲਾਂ ਦਰਜ ਹਨ।(ਆਦਿ...)

(੫) ਪਿੰਡੀ ਲਾਲਾ (ਗੁਜਰਾਤ) ਵਾਲੀ ਬੀੜ ਦੇ ਤਤਕਰੇ ਦੇ ਅਰੰਭ ਵਿਚ ਮੰਗਲ ਉਪਰੰਤ ਇਸ ਤਰ੍ਹਾਂ ਲਿਖਿਆ ਹੈ:-

"ਸੂਚੀਪਤ੍ਰੁਪੋਥੀਕਾਤਤਕਰਾਰਾਗਾਕਾ	... ...
ਜੋਤੀਜੋਤਿਸਮਾਵਣੇਕਾਚਲਿਤ੍ਰੁ--	... ...
ਸੰਮਤ੧੭੩੨ਪੋਹੋ ॥ ੨੩ ਤ੍ਰੇਵੀਹਵੇਪੋਥੀ	... ...
ਲਿਖਿਪਹੁਚੇ ॥"	... ...

ਇਸ ਪਵਿਤ੍ਰ ਬੀੜ ਵਿਚ ਮੰਗਲ ਰਾਗਾਂ ਦੇ ਸਿਰਲੇਖਾਂ ਨਾਲੋਂ ਇਕ ਸਾਰ ਸਪਸ਼ਟ ਪਹਿਲਾਂ ਲਿਖੇ ਗਏ ਹਨ।

(੬) ਸੰਮਤ ੧੭੩੫ ਵਾਲੀ ਬੀੜ। ਨਾਵੇਂ ਪਾਤਸ਼ਾਹ ਦੀ ਬਾਣੀ ਵੀ ਦਰਜ ਹੈ, ਮੰਗਲ ਇਕ ਸਮਾਨ ਸਭ ਪਹਿਲਾਂ ਹਨ।

(੭) "ਸੂਚੀਪਤ੍ਰੁਪੋਥੀਕਾਤਤਕਰਾਰਾਗਾਕਾਸੰਮਤ੧੭੩੫ ਵੈਸਾਖ ੧੩ ਪੋਥੀਲਿਖਪਹੁਤੇ।" ਨੌਵੇਂ ਮਹਲਿ ਦੀ ਬਾਣੀ ਦਰਜ ਹੈ। ਮੰਗਲ ਇਕ ਸਾਰ ਪਹਿਲਾਂ ਹਨ।

(੮) ਇਸ ਬੀੜ ਦੇ ਆਖਰੀ ਪਤ੍ਰੇ ਤੇ ਅੰਤ ਵਿਚ ਇਹ ਅੱਖਰ ਦਰਜ ਹਨ:-

"੧ ੳ ਸੰਬਤ੧੭੪੫ਮਾਘਸੁਦੀ-ਗਰੰਥਜੀਲਿਖਆਪੂਰਨਹੋਆ। ਲਿਖਾਰੀਪਾਖਰਮਲ ਢਿਲੋ ਵਾਸੀਖਾਰਾਚੰਭਲਪੋਤ੍ਰਾਚੌਧਰੀਲੰਗਾਹਕਾ। ਵਾਹਗੁਰੂ।"

ਇਸ ਵਿਚ ਮੰਗਲਾਂ ਦੀ ਲਿਖਣ ਸ਼ੈਲੀ ਦਾ ਨਕਸ਼ਾ ਪਿਛੇ ਪੰਨਾ ੯ ਉਤੇ ਦਿਤਾ ਜਾ ਚੁਕਾ ਹੈ।

(੯) ਸੰਮਤ ੧੭੪੬ ਵਾਲੀ ਬੀੜ-

ਛਾਪੇ ਦੀਆਂ ਪ੍ਰਚਲਤ ਬੀੜਾਂ ਵਾਂਗ ਜੈਜਾਵੰਤੀ ਰਾਗ ਪ੍ਰਭਾਤੀ ਤੋਂ ਪਿਛੋਂ ਦਰਜ ਹੈ। ਇਸ ਵਿਚ ਮੰਗਲ ਇਕ ਸਮਾਨ ਪਹਿਲਾਂ ਲਿਖੇ ਗਏ ਹਨ।

(੧੦) "ਸੂਚੀਪਤ੍ਰੁਪੋਥੀਕਾਤਤਕਰਾਰਾਗਾਕਾਜੋਤੀਜੋਤਿਸਮਾਵਣੇਕਾਚਰਿਤ੍ਰ...
ਸੰਬਤ ੧੭੫੯ ਮਿਤੀਚੇਤਵਦੀ ੨ ਪੋਥੀਲਿਖਿਪਹੁਚੇਗੁਰਪ੍ਰਸਾਦਿ॥"

ਰਾਗਾਂ ਦੀ ਤਰਤੀਬ ਪੁਰਾਤਨ ਹੈ। ਸਲੋਕ ਸਹਸਕ੍ਰਿਤੀ "ਪੜ੍ਹ ਪੁਸਤਕ ਸੰਧਿਆ ਬਾਦੰ"। ਤੇ ਪਹਿਲੇ ਸਲੋਕ ਪਿਛੋਂ ਸ੍ਰੀ ਕਰਤਾਰਪੁਰ ਸਾਹਿਬ ਵਾਂਗ '੧ ੳ' ਦਰਜ ਹੈ। ਮੰਗਲਾਂ ਦੀ ਲਿਖਣ ਸ਼ੈਲੀ ਸ੍ਰੀ ਕਰਤਾਰਪੁਰ ਸਾਹਿਬ ਦੀ ਪਾਵਨ ਪਵਿਤ੍ਰ ਬੀੜ ਅਨੁਸਾਰ ਹੈ।

(੧੧) "ਸੰਮਤ੧੭੯੧ਮਿਤੀਅਸਾਢਵਦੀ ॥੧॥ ਗਿਰੰਥਲਿਖਿਆ॥"

ਇਸ ਬੀੜ ਦੀ ਸ਼ੈਲੀ ਸ੍ਰੀ ਕਰਤਾਰਪੁਰ ਅਨੁਸਾਰ ਹੈ।

(੧੨) (ੳ) "ਸੂਚੀਪਤਿਤਤਕਰਾਲਿਖਿਆਸ੍ਰੀਗ੍ਰੰਥਜੀਕਾ ॥ ਸੰਮਤੁ੧੭੯੨ ॥ਸਾਵਣਵਦੀ ੫ ॥ ਜਪੁਸ੍ਰੀਗੁਰੂਰਾਮਦਾਸਜੀਕਿਆਦਸਖਤਕੀਨਕਲੁ॥" ਤਤਕਰੇ ਦੇ ਅਖੀਰ ਵਿਚ ਦਰਜ ਹੈ:-

(ਅ) "ਸੰਮਤੁ੯੨ਸਾਵਣਿਸੁਦੀਉਮਸਿਆਬੁਧਿਵਾਰੀਕੈਦਿਨਿਭੋਗੁਪਾਇਆ॥ਲਿਖਿਸਪੂਰਣੁਹੋਇਆ

Digitized by Panjab Digital Library | www.panjabdigilib.org

ਸਾਵਣਿਕੀਵਿਨਿਨਵੀਂ ਜਾਂਦੀਸੰਗਰਾਦਕੇਹਿਸਾਬੇਸਤਿਲੁਦ੍ਰਿਕੈਕਿਲਾਰੋਕੋਟੀ। ਬੋਲਹੁਵਾਹੁਗੁਰੂ ਜੀ ॥"

(ਝ) ਪਤਿ ੫੪੭ ਉਤੇ 'ਰੁਣਝੁਣਨਙਾਗਾਓਸਖੀ' ਕੇਵਲ ਦੋ ਹੀ ਤੁਕਾਂ ਹਨ। ਨਾਲ ਨੋਟ ਦਿੱਤਾ ਹੋਇਆ ਹੈ-"ਏਹੁਸ਼ਬਦੁਆਦਿਗ੍ਰੰਥਨਾਹੀਦੇਇਤੁਕਾਂਸਹੀਹੈਨਹੋਰੁਦੂਰਿਕੀਤਾ॥"

(ਸ) ਸਾਰੀ ਬੀੜ ਵਿਚ ਮੰਗਲ ਇਕ ਸਮਾਨ ਪਹਿਲਾਂ ਅੰਕਤ ਹਨ। ਇਸ ਵਿਚ ਕੋਈ ਵਾਧੂ ਬਾਣੀ ਦਰਜ ਨਹੀਂ। 'ਰਾਗਮਾਲਾ' ਦਰਜ ਹੈ।

(੧੩) "ਸੰਮਤ੧੭੯੪ਮਿਤੀਅਸੂਦੀਪੰਦਰਵੀਂ ਪੋਥੀਲਿਖਪਹੁੰਚੇ ॥
ਸੋ ਪੁਰਖ ਦਰਜ ਹੈ ਅਤੇ ਮੰਗਲ ਇਕਸਾਰ ਪਹਿਲੇ ਦਰਜ ਹਨ!

(੧੪) ਸੰਮਤ ੧੭੯੬ ਵਾਲੀ ਬੀੜ ਮੰਗਲਾਂ ਦੀ ਸ਼ੈਲੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਵਿਤਰ ਬੀੜ ਅਨੁਸਾਰ ਹੈ।

(੧੫) ਸੰਮਤ ੧੭੯੬ ਪੋਥੀ ਲਿਖੀ। ਇਸ ਵਿਚ ਮੰਗਲ ਇਕ ਸਮਾਨ ਪਹਿਲੇ ਲਿਖੇ ਗਏ ਹਨ।

(੧੬) ਗੁਰਦੁਆਰਾ ਡੇਹਰਾ ਸਾਹਿਬ ਬਟਾਲਾ ਵਿਚ ਸੰਮਤ ੧੭੯੮ ਵਾਲੀ ਬੀੜ। ਮੰਗਲਾਂ ਦੀ ਲਿਖਣ ਸ਼ੈਲੀ ਸ੍ਰੀ ਕਰਤਾਰਪੁਰ ਸਾਹਿਬ ਅਨੁਸਾਰ ਹੈ।

(੧੭) "ਸੰਮਤ ੧੮੦੭ ॥ ਤਤਕਰਾਸੂਚੀਪੋਥੀਕਾ!" ਮੰਗਲ ਇਕ ਸਮਾਨ ਪਹਿਲਾਂ ਅੰਕਤ ਹਨ।

੧੮) "ਸੂਚੀਪਤ੍ਰਪੋਥੀਕਾਤਤਕਰਾਰਾਗਾਕਾ ॥ ਜੋਤੀਜੋਤਸਮਾਵਣੇਕਾਚਲਿਤ੍ਰ॥ ਸੰਮਤੁ੧੮੧੦ਮਿਤੀ ਕਤਕਵਦੀਇਕਮ੧ ॥ ਵਾਰਆਦਿਤਗ੍ਰੰਥੁਲਿਖਿਆ ॥"

(੧੯) ਇਸ ਵਿਚ 'ਸੋ ਪੁਰਖ' ਚਾਰ ਸ਼ਬਦ ਵੀ ਦਰਜ ਹਨ। ਮੰਗਲ ਸਭ ਥਾਈਂ ਇਕ ਸਮਾਨ ਪਹਿਲਾਂ ਹਨ। ਇਸ ਬੀੜ ਦੇ ਅੰਤ ਵਿਚ ਇਹ ਅਖਰ ਦਰਜ ਹਨ:-

"ਸੰਮਤ੧੮੨੬ਮਿਤੀਕਤਕਸੁਦੀ੧੬ਅਮਾਵਸਰਾਤਦੀਪਮਾਲਾ ॥ ਗ੍ਰੰਥਜੀਸੰਪੂਰਣ ਹੋਆਦਮਤਉੜਵਿਚਿ ॥"

ਇਸ ਬੀੜ ਵਿਚ 'ਸੋਪੁਰਖ' ਚਾਰ ਸ਼ਬਦ ਹਨ ਤੇ ਜੈਜਾਵੰਤੀ ਰਾਗ ਪ੍ਰਭਾਤੀ ਤੋਂ ਪਿਛੋਂ ਦਰਜ ਹੈ ਅਤੇ ਮੰਗਲ ਇਕ ਸਮਾਨ ਪਹਿਲਾਂ ਲਿਖੇ ਗਏ ਹਨ।

(੨੦) "ਗ੍ਰੰਥਸੰਪੂਰਣਗੁਰਪਰਮੇਸਰਕੀਕਿਰਪਾਕਰਮਿਤੀ੨੦ਸੰਮਤ੧੮੭੯ ॥ ਇਸ ਵਿਚ ਮੰਗਲ ਇਕ ਸਮਾਨ ਪਹਿਲਾਂ ਹਨ।

(੨੧) "ਸੰਮਤ੧੮੮੩ਮਿਤੀਸਾਵਣਸੁਦੀਪੰਚਮੀਸੰਪੂਰਣਹੋਆਗ੍ਰੰਥਜੀ ॥ ਲਿਖਿਆਭਾਈਦਿਆਲ ਸਿੰਘਜੀ ॥" ਮੰਗਲ ਲਿਖਣ ਦੀ ਸ਼ੈਲੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ।

(੨੨) ਸੰਮਤ ੧੮੮੬ ਵਾਲੀ ਬੀੜ। ਇਸ ਵਿਚ ਮੰਗਲ ਇਕਸਾਰ ਸਪਸ਼ਟ ਪਹਿਲਾਂ ਲਿਖੇ ਗਏ ਹਨ।

(੨੩) ਬੀੜ ਦੇ ਅੰਤ ਵਿਚ ਸਿਆਹੀ ਦੀ ਬਿਧੀ ਲਿਖਣ ਦੇ ਬਾਦ ਬੀੜ ਦਾ ਸੰਮਤ, "੧੮੯੦ ਮਿਤੀਵੈਸਾਖਦੀਚੋਦਵੀਂ ਦਿਨਪੰਜਵੇਂ ਸੰਪੂਰਣੰ" ਦਰਜ ਹੈ। ਮੰਗਲ ਪਹਿਲੇ ਹਨ।

(੨੪) "ਤਤਕਰਾਸੂਚੀਪੋਥੀਕਾ ਲਿਖਤੇਸੰਮਤ੧੮੮੯ਦੇਵਿਚ ॥"
ਸਹਸ ਕ੍ਰਿਤੀ ਸਲੋਕ-"ਪੜ੍ਹਪੁਸਤਕਸੰਧਿਆਬਾਦੰ," ਤੋਂ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਵਾਂਗ "੧ ਓ" ਮੰਗਲਾਚਰਨ ਦਰਜ ਕਰ ਕੇ ਅਗੇ ਬਾਕੀ ਦੇ ਤਿੰਨ ਸਲੋਕ ਲਿਖੇ ਹਨ। ਇਸ ਬੀੜ ਵਿਚ ਸਾਰੇ ਮੰਗਲ ਪਹਿਲਾਂ ਹਨ।

(੨੫) ਇਸ ਬੀੜ ਕੇ ਅੰਤ ਵਿਚ ਸਿਆਹੀ ਦੀ ਬਿਧੀ ਪਿਛੋਂ ਲਿਖਿਆ ਹੈ:-
"ਸੰਮਤ੧੮੯੨ਮਿਤੀਪੋਹਦਿਨਿ੧੪ਸਪੂਰਣੰ ॥"

Digitized by Panjab Digital Library | www.panjabdigilib.org

ਸਮੂਹ ਮੰਗਲ ਇਕਸਾਰ ਪਹਿਲੇ ਹਨ।

(੨੬) "ਸੂਚੀਪੋਥੀਕਾਤਤਕਰਾਰਾਗਕਾ॥ਜੋਤੀਜੋਤਿਸਮਾਵਣੇਕਾਚਲਿਤ੍ਰਸਮਤ੧੯੯੪ਮਿਤੀਪੋਹੋਦਿਨਿ ॥੧੫॥ ਵਾਰਬੁਧਿਲਿਖਪਹੁਚੇ॥" ਸਮੂਹ ਮੰਗਲ ਪਹਿਲਾਂ ਹਨ।

(੨੭) ਸੰਮਤ੧੯੦੧ਮਿਤੀਕਤਕਦਿਨ੨੪ਰਾਮਸਿੰਘਚਤਰਥਵਾਸੀਸੁਖੋਵਿਚਲਿਖਿਆ॥ ਵਾਧਾਘਾਟਾਗੁਰੂਖਾਲਸਾਬਖਸ਼ਣ" ਸਮੂਹ ਮੰਗਲ ਪਹਿਲਾਂ ਹਨ।

(੨੮) "ਸੰਮਤ੧੯੦੪ਚੇਤਰੋ੨੫ਪੋਥੀਲਿਖਪਹੁਚੇ" ਇਸ ਵਿਚ ਮੰਗਲ ਇਕਸਾਰ ਪਹਿਲੋਂ ਲਿਖੇ ਗਏ ਹਨ।

(੨੯) "ਤਤਕਰਾਲਿਖਿਆਗ੍ਰੰਥਸਾਹਿਬਜੀਕਾ੭ਪੁਜੀਤੋਂਲੈਕੇ੭ਸਿਰੀਰਾਗਤੋਂ ਲੈਕੇ ਰਾਗਮਾਲਾਭੋਗ ਤੀਕਰ॥ ਸੰਮਤ੧੯੧੬ਕਤਕ੧੫॥" ਇਸ ਬੀੜ ਵਿਚ 'ਪਤਿ' ਦੀ ਥਾਂ 'ਪੰਨਾ' ਲਿਖਿਆ ਹੈ। ਰਾਗਾਂ ਦੀ ਤਰਤੀਬ ਪ੍ਰਚੱਲਤ ਬੀੜਾਂ ਅਨੁਸਾਰ ਹੈ। ਮੰਗਲ ਪਹਿਲੇ ਲਿਖੇ ਹਨ।

(੩੦) "ਸੰਮਤ੧੯੧੮ਅਸੂਦਿਨ ੨੪" ਵਾਲੀ ਬੀੜ। ਇਸ ਵਿਚ ਮੰਗਲ ਇਕਸਾਰ ਪਹਿਲਾਂ ਦਰਜ ਹਨ।

(੩੧) "ਸੰਮਤ੧੯੨੦ਮਿਤੀਚੇਤਰਸੁਦੀ੩ ਜੋਗ੍ਰੰਥਲਿਖਿਆ ਗੁਰਪ੍ਰਸਾਦਿ॥" ਇਸ ਬੀੜ ਵਿਚ ਮੰਗਲ ਪਹਿਲਾਂ ਦਰਜ ਹਨ ਅਤੇ ਸ਼ੈਲੀ ਮੰਗਲ ਨੂੰ ਪੰਨੇ ਦੇ ਸਜੇ ਹਥ ਲਿਖਣ ਦੀ ਹੈ।

(੩੨) "ਤਤਕਰਾਗ੍ਰੰਥਜੀਦਾਲਿਖਿਆ॥ ਸੰਮਤ੧੯੨੮ ਕਤਕ੩੦॥" ਮੰਗਲ ਸਭ ਪਹਿਲਾਂ ਅੰਕਤ ਹਨ।

(੩੩) "ਸੂਚੀਪਾਤਰਪੋਥੀਕਾਤਤਕਰਾ। ਜੋਤੀਜੋਤਿਸਮਾਵਣਿਕਾਚਲਿਤ

— — — — — —

— — — — — —

— — — — — —

ਆਦਗ੍ਰੰਥਸਾਹਿਬਸਪੂਰਣੰਸੁਭੰ॥ ਸਮਤ੧੯੩੦॥ ਹਾੜੋ੧੦॥" ਮੰਗਲ ਪਹਿਲੇ ਲਿਖੇ ਹਨ।

(੩੪) "ਸੰਮਤ੧੯੩੩ਮਿਤੀਮਾਘਦਿਨ੨੦" 'ਪਤਿ' ਦੀ ਥਾਂ 'ਪੰਨਾ' ਲਿਖਿਆ ਹੈ, ਰਾਗਾਂ ਦੀ ਤਰਤੀਬ ਪ੍ਰਚਲਤ ਬੀੜ ਅਨੁਸਾਰ ਹੈ ਪ੍ਰੰਤੂ ਮੰਗਲ ਇਕਸਾਰ ਪਹਿਲਾਂ ਲਿਖੇ ਗਏ ਹਨ।

(੩੫) "ਸੰਮਤ੧੯੩੪ਮਿਤੀਚੇਤਰ੨੦ਵਾਰਐਤ" ਰਾਗਾਂ ਦੀ ਤਰਤੀਬ ਛਾਪੇ ਦੀਆਂ ਪ੍ਰਚਲਤ ਬੀੜਾਂ ਅਨੁਸਾਰ ਹੈ ਪਰੰਤੂ ਸਮੂਹ ਮੰਗਲ ਪਹਿਲਾਂ ਦਰਜ ਹਨ।

(੩੬) "ਸੰਮਤ ੧੯੩੬ਮਿਤੀਮਘਰ੨੭।" ਰਾਗਾਂ ਦੇ ਸਿਰਲੇਖਾਂ ਨਾਲੋਂ ਸਮੂਹ ਮੰਗਲ ਪਹਿਲਾਂ ਲਿਖੇ ਹਨ। 'ਜਪ ਨੀਸਾਣੁ' ਦਰਜ ਹੈ। ਰਾਗਾਂ ਦੀ ਤਰਤੀਬ ਛਾਪੇ ਦੀਆਂ ਪ੍ਰਚਲਤ ਬੀੜਾਂ ਅਨੁਸਾਰ ਹੈ ਪਰੰਤੂ ਸਮੂਹ ਮੰਗਲ ਇਕਸਾਰ ਪਹਿਲਾਂ ਅੰਕਤ ਹਨ।

(੩੭) ਬੀੜ ਦੇ ਅੰਤ ਵਿਚ ਰਾਗਮਾਲਾ ਤੋਂ ਪਿਛੋਂ ਲਿਖਿਆ ਹੈ—"ਸੰਮਤ੧੯ਸੈਅਠਤਰੀ੧੯੩੮ ਜਾਗਲਾਵਿਚ" ਇਸ ਵਿਚ ਮੰਗਲ ਪਹਿਲਾਂ ਹਨ।

(੩੮) ਇਹ ਬੀੜ ਬਿਨਾ ਸੰਮਤ ਹੈ। 'ਪਤਿ' ਦੀ ਥਾਂ 'ਪੰਨਾ' ਲਿਖਿਆ ਹੈ। ਰਾਗਾ ਦੀ ਤਰਤੀਬ ਪਰਚਲਤ ਬੀੜਾਂ ਅਨੁਸਾਰ ਹੈ। ਤਤਕਰੇ ਵਿਚ 'ਜਪੁ ਨੀਸਾਣ' ਦਰਜ ਹੈ। ਸਮੂਹ ਮੰਗਲ ਪਹਿਲਾਂ ਲਿਖੇ ਗਏ ਹਨ।

(੩੯) ਤਤਕਰੇ ਦੇ ਅੰਤ ਵਿਚ ਦਰਜ ਹੈ—"ਗ੍ਰੰਥਸਾਹਿਬਦਾਭੋਗਪੈਆਥਿਤਪੰਚਮੀਵਾਰਮੰਗਲ।" ਮੰਗਲ ਪਹਿਲਾਂ ਹਨ।

Digitized by Panjab Digital Library | www.panjabdigilib.org

(੪੦) ਬੀੜ ਬਿਨਾ ਸੰਮਤ, ਪੁਰਾਣੀ ਲਿਖਤ, ਅਕਾਰ ਛੋਟਾ, ਮੰਗਲ ਪਹਿਲਾਂ ਹਨ।

(੪੧) ਬੀੜ ਬਿਨਾ ਸੰਮਤ, ਪਰੰਤੂ ਸੁੰਦਰ ਤੇ ਨਵੀਨ ਲਿਖਤ,ਮੰਗਲ ਸਭ ਪਹਿਲਾਂ ਹਨ।

(੪੨) ਬੀੜ ਬਿਨਾ ਸੰਮਤ 'ਸੋ ਪੁਰਖ' ਚਾਰ ਸ਼ਬਦ ਦਰਜ ਹਨ, ਉੱਪਰ ਕੇਵਲ 'ਤਤਕਰਾਗ੍ਰੰਥਜੀਕਾ' ਲਿਖਿਆ ਹੈ। ਮੰਗਲ ਸਾਰੇ ਪਹਿਲਾਂ ਹਨ।

(੪੩) ਬੀੜ ਬਿਨਾ ਸੰਮਤ 'ਸੋ ਪੁਰਖ' ਚਾਰ ਸ਼ਬਦ ਵੀ ਨਹੀਂ। ਰਾਗਾਂ ਦੀ ਤਰਤੀਬ ਪੁਰਾਣੀ ਪਰੰਤੂ ਮੰਗਲ ਸਾਰੇ ਪਹਿਲਾਂ ਹਨ।

(੪੪) ਬੀੜ ਬਿਨਾ ਸੰਮਤ। ਆਕਾਰ ਬਹੁਤ ਵੱਡਾ ਹੈ, ਜਪੁ ਦੇ ਮੁਢਲੇ ਪਤਰੇ ਪਾਟੇ ਹੋਏ ਹਨ। 'ਸੋ ਪੁਰਖ' ਚਾਰ ਸ਼ਬਦ ਦਰਜ ਹਨ। ਅੰਤ ਵਿਚ ਰਾਗਮਾਲਾ ਵੀ। ਮੰਗਲ ਸਭ ਪਹਿਲੇ ਲਿਖੇ ਗਏ ਹਨ।

(੪੫) ਸੰਮਤ ਰਹਿਤ ਬੀੜ, ਤਤਕਰੇ ਵਿਚ ਜਪ ਨੀਸਾਣੁ, 'ਸੋ ਪੁਰਖ' ਚਾਰ ਸ਼ਬਦ ਹਨ। ਰਾਗਾਂ ਦੀ ਤਰਤੀਬ ਛਾਪੇ ਦੀਆਂ ਪ੍ਰਚਲਤ ਬੀੜਾਂ ਅਨੁਸਾਰ, ਪਰੰਤੂ ਮੰਗਲ ਇਕ ਸਾਰ ਰਾਗ ਦੇ ਸਿਰਲੇਖ ਨਾਲੋਂ ਪਹਿਲਾਂ ਲਿਖੇ ਹਨ।

(੪੬) ਬਿਨਾ ਸੰਮਤ ਬੀੜ, 'ਸੋ ਪੁਰਖ' ਚਾਰ ਸ਼ਬਦ ਹਨ ਜੈਜਾਵੰਤੀ ਜੈਤਸਰੀ ਤੋਂ ਪਿਛੋਂ, ਮੰਗਲ ਪਹਿਲਾਂ ਦਰਜ ਹਨ।

(੪੭) ਬਿਨਾ ਸੰਮਤ ਬੀੜ। ਨਾਵੇ ਮਹਲੇ ਦੀ ਬਾਣੀ ਤੇ ਸੋ ਪੁਰਖ ਦੇ ਸ਼ਬਦ ਦਰਜ, ਸਮੂੰਹ ਮੰਗਲ ਪਹਿਲਾਂ।

(੪੮) ਬਿਨਾ ਸੰਮਤ ਬੀੜ, ਰਾਗਾਂ ਦੀ ਤਰਤੀਬ ਪੁਰਾਣੀ, ਨਾਵੇ ਮਹਲੇ ਦੀ ਬਾਣੀ ਤੇ 'ਸੋ ਪੁਰਖ' ਦੇ ਚਾਰ ਸ਼ਬਦ ਦਰਜ, ਸਮੂੰਹ ਮੰਗਲ ਪਹਿਲਾਂ ਹਨ।

(੪੯) ਬੀੜ ਬਿਨਾ ਸੰਮਤ। ਦਸਵੇਂ ਪਾਤਸ਼ਾਹ ਤੱਕ ਚਲਿਤ੍ਰ ਦਰਜ, ਸੋ ਪੁਰਖ ਤੇ ਨਾਵੇਂ ਮਹਲੇ ਦੀ ਬਾਣੀ ਰਾਗਾਂ ਦੀ ਪ੍ਰਚਲਤ ਤਰਤੀਬ ਅਨੁਸਾਰ। ਸਮੂੰਹ ਮੰਗਲ ਪਹਿਲਾਂ।

(੫੦) ਇਸ ਬੀੜ ਦੇ ਤਤਕਰੇ ਦੇ ਪਹਿਲੇ ਤੇ ਅਖੀਰਲੇ ਦੋ ਪਤਰੇ ਫਟੇ ਹੋਏ ਹਨ। 'ਸੋ ਪੁਰਖ' ਤੇ ਨਾਵੇਂ ਮਹਲੇ ਦੀ ਬਾਣੀ ਥਾਂ ਸਿਰ ਦਰਜ। ਲਿਖਾਈ ਸੁੰਦਰ ਹੈ। 'ਪਤਿ' ਦੀ ਥਾਂ 'ਪੰਨੇ' ਲਿਖਿਆ ਹੈ। ਮੰਗਲ ਇਕ ਸਮਾਨ ਪਹਿਲਾਂ ਹਨ।

(੫੧) ਬੀੜ ਬਿਨਾ ਸੰਮਤ। ਲਿਖਤ ਤੇ ਕਾਗਜ਼ ਨਵੀਨ ਪ੍ਰੰਤੂ ਰਾਗਾਂ ਦੀ ਤਰਤੀਬ ਪੁਰਾਣੀ। ਮੰਗਲ ਇਕਸਾਰ ਪਹਿਲਾਂ ਹਨ।

ਦੋਹਾਂ ਧਿਰਾਂ ਦੇ ਵਿਦਵਾਨਾਂ ਦੇ ਵਿਚਾਰ

ਸ਼੍ਰੋਮਣੀ ਕਮੇਟੀ ਅਤੇ ਦੀਵਾਨ ਦੇ ਵੀਚਾਰਾਂ ਨੂੰ ਮੁਖ ਰਖਦਿਆਂ ਦੋਹਾਂ ਸੰਸਥਾਵਾਂ ਦੇ ਬਾਕਾਇਦਾ ਮਿਲਵੇਂ ਫੈਸਲੇ ਅਨੁਸਾਰ ੯-੧੦-੫੩ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੋਹਾਂ ਧਿਰਾਂ ਵਲੋਂ ਕੁਝ ਵਿਦਵਾਨ ਸਜਣ ਇਕੱਠੇ ਹੋਏ ਅਤੇ ਉਨ੍ਹਾਂ ਨੇ ਹੇਠ ਲਿਖੇ ਅਨੁਸਾਰ ਆਪਣੇ ਵੀਚਾਰ ਨੋਟ ਕੀਤੇ:-

(੧) ਸਭ ਤੋਂ ਆਦਿ ਵਿਚ ਜਾਣੀ ਜਪੁਜੀ ਸਾਹਿਬ ਦੇ ਅਰੰਭ ਵਿਚ ਮੂਲ ਮੰਤਰ ਵਿਚਕਾਰ ਹੈ ਅਤੇ 'ਜਪੁ' ਸ਼ਬਦ ਹੇਠਾਂ ਹੈ।

Digitized by Panjab Digital Library | www.panjabdigilib.org

(੨) ਕਈ ਥਾਈਂ ਸੱਜੇ ਪਾਸੇ ਮੂਲ ਮੰਤਰ ਉਪਰ ਕਰਕੇ ਹੈ ਤੇ ਰਾਗ ਜਾਂ ਬਾਣੀ ਦਾ ਨਾਂ ਖੱਬੇ ਪਾਸੇ ਕਰਕੇ ਹੇਠਾਂ ਹੈ।

(੩) ਬਹੁਤੀ ਥਾਈਂ ਰਾਗ ਜਾਂ ਬਾਣੀ ਦਾ ਨਾਮ ਖੱਬੇ ਹੱਥ ਹੈ ਤੇ ਮੂਲ ਮੰਤਰ ਸੱਜੇ ਹੱਥ ਹੈ। ਜਾਣੀ ਦੋਵੇਂ ਬਰਾਬਰ ਇਕੋ ਸਤਰ ਵਿਚ ਹਨ।

(੪) ਦੋਂਹ ਕੁ ਥਾਵਾਂ ਉਤੇ ਇਸ ਤਰ੍ਹਾਂ ਵੀ ਹੈ ਕਿ ਉਪਰ ਰਾਗ ਲਿਖਿਆ ਗਿਆ ਸੀ ਪਰ ਉਸ ਰਾਗ ਨੂੰ ਦੋਬਾਰਾ ਫਿਰ ਬਰਾਬਰ ਕਰਕੇ ਖੱਬੇ ਹੱਥ ਲਿਖਿਆ ਹੈ।

(੫) ਕਿਸੇ ਥਾਂ ਵੀ ਮੂਲ ਮੰਤਰ, ਰਾਗ ਜਾਂ ਬਾਣੀ ਦੇ ਸਿਰਲੇਖ ਹੇਠਾਂ ਕਰਕੇ ਨਹੀਂ ਲਿਖਿਆ ਗਿਆ।

ਸਾਡੀ ਰਾਇ ਵਿਚ ਛਾਪੇ ਵਿਚ ਤਰਤੀਬ ਏਸੇ ਤਰ੍ਹਾਂ ਹੀ ਚਾਹੀਦੀ ਹੈ।

(ਸਹੀ) ਸ਼ੇਰ ਸਿੰਘ ਲੁਧਿਆਨਾ
(ਸਹੀ) (ਗਿਆਨੀ) ਪ੍ਰਤਾਪ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ
(ਸਹੀ) (ਪ੍ਰਿੰਸੀਪਲ) ਤੇਜਾ ਸਿੰਘ
(ਸਹੀ) (ਜਥੇਦਾਰ) ਅਛਰ ਸਿੰਘ
(ਸਹੀ) (ਗਿਆਨੀ) ਮਹਾਂ ਸਿੰਘ
(ਸਹੀ) (ਗਿਆਨੀ) ਚੇਤ ਸਿੰਘ
(ਸਹੀ) (ਗਿਆਨੀ) ਅਰਜਨ ਸਿੰਘ
(ਸਹੀ) (ਪ੍ਰੋਫੈਸਰ) ਕ੍ਰਿਪਾਲ ਸਿੰਘ
(ਸਹੀ) (ਸਰਦਾਰ) ਭਰਪੂਰ ਸਿੰਘ
(ਸਹੀ) (ਸਰਦਾਰ) ਸਰਮੁਖ ਸਿੰਘ 'ਚਮਕ'
(ਸਹੀ) (ਗਿਆਨੀ) ਫੌਜਾ ਸਿੰਘ ਜਥੇਦਾਰ

ਉਪਰੋਕਤ ਵਿਚਾਰਾਂ ਵਿਚ ਇਕ ਗਲ ਸਪਸ਼ਟ ਕਰ ਦਿਤੀ ਗਈ ਹੈ ਕਿ "ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਮੂਲ ਮੰਤਰ, ਰਾਗ ਜਾਂ ਬਾਣੀ ਦੇ ਸਿਰਲੇਖ ਹੇਠਾਂ ਕਰ ਕੇ ਨਹੀਂ ਲਿਖਿਆ ਗਿਆ।"

ਵਿਦਵਾਨਾਂ ਦੇ ਇਸ ਫੈਸਲੇ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਇਹ ਸਮਝਿਆ ਕਿ ਸ਼੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਮੰਗਲਾਂ ਦੀ ਜਿਸ ਤਰ੍ਹਾਂ ਤਰਤੀਬ ਰਖੀ ਹੈ ਇਹ ਫੈਸਲਾ ਉਸ ਦੀ ਪ੍ਰੋੜਤਾ ਕਰਦਾ ਹੈ; ਪ੍ਰੰਤੂ ਦੀਵਾਨ ਨੇ ਇਹ ਭਾਵ ਕਢਿਆ ਕਿ "ਉਸ ਪਾਵਨ 'ਆਦਿ ਬੀੜ' ਵਿਚ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਛਾਪੀ ਗਈ ਬੀੜ ਵਾਂਗ ਹਰ ਥਾਂ ਮੰਗਲਾਚਰਨ ਰਾਗਾਂ ਤੋਂ ਪਹਿਲੇ ਨਹੀਂ"। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਅਤੇ ਦੀਵਾਨ ਵਿਚ ਇਹ ਚਰਚਾ ਜੋ ਕੇਵਲ ਮੰਗਲਾਂ ਅਤੇ ਰਾਗਾਂ ਦੀ ਤਰਤੀਬ ਬਾਰੇ ਸੀ, ਫਿਰ ਚਲਦੀ ਰਹੀ।

ਸ਼੍ਰੋਮਣੀ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਵਲੋਂ ਮੁੜ ਪੰਜਾਂ ਸਜਣਾਂ ਦੀ ਇਕ ਕਮੇਟੀ ਨੀਯਤ ਕੀਤੀ ਗਈ ਜੋ ਪੂਰਨ ਵਿਚਾਰ ਉਪ੍ਰੰਤ ਮੰਗਲਾਂ ਦੀ ਤਰਤੀਬ ਬਾਰੇ ਸਪਸ਼ਟ ਫੈਸਲਾ ਦੇਵੇ।

ਇਨ੍ਹਾਂ ਸਜਣਾਂ ਨੇ ੩੦ ਮਈ ੧੯੫੪ ਨੂੰ ਇਸ ਸੰਬੰਧ ਵਿਚ ਹੇਠ ਲਿਖਿਆ ਫੈਸਲਾ ਦਿਤਾ:—

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਅਸੀਂ, ਜਿਨ੍ਹਾਂ ਦੇ ਦਸਖ਼ਤ ਹੇਠਾਂ ਹਨ, ਜਿਨ੍ਹਾਂ ਨੂੰ ੯ ਮਈ ੧੯੫੪ ਨੂੰ ਇਥੇ ਹੀ ਸੰਗਤ ਨੇ ਇਸ ਕੰਮ ਲਈ ਚੁਣਿਆ ਸੀ, ਅੱਜ ਸਾਰੇ ਧਿਰਾਂ ਦੀ ਵੀਚਾਰ ਸੁਣ ਕੇ ਇਸ ਫੈਸਲੇ ਤੇ ਪੁੱਜੇ ਹਾਂ ਕਿ ਜੋ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗੋਂ ਛਪੇ, ਉਸ ਵਿਚ ਮੰਗਲਾਂ ਦੀ ਤਰਤੀਬ ਇਸ ਤਰ੍ਹਾਂ

Digitized by Panjab Digital Library | www.panjabdigilib.org

ਰਖੀ ਜਾਏ ਜਿਵੇਂ ਕਿ ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਹੈ। ਜਿਥੇ ਮੰਗਲ ਉੱਚਾ ਹੈ ਉਹ ਰਾਗ ਤੋਂ ਪਹਿਲੇ ਆਵੇ। ਜਿਥੇ ਉਸੇ ਸਤਰ ਵਿਚ ਬਾਦ ਵਿਚ ਆਇਆ ਹੈ ਜਾਂ ਨੀਵਾਂ ਹੈ ਜਾਂ ਦੂਜੀ ਸਤਰ ਵਿਚ ਹੈ, ਉਹ ਰਾਗ ਤੋਂ ਮਗਰੋਂ।

ਨਾਵੇਂ ਪਾਤਸ਼ਾਹ ਦੇ ਸ਼ਬਦਾਂ ਵਿਚ ਮੰਗਲਾਂ ਦੀ ਤਰਤੀਬ ਅਕਾਲ ਤਖਤ ਵਾਲੀ ਬੀੜ ਤੋਂ, ਜਿਸ ਦੀ ਜਿਲਦ ਸੁਨਹਿਰੀ ਹੈ ਅਤੇ ਜੋ ਬੀੜ ਦਮਦਮੇ ਸਾਹਿਬ ਗੁਰਦੁਆਰਾ ਮੰਜੀ ਸਾਹਿਬ ਵਿਚ ਹੈ, ਉਨ੍ਹਾਂ ਅਨੁਸਾਰ ਕਰ ਦਿਤੀ ਜਾਵੇ।

੧. (ਸਹੀ) ਨਿਰਮਲ ਸਿੰਘ ਸੇਵਾ ਪੰਥੀ।
੨. (ਸਹੀ) ਭਗਤ ਰਾਮ (ਉਦਾਸੀਨ)।
੩. (ਸਹੀ) ਜਥੇਦਾਰ ਬਿਰਕਤ ਪੂਰਨ ਸਿੰਘ ਨਿਹੰਗ ਸਿੰਘ ਬੁੱਢਾ ਦਲ ਪਟਿਆਲਾ।
੪. (ਸਹੀ) ਜੋਧ ਸਿੰਘ (ਪ੍ਰਿੰਸੀਪਲ ਰੀਟਾਇਰਡ)।
੫. (ਸਹੀ) ਗੰਡਾ ਸਿੰਘ (ਡਾਇਰੈਕਟਰ ਆਰਕਾਈਵਜ਼ ਪਟਿਆਲਾ)।

੩੦-੫-੧੯੫੪।

ਵਿਦਵਾਨਾਂ ਦਾ ਇਹ ਫੈਸਲਾ ਵੀ ਇਸ ਚਰਚਾ ਨੂੰ ਖ਼ਤਮ ਨਾ ਕਰ ਸਕਿਆ ਕਿਉਂਕਿ ਇਹ ਆਪਣੇ ਆਪ ਵਿਚ ਹੀ ਸਪਸ਼ਟ ਨਹੀਂ ਸੀ। ਸ਼੍ਰੋਮਣੀ ਕਮੇਟੀ ਵਲੋਂ ਜਦੋਂ ਇਨ੍ਹਾਂ ਵਿਦਵਾਨਾਂ ਨੂੰ ਹੀ ਪੁਛਿਆ ਗਿਆ ਕਿ ਮੰਗਲਾ-ਚਰਨ ਦੇ ਸਤਰ ਵਿਚ ਬਾਦ ਵਿਚ ਆਉਣ ਤੋਂ ਕੀ ਭਾਵ ਲਿਆ ਜਾਏ ਤਾਂ ਇਸ ਸੰਬੰਧੀ ਇਨ੍ਹਾਂ ਦੀ ਰਾਏ ਅੱਡ ਅੱਡ ਸੀ ਜਿਸ ਦਾ ਸੰਖੇਪ ਵਰਣਨ ਉਨ੍ਹਾਂ ਦੇ ਆਪਣੇ ਹੀ ਸ਼ਬਦਾਂ ਵਿਚ ਅੱਗੇ ਆਵੇਗਾ।

ਇਸ ਤਰ੍ਹਾਂ ਇਹ ਚਰਚਾ ਮਿਟਾਣ ਵਿਚ ਇਹ ਵਿਦਵਾਨ ਵੀ ਪੂਰੀ ਤਰ੍ਹਾਂ ਸਹਾਈ ਨਾ ਹੋ ਸਕੇ।

ਇਸ ਦੌਰਾਨ ਵਿਚ ਹੀ ਸ਼੍ਰੋਮਣੀ ਕਮੇਟੀ ਦਾ ਚਾਰਜ ਪਹਿਲੇ ਪ੍ਰਬੰਧਕਾਂ ਹੱਥੋਂ ਨਿਕਲ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਤੀਨਿਧ ਮੈਂਬਰਾਂ ਹਥ ਆ ਗਿਆ ਅਤੇ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ। ਆਪ ਨੂੰ ਚੀਫ ਖ਼ਾਲਸਾ ਦੀਵਾਨ ਦਾ ਡੈਪੂਟੇਸ਼ਨ ਇਸੇ ਚਰਚਾ ਦੇ ਸੰਬੰਧ ਵਿਚ ਮਿਲਿਆ ਅਤੇ ਆਪਸ ਵਿਚ ਹੋਈ ਵਿਚਾਰ ਦੇ ਫਲ ਸਰੂਪ ਪ੍ਰਧਾਨ ਸਾਹਿਬ ਸ਼੍ਰੋਮਣੀ ਕਮੇਟੀ ਵਲੋਂ ਸਾਂਝੇ ਸਿਖ ਵਿਦਵਾਨਾਂ ਦੀ ਮੁੜ ਇਕੱਤ੍ਰਤਾ ਸਦੀ ਗਈ ਜਿਸ ਨੇ ੨੪-੪-੫੫ ਨੂੰ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ:-

ਧਾਰਮਿਕ ਸਲਾਹਕਾਰ ਤੇ ਹੋਰ ਪ੍ਰਤਿਸ਼ਟ ਵਿਦਵਾਨ ਸੱਜਣਾਂ ਦੇ ਵੀਚਾਰ-

ਧਾਰਮਕ ਸਲਾਹਕਾਰ ਕਮੇਟੀ ਤੇ ਕੁਝ ਹੋਰ ਪ੍ਰਤਿਸ਼ਟ ਵਿਦਵਾਨ ਸਜਣਾਂ ਦੀ ਮਿਤੀ ੨੪/੪/੫੫ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਦਫਤ੍ਰ "ਤੇਜਾ ਸਿੰਘ ਸਮੁੰਦਰੀ ਹਾਲ" ਸ੍ਰੀ ਅੰਮ੍ਰਿਤਸਰ ਵਿਚ ਸਦੀ ਇਕੱਤ੍ਰਤਾ ਵਲੋਂ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ਮਤਾ:-

ਅੱਜ ੨੪/੪/੫੫ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਧਾਰਮਕ ਸਲਾਹਕਾਰ ਕਮੇਟੀ ਅਤੇ ਹੋਰ ਸੱਦੇ ਹੋਏ ਪ੍ਰਤਿਸ਼ਟਤ ਵਿਦਵਾਨਾਂ ਦਾ ਇਹ ਇਕੱਠ ਸਾਰੇ ਮਾਮਲੇ ਤੇ ਵਿਚਾਰ ਕਰਨ ਉਪਰੰਤ ਇਸ ਨਤੀਜੇ ਤੇ ਪੁਜਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਵਿਚ ੩੦ ਮਈ ੧੯੫੪ ਨੂੰ ਪੰਜਾਂ ਸਿੰਘਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਅਨੁਸਾਰ ਮੰਗਲ ਛਾਪਣ ਦਾ ਜੋ ਫੈਸਲਾ ਕੀਤਾ ਸੀ ਅਸੀਂ ਉਸ ਨੂੰ ਪ੍ਰਸੰਸਾ ਸਹਿਤ ਪ੍ਰਵਾਨ ਕਰਦੇ ਹਾਂ ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਪਾਸ ਬੇਨਤੀ ਕਰਦੇ ਹਾਂ ਕਿ ਅਗੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਵਿਚ ਸ੍ਰੀ ਕਰਤਾਰਪੁਰ

Digitized by Panjab Digital Library | www.panjabdigilib.org

ਸਾਹਿਬ ਵਾਲੀ ਬੀੜ ਅਨੁਸਾਰ ਮੰਗਲ ਛਾਪੇ ਜਾਣ। ਚੂੰਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦੇ ਮੰਗਲਾਂ ਦੀ ਅਨੁਸਾਰਤਾ ਬਾਬਤ ਕੁਝ ਮਤ-ਭੇਦ ਹੈ, ਇਸ ਲਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਪਾਸ ਬੇਨਤੀ ਕਰਦੇ ਹਾਂ ਕਿ ਉਹ ਇਸ ਮਤਭੇਦ ਦਾ ਨਿਰਨਾ ਕਰਾਉਣ ਦਾ ਯੋਗ ਪ੍ਰਬੰਧ ਕਰੇ।

(ਸਹੀ) ਭੁਪਿੰਦਰ ਸਿੰਘ (ਸਿੰਘ ਸਾਹਿਬ)
(ਸਹੀ) ਬਾਵਾ ਹਰਕਿਸ਼ਨ ਸਿੰਘ
(ਸਹੀ) ਸਰਦੂਲ ਸਿੰਘ (ਗਿਆਨੀ)
(ਸਹੀ) ਅੱਛਰ ਸਿੰਘ (ਜਥੇਦਾਰ)
(ਸਹੀ) ਸਾਹਿਬ ਸਿੰਘ (ਪ੍ਰਿੰਸੀਪਲ)
(ਸਹੀ) ਨਿਸਚਲ ਸਿੰਘ (ਸੰਤ)
(ਸਹੀ) ਚੇਤ ਸਿੰਘ (ਸਿੰਘ ਸਾਹਿਬ)
(ਸਹੀ) ਫੌਜਾ ਸਿੰਘ (ਜਥੇਦਾਰ)
(ਸਹੀ) ਤੇਜਾ ਸਿੰਘ
(ਸਹੀ) ਗੰਡਾ ਸਿੰਘ (ਹਿਸਟੋਰੀਅਨ)
(ਸਹੀ) ਗੰਗਾ ਸਿੰਘ (ਪ੍ਰਿੰਸੀਪਲ)
(ਸਹੀ) ਨਿਰੰਜਨ ਸਿੰਘ (ਪਟਿਆਲਾ)
(ਸਹੀ) ਗੁਰਬਚਨਸਿੰਘ ਖਾਲਸਾ (ਭਿੰਡਰਾਂ ਵਾਲੇ)
(ਸਹੀ) ਅਰਜਨ ਸਿੰਘ (ਸਿੰਘ ਸਾਹਿਬ)

ਇਸ ਫੈਸਲੇ ਤੇ ਦਸਖਤ ਕਰਨ ਵਾਲੇ ਸਜਣਾਂ ਵਿਚ ੩੦/੫/੫੪ ਨੂੰ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਪਹਿਲਾ ਫੈਸਲਾ ਦੇਣ ਵਾਲੇ ਪੰਜਾਂ ਸਜਣਾਂ ਵਿਚੋਂ ਦੋ ਸਜਣ ਸੰਤ ਨਿਸਚਲ ਸਿੰਘ ਜੀ ਅਤੇ ਡਾਕਟਰ ਗੰਡਾ ਸਿੰਘ ਜੀ ਸ਼ਾਮਲ ਸਨ। ਵਿਦਵਾਨਾਂ ਦਾ ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਪੇਸ਼ ਹੋਣ ਉਤੇ ਅੰਤ੍ਰਿੰਗ ਕਮੇਟੀ ਨੇ ਯੋਗ ਵਿਦਵਾਨ ਨੀਯਤ ਕਰਨ ਦੇ ਅਧਿਕਾਰ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਨੂੰ ਦੇ ਦਿਤੇ ਅਤੇ ਆਪ ਨੇ ਇਨ੍ਹਾਂ ਅਧਿਕਾਰਾਂ ਅਨੁਸਾਰ ਹੇਠ ਲਿਖੇ ਤਿੰਨ ਸਜਣ ਨੀਯਤ ਕੀਤੇ:-

੧. ਬਾਵਾ ਹਰਕਿਸ਼ਨ ਸਿੰਘ ਪ੍ਰਿੰਸੀਪਲ ਸਿਖ ਨੈਸ਼ਨਲ ਕਾਲਜ ਕਾਦੀਆਂ।
੨. ਜਸਟਸ (ਹੁਣ ਰੀਟਾਇਰਡ) ਸ: ਹਰਨਾਮ ਸਿੰਘ ਜਜ ਹਾਈਕੋਰਟ ਪੰਜਾਬ।
੩. ਸਰਦਾਰ ਸਾਹਿਬ ਸਿੰਘ ਪ੍ਰਿੰਸੀਪਲ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ।

ਇਨ੍ਹਾਂ ਸਜਣਾਂ ਦੀਆਂ ਜਾਲੰਧਰ ਵਿਚ ਕੁਝ ਇਕਤ੍ਰਤਾਵਾਂ ਹੋਈਆਂ ਅਤੇ ਇਨ੍ਹਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਜਾ ਕੇ ਪਾਵਨ ਬੀੜ ਦੇ ਦਰਸ਼ਨ ਵੀ ਕੀਤੇ।

ਇਸੇ ਦੌਰਾਨ ਵਿਚ ਚੀਫ ਖਾਲਸਾ ਦੀਵਾਨ ਦੇ ਪ੍ਰਤਿਸ਼ਟ ਸਜਣਾਂ ਡਾਕਟਰ ਸੋਹਣ ਸਿੰਘ ਜੀ ਆਦਿ ਨਾਲ ਸ਼੍ਰੋਮਣੀ ਕਮੇਟੀ ਦੇ ਦਫਤਰ ਦੇ ਕੁਝ ਆਦਮੀਆਂ ਦੀ ਗਲ ਬਾਤ ਹੋਈ ਜਿਸ ਵਿਚ ਡਾਕਟਰ ਸਾਹਿਬ ਨੇ ਕਿਹਾ ਕਿ ਵਿਦਵਾਨਾਂ ਦੇ ੨੪-੪-੫੫ ਦੇ ਫੈਸਲੇ ਬਾਰੇ ਪਹਿਲੇ ਨੀਯਤ ਕੀਤੇ ਪੰਜ ਸਜਣਾਂ ਵਿਚੋਂ ਕੇਵਲ ਦੋ ਦੀ ਹੀ ਸੰਮਤੀ ਲਈ ਗਈ ਹੈ, ਬਾਕੀ ਦਿਆਂ ਦੀ ਵੀ ਸੰਮਤੀ ਲੈ ਲਈ ਜਾਣੀ ਚਾਹੀਦੀ ਹੈ ਅਤੇ ਜੇ ਸਾਰੇ ਸਹਿਮਤ ਨਾ ਹੋਣ ਤਾਂ ਘਟੋ ਘਟ ਉਨ੍ਹਾਂ ਦੀ ਬਹੁ-ਸੰਮਤੀ ਤਾਂ ਇਸ ੨੪-੪-੫੫ ਦੇ ਫੈਸਲੇ ਦੇ ਹਕ ਵਿਚ ਹੋਣੀ ਚਾਹੀਦੀ ਹੈ। ਜੇ ਬਹੁ-ਸੰਮਤੀ ਇਸ ਹਕ ਵਿਚ ਹੋ ਜਾਏ ਤਾਂ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਵਿਚ ਵਧੇਰੇ ਤਾਕਤ ਹੋਏਗੀ ਅਤੇ ਇਹ ਗਲ ਇਖਲਾਕੀ ਤੌਰ ਉਤੇ ਵੀ ਠੀਕ ਹੋਵੇਗੀ। ਚੁਨਾਂਚਿ ਆਪ ਦੀ ਇਸ ਸਲਾਹ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਦਫ਼ਤ੍ਰ ਵਲੋਂ ੨੪-੪-੫੫ ਦੇ ਫ਼ੈਸਲੇ ਦੀ ਨਕਲ ਭੇਜ ਕੇ ਰਾਏ ਪੁਛਣ ਤੇ ਇਸ ਸੰਬੰਧ ਵਿਚ ਨਿਹੰਗ ਪੂਰਨ ਸਿੰਘ ਜੀ ਅਤੇ ਮਹੰਤ ਭਗਤ ਰਾਮ ਜੀ ਨੇ ਜੋ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪੰਜਾਂ ਦੀ ਕਮੇਟੀ ਦੇ ਮੈਂਬਰ ਸਨ, ਹੇਠ ਲਿਖੇ ਅਨੁਸਾਰ ਰਾਏ ਲਿਖ ਕੇ ਭੇਜੀ:-

ਸ੍ਰੀ ਮਾਨ ਜੀਓ,

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਅਤੇ ਸਿਰਲੇਖਾਂ ਦੀ ਤਰਤੀਬ ਬਾਰੇ ਮੈਂ ਅਗੇ ਭੀ

Digitized by Panjab Digital Library | www.panjabdigilib.org

ਆਪਣੇ ਖਿਆਲ ਸਪਸ਼ਟ ਤੌਰ ਤੇ ਦਸ ਚੁਕਾ ਹਾਂ ਕਿ ਸ੍ਰੀ ਕਰਤਾਰਪੁਰ ਵਾਲੀ ਪਾਵਨ ਬੀੜ ਵਿਚ ਮੰਗਲਾ ਚਰਨ ਸਜੇ ਪਾਸੇ ਪਹਿਲੋਂ ਲਿਖੇ ਗਏ ਹਨ ਤੇ ਰਾਗ ਦੇ ਸਿਰਲੇਖ ਖਬੇ ਪਾਸੇ ਬਾਦ ਵਿਚ ਹਨ।

ਸਾਥ ਹੀ ਮੈਂ ੨੪-੪-੫੫ ਦੀ ਇਕੱਤ੍ਰਤਾ ਵਿਖੇ ਪਾਸ ਹੋਏ ਮਤੇ ਦੀ ਪ੍ਰੋੜਤਾ ਕਰਦਾ ਹਾਂ।

੫/੬/੫੬ (ਸਹੀ) ਮਹੰਤ ਭਗਤ ਰਾਮ ਬੜਾ ਪਿੰਡ (ਜਾਲੰਧਰ)

ਸ੍ਰੀ ਮਾਨ ਜੀ,

ਸਾਨੂੰ ਪਤਾ ਲਗਾ ਹੈ ਕਿ ਚੀਫ਼ ਖਾਲਸਾ ਦੀਵਾਨ ਅਤੇ ਦੁਕਾਨਦਾਰ ਸਜਣ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਛਾਪੀ ਬੀੜ ਵਿਚ ਅਦਲਾ ਬਦਲੀ ਚਾਹੁੰਦੇ ਹਨ। ਇਸ ਦੇ ਸੰਬੰਧ ਵਿਚ ਮੇਰੀ ਅਤੇ ਬੁਢਾ ਦਲ ਚਲਦਾ ਵਹੀਰ ਨਿਹੰਗ ਸਿੰਘਾਂ ਦੀ ਖਾਸ ਤੌਰ ਤੇ ਇਹ ਰਾਇ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਮੰਗਲਾਚਰਨਾਂ ਵਿਚ ਤਬਦੀਲੀ ਨਹੀਂ ਕਰਨੀ ਚਾਹੀਦੀ ਅਤੇ ਉਸ ਫੈਸਲੇ ਤੇ ਕਾਇਮ ਰਹਿਣਾ ਚਾਹੀਦਾ ਹੈ ਜੋ ੩੦ ਮਈ ੧੯੫੪ ਨੂੰ ਕਰਤਾਰ ਪੁਰ ਸਾਹਿਬ ਹੋਇਆ ਸੀ।

ਫਿਲਹਾਲ ਝਗੜੇ ਨੂੰ ਨਿਪਟਾਉਣ ਦੀ ਖ਼ਾਤਰ ਮੈਂ ੨੪-੪-੫੫ ਦੇ ਮਤੇ ਦੀ ਵੀ ਪ੍ਰੋੜਤਾ ਕਰਦਾ ਹਾਂ ਪਰ ਜੇ ਸ਼੍ਰੋਮਣੀ ਕਮੇਟੀ ਮੰਗਲਾ ਚਰਨ ਬਦਲਨ ਦੇ ਹੱਕ ਵਿਚ ਵੀ ਹੋ ਜਾਵੇ ਤਾਂ ਭੀ ਸਾਡੀ ਰਾਇ ਸਪਸ਼ਟ ਇਹੀ ਰਹੇਗੀ ਕਿ "੧ ਓ ਸਤਿਗੁਰ ਪ੍ਰਸਾਦਿ" ਪਹਿਲੋਂ ਹੋਣਾ ਚਾਹੀਦਾ ਹੈ। ਕਿਉਂਕਿ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਵੀ "੧ ਓ ਵਾਹਿਗੁਰੂ ਜੀ ਕੀ ਫਤਹਿ" "ਵਾਰ ਸ੍ਰੀ ਭਗਉਤੀ ਜੀ ਕੀ, ਪਾਤਸ਼ਾਹੀ ਦਸਵੀਂ" ਜਾਂ "੧ ਓ ਸਤਿਗੁਰ ਪ੍ਰਸਾਦਿ" ਪਹਿਲਾਂ ਹੀ ਲਿਖਿਆ ਹੈ।

ਪੁਰਾਤਨ ਸਮੇਂ ਵਿਚ ਵੀ ਗੁਰਦੁਆਰਾ ਸਾਹਿਬਾਨ ਅਤੇ ਨਿਹੰਗ ਸਿੰਘਾਂ ਦੀਆਂ ਛਾਉਣੀਆਂ ਵਿਚ ਓਹੀ ਹਸਤ ਲਿਖਤ ਬੀੜਾਂ ਪ੍ਰਕਾਸ਼ਤ ਹੁੰਦੀਆਂ ਸਨ, ਜਿਨ੍ਹਾਂ ਦੇ ਮੰਗਲਾ ਚਰਣ ਪਹਿਲੋਂ ਸਨ। ਛਾਪੇ ਦੀਆਂ ਬੀੜਾਂ ਦਾ ਉਪਰੋਕਤ ਅਸਥਾਨਾਂ ਤੇ ਇਸ ਲਈ ਪ੍ਰਕਾਸ਼ ਨਹੀਂ ਕੀਤਾ ਜਾਂਦਾ ਸੀ ਕਿ ਓਹਨਾਂ ਦੇ ਮੰਗਲਾ ਚਰਣ ਗਲਤ ਸਨ, ਭਾਵ ਅਗੇ ਪਿਛੇ ਸਨ।

ਆਪ ਦਾ ਹਿਤੂ–

ਮਿਤੀ ੬/੬/੫੬ (ਸਹੀ) ਜਥੇਦਾਰ ਬਿਰੱਕਤ ਪੂਰਨ ਸਿੰਘ, ਨਿਹੰਗ ਸਿੰਘ ਬੁਢਾ ਦਲ, ਪਟਿਆਲਾ

ਇਥੇ ਇਹ ਗਲ ਦਸ ਦੇਣੀ ਵੀ ਜ਼ਰੂਰੀ ਹੈ ਕਿ ੨੪-੪-੫੫ ਨੂੰ ਧਾਰਮਕ ਸਲਾਹਕਾਰ ਕਮੇਟੀ ਅਤੇ ਹੋਰ ਪ੍ਰਤਿਸ਼ਟਿਤ ਵਿਦਵਾਨ ਸਜਣਾਂ ਦੀ ਸਦੀ ਗਈ ਇਕੱਤ੍ਰਤਾ ਵਿਚ ਪ੍ਰਿੰਸੀਪਲ ਜੋਧ ਸਿੰਘ ਜੀ ਆਪ ਤਾਂ ਹਾਜ਼ਰ ਨ ਹੋ ਸਕੇ, ਪ੍ਰੰਤੂ ਉਨ੍ਹਾਂ ਵਲੋਂ ਪੁਜੇ ਉਤਰ ਵਿਚ ਉਨ੍ਹਾਂ ਦੇ ਵਿਚਾਰ ਸਪਸ਼ਟ ਹਨ। ਸ਼੍ਰੋਮਣੀ ਕਮੇਟੀ ਵਲੋਂ ਭੇਜੇ ਸੱਦਾ ਪਤਰ ਦੇ ਉਤਰ ਵਿਚ ਉਹ ਲਿਖਦੇ ਹਨ:–

੧ ਓ ਵਾਹਿਗੁਰੂ ਜੀ ਕੀ ਫਤਹ॥ ੪੯੬, ਮਾਡਲ ਟਾਊਨ,
ਲੁਧਿਆਣਾ
੧੯/੪/੫੫

ਸ੍ਰੀ ਮਾਨ ਜੀ,

ਆਪ ਦਾ ਪੱਤ੍ਰ ਨੰ: ੫੫੬/੯–੧ ਤ੍ਰੀਕ ੧੪/੪/੫੫ ਦਾ ਮਿਲਿਆ। ਪਹਿਲੀ ਮਈ ਨੂੰ ਪੰਜਾਬੀ ਸਾਹਿਤ ਅਕਾਦਮੀ ਸੰਬੰਧੀ ਇਕ ਕਾਨਫ੍ਰੰਸ ਹੋ ਰਹੀ ਹੈ। ੨੪ ਅਪ੍ਰੈਲ ਨੂੰ ਉਸ ਸੰਬੰਧੀ ਐ: ਕਮੇਟੀ ਸਦੀ ਹੋਈ ਹੈ। ਇਸ ਲਈ ਮੈਂ ਉਸ ਦਿਨ ਸ੍ਰੀ ਅੰਮ੍ਰਿਤਸਰ ਹਾਜ਼ਰ ਨਹੀਂ ਹੋ ਸਕਾਂਗਾ।

ਨਾਲੇ ਮੈਂ ਅਗੇ ਆਪਣੀ ਰਾਏ ਦੇ ਚੁਕਾ ਹਾਂ। ਹੁਣ ਵੀ ਮੇਰੀ ਉਹੋ ਰਾਏ ਹੈ। ਮੰਗਲ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਹੋਣੇ ਚਾਹੀਦੇ ਹਨ।

ਆਪ ਦਾ ਹਿਤੂ, (ਸਹੀ) ਜੋਧ ਸਿੰਘ।

Digitized by Panjab Digital Library | www.panjabdigilib.org

ਇਸ ਤਰ੍ਹਾਂ ਸ੍ਰੀ ਕਰਤਾਰਪੁਰ ਸਾਹਿਬ ਵਿਖੇ ੩੦-੫-੫੪ ਨੂੰ ਫ਼ੈਸਲਾ ਦੇਣ ਵਾਲੇ ਪੰਜਾਂ ਜੱਜ ਸਾਹਿਬਾਨ ਦੀਆਂ ਰਾਵਾਂ ਪੁਜਣ ਉਪਰੰਤ ਪ੍ਰਧਾਨ ਸਾਹਿਬ ਸ਼੍ਰੋਮਣੀ ਕਮੇਟੀ ਵਲੋਂ ਨੀਯਤ ਕੀਤੇ ਗਏ ਸਜਣਾਂ ਦੀ ਮੁੜ ਇਕਤਰਤਾ ੨੯-੧੦-੫੬ ਨੂੰ ਹੋਈ । ਜਸਟਸ ਸ: ਹਰਨਾਮ ਸਿੰਘ ਜੀ ਇਸ ਸਮੇਂ ਹਾਈਕੋਰਟ ਦੀ ਜੱਜੀ ਛਡ ਕੇ ਪੰਜਾਬ ਤੋਂ ਬਾਹਰ ਇਕ ਟ੍ਰਿਬਿਊਨਲ ਦੇ ਚੇਅਰਮੈਨ ਨਿਯਤ ਹੋ ਚੁਕੇ ਸਨ, ਇਸ ਲਈ ਉਹ ਇਸ ਇਕਤਰਤਾ ਵਿਚ ਨ ਪੁਜ ਸਕੇ। ਬਾਕੀ ਦੋਹਾਂ ਸਜਣਾਂ ਨੇ ਜਿਹੜਾ ਫ਼ੈਸਲਾ ਦਿਤਾ ਉਹ ਸ: ਹਰਨਾਮ ਸਿੰਘ ਜੀ ਜਸਟਸ ਨੂੰ ਭੇਜ ਕੇ ਇਸ ਸਬੰਧੀ ਉਨ੍ਹਾਂ ਦੀ ਰਾਇ ਵੀ ਪੁਛੀ ਗਈ। ਉਨ੍ਹਾਂ ਨੇ ਇਸ ਫੈਸਲੇ ਨਾਲ ਆਪਣੀ ਸੰਮਤੀ ਪਰਗਟ ਕੀਤੀ। ਇਸ ਤਰ੍ਹਾਂ ਤਿੰਨਾਂ ਸਜਣਾਂ ਦੇ ਸਰਬ ਸੰਮਤੀ ਨਾਲ ਹੋਏ ਫੈਸਲੇ ਨੂੰ ਸ਼ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕਤਰਤਾ ਵਿਚ ਪੇਸ਼ ਕੀਤਾ ਗਿਆ, ਜਿਸ ਤੇ ਅੰਤ੍ਰਿੰਗ ਕਮੇਟੀ ਨੇ ਹੇਠ ਲਿਖੇ ਅਨੁਸਾਰ ਫੈਸਲਾ ਦਿਤਾ :-

ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕਤਰਤਾ ਮਿਤੀ ੧੦-੧੧-੫੬ ਦੇ ਮਤਾ ਨੰ: ੨੪੭੪ ਦੀ ਨਕਲ:-

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਮੰਗਲਾਂ ਅਤੇ ਰਾਗਾਂ ਦੇ ਸਿਰਲੇਖਾਂ ਦੀ ਤਰਤੀਬ ਬਾਰੇ ਸ਼ਰੋਮਣੀ ਗੁ: ਪ੍ਰ: ਕਮੇਟੀ ਅੰਮ੍ਰਿਤਸਰ ਦੀ ਅੰਤ੍ਰਿੰਗ ਕਮੇਟੀ ਦੇ ਮਤਾ ਨੰ: ੧੨੮ ਮਿਤੀ ੬/੫/੫੫ ਅਨੁਸਾਰ ਪ੍ਰਧਾਨ ਸਾਹਿਬ ਸ਼ਰੋਮਣੀ ਕਮੇਟੀ ਵਲੋਂ ੨੦-੧੦-੫੫ ਨੂੰ ਨੀਯਤ ਕੀਤੀ ਗਈ ਸਬ-ਕਮੇਟੀ ਦੀ ਸਰਬ ਸੰਮਤੀ ਨਾਲ ਦਿਤੀ ਗਈ ਹੇਠ ਲਿਖੀ ਰੀਪੋਰਟ ਪੇਸ਼ ਹੋਈ ਅਤੇ ਇਸ ਤੇ ਵਰਤੋਂ ਕਰਨ ਦੀ ਪਰਵਾਨਗੀ ਦਿਤੀ ਗਈ:-

ਸ਼ਰੋਮਣੀ ਗੁ: ਪ੍ਰ: ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮਤਾ ਨੰ: ੧੨੮ ਮਿਤੀ ੬-੫-੫੫ ਅਨੁਸਾਰ ਪ੍ਰਧਾਨ ਸਾਹਿਬ ਸ਼ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਨੇ ੨੦-੧੦-੫੫ ਨੂੰ ਦਾਸਾਂ ਨੂੰ ਨਿਯਤ ਕੀਤਾ ਕਿ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਦੇ ਦਰਸ਼ਨ ਕਰਕੇ ਮੰਗਲਾਚਰਨਾਂ ਸਬੰਧੀ ਆਪਣੀ ਵਿਚਾਰ ਬਤੌਰ ਸਫ਼ਾਰਸ਼ ਪੇਸ਼ ਕਰੀਏ, ਸੋ ਦਾਸਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਦੀ ਪਾਵਨ ਬੀੜ ਦੇ ਦਰਸ਼ਨ ਕੀਤੇ ਅਤੇ ਚੋਖਾ ਚਿਰ ਪੜਚੋਲ ਕੀਤੀ ਜਿਸ ਦੁਆਰਾ ਦਾਸ ਇਸ ਨਤੀਜੇ ਤੇ ਪੁਜੇ ਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਵਿਚ ਮੰਗਲਾ ਚਰਨ ਨੂੰ ਰਾਗ ਦੇ ਸਿਰਲੇਖ ਨਾਲੋਂ ਹਰ ਥਾਂ ਪਹਿਲ ਦਿਤੀ ਗਈ ਹੈ ਅਤੇ ਇਸ ਬੀੜ ਦੇ ਅਨਕੂਲ ਏਹੀ ਗਲ ਹੈ ਕਿ ਮੰਗਲਾਚਰਨ ਪਹਿਲਾਂ ਹੀ ਛਪਣ ।

(ਸਹੀ) ਬਾਵਾ ਹਰਕ੍ਰਿਸ਼ਨ ਸਿੰਘ ਪ੍ਰਿੰਸੀਪਲ ਸਿਖ ਨੈਸ਼ਨਲ ਕਾਲਜ ਕਾਦੀਆਂ ੨੯/੧੦/੫੬

(ਸਹੀ) ਸਾਹਿਬ ਸਿੰਘ, ਪ੍ਰਿੰਸੀਪਲ ਸ਼ਹੀਦ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ „

ਮੈਂ ਸਹਿਮਤ ਹਾਂ-(ਸਹੀ) ਹਰਨਾਮ ਸਿੰਘ ੮-੧੧-੫੬

ਪ੍ਰਿੰਸੀਪਲ ਜੋਧ ਸਿੰਘ ਜੀ ਨਾਲ ਸਮੇਂ ਸਮੇਂ ਹੋਈ ਲਿਖਾ ਪੜ੍ਹੀ-

ਪ੍ਰਿੰਸੀਪਲ ਜੋਧ ਸਿੰਘ ਜੀ ਨੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਆਦਿ ਬੀੜ ਦੀ ਵਧੇਰੇ ਖੋਜ ਕੀਤੀ ਹੋਣ ਕਰਕੇ ਬੀੜ ਦੀ ਛਪਾਈ ਵਿਚ ਉਨ੍ਹਾਂ ਦੀ ਵਧੇਰੇ ਸਹਾਇਤਾ ਲਈ ਜਾਂਦੀ ਰਹੀ ਹੈ। ਮੰਗਲਾਚਰਨਾਂ ਦੀ ਤਰਤੀਬ ਬਾਰੇ ਚੀਫ਼ ਖਾਲਸਾ ਦੀਵਾਨ ਵਲੋਂ ਇਤਰਾਜ਼ ਕਰਨ ਉਤੇ ਪ੍ਰਿੰਸੀਪਲ ਸਾਹਿਬ ਨਾਲ ਇਸ ਸੰਬੰਧੀ ਲਿਖਾ ਪੜ੍ਹੀ ਕੀਤੀ ਗਈ। ਆਖਿਰ ਉਹਨਾਂ ਵਲੋਂ ੧-੮-੫੩ ਨੂੰ ਟ੍ਰੇਨਿੰਗ ਕਾਲਜ ਜਲੰਧਰ ਵਿਖੇ ਪੁਜ ਕੇ ਵੀਚਾਰ ਕਰਨ ਲਈ ਲਿਖਿਆ ਗਿਆ। ਪ੍ਰੋਫੈਸਰ ਹਰਿਭਜਨ ਸਿੰਘ ਮੀਤ ਸਕੱਤ੍ਰ ੧-੮-੫੩ ਨੂੰ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ ਹੋਈ ਗਲ ਬਾਤ ਸੰਬੰਧੀ ਆ ਕੇ ਹੇਠ ਲਿਖੀ ਰੀਪੋਰਟ ਦਫ਼ਤਰ ਨੂੰ ਦਿਤੀ:-

Digitized by Panjab Digital Library | www.panjabdigilib.org

ਆਪ ਜੀ ਦੀ ਆਗਿਆ ਅਨੁਸਾਰ ਮਿਤੀ ੧-੯-੫੩ ਨੂੰ ਟ੍ਰੇਨਿੰਗ ਕਾਲਜ ਜਲੰਧਰ ਵਿਖੇ, ਪ੍ਰਿੰਸੀਪਲ ਜੋਧ ਸਿੰਘ ਜੀ ਨੂੰ ਮਿਲਿਆ। ਗੱਲ ਬਾਤ ਦੇ ਆਰੰਭ ਵਿਚ ਹੀ ਉਹਨਾਂ ਨੂੰ ਯਾਦ-ਦਹਾਨੀ ਦੇ ਤੌਰ ਤੇ ਬੇਨਤੀ ਕੀਤੀ ਗਈ ਕਿ ਕਿਵੇਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਵਿਚ ਹਰ ਸਮੇਂ ਤੇ ਲਗ ਭਗ ਹਰ ਮਸਲੇ ਤੇ ਕਠਿਨ ਸਮਿਸਆ ਨੂੰ ਸੁਲਝਾਨ ਲਈ ਉਹਨਾਂ ਨੂੰ ਖੇਚਲ ਦਿਤੀ ਜਾਂਦੀ ਰਹੀ ਅਤੇ ਉਹਨਾਂ ਦੇ ਵਿਚਾਰਾਂ ਤੋਂ ਲਾਭ ਪ੍ਰਾਪਤ ਕੀਤਾ ਜਾਂਦਾ ਰਿਹਾ; ਕਿਵੇਂ ਮੰਗਲਾਚਰਨ ਸੰਬੰਧੀ ਸ: ਰਵੇਲ ਸਿੰਘ ਜੀ ਮੀਤ ਸਕੱਤ੍ਰ, ਗਿਆਨੀ ਪਿਆਰਾ ਸਿੰਘ ਜੀ 'ਸੁਖੀ' ਅਤੇ ਦਾਸ ਮਿਤੀ ੨੧-੧੧-੫੧ ਨੂੰ ਉਹਨਾਂ ਦੀ ਸੇਵਾ ਵਿਚ ਖ਼ਾਲਸਾ ਕਾਲਜ ਵਿਖੇ ਹਾਜ਼ਰ ਹੋਏ ਅਤੇ ਕਿਵੇਂ ਉਹਨਾਂ ਨੇ ਆਪਣੇ ਪ੍ਰੋਗਰਾਮ ਤੇ ਸਹੂਲਤ ਨੂੰ ਮੁਖ ਰੱਖ ਕੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਵਿਚ ਮੰਗਲਾਚਰਨ ਦੀ ਸਹੀ ਤਰਤੀਬ ਵੇਖਣ ਹਿੱਤ ਧਾਰਮਕ ਸਲਾਹਕਾਰ ਕਮੇਟੀ ਦੀ ਉਚੇਚੀ ਮੀਟਿੰਗ ਮਿਤੀ ੨-੧੨-੫੧ ਨੂੰ ਸ਼ਾਮ ਦੇ ੪ ਵਜੇ ਸ੍ਰੀ ਕਰਤਾਰਪੁਰ ਸਾਹਿਬ ਰਖਾਈ ਸੀ।

ਉਪ੍ਰੰਤ ਪ੍ਰਿੰਸੀਪਲ ਸਾਹਿਬ ਨੂੰ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਤੋਂ ਮੰਗਲਾਂ ਦੀ ਸਹੀ ਥਾਂ ਜਾਨਣ ਹਿੱਤ ਮਿਤੀ ੯-੭-੫੩ ਨੂੰ ਲਏ ਕੁਝ ਕੁ ਟ੍ਰੇਸਿੰਗ (ਉਤਾਰੇ) ਵਖਾਏ ਗਏ। ਇਹ ਸਭ ਕੁਝ ਵੇਖਣ ਅਤੇ ਵਿਚਾਰਨ ਉਪਰੰਤ ਉਹ ਇਸ ਸਿੱਟੇ ਤੇ ਪੁਜੇ ਕਿ ਨਿਰਸੰਦੇਹ ਪਾਵਨ ਆਦਿ ਬੀੜ ਵਿਚ ਸੱਜੇ ਪਾਸੇ ਅੰਕਿਤ ਮੰਗਲਾ ਚਰਨ, ਭਾਵੇਂ ਰਾਗ ਦੇ ਸਿਰਲੇਖ ਨਾਲੋਂ ਉਚੇਰੇ ਹਨ ਜਾਂ ਬਰਾਬਰ, ਖੱਬੇ ਪਾਸੇ ਵਲ ਲਿਖੇ ਰਾਗ ਦੇ ਸਿਰਲੇਖ ਨਾਲੋਂ ਪਹਿਲਾਂ ਉਚਾਰਨ ਕੀਤੇ ਤੇ ਲਿਖੇ ਗਏ ਹਨ। ਇਸ ਲਈ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਵਿਚ ਦਿੱਤੀ ਮੰਗਲਾਚਰਨ ਦੀ ਤਰਤੀਬ ਸ਼ੁਧ ਹੈ।

ਗੱਲ ਬਾਤ ਦੇ ਦੌਰਾਨ ਵਿਚ ਜਦ 'ਸ਼ੁਧ ਗੁਰਬਾਣੀ ਟ੍ਰਸਟ' ਵਲੋਂ ਸ: ਸ: ਚਰਨ ਸਿੰਘ 'ਸ਼ਹੀਦ' ਰਾਹੀਂ, ਸ੍ਰੀ ਕਰਤਾਰ ਪੁਰ ਸਾਹਿਬ ਵਾਲੀ ਆਦਿ ਬੀੜ ਨਾਲ ਸੁਧਾਈ ਕਰਕੇ ਬੀੜ ਛਾਪੇ ਜਾਣ ਦਾ ਜ਼ਿਕਰ ਆਇਆ ਤਾਂ ਆਪ ਨੇ ਫੁਰਮਾਇਆ ਕਿ ਉਹਨਾਂ ਸਜਣਾਂ ਦੇ ਯਤਨ ਉਤਨੇ ਸੁਧਾਈ ਲਈ ਨਹੀਂ ਸਨ, ਜਿਤਨੇ ਕਿ ਦੁਕਾਨਦਾਰੀ ਦੇ ਦ੍ਰਿਸ਼ਟੀ ਕੋਣ ਤੋਂ ਪ੍ਰਾਪੇਗੰਡੇ ਲਈ। ਸ਼੍ਰੋਮਣੀ ਕਮੇਟੀ ਦੀ ਇਸੇ ਸੰਬੰਧ ਵਿਚ ਕੀਤੀ ਮੇਹਨਤ ਤੇ ਸੁਧਾਈ ਨਾਲ ਉਹ ਟਾਕਰਾ ਨਹੀਂ ਖਾ ਸਕਦੇ।

ਪ੍ਰਿੰਸੀਪਲ ਸਾਹਿਬ ਨਾਲ ਹੋਰ ਪ੍ਰਾਚੀਨ ਹਥ ਲਿਖਤ ਬੀੜਾਂ ਸੰਬੰਧੀ ਵਿਚਾਰ ਕੀਤੀ ਗਈ, ਜਿਨ੍ਹਾਂ ਵਿਚ ਉਸ ਸਮੇਂ ਦੇ ਲਿਖਾਰੀਆਂ ਨੇ ਸਜੇ ਪਾਸੇ ਲਿਖੇ ਮੰਗਲਾਚਰਨ ਨੂੰ ਪਹਿਲਾਂ ਅੰਕਤ ਕੀਤਾ ਸਮਝ ਕੇ ਸਮੁਚੀ ਬੀੜ ਵਿਚ ਮੰਗਲਾਚਰਨ ਇਕ ਸਾਰ ਪਹਿਲਾਂ ਲਿਖਿਆ ਹੈ। ਇਸ ਸੰਬੰਧ ਵਿਚ ਸੰਮਤ ੧੭੯੨ ਦੀ ਹਥ ਲਿਖਤ ਬੀੜ ਦਾ ਖਾਸ ਤੌਰ ਤੇ ਜ਼ਿਕਰ ਕੀਤਾ ਗਿਆ। ਇਹ ਬੀੜ ਨਾ ਭਾਈ ਬੰਨੋਂ ਵਾਲੀ ਬੀੜ ਦਾ ਉਤਾਰਾ ਹੈ ਤੇ ਨਾ ਹੀ ਦਮਦਮੀ ਬੀੜ ਦਾ।

ਇਸ ਤੋਂ ਪਿਛੋਂ ਮੈਂ ਉਹਨਾਂ ਦਾ ਧਿਆਨ ਚੀਫ਼ ਖਾਲਸਾ ਦੀਵਾਨ ਵਲੋਂ ੨੯-੬-੫੩ ਨੂੰ ਹੋਏ ਮਤੇ ਵਲ ਦਿਵਾਇਆ। ਇਹ ਵੀ ਬੇਨਤੀ ਕੀਤੀ ਕਿ ਜੇ ਉਹ ਦੀਵਾਨ ਦੀ ਕਾਰਜ-ਸਾਧਕ ਕਮੇਟੀ ਦੀ ਉਕਤ ਇਕੱਤ੍ਰਤਾ ਵਿਚ ਹਾਜ਼ਰ ਹੁੰਦੇ ਤਾਂ ਇਹ ਮਤਾ ਅਜਿਹੀ: ਆਪਾ-ਵਿਰੋਧੀ ਸ਼ਕਲ ਵਿਚ ਨਾ ਹੁੰਦਾ। ਉਹਨਾਂ ਨੂੰ ਚੀਫ਼ ਖਾਲਸਾ

Digitized by Panjab Digital Library | www.panjabdigilib.org

ਦੀਵਾਨ ਵਲ ਯੋਗ ਪਤ੍ਰਿਕਾ ਲਿਖਣ ਲਈ ਵੀ ਜ਼ੋਰ ਦਿਤਾ ਤਾਂ ਜੋ ਮੁਆਮਲਾ ਵਿਚਾਰ ਪੂਰਬਕ ਨਜਿਠਿਆ ਜਾ ਸਕੇ। ਪ੍ਰਿੰਸੀਪਲ ਸਾਹਿਬ ਨੇ ਇਸ ਤਜਵੀਜ਼ ਨੂੰ ਵਿਚਾਰਨ ਤੇ ਇਸ ਸੰਬੰਧੀ ਯੋਗ ਕਾਰਰਵਾਈ ਕਰਨ ਦਾ ਭਰੋਸਾ ਦਿਵਾਇਆ।

ਅਖੀਰ ਵਿਚ ਉਹਨਾਂ ਦਾ ਵਿਚਾਰ ਸੀ ਕਿ ਸ਼ਰੋਮਣੀ ਕਮੇਟੀ ਨੂੰ ਆਪਣੇ ਵਲੋਂ ਛਪਾਈ ਤੇ ਪਾਵਨ ਬੀੜ ਦੀ ਵਿਕਰੀ ਬੰਦ ਨਹੀਂ ਕਰਨੀ ਚਾਹੀਦੀ। ਉਹਨਾਂ ਨੇ ਇਹ ਵੀ ਆਗਿਆ ਕੀਤੀ ਕਿ ਕਮੇਟੀ ਵਲੋਂ ਛਪੀ ਬੀੜ ਦੀ ਇਕ ਕਾਪੀ ਉਹਨਾਂ ਲਈ ਰੀਜ਼ਰਵ ਰਖ ਲਈ ਜਾਵੇ। ਉਹ ਜਦ ਆਪ ਅੰਮ੍ਰਿਤਸਰ ਜੀ ਆਉਣਗੇ, ਲੈ ਜਾਣਗੇ।

ਦਾਸ– (ਸਹੀ) ਹਰਿਭਜਨ ਸਿੰਘ

ਮੀਤ ਸਕੱਤ੍ਰ। ੬–੯–੫੩

ਸ: ਸਰਮੁਖ ਸਿੰਘ ਜੀ 'ਚਮਕ' ਸੀਨੀਅਰ ਮੀਤ ਪ੍ਰਧਾਨ ਦੀ ਆਗਿਆ ਅਨੁਸਾਰ ਉਪ੍ਰੋਕਤ ਰੀਪੋਰਟ ਦਫਤ੍ਰ ਦੀ ਹੇਠਾਂ ਦਿਤੀ ਪੱਤ੍ਰਿਕਾ ਨੰ: ੫੨੫੫/੧੯–੪ ਮਿਤੀ ੧੩/੧੪–੯–੫੩ ਰਾਹੀਂ ਪਿਰੰਸੀਪਲ ਸਾਹਿਬ ਨੂੰ ਤਸਦੀਕ ਕਰਨ ਹਿਤ ਭੇਜੀ ਗਈ:–

੧ ੴ ਸਤਿਗੁਰ ਪ੍ਰਸਾਦਿ ॥

ਸ: ਬ: ਸ: ਜੋਧ ਸਿੰਘ ਜੀ ਐਮ. ਏ.

ਮ/ਤ ਪੋਸਟ ਮਾਸਟਰ ਸੋਲਨ (ਸ਼ਿਮਲਾ ਹਿਲਜ਼)

ਸ੍ਰੀ ਮਾਨ ਜੀ !

ਮਿਤੀ ੧–੯–੫੩ ਨੂੰ ਪ੍ਰੋਫੈਸਰ ਹਰਿਭਜਨ ਸਿੰਘ ਜੀ ਮੀਤ ਸਕੱਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਅੰਦਰ ਮੰਗਲਾਚਰਨ ਦੀ ਤਰਤੀਬ ਸੰਬੰਧੀ ਵੀਚਾਰ ਕਰਨ ਹਿਤ ਆਪ ਦੀ ਦੀ ਸੇਵਾ ਵਿਚ ਟਰੇਨਿੰਗ ਕਾਲਜ ਜਲੰਧਰ ਵਿਚ ਹਾਜ਼ਰ ਹੋਏ ਸਨ। ਹੋਈ ਗਲ ਬਾਤ ਸਬੰਧੀ ਉਨ੍ਹਾਂ ਵਲੋਂ ਦਫ਼ਤ੍ਰ ਨੂੰ ਦਿਤੀ ਰੀਪੋਰਟ ਦੀ ਇਕ ਕਾਪੀ ਆਪ ਜੀ ਦੀ ਗਿਆਤ ਲਈ ਭੇਜੀ ਜਾਂਦੀ ਹੈ।

ਆਪ ਜੀ ਦੀ ਆਗਿਆ ਅਨੁਸਾਰ ਆਪ ਲਈ ਕਮੇਟੀ ਵਲੋਂ ਛਪੀ ਪਾਵਨ ਬੀੜ ਦੀ ਇਕ ਕਾਪੀ ਰੀਜ਼ਰਵ ਰਖ ਲਈ ਗਈ ਹੈ। ਜਦ ਅੰਮ੍ਰਿਤਸਰ ਜੀ ਦਰਸ਼ਨ ਦੇ ਸਕੋ ਲੈ ਜਾਣ ਦੀ ਕਿਰਪਾਲਤਾ ਕਰਨੀ। ਹੋਰ ਕੋਈ ਸੇਵਾ ?

ਦਾਸ–

ਨਥੀ–੧ (ਕਾਪੀ ਰੀਪੋਰਟ) (ਸਹੀ) ਹਰਨਾਮ ਸਿੰਘ

ਸਕੱਤ੍ਰ,

ਸ਼੍ਰੋਮਣੀ ਗੁ: ਪ੍ਰ: ਕਮੇਟੀ।

ਪ੍ਰਿੰਸੀਪਲ ਸਾਹਿਬ ਵਲੋਂ ਉਪਰੋਕਤ ਪਤ੍ਰਿਕਾ ਦਾ ਹੇਠ ਲਿਖੇ ਅਨੁਸਾਰ ਉਤਰ ਪੁਜਾ:–

੧ ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ

ਸੋਲਨ।

੨੧/੯/੫੩

ਸ੍ਰੀ ਮਾਨ ਜੀ,

ਤੁਹਾਡੀ ਪਤ੍ਰਿਕਾ ਨੰ: ੫੨੫੫ ਤ੍ਰੀਕ ੧੩/੧੪–੯–੫੩ ਦੀ ਪੁਜੀ। ਧੰਨਵਾਦ ਹੈ।

Digitized by Panjab Digital Library | www.panjabdigilib.org

ਬੀੜ ਜੋ ਮੇਰੇ ਲਈ ਰੱਖਣੀ ਹੈ ਉਸ ਦੀ ਜਿਲਦ ਨਾ ਬੰਨ੍ਹਾਣੀ । ਮੈਂ ਆਪਣੀ ਮਰਜ਼ੀ ਅਨੁਸਾਰ ਇਕ ਜਾਂ ਤਿੰਨ ਚਾਰ ਜਿਲਦਾਂ ਬੰਨ੍ਹਵਾਵਾਂਗਾ।

ਆਪ ਦਾ ਹਿਤੂ—
(ਸਹੀ) ਜੋਧ ਸਿੰਘ

ਇਸ ਤੋਂ ਅਗੇ ਅਸੀਂ ਪ੍ਰਿੰਸੀਪਲ ਜੋਧ ਸਿੰਘ ਜੀ ਨਾਲ ਹੋਈ ਕੁਝ ਕੁ ਹੋਰ ਲਿਖਾ ਪੜ੍ਹੀ ਹੇਠਾਂ ਅੰਕਿਤ ਕਰਦੇ ਹਾਂ ਤਾਂ ਜੋ ਸੰਗਤਾਂ ਨੂੰ ਸਪਸ਼ਟ ਹੋ ਜਾਏ ਕਿ ਪ੍ਰਿੰਸੀਪਲ ਸਾਹਿਬ ਦੇ ਵੀਚਾਰ ੩-੧੧-੫੯ ਨੂੰ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਦਫਤਰ ਵਿਖੇ ਹੋਈ ਇਕੱਤ੍ਰਤਾ ਅਤੇ ਨਵੇਂ ਫੈਸਲੇ ਤੋਂ ਪਹਿਲਾਂ ਕੀ ਅਤੇ ਕਿਤਨੇ ਦ੍ਰਿੜ ਸਨ :—

ਨੰ: ੫੭੯੪/੧੮-੪ ੨੪/੨੫-੮-੧੯੫੪

... ...

... ...

... ...

ਕ੍ਰਿਪਾਲੂ ਜੀ,

ਆਪ ਜੀ ਨੇ ੩੦-੫-੫੪ ਨੂੰ ਸ੍ਰੀ ਕਰਤਾਰਪੁਰ ਸਾਹਿਬ ਮੰਗਲਾਂ ਦੀ ਤਰਤੀਬ ਬਾਰੇ ਫ਼ੈਸਲਾ ਦੇਂਦਿਆਂ ਹੋਇਆਂ ਨਾਵੇਂ ਪਾਤਸ਼ਾਹ ਦੀ ਬਾਣੀ ਦੇ ਮੰਗਲਾਂ ਦੇ ਸੰਬੰਧ ਵਿਚ ਇਸ ਤਰ੍ਹਾਂ ਲਿਖਿਆ ਹੈ:—

"ਨਾਵੇਂ ਪਾਤਸ਼ਾਹ ਦੇ ਸ਼ਬਦਾਂ ਵਿਚ ਮੰਗਲਾਂ ਦੀ ਤਰਤੀਬ ਅਕਾਲ ਤਖ਼ਤ ਵਾਲੀ ਬੀੜ, ਜਿਸ ਦੀ ਜਿਲਦ ਸੁਨਹਿਰੀ ਹੈ ਅਤੇ ਜੋ ਬੀੜ ਦਮਦਮਾ ਸਾਹਿਬ ਗੁ: ਮੰਜੀ ਸਾਹਿਬ ਵਿਚ ਹੈ, ਉਨ੍ਹਾਂ ਅਨੁਸਾਰ ਕਰ ਦਿਤੀ ਜਾਵੇ।"

ਆਪ ਜੀ ਦੀ ਸੇਵਾ ਵਿਚ ਬਿਨੈ ਹੈ ਕਿ ਕੀ ਹੁਣ ਨਾਵੇਂ ਪਾਤਸ਼ਾਹ ਦੀ ਬਾਣੀ ਦੀ ਸੋਧ ਵੀ ਆਪ ਜੀ ਦੇ ਫੈਸਲੇ ਅਨੁਸਾਰ ਉਪਰ ਦਸੀਆਂ ਦੋਹਾਂ ਪਾਵਨ ਬੀੜਾਂ ਅਨੁਸਾਰ ਕਰ ਲਈ ਜਾਵੇ ? ਉਤਰ ਸ਼ੀਘਰ ਦੇਣ ਦੀ ਕਿਰਪਾ ਕਰਨੀ।

ਦਾਸ—
ਮੀਤ ਸਕੱਤ੍ਰ,
ਸ਼੍ਰੋਮਣੀ ਗੁ: ਪ੍ਰ: ਕਮੇਟੀ।

ਸੇਵਾ ਵਿਖੇ,

੧—ਸੰਤ ਨਿਸਚਲ ਸਿੰਘ ਜੀ, ਜਗਾਧਰੀ।
੨—ਮਹੰਤ ਭਗਤ ਰਾਮ ਜੀ ਮ/ਤ 'ਸਾਖੀ' ਜੀ, ਅੰਮ੍ਰਿਤਸਰ।
੩-ਜਥੇਦਾਰ ਬਿਰਕਤ ਪੂਰਨ ਸਿੰਘ ਜੀ ਨਿਹੰਗ ਪਟਿਆਲਾ।
੪—ਪ੍ਰਿੰਸੀਪਲ ਜੋਧ ਸਿੰਘ ਜੀ, ਸਰੂਪ ਨਿਵਾਸ, ਸੋਲਨ।
੫—ਸ: ਗੰਡਾ ਸਿੰਘ ਜੀ, ਡਾਇਰੈਕਟਰ ਆਰਕਾਈਵਜ਼, ਪਟਿਆਲਾ।

----

੧ ੴ ਵਾਹਿਗੁਰੂ ਜੀ ਕੀ ਫ਼ਤਹਿ ॥

ਸਰੂਪ ਨਿਵਾਸ ਸੋਲਨ
੨੮/੮/੫੪

ਸ੍ਰੀ ਮਾਨ ਜੀ,

ਤੁਸਾਡੀ ਪਤ੍ਰਕਾ ਨੰ: ੫੭੯੪ ਮਿਤੀ ੨੪/੨੫-੮-੫੪ ਦੀ ਪੁਜੀ। ਫੈਸਲਾ ਸਪਸ਼ਟ ਹੈ। ਅਗੇ ਸੋਧ ਕਰਨੀ ਤੁਹਾਡੇ ਵਸ ਹੈ। ਫੈਸਲੇ ਦਾ ਮਤਲਬ ਤਾਂ ਈਹੋ ਹੀ ਹੈ ਕਿ ਇਨ੍ਹਾਂ ਦੋਹਾਂ ਬੀੜਾਂ

Digitized by Panjab Digital Library | www.panjabdigilib.org

ਅਨੁਸਾਰ ਮੰਗਲਾਂ ਦੀ ਤਰਤੀਬ ਸੋਧ ਲਈ ਜਾਵੇ ।

ਤੁਸਾਡਾ ਹਿਤੂ
ਸਹੀ/–ਜੋਧ ਸਿੰਘ

੬੧੧੦/੧੯–੪ ੧. ੯. ੫੪

ਸੇਵਾ ਵਿਖੇ ਪ੍ਰਿੰ: ਜੋਧ ਸਿੰਘ ਜੀ
ਸਰੂਪ ਨਿਵਾਸ ਸੋਲਨ ।

ਪਰਮ ਕ੍ਰਿਪਾਲੂ ਜੀ,

ਆਪ ਜੀ ਦੇ ਕਾਰਡ ਮਿਤੀ ੨੯–੮–੫੪ ਲਈ ਧਨਵਾਦ । ਉਤ੍ਰ ਵਿਚ ਸਨਿਮਰ ਬਿਨੈ ਹੈ ਕਿ ਇਸ ਦਫਤ੍ਰ ਦੀ ਪਤਰਕਾ ਨੰ: ੫੭੯੪ ਮਿਤੀ ੨੫–੮–੫੪ ਵਿਚ ਆਪ ਜੀ ਨੂੰ ਇਹ ਸਪਸ਼ਟ ਕਰਨ ਦੀ ਖੇਚਲ ਨਹੀਂ ਦਿਤੀ ਗਈ ਸੀ ਕਿ ਨਾਵੇਂ ਮਹਲੇ ਦੀ ਬਾਣੀ ਦੇ ਮੰਗਲਾਂ ਦੀ ਤਰਤੀਬ ਕਿਵੇਂ ਹੋਵੇ, ਉਹ ਤਾਂ ਆਪ ਜੀ ਪਹਿਲਾਂ ਹੀ ਸਪਸ਼ਟ ਕਰ ਚੁਕੇ ਹੋ । ਬਿਨੈ ਇਹ ਕੀਤੀ ਗਈ ਸੀ ਕਿ ਕੀ ਨਾਵੇਂ ਮਹਲੇ ਦੀ ਬਾਣੀ ਫੈਸਲੇ ਵਿਚ ਦਸੀਆਂ ਦੋਹਾਂ ਪਾਵਨ ਬੀੜਾਂ ਨਾਲ ਮੇਲ ਕੇ ਸੋਧ ਲਈ ਜਾਵੇ ? ਉਹ ਇਸ ਲਈ ਕਿ ਫੈਸਲੇ ਵਿਚ ਕੇਵਲ ਮੰਗਲਾਂ ਦਾ ਜ਼ਿਕਰ ਹੈ, ਬਾਣੀ ਦਾ ਨਹੀਂ ।

ਖੇਚਲ ਲਈ ਧੰਨਵਾਦ,

ਉਤਰ ਸ਼ੀਘਰ ।

ਦਾਸ–
ਸਕੱਤ੍ਰ,
ਸ਼੍ਰੋਮਣੀ ਗੁ: ਪ੍ਰ: ਕਮੇਟੀ

੧ ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥ ਸਰੂਪ ਨਿਵਾਸ ਸੋਲਨ
੩/੯/੫੪

ਸ੍ਰੀ ਮਾਨ ਜੀ,

ਤੁਸਾਡਾ ਪਤ੍ਰ ਨੰ: ੬੧੧੦ ਤ੍ਰੀਕ ੧–੯–੫੪ ਦਾ ਮਿਲਿਆ । ਸਾਡੇ ਸਪੁਰਦ ਸੰਗਤ ਨੇ ਕੇਵਲ ਮੰਗਲਾਂ ਦਾ ਸਵਾਲ ਹੀ ਕੀਤਾ ਸੀ । ਬਾਣੀ ਸੋਧ ਦਾ ਨਹੀਂ । ਇਸ ਲਈ ਉਸ ਕਮੇਟੀ ਦਾ ਮੈਂਬਰ ਹੋਣ ਦੀ ਹੈਸੀਅਤ ਵਿਚ ਕੋਈ ਰਾਇ ਨਹੀਂ ਦੇ ਸਕਦਾ ।

ਤੁਹਾਡਾ ਹਿਤੂ–
ਸਹੀ/–ਜੋਧ ਸਿੰਘ ।

੬੯੪੬ ੧੯/੯/੫੪
੨੨

ਸੇਵਾ ਵਿਖੇ,
ਪ੍ਰਿੰਸੀਪਲ ਜੋਧ ਸਿੰਘ ਜੀ,
ਸਰੂਪ ਨਿਵਾਸ, ਸੋਲਨ ।

ਸ੍ਰੀ ਮਾਨ ਜੀ,

ਸਾਡੀ ਪਤ੍ਰਕਾ ਨੰ: ੬੧੧੦ ਮਿਤੀ ੧–੯–੫੪ ਦੇ ਉਤਰ ਵਿਚ ਆਪ ਜੀ ਨੇ ਆਪਣੇ ਪਤ੍ਰ ਮਿਤੀ ੩/੯/੫੪ ਵਿਚ ਲਿਖਿਆ ਹੈ ਕਿ ਆਪ ਜੀ ਦੇ ਸਪੁਰਦ ਸੰਗਤ ਨੇ ਕੇਵਲ ਮੰਗਲਾਂ

Digitized by Panjab Digital Library | www.panjabdigilib.org

ਦਾ ਸਵਾਲ ਹੀ ਕੀਤਾ ਸੀ, ਬਾਣੀ ਦਾ ਨਹੀਂ, ਇਸ ਲਈ ਬਾਣੀ ਦੀ ਸੋਧ ਬਾਰੇ ਆਪ ਕਮੇਟੀ ਦੇ ਮੈਂਬਰ ਹੋਣ ਦੀ ਹੈਸੀਅਤ ਵਿਚ ਕੋਈ ਉਤਰ ਨਹੀਂ ਦੇ ਸਕਦੇ।

ਇਸ ਤੋਂ ਸ਼੍ਰੋਮਣੀ ਕਮੇਟੀ ਲਈ ਗੁਰਬਾਣੀ ਛਾਪਣ ਦੇ ਕੰਮ ਵਿਚ ਹੋਰ ਨਵੀਆਂ ਅੜਿਚਣਾਂ ਪੈਦਾ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਜਿਹਾ ਕਿ:-

ਫੈਸਲੇ ਤੋਂ ਪਹਿਲਾਂ ਅਤੇ ਪਿਛੋਂ ਵੀ ਕਈ ਸੰਸਥਾਵਾਂ ਅਤੇ ਵਿਅਕਤੀਆਂ ਵਲੋਂ ਇਹ ਯਤਨ ਜਾਰੀ ਰਹੇ ਹਨ ਕਿ ਬਾਣੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਦੀ ਥਾਂ ਹੋਰ ਦਮਦਮੀ ਬੀੜਾਂ ਨਾਲ ਸੋਧੀ ਜਾਵੇ, ਪ੍ਰੰਤੂ ਸ਼੍ਰੋਮਣੀ ਕਮੇਟੀ ਨੇ ਹੁਣ ਤੱਕ ਇਹ ਸਟੈਂਡ ਲਿਆ ਅਤੇ ਕਿਸੇ ਸੋਸਾਇਟੀ ਨਾਲ ਉਤਨਾ ਚਿਰ ਕੋਈ ਗਲ ਮੰਗਲਾਂ ਬਾਰੇ ਨਹੀਂ ਕੀਤੀ ਜਦ ਤੱਕ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨੂੰ ਹਰ ਤਰ੍ਹਾਂ ਨਾਲ ਧਰੋਆ ਨਹੀਂ ਮੰਨਾ ਲਿਆ, ਪ੍ਰੰਤੂ ਆਪ ਦੀ ਇਸ ਝਿਜਕ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਮੰਗਲਾਂ ਲਈ ਜੇ ਇਕ ਬੀੜ ਪ੍ਰਮਾਣੀਕ ਹੈ ਤਾਂ ਬਾਣੀ ਲਈ ਕੋਈ ਦੂਜੀ ਵੀ ਹੋ ਸਕਦੀ ਹੈ। ਇਸ ਤਰ੍ਹਾਂ ਨ ਕੇਵਲ ਨਾਵੇਂ ਪਾਤਸ਼ਾਹ ਦੀ ਬਾਣੀ ਬਾਬਤ ਹੀ ਫੇਰ ਝਗੜਾ ਪੈ ਜਾਵੇਗਾ ਸਗੋਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦੀ ਬਾਣੀ ਬਾਰੇ ਵੀ। ਅਜਿਹੇ ਸਜਣ ਦਲੀਲ ਤਾਂ ਇਹੀ ਦੇਣਗੇ ਕਿ ਪੰਜਾਂ ਦੀ ਕਮੇਟੀ ਦਾ ਫੈਸਲਾ ਤਾਂ ਕੇਵਲ ਮੰਗਲਾਂ ਲਈ ਸੀ। ਇਸ ਤਰ੍ਹਾਂ ਹੋਰ ਨਵੀਆਂ ਉਲਝਣਾਂ ਪੈਣਗੀਆਂ।

ਸਿਧਾਂਤਕ ਤੌਰ ਉਤੇ ਇਹ ਗਲ ਚਲ ਪਵੇਗੀ ਕਿ ਮੰਗਲਾਂ ਲਈ ਜੇ ਇਕ ਬੀੜ ਪ੍ਰਮਾਣੀਕ ਹੋ ਸਕਦੀ ਹੈ ਤਾਂ ਬਾਣੀ ਲਈ ਦੂਜੀ, ਜੋ ਪੋਜ਼ੀਸ਼ਨ ਹਾਸੋ-ਹੀਣੀ ਪ੍ਰਤੀਤ ਹੁੰਦੀ ਹੈ।

ਨਾਲ ਹੀ ਆਪ ਜੀ ਨੂੰ, ਜੇ ਕਮੇਟੀ ਦੇ ਮੈਂਬਰ ਹੋਣ ਦੀ ਹੈਸੀਅਤ ਵਿਚ ਇਸ ਬਾਰੇ ਆਪਣੇ ਵੀਚਾਰ ਪ੍ਰਗਟ ਕਰਨੋਂ ਸੰਕੋਚ ਹੈ, ਤਾਂ ਨਿੱਜੀ ਤੌਰ ਉਤੇ ਹੀ ਆਪਣੇ ਵੀਚਾਰਾਂ ਤੋਂ ਜਾਣੂ ਕਰਾਉਣ ਦੀ ਕ੍ਰਿਪਾਲਤਾ ਕਰਨੀ ਤਾਂ ਜੋ ਇਸ ਕੰਮ ਵਿਚ ਅਕਾਰਨ ਦੇਰੀ ਨ ਹੋਵੇ।

ਉਤਰ ਸ਼ੀਘਰ, ਦਾਸ-

ਸਕੱਤ੍ਰ, ਸ਼੍ਰੋਮਣੀ ਗੁ: ਪ੍ਰ: ਕਮੇਟੀ।

੧ ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

ਸਰੂਪ ਨਿਵਾਸ ਸੋਲਨ
੨੪/੯/੫੪

ਸ੍ਰੀ ਮਾਨ ਜੀ,

ਤੁਸਾਡੀ ਪਤ੍ਰਕਾ ਨੰ: ੬੮੪੯ ਮਿਤੀ ੧੮/੨੨-੯-੫੪ ਦੀ ਪੁਜੀ, ਮੈਨੂੰ ਤੁਸਾਡੀਆਂ ਦਲੀਲਾਂ ਜਚੀਆਂ ਨਹੀਂ। ਹੋਰ ਸੰਸਥਾਵਾਂ ਜਾਂ ਵਿਅਕਤੀਆਂ ਜੋ ਸ੍ਰੀ ਕਰਤਾਰਪੁਰ ਵਾਲੀ ਬੀੜ ਨੂੰ ਪ੍ਰਮਾਣੀਕ ਨਹੀਂ ਮੰਨਦੀਆਂ ਉਹ ਭਸੌੜ ਦੀਵਾਨ ਨਾਲ ਸੰਬੰਧ ਰਖਦੀਆਂ ਹਨ ਜਿਨ੍ਹਾਂ ਰਾਗਮਾਲਾ ਦਾ ਝਗੜਾ ਚੁਕਿਆ ਸੀ। ਨਾਲੇ ਕਮੇਟੀ ਨੇ ਫੈਸਲਾ ਦੇਣ ਤੋਂ ਪਹਿਲਾਂ ਪਹਿਲੀ ਇਕਤ੍ਰਤਾ ਵਿਚ ਸਪਸ਼ਟ ਕਰ ਦਿੱਤਾ ਸੀ ਕਿ ਫੈਸਲਾ ਸ੍ਰੀ ਕਰਤਾਰਪੁਰ ਵਾਲੀ ਬੀੜ ਦੇ ਆਧਾਰ ਪੁਰ ਦਿਤਾ ਜਾਵੇਗਾ। ਜੇ ਸੰਗਤ ਨੂੰ ਪਰਵਾਨ ਹੋਵੇ ਤਾਂ ਕਮੇਟੀ (ਪੰਜਾਂ ਦੀ ਕਮੇਟੀ) ਆਪਣਾ ਕੰਮ ਕਰੇਗੀ। ਕਮੇਟੀ ਦਾ ਮੈਂਬਰ ਹੋਣ ਦੀ ਹੈਸੀਅਤ ਵਿਚ ਮੈਂ ਕੇਵਲ ਮੰਗਲਾਂ ਬਾਬਤ ਹੀ ਰਾਇ ਦੇ ਸਕਦਾ ਹਾਂ। ਉਂਞ ਮੈਂ ਸ਼ਾਇਦ ਸ਼੍ਰੋਮਣੀ ਕਮੇਟੀ ਦਾ ਧਾਰਮਕ ਸਲਾਹਕਾਰ ਵੀ ਹਾਂ। ਧਾਰਮਕ ਸਲਾਹਕਾਰ ਹੋਣ ਦੀ ਹੈਸੀਅਤ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਨਾਵੇਂ ਪਾਤਸ਼ਾਹ ਦੀ ਬਾਣੀ ਸ੍ਰੀ ਅਕਾਲ ਤਖਤ ਵਾਲੀ ਸੁਨਹਿਰੀ ਜਿਲਦ ਵਾਲੀ ਬੀੜ ਅਤੇ ਦਮਦਮੇ

Digitized by Panjab Digital Library | www.panjabdigilib.org

ਸਾਹਿਬ ਵਾਲੀ ਬੀੜ ਦੋਹਾਂ ਨਾਲ ਸੋਧ ਲਈ ਜਾਵੇ । ਜਿਥੇ ਕੋਈ ਭਿੰਨਤਾ ਦਿਸੇ ਉਹ ਇਕ ਖਾਸ ਇਕਤਰਤਾ ਕਰਕੇ ਵਿਚਾਰ ਮਗਰੋਂ ਫੈਸਲਾ ਕੀਤਾ ਜਾਵੇ। ਤੁਸੀਂ ਹੋਰਨਾਂ ਧਾਰਮਕ ਸਲਾਹਕਾਰਾਂ ਦੀ ਰਾਇ ਵੀ ਲੈ ਲਵੋ।

ਆਪ ਦਾ ਹਿਤੂ—

ਸਹੀ/-ਜੋਧ ਸਿੰਘ

ਸੰਤ ਮਾਨ ਸਿੰਘ ਜੀ ਮੋੜ ਪਿੰਡ ਛੋਟੇ ਵਲੋਂ ੩੦-੪-੫੪ ਨੂੰ ਤਿੰਨ ਸਫੇ ਦੀ ਇਕ ਲੰਬੀ ਚੌੜੀ ਪਤ੍ਰਕਾ ਸ਼ਰੋਮਣੀ ਕਮੇਟੀ ਦੇ ਦਫਤਰ ਵਿਚ ਪੁਜੀ ਜਿਸ ਵਿਚ ਉਨ੍ਹਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਪਾਵਨ ਪਰਮਾਣੀਕ ਬੀੜ ਅਤੇ ਪੰਜਾਂ ਦੇ ਉਥੇ ਹੋਏ ਫੈਸਲੇ ਸਬੰਧੀ ਕਈ ਇਕ ਸ਼ੰਕੇ ਪਰਗਟ ਕੀਤੇ ਸਨ। ਇਸ ਦੀ ਨਕਲ ਪ੍ਰਿੰਸੀਪਲ ਜੋਧ ਸਿੰਘ ਜੀ ਨੂੰ ੧੧-੭-੫੪ ਨੂੰ ਭੇਜ ਕੇ ਉਤਰ ਦੇਣ ਲਈ ਬਿਨੈ ਕੀਤੀ ਗਈ ਹੈ । ਪ੍ਰਿੰਸੀਪਲ ਸਾਹਿਬ ਵਲੋਂ ਪੁਜਾ ਉੱਤਰ ਵੀ ਪਾਠਕਾਂ ਦੀ ਵਾਕਫੀ ਲਈ, ਬਿਨਾਂ ਕਿਸੇ ਟੀਕਾ ਟਿਪਣੀ ਦੇ, ਹੇਠਾਂ ਦਰਜ ਹੈ:-

ੴ

ਭਾਈ ਜੋਧ ਸਿੰਘ ਐਮ. ਏ.
ਐਮ. ਐਲ. ਸੀ.

ਮਿਤੀ ੧੪-੭-੫੪

ਸ੍ਰੀ ਮਾਨ ਸਕੱਤ੍ਰ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਆਪ ਦੀ ਪਤ੍ਰਕਾ ਨੰ: ੩੯੮੫/੧੮-੪ ਤ੍ਰੀਕ ੧੧-੭-੫੪ ਦੀ ਪੁਜੀ। ਨਾਲ ਦੀ ਚਿਠੀ ਪੜ੍ਹ ਕੇ ਮੈਂ ਬੜਾ ਹੈਰਾਨ ਹੋਇਆ ਹਾਂ । ਕੀ ਕੋਈ ਵਿਦਵਾਨ ਇਸ ਕਿਸਮ ਦੀ ਚਿਠੀ ਲਿਖ ਸਕਦਾ ਹੈ ? ਉਂਝ ਹਾਸੇ ਵਾਲੀ ਗਲ ਇਹ ਹੈ ਕਿ ਚਿਠੀ ਉਪਰ ਸਿਰਲੇਖ ਦੇ ਤੌਰ ਪੁਰ "ਸਤਗੁਰਾਂ ਕਾ ਮੱਤ ਹੀਣ" ਸਤਰ ਲਿਖੀ ਹੋਈ ਹੈ । ਪਦ ਜੋੜ ਇਸ ਦੇ ਗੁਰੂ ਗ੍ਰੰਥ ਸਾਹਿਬ ਵਿਚ ਆਈ ਤੁਕ ਨਾਲੋਂ ਬਹੁਤ ਵਿਲੱਖਣ ਹਨ । ਕੀ ਲੇਖਕ ਜੀ ਦਾ ਭਾਵ ਇਹ ਹੈ ਕਿ ਉਨ੍ਹਾਂ ਦੀ ਚਿਠੀ ਨੂੰ ਇਕ 'ਮਤਿ ਹੀਨੁ' ਦੀ ਕਿਰਤ ਸਮਝਿਆ ਜਾਵੇ ?

ਬਾਕੀ ਕਰਤਾਰਪੁਰ ਵਿਚ ਜੁੜੀ ਸੰਗਤ ਦੇ ਸਾਹਮਣੇ ਇਹ ਸਵਾਲ ਤਾਂ ਹੈ ਹੀ ਨਹੀਂ ਸੀ ਕਿ ਗੁਰਿਆਈ ਕਿਹੜੀ ਬੀੜ ਨੂੰ ਮਿਲੀ ਹੈ। ਸਵਾਲ ਤਾਂ ਇਹ ਸੀ ਕਿ ਜੇ ਸ਼ੁਧ ਬੀੜ ਛਾਪਣੀ ਹੋਵੇ ਤਾਂ ਕਿਹੜੀ ਬੀੜ ਨੂੰ ਪ੍ਰਮਾਣੀਕ ਸਮਝਿਆ ਜਾਵੇ। ਆਪ ਨੇ ਪੈਰਾ ੧ ਅਤੇ ੧੦ ਵਿਚ ਦੋ ਪਹਿਲਿਆਂ ਉਦਮਾਂ ਦਾ ਜ਼ਿਕਰ ਕੀਤਾ ਹੈ, ਜਿਸ ਤੋਂ ਸਿਧ ਹੈ ਕਿ ਨਾ ਕੇਵਲ ਗੁਰਦੁਆਰਾ ਕਮੇਟੀ ਨੇ ਇਸ ਬੀੜ ਨਾਲ ਪਾਠ ਸੋਧਣ ਦਾ ਜਤਨ ਕੀਤਾ, ਸਗੋਂ ਇਸ ਤੋਂ ਪਹਿਲੋਂ ਜਿਨ੍ਹਾਂ ਸਜਣਾਂ ਸ਼ੁਧ ਬੀੜ ਛਾਪਣ ਦਾ ਜਤਨ ਕੀਤਾ ਉਨ੍ਹਾਂ ਵੀ ਇਸੇ ਬੀੜ ਦਾ ਆਸਰਾ ਲਿਆ।

ਇਹ ਠੀਕ ਹੈ ਕਿ ਤਤਕਰੇ ਵਿਚ ਪਦ 'ਪੋਥੀ' ਵਰਤਿਆ ਗਇਆ ਹੈ। ਪਰੰਤੂ ਸਤਵੀਂ ਪਾਤਸ਼ਾਹੀ ਵੇਲੇ ਇਸ ਨੂੰ ਗ੍ਰੰਥ ਸਾਹਿਬ ਕਹਿਣ ਲਗ ਪਏ ਸਨ । ਸ: ਜੀ: ਬੀ: ਸਿੰਘ ਨੇ ਪ੍ਰਾਚੀਨ ਬੀੜਾਂ ਵਿਚ ਡੇਹਰਾਦੂਨ ਵਾਲੀ ਬੀੜ ਦਾ ਜ਼ਿਕਰ ਕਰਦੇ, ਜੇਹੜੀ ਬੀੜ ਬਾਬਾ ਰਾਮ ਰਾਇ ਜੀ ਨਾਲ ਦਿਲੀ ਗਈ ਸੀ, ਲਿਖਿਆ ਹੈ ਕਿ ਉਸ ਬੀੜ ਵਿਚ ਇਕ ਨੋਟ ਹੈ ਜਿਹੜਾ ਦਸਦਾ ਹੈ ਕਿ ਇਸ ਬੀੜ ਨੂੰ ਪੰਚਮ ਪਾਤਸ਼ਾਹ ਦੇ ਗ੍ਰੰਥ ਸਾਹਿਬ ਨਾਲ ਸੋਧਿਆ ਗਿਆ ਸੀ । ਸ਼ੋਕ ਹੈ ਪਹਾੜ ਵਿਚ ਮੇਰੇ ਪਾਸ ਪੁਸਤਕਾਂ ਨਹੀਂ, ਨਹੀਂ ਤਾਂ ਮੈਂ ਤੁਹਾਨੂੰ ਉਹ ਸ਼ਬਦ ਨਕਲ ਕਰਕੇ ਭੇਜ ਦੇਂਦਾ। ਪਰ ਜੋ ਕੁਝ ਲਿਖ ਰਹਿਆ ਹਾਂ ਯਾਦੋਂ ਲਿਖ ਰਹਿਆ ਹਾਂ । ਠੀਕ ਸ਼ਬਦ 'ਪ੍ਰਾਚੀਨ ਬੀੜਾਂ' ਪੁਸਤਕ ਵਿਚੋਂ ਵੇਖੇ ਜਾ ਸਕਦੇ ਹਨ। 'ਗੁਰੂ' ਪਦ ਦੀ ਵਰਤੋਂ ਤਾਂ ਗੁਰਿਆਈ ਮਿਲਣ ਤੋਂ ਮਗਰੋਂ ਹੀ ਹੋਣੀ ਸੀ।

Digitized by Panjab Digital Library | www.panjabdigilib.org

ਲੇਖਕ ਦਾ ਇਹ ਕਹਿਣਾ ਗਲਤ ਹੈ ਕਿ ਇਸ ਬੀੜ ਵਿਚ ਛੇਵੀਂ ਪਾਤਸ਼ਾਹੀ ਦੀਆਂ ਧੁਨਾਂ ਨਹੀਂ। ਉਹ ਤਾਂ ਮੌਜੂਦ ਹਨ।

ਪੰਚਮ ਪਾਤਸ਼ਾਹ ਤੋਂ ਪਹਿਲੇ ਬਾਣੀ ਦੇ ਸੰਚੇ ਮੌਜੂਦ ਸਨ। ਪਰ ਸਾਰੀ ਬਾਣੀ ਕਿਸੇ ਇਕ ਸੰਚੇ ਵਿਚ ਨਹੀਂ ਸੀ। ਬਾਬਾ ਮੋਹਨ ਜੀ ਵਾਲੀਆਂ ਪੋਥੀਆਂ ਵਿਚ ਕੇਵਲ ੧੫ ਰਾਗ ਹਨ। ਗੁਰੂ ਪੰਚਮ ਪਾਤਸ਼ਾਹ ਨੇ ਸਾਰੀ ਬਾਣੀ ਨੂੰ ਇਕ ਬੀੜ ਵਿਚ ਇਕੱਤ੍ਰ ਕਰਨ ਦਾ ਜਤਨ ਕੀਤਾ ਜਿਹੜਾ ਸਿਖ ਇਤਿਹਾਸ ਅਨੁਸਾਰ ਉਨ੍ਹਾਂ ਤੋਂ ਪਹਿਲੇ ਨਹੀਂ ਸੀ ਹੋਇਆ। ਨਾਲੇ ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਜੋ ਵਿਆਕਰਣਿਕ ਨਿਯਮ ਵਰਤੇ ਗਏ ਹਨ ਉਹ ਪਹਿਲੇ ਸੰਚੇਕਾਰਾਂ ਸਾਰਿਆਂ ਨਹੀਂ ਸਨ ਵਰਤੇ। ਬਾਕੀ ਜੋ ਸ਼ੰਕੇ ਉਨ੍ਹਾਂ ਕੀਤੇ ਹਨ ਉਹ ਇਸੇ ਖ਼ਿਆਲ ਤੇ ਕੀਤੇ ਹਨ ਕਿ ਕਰਤਾਰਪੁਰ ਵਾਲੀ ਬੀੜ ਗੁਰੂ ਗ੍ਰੰਥ ਸਾਹਿਬ ਨਹੀਂ ਅਖਵਾ ਸਕਦੀ। ਇਹ ਬਹਿਸ ਤਾਂ ਕੀਤੀ ਹੀ ਕਿਸੇ ਨਹੀਂ। ਨਾਵੇਂ ਪਾਤਸ਼ਾਹ ਦੀ ਬਾਣੀ ਦੀ ਸੋਧ ਬਾਬਤ ਹੋਰ ਬੀੜਾਂ ਦਾ ਆਸਰਾ ਲੈਣਾ ਪੈਂਦਾ ਹੈ। ਉਹ (ਪੰਜਾਂ ਜੱਜਾਂ ਦੇ) ਫੈਸਲੇ ਵਿਚ ਸਪਸ਼ਟ ਕੀਤਾ ਗਿਆ ਹੈ।

ਜੋ ਬਾਣੀ ਦਮਦਮੇ ਸਾਹਿਬ ਵਾਲੀ ਬੀੜ ਵਿਚ ਲਿਖੀ ਗਈ ਉਹ ਸਾਰੀ ਇਸ ਬੀੜ ਵਿਚ ਮੌਜੂਦ ਹੈ ਸਵਾਏ ਨਾਵੇਂ ਪਾਤਸ਼ਾਹ ਦੀ ਬਾਣੀ ਦੇ। ਹੋਰ ਕਿਸੇ ਸੰਚੇ ਵਿਚ ਨਹੀਂ।

ਆਪ ਦਾ ਹਿਤੂ-
(ਸਹੀ) ਜੋਧ ਸਿੰਘ

ਦੁਕਾਨਦਾਰ ਅਜ ਤਕ ਬੀੜਾਂ ਛਾਪਣ ਸਮੇਂ ਸੁਧਾਈ ਕਿਥੋਂ ਕਰਦੇ ਰਹੇ ?

ਇਥੇ ਇਹ ਦਸ ਦੇਣਾ ਵੀ ਜ਼ਰੂਰੀ ਪਰਤੀਤ ਹੁੰਦਾ ਹੈ ਕਿ ਦੁਕਾਨਦਾਰ ਸਜਨਾਂ ਨੇ ਵੀ ਹੁਣ ਤਕ ਬੀੜਾਂ ਛਾਪਣ ਸਮੇਂ ਸਦਾ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਨਾਲ ਸੋਧ ਕੇ ਛਾਪਣ ਦਾ ਦਾਅਵਾ ਅਤੇ ਯਤਨ ਕੀਤਾ ਹੈ। ਇਸ ਦਾ ਸਬੂਤ ਇਨ੍ਹਾਂ ਬੀੜਾਂ ਉਤੇ ਲਗੀਆਂ ਮੋਹਰਾਂ ਜਾਂ ਲਿਖਤਾਂ ਹਨ। ਇਸ ਸਬੰਧ ਵਿਚ ਤਿੰਨ ਵਡੇ ਛਾਪੇਖਾਨਿਆਂ ਦੇ ਨਮੂਨੇ ਹਾਜ਼ਰ ਹਨ:-

(ੳ) ਇਨ੍ਹਾਂ ਦੀ ਸੁਧਾਈ ਸ੍ਰੀ ਪੰਚਮ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ੍ਰੀ ਕਰਤਾਰਪੁਰ ਸਾਹਿਬ ਜੀ ਅਤੇ ਦਮਦਮੇ ਸਾਹਿਬ ਵਾਲੀ ਬੀੜ ਦੇ ਉਤਾਰਿਆਂ ਨਾਲ ਤਨ, ਮਨ ਤੇ ਧਨ ਦੁਆਰਾ ਬੜੀ ਸ਼ਰਧਾ ਤੇ ਪ੍ਰੇਮ ਸਹਿਤ ਕੀਤੀ ਗਈ ਹੈ। ਪੂਰਨ ਨਿਸਚਾ ਹੈ ਕਿ ਇਹ ਬੀੜ ਲਗ-ਕੰਨੇ ਮਾਤ੍ਰਾਂ ਤਕ ਸ਼ੁਧ ਹੈ।

ਪ੍ਰਕਾਸ਼ਕ:-
ਸ਼ੁਧ ਗੁਰਬਾਣੀ ਟਕਸਾਲ ਸ੍ਰੀ ਅੰਮ੍ਰਿਤਸਰ ਜੀ।

(ਅ) ਸ੍ਰੀ ਪੰਚਮ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਜਗਤ ਪ੍ਰਸਿਧ ਤੇ ਦਮਦਮੇ ਸਾਹਿਬ ਵਾਲੀ ਬੀੜ ਨਾਲ ਗੁਰੂ ਪੰਥ ਦੇ ਸੇਵਾਦਾਰ ਸਚਖੰਡ ਵਾਸੀ ਐਸ.ਐਸ. ਚਰਨ ਸਿੰਘ ਜੀ 'ਸ਼ਹੀਦ' ਦੀ ਸੇਵਾ ਤੇ ਸ਼ਰਧਾ ਦੁਆਰਾ ਸੁਧਾਈ ਹੋ ਕੇ ਪੰਜ ਸਾਲ ਦੀ ਕਠਨ ਮੇਹਨਤ ਨਾਲ

Digitized by Panjab Digital Library | www.panjabdigilib.org

ਇਹ ਬੀੜ ਤਿਆਰ ਹੋਈ ਤੇ ਲਗ
ਕੰਨੇ ਮਾਤ੍ਰਾ ਤਕ ਸ਼ੁੱਧ ਹੈ।

ਪ੍ਰਕਾਸ਼ਕ–
ਸ਼ੁਧ ਗੁਰਬਾਣੀ ਟ੍ਰਸਟ ਸ੍ਰੀ ਅੰਮ੍ਰਿਤਸਰ,
ਗੁਰੂ ਖਾਲਸਾ ਪ੍ਰੈਸ, ਹਾਲ ਬਾਜ਼ਾਰ, ਸ੍ਰੀ ਅੰਮ੍ਰਿਤਸਰ।

(ੲ) ਇਹ ਬੀੜ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਰਮ ਪਵਿਤ੍ਰ ਆਦਿ ਬੀੜ
ਨਾਲ ਲਗ ਮਾਤ੍ਰ ਤਕ ਸੁਧਾਈ ਕਰ ਕੇ ਦਮਦਮੇ ਸਾਹਿਬ
ਵਾਲੀ ਬੀੜ ਅਨੁਸਾਰ ਬੜੀ ਮੇਹਨਤ ਨਾਲ ਛਾਪੀ ਗਈ ਹੈ
ਤੇ ਸੁਧਾਈ ਖਾਸ ਮੇਹਨਤ ਨਾਲ ਬੜੇ ਪ੍ਰੇਮ ਸਹਿਤ
ਕੀਤੀ ਗਈ ਹੈ।

ਪ੍ਰਕਾਸ਼ਕ–
ਸਤਿਗੁਰੂ ਜੀ ਦੇ ਚਰਨ ਸੇਵਕ ਗੁਰਬਾਣੀ ਛਾਪਣ ਵਾਲੇ ਪੁਰਾਤਨ ਸੇਵਾਦਾਰ:–
ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼ ਲਾਹੌਰ। ਛਪਾਈ ਦੀ ਸੇਵਾ
ਮੁਫੀਦ ਆਮ ਪ੍ਰੈਸ ਲਾਹੌਰ ਵਿਚ ਹੋਈ।

(ਸ)

ੴ ਸਤਿਗੁਰਪ੍ਰਸਾਦਿ ॥
ਆਦਿਸ੍ਰੀਗੁਰੂਗ੍ਰੰਥਸਾਹਿਬਜੀ
ਟੈਪ ਦੇ ਅੱਖਰਾਂ ਵਿਚ

ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰਤਾਰਪੁਰ ਵਾਲੇ ਦਰਬਾਰ ਸਾਹਿਬ

ਨਾਲ ਸੁਧਾਯਾ ਗਿਆ ਹੈ ਅਰ ਸਭ ਗੁਰੂ ਗ੍ਰੰਥ ਸਾਹਿਬਾਂ ਨਾਲੋਂ
(ਜੋ ਛਪ ਚੁਕੇ ਹਨ) ਸੁਧ ਹੈ।
ਰਾਯ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼ ਨੇ ਆਪਣੇ
ਮੁਫੀਦ ਆਮ ਪ੍ਰੈਸ ਲਾਹੌਰ ਵਿਖੇ ਛਾਪਿਆ।

ਉਪਰੋਕਤ ਲਿਖਤਾਂ ਤੋਂ ਸਪਸ਼ਟ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਪਾਵਨ ਬੀੜ ਅਤੇ ਸ੍ਰੀ ਦਮਦਮੇ ਸਾਹਿਬ ਵਾਲੀ ਇਤਿਹਾਸਕ ਬੀੜ ਦਾ ਆਪੋ ਵਿਚ ਕੋਈ ਭੇਦ ਨਹੀਂ, ਜੇ ਹੈ ਤਾਂ ਇਕੋ ਸਮੇਂ ਇਹ ਕਿਸ ਤਰ੍ਹਾਂ ਸੰਭਵ ਹੋ ਸਕਿਆ ਕਿ ਦੁਕਾਨਦਾਰਾਂ ਨੇ ਬੀੜਾਂ ਦੋਹਾਂ ਇਤਿਹਾਸਕ ਪ੍ਰਾਚੀਨ ਬੀੜਾਂ ਨਾਲ ਸੋਧ ਕੇ ਛਾਪੀਆਂ ?

ਅਸਲ ਗਲ ਇਹ ਹੈ ਕਿ ਦੁਕਾਨਦਾਰ ਸਜਣਾਂ ਦਾ ਧਿਆਨ ਪੂਰੀ ਮੇਹਨਤ ਨਾਲ ਸੁਧਾਈ ਕਰਨ ਅਤੇ ਖਰਚ ਕਰਨ ਦੀ ਥਾਂ ਵਧੇਰੇ ਨਿੱਜੀ ਲਾਭਾਂ ਵਲ ਹੀ ਰਿਹਾ ਹੈ। ਇਸੇ ਲਈ ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਗਾਤਾਰ ਛੇ ਮਹੀਨੇ ਦੀ ਮੇਹਨਤ ਨਾਲ ਸੱਚੀਂ ਮੁਚੀਂ ਸੁਧਾਈ ਕੀਤੀ ਤਾਂ ਬਾਜ਼ਾਰ ਵਿਚ ਛਾਪੇ ਦੀਆਂ ਪ੍ਰਚਲਤ ਬੀੜਾਂ ਵਿਚ ਲਗ-ਮਾਤਰ ਆਦਿ ਦੀਆਂ ਚਲੀਆਂ ਆ ਰਹੀਆਂ ੭੩੨ ਅਸ਼ੁਧੀਆਂ ਦੂਰ ਕੀਤੀਆਂ ਗਈਆਂ। ਇਨ੍ਹਾਂ ਅਸ਼ੁਧੀਆਂ ਦੀ ਹੋਂਦ ਬਾਰੇ ਪ੍ਰਿੰਸੀਪਲ ਜੋਧ ਸਿੰਘ ਜੀ ਅਤੇ ਡਾਕਟਰ ਗੰਡਾ ਸਿੰਘ ਜੀ ਦੀ ਗਵਾਹੀ ਅਗੇ ਦਿਤੀ ਜਾ ਰਹੀ ਹੈ। ਇਸੇ ਕਰਕੇ ਹੀ ਚੀਫ ਖਾਲਸਾ ਦੀਵਾਨ ਨੇ ਆਪਣੇ ਮਤੇ

Digitized by Panjab Digital Library | www.panjabdigilib.org

ਵਿਚ ਸ਼੍ਰੋਮਣੀ ਕਮੇਟੀ ਦੀ, ਇਹ ਮਹਾਨ ਕਾਰਜ ਸਿਰੇ ਚਾੜ੍ਹਨ ਕਰਕੇ, ਪਰਸੰਸਾ ਕੀਤੀ ਅਤੇ ਡਾਕਟਰ ਗੰਡਾ ਸਿੰਘ ਜੀ, ਜੋ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪੰਜਾਂ ਜੱਜਾਂ ਦੀ ਕਮੇਟੀ ਦੇ ਇਕ ਮੈਂਬਰ ਸਨ, ਨੇ ਇਕ ਪਤ੍ਰਕਾ ਰਾਹੀਂ, ਜਿਸ ਦੀ ਨਕਲ ਸ਼੍ਰੋਮਣੀ ਕਮੇਟੀ ਨੂੰ ਵੀ ਭੇਜੀ ਗਈ, ਆਪਣੇ ਵੀਚਾਰ ਹੇਠ ਲਿਖੇ ਅਨੁਸਾਰ ਪਰਗਟ ਕੀਤੇ:-

ਡਾ: ਗੰਡਾ ਸਿੰਘ,
ਡਾਇਰੈਕਟਰ ਔਫ਼ ਆਰਕਾਈਵਜ਼।

ਪਟਿਆਲਾ,
੧੭-੬-੫੪

ਸ੍ਰੀ ਮਾਨ ਜੀ,

ਆਪ ਦੀ ੧੪-੬-੫੪ ਦੀ ਚਿੱਠੀ ਵਿਚ ਕੀਤੇ ਪ੍ਰਸ਼ਨਾਂ ਦੇ ਉੱਤਰ ਇਸ ਤਰ੍ਹਾਂ ਹਨ:-

(੧) ੩੦-੫-੫੪ ਨੂੰ ਸ੍ਰੀ ਕਰਤਾਰਪੁਰ ਵਿਚ ਕੀਤਾ ਗਿਆ ਫੈਸਲਾ ਅਗੇ ਨੂੰ ਛਪਣ ਵਾਲੀਆਂ ਸਭ ਬੀੜਾਂ ਸੰਬੰਧੀ ਹੈ, ਭਾਵੇਂ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਛਾਪੇ ਜਾਂ ਕੋਈ ਹੋਰ ਸੰਸਥਾ ਜਾਂ ਕੋਈ ਦੁਕਾਨਦਾਰ।

(੨) ਮੰਗਲਾਂ ਦੀ ਤਰਤੀਬ ਸੰਬੰਧੀ ਫ਼ੈਸਲਾ ਦੁਕਾਨਦਾਰਾਂ ਤੇ ਭੀ ਉਸੇ ਤਰ੍ਹਾਂ ਲਾਗੂ ਹੈ ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ।........

(੩) ... ...

... ...

(੪) ਜੇ ਮੰਗਲਾਂ ਦੀ ਤਰਤੀਬ ਦਾ ਮਤ-ਭੇਦ ਛਡ ਕੇ ਵੇਖਿਆ ਜਾਏ ਤਾਂ ਸ਼੍ਰੋਮਣੀ ਕਮੇਟੀ ਵਲੋਂ ਛਪੀ ਹੋਈ ਬੀੜ ਦੁਕਾਨਦਾਰਾਂ ਦੀਆਂ ਛਾਪੀਆਂ ਸਾਰੀਆਂ ਬੀੜਾਂ ਨਾਲੋਂ ਸ਼ੁਧ ਹੈ। ਪਲੇਟਾਂ ਬਣ ਕੇ ਛਪੀ ਹੋਈ ਹੋਣ ਕਰ ਕੇ ਇਸ ਵਿਚ ਛਾਪੇ ਦੀਆਂ ਗਲਤੀਆਂ ਦੀ ਕੋਈ ਗੁੰਜਾਇਸ਼ ਨਹੀਂ ਰਹੀ।

(੫) ਦੁਕਾਨਦਾਰਾਂ ਵਲੋਂ ਛਪੀਆਂ ਬੀੜਾਂ ਵਿਚ ਜਿਥੇ ਮੰਗਲਾਂ ਦੀ ਤਰਤੀਬ ਵਿਚ ਫ਼ਰਕ ਹੈ ਉਥੇ ਛਾਪੇ ਦੀਆਂ ਗਲਤੀਆਂ ਅਨ-ਗਿਣਤ ਹਨ।

ਸਰਦਾਰ ਠਾਕਰ ਸਿੰਘ,
੧੩੭, ਕਮਲਾ ਮਾਰਕੀਟ,
ਨਵੀਂ ਦਿਲੀ।

ਆਪ ਦਾ ਦਾਸ-
(ਸਹੀ) ਗੰਡਾ ਸਿੰਘ
(ਡਾਇਰੈਕਟਰ)

ਸ: ਗੰਡਾ ਸਿੰਘ ਜੀ ਦੀ ਉਪਰੋਕਤ ਲਿਖਤ ਸੰਤ ਨਿਸਚਲ ਸਿੰਘ ਜੀ ਨੂੰ ਭੇਜੀ ਗਈ ਜਿਸ ਨੂੰ ਪੜ੍ਹ ਕੇ ਉਨ੍ਹਾਂ ਨੇ ਲਿਖਿਆ ਕਿ ਸ: ਗੰਡਾ ਸਿੰਘ ਜੀ ਦਾ ਫ਼ੈਸਲਾ ਠੀਕ ਹੈ ਅਤੇ ਉਹ ਉਸ ਨਾਲ ਸਹਿਮਤ ਹਨ।

ਨਾਲ ਹੀ ਜਦ ਡਾਕਟਰ ਗੰਡਾ ਸਿੰਘ ਜੀ ਦਾ ਉਪਰੋਕਤ ਉਤਰ ਪ੍ਰਿੰਸੀਪਲ ਜੋਧ ਸਿੰਘ ਜੀ ਨੂੰ ਆਪਣੇ ਵੀਚਾਰ ਪਰਗਟ ਕਰਨ ਹਿਤ ਭੇਜਿਆ ਗਿਆ ਤਾਂ ਉਨ੍ਹਾਂ ਵਲੋਂ ਹੇਠ ਲਿਖਿਆ ਉਤਰ ਪੁਜਾ:-

Digitized by Panjab Digital Library | www.panjabdigilib.org

੧ ੴ

ਭਾਈ ਜੋਧ ਸਿੰਘ ਐਮ. ਏ.,
ਐਮ. ਐਲ. ਸੀ.

ਸਰੂਪ ਨਿਵਾਸ ਸੋਲਨ
ਮਿਤੀ ੧੪–੭–੧੯੫੪

ਸ੍ਰੀ ਮਾਨ ਜੀ,

ਆਪ ਦੀ ਪਤ੍ਰਿਕਾ ਨੰ: ੩੯੯੪/੧੯–੪ ਤ੍ਰੀਕ ੧੧–੭–੫੪ ਦੇ ਉਤਰ ਵਿਚ ਬੇਨਤੀ ਹੈ ਕਿ ਜੋ ਕੁਝ ਸ: ਗੰਡਾ ਸਿੰਘ ਹੋਰਾਂ ਆਪਣੀ ਚਿਠੀ ੧੭–੬–੫੪ ਵਿਚ ਲਿਖਿਆ ਹੈ ਉਸ ਪੁਰ ਮੇਰੀ ਵਿਚਾਰ ਹੇਠ ਲਿਖੇ ਅਨੁਸਾਰ ਹੈ:–

(ੳ) ਅੰਕ (੧) ਤੇ (੨) ਨਾਲ ਸਹਿਮਤ ਹਾਂ।

– – – – – – – –

– – – – – – – –

(ੲ) (੪) ਅਤੇ (੫) ਬਾਬਤ ਮੈਂ ਇਹ ਕਹਿ ਸਕਦਾ ਹਾਂ ਕਿ ਸ਼੍ਰੋਮਣੀ ਕਮੇਟੀ ਦੀ ਛਾਪੀ ਬੀੜ ਬਹੁਤ ਸ਼ੁਧ ਹੈ।

ਪਹਿਲੇ ਬੀੜਾਂ ਕਈ ਛਾਪੇ ਖਾਨਿਆਂ ਛਾਪੀਆਂ ਹਨ। ਮੈਂ ਸਾਰੀਆਂ ਪਾਠ ਕਰਕੇ ਸੋਧੀਆਂ ਨਹੀਂ। ਇਸ ਲਈ ਮੈਂ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਟਾਈਪ ਵਿਚ ਛਪੀਆਂ ਬੀੜਾਂ ਵਿਚ ਛਪਦਿਆਂ ਛਪਦਿਆਂ ਲਗਾਂ ਮਾਤਰਾਂ ਟੁਟ ਜਾਂਦੀਆਂ ਹਨ ਜਾਂ ਡਿਗ ਪੈਂਦੀਆਂ ਹਨ ਅਤੇ ਅਖਰਾਂ ਦਾ ਵੀ ਇਹ ਹਾਲ ਹੋਂਦਾ ਹੈ। ਇਹ ਦੋਸ਼ ਪਲੇਟਾਂ ਦੁਆਰਾ ਛਪੀ ਬੀੜ ਵਿਚ ਨਹੀਂ ਪੈ ਸਕਦੇ। (ਸ਼੍ਰੋਮਣੀ ਕਮੇਟੀ ਵਲੋਂ ਬੀੜ ਪਲੇਟਾਂ ਰਾਹੀਂ ਹੀ ਛਾਪੀ ਗਈ ਹੈ)।

ਆਪ ਦਾ ਹਿਤੂ–
(ਸਹੀ) ਜੋਧ ਸਿੰਘ

ਉਪ੍ਰੋਕਤ ਦਸੇ ਸਾਰੇ ਵੀਚਾਰਾਂ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਛਪੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਦੀ ਤਰਤੀਬ ਬਾਰੇ ਕੋਈ ਮਤ ਭੇਦ ਨਹੀਂ। ਚੀਫ਼ ਖ਼ਾਲਸਾ ਦੀਵਾਨ ਅਤੇ ਹੋਰ ਸਾਰੇ ਖਿਆਲਾਂ ਦੇ ਸਿਖ ਵਿਦਵਾਨਾਂ ਨੇ ਪ੍ਰਗਟ ਤੋਰ ਉਤੇ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਨੂੰ ਸਭ ਤੋਂ ਵਧ ਸ਼ੁਧ ਮੰਨਿਆ ਹੈ। ਜੇ ਕੋਈ ਮਤ-ਭੇਦ ਚੀਫ਼ ਖਾਲਸਾ ਦੀਵਾਨ ਆਦਿ ਵਲੋਂ ਪ੍ਰਗਟ ਕੀਤਾ ਗਿਆ ਸੀ ਤਾਂ ਉਹ ਕੇਵਲ ਮੰਗਲਾਂ ਤੇ ਰਾਗਾਂ ਦੇ ਸਿਰਲੇਖਾਂ ਦੀ ਤਰਤੀਬ ਬਾਰੇ ਸੀ, ਜਿਸ ਸਬੰਧੀ ਪੂਰੀ

Digitized by Panjab Digital Library | www.panjabdigilib.org

ਪੂਰੀ ਖੋਜ ਉਪਰੰਤ ਵਿਦਵਾਨਾਂ ਨੇ ਸਰਬ ਸੰਮਤੀ ਨਾਲ ਇਹ ਫ਼ੈਸਲਾ ਦਿਤਾ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਦੀ ਮੰਗਲਾਂ ਅਤੇ ਰਾਗਾਂ ਦੇ ਸਿਰਲੇਖਾਂ ਦੀ ਤਰਤੀਬ ਠੀਕ ਹੈ।

ਕਿਉਂਕਿ ਸ਼੍ਰੋਮਣੀ ਕਮੇਟੀ ਨੇ ਇਹ ਬੀੜ ਕੇਵਲ ਸੰਗਤਾਂ ਦੇ ਲਾਭ ਹਿਤ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਨਾਲ ਸੁਧਾਈ ਕਰਕੇ ਸ੍ਰੀ ਦਮਦਮੇ ਸਾਹਿਬ ਵਾਲੀ ਪਾਵਨ ਬੀੜ ਅਨੁਸਾਰ ਛਾਪੀ ਹੈ ਅਤੇ ਇਸਦੀ ਭੇਟਾ ਵੀ ਲਾਗਤ ਮਾਤ੍ਰ ਕੇਵਲ ੩੦) ਰਖੀ ਹੈ, ਇਸ ਲਈ ਸੰਗਤਾਂ ਨੂੰ ਇਸ ਅਤਿ ਗੰਭੀਰ ਮਾਮਲੇ ਨੂੰ ਠੰਢੇ ਦਿਲ ਨਾਲ ਵੀਚਾਰਨਾ ਤੇ ਕਦਾਚਿਤ ਕਿਸੇ ਭੁਲੇਖੇ ਵਿਚ ਨਹੀਂ ਪੈਣਾ ਚਾਹੀਦਾ।

ਦਾਸ–ਸਕੱਤ੍ਰ,

ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

--o--

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਤੇ ਜਨਰਲ ਕਮੇਟੀ ਦੇ ਕੁਝ ਕੁ ਮਤੇ ਆਦਿ

ਮਿਤੀ ੯/੭/੫੩ ਨੂੰ ਸਵੇਰੇ ੯ ਵਜੇ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ, ਜਥੇਦਾਰ ਅਛਰ ਸਿੰਘ ਜੀ, ਸ੍ਰ: ਸਰਮੁਖ ਸਿੰਘ ਜੀ 'ਚਮਕ' ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਸ੍ਰ: ਹਰਨਾਮ ਸਿੰਘ ਜੀ ਸਕੱਤ੍ਰ ਸ਼੍ਰੋ: ਕਮੇਟੀ ਅਤੇ ਪ੍ਰੋ: ਹਰਿਭਜਨ ਸਿੰਘ ਜੀ ਪਾਵਨ ਆਦਿ ਬੀੜ ਦੇ ਦਰਸ਼ਨ ਕਰਨ ਅਤੇ ਉਸ ਉਤੇ ਰਾਗਾਂ ਦੇ ਸਿਰਲੇਖ ਅਤੇ ਮੰਗਲਾਚਰਨ ਦੀ ਤਰਤੀਬ ਵੇਖਣ ਹਿਤ ਸ੍ਰੀ ਕਰਤਾਰਪੁਰ ਸਾਹਿਬ ਪਹੁੰਚੇ। ਗਿਆਨੀ ਪਿਆਰਾ ਸਿੰਘ ਜੀ ਮੁਖੀ ਪ੍ਰਚਾਰਕ ਉਥੇ ਪਹਿਲਾਂ ਹੀ ਪੁੱਜ ਚੁਕੇ ਸਨ ਅਤੇ ਸ਼ੀਸ਼ ਮਹਿਲ ਵਿਚ ਪਾਵਨ ਬੀੜ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਅਰੰਭ ਵਿਚ ਮਹਾਰਾਜ ਜੀ ਦਾ ਵਾਕ ਲੈਣ ਉਤੇ ੪੬੯(੨) ਪੰਨੇ ਉਤੇ ਇਹ ਵਾਕ ਆਇਆ:—

ਸੋਰਠਿ ਮਹਲਾ ੫

ਕਰਿਇਸਨਾਨਸਿਮਰਪ੍ਰਭੁਅਪਨਾ..........

ਵਾਕ ਉਪ੍ਰੰਤ ਸਾਰੇ ਸਜਣਾਂ ਨੇ ਬੜੇ ਗਹੁ ਅਤੇ ਠਰ੍ਹੰਮੇ ਨਾਲ ਤਤਕਰੇ ਤੋਂ ਲੈ ਕੇ ਅੰਤ ਤਕ ਪਾਵਨ ਬੀੜ ਦੀ ਲਿਖਣ ਸ਼ੈਲੀ ਨੂੰ ਸਮਝਣ ਅਤੇ ਮੰਗਲਾ ਚਰਨ ਦੀ ਅਸਲ ਥਾਂ (ਅਰਥਾਤ ਇਹ ਰਾਗਾਂ ਦੇ ਸਿਰਲੇਖ ਤੋਂ ਹਰ ਥਾਂ ਪਹਿਲਾਂ ਅੰਕਿਤ ਕੀਤਾ ਗਿਆ ਹੈ ਜਾਂ ਪਿਛੋਂ) ਨੂੰ ਵੀਚਾਰਨ ਦਾ ਯਤਨ ਕੀਤਾ ਅਤੇ ਅੰਤ ਵਿਚ ਨਿਰਸੰਦੇਹ ਇਸ ਸਿਟੇ ਉਤੇ ਪੁਜੇ ਕਿ ਪਾਵਨ ਬੀੜ ਵਿਚ ਮੰਗਲਾਚਰਨ ਸਦਾ ਪੰਨੇ ਦੇ ਸੱਜੇ ਪਾਸੇ ਪਹਿਲਾਂ ਅੰਕਤ ਕਰ ਕੇ ਫੇਰ ਰਾਗ ਦਾ ਸਿਰਲੇਖ ਦਿਤਾ

Digitized by Panjab Digital Library | www.panjabdigilib.org

ਅਤੇ ਗੁਰਬਾਣੀ ਨੂੰ ਅਰੰਭ ਕੀਤਾ ਗਿਆ ਹੈ। ਇਸ ਗਲ ਨਾਲ ਮੰਗਲਾਚਰਨ ਦੇ ਪਹਿਲਾਂ ਅੰਕਤ ਹੋਣ ਵਿਚ ਕੋਈ ਫਰਕ ਨਹੀਂ ਪੈਂਦਾ ਕਿ ਇਹ ਸਜੇ ਪਾਸੇ ਕਦੇ ਰਾਗ ਦੇ ਸਿਰ ਲੇਖ ਨਾਲੋਂ ਬਹੁਤਾ ਉਚੇਰਾ, ਕਦੀ ਥੋੜਾ ਉਚੇਰਾ ਅਤੇ ਕਦੀ ਉਸ ਦੇ ਬਰਾਬਰ ਲਿਖਿਆ ਗਿਆ ਹੈ। ਇਸ ਦੀ ਪੁਸ਼ਟੀ ਲਈ ਕੁਝ ਕੁ ਅਜਿਹੇ ਟਰੇਸਿੰਗ ਅਤੇ ਨੋਟ ਲਏ ਗਏ ਜਿਨ੍ਹਾਂ ਦੀ ਹੋਂਦ ਵਿਚ ਉਪਰੋਕਤ ਨਤੀਜੇ ਦੇ ਵਿਰੁਧ ਕਿਸੇ ਹੋਰ ਸਿੱਟੇ ਉਤੇ ਪੁਜਣਾ ਅਸੰਭਵ ਹੈ।

ਉਪਰੋਕਤ ਰੀਪੋਰਟ ਅੰਤ੍ਰਿੰਗ ਕਮੇਟੀ ਵਿਚ ਪੇਸ਼ ਹੋਣ ਉਤੇ ਹੇਠ ਲਿਖਿਆ ਮਤਾ ਨੰ: ੧੪੩੪ ਮਿਤੀ ੨੦-੭-੫੩ ਪ੍ਰਵਾਨ ਹੋਇਆ:-

"ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦੇ ਦਰਸ਼ਨ ਕਰਕੇ ਆਏ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬ ਤੇ ਬਾਕੀ ਸੱਜਨਾਂ ਦੀ ਰੀਪੋਰਟ ਅੰਤ੍ਰਿੰਗ ਕਮੇਟੀ ਦੇ ਨੋਟਿਸ ਵਿਚ ਲਿਆਂਦੀ ਗਈ।"

ਉਪ੍ਰੰਤ ੩੦-੧੧-੫੩ ਨੂੰ ਸ਼੍ਰੋ: ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਹੇਠ ਲਿਖੇ ਅਨੁਸਾਰ ਮਤਾ ਨੰ: ੧੭੨੨ ਪ੍ਰਵਾਨ ਕੀਤਾ:-

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪਵਾਏ ਗਏ ਗੁਟਕਿਆਂ ਵਿਚ ਮੰਗਲਾ ਚਰਨ ਦੀ ਤਰਤੀਬ ਬਾਰੇ ਸਰਦਾਰ ਮੂਲ ਸਿੰਘ ਬਾਗ ਰਾਮਾ ਨੰਦ, ਅੰਮ੍ਰਿਤਸਰ ਦੀ ਪਤ੍ਰਿਕਾ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਗੁਟਕਿਆਂ ਵਿਚ ਮੰਗਲਾ ਚਰਨ ਦੀ ਤਰਤੀਬ ਵੀ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਗਈ ਬੀੜ ਦੇ ਮੁਤਾਬਿਕ ਕਰ ਦਿਤੀ ਜਾਵੇ।"

੧੯-੧-੫੪ ਨੂੰ ਸ: ਈਸ਼ਰ ਸਿੰਘ ਜੀ ਮਝੈਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ।

੨੨-੧-੫੪ ਨੂੰ ਗ੍ਰੰਥੀ ਸਾਹਿਬਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਨੇ ਇਸ ਸਮਸਿਆ ਨੂੰ ਫੇਰ ਘੋਖ ਕੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ:-

ਅੱਜ ੨੨-੧-੫੪ ਨੂੰ ਪ੍ਰਧਾਨ ਸਾਹਿਬ ਸ਼੍ਰੋ: ਗੁ: ਪ੍ਰ: ਕਮੇਟੀ ਦੀ ਆਗਿਆ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੰਗਲਾ ਚਰਨ ਦੀ ਤਰਤੀਬ ਬਾਰੇ ਦੁਬਾਰਾ ਵੀਚਾਰ ਕਰਨ ਲਈ ਸਿੰਘ ਸਾਹਿਬ ਗਿ: ਭੁਪਿੰਦਰ ਸਿੰਘ ਜੀ, ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ, ਸਿੰਘ ਸਾਹਿਬ ਜਥੇਦਾਰ ਪ੍ਰਤਾਪ ਸਿੰਘ ਜੀ, ਸਿੰਘ ਸਾਹਿਬ ਭਾ: ਅਰਜਨ ਸਿੰਘ ਜੀ ਅਤੇ ਸਿੰਘ ਸਾਹਿਬ ਗਿ: ਚੇਤ ਸਿੰਘ ਜੀ ਦਫਤ੍ਰ ਸ਼੍ਰੋ: ਗੁ: ਪ੍ਰ: ਕਮੇਟੀ ਵਿਚ ਇਕੱਤ੍ਰ ਹੋਏ ਅਤੇ ਸਰਬ ਸੰਮਤੀ ਨਾਲ ਇਸ ਸਿਟੇ ਤੇ ਪੁੱਜੇ ਕਿ ਉਨ੍ਹਾਂ ਵਲੋਂ ਇਸ ਸਬੰਧ ਵਿਚ ਪਹਿਲਾਂ ਦਿਤੇ ਜਾ ਚੁਕੇ ਵੀਚਾਰ ਹੀ ਠੀਕ ਹਨ ਅਤੇ ਇਸ ਸਬੰਧ ਵਿਚ ਅੰਤ੍ਰਿੰਗ ਕਮੇਟੀ ਦਾ ਪਹਿਲਾ ਫੈਸਲਾ ਹੀ ਠੀਕ ਹੈ।

ਮਤਾ ਨੰ: ੯੬ ਮਿਤੀ ੩੧-੧-੫੪

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਫੋਟੋ ਬਲਾਕਾਂ ਰਾਹੀਂ ਛਪਾਈ ਜਾ ਰਹੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਮੰਗਲਾਚਰਨ ਦੀ ਤਰਤੀਬ ਬਾਰੇ ਅੰਤ੍ਰਿੰਗ ਕਮੇਟੀ ਦਾ ਮਤਾ ਨੰ: ੧੫੦੫ ਮਿਤੀ ੧੯-੯-੫੩ ਅਨੁਸਾਰ ਧਾਰਮਕ ਸਲਾਹਕਾਰਾਂ ਦੀ ਮਿਲਵੀਂ ਇਕੱਤ੍ਰਤਾ ਮਿਤੀ ੯-੧੦-੫੩ ਵਿਚ ਹੋਇਆ ਫੈਸਲਾ' ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਦੇ ੨੨-੧-੫੪ ਨੂੰ

Digitized by Panjab Digital Library | www.panjabdigilib.org

ਦਿਤੇ ਵੀਚਾਰ ਸਣੇ ਸੰਬੰਧਤ ਲਿਖਾ ਪੜ੍ਹੀ ਦੇ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਆਦਿ ਬੀੜ ਦੀ ਪ੍ਰਾਚੀਨ ਲਿਖਣ ਸ਼ੈਲੀ ਅਨੁਸਾਰ ਗੁ: ਪ੍ਰਿੰ: ਪ੍ਰੈਸ ਵਿਚ ਛਾਪੀ ਜਾ ਰਹੀ ਪਾਵਨ ਬੀੜ ਵਿਚ ਮੰਗਲਾ ਚਰਨ ਦੀ ਤਰਤੀਬ ਵੀ ਉਹੋ ਹੋਵੇ ਜੋ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਵਿਚ ਹੈ ਭਾਵ ਮੰਗਲਾ ਚਰਨ ਪਹਿਲਾਂ ਛਾਪਿਆ ਜਾਵੇ ਅਤੇ ਰਾਗ ਬਾਅਦ ਵਿਚ।

ਜਨਰਲ ਕਮੇਟੀ ਦਾ ਮਤਾ ਨੰ: ੧੫ ਮਿਤੀ ੧੭-੨-੫੭

ਪ੍ਰੋਫੈਸਰ ਸਤਿਬੀਰ ਸਿੰਘ ਜੀ ਨੇ ਹੇਠ ਲਿਖਿਆ ਮਤਾ ਪੇਸ਼ ਕੀਤਾ। ਸਿੰਘ ਸਾਹਿਬ ਜਥੇਦਾਰ ਬਚਿਤਰ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੇ ਇਸ ਦੀ ਤਾਈਦ ਕੀਤੀ। ਮਤਾ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ :-

"ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਅੱਜ ਦਾ ਜਨਰਲ ਇਜਲਾਸ ਸਮੂੰਹ ਸਿੱਖ ਸੰਗਤਾਂ ਤੇ ਸਭਾ ਸੋਸਾਇਟੀਆਂ ਪਾਸ ਅਪੀਲ ਕਰਦਾ ਹੈ ਕਿ ਅਗੋਂ ਤੋਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਛਾਪੀ ਗਈ ਪਾਵਨ ਬੀੜ ਜੋ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਆਦਿ ਬੀੜ ਅਤੇ ਸ੍ਰੀ ਦਮਦਮਾ ਸਾਹਿਬ ਵਾਲੀ ਇਤਿਹਾਸਕ ਬੀੜ ਅਨਕੂਲ ਹੈ, ਅਨੁਸਾਰ ਹੀ ਕਰਾਉਣ ਦੀ ਕਿਰਪਾ ਕਰਿਆ ਕਰਨ। ਸ਼੍ਰੋਮਣੀ ਕਮੇਟੀ ਵਲੋਂ ਛਾਪੀ ਗਈ ਪਾਵਨ ਬੀੜ ਤੋਂ ਪਹਿਲਾਂ ਦੀਆਂ ਛਾਪੇ ਦੀਆਂ ਬੀੜਾਂ ਵਿਚ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਅਤੇ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਤੋਂ ਭਿੰਨ ਸਹਿਵਨ ਹੀ ਜਿਹੜੇ ਪਾਠ ਛਪ ਗਏ ਹਨ, ਉਹਨਾਂ ਦੀ ਇਕ ਫਹਿਰਿਸਤ ਬਣਾ ਕੇ ਸਮੂੰਹ ਸਿਖ ਸਭਾ ਸੋਸਾਇਟੀਆਂ ਨੂੰ ਭੇਜ ਦਿਤੀ ਜਾਏ ਤਾਂ ਜੋ ਸ਼ੁਧ ਪਾਠ ਕਰਨ ਵਾਸਤੇ ਉਹ ਪਹਿਲੀਆਂ ਛਪੀਆਂ ਬੀੜਾਂ ਵਿਚ ਇਸ ਅਨੁਸਾਰ ਦਰੁਸਤੀ ਕਰ ਲੈਣ।"

--o--

ਸ਼੍ਰੋਮਣੀ ਕਮੇਟੀ ਵਲੋਂ ਛਾਪੀ ਗਈ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ
ਹੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਅਤੇ ਸ੍ਰੀ 'ਦਮਦਮੀ ਬੀੜ' ਦੇ ਅਨਕੂਲ ਹੈ।

(ਵਲੋਂ ਸ: ਰਵੇਲ ਸਿੰਘ ਜੀ ਸਕੱਤ੍ਰ, ਸ਼ਰੋਮਣੀ ਕਮੇਟੀ)

ਚੀਫ ਖ਼ਾਲਸਾ ਦੀਵਾਨ ਦੇ ਸਕੱਤਰ ਸਾਹਿਬ ਵਲੋਂ ਇਕ ਚਿਠੀ ਆਪਣੇ ਅਖ਼ਬਾਰ ਮਿਤੀ ੮ ਜਨਵਰੀ ੧੯੫੭ ਵਿਚ ਛਾਪੀ ਗਈ ਹੈ, ਇਸ ਚਿਠੀ ਬਾਰੇ ਸਾਰੀ ਗਲ ਸਪਸ਼ਟ ਕਰਨ ਲਈ ਪਿਛਲੇ ਵਾਕਿਆਤ ਨੂੰ ਸੰਖੇਪ ਕਰਕੇ ਦਸਣਾ ਜ਼ਰੂਰੀ ਭਾਸਦਾ ਹੈ।

ਸੰਗਤਾਂ ਵਲੋਂ ਲਗਾਤਾਰ ਮੰਗ ਕਰਨ ਤੇ ਸ਼ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਦੀ ਛਪਵਾਈ ਆਪ ਕਰਾਉਣ ਲਈ ਕਈ ਵਾਰ ਯਤਨ ਹੋਏ ਪਰ ਬਾਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਵਲੋਂ ਇਨ੍ਹਾਂ ਨੂੰ ਸਿਰੇ ਨਾ ਚੜ੍ਹਨ ਦਿਤਾ ਜਾਂਦਾ ਰਿਹਾ। ਅੰਤ ੧੯੫੧ ਵਿਚ ਇਹ ਸ਼ੁਭ ਕੰਮ ਅਰੰਭ ਕੀਤਾ ਗਿਆ।

ਇਸ ਖ਼ਿਆਲ ਨਾਲ ਕਿ ਬੀੜ ਦੀ ਛਪਵਾਈ ਸ਼ੁਧ ਹੋਵੇ, ਸ਼ਰੋਮਣੀ ਕਮੇਟੀ ਵਲੋਂ ਫੋਟੋ ਬਲਾਕ ਬਣਵਾਕੇ ਛਪਵਾਈ ਕਰਾਣ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਸ: ਐਸ. ਐਸ. ਚਰਨ

Digitized by Panjab Digital Library | www.panjabdigilib.org

ਸਿੰਘ ਜੀ 'ਸ਼ਹੀਦ' ਵਲੋਂ ਛਪਵਾਈ ਬੀੜ ਬਾਜ਼ਾਰ ਵਿਚ ਸਭ ਤੋਂ ਸ਼ੁਧ ਸਮਝੀ ਜਾਂਦੀ ਸੀ। ਇਸ ਵਿਚ ਉਹ ਸਾਰੀ ਬਾਣੀ ਉਸੇ ਤਰਤੀਬ ਵਿਚ ਛਪੀ ਹੋਈ ਸੀ ਜਿਸ ਤਰ੍ਹਾਂ ਕਿ ਬਾਕੀ ਛਾਪੇ ਦੀਆਂ ਬੀੜਾਂ ਵਿਚ ਹੈ ਅਤੇ ਜਿਸ ਤਰਤੀਬ ਨੂੰ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਦੀ ਤਰਤੀਬ ਅਨੁਸਾਰ ਸਮਝਿਆ ਜਾਂਦਾ ਹੈ।

ਚੀਫ਼ ਖ਼ਾਲਸਾ ਦੀਵਾਨ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿਖ ਇਤਿਹਾਸ ਦੇ ਖੋਜੀਆਂ ਵਲੋਂ ਕਈ ਵਾਰ ਇਹ ਪ੍ਰਗਟ ਕੀਤਾ ਜਾ ਚੁਕਾ ਹੋਇਆ ਹੈ ਕਿ ਸ੍ਰੀ ਦਮਦਮਾ ਸਾਹਿਬ ਵਾਲੀ ਅਸਲ ਬੀੜ ਨਹੀਂ ਮਿਲ ਰਹੀ, ਉਹ ਵਡੇ ਘਲੂਘਾਰੇ ਸਮੇਂ ਅਲੋਪ ਹੋਈ ਦਸੀ ਜਾਂਦੀ ਹੈ। ਅਜਿਹੀ ਹਾਲਤ ਵਿਚ ਸ਼ਰੋਮਣੀ ਕਮੇਟੀ ਦੇ ਸਾਹਮਣੇ ਇਹ ਸੁਆਲ ਆਇਆ ਕਿ ਗੁਰਬਾਣੀ ਦੀ ਸੁਧਾਈ ਕਿਥੋਂ ਕੀਤੀ ਜਾਏ। ਉਸ ਸਮੇਂ ਸ਼ਰੋਮਣੀ ਕਮੇਟੀ ਅਤੇ ਚੀਫ਼ ਖਾਲਸਾ ਦੀਵਾਨ ਦੇ ਵਿਦਵਾਨ ਇਸ ਗਲ ਤੇ ਹੀ ਸਹਿਮਤ ਹੋਏ ਕਿ ਜਿਹੜੀ ਬਾਣੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਦਰਜ ਹੈ, ਉਸ ਦੀ ਸੁਧਾਈ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਕੀਤੀ ਜਾਏ।

ਸ਼ਰੋਮਣੀ ਕਮੇਟੀ ਨੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਸੁਧਾਈ ਕਰਨ ਲਈ ਆਪਣੇ ਦੋ ਸਜਣਾਂ ਦੀ ਡਿਊਟੀ ਲਾ ਦਿਤੀ, ਜਿਨ੍ਹਾਂ ਲਗਾਤਾਰ ਕਈ ਮਹੀਨੇ ਕਠਿਨ ਮਿਹਨਤ ਕਰਕੇ ਇਸ ਕੰਮ ਨੂੰ ਨੇਪਰੇ ਚਾੜ੍ਹਿਆ। ਸ਼ਰੋਮਣੀ ਕਮੇਟੀ ਹੀ ਇਤਨਾ ਖ਼ਰਚ ਤੇ ਮਿਹਨਤ ਕਰ ਸਕਦੀ ਸੀ, ਇਸ ਤੋਂ ਪਹਿਲਾਂ ਕਦੇ ਕਿਸੇ ਸਭਾ ਸੁਸਾਇਟੀ ਜਾਂ ਸਜਣ ਨੇ ਏਨੀ ਦੇਰ ਲਗਾਤਾਰ ਇਸ "ਆਦਿ ਬੀੜ" ਦੇ ਦਰਸ਼ਨ ਕਰਕੇ ਸੁਧਾਈ ਲਈ ਸਮਾਂ ਨਹੀਂ ਸੀ ਦਿਤਾ।

ਬਾਣੀ ਦੀ ਸੁਧਾਈ ਸਮੇਂ ਬਾਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਵਲੋਂ ਛਾਪੀਆਂ ਬੀੜਾਂ ਅਤੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਮੰਗਲਾਂ ਦੀ ਤਰਤੀਬ ਦਾ ਵੀ ਫ਼ਰਕ ਪਤਾ ਲੱਗਾ, ਜਿਹੜਾ ਕਿ ਚੀਫ਼ ਖਾਲਸਾ ਦੀਵਾਨ ਦੇ ਪ੍ਰਤਿਸ਼ਟਤ ਵਿਦਵਾਨ ਭਾਈ ਜੋਧ ਸਿੰਘ ਜੀ (ਉਸ ਸਮੇਂ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ) ਦੇ ਨੋਟਸ ਵਿਚ ਵੀ ਲਿਆਂਦਾ ਗਿਆ ਅਤੇ ਸ਼ਰੋਮਣੀ ਕਮੇਟੀ ਨੇ ਮੰਗਲਾਂ ਦੀ ਤਰਤੀਬ ਛਾਪੇ ਦੀਆਂ ਪਹਿਲੀਆਂ ਬੀੜਾਂ ਦੀ ਤਰਤੀਬ ਦੀ ਬਜਾਏ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦੀ ਤਰਤੀਬ ਅਨੁਸਾਰ ਕਰਨ ਦਾ ਫੈਸਲਾ ਕੀਤਾ। ਉਸ ਸਮੇਂ ਭਾਈ ਜੋਧ ਸਿੰਘ ਜੀ ਨੇ ਵੀ ਇਹੋ ਰਾਏ ਦਿਤੀ ਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਮੰਗਲ ਰਾਗਾਂ ਤੋਂ ਪਹਿਲਾਂ ਹਨ ਤੇ ਪਹਿਲਾਂ ਹੀ ਛਪਣੇ ਚਾਹੀਦੇ ਹਨ।

ਸ਼ਰੋਮਣੀ ਕਮੇਟੀ ਵਲੋਂ ਪਾਵਨ ਬੀੜ ਛਪ ਕੇ ਤਿਆਰ ਹੋਣ ਤੇ ਬਾਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਨੇ ਸ਼ਰੋਮਣੀ ਕਮੇਟੀ ਵਿਰੁਧ ਰੌਲਾ ਪਾਉਣ ਦੇ ਸਾਧਨ ਲਭਣੇ ਅਰੰਭ ਕੀਤੇ। ਉਸ ਸਮੇਂ ਸ਼ਰੋਮਣੀ ਕਮੇਟੀ ਉਤੇ ਕਾਂਗਰਸੀ ਸਿਖਾਂ ਦਾ ਕਬਜ਼ਾ ਸੀ ਅਤੇ ਅਕਾਲੀ ਦਲ ਵਲੋਂ ਉਨ੍ਹਾਂ ਦੀ ਸਖ਼ਤ ਵਿਰੋਧਤਾ ਹੋ ਰਹੀ ਸੀ। ਇਨ੍ਹਾਂ ਦੁਕਾਨਦਾਰਾਂ ਨੇ ਅਕਾਲੀ ਆਗੂਆਂ ਨੂੰ ਆਪਣਾ ਸਾਥੀ ਬਨਾਣ ਦਾ ਯਤਨ ਕੀਤਾ, ਪਰ ਉਨ੍ਹਾਂ ਨੇ ਇਸ ਕੰਮ ਵਿਚ ਉਨ੍ਹਾਂ ਦਾ ਸਾਥ ਦੇਣਾ ਨਾ ਮੰਨਿਆ। ਮੈਨੂੰ ਇਸ ਗਲ ਦਾ ਜ਼ਾਤੀ ਤੌਰ ਤੇ ਵੀ ਇਲਮ ਹੈ ਕਿਉਂਕਿ ਕੁਝ ਸਮਾਂ ਮਗਰੋਂ ਮੈਨੂੰ ਅਕਾਲੀ ਦਲ ਦਾ ਪੱਖੀ ਹੋਣ ਕਰਕੇ ਸ਼ਰੋਮਣੀ ਕਮੇਟੀ ਦੀ ਸੇਵਾ ਤੋਂ ਜੁਆਬ ਦੇ ਦਿਤਾ ਗਿਆ ਸੀ ਅਤੇ ਮੈਂ ਬਤੌਰ ਆਨਰੇਰੀ ਸਕੱਤਰ ਅਕਾਲੀ ਦਲ ਅਤੇ ਐਡੀਟਰ 'ਅਕਾਲੀ' ਕੰਮ ਕਰ ਰਿਹਾ ਸਾਂ। ਗੁਰਦੁਆਰਾ ਚੋਣਾਂ ਸਿਰ ਤੇ ਸਨ, ਚੀਫ਼ ਖਾਲਸਾ ਦੀਵਾਨ ਦੇ ਅਖਬਾਰ ਦਾ ਇਕ ਜ਼ਿਮੇਂਵਾਰ ਸਜਣ ਮੈਨੂੰ ਮਿਲਿਆ ਅਤੇ ਬਾਜ਼ਾਰ ਮਾਈ ਸੇਵਾਂ ਦੇ ਕੁਝ ਦੁਕਾਨਦਾਰਾਂ ਨੇ ਵੀ ਗਲ ਕੀਤੀ ਕਿ ਕਾਂਗਰਸੀ ਧੜੇ ਵਿਰੁਧ ਪਰਾਪੇਗੰਡਾ ਕਰਨ ਲਈ ਇਹ ਵਡਾ ਸਾਧਨ ਹੈ। ਜੇ ਇਹ ਕਿਹਾ ਜਾਏ

Digitized by Panjab Digital Library | www.panjabdigilib.org

ਕਿ ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਵੀ ਅਦਲਾ ਬਦਲੀ ਕਰ ਦਿਤੀ ਹੈ। ਉਨ੍ਹਾਂ ਦੇ ਸਾਹਮਣੇ ਨਿਸ਼ਾਨਾ ਕਾਂਗਰਸੀ ਸਿਖਾਂ ਦੀ ਵਿਰੋਧਤਾ ਨਹੀਂ ਸਗੋਂ ਸ਼ਰੋਮਣੀ ਕਮੇਟੀ ਵਲੋਂ ਛਪੀ ਸ਼ੁਧ ਬੀੜ ਦੀ ਥਾਂ ਆਪਣੇ ਵਲੋਂ ਛਪੀਆਂ ਬੀੜਾਂ ਸੰਗਤਾਂ ਨੂੰ ਮਨ ਮਰਜ਼ੀ ਦੀ ਭੇਟਾ ਲੈ ਕੇ ਦੇਣਾ ਸੀ। ਮੈਨੂੰ ਸਾਰੇ ਹਾਲਾਤ ਦਾ ਪਤਾ ਸੀ ਇਸ ਲਈ ਬਾਕੀ ਦੇ ਸਿਖ ਅਖ਼ਬਾਰ ਨਵੀਸਾਂ ਦੀ ਤਰ੍ਹਾਂ ਮੈਂ ਵੀ ਇਨ੍ਹਾਂ ਨੂੰ ਇਹ ਜੁਆਬ ਦਿਤਾ ਕਿ ਇਸ ਤਰ੍ਹਾਂ ਗਲਤ ਪ੍ਰਾਪੇਗੰਡਾ ਕਰਨਾ ਸਿਖੀ ਲਈ ਸਖ਼ਤ ਹਾਨੀਕਾਰਕ ਹੋਵੇਗਾ ਤੇ ਇਹ ਨਹੀਂ ਕਰਨਾ ਚਾਹੀਦਾ। ਇਸੇ ਲਈ ਗੁਰਦੁਆਰਾ ਚੋਣਾਂ ਵਿਚ ਅਕਾਲੀ ਦਲ ਨੇ ਕਾਂਗਰਸੀ ਸਿਖਾਂ ਵਿਰੁਧ ਕਿਸੇ ਥਾਂ ਵੀ ਇਸ ਬਿਨਾ ਤੇ ਵਿਰੋਧਤਾ ਨਹੀਂ ਕੀਤੀ।

ਚੀਫ਼ ਖ਼ਾਲਸਾ ਦੀਵਾਨ ਦੇ ਸਕੱਤਰ ਸਾਹਿਬ ਵਲੋਂ ਲਿਖੀ ਚਿੱਠੀ ਸਬੰਧੀ ਮੈਂ ਦੀਵਾਨ ਦੇ ਸਕੱਤਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੇ ਉਹ ਦੀਵਾਨ ਦੇ ਸਾਰੇ ਮਤੇ ਇਕੋ ਥਾਂ ਰਖ ਕੇ ਉਨ੍ਹਾਂ ਤੇ ਵਿਚਾਰ ਕਰਦੇ ਤਾਂ ਉਨ੍ਹਾਂ ਨੂੰ ਪਤਾ ਲਗਦਾ ਕਿ ਇਨ੍ਹਾਂ ਮਤਿਆਂ ਵਿਚ ਆਪਸ ਵਿਚ ਹੀ ਕਿਤਨਾ ਵਿਰੋਧ ਹੈ। ਕੀ ਇਹ ਆਪਾ-ਵਿਰੋਧੀ ਮਤੇ ਇਸ ਸ਼ੱਕ ਨੂੰ ਪੱਕਿਆਂ ਨਹੀਂ ਕਰਦੇ ਕਿ ਚੀਫ਼ ਖ਼ਾਲਸਾ ਦੀਵਾਨ ਗਲਤ ਤੌਰ ਤੇ ਸ਼੍ਰੋਮਣੀ ਕਮੇਟੀ ਵਿਰੁਧ ਜ਼ਹਿਰੀਲਾ ਪ੍ਰਾਪੇਗੰਡਾ ਕਰ ਰਿਹਾ ਹੈ।

ਸ਼੍ਰੋਮਣੀ ਕਮੇਟੀ ਵਲੋਂ ਬੀੜ ਛਪਣ ਤੇ ਚੀਫ਼ ਖ਼ਾਲਸਾ ਦੀਵਾਨ ਨੇ ਮਤਾ ਨੰਬਰ ੩੯੬੧ ਮਿਤੀ ੨੮-੬-੫੩ ਵਿਚ ਲਿਖਿਆ:-

"ਦੀਵਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਉਦਮ ਦੀ ਪ੍ਰਸੰਸਾ ਕਰਦਾ ਹੈ, ਜਿਸ ਦੁਆਰਾ ਕਮੇਟੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਤਿਆਰ ਕਰਵਾਈ ਤੇ ਭਾਈ ਗੁਰਦਾਸ ਜੀ ਦੀ ਕਲਮ ਦੁਆਰਾ ਲਿਖੀ ਗਈ ਪਾਵਨ ਆਦਿ ਬੀੜ ਜੋ ਸ੍ਰੀ ਕਰਤਾਰਪੁਰ ਸਾਹਿਬ ਵਿਰਾਜਮਾਨ ਹੈ, ਨਾਲ ਸੁਧਾਈ ਕਰ ਕੇ ਬਲਾਕਾਂ ਨਾਲ ਛਪਾਈ ਦਾ ਇਹ ਮਹਾਨ ਕਾਰਜ ਸਿਰੇ ਚਾੜ੍ਹਿਆ ਹੈ।" ਇਸ ਮਤੇ ਵਿਚ ਦੀਵਾਨ ਨੇ ਇਹ ਸੂਚਨਾ ਵੀ ਦਿਤੀ ਕਿ "ਕਿਉਂਕਿ ਇਹ ਮਾਮਲਾ ਸਾਰੇ ਖ਼ਾਲਸਾ ਪੰਥ ਤੇ ਸਭ ਪੰਥਕ ਸੰਪਰਦਾਵਾਂ ਭਾਵੇਂ ਉਹ ਕੇਸਾਧਾਰੀ ਹੋਣ ਜਾਂ ਸਹਿਜਧਾਰੀ, ਨਾਲ ਸੰਬੰਧ ਰਖਦਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਆਦਿ "੧ ਓ ਸਤਿਨਾਮੁ" ਤੋਂ ਅੰਤ "ਅਠਾਰਹ ਦਸ ਬੀਸ" ਤਕ ਕਰਤਾਰਪੁਰ ਸਾਹਿਬ ਵਾਲੀ ਪਾਵਨ ਪ੍ਰਮਾਣੀਕ ਬੀੜ ਜੋ ਪੰਚਮ ਪਾਤਸ਼ਾਹ ਜੀ ਨੇ ਲਿਖਾਈ ਤੇ ਭਾਈ ਗੁਰਦਾਸ ਜੀ ਨੇ ਲਿਖੀ ਹੈ, ਨਾਲ ਜਿਉਂ ਦਾ ਤਿਉਂ ਹੋਣਾ ਸਿਖੀ ਦੀ ਹੋਂਦ ਅਤੇ ਪੰਥਕ ਏਕਤਾ ਤੇ ਕਲਿਆਨ ਵਾਸਤੇ ਅਤਿ ਜ਼ਰੂਰੀ ਹੈ।"

ਇਸੇ ਮਤੇ ਵਿਚ ਦੀਵਾਨ ਨੇ ਸ਼ਰੋਮਣੀ ਕਮੇਟੀ ਵਲੋਂ ਛਪੀ ਬੀੜ ਸਬੰਧੀ ਇਹ ਵੀ ਪ੍ਰਗਟ ਕੀਤਾ ਕਿ "ਸਿਰਲੇਖਾਂ ਅਤੇ ਮੰਗਲਾਂ ਦੀ ਤਰਤੀਬ ਜੋ ਪ੍ਰਚਲਤ ਬੀੜਾਂ ਤੋਂ ਭਿੰਨ ਇਸ ਬੀੜ ਵਿਚ ਛਾਪੀ ਗਈ ਹੈ,......ਅਤੇ ਜੋ ਸਹਿਵਨ ਰਹਿ ਗਈਆਂ ਅਸ਼ੁਧੀਆਂ ਸੁਣੀਆਂ ਜਾਂਦੀਆਂ ਹਨ ਉਹ ਪਾਵਨ ਬੀੜ (ਭਾਵ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ) ਅਨਕੂਲ ਸ਼ੁਧ ਕਰ ਦਿਤੀਆਂ ਜਾਣ।"

ਇਸ ਸਾਰੇ ਮਤੇ ਵਿਚ ਦੀਵਾਨ ਨੇ ਇਹ ਹੀ ਜ਼ੋਰ ਦਿੱਤਾ ਹੈ ਕਿ ਸਿਰਲੇਖਾਂ ਅਤੇ ਮੰਗਲਾਂ ਦੀ ਤਰਤੀਬ ਵੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਹੋਵੇ ਅਤੇ ਸ਼ਰੋਮਣੀ ਕਮੇਟੀ ਵਲੋਂ ਛਪੀ ਬੀੜ ਵਿਚ ਜਿਹੜੀਆਂ ਅਸ਼ੁਧੀਆਂ ਰਹਿ ਗਈਆਂ ਦਸੀਆਂ ਜਾਂਦੀਆਂ ਹਨ ਉਹ ਵੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨਕੂਲ ਸ਼ੁਧ ਕਰ ਦਿਤੀਆਂ ਜਾਣ।

Digitized by Panjab Digital Library | www.panjabdigilib.org

ਹੁਣ ਦੀਵਾਨ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦੀ ਥਾਂ ਬਾਬਾ ਦੀਪ ਸਿੰਘ ਜੀ ਵਲੋਂ ਕੀਤੇ ਗਏ ਦਸੇ ਜਾਂਦੇ ਉਤਾਰੇ ਅਨੁਸਾਰ ਸੁਧਾਈ ਕਰਨ ਲਈ ੩ ਨਵੰਬਰ ਨੂੰ ਪਹਿਲੇ ਮਤੇ ਦੇ ਵਿਰੁਧ ਨਵਾਂ ਮਤਾ ਕਰ ਦਿੰਦਾ ਹੈ।

ਇਨ੍ਹਾਂ ਦੋਹਾਂ ਮਤਿਆਂ ਨੂੰ ਪੜ੍ਹ ਕੇ ਚੀਫ ਖਾਲਸਾ ਦੀਵਾਨ ਦੇ ਸਕੱਤਰ ਸਾਹਿਬ ਆਪ ਹੀ ਦੱਸਣ ਕਿ ਦੀਵਾਨ ਦੇ ਕਿਹੜੇ ਮਤੇ ਤੇ ਅਮਲ ਹੋਣਾ ਚਾਹੀਦਾ ਹੈ। ਗੁਰਬਾਣੀ ਦਾ "ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨਾਲ ਜਿਉਂ ਕਾ ਤਿਉਂ ਹੋਣਾ ਸਿੱਖੀ ਦੀ ਹੋਂਦ ਅਤੇ ਪੰਥਕ ਏਕਤਾ ਤੇ ਕਲਿਆਨ ਵਾਸਤੇ ਅਤਿ ਜ਼ਰੂਰੀ ਹੈ" ਜਾਂ ਉਨ੍ਹਾਂ ਦੇ ਦੂਜੇ ਫੈਸਲੇ ਅਨੁਸਾਰ।

ਚੀਫ ਖਾਲਸਾ ਦੀਵਾਨ ਨੂੰ ਇਹ ਫੈਸਲਾ ਕਿਉਂ ਬਦਲਣਾ ਪਿਆ ? ਬਾਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਵਲੋਂ ਛਾਪੀਆਂ ਬੀੜਾਂ ਵਿਚ ਕਈ ਅਸ਼ੁਧੀਆਂ ਰਹਿ ਗਈਆਂ ਸਨ ਜਿਹੜੀਆਂ ਸ਼ਰੋਮਣੀ ਕਮੇਟੀ ਨੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਸੁਧ ਕਰ ਦਿਤੀਆਂ। ਨਮੂਨੇ ਵਜੋਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਵਿਚ ਪਹਿਲੀ ਪਾਤਸ਼ਾਹੀ ਦੇ ਸਲੋਕ ਸ਼ਹਸਕ੍ਰਿਤੀ 'ਪੜ੍ਹ ਪੁਸਤਕ ਸੰਧਿਆ ਬਾਦੰ......' ਤੋਂ ਉਪਰੰਤ ਅਤੇ ਦੂਜੀ ਪਾਤਸ਼ਾਹੀ ਦੇ ਸਲੋਕ ਦੇ ਅਰੰਭ ਤੋਂ ਪਹਿਲਾਂ ਸਪਸ਼ਟ ਤੌਰ ਤੇ "੧ ਓ" ਅੰਕਤ ਹੈ। ਪਰੰਤੂ ਬਾਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਵਲੋਂ ਛਾਪੀਆਂ ਬੀੜਾਂ ਵਿਚ "੧ ਓ" ਛਡ ਦਿਤਾ ਗਿਆ ਹੋਇਆ ਹੈ। ਪਾਵਨ ਆਦਿ ਬੀੜ ਵਿਚ ਪਾਠ ਹੈ "ਗੁਰਮਿਲਿਐਸਭਭੁਖਗਵਾਈ" ਪਰ ਦੁਕਾਨਦਾਰਾਂ ਵਲੋਂ ਛਪੀਆਂ ਬੀੜਾਂ ਵਿਚ "ਗੁਰ ਮਿਲਿਐ ਭੁਖ ਗਵਾਈ" ਛਾਪ ਦਿਤਾ ਗਿਆ ਹੋਇਆ ਹੈ। ਇਸੇ ਤਰ੍ਹਾਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਸ਼ਰੋਮਣੀ ਕਮੇਟੀ ਵਲੋਂ ਛਾਪੇ ਦੀਆਂ ਬੀੜਾਂ ਵਿਚ ੧੩੩ ਸੁਧੀਆਂ ਕੀਤੀਆਂ ਗਈਆਂ ਹਨ।

ਚੀਫ ਖ਼ਾਲਸਾ ਦੀਵਾਨ ਪਹਿਲਾਂ ਇਹ ਸਮਝਦਾ ਸੀ ਕਿ ਸ਼ਰੋਮਣੀ ਕਮੇਟੀ ਵਲੋਂ ਛਪੀ ਬੀੜ ਵਿਚ ਇਹ ਉਕਾਈਆਂ ਰਹਿ ਗਈਆਂ ਹਨ ਤੇ ਬਾਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਵਲੋਂ ਛਪੀਆਂ ਬੀੜਾਂ ਵਿਚ ਇਹ ਪਾਠ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਹਨ, ਜੇ ਇਹ ਗਲ ਨਾ ਹੁੰਦੀ ਤਾਂ ਦੀਵਾਨ ਕਦੇ ਵੀ ਆਪਣੇ ਮਤੇ ਵਿਚ ਇਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਵਿਚ "ਸਹਿਵਨ ਰਹਿ ਗਈਆਂ ਅਸ਼ੁਧੀਆਂ" ਨਾ ਲਿਖਦਾ ਤੇ ਇਨ੍ਹਾਂ ਨੂੰ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨਕੂਲ ਸ਼ੁਧ ਕਰਨ ਦੀ ਸਲਾਹ ਨਾ ਦਿੰਦਾ।

ਜਦੋਂ ਦੀਵਾਨ ਨੂੰ ਪਤਾ ਲੱਗਾ ਕਿ ਇਹ ਅਸ਼ੁਧੀਆਂ ਸ਼ਰੋਮਣੀ ਕਮੇਟੀ ਵਲੋਂ ਛਾਪੀਆਂ ਬੀੜਾਂ ਵਿਚ ਨਹੀਂ ਸਗੋਂ ਬਾਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਵਲੋਂ ਛਾਪੀਆਂ ਬੀੜਾਂ ਵਿਚ ਹਨ ਤਾਂ ਆਪਣਾ ਪੈਂਤੜਾ ਹੀ ਬਦਲ ਲਿਆ ਅਤੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨੂੰ ਆਧਾਰ ਮੰਨਣਾ ਹੀ ਛਡ ਦਿਤਾ ਅਤੇ ੩ ਨਵੰਬਰ ਨੂੰ ਦੀਵਾਨ ਵਲੋਂ ਸਦੇ ਇਕੱਠ ਵਿਚ ਜਿਹੜੀ ਦੀਵਾਨ ਵਲੋਂ ਛਪੀ ਰੀਪੋਰਟ ਪੜ੍ਹ ਕੇ ਸੁਣਾਈ ਗਈ ਉਸ ਵਿਚ ਸ਼ਰੋਮਣੀ ਕਮੇਟੀ ਵਿਰੁਧ ਇਹ ਵੀ ਗਿਲਾ ਕੀਤਾ ਗਿਆ ਕਿ "ਇਕ ਮੰਗਲ ਹੋਰ ਵਧਾ ਕੇ ੫੬੮ ਦੀ ਥਾਂ ਗਿਣਤੀ ੫੬੯ ਕਰ ਦਿਤੀ ਹੈ"। ਕੀ ਦੀਵਾਨ ਦੇ ਸਕੱਤਰ ਸਾਹਿਬ ਨੂੰ ਇਹ ਨਹੀਂ ਪਤਾ ਕਿ ਇਹ ਮੰਗਲ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਹੈ ਤੇ ਬਾਜ਼ਾਰ ਵਾਲਿਆਂ ਵਲੋਂ ਛਾਪੀਆਂ ਬੀੜਾਂ ਵਿਚ ਨਹੀਂ !

ਚੀਫ ਖ਼ਾਲਸਾ ਦੀਵਾਨ ਦੇ ਅਖਬਾਰ ਲਿਖਦੇ ਹਨ ਕਿ "ਆਦਿ ਬੀੜ ਦੇ ਤੇ ਦਮਦਮੀ ਬੀੜ ਦੇ ਸਿਰਲੇਖ ਤੇ ਮੰਗਲਾਂ ਦਾ ਟਾਕਰਾ ਕੀਤਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਦੋਹਾਂ ਪਾਵਨ ਬੀੜਾਂ ਦੇ ਸਿਰਲੇਖ ਤੇ ਮੰਗਲ ਇਕ ਸਮਾਨ ਚਲ ਰਹੇ ਹਨ" (ਚੀਫ ਖ਼ਾਲਸਾ ਦੀਵਾਨ ਦਾ

Digitized by Panjab Digital Library | www.panjabdigilib.org

ਅਖਬਾਰ ਮਿਤੀ ੨੦ ਦਸੰਬਰ ੧੯੫੬ ਪੰਨਾ ੨ ਕਾਲਮ ੨)।

ਜੇ ਮੰਗਲ ਦੋਹਾਂ ਬੀੜਾਂ ਵਿਚ ਇਕ ਸਮਾਨ ਹਨ ਤਾਂ ਉਹ ਬੀੜਾਂ ਕਿਸ ਤਰ੍ਹਾਂ ਦਮਦਮੀ ਬੀੜ ਦਾ ਉਤਾਰਾ ਹੋ ਸਕਦੀਆਂ ਹਨ ਜਿਨ੍ਹਾਂ ਵਿਚ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦਾ ਇਕ ਮੰਗਲ "੧ਓ" ਹੈ ਨਹੀਂ ਅਤੇ ਜਿਨ੍ਹਾਂ ਬੀੜਾਂ ਦੇ ਮੰਗਲਾਂ ਦੀ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨਕੂਲ ਨਹੀਂ। ਚੀਫ਼ ਖ਼ਾਲਸਾ ਦੀਵਾਨ ਨੂੰ ਤਾਂ ਸ਼ਰੋਮਣੀ ਕਮੇਟੀ ਵਲੋਂ ਉਹ ਇਕ ਮੰਗਲ ਛਾਪੇ ਜਾਣ ਦੀ ਸ਼ਲਾਘਾ ਕਰਨੀ ਚਾਹੀਦੀ ਸੀ ਜਿਹੜਾ ਕਿ ਛਾਪੇ ਦੀਆਂ ਪਹਿਲੀਆਂ ਬੀੜਾਂ ਵਿਚ ਛਪਣੋਂ ਰਹਿ ਗਿਆ ਸੀ ਅਤੇ ਜਿਹੜਾ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਹੈ ਅਤੇ ਜਿਹੜਾ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਵਿਚ ਵੀ ਹੈ। ਚੀਫ਼ ਖ਼ਾਲਸਾ ਦੀਵਾਨ ਦਾ ਇਹ ਗਿਲਾ ਪਰਗਟ ਕਰਦਾ ਹੈ ਕਿ ਦੀਵਾਨ ਨਾ ਤਾਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਜਿਉਂ ਦਾ ਤਿਉਂ ਗੁਰਬਾਣੀ ਦੀ ਛਪਵਾਈ ਕਰਵਾਉਣ ਉਤੇ ਕਾਇਮ ਰਿਹਾ ਹੈ ਤੇ ਨਾ ਹੀ ਇਹ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਅਨੁਸਾਰ ਕਰਾਉਣ ਦਾ ਚਾਹਵੰਦ ਹੈ, ਸਗੋਂ ਇਸ ਦੇ ਸਾਹਮਣੇ ਤਾਂ ਨਿਸ਼ਾਨਾ ਸ਼ਰੋਮਣੀ ਕਮੇਟੀ ਦੀ ਵਿਰੋਧਤਾ ਕਰਨਾ ਅਤੇ ਹਰ ਵਿੰਗੇ ਟੇਢੇ ਤਰੀਕੇ ਨਾਲ ਬਾਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਦੀ ਹਮਾਇਤ ਕਰਨਾ ਹੈ।

ਚੀਫ਼ ਖ਼ਾਲਸਾ ਦੀਵਾਨ ਦੇ ਸਕੱਤਰ ਸਾਹਿਬ ਆਪਣੀ ਚਿਠੀ ਦੇ ਅੰਕ ਤਿੰਨ ਵਿਚ ਲਿਖਦੇ ਹਨ ਕਿ ਐਸੀ ਬੀੜ ਜਿਹੜੀ ਕਿ ੩ ਨਵੰਬਰ ੧੯੫੬ ਵਾਲੇ ਇਕੱਠ ਦੇ ਫੈਸਲੇ ਅਨੁਸਾਰ ਨਾ ਛਪੀ ਹੋਵੇ, ਚੀਫ਼ ਖ਼ਾਲਸਾ ਦੀਵਾਨ ਉਸ ਨੂੰ ਪ੍ਰਮਾਣੀਕ ਮੰਨਣ ਲਈ ਤਿਆਰ ਨਹੀਂ, ਭਾਵੇਂ ਉਹ ਦੁਕਾਨਦਾਰਾਂ ਵਲੋਂ ਛਾਪੀ ਗਈ ਹੋਵੇ ਅਤੇ ਭਾਵੇਂ ਕਿਸੇ ਸੰਸਥਾ ਵਲੋਂ।

ਦੀਵਾਨ ਦੇ ਸਕੱਤਰ ਸਾਹਿਬ ਦੀ ਇਹ ਚਿਠੀ ਦੀਵਾਨ ਦੇ ਆਪਣੇ ਅਖਬਾਰ ਦੇ ੯ ਜਨਵਰੀ ੧੯੫੭ ਦੇ ਪੰਨਾ ੧੩ ਤੇ ਛਪੀ ਹੈ ਅਤੇ ਇਸੇ ਅਖਬਾਰ ਦੇ ਸਫ਼ਾ ੨, ਸਫ਼ਾ ੧੭ ਤੇ ਸਫ਼ਾ ੧੯ ਤੇ ਤਿੰਨ ਵਖੋ ਵਖ ਦੁਕਾਨਦਾਰਾਂ ਦੇ ਇਸ਼ਤਿਹਾਰ ਛਾਪੇ ਗਏ ਹਨ ਜਿਨ੍ਹਾਂ ਵਿਚ ਲਿਖਿਆ ਹੈ ਕਿ ਇਨ੍ਹਾਂ ਬੀੜਾਂ ਦੀ ਸੁਧਾਈ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਅਨੁਸਾਰ ਕੀਤੀ ਗਈ ਹੈ। ਕੀ ਚੀਫ਼ ਖ਼ਾਲਸਾ ਦੀਵਾਨ ਦੇ ਸਕੱਤਰ ਸਾਹਿਬ ਨੂੰ ਪਤਾ ਨਹੀਂ ਕਿ ਜਿਸ ਬੀੜ ਨਾਲ ਸੁਧਾਈ ਕਰਾਣ ਦਾ ਚੀਫ਼ ਖ਼ਾਲਸਾ ਦੀਵਾਨ ਨੇ ੩ ਨਵੰਬਰ ਦੇ ਇਕੱਠ ਵਿਚ ਫੈਸਲਾ ਕਰਾਇਆ ਹੈ, ਉਸ ਬੀੜ ਨਾਲ ਸੁਧਾਈ ਕਰਾਣੀ ਤਾਂ ਕਿਤੇ ਰਹੀ ਇਨ੍ਹਾਂ ਤਿੰਨਾਂ ਦੁਕਾਨਦਾਰਾਂ ਵਿਚੋਂ ਕਿਸੇ ਇਕ ਨੇ ਵੀ ਉਸ ਬੀੜ ਦੇ ਅੱਜ ਦਿਨ ਤਕ ਦਰਸ਼ਨ ਵੀ ਨਹੀਂ ਕੀਤੇ ਅਤੇ ਨਾ ਹੀ ਦੀਵਾਨ ਵਲੋਂ ਫੈਸਲਾ ਕਰਨ ਮਗਰੋਂ ਇਨ੍ਹਾਂ ਨੇ ਕੋਈ ਬੀੜ ਛਾਪੀ ਹੀ ਹੈ। ਦਮਦਮੀ ਬੀੜ ਤਾਂ ਅਲੋਪ ਹੋ ਚੁਕੀ ਦਸੀ ਜਾਂਦੀ ਹੈ। ਇਨ੍ਹਾਂ ਦੁਕਾਨਦਾਰਾਂ ਨੇ ਉਸ ਬੀੜ ਦੇ ਦਰਸ਼ਨ ਕਿਸ ਤਰ੍ਹਾਂ ਕਰ ਲਏ ਅਤੇ ਸੁਧਾਈ ਉਸ ਅਨੁਸਾਰ ਕਦੋਂ ਤੇ ਕਿਥੇ ਹੋਈ?

ਇਨ੍ਹਾਂ ਬੀੜਾਂ ਦੀ ਭੇਟਾ ਵੀ ੬੦) ੬੦) ਤਕ ਲਿਖੀ ਗਈ ਹੈ।

ਕੀ ਸ਼ਰੋਮਣੀ ਕਮੇਟੀ ਦੀ ਵਿਰੋਧਤਾ ਇਸ ਕਰਕੇ ਹੋ ਰਹੀ ਹੈ ਕਿ ਕਮੇਟੀ ਨੇ ਬੀੜ ਦੀ ਭੇਟਾ ੩੦) ਤੇ ੨੪) ਰਖੀ ਹੈ ਅਤੇ ਇਸ ਵਲੋਂ ਛਾਪੀ ਗਈ ਬੀੜ ਵਿਚ ਬਾਣੀ ਦੀ ਤਰਤੀਬ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਅਨੁਸਾਰ ਹੈ ਅਤੇ ਮੰਗਲਾਂ ਦੀ ਤਰਤੀਬ ਸ੍ਰੀ ਦਮਦਮਾ ਸਾਹਿਬ ਅਤੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ?

ਦੀਵਾਨ ਦੇ ਸਕੱਤਰ ਸਾਹਿਬ ਗਿਲਾ ਕਰਦੇ ਹਨ ਕਿ "੩ ਨਵੰਬਰ ੧੯੫੬ ਵਾਲੇ ਇਕੱਠ ਵਲ ਇਸ਼ਾਰਾ ਕਰਦਿਆਂ ਕਿਹਾ ਗਿਆ ਹੈ ਕਿ ਚੀਫ਼ ਖਾਲਸਾ ਦੀਵਾਨ ਵਖਰੀਆਂ ਮੀਟਿੰਗਾਂ

Digitized by Panjab Digital Library | www.panjabdigilib.org

ਸੱਦਕੇ ਭੁਲੇਖੇ ਪਾ ਰਿਹਾ ਹੈ।"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਵਾਈ ਸਬੰਧੀ ਅਗੇ ਤਾਂ ਕੁਝ ਉਘੇ ਵਿਦਵਾਨਾਂ ਨੂੰ ਸੱਦ ਕੇ ਉਹਨਾਂ ਦੀ ਰਾਏ ਲਈ ਜਾਂਦੀ ਰਹੀ ਹੈ। ਪਰ ਦੀਵਾਨ ਨੇ ੩ ਨਵੰਬਰ ਨੂੰ ਆਪਣੇ ਕਾਲਜ, ਯਤੀਮਖਾਨੇ ਤੇ ਹੋਰ ਆਸ਼ਰਮਾਂ ਦੇ ਮੁਲਾਜ਼ਮਾਂ ਤੇ ਪੱਖੀਆਂ ਦਾ ਜਨਤਕ ਇਕੱਠ ਸੱਦ ਕੇ ਇਸ ਕਿਸਮ ਦਾ ਫੈਸਲਾ ਕਰਨਾ ਯੋਗ ਸਮਝਿਆ। ਮੈਂ ਅਤੇ ਮੇਰੇ ਸਾਥੀ ਉਸ ਦਿਨ ਖਾਲਸਾ ਕਾਲਜ ਵਿਚ ਦੀਵਾਲੀ ਸਮੇਂ ਹੋਏ ਟੂਰਨਾਮੈਂਟ ਵਿਚ ਖਾਲਸਾ ਸਕੂਲਾਂ ਦੀਆਂ ਜੇਤੂ ਟੀਮਾਂ ਨੂੰ ਸ਼ਰੋਮਣੀ ਕਮੇਟੀ ਵਲੋਂ ਇਨਾਮ ਦੇਣ ਲਈ ਪੁਜੇ ਹੋਏ ਸੀ ਅਤੇ ਉਥੇ ਦੀਵਾਨ ਵਲੋਂ ਕਾਲਜ ਦੇ ਪਰੋਫੈਸਰਾਂ ਤੇ ਹੋਰ ਮੁਲਾਜ਼ਮਾਂ ਨੂੰ ੩ ਨਵੰਬਰ ਦੇ ਇਕੱਠ ਵਿਚ ਪੁਜਣ ਲਈ ਦੀਵਾਨ ਦਾ ਹੁਕਮ ਸੁਣਾਇਆ ਜਾ ਰਿਹਾ ਸੀ। ਇਸ ਤਰ੍ਹਾਂ ਦੇ ਇਕੱਠ ਵਿਚ ਅਜਿਹੀ ਦੀਰਘ ਵੀਚਾਰ ਵਾਲੇ ਫੈਸਲੇ ਨਾ ਕਦੀ ਹੋਏ ਅਤੇ ਨਾ ਹੀ ਹੋ ਸਕਦੇ ਹਨ। ਇਸੇ ਖਿਆਲ ਨਾਲ ਇਸ ਇਕੱਠ ਵਿਚ ਨਾ ਸ਼ਰੋਮਣੀ ਅਕਾਲੀ ਦਲ, ਨਾ ਸ਼ਰੋਮਣੀ ਕਮੇਟੀ, ਨਾ ਖਾਲਸਾ ਦਲ, ਨਾ ਨਿਰਮਲ ਮਹਾਂ ਮੰਡਲ, ਨਾ ਉਦਾਸੀਨ ਮਹਾਂ ਮੰਡਲ, ਨਾ ਬੁਢਾ ਦਲ ਆਦਿ ਦੇ ਪ੍ਰਤੀਨਿਧ ਸ਼ਾਮਲ ਹੋਏ। ਹਾਂ, ਬਾਬਾ ਪਰਤਾਪ ਸਿੰਘ ਜੀ ਨਾਮਧਾਰੀ ਤੇ ਕੁਝ ਹੋਰ ਅਜਿਹੇ ਸਜਣ ਵੀ ਦੀਵਾਨ ਦੇ ਸੱਦਾ ਪੱਤਰ ਤੇ ਜ਼ਰੂਰ ਪੁਜੇ ਜਿਨ੍ਹਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿਤੇ ਜਾਣ ਬਾਰੇ ਹੀ ਬੁਨਿਆਦੀ ਮਤ-ਭੇਦ ਹਨ।

ਦੂਜੇ ਪਾਸੇ ਸ਼ਰੋਮਣੀ ਕਮੇਟੀ ਵਲੋਂ, ਚੀਫ਼ ਖਾਲਸਾ ਦੀਵਾਨ ਦੇ ਡੈਪੂਟੇਸ਼ਨ ਨਾਲ ਪ੍ਰਧਾਨ ਸਾਹਿਬ ਸ਼ਰੋਮਣੀ ਕਮੇਟੀ ਨੂੰ ਮਿਲੇ ਸਜਣਾਂ ਦੀ ਸੰਮਤੀ ਨਾਲ ਵਿਦਵਾਨਾਂ ਦਾ ਇਕੱਠ ਸਦਿਆ ਗਿਆ ਜਿਸ ਵਿਚ ਹੇਠ ਲਿਖੇ ਸਜਣ ਸ਼ਾਮਲ ਹੋਏ:-

੧. ਸਿੰਘ ਸਾਹਿਬ ਗਿ: ਭੁਪਿੰਦਰ ਸਿੰਘ ਜੀ ਹੈਡ ਗਰੰਥੀ ਸ੍ਰੀ ਦਰਬਾਰ ਸਾਹਿਬ। ੨. ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ। ੩. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਗਰੰਥੀ ਸ੍ਰੀ ਦਰਬਾਰ ਸਾਹਿਬ। ੪. ਸਿੰਘ ਸਾਹਿਬ ਗਿਆਨੀ ਅਰਜਨ ਸਿੰਘ ਜੀ ਗਰੰਥੀ ਸ੍ਰੀ ਦਰਬਾਰ ਸਾਹਿਬ। ੫. ਸਿੰਘ ਸਾਹਿਬ ਜਥੇਦਾਰ ਫੌਜਾ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ। ੬. ਸੰਤ ਤੇਜਾ ਸਿੰਘ ਜੀ। ੭. ਗਿਆਨੀ ਨਿਰੰਜਨ ਸਿੰਘ ਜੀ ਪਟਿਆਲੇ ਵਾਲੇ। ੮. ਗਿਆਨੀ ਸਰਦੂਲ ਸਿੰਘ ਜੀ ਜਲੰਧਰ। ੯. ਪ੍ਰਿੰਸੀਪਲ ਗੰਗਾ ਸਿੰਘ ਜੀ। ੧੦. ਸੰਤ ਨਿਸਚਲ ਸਿੰਘ ਜੀ। ੧੧. ਬਾਵਾ ਹਰਕ੍ਰਿਸ਼ਨ ਸਿੰਘ ਜੀ ਪ੍ਰਿੰਸੀਪਲ ਸਿਖ ਨੈਸ਼ਨਲ ਕਾਲਜ ਕਾਦੀਆਂ। ੧੨. ਡਾਕਟਰ ਗੰਡਾ ਸਿੰਘ ਜੀ ਹਿਸਟੋਰੀਅਨ। ੧੩. ਪ੍ਰਿੰਸੀਪਲ ਸਾਹਿਬ ਸਿੰਘ ਜੀ ਸ਼ਹੀਦ ਸਿਖ ਮਿਸ਼ਨਰੀ ਕਾਲਜ। ੧੪. ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾ ਵਾਲੇ।

ਇਹਨਾਂ ਸਜਣਾਂ ਦੇ ਸਰਬ ਸੰਮਤੀ ਨਾਲ ਕੀਤੇ ਫੈਸਲੇ ਅਨੁਸਾਰ ਪ੍ਰਧਾਨ ਸਾਹਿਬ ਸ਼ਰੋਮਣੀ ਕਮੇਟੀ ਨੇ ਸ: ਸਾਹਿਬ ਸਿੰਘ ਜੀ ਵਰਗੇ ਗੁਰਬਾਣੀ ਦੇ ਖੋਜੀ, ਬਾਵਾ ਹਰਿਕ੍ਰਿਸ਼ਨ ਸਿੰਘ ਜੀ ਵਰਗੇ ਦੀਰਘ ਵਿਚਾਰਵਾਨ ਅਤੇ ਜਸਟਿਸ ਸ: ਹਰਨਾਮ ਸਿੰਘ ਜੀ ਵਰਗੇ ਬਾਰੀਕੀ ਨੂੰ ਸਮਝਣ ਵਾਲੇ ਸਜਣਾਂ ਨੂੰ ਆਪਸ ਵਿਚਲੇ ਮਤ ਭੇਦਾਂ ਦਾ ਨਿਰਨਾ ਕਰਨ ਲਈ ਨਿਯਤ ਕੀਤਾ, ਜਿਹਨਾਂ ਨੇ ਬੜੀ ਡੂੰਘੀ ਤੇ ਲਮੇਰੀ ਖੋਜ ਉਪਰੰਤ ਸਰਬ ਸੰਮਤੀ ਨਾਲ ਫੈਸਲਾ ਦਿਤਾ ਕਿ ਸ਼ਰੋਮਣੀ ਕਮੇਟੀ ਵਲੋਂ ਛਾਪੀ ਗਈ ਪਾਵਨ ਬੀੜ ਦੇ ਮੰਗਲਾ ਚਰਨਾਂ ਦੀ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆ ਦਿ ਬੀੜ ਅਨੁਕੂਲ ਹੈ, ਇਸ ਲਈ ਇਹ ਸ਼ੁਧ ਹੈ।

ਸੰਗਤਾਂ ਦੀ ਗਿਆਤ ਲਈ ਇਹ ਦਸਣਾ ਵੀ ਲਾਭਦਾਇਕ ਰਹੇਗਾ ਕਿ ਚੀਫ਼ ਖਾਲਸਾ ਦੀਵਾਨ, ਸ਼ਰੋਮਣੀ ਕਮੇਟੀ ਅਤੇ ਹੋਰ ਖੋਜੀ ਸਜਣ ਇਸ ਗਲ ਤੇ ਸੌ ਫੀ ਸਦੀ ਸਹਿਮਤ ਹਨ ਕਿ

Digitized by Panjab Digital Library | www.panjabdigilib.org

ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਆਦਿ ਬੀੜ ਅਤੇ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਦੇ ਮੰਗਲਾ ਚਰਨਾਂ ਦੀ ਤਰਤੀਬ ਇਕ ਸਮਾਨ ਹੈ।

ਸੰਗਤਾਂ ਆਪ ਹੀ ਅੰਦਾਜ਼ਾ ਲਾ ਲੈਣ ਕਿ ਕੀ ਚੀਫ਼ ਖ਼ਾਲਸਾ ਦੀਵਾਨ ਵਲੋਂ ਇਸ ਕਿਸਮ ਦੇ ਇਕੱਠ ਭੁਲੇਖਾ ਪਾਣ ਲਈ ਨਹੀਂ ਕੀਤੇ ਜਾ ਰਹੇ ?

ਦੀਵਾਨ ਦੇ ਸਕੱਤਰ ਜੀ ਇਤਰਾਜ਼ ਕਰਦੇ ਹਨ ਕਿ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਦੇ ਮੰਗਲਾਂ ਦੀ ਤਰਤੀਬ ਠੀਕ ਨਹੀਂ। ਵਿਦਵਾਨ ਸਜਣ ਇਹ ਰਾਏ ਸਪਸ਼ਟ ਤੌਰ ਤੇ ਦੇ ਚੁਕੇ ਹਨ ਕਿ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਦੇ ਮੰਗਲਾਂ ਦੀ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਹੈ।

ਇਹ ਫ਼ੈਸਲਾ ਕੇਵਲ ਹੁਣ ਦੇ ਵਿਦਵਾਨਾਂ ਨੇ ਹੀ ਨਹੀਂ ਦਿਤਾ ਸਗੋਂ ਇਸ ਤੋਂ ਪਹਿਲਾਂ ਮਹਾਰਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਇਸੇ ਤਰਤੀਬ ਨੂੰ ਆਪਣੀ ਮੋਹਰ ਲਾ ਕੇ ਠੀਕ ਦਸ ਚੁਕੇ ਹਨ।

ਇਕ ਨਹੀਂ ਸੈਂਕੜੇ ਹੀ ਪੁਰਾਤਨ ਲਿਖਤ ਦੀਆਂ ਐਸੀਆਂ ਬੀੜਾਂ ਵਖੋ ਵਖ ਥਾਵਾਂ ਤੇ ਬਰਾਜਮਾਨ ਹਨ ਜਿਨ੍ਹਾਂ ਵਿਚ ਮੰਗਲ ਹਰ ਥਾਂ ਰਾਗਾਂ ਤੋਂ ਪਹਿਲੇ ਹਨ। ਕੇਵਲ ਦੋ ਬੀੜਾਂ ਦਾ ਹੀ ਇਥੇ ਹਵਾਲਾ ਦੇਣਾ ਕਾਫ਼ੀ ਰਹੇਗਾ।

੧. ਭਾਈ ਹਰਿਦਾਸ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਖ ਸਨ ਅਤੇ ਉਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਲਿਖਾਰੀ ਰਹੇ ਹਨ। ਉਹਨਾਂ ਵਲੋਂ ਲਿਖੀ ਬੀੜ ਦੇ ਅਰੰਭ ਵਿਚ ਨੌਵੇਂ ਪਾਤਸ਼ਾਹ ਦਾ ਨੀਸਾਣ ਹੈ ਅਤੇ ਅੰਤ ਵਿਚ ਉਨ੍ਹਾਂ ਨੇ ਆਪ ਲਿਖਿਆ ਹੈ:-

> "ਗ੍ਰੰਥ ਸੰਪੂਰਨ ਹੋਆ ਲਿਖਿਆ ਹਰਿਦਾਸ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਲਿਖਿਆ। ਭੁਲ ਚੁਕ ਹੋਵੇ ਸੋ ਸੋਧਣਾ ਗੁਲਾਮ ਪਤਿਤੁ ਅਘਪਤਤੁ ਮਹਾਂ ਪਤਤ ਹਰਿਦਾਸ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ।"

ਇਨ੍ਹਾਂ ਸ਼ਬਦਾਂ ਤੋਂ ਲਿਖਾਰੀ ਦੀ ਨਿਰਮਾਨਤਾ ਅਤੇ ਗੁਰੂ ਸ਼ਰਧਾ ਦਾ ਅੰਦਾਜ਼ਾ ਲਗ ਸਕਦਾ ਹੈ। ਇਨ੍ਹਾਂ ਵਲੋਂ ਲਿਖੀ ਉਕਤ ਸਾਰੀ ਬੀੜ ਵਿਚ ਮੰਗਲ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਅਨੁਸਾਰ ਰਾਗਾਂ ਤੋਂ ਸਪਸ਼ਟ ਪਹਿਲਾਂ ਹਨ।

੨. ਇਸੇ ਤਰ੍ਹਾਂ ਸਿਖ ਰੈਫ਼ਰੈਂਸ ਲਾਇਬਰੇਰੀ ਵਿਚ ਦਸਮ ਪਾਤਸਾਹ ਜੀ ਦੇ ਦਸਤਖ਼ਤੀ ਨਿਸ਼ਾਨ ਵਾਲੀ ਬੀੜ ਵਿਦਮਾਨ ਹੈ ਜਿਸ ਦੇ ਮੰਗਲਾਂ ਦੀ ਤਰਤੀਬ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਦੇ ਮੰਗਲਾਂ ਅਨੁਸਾਰ ਸਪਸ਼ਟ ਰਾਗਾਂ ਤੋਂ ਪਹਿਲੇ ਹੈ।

ਦੂਜੇ ਪਾਸੇ ਛਾਪੇ ਦੀਆਂ ਦੂਜੀਆਂ ਬੀੜਾਂ ਵਿਚ ਮੰਗਲਾਂ ਦੀ ਤਰਤੀਬ ਕਿਸੇ ਵੀ ਪਰਮਾਣੀਕ ਬੀੜ ਅਨੁਸਾਰ ਨਹੀਂ ਅਤੇ ਨਾ ਹੀ ਇਨ੍ਹਾਂ ਬੀੜਾਂ ਦਾ ਪਾਠ ਕਿਸੇ ਇਤਿਹਾਸਕ ਪਰਮਾਣੀਕ ਬੀੜ ਦੇ ਅਨਕੂਲ ਹੈ।

ਵਿਦਵਾਨ ਸਜਣ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਦੇ ਮੰਗਲਾਂ ਦੀ ਤਰਤੀਬ ਨੂੰ ਠੀਕ ਦਸਦੇ ਹਨ; ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਸਖ਼ਤੀ ਨਿਸ਼ਾਨਾਂ ਵਾਲੀਆਂ ਬੀੜਾਂ ਵੀ ਇਸ ਤਰਤੀਬ ਦੀ ਪਰੋੜ੍ਹਤਾ ਕਰਦੀਆਂ ਹਨ। ਅਜਿਹੀ ਹਾਲਤ ਵਿਚ ਚੀਫ਼ ਖ਼ਾਲਸਾ ਦੀਵਾਨ, ਬਾਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਵਲੋਂ ਛਪਵਾਈਆਂ ਬੀੜਾਂ ਅਨੁਸਾਰ ਮੰਗਲਾਂ ਦੀ ਤਰਤੀਬ ਕਰਨ ਲਈ ਕਦੇ ਇਕ ਫ਼ੈਸਲਾ ਕਰਦਾ ਹੈ ਅਤੇ ਜੇ ਉਹ ਫ਼ੈਸਲਾ ਵੀ ਦੁਕਾਨਦਾਰਾਂ ਦੀ ਮਦਦ ਨਹੀਂ ਕਰਦਾ ਤਾਂ ਫਿਰ ਦੂਜਾ ਫ਼ੈਸਲਾ ਕਰਦਾ ਹੈ।

ਇਨ੍ਹਾਂ ਦੁਕਨਦਾਰਾਂ ਵਲੋਂ ਛਪਵਾਈਆਂ ਬੀੜਾਂ ਦੀ ਕਸਵੱਟੀ ਤੇ ਸ਼੍ਰੋਮਣੀ ਕਮੇਟੀ ਵਲੋਂ

Digitized by Panjab Digital Library | www.panjabdigilib.org

ਛਾਪੀ ਗਈ ਬੀੜ ਨੂੰ ਪਰਖ ਕੇ ਅਤੇ ਇਹ ਲਿਖ ਲਿਖ ਕੇ ਪਰਾਪੇਗੰਡਾ ਕਰਨਾ ਕਿ ਸ਼ਰੋਮਣੀ ਕਮੇਟੀ ਨੇ ਵਖਰੇ ਰੂਪ ਦੀ ਬੀੜ ਛਾਪ ਦਿਤੀ ਹੈ, ਅਦਲਾ ਬਦਲੀ ਕਰ ਦਿਤੀ ਹੈ ਆਦਿ ਕਿਥੋਂ ਤਕ ਸ਼ੋਭਾ ਦਿੰਦਾ ਹੈ?

ਦੀਵਾਨ ਦੇ ਸਕੱਤਰ ਸਾਹਿਬ ਅੰਕ (੬) ਵਿਚ ਲਿਖਦੇ ਹਨ ਕਿ "ਚੀਫ਼ ਖਾਲਸਾ ਦੀਵਾਨ ਨੇ ਇਸ ਮਾਮਲੇ ਸਬੰਧੀ ਅਜੇ ਤਕ ਕਿਸੇ ਅਦਾਲਤ ਵਿਚ ਮੁਕੱਦਮਾ ਨਹੀਂ ਕੀਤਾ ਅਤੇ ਨਾ ਹੀ ਕਰਨ ਦਾ ਫ਼ੈਸਲਾ ਕੀਤਾ ਹੈ।" ਇਹ ਠੀਕ ਹੈ ਕਿ ਦੀਵਾਨ ਨੇ ਆਪ ਮੁਕੱਦਮਾ ਨਹੀਂ ਕੀਤਾ; ਪਰੰਤੂ ਕਰਵਾਇਆ ਹੈ। ਮੁਕੱਦਮੇ ਦਾ ਅਰਜ਼ੀ-ਦਾਹਵਾ ਜਿਸ ਸਜਣ ਨੇ ਲਿਖਿਆ ਹੈ ਉਸ ਨੇ ਦਸਿਆ ਹੈ ਕਿ ਚੀਫ਼ ਖਾਲਸਾ ਦੀਵਾਨ ਦੇ ਦੋ ਸਜਣ ਇਸ ਦੀ ਪੈਰਵੀ ਲਈ ਉਨ੍ਹਾਂ ਨੂੰ ਮਿਲੇ ਪਰੰਤੂ ਉਨ੍ਹਾਂ ਨੇ ਅਜਿਹਾ ਕਰਨੋਂ ਅਸਮਰਥਾ ਪ੍ਰਗਟ ਕੀਤੀ।

ਅਗਲੇ ਅੰਕ ਵਿਚ ਚੀਫ਼ ਖਾਲਸਾ ਦੀਵਾਨ ਦੇ ਸਕੱਤਰ ਸਾਹਿਬ ਲਿਖਦੇ ਹਨ ਕਿ ਸ਼ਰੋਮਣੀ ਕਮੇਟੀ ਉਨ੍ਹਾਂ ਨਾਲ ਇਕਰਾਰ ਕਰਕੇ ਪੂਰੇ ਨਹੀਂ ਕਰਦੀ ਰਹੀ।

ਸ਼ਰੋਮਣੀ ਕਮੇਟੀ ਨੇ ਜੋ ਵੀ ਫ਼ੈਸਲੇ ਕੀਤੇ ਹਨ ਉਨ੍ਹਾਂ ਤੇ ਚਲਣ ਦਾ ਪੂਰਾ ਪੂਰਾ ਯਤਨ ਕੀਤਾ ਹੈ ਅਤੇ ਜੋ ਉਨ੍ਹਾਂ ਨੂੰ ਵਰਤੋਂ ਵਿਚ ਲਿਆਉਣ ਵਿਚ ਕੋਈ ਅੜਿਚਣ ਆਈ ਹੈ ਤਾਂ ਉਹ ਵਿਦਵਾਨਾਂ ਦੇ ਸਪੁਰਦ ਕਰਕੇ ਜਿਵੇਂ ਉਨ੍ਹਾਂ ਨੇ ਰਾਏ ਦਿਤੀ ਹੈ ਉਸ ਅਨੁਸਾਰ ਕੀਤਾ ਗਿਆ ਹੈ। ਚੀਫ਼ ਖਾਲਸਾ ਦੀਵਾਨ ਨੇ ਵੀ ਪਹਿਲਾਂ ਮੰਗਲਾਂ ਦੀ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਅਨੁਸਾਰ ਕਰਨ ਲਈ ਫ਼ੈਸਲਾ ਕੀਤਾ, ਸ਼ਰੋਮਣੀ ਕਮੇਟੀ ਵਿਰੁਧ ਇਹ ਪਰਾਪੇਗੰਡਾ ਵੀ ਕੀਤਾ ਕਿ ਕਮੇਟੀ ਵਲੋਂ ਇਹ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਨਹੀਂ ਕੀਤੀ ਜਾ ਰਹੀ; ਪਰੰਤੂ ਜਦੋਂ ਇਹ ਚਾਨਣ ਹੋਇਆ ਕਿ ਸ਼ਰੋਮਣੀ ਕਮੇਟੀ ਵਲੋਂ ਛਪੀ ਬੀੜ ਦੇ ਮੰਗਲਾਂ ਦੀ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਹੀ ਹੈ ਤਾਂ ਦੀਵਾਨ ਆਪਣੇ ਪਹਿਲੇ ਸਾਰੇ ਫ਼ੈਸਲਿਆਂ ਨੂੰ ਛਿਕੇ ਤੇ ਟੰਗ ਕੇ ਹੋਰ ਰਾਹੇ ਹੀ ਤੁਰ ਪਿਆ। ਸ਼ਰੋਮਣੀ ਕਮੇਟੀ ਵਲੋਂ ਤਾਂ ਇਹ ਹੀ ਯਤਨ ਹੁੰਦਾ ਰਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਵਾਈ ਦੇ ਮਾਮਲੇ ਵਿਚ ਚੀਫ਼ ਖਾਲਸਾ ਦੀਵਾਨ ਦਾ ਪੂਰਾ ਪੂਰਾ ਮਿਲਵਰਤਨ ਪ੍ਰਾਪਤ ਕੀਤਾ ਜਾਏ। ਮੰਗਲਾਂ ਦੀ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਅਨੁਸਾਰ ਕਰਨ ਲਈ ਭਾਈ ਜੋਧ ਸਿੰਘ ਜੀ ਦੀ ਰਾਏ ਪਹਿਲਾਂ ਲਈ ਗਈ ਅਤੇ ਉਨ੍ਹਾਂ ਦੀ ਰਾਏ ਅਨੁਸਾਰ ਹੀ ਇਹ ਮੰਗਲ ਛਾਪੇ ਗਏ।

ਫਿਰ ਚੀਫ਼ ਖ਼ਾਲਸਾ ਦੀਵਾਨ ਨੇ ਹੀ ਇਸ ਵਿਰੁਧ ਐਜੀਟੇਸ਼ਨ ਸ਼ੁਰੂ ਕਰ ਦਿਤੀ ਅਤੇ ਇਹ ਕਹਿਣਾ ਅਰੰਭ ਕੀਤਾ ਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਮੰਗਲ ਛਾਪਣ ਲਈ ਵਿਦਵਾਨਾਂ ਦੀ ਰਾਏ ਲਈ ਜਾਏ। ਰਾਵਾਂ ਲਈਆਂ ਗਈਆਂ, ਇਕੱਤ੍ਰਤਾਵਾਂ ਹੋਈਆਂ, ਕਈ ਵਾਰ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦੇ ਦਰਸ਼ਨਾਂ ਲਈ ਚੀਫ਼ ਖ਼ਾਲਸਾ ਦੀਵਾਨ ਅਤੇ ਸ਼ਰੋਮਣੀ ਕਮੇਟੀ ਦੇ ਵਿਦਵਾਨ ਜਾਂਦੇ ਰਹੇ। ਜਦੋਂ ਪ੍ਰਧਾਨ ਸਾਹਿਬ ਸ਼ਰੋਮਣੀ ਕਮੇਟੀ ਵਲੋਂ ਸ: ਸਾਹਿਬ ਸਿੰਘ, ਬਾਵਾ ਹਰਕਿਸ਼ਨ ਸਿੰਘ ਅਤੇ ਜਸਟਿਸ ਸ: ਹਰਨਾਮ ਸਿੰਘ ਜੀ ਦੀ ਕਮੇਟੀ ਨੀਯਤ ਕੀਤੀ ਗਈ, ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਤੀਨਿਧ ਡਾ: ਸੋਹਨ ਸਿੰਘ ਜੀ ਨੇ ਕਿਹਾ ਕਿ ਪਹਿਲੇ ਪੰਜਾਂ (ਸੰਤ ਨਿਸਚਲ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਡਾ: ਗੰਡਾ ਸਿੰਘ, ਮਹੰਤ ਭਗਤ ਰਾਮ ਅਤੇ ਜਥੇਦਾਰ ਪੂਰਨ ਸਿੰਘ ਜੀ ਨਿਹੰਗ) ਵਿਚੋਂ ਕੇਵਲ ਦੋਹਾਂ ਸਜਣਾਂ ਸੰਤ ਨਿਸਚਲ ਸਿੰਘ ਜੀ ਅਤੇ ਡਾਕਟਰ ਗੰਡਾ ਸਿੰਘ ਜੀ ਨੇ ਹੀ ਇਸ ਤਰ੍ਹਾਂ ਵਿਦਵਾਨ ਨੀਯਤ ਕਰਨ ਦੇ ਸ਼ਰੋਮਣੀ ਕਮੇਟੀ ਨੂੰ ਅਧਿਕਾਰ ਦਿਤੇ ਹਨ, ਇਨ੍ਹਾਂ ਪੰਜਾਂ ਦੀ ਅਵਲ ਤਾਂ ਸਰਬ-ਸੰਮਤੀ ਹੋਵੇ, ਨਹੀਂ ਤਾਂ

Digitized by Panjab Digital Library | www.panjabdigilib.org

ਬਹੁ-ਗਿਣਤੀ ਤਾਂ ਇਸ ਹੱਕ ਵਿਚ ਹੋਣੀ ਚਾਹੀਦੀ ਹੈ। ਇਸ ਤਜਵੀਜ਼ ਉਪਰੰਤ ਜਥੇਦਾਰ ਪੂਰਨ ਸਿੰਘ ਜੀ ਅਤੇ ਮਹੰਤ ਭਗਤ ਰਾਮ ਜੀ ਨੇ ਵੀ ਇਸ ਤਜਵੀਜ਼ ਨਾਲ ਆਪਣੀ ਸੰਮਤੀ ਲਿਖਤੀ ਤੌਰ ਤੇ ਪ੍ਰਗਟ ਕੀਤੀ। ਇਸ ਤਰ੍ਹਾਂ ਪੰਜਾਂ ਵਿਚੋਂ ਚੌਹਾਂ ਦੀ ਸੰਮਤੀ ਪ੍ਰਾਪਤ ਕਰ ਲਈ ਗਈ, ਪਰ ਦੂਜੇ ਪਾਸੇ ਚੀਫ਼ ਖ਼ਾਲਸਾ ਦੀਵਾਨ ਹੋਰ ਅਗਾਂਹ ਚਲਿਆ ਗਿਆ। ਇਸ ਨੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦਾ ਨਾਮ ਲੈਣਾ ਹੀ ਛਡ ਦਿਤਾ ਅਤੇ ਆਪਣੇ ਹੀ ਪਹਿਲੇ ਫ਼ੈਸਲਿਆਂ ਵਿਰੁਧ ੩ ਨਵੰਬਰ ਨੂੰ ਹੋਰ ਫ਼ੈਸਲਾ ਕਰ ਦਿਤਾ।

ਜਦੋਂ ਨਿਸ਼ਾਨਾ ਹੀ ਵਿਰੋਧਤਾ ਕਰਨਾ ਹੋਵੇ ਉਦੋਂ ਕਿਸੇ ਨੂੰ ਸੰਤੁਸ਼ਟ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ?

ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਨੂੰ ਖੁਲ੍ਹਿਆਂ ਕਰਨ ਸਮੇਂ ਵੀ ਚੀਫ਼ ਖ਼ਾਲਸਾ ਦੀਵਾਨ ਨੇ ਇਹੋ ਵਤੀਰਾ ਧਾਰਨ ਕੀਤਾ ਸੀ ਜੋ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਛਪਵਾਈ ਬਾਰੇ ਦੀਵਾਨ ਵਲੋਂ ਧਾਰਨ ਕੀਤਾ ਗਿਆ ਹੈ। ਦੀਵਾਨ ਦੇ ਅਖਬਾਰ ਲਗਾਤਾਰ ਐਜੀਟੇਸ਼ਨ ਕਰਦੇ ਰਹੇ ਕਿ ਸ਼੍ਰੋਮਣੀ ਕਮੇਟੀ ਵਾਲੇ ਅਰਦਾਸ ਭੰਗ ਕਰ ਰਹੇ ਹਨ। ਅਰਦਾਸ ਵਿਚ ਆਉਂਦਾ ਹੈ "ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ" ਪਰ ਅਕਾਲੀ ਬੁੰਗੇ ਡੇਗ ਰਹੇ ਹਨ। ਕਈ ਥਾਵਾਂ ਤੋਂ ਦੀਵਾਨ ਵਲੋਂ ਮਤੇ ਕਰਾਏ ਗਏ, ਕਈ ਤਰ੍ਹਾਂ ਦੇ ਤਿੱਖੇ ਤੇ ਚੋਭਵੇਂ ਸ਼ਬਦ ਵੀ ਵਰਤੇ ਗਏ। ਪਰਕਰਮਾਂ ਦੀ ਸੇਵਾ ਸੰਤਾਂ ਦੇ ਸਪੁਰਦ ਹੋਣ ਤੇ ਦੀਵਾਨ ਚੁਪ ਹੋ ਗਿਆ। ਇਕ ਹਿੱਸਾ ਪਰਕਰਮਾਂ ਦਾ ਸ੍ਰੀ ਦਰਬਾਰ ਸਾਹਿਬ ਵਲੋਂ ਬਣਾਇਆ ਜਾਣਾ ਹੈ, ਉਸ ਪਾਸੇ ਦੀ ਸੇਵਾ ਸ਼ੁਰੂ ਹੋਈ ਹੈ, ਦੀਵਾਨ ਦੇ ਅਖਬਾਰ ਨੇ ਹੁਣ ਫਿਰ ਲਿਖਣਾ ਸ਼ੁਰੂ ਕਰ ਦਿਤਾ ਹੈ ਕਿ ਰੋੜੀ ਪੁਰਾਣੀਆਂ ਇੱਟਾਂ ਦੀ ਕੁਟੀ ਜਾ ਰਹੀ ਹੈ। ਕੋਈ ਇਤਰਾਜ਼ ਤਾਂ ਕਰਨਾ ਹੀ ਹੋਇਆ !

ਸ਼੍ਰੋਮਣੀ ਕਮੇਟੀ ਦੇ ਇੰਜੀਨੀਅਰ ਤੇ ਇੱਟਾਂ ਦਾ ਤਜਰਬਾ ਰਖਣ ਵਾਲਿਆਂ ਦੀ ਤਾਂ ਇਹ ਰਾਇ ਹੈ ਕਿ ਇਹ ਰੋੜੀ ਮਜ਼ਬੂਤ ਹੈ, ਪਰ ਦੀਵਾਨ ਦੀ ਇਹ ਰਾਇ ਹੈ ਕਿ ਇਹ ਰੋੜੀ ਕਮਜ਼ੋਰ ਹੈ। ਕਮਜ਼ੋਰ ਇਸ ਲਈ ਹੈ ਕਿ ਇਹ ਸੇਵਾ ਸ਼੍ਰੋਮਣੀ ਕਮੇਟੀ ਵਲੋਂ ਕਰਵਾਈ ਜਾ ਰਹੀ ਹੈ।

ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਵੀ ਯਤਨ ਕਰਦੇ ਰਹੇ ਕਿ ਚੀਫ਼ ਖ਼ਾਲਸਾ ਦੀਵਾਨ ਨੂੰ ਕਿਸੇ ਤਰ੍ਹਾਂ ਸੰਤੁਸ਼ਟ ਕੀਤਾ ਜਾ ਸਕੇ ਤੇ ਐਵੇਂ ਝਗੜਿਆਂ ਵਿਚ ਕੌਮ ਦਾ ਵਕਤ ਖਰਾਬ ਨਾ ਹੋਵੇ ਪਰ ਉਹ ਵੀ ਇਸ ਕੰਮ ਵਿਚ ਸਫਲ ਨਾ ਹੋ ਸਕੇ।

ਦੀਵਾਨ ਨੇ ਉਸਾਰੂ ਕੰਮ ਕਰਨ ਦੀ ਥਾਂ ਸ਼੍ਰੋਮਣੀ ਕਮੇਟੀ ਵਲੋਂ ਛਪੀ ਪਾਵਨ ਬੀੜ ਦੀ ਵਿਰੋਧਤਾ ਕਰਨੀ, ਸ਼੍ਰੋਮਣੀ ਕਮੇਟੀ ਵਲੋਂ ਕਰਵਾਈ ਜਾ ਰਹੀ ਪਰਕਰਮਾਂ ਦੀ ਸੇਵਾ ਦੇ ਕੰਮ ਦੀ ਵਿਰੋਧਤਾ ਕਰਨੀ ਹੀ ਉਸਾਰੂ ਕੰਮ ਸਮਝ ਲਿਆ ਹੋਇਆ ਹੈ। ਅਜਿਹੀ ਹਾਲਤ ਵਿਚ ਸਤਿਗੁਰੂ ਸਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਹੀ ਕੀਤੀ ਜਾ ਸਕਦੀ ਹੈ ਕਿ ਉਹ ਸਾਨੂੰ ਸਾਰਿਆਂ ਨੂੰ ਸੁਮੱਤ ਬਖਸ਼ੇ ਤਾਕਿ ਅਸੀਂ ਆਪਸ ਵਿਚ ਇਨ੍ਹਾਂ ਝਮੇਲਿਆਂ ਵਿਚ ਪੈਣ ਦੀ ਥਾਂ ਪੰਥ ਦੀ ਉਨਤੀ ਲਈ ਕੋਈ ਉਸਾਰੂ ਕੰਮ ਕਰ ਸਕੀਏ।

('ਗੁਰਦੁਆਰਾ ਗਜ਼ਟ', ਫ਼ਰਵਰੀ, ੧੯੫੭ ਵਿਚੋਂ)

—o—

Digitized by Panjab Digital Library | www.panjabdigilib.org

ਚੀਫ਼ ਖ਼ਾਲਸਾ ਦੀਵਾਨ ਵਲੋਂ

ਇਹ ਅਕਾਰਨ ਵਿਰੋਧਤਾ ਕਿਉਂ ?

[ਪ੍ਰੋ: ਹਰਿਭਜਨ ਸਿੰਘ ਜੀ]

੩-੧੧-੫੬ ਨੂੰ ਦੀਵਾਲੀ ਸਮੇਂ ਹੁਣ ਇਕ ਹੋਰ ਨਵਾਂ ਅਤੇ ਆਪਣਿਆਂ ਪਹਿਲਿਆਂ ਮਤਿਆਂ ਨਾਲੋਂ ਭਿੰਨ ਮਤਾ ਪਾਸ ਕਰਕੇ ਚੀਫ਼ ਖ਼ਾਲਸਾ ਦੀਵਾਨ ਅਤੇ ਉਸਦੇ ਅਖ਼ਬਾਰ ਅਜੀਬ ਆਪਾ-ਵਿਰੋਧੀ ਲਿਖਤਾਂ ਅਤੇ ਦਲੀਲਾਂ ਦੇ ਇਕ ਗੋਰਖ-ਧੰਧੇ ਵਿਚ ਬੁਰੀ ਤਰ੍ਹਾਂ ਉਲਝ ਗਏ ਹਨ। ਆਓ! ਜ਼ਰਾ ਇਨ੍ਹਾਂ ਦੀਆਂ ਲਿਖਤਾਂ ਤੇ ਯੁਕਤੀਆਂ ਦੀ ਠਰ੍ਹੰਮੇ ਨਾਲ ਪੜਚੋਲ ਕਰੀਏ:-

(੧) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬੀੜ ਛਾਪੇ ਜਾਣ ਉਪਰੰਤ ਚੀਫ਼ ਖ਼ਾਲਸਾ ਦੀਵਾਨ ਦੇ ਅਖ਼ਬਾਰ ਖਾਲਸਾ ਸਮਾਚਾਰ ਦੇ ਐਡੀਟਰ ਸਾਹਿਬ ਨੇ ੩੦-੫-੫੬ ਨੂੰ ਇਕ ਲੰਬੀ ਚੌੜੀ ਚਿਠੀ ਸ਼੍ਰੋਮਣੀ ਕਮੇਟੀ ਵਲ ਲਿਖੀ। ਇਸ ਵਿਚ ਆਪ ਲਿਖਦੇ ਹਨ- "......ਸਾਨੂੰ ਕਿਸੇ ਦੀ ਮਤ ਅਨੁਸਾਰ ਨਹੀਂ ਜਾਣਾ ਚਾਹੀਦਾ, ਜਦ ਕਿ ਪੰਚਮ ਪਾਤਸ਼ਾਹ ਦੇ ਹੱਥ-ਕਮਲਾਂ ਦੀ ਤਿਆਰ ਕੀਤੀ ਕਰਾਈ ਪਵਿਤਰ ਆਦਿ ਬੀੜ ਸਾਡੇ ਪਾਸ ਹੈ। ਪਰਤੱਖ ਨੂੰ ਪ੍ਰਮਾਣ ਕੀ?..........ਮੇਰੀ ਨਾਚੀਜ਼ ਰਾਇ ਵਿਚ ਸਾਨੂੰ ਕੋਈ ਐਸਾ ਕਦਮ ਨਹੀਂ ਉਠਾਉਣਾ ਚਾਹੀਦਾ ਜੋ ਪਵਿਤਰ ਆਦਿ ਬੀੜ ਦੀ authenticity (ਪ੍ਰਮਾਣੀਕਤਾ) ਨੂੰ ਨੁਕਸਾਨ ਪਹੁੰਚਾਵੇ।"

(੨) ਹੁਣ ਦੇਖੋ ਚੀਫ਼ ਖ਼ਾਲਸਾ ਦੀਵਾਨ ਦਾ ਮਤਾ ਨੰਬਰ ੩੯੬੧ ਮਿਤੀ ੨੮-੬-੫੩ "(ੳ) ਦੀਵਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਉਦਮ ਦੀ ਪ੍ਰਸੰਸਾ ਕਰਦਾ ਹੈ ਜਿਸ ਦੁਆਰਾ ਕਮੇਟੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਤਿਆਰ ਕਰਵਾਈ ਤੇ ਭਾਈ ਗੁਰਦਾਸ ਜੀ ਦੀ ਕਲਮ ਦੁਆਰਾ ਲਿਖੀ ਗਈ ਪਾਵਨ ਆਦਿ ਬੀੜ ਜੋ ਸ੍ਰੀ ਕਰਤਾਰਪੁਰ ਸਾਹਿਬ ਬਿਰਾਜਮਾਨ ਹੈ, ਨਾਲ ਸੁਧਾਈ ਕਰਕੇ ਬਲਾਕਾਂ ਨਾਲ ਛਪਾਈ ਦਾ ਇਹ ਮਹਾਨ ਕਾਰਜ ਸਿਰੇ ਚਾੜ੍ਹਿਆ ਹੈ। ਲਾਗਤ ਤੋਂ ਘਟ ਭੇਟਾ ਨਿਯਤ ਕਰਨੀ ਤੇ ਬੀੜ ਨੂੰ ਜਿਉਂ ਦਾ ਤਿਉਂ ਬਿਨਾਂ ਪਦ-ਛੇਦ ਕੀਤੇ ਛਾਪਣਾ ਨਿਰਸੰਦੇਹ ਬਹੁਤ ਸੁਚੱਜੀ ਤੇ ਸ਼ਲਾਘਾ ਯੋਗ ਸੇਵਾ ਹੈ।

(ਅ) ਕਿਉਂਕਿ ਇਹ ਮਾਮਲਾ ਸਾਰੇ ਖਾਲਸਾ ਪੰਥ ਤੇ ਸਭ ਪੰਥਕ ਸੰਪ੍ਰਦਾਵਾਂ-ਭਾਵੇਂ ਉਹ ਕੇਸਾਧਾਰੀ ਹੋਣ ਜਾਂ ਸਹਿਜਧਾਰੀ-ਨਾਲ ਸਬੰਧ ਰਖਦਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਆਦਿ "੧ ੳ ਸਤਿਨਾਮੁ" ਤੋਂ "ਅਠਾਰਹ ਦਸ ਬੀਸ" ਤਕ ਕਰਤਾਰਪੁਰ ਸਾਹਿਬ ਵਾਲੀ ਪਾਵਨ ਪ੍ਰਮਾਣੀਕ ਬੀੜ ਜੋ ਪੰਚਮ ਪਾਤਸ਼ਾਹ ਜੀ ਨੇ ਲਿਖਾਈ ਤੇ ਭਾਈ ਗੁਰਦਾਸ ਜੀ ਨੇ ਲਿਖੀ ਹੈ, ਨਾਲ ਜਿਉਂ ਕਾ ਤਿਉਂ ਹੋਣਾ ਸਿਖੀ ਹੋਂਦ ਅਤੇ ਪੰਥਕ ਏਕਤਾ ਤੇ ਕਲਿਆਨ ਵਾਸਤੇ ਅਤਿ ਜ਼ਰੂਰੀ ਹੈ, ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਪੂਰੇ ਜ਼ੋਰ ਨਾਲ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਬੜੀ ਛੇਤੀ ਹੀ ਸਾਰੇ ਮਤ-ਭੇਦਾਂ ਦੀ ਨਿਰਪਖ ਤੇ ਯੋਗ ਛਾਣ ਬੀਣ ਲਈ ਆਪਣੇ ਤੇ ਦੀਵਾਨ ਦੇ ਧਾਰਮਿਕ ਸਲਾਹਕਾਰਾਂ ਦੇ ਇਹ ਮਾਮਲਾ ਸਪੁਰਦ ਕਰ ਦੇਵੇ ਤੇ ਉਹਨਾਂ ਕੋਲੋਂ ਛੇਤੀ ਪਰ ਪੂਰੀ ਪੂਰੀ ਖੋਜ

Digitized by Panjab Digital Library | www.panjabdigilib.org

ਵਿਚਾਰ ਬਾਅਦ ਰੀਪੋਰਟ ਲੈਕੇ ਉਚਿਤ ਸੁਧਾਈ ਕਰ ਦੇਵੇ, ਜਿਸ ਨਾਲ ਮੌਜੂਦਾ ਚਰਚਾ ਖਤਮ ਹੋ ਜਾਵੇ।”

ਉਪਰੋਕਤ ਮਤੇ ਵਿਚ ਕੀਤੀ ਮੰਗ ਅਨੁਸਾਰ ਸ਼੍ਰੋਮਣੀ ਕਮੇਟੀ ਅਤੇ ਚੀਫ ਖ਼ਾਲਸਾ ਦੀਵਾਨ ਦੇ ਮਿਲਵੇਂ ਵਿਦਵਾਨ ੯-੧੦-੫੩ ਨੂੰ ਸ੍ਰੀ ਕਰਤਾਰਪੁਰ ਸਾਹਿਬ ਇਕੱਤ੍ਰ ਹੋਏ ਤੇ ਸ੍ਰੀ ਕਰਤਾਰ ਪੁਰ ਸਾਹਿਬ ਵਾਲੀ ਆਦਿ ਬੀੜ ਦੇ ਦਰਸ਼ਨ ਕਰਨ ਉਪਰੰਤ ਫ਼ੈਸਲੇ ਦਾ ਆਧਾਰ ਉਕਤ ਬੀੜ ਨੂੰ ਹੀ ਬਣਾਇਆ।

ਫੇਰ ੧੯-੪-੫੪ ਨੂੰ ਨਿਰਮਲ ਛੱਤਰ, ਚੌਂਕ ਕਰੋੜੀ, ਸ੍ਰੀ ਅੰਮ੍ਰਿਤਸਰ, ਵਿਖੇ ਚੀਫ਼ ਖ਼ਾਲਸਾ ਦੀਵਾਨ ਨੇ ਭਾਰੀ ਭੱਜ ਦੌੜ ਨਾਲ ਸੰਤਾਂ, ਮਹੰਤਾਂ ਆਦਿ ਦਾ ਇਕ ਵੱਡਾ ਇਕੱਠ ਕੀਤਾ। ਉਸ ਇਕੱਤ੍ਰਤਾ ਦੇ ਅਰੰਭ ਹੋਣ ਤੋਂ ਕੁਛ ਘੰਟੇ ਪਹਿਲਾਂ ਸ਼੍ਰੋਮਣੀ ਕਮੇਟੀ ਨੂੰ ਵੀ ਇਕਤ੍ਰਤਾ ਵਿਚ ਸ਼ਾਮਲ ਹੋਣ ਲਈ ਰਸਮੀ ਤੌਰ ਉਤੇ ਸੁਨੇਹਾ ਭੇਜਿਆ ਗਿਆ। ਸ: ਈਸ਼ਰ ਸਿੰਘ ਜੀ ਮਝੈਲ, ਜੋ ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ, ਆਪਣੇ ਕੁਝ ਸਾਥੀਆਂ ਸਮੇਤ ਉਕਤ ਇਕੱਠ ਵਿਚ ਪੁਜੇ। ਇਕਤ੍ਰਤਾ ਵਿਚ ਹਾਜ਼ਰ ਹੋਏ ਸਜਨਾਂ ਦੇ ਮਨ ਸ਼੍ਰੋਮਣੀ ਕਮੇਟੀ ਵਿਰੁਧ ਕਈ ਇਕ ਗਲਤ ਫ਼ਹਿਮੀਆ ਪਾ ਕੇ ਖੂਬ ਭੜਕਾਏ ਗਏ ਸਨ। ਪਰੰਤੂ ਜਦ ਚੀਫ਼ ਖ਼ਾਲਸਾ ਦੀਵਾਨ ਦੇ ਆਪਾ-ਵਿਰੋਧੀ ਮਤੇ ਇਕੱਠ ਵਿਚ ਪੜ੍ਹਕੇ ਸੁਣਾਏ ਗਏ ਅਤੇ ਦੀਵਾਨ ਦੀ ਸਹੀ ਪੁਜ਼ੀਸ਼ਨ ਖੋਲ੍ਹਕੇ ਦਸੀ ਗਈ ਤਾਂ ਹਾਜ਼ਰ ਸੰਗਤਾਂ ਹੱਕੀਆਂ ਬੱਕੀਆਂ ਰਹਿ ਗਈਆਂ ਅਤੇ ਦੀਵਾਨ ਦੀ ਪੁਜ਼ੀਸ਼ਨ ਅਤੀ ਹਾਸੋ-ਹੀਣੀ ਹੋਈ। ਜੁੜੀ ਹੋਈ ਸੰਗਤ ਨੇ, ਜਿਸ ਵਿਚ ਦੀਵਾਨ ਦੇ ਪ੍ਰਧਾਨ ਤੇ ਸਕੱਤ੍ਰ ਸਾਹਿਬਾਨ ਅਤੇ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਤੇ ਸੰਤ ਤੇਜਾ ਸਿੰਘ ਜੀ ਆਦਿ ਸਜਣ ਸ਼ਾਮਲ ਸਨ, ਸਰਬ-ਸੰਮਤੀ ਨਾਲ ਇਹੀ ਫ਼ੈਸਲਾ ਕੀਤਾ ਕਿ ਸ਼੍ਰੋਮਣੀ ਕਮੇਟੀ ਵਲੋਂ ਛਾਪੀ ਗਈ ਬੀੜ ਦੀ ਸ਼ੁਧਤਾ ਪਰਖਣ ਦਾ ਆਧਾਰ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪ੍ਰਮਾਣੀਕ “ਆਦਿ ਬੀੜ” ਹੀ ਹੈ। ਸੋ ੯-੫-੫੪ ਨੂੰ ਸ੍ਰੀ ਕਰਤਾਰਪੁਰ ਸਾਹਿਬ ਇਕੱਤਰ ਹੋ ਕੇ ਅਤੇ ਪਾਵਨ “ਆਦਿ ਬੀੜ”ਦੇ ਦਰਸ਼ਨ ਕਰ ਕੇ ਅਗਲੀ ਵੀਚਾਰ ਕੀਤੀ ਜਾਵੇ।

ਆਖ਼ਰ ਇਹ ਇਕੱਠ ੯-੫-੫੪ ਨੂੰ ਸ੍ਰੀ ਕਰਤਾਰਪੁਰ ਸਾਹਿਬ ਹੋਇਆ, ਜਿਸ ਵਿਚ ਪ੍ਰਿੰਸੀਪਲ ਜੋਧ ਸਿੰਘ ਜੀ, ਡਾ: ਸ਼ੇਰ ਸਿੰਘ ਜੀ ਅਤੇ ਸੰਤ ਨਿਸਚਲ ਸਿੰਘ ਜੀ ਆਦਿ ਪੰਜ ਸਜਣ ਚੁਣੇ ਗਏ ਤਾਂ ਜੋ ਉਹ ਆਦਿ ਬੀੜ ਦੇ ਆਧਾਰ ਉਤੇ ਫ਼ੈਸਲਾ ਦੇਣ। ਉਸ ਸਮੇਂ ਵੀ ਦੀਵਾਨ ਦੇ ਅਖ਼ਬਾਰ ਦੇ ਐਡੀਟਰ ਸਾਹਿਬ ਨੇ ਸ੍ਰੀ ਕਰਤਾਰਪੁਰ ਵਾਲੀ ਆਦਿ ਬੀੜ ਨੂੰ ਆਧਾਰ ਮੰਨਣ ਤੋਂ ਫਿਰਨਾ ਚਾਹਿਆ, ਪਰੰਤੂ ਪ੍ਰਿੰਸੀਪਲ ਜੋਧ ਸਿੰਘ ਜੀ ਨੇ ਇਹ ਗਲ ਉਥੇ ਹੀ ਸਪਸ਼ਟ ਕਰ ਦਿਤੀ ਕਿ ਉਹ ਪੰਜਾਂ ਦੀ ਕਮੇਟੀ ਵਿਚ ਤਾਂ ਹੀ ਸ਼ਾਮਲ ਹੋਣਗੇ ਜੇ ਫ਼ੈਸਲਾ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦੇ ਆਧਾਰ ਤੇ ਹੀ ਕੀਤਾ ਜਾਣਾ ਪਰਵਾਨ ਹੋਵੇ। ਇਹ ਗਲ ਪ੍ਰਿੰਸੀਪਲ ਸਾਹਿਬ ਨੇ ਸ਼੍ਰੋਮਣੀ ਕਮੇਟੀ ਨੂੰ ਬਾਅਦ ਵਿਚ ਲਿਖੇ ਇਕ ਪੱਤਰ ਮਿਤੀ ੨੪-੯-੫੪ ਵਿਚ ਨ ਕੇਵਲ ਮੰਨੀ ਹੀ ਹੈ, ਸਗੋਂ ਨਾਲ ਹੀ ਇਹ ਫ਼ਤਵਾ ਵੀ ਦਿਤਾ ਹੈ ਕਿ “..........ਹੋਰ ਸੰਸਥਾਵਾਂ ਜਾਂ ਵਿਅਕਤੀਆਂ ਜੋ ਸ੍ਰੀ ਕਰਤਾਰਪੁਰ ਵਾਲੀ ਬੀੜ ਨੂੰ ਪ੍ਰਮਾਣੀਕ ਨਹੀਂ ਮੰਨਦੀਆਂ, ਉਹ ਭਸੌੜ ਦੀਵਾਨ ਨਾਲ ਸਬੰਧ ਰਖਦੀਆਂ ਹਨ, ਜਿਨ੍ਹਾਂ ਰਾਗਮਾਲਾ ਦਾ ਝਗੜਾ ਚੁਕਿਆ ਸੀ..........।” ਹੁਣ ੩-੧੧-੫੬ ਨੂੰ ਆਪਣੇ ਪਹਿਲਿਆਂ ਮਤਿਆਂ ਅਤੇ ਲਿਖਤਾਂ ਨਾਲੋਂ ਉਲਟ ਮਤਾ ਪਾਸ ਕਰਨ ਤੋਂ ਬਾਅਦ ਚੀਫ਼ ਖ਼ਾਲਸਾ ਦੀਵਾਨ ਦੀ ਇਸ ਫ਼ਤਵੇ ਬਾਰੇ ਕੀ ਪੁਜ਼ੀਸ਼ਨ ਹੈ ਅਤੇ ਕਿਤੇ ਇਹ ਹੁਣ ਉਹਨਾਂ ਉਤੇ ਹੀ ਤਾਂ ਲਾਗੂ ਨਹੀਂ ਹੁੰਦਾ? ਇਹ ਗਲ ਸੰਗਤਾਂ ਆਪ ਹੀ ਵੇਖ ਵੀਚਾਰ ਲੈਣ।

Digitized by Panjab Digital Library | www.panjabdigilib.org

ਸੁਆਦਲੀ ਗਲ ਇਹ ਹੈ ਕਿ ਚੀਫ਼ ਖ਼ਾਲਸਾ ਦੀਵਾਨ ਇਕ ਪਾਸੇ ਤਾਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਦੇ ਆਧਾਰ ਉਤੇ ਹੋਏ ਫ਼ੈਸਲਿਆਂ ਨੂੰ ਆਪਣੇ ਬਣਾਏ ਦ੍ਰਿਸ਼ਟੀ-ਕੋਨ ਅਨੁਸਾਰ ਲਾਗੂ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਹੁਣ ਤਕ ਜ਼ੋਰ ਦੇਂਦਾ ਰਿਹਾ ਹੈ ਅਤੇ ਦੂਜੇ ਪਾਸੇ ਹੁਣ ਆਪਣੇ ਪਹਿਲੇ ਮਤਿਆਂ ਤੇ "ਆਦਿ ਬੀੜ" ਨੂੰ ਛਪਾਈ ਦਾ ਆਧਾਰ ਮੰਨਣ ਤੋਂ ਹੀ ਫਿਰ ਗਿਆ ਹੈ। ਅਸੀਂ ਪੁਛਦੇ ਹਾਂ ਕਿ ਕੀ ਸਾਂਝੇ ਫ਼ੈਸਲਿਆਂ ਉਤੇ ਵਰਤੋਂ ਕਰਨ ਦੀ ਦੀਵਾਨ ਦੀ ਆਪਣੀ ਕੋਈ ਜ਼ਿੰਮੇਵਾਰੀ ਅਤੇ ਫ਼ਰਜ਼ ਬਣਦਾ ਹੈ ਜਾਂ ਨਹੀਂ ?

ਹੁਣ ਦੀਵਾਨ ਨੇ ੩-੧੧-੫੬ ਨੂੰ ਦੀਵਾਲੀ ਸਮੇਂ ਆਪਣੇ ਕੁਝ ਪੱਖੀਆਂ ਦਾ ਇਕਠ ਕਰਕੇ ਅਤੇ ਇਸ ਨੂੰ ਪੰਥਕ ਫ਼ੈਸਲੇ ਦਾ ਨਾਂ ਦੇ ਕੇ ਇਕ ਅਜਿਹਾ ਮਤਾ ਪਾਸ ਕੀਤਾ ਹੈ ਜਿਸ ਦਾ ਅਸਲ ਮਨੋਰਥ ਇਸ ਤੋਂ ਵਧ ਕੁਝ ਨਹੀਂ ਕਿ ਜਿਹੜੀਆਂ ਬੀੜਾਂ ਹੁਣ ਤਕ ਬਾਜ਼ਾਰ ਵਿਚ ਦੁਕਾਨਦਾਰਾਂ ਵਲੋਂ ਅਸ਼ੁਧ ਛਪ ਰਹੀਆਂ ਹਨ, ਉਹਨਾਂ ਨੂੰ ਹੀ ਪ੍ਰਮਾਣੀਕ ਮੰਨ ਲਿਆ ਜਾਵੇ। ਅਸਲ ਵਿਚ ਦੀਵਾਨ ਦਾ ਅਰੰਭ ਤੋਂ ਹੀ ਇਹ ਯਤਨ ਰਿਹਾ ਹੈ ਕਿ ਲੱਖੀ-ਲੁਣ ਵਾਲੇ ਦੁਕਾਨਦਾਰ ਸਜਣਾਂ ਨੂੰ ਕਿਸੇ ਤਰ੍ਹਾਂ ਵੀ ਆਂਚ ਨਾ ਆਵੇ। ਇਹੀ ਕਾਰਨ ਹੈ ਕਿ ਜਿਥੇ ਡਾਕਟਰ ਗੰਡਾ ਸਿੰਘ ਜੀ ਅਤੇ ਪ੍ਰਿੰਸੀਪਲ ਜੋਧ ਸਿੰਘ ਜੀ ਆਦਿ ਸਜਣਾਂ ਨੇ ਮੰਨਿਆ ਹੈ ਕਿ ਬਾਜ਼ਾਰ ਵਿਚ ਅਜ ਤਕ ਛਪੀਆਂ ਬੀੜਾਂ ਨਾਲੋਂ ਸ਼ਰੋਮਣੀ ਕਮੇਟੀ ਵਲੋਂ ਛਾਪੀ ਗਈ ਬੀੜ ਨਿਰਸੰਦੇਹ ਵਧੇਰੇ ਸ਼ੁਧ ਹੈ ਉਥੇ ਚੀਫ਼ ਖ਼ਾਲਸਾ ਦੀਵਾਨ ਵਲੋਂ, ਬਾਵਜੂਦ ਸ਼ਰੋਮਣੀ ਕਮੇਟੀ ਦੇ ਬਾਰ ਬਾਰ ਲਿਖ ਕੇ ਪੁਛਣ ਉਤੇ, ਇਕ ਵੇਰੀ ਇਕ ਅਖਰ ਵੀ ਦੁਕਾਨਦਾਰਾਂ ਵਲੋਂ ਅਸ਼ੁਧ ਛਾਪੀਆਂ ਜਾ ਰਹੀਆਂ ਬੀੜਾਂ ਦੇ ਵਿਰੁਧ ਨਹੀਂ ਲਿਖਿਆ ਗਿਆ। ਸਗੋਂ ਜਿਹੜੀਆਂ ਅਸ਼ੁਧੀਆਂ ਪ੍ਰਚਲਤ ਛਾਪੇ ਦੀਆਂ ਬਾਜ਼ਾਰੀ ਬੀੜਾਂ ਵਿਚ ਦੁਕਾਨਦਾਰਾਂ ਦੀ ਮਿਹਨਤ ਦੇ ਘਾਟ ਦੇ ਕਾਰਨ ਤੁਰੀਆਂ ਆ ਰਹੀਆਂ ਸਨ ਅਤੇ ਜੋ ਸ਼ਰੋਮਣੀ ਕਮੇਟੀ ਨੇ ਸ਼ੁਧ ਕਰ ਦਿਤੀਆਂ ਹਨ ਉਹਨਾਂ ਨੂੰ ਦੀਵਾਨ ਦੇ ਅਖ਼ਬਾਰ ਤੇ ਹੋਰ ਸੁਆਰਥੀ ਸਜਣ ਸ਼ਰੋਮਣੀ ਕਮੇਟੀ ਵਲੋਂ ਛਾਪੀ ਪਵਿਤ੍ਰ ਬੀੜ ਵਿਚ ਪਾ ਦਿਤੀਆਂ ਅਸ਼ੁਧੀਆਂ ਦਸ ਕੇ ਸੰਗਤਾਂ ਨੂੰ ਟਪਲਾ ਲਾ ਰਹੇ ਹਨ। ਅਜੀਬ ਮਾਮਲਾ ਹੈ ਪ੍ਰਾਪੇਗੰਡੇ ਦੇ ਇਸ ਯੁਗ ਵਿਚ!

ਚੀਫ਼ ਖ਼ਾਲਸਾ ਦੀਵਾਨ ਦੇ ਅਖਬਾਰ ਹੁਣ ਆਪਣੇ ਹਰ ਪਰਚੇ ਵਿਚ ਸ਼੍ਰੋਮਣੀ ਕਮੇਟੀ ਵਿਰੁਧ ਗ਼ਲਤ-ਫ਼ਹਿਮੀਆਂ ਫੈਲਾਉਣ ਤੇ ਆਪਾ-ਵਿਰੋਧੀ ਲੇਖ ਲਿਖਣ ਵਿਚ ਖ਼ੂਬ ਰੁਝੇ ਹੋਏ ਹਨ। ਸਬੂਤ ਵਿਚ ਅਸੀਂ ਦੀਵਾਨ ਦੇ ਆਪਣੇ ਅਖ਼ਬਾਰਾਂ ਦੇ ਹੀ ਕੁਝ ਹਵਾਲੇ ਦਿੰਦੇ ਹਾਂ। ੨੦ ਦਸੰਬਰ ਦੇ ਪਰਚੇ ਦੇ ਮੁਖ ਲੇਖ ਵਿਚ ਅਖਬਾਰ ਦੇ ਐਡੀਟਰ ਸਾਹਿਬ ਨੇ ਲਿਖਿਆ ਹੈ ਕਿ, "ਕਲਗੀਧਰ ਪਾਤਸ਼ਾਹ ਜੀ ਨੇ ਪਵਿਤਰ ਆਦਿ ਬੀੜ (ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ) ਨੂੰ ਆਪਣੇ ਦਮਦਮੀ ਸਰੂਪ ਵਿਚ ਉਤਾਰਨ ਸਮੇਂ, ਛੁਟ ਉਨ੍ਹਾਂ ਪਾਠਾਂਤਰ ਭੇਦਾਂ ਦੇ ਜੋ ਉਨ੍ਹਾਂ ਨੇ ਸਮਰਥ ਸਤਿਗੁਰੂ ਹੋਣ ਦੀ ਹੈਸੀਅਤ ਵਿਚ ਕੀਤੇ, ਬਾਕੀ ਬੀੜ ਨੂੰ ਬਾਰੀਕੀ ਨਾਲ ਤਕੀਏ ਤਾਂ ਹੂ-ਬ-ਹੂ ਉਤਰਿਆ ਸਹੀ ਹੁੰਦਾ ਹੈ।" ਅਗੇ ਇਸ ਦੇ ਸਬੂਤ ਵਜੋਂ ਵਿਦਵਾਨ ਲਿਖਾਰੀ ਨੇ ਕੁਝ ਪ੍ਰਮਾਣ ਦੇਣ ਉਪ੍ਰੰਤ ਫੇਰ ਲਿਖਿਆ ਹੈ—"ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਵਿਤ੍ਰ ਆਦਿ ਬੀੜ ਤੇ ਦਮਦਮੀ ਬੀੜ ਦੋਵੇਂ ਆਮ ਤੌਰ ਉਤੇ ਪਰਸਪਰ ਇਕਸਾਰਤਾ ਵਿਚ ਚਲ ਰਹੀਆਂ ਹਨ ਤੇ ਕੋਈ ਖਾਸ ਫ਼ਰਕ, ਛੁਟ ਪਾਠਾਂਤਰ ਭੇਦਾਂ ਦੇ, ਨਹੀਂ ਦਿਸਦਾ।" ਪਰੰਤੂ ਇਹ ਪਾਠਾਂਤਰ ਭੇਦ ਜੋ ਕੋਈ ਵਾਸਤਵ ਵਿਚ ਹਨ ਵੀ ਤਾਂ ਕਿਤਨੇ ਅਤੇ ਕਿਹੜੇ ਹਨ, ਨਿਰਨਾ ਕਰਨ ਦੀ ਲੋੜ ਹੈ। ਇਤਿਹਾਸ ਇਸ ਬਾਰੇ ਬਿਲਕੁਲ ਚੁਪ ਹੈ। ਇਹੀ ਅਖਬਾਰ ਅਗੇ ਚਲ ਕੇ ਇਨ੍ਹਾਂ ਦਾ ਵਿਰੋਧ ਕਰਦਾ ਹੈ। ਦੁਕਾਨਦਾਰਾਂ ਵਲੋਂ ਛਪੀਆਂ ਬੀੜਾਂ ਜੋ ਆਦਿ ਤੇ ਦਮਦਮੀ ਬੀੜ ਦੇ ਅਨਕੂਲ ਨਹੀਂ ਹਨ, ਨਾਲ ਟਾਕਰਾ ਕਰਕੇ ਸ਼ਰੋਮਣੀ ਕਮੇਟੀ ਵਲੋਂ ਛਪੀ ਬੀੜ ਦੇ ਕਿਸੇ ਪਾਠ ਨੂੰ ਅਸ਼ੁਧ ਕਹਿਣਾ

Digitized by Panjab Digital Library | www.panjabdigilib.org

ਇਕ ਅਜਿਹਾ ਨਿਰਮੂਲ ਅਤੇ ਈਰਖਾ ਭਰਿਆ ਦੂਸ਼ਨ ਹੈ ਜੋ ਈਮਾਨਦਾਰੀ ਨਾਲ ਮਤ ਭੇਦ ਰਖਣ ਵਾਲੀ ਕਿਸੇ ਸੰਸਥਾ ਨੂੰ ਕਿਸੇ ਉਤੇ ਲਾਉਣਾ ਨਹੀਂ ਸੋਭਦਾ। ਇਹ ਤਾਂ ਦੁਕਾਨਦਾਰਾਂ ਦੇ ਲਾਭਾਂ ਲਈ ਸੰਗਤਾਂ ਨਾਲ ਧੱਕਾ ਕਰਨ ਵਾਲੀ ਗਲ ਹੈ।

ਹੁਣ ਵੇਖਣ ਅਤੇ ਵਿਚਾਰਨ ਵਾਲੀ ਗਲ ਇਹ ਹੈ ਕਿ ਦੀਵਾਨ ਦਾ ਇਹ ਅਖ਼ਬਾਰ ਸਪਸ਼ਟ ਤੌਰ ਉਤੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਅਤੇ "ਦਮਦਮੀ ਬੀੜ" ਵਿਚ ਸਿਵਾਏ ਕੁਝ ਪਾਠ ਭੇਦ ਦੇ ਹੋਰ ਕੋਈ ਫ਼ਰਕ ਨਹੀਂ ਮੰਨਦਾ। ਇਹ ਖ਼ੁਸ਼ੀ ਦੀ ਗਲ ਹੈ ਬਸ਼ਰਤੇ ਕਿ ਉਹ ਪਹਿਲਾਂ ਵਾਂਗ ਫੇਰ ਇਸ ਪੁਜ਼ੀਸ਼ਨ ਤੋਂ ਵੀ ਫਿਰ ਨਾ ਜਾਣ। ਉਪਰਲੀ ਲਿਖਤ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਅਤੇ ਦਮਦਮੇ ਸਾਹਿਬ ਵਾਲੀਆਂ ਦੋਹਾਂ ਇਤਿਹਾਸਕ ਬੀੜਾਂ ਵਿਚ ਜੇ ਕੋਈ ਫ਼ਰਕ ਪਿਆ ਦੱਸੀਦਾ ਹੈ ਤਾਂ ਉਹ ਕੇਵਲ ਕੁਝ ਕੁ ਪਾਠਾਂ ਸਬੰਧੀ ਹੀ ਹੈ, ਰਾਗਾਂ ਅਤੇ ਮੰਗਲਾਂ ਦੀ ਤਰਤੀਬ ਸਬੰਧੀ ਕਦਾਚਿਤ ਨਹੀਂ। ਇਸ ਤੋਂ ਇਹ ਵੀ ਸਿਧ ਹੋ ਗਿਆ ਕਿ ਦਮਦਮੇ ਸਾਹਿਬ ਵਾਲੀ ਇਤਿਹਾਸਕ ਬੀੜ ਤੋਂ ਜੋ ਵੀ ਉਤਾਰੇ ਬਾਅਦ ਵਿਚ ਕੀਤੇ ਗਏ, ਉਨ੍ਹਾਂ ਦੇ ਰਾਗਾਂ ਦੇ ਸਿਰਲੇਖਾਂ ਤੇ ਮੰਗਲਾਂ ਦੀ ਤਰਤੀਬ ਤਾਂ ਹੀ ਸ਼ੁਧ ਹੈ ਜੇ ਉਹ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਦੇ ਅਨਕੂਲ ਹੋਵੇ, ਕਿਉਂਕਿ ਆਦਿ ਬੀੜ ਦੇ ਮੰਗਲਾਂ ਤੇ ਸਿਰਲੇਖਾਂ ਦੀ ਤਰਤੀਬ ਵਿਚ ਦਮਦਮੀ ਬੀੜ ਨਾਲੋਂ ਕੋਈ ਫ਼ਰਕ ਨਹੀਂ ਪਾਇਆ ਗਿਆ। ਪਰੰਤੂ ਦੁਕਾਨਦਾਰਾਂ ਵਲੋਂ ਹੁਣ ਤਕ ਛਾਪੀਆਂ ਜਾ ਰਹੀਆਂ ਬੀੜਾਂ ਦੇ ਮੰਗਲਾਂ ਅਤੇ ਰਾਗਾਂ ਦੇ ਸਿਰਲੇਖਾਂ ਦੀ ਤਰਤੀਬ ਕਰਤਾਰਪੁਰ ਸਾਹਿਬ ਵਾਲੀ ਪਵਿਤ੍ਰ ਬੀੜ ਦੇ ਮੰਗਲਾਂ ਤੇ ਰਾਗਾਂ ਦੇ ਸਿਰਲੇਖਾਂ ਦੀ ਤਰਤੀਬ ਦੇ ਅਨਕੂਲ ਨਹੀਂ। ਫਿਰ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਦੁਕਾਨਦਾਰਾਂ ਵਲੋਂ ਹੁਣ ਤਕ ਛਾਪੀਆਂ ਜਾ ਰਹੀਆਂ ਬੀੜਾਂ ਸ੍ਰੀ ਦਮਦਮਾ ਸਾਹਿਬ ਵਾਲੀ ਇਤਿਹਾਸਕ ਬੀੜ ਦੇ ਅਨਕੂਲ ਕਹੀਆਂ ਜਾਣ, ਜਦ ਕਿ ਉਨ੍ਹਾਂ ਦੇ ਮੰਗਲ ਸ੍ਰੀ ਕਰਤਾਰਪੁਰ ਵਾਲੀ ਆਦਿ ਬੀੜ ਦੇ ਅਨੁਸਾਰ ਨਹੀਂ ਹਨ ? ਅਤੇ ਇਹ ਕਿਵੇਂ ਮੰਨ ਲਿਆ ਜਾਵੇ ਕਿ ਛਾਪੇ ਦੀਆਂ ਪ੍ਰਚਲਤ ਬਾਜ਼ਾਰੀ ਬੀੜਾਂ ਦੇ ਪਾਠ ਸ਼ੁਧ ਹਨ ਅਤੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਅਨਕੂਲ ਛਪੀ ਕਮੇਟੀ ਦੀ ਬੀੜ ਦੇ ਅਸ਼ੁਧ ? ਛਾਪੇ ਦੀਆਂ ਪ੍ਰਚਲਤ ਬਾਜ਼ਾਰੀ ਅਸ਼ੁਧ ਬੀੜਾਂ ਨੂੰ ਸ੍ਰੀ ਦਸਮ ਪਾਤਸ਼ਾਹ ਜੀ ਦੇ ਪਵਿਤ੍ਰ ਨਾਮ ਨਾਲ ਜੋੜ ਕੇ ਅਤੇ "ਢਾਈ ਸੌ ਸਾਲ ਤੋਂ ਗੁਰਤਾ ਪ੍ਰਾਪਤ ਬੀੜਾਂ" ਦਾ ਰੂਪ ਇਨ੍ਹਾਂ ਅਸ਼ੁਧ ਬੀੜਾਂ ਨੂੰ ਦਸ ਦਸ ਕੇ ਇਨ੍ਹਾਂ ਦੀਆਂ ਅਸ਼ੁਧੀਆਂ ਉਤੇ ਪਰਦਾ ਪਾਉਣ ਦਾ ਹੀਆ ਤੇ ਹਠ ਕਰੀ ਜਾਣਾ ਅਤੇ ਸੰਗਤਾਂ ਨੂੰ ਟਪਲਾ ਦੇਣਾ ਚੀਫ਼ ਖ਼ਾਲਸਾ ਦੀਵਾਨ ਜਿਹੀ ਸੰਸਥਾ ਨੂੰ ਕਿਥੋਂ ਤਕ ਸੋਭਦਾ ਹੈ, ਪਾਠਕ ਜਨ ਆਪ ਹੀ ਫ਼ੈਸਲਾ ਕਰ ਲੈਣ।

ਇਹੀ ਅਖ਼ਬਾਰ ਅਗੇ ਚਲ ਕੇ ਫੇਰ ਲਿਖਦਾ ਹੈ ਕਿ "ਢਾਈ ਸੌ ਸਾਲ ਤੋਂ ਜੋ ਦਮਦਮੀ ਬੀੜ, ਆਦਿ ਬੀੜ ਦੀ ਅਨਕੂਲਤਾ ਵਿਚ, ਪੰਥ ਵਿਚ ਪ੍ਰਚਲਤ ਚਲੀ ਆ ਰਹੀ ਹੈ, ਉਸ ਵਿਚ ਸਿਰਲੇਖ ਤੇ ਮੰਗਲ ਰਲਵੇਂ ਚਲੇ ਆ ਰਹੇ ਹਨ.......ਆਦਿ ਬੀੜ ਦੇ ਤੇ ਦਮਦਮੀ ਬੀੜ ਦੇ ਸਿਰਲੇਖ ਤੇ ਮੰਗਲਾਂ ਦਾ ਟਾਕਰਾ ਕੀਤਿਆਂ ਸਪਸ਼ਟ ਹੋ ਜਾਂਦਾ ਹੈ ਕਿ ਦੋਹਾਂ ਪਾਵਨ ਬੀੜਾਂ ਦੇ ਸਿਰਲੇਖ ਤੇ ਮੰਗਲ ਇਕ ਸਮਾਨ ਚਲੇ ਆ ਰਹੇ ਹਨ। ਜਿਥੇ ਆਦਿ ਬੀੜ ਵਿਚ ਸਿਰਲੇਖ ਪਹਿਲੇ ਹੈ ਉਥੇ ਹੀ ਦਮਦਮੀ ਵਿਚ ਵੀ ਸਿਰਲੇਖ ਹੀ ਪਹਿਲੇ ਹੈ। ਜਿਥੇ ਆਦਿ ਬੀੜ ਵਿਚ ਉਥਾ ਹੋਣ ਕਰਕੇ ਮੰਗਲ ਪਹਿਲੇ ਹੈ ਉਥੇ ਦਮਦਮੀ ਬੀੜ ਵਿਚ ਭੀ ਮੰਗਲ ਪਹਿਲੇ ਹੈ ਤੇ ਮਗਰੋਂ ਹੈ ਸਿਰਲੇਖ।"

ਉਪਰਲੀ ਲਿਖਤ ਤੋਂ ਫਿਰ ਸਪਸ਼ਟ ਹੁੰਦਾ ਹੈ ਕਿ ਲਿਖਾਰੀ ਸਜਣ ਦਮਦਮੀ ਬੀੜ ਅਲੋਪ ਹੋ ਜਾਣ ਦੇ ਕਾਰਣ, ਉਸਦਾ ਹਵਾਲਾ ਦੇਣ ਸਮੇਂ ਪੰਥ ਵਿਚ ਪ੍ਰਚਲਤ ਦੁਕਾਨਦਾਰਾਂ ਵਲੋਂ ਛਪ

Digitized by Panjab Digital Library | www.panjabdigilib.org

ਰਹੀਆਂ ਬੀੜਾਂ ਦਾ ਹੀ ਹਵਾਲਾ ਦਿੰਦੇ ਅਤੇ ਆਸਰਾ ਲੈਂਦੇ ਹਨ। ਅਸੀਂ ਉਹਨਾਂ ਦੇ ਉਪਰ ਕੀਤੇ ਇਸ ਦਾਹਵੇ ਨੂੰ ਕਿ ਦੁਕਾਨਦਾਰਾਂ ਵਲੋਂ ਹੁਣ ਤਕ ਛਪ ਰਹੀਆਂ ਬੀੜਾਂ ਦੇ ਮੰਗਲਾਂ ਤੇ ਸਿਰਲੇਖਾਂ ਦੀ ਤਰਤੀਬ ਆਦਿ ਤੇ ਦਮਦਮੀ ਬੀੜ ਨਾਲ ਰਲਦੀ ਹੈ, ਚੈਲਿੰਜ ਕਰਦੇ ਹੋਏ ਹੇਠਾਂ ਕੁਝ ਐਸੀਆਂ ਉਦਾਹਰਨਾਂ ਦੇਂਦੇ ਹਾਂ, ਜਿਨ੍ਹਾਂ ਤੋਂ ਇਹ ਸਪਸ਼ਟ ਹੋ ਜਾਵੇਗਾ ਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਵਿਚ ਤਾਂ ਮੂਲਮੰਤਰ ਸਭੇ ਪਾਸੇ ਸਪਸ਼ਟ ਤੌਰ ਤੇ ਉਪਰਲੀ ਸਤਰ ਤੋਂ ਅਰੰਭ ਹੁੰਦਾ ਹੈ, ਪਰੰਤੂ ਛਾਪੇ ਦੀਆਂ ਬੀੜਾਂ ਵਿਚ ਰਾਗ ਦੇ ਸਿਰਲੇਖ ਨਾਲੋਂ ਹੇਠਾਂ ਜਾਂ ਬਾਅਦ ਵਿਚ ਛਾਪ ਕੇ ਇਸ ਗਲ ਨੂੰ ਸਿਧ ਕਰ ਦਿਤਾ ਹੈ ਕਿ ਬਾਜ਼ਾਰ ਵਿਚ ਛਪ ਰਹੀਆਂ ਬੀੜਾਂ 'ਦਮਦਮੀ ਬੀੜ' ਦੇ ਅਨੁਕੂਲ ਨਹੀਂ:–

(ੳ) ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪ (ਪੰਨਾ ੯੪) (ਅ) ਰਾਗੁ ਮਾਲੀ ਗਉੜਾ ਮਹਲਾ ੪ (ਪੰਨਾ ੯੮੪), (ੲ) ਕੇਦਾਰਾ ਮਹਲਾ ੪ ਘਰੁ ੧ ਚਉਪਦੇ (ਪੰਨਾ ੧੧੧੮), (ਸ) ਰਾਗੁ ਭੈਰਉ ਮਹਲਾ ੧ ਘਰੁ ੧ ਚਉਪਦੇ (ਪੰਨਾ ੧੧੨੫), (ਹ) ਰਾਗੁ ਬਸੰਤੁ ਮਹਲਾ ੧ ਘਰੁ ੧ ਚਉਪਦੇ ਦੁਤੁਕੇ (ਪੰਨਾ ੧੧੬੮), (ਕ) ਆਸਾ ਘਰੁ ੧੧ ਮਹਲਾ ੫ (ਪੰਨਾ ੪੦੩), (ਖ) ਆਸਾ ਮਹਲਾ ੩ ਅਸਟਪਦੀਆ ਘਰੁ ੨ (ਪੰਨਾ ੪੨੨), (ਗ) ਰਾਗੁ ਗੂਜਰੀ ਮਹਲਾ ੩ ਘਰੁ ੧ (ਪੰਨਾ ੪੯੦), (ਘ) ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ (ਪੰਨਾ ੭੯੪), (ਙ) ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੨ (ਪੰਨਾ ੮੬੨), (ਚ) ਮਾਲੀ ਗਉੜਾ ਮਹਲਾ ੫ ਦੁਪਦੇ (ਪੰਨਾ ੯੮੭)।

> ਦੀਵਾਨ ਦੇ ਏਸੇ ਹੀ ਅਖਬਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੋਲਤਾ ਕਾਇਮ ਰਖਣ ਦੀ ਮਹਾਨਤਾ ਹੇਠ ਮਿਤੀ ੨੮–੬–੫੬ ਨੂੰ ਇਕ ਲੇਖ ਛਪਿਆ, ਇਸ ਮਜ਼ਮੂਨ ਦੇ ਸਾਰੇ ਹੱਕ ਕਰਤਾ ਜੀ ਦੇ ਰਾਖਵੇਂ ਸਨ। ਫਿਰ ਏਸੇ ਹੀ ਲੇਖ ਨੂੰ ਬੰਬਈ ਦੇ ਇਕ ਸਪਤਾਹਕ ਅਖ਼ਬਾਰ ਨੇ ਮਿਤੀ ੨੭–੧–੫੭ ਨੂੰ ਚੀਫ ਖਾਲਸਾ ਦੀਵਾਨ ਵਲੋਂ ਭੇਜੇ ਜਾਣ ਉਪ੍ਰੰਤ ਛਾਪਿਆ। ਇਸ ਵਿਚ ਲੇਖ ਦੇ ਸਤਿਕਾਰ ਯੋਗ ਕਰਤਾ ਜੋ ਚੀਫ ਖਾਲਸਾ ਦੀਵਾਨ ਵਿਚ ਵਿਸ਼ੇਸ਼ ਪਦਵੀ ਅਤੇ ਮਹੱਤਤਾ ਰਖਦੇ ਹਨ, ਲਿਖਦੇ ਹਨ, "........ਇਥੇ ਅਪੜ ਕੇ ਸਾਨੂੰ ਇਕ ਹੋਰ ਜ਼ਬਰਦਸਤ ਸਬੂਤ ਇਸ ਬਾਣੀ ਦੇ ਧੁਰ ਕੀ ਬਾਣੀ ਦੇ ਨਿਰੋਲ ਰੂਪ ਵਿਚ ਕਾਇਮ ਰਹਿਣ ਦਾ ਮਿਲਦਾ ਹੈ। ਜਦ ਅਸੀਂ ਵੇਖਦੇ ਹਾਂ ਕਿ ਸ੍ਰੀ ਗੁਰੂ ਦਸਮ ਪਾਤਸ਼ਾਹ ਦੇ ਇਹ ਬੀੜ (ਸ੍ਰੀ ਕਰਤਾਰ-ਪੁਰ ਸਾਹਿਬ ਵਾਲੀ ਆਦਿ ਬੀੜ) ਮੰਗਣ ਤੇ ਜਦ ਉਹਨਾਂ ਨੂੰ ਇਹ ਨਾ ਮਿਲੀ ਤਦ ਉਹਨਾਂ ਨੇ ਆਪਣੇ ਅਨੁਭਵ ਦੁਆਰੇ ਧੁਰ ਕੀ ਬਾਣੀ ਨੂੰ ਉਚਾਰਨ ਕੀਤਾ ਜੋ ਪਹਿਲੀ ਬੀੜ ਦੇ ਬਿਲਕੁਲ ਹੂ-ਬ-ਹੂ ਹੀ ਮੁਕਾਬਲਾ ਕਰਨ ਤੇ ਕੁਝ ਫ਼ਰਕ ਨ ਨਿਕਲਿਆ........।"

ਹੁਣ ਸੰਗਤਾਂ ਆਪ ਹੀ ਵੀਚਾਰਨ ਅਤੇ ਦਸਣ ਕਿ ਦੀਵਾਨ ਦੀ ਕਿਹੜੀ ਪੁਜ਼ੀਸ਼ਨ ਨੂੰ ਸਹੀ ਮੰਨਿਆ ਜਾਵੇ। ਕਦੇ ਦੀਵਾਨ ਮਤਾ ਕਰਦਾ ਹੈ ਕਿ ਸਿਖੀ ਦੀ ਹੋਂਦ ਅਤੇ ਪੰਥਕ ਏਕਤਾ ਤੇ ਕਲਿਆਨ ਦਾ ਨਿਰਭਰ ਇਸ ਗਲ ਉਤੇ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਨਾਲ "ਜਿਉਂ ਦੀ ਤਿਉਂ" ਹੋਵੇ। ਕਦੀ ਮਤਾ ਹੋ ਜਾਂਦਾ ਹੈ ਕਿ ਬੀੜ ਦਸਮ ਪਾਤਸ਼ਾਹ ਜੀ ਵਲੋਂ ਲਿਖਾਈ ਗਈ ਬੀੜ ਦੇ ਉਤਾਰਿਆਂ ਅਨੁਕੂਲ ਹੋਵੇ, ਫੇਰ ਕਿਹਾ ਜਾਂਦਾ ਹੈ ਕਿ ਦਮਦਮੀ ਅਤੇ ਆਦਿ ਬੀੜ ਵਿਚ ਸਿਵਾਏ ਕੁਝ ਪਾਠ ਭੇਦਾਂ ਦੇ ਹੋਰ ਕੋਈ ਫ਼ਰਕ ਨਹੀਂ। ਹੁਣ ਉਪਰਲੇ ਹਵਾਲੇ ਵਿਚ ਲਿਖਿਆ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ

Digitized by Panjab Digital Library | www.panjabdigilib.org

ਵਲੋਂ ਆਪਣੇ ਅਨੁਭਵ ਤੋਂ ਉਤਾਰੀ ਗਈ ਦਮਦਮੀ ਬੀੜ ਜਦ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨਾਲ ਮੇਲੀ ਗਈ ਤਾਂ ਦੋਵੇਂ ਬੀੜਾਂ ਹਰ ਤਰ੍ਹਾਂ ਨਾਲ ਹੂ-ਬ-ਹੂ ਇਕੋ ਸਨ ਅਤੇ ਕੋਈ ਫਰਕ ਨਾ ਨਿਕਲਿਆ।

ਸਿਆਣੇ ਆਖਦੇ ਹਨ ਕਿ ਸਚ ਸੌ ਪੜਦੇ ਪਾੜ ਕੇ ਵੀ ਪ੍ਰਗਟ ਹੋ ਜਾਂਦਾ ਹੈ। ਆਖ਼ਰ ਚੀਫ਼ ਖਾਲਸਾ ਦੀਵਾਨ ਇਸ ਗਲ ਨੂੰ ਸਪਸ਼ਟ ਤੌਰ ਉਤੇ ਮੰਨ ਹੀ ਗਿਆ ਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ 'ਆਦਿ ਬੀੜ' ਅਤੇ ਸ੍ਰੀ 'ਦਮਦਮੀ' ਬੀੜ ਹੂ-ਬ-ਹੂ ਇਕੋ ਹਨ। ਫੇਰ ਝਗੜਾ ਕਿਸ ਗਲ ਦਾ ਰਹਿ ਗਿਆ? ਅਤੇ ਕਮੇਟੀ ਵਲੋਂ ਸ੍ਰੀ ਕਰਤਾਰਪੁਰ ਵਾਲੀ ਪਾਵਨ ਆਦਿ ਬੀੜ ਅਨੁਕੂਲ ਬੀੜ ਛਾਪਣ ਨਾਲ ਦਮਦਮੀ ਬੀੜ ਜਾਂ ਇਸ ਦੇ ਉਤਾਰਿਆਂ ਨਾਲ ਕੋਈ ਪਾਠ ਭੇਦ ਕਿਵੇਂ ਹੋ ਗਿਆ?

ਅਸੀਂ ਸਨਿਮਰ ਪੁਛਦੇ ਹਾਂ ਕਿ ਫੇਰ ਦੀਵਾਨ ਨੂੰ ੨੮-੬-੫੩ ਦੇ ਆਪਣੇ ਪਹਿਲੇ ਮਤੇ ਦੀ ਹੋਂਦ ਵਿਚ ਇਹ ੩-੧੧-੫੯ ਵਾਲਾ ਮਤਾ ਪਾਸ ਕਰਨ ਦੀ ਕੀ ਲੋੜ ਸੀ? ਜਦ ਸ਼ਰੋਮਣੀ ਕਮੇਟੀ ਨੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨਾਲ ਸੁਧਾਈ ਕਰਕੇ ਬੀੜ ਛਾਪੀ ਹੈ ਤਾਂ ਵਿਰੋਧ ਕਿਸ ਗਲ ਦਾ ਰਹਿ ਗਿਆ? ਫੇਰ ਦੁਕਾਨਦਾਰਾਂ ਵਲੋਂ ਛਾਪੀਆਂ ਜਾ ਰਹੀਆਂ ਅਸ਼ੁਧ ਬੀੜਾਂ ਜੋ ਉਪਰੋਕਤ ਦੋਹਾਂ ਇਤਿਹਾਸਕ ਬੀੜਾਂ ਨਾਲ ਮੇਲ ਨਹੀਂ ਖਾਂਦੀਆਂ ਦੇ ਇਸ਼ਤਿਹਾਰ ਦੀਵਾਨ ਦੇ ਅਖਬਾਰਾਂ ਵਿਚ ਦਬਾ ਦਬ ਕਿਉਂ ਛਾਪੇ ਜਾ ਰਹੇ ਹਨ? ਦੀਵਾਨ ਦਾ ਇਕੋ ਹੀ ਸਾਹ ਨਾਲ ਠੰਢਾ ਤੱਤਾ ਬਿਲੋਵਨ ਵਾਲੀ ਗਲ ਕਿਥੋਂ ਤਕ ਯੋਗ ਅਤੇ ਢੁਕਵੀਂ ਹੈ? ਚਾਹੀਦਾ ਤਾਂ ਇਹ ਸੀ ਕਿ ਸ਼ੁਧ ਅਤੇ ਸਸਤਾ ਗੁਰਮਤਿ ਸਾਹਿਤ ਛਾਪਣ ਵਿਚ ਚੀਫ਼ ਖਾਲਸਾ ਦੀਵਾਨ ਹਰ ਤਰ੍ਹਾਂ ਨਾਲ ਸ਼੍ਰੋ: ਕਮੇਟੀ ਦਾ ਹਥ ਵਟਾਉਂਦਾ ਅਤੇ ਪੰਥ ਦੀ ਚਿਰੋਕੀ ਇੱਛਾ ਅਤੇ ਗੁਰਮਤ ਲਿਟਰੇਚਰ ਦੀ ਘਾਟ ਪੂਰੀ ਹੁੰਦੀ, ਪਰੰਤੂ ਸਾਨੂੰ ਅਫਸੋਸ ਹੈ ਕਿ ਦੀਵਾਨ ਕੁਝ ਇਕ ਸਵਾਰਥੀ ਲੋਕਾਂ ਅਤੇ ਆਪਣੇ ਕਰਮਚਾਰੀਆਂ ਦੀ ਚਾਲ ਵਿਚ ਇਸ ਤਰ੍ਹਾਂ ਫਸ ਗਿਆ ਪ੍ਰਤੀਤ ਹੁੰਦਾ ਹੈ ਕਿ ਉਹ ਨਿਤ ਨਵੇਂ ਸੂਰਜ ਉਲਟੇ ਪੁਲਟੇ ਫੈਸਲੇ ਕਰਕੇ ਨ ਕੇਵਲ ਆਪਣੀ ਪੁਜ਼ੀਸ਼ਨ ਨੂੰ ਹੀ ਡੇਗ ਰਿਹਾ ਹੈ ਸਗੋਂ ਜਾਣ ਬੁਝ ਕੇ ਦੁਕਾਨਦਾਰਾਂ ਦੀਆਂ ਅਸ਼ੁਧ ਬੀੜਾਂ ਮਹਿੰਗੇ ਭਾ ਵਿਕਾਉਣ ਦੇ ਗੁਨਾਹ ਦਾ ਭਾਗੀ ਭੀ ਬਣ ਰਿਹਾ ਹੈ।

ਦੀਵਾਨ ਦੀਆਂ ਅਖਬਾਰਾਂ ਵਿਚ ਇਸ ਗਲ ਉਤੇ ਬੜਾ ਜ਼ੋਰ ਦਿਤਾ ਜਾ ਰਿਹਾ ਹੈ ਕਿ "ਦਮਦਮੀ ਬੀੜ" ਨੂੰ ਦਸਮ ਪਾਤਸ਼ਾਹ ਨੇ ਗੁਰਗੱਦੀ ਬਖਸ਼ੀ ਸੀ। ਇਸਦਾ ਵਿਰੋਧ ਕਰ ਹੀ ਕੌਣ ਰਿਹਾ ਹੈ?

ਠਰ੍ਹੰਮੇ ਅਤੇ ਗਹੁ ਨਾਲ ਵੀਚਾਰਿਆਂ ਉਪਰਲੀ ਸਾਰੀ ਵੀਚਾਰ ਦਾ ਸਾਰ-ਅੰਸ਼ ਇਹ ਹੈ ਕਿ—

੧. ਦੀਵਾਨ ਦੇ ਮਤਿਆਂ ਤੇ ਉਸ ਦੀਆਂ ਅਖ਼ਬਾਰਾਂ ਦੀ ਲਿਖਤ ਅਨੁਸਾਰ ਆਦਿ ਅਤੇ ਦਮਦਮੀ ਬੀੜਾਂ ਹੂ-ਬ-ਹੂ ਇਕ ਸਾਰਤਾ ਵਿਚ ਹਨ। ਅਸੀਂ ਇਸ ਨਾਲ ਸੌ ਫ਼ੀ ਸਦੀ ਸਹਿਮਤ ਹਾਂ।

੨. ਕਿਉਂਕਿ ਦੋਵੇਂ ਪਾਵਨ ਬੀੜਾਂ ਆਪੋ ਵਿਚ ਦੀ ਮਿਲਦੀਆਂ ਹਨ ਅਤੇ ਸ਼੍ਰੋਮਣੀ ਕਮੇਟੀ ਨੇ ਬੀੜ ਆਦਿ ਬੀੜ ਨਾਲ ਸੋਧ ਕੇ ਛਾਪੀ ਹੈ ਇਸ ਲਈ ਇਹ ਦਮਦਮੀ ਬੀੜ ਦੇ ਵੀ ਅਨੁਕੂਲ ਹੀ ਹੋਈ।

੩. ਕਿਉਂਕਿ ਦੁਕਾਨਦਾਰਾਂ ਵਲੋਂ ਛਾਪੀਆਂ ਬੀੜਾਂ ਦੇ ਪਾਠ ਅਤੇ ਮੰਗਲ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਅਨੁਕੂਲ ਨਹੀਂ, ਇਸ ਲਈ ਇਹ ਦਮਦਮੀ ਬੀੜ ਦੇ ਉਤਾਰੇ ਨਹੀਂ ਕਹੇ ਜਾ ਸਕਦੇ। ਇਸ ਲਈ ਇਹ ਅਸ਼ੁੱਧ ਹਨ।

Digitized by Panjab Digital Library | www.panjabdigilib.org

੩. ਜੇ ਦੀਵਾਨ ਆਪਣੇ ਪਹਿਲੇ ਮਤੇ ਅਤੇ ਆਪਣੀਆਂ ਅਖਬਾਰਾਂ ਦੀਆਂ ਉਪਰ ਦਿਤੀਆਂ ਲਿਖਤਾਂ ਉਤੇ ਕਾਇਮ ਹੈ ਤਾਂ ਦੀਵਾਨ ਅਤੇ ਸ਼੍ਰੋਮਣੀ ਕਮੇਟੀ ਵਿਚਕਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣੀਕਤਾ ਅਤੇ ਛਪਾਈ ਬਾਰੇ ਕੋਈ ਬੁਨਿਆਦੀ ਮਤਭੇਦ ਹੀ ਨਹੀਂ ਰਹਿ ਜਾਂਦਾ।

੫. ਸ਼੍ਰੋਮਣੀ ਕਮੇਟੀ ਵਲੋਂ ਫੋਟੋ ਬਲਾਕਾਂ ਰਾਹੀਂ ਛਾਪੀ ਗਈ ਪਾਵਨ ਬੀੜ ਦੇ ਰਾਗਾਂ ਆਦਿ ਦੀ ਤਰਤੀਬ ਐਨ ਸ੍ਰੀ ਕਰਤਾਰਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਵਾਲੀ ਪਾਵਨ ਬੀੜ ਅਨੁਸਾਰ ਹੈ।

੬. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣੀਕਤਾ ਬਾਰੇ ਵੀਚਾਰ ਕੋਈ ਜੰਤਕ ਵਿਸ਼ਾ ਨਹੀਂ, ਇਸ ਲਈ ਇਸ ਨੂੰ ਅਖਬਾਰੀ ਚਰਚਾ ਵਿਚ ਲਿਆਉਣਾ ਅਤੇ ਜਜ਼ਬਾਤੀ ਤੇ ਭੜਕਾਊ ਲੇਖ ਲਿਖਣੇ ਅਤੀ ਹਾਨੀਕਾਰਕ ਹਨ।

ਕੀ ਅਸੀਂ ਆਸ ਕਰ ਸਕਦੇ ਹਾਂ ਕਿ ਦੀਵਾਨ ਦੇ ਸਿਆਣੇ ਤੇ ਜ਼ੁੰਮੇਵਾਰ ਸਜਣ ਆਪਣੇ ਵਲੋਂ ਸਮੇਂ ਸਮੇਂ ਪਰਵਾਨ ਕੀਤੇ ਮਤਿਆਂ ਅਤੇ ਲਿਖੇ ਲੇਖਾਂ ਦੀ ਰੌਸ਼ਨੀ ਵਿਚ ਠਰ੍ਹੰਮੇ ਨਾਲ ਵੀਚਾਰ ਕਰਨਗੇ ਅਤੇ ਸ਼੍ਰੋਮਣੀ ਕਮੇਟੀ ਦੀ ਅਕਾਰਨ ਵਿਰੋਧਤਾ ਕਰਕੇ ਤੇ ਹਠ ਵਿਚ ਆਕੇ ਬੀੜ ਦੀ ਛਪਵਾਈ ਸਬੰਧੀ ਕੋਈ ਵੀ ਕਦਮ ਐਸਾ ਨਹੀਂ ਚੁਕਣਗੇ ਜੋ ਉਹਨਾਂ ਦੇ ਆਪਣੇ ਸ਼ਬਦਾਂ ਅਨੁਸਾਰ ਹੀ "ਸਿਖੀ ਦੀ ਹੋਂਦ ਤੇ ਪੰਥ ਦੀ ਏਕਤਾ ਅਤੇ ਕਲਿਆਣ ਨੂੰ" ਸੱਟ ਮਾਰੇ?

('ਗੁਰਦੁਆਰਾ ਗਜ਼ਟ' ਮਹੀਨਾ ਫਰਵਰੀ, ੧੯੫੭)

ਪਹਿਲੀਆਂ ਛਾਪੇ ਦੀਆਂ ਬੀੜਾਂ

ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਦੇ ਅਨੁਕੂਲ ਨਹੀਂ !

(ਵਲੋਂ—ਸ: ਰਵੇਲ ਸਿੰਘ ਜੀ ਸਕੱਤ੍ਰ ਸ਼੍ਰੋਮਣੀ ਕਮੇਟੀ)

ਛਾਪੇਖਾਨਿਆਂ ਵਿਚ ਪੰਜਾਬੀ ਦੀ ਛਪਵਾਈ ਦਾ ਹਾਲਾਂ ਤਕ ਇਤਨਾ ਚੰਗਾ ਪ੍ਰਬੰਧ ਨਹੀਂ ਹੋ ਸਕਿਆ ਕਿ ਇਸ ਵਿਚ ਕੋਈ ਗਲਤੀ ਨ ਰਹੇ। ਇਥੋਂ ਤਕ ਕਿ ਬਾਵਜੂਦ ਬੜੇ ਯਤਨਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਸਮੇਂ ਦੀ ਕਈ ਅਸ਼ੁਧੀਆਂ ਰਹਿ ਜਾਂਦੀਆਂ ਹਨ। ਜਦੋਂ ਵੀ ਕਿਸੇ ਦੁਕਾਨਦਾਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਛਪਦੀ, ਦੂਜੇ ਦੁਕਾਨਦਾਰ ਉਸ ਵਿਚੋਂ ਅਸ਼ੁਧੀਆਂ ਲਭ ਕੇ ਵਡੇ ਵਡੇ ਇਸ਼ਤਿਹਾਰਾਂ ਰਾਹੀਂ ਇਕ ਦੂਜੇ ਵਿਰੁਧ ਪਰਚਾਰ ਕਰਦੇ। ਸ਼੍ਰੋਮਣੀ ਕਮੇਟੀ ਵਲੋਂ ਪਾਵਨ ਬੀੜ ਦੀ ਛਪਵਾਈ ਆਪਣੇ ਛਾਪੇਖਾਨੇ ਵਿਚ ਕਰਵਾਉਣ ਦਾ ਯਤਨ ਆਰੰਭਣ ਸਮੇਂ ਇਸ ਦਿਕਤ ਨੂੰ ਮੁਖ ਰਖਦਿਆਂ ਫੈਸਲਾ ਕੀਤਾ ਗਿਆ ਕਿ ਦੁਕਾਨਦਾਰਾਂ ਵਲੋਂ ਛਪੀਆਂ ਬੀੜਾਂ ਵਿਚੋਂ ਜਿਹੜੀ ਸਭ ਤੋਂ ਸ਼ੁਧ ਬੀੜ ਸਮਝੀ ਜਾਂਦੀ ਹੈ, ਉਸ ਬੀੜ ਵਿਚ ਰਹਿ ਗਈਆਂ ਅਸ਼ੁਧੀਆਂ ਨੂੰ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਸ਼ੁਧ ਕਰਵਾ ਕੇ ਉਸ ਦੇ ਹਰ ਪੰਨੇ ਦਾ ਫੋਟੋ ਲੈ ਲਿਆ ਜਾਏ ਅਤੇ ਫਿਰ ਹਰ ਫੋਟੋ ਦੇ ਬਲਾਕ ਬਣਵਾ ਕੇ ਛਪਵਾਈ ਕਰਵਾਈ ਜਾਏ। ਇਸ ਤਰ੍ਹਾਂ ਛਪਵਾਈ ਸਮੇਂ ਸਹਿਵਨ ਰਹਿ ਜਾਂਦੀਆਂ ਅਸ਼ੁਧੀਆਂ ਨਹੀਂ ਹੋਣਗੀਆਂ, ਅਤੇ

Digitized by Panjab Digital Library | www.panjabdigilib.org

ਪਹਿਲੀ ਬੀੜ ਅਨੁਸਾਰ ਜੇ ਕਿਧਰੇ ਕੋਈ ਅਸ਼ੁਧੀ ਠੀਕ ਕਰਨੋ ਰਹਿ ਗਈ ਤਾਂ ਉਸ ਦਾ ਜਦੋਂ ਵੀ ਪਤਾ ਲਗਾ, ਉਹ ਬਲਾਕਾਂ ਵਿਚ ਹੀ ਠੀਕ ਕਰ ਲਈ ਜਾਏਗੀ।

ਇਸੇ ਫੈਸਲੇ ਤੇ ਸ਼੍ਰੋਮਣੀ ਕਮੇਟੀ ਨੇ ਵਰਤੋਂ ਕੀਤੀ। ਬਾਜ਼ਾਰ ਵਿਚ ਸਭ ਤੋਂ ਸ਼ੁਧ ਸਮਝੀ ਜਾਂਦੀ ਬੀੜ ਵਿਚ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ੧੩੩ ਸੁਧੀਆਂ ਕਰਨੀਆ ਪਈਆਂ। ਨਮੂਨੇ ਵਜੋਂ ਪਹਿਲੀ ਬੀੜ ਵਿਚ ਛਾਪੇ ਦੀਆਂ ਬਾਕੀ ਬੀੜਾਂ ਦੀ ਤਰ੍ਹਾਂ ਪਾਠ ਸੀ। "ਗੁਰ ਮਿਲਿਐ ਭੁਖ ਗਵਾਈ" ਪੰਨਾ ੧੩੨। ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਅਨੁਸਾਰ ਇਹ ਪਾਠ ਅਸ਼ੁਧ ਹੈ। ਸ਼ੁਧ ਪਾਠ "ਗੁਰ ਮਿਲਿਐ ਸਭ ਭੁਖ ਗਵਾਈ" ਹੈ। ਸ਼ਰੋਮਣੀ ਕਮੇਟੀ ਵਲੋਂ ਇਹ ਪਾਠ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਕੀਤਾ ਗਿਆ ਹੈ। ਇਸ ਤਰ੍ਹਾਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਵਿਚ ਪਹਿਲੀ ਪਾਤਸ਼ਾਹੀ ਦੇ ਸਲੋਕ ਸਹਸਕ੍ਰਿਤੀ "ਪੜ੍ਹ ਪੁਸਤਕ ਸੰਧਿਆ ਬਾਦੰ" ਤੋਂ ਉਪਰੰਤ ਸਪਸ਼ਟ ਤੌਰ ਤੇ "੧ ਓ" ਦਰਜ ਹੈ ਪਰ ਛਾਪੇ ਦੀਆਂ ਬੀੜਾਂ ਵਿਚ "੧ ਓ" ਨਹੀਂ ਦਿਤਾ ਹੋਇਆ। ਸ਼੍ਰੋਮਣੀ ਕਮੇਟੀ ਨੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ "੧ ਓ" ਦਰਜ ਕਰ ਦਿਤਾ ਹੈ। ਇਸ ਤਰ੍ਹਾਂ ਦੀਆਂ ਹੀ ੧੩੩ ਸੁਧੀਆਂ ਕੀਤੀਆਂ ਗਈਆਂ ਹਨ।

ਬਾਜ਼ਾਰ ਵਾਲਿਆਂ ਵਲੋਂ ਛਪੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਵਿਚ ਮੂਲ ਮੰਤਰ ਕਿਸੇ ਥਾਂ ਰਾਗਾਂ ਤੋਂ ਪਹਿਲੇ ਹੈ ਅਤੇ ਕਿਸੇ ਥਾਂ ਪਿਛੋਂ ਛਾਪਿਆ ਗਿਆ ਹੈ। ਇਹ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦੇ ਅਨੁਕੂਲ ਨਹੀਂ ਸੀ। ਇਸ ਵਾਸਤੇ ਸ਼ਰੋਮਣੀ ਕਮੇਟੀ ਨੇ ਜਿਥੋਂ ਪਹਿਲੀਆਂ ਬੀੜਾਂ ਵਿਚ ਰਹਿ ਗਈਆਂ ਅਸ਼ੁਧੀਆਂ ਨੂੰ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਸ਼ੁਧ ਕਰ ਦਿਤਾ ਉਥੇ ਮੂਲ-ਮੰਤਰ ਦੀ ਤਰਤੀਬ ਵੀ ਸਿਖ ਵਿਦਵਾਨਾਂ ਦੀ ਰਾਏ ਅਨੁਸਾਰ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਅਨੁਸਾਰ ਹੀ ਕਰ ਦਿਤੀ।

ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬੀੜ ਛਾਪਕੇ ਜਦੋਂ ਸੰਗਤਾਂ ਤਕ ਪਹੁੰਚਣ ਲਗੀ ਤਾਂ ਇਸ ਦੀ ਸ਼ੁਧ ਛਪਵਾਈ, ਚੰਗਾ ਕਾਗਜ਼ ਤੇ ਲਾਗਤ ਮਾਤਰ ਭੇਟਾ ਨੂੰ ਮੁਖ ਰਖਦਿਆਂ ਸੰਗਤਾਂ ਵਲੋਂ ਸ਼੍ਰੋਮਣੀ ਕਮੇਟੀ ਦੇ ਇਸ ਕੰਮ ਦੀ ਸ਼ਲਾਘਾ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਛਪਵਾਈ ਕਰਾਉਣ ਵਾਲੇ ਪਹਿਲੇ ਦੁਕਾਨਦਾਰਾਂ ਨੂੰ ਇਸ ਨਾਲ ਨੁਕਸਾਨ ਵੀ ਹੋਇਆ, ਉਨ੍ਹਾਂ ਨੇ ਆਪਣੇ ਮਨ ਦਾ ਰੋਸ ਪ੍ਰਗਟ ਕਰਨ ਲਈ ਆਪਣੀਆਂ ਅਸ਼ੁਧੀਆਂ ਨੂੰ ਮੰਨਣ ਦੀ ਥਾਂ ਉਲਟਾ ਇਹ ਪ੍ਰਾਪੇਗੰਡਾ ਕਰਨਾ ਸ਼ੁਰੂ ਕਰ ਦਿਤਾ ਕਿ ਸ਼ਰੋਮਣੀ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ ਬਦਲੀ ਕਰ ਦਿਤੀ ਹੈ ਅਤੇ ਮੰਗਲਾਂ ਦੀ ਤਰਤੀਬ ਵੀ ਬਦਲ ਦਿਤੀ ਹੈ।

ਆਮ ਸਿਖ ਸੰਗਤਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦੇ ਦਰਸ਼ਨ ਨਹੀਂ ਕੀਤੇ ਹੋਏ ਇਸ ਲਈ ਕਈ ਥਾਂ ਤੇ ਦੁਕਾਨਦਾਰਾਂ ਦੇ ਇਸ ਪ੍ਰਾਪੇਗੰਡੇ ਨਾਲ ਭੁਲੇਖੇ ਵੀ ਪਏ।

ਇਹਨਾਂ ਦੁਕਾਨਦਾਰਾਂ ਦੇ ਝਾਂਸੇ ਵਿਚ ਹੋਰ ਤਾਂ ਕੋਈ ਸਭਾ ਸੁਸਾਇਟੀ ਨਹੀਂ ਆਈ, ਪਰੰਤੂ ਚੀਫ ਖ਼ਾਲਸਾ ਦੀਵਾਨ ਨੇ ਇਨ੍ਹਾਂ ਦੀ ਮਦਦ ਵਾਸਤੇ ਜ਼ਰੂਰ ਕਈ ਪੈਂਤੜੇ ਬਦਲੇ ਹਨ ਜਿਨ੍ਹਾਂ ਦਾ ਵਿਸਥਾਰ ਪੂਰਬਕ ਜ਼ਿਕਰ ਪਹਿਲੇ ਲੇਖ ਵਿਚ ਆ ਚੁਕਾ ਹੈ।

ਇਸ ਗਲ ਦਾ ਨਿਰਨਾ ਕਰਨ ਲਈ ਕਿ ਸ਼ੁਧ ਬੀੜ ਕਿਹੜੀ ਹੈ ਅਤੇ ਸ੍ਰੀ ਦਮਦਮਾ ਸਾਹਿਬ ਵਾਲੀ ਪਾਵਨ ਬੀੜ ਦੇ ਅਨਕੂਲ ਕਿਹੜੀ ਹੈ, ਬੜੀ ਦੀਰਘ ਵਿਚਾਰ ਦੀ ਲੋੜ ਹੈ।

ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਛਾਪੀ ਗਈ ਪਾਵਨ ਬੀੜ ਅਤੇ ਅਗੇ ਛਪੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਵਿਚ ਬਾਣੀ ਦੀ ਤਰਤੀਬ ਇਕੋ ਹੈ। ਇਸ ਵਿਚ ਕੋਈ ਅਦਲਾ

Digitized by Panjab Digital Library | www.panjabdigilib.org

ਬਦਲੀ ਨਹੀਂ ਹੋਈ। ਸਿਖ ਵਿਦਵਾਨ ਅਤੇ ਸਿਖ ਸਭਾ ਸੁਸਾਇਟੀਆਂ ਇਸ ਗਲ ਤੇ ਸਹਿਮਤ ਹਨ ਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਅਤੇ ਸ੍ਰੀ ਦਸਦਮਾ ਸਾਹਿਬ ਵਾਲੀ ਬੀੜ ਦੇ ਮੰਗਲਾ ਚਰਨਾਂ ਦੀ ਤਰਤੀਬ ਵਿਚ ਕੋਈ ਭਿੰਨ ਭੇਦ ਨਹੀਂ ਅਤੇ ਜਿਤਨੀ ਬਾਣੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਦਰਜ ਹੈ ਉਹ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਵਿਚ ਵੀ ਹੂ-ਬ-ਹੂ ਦਰਜ ਕੀਤੀ ਗਈ ਹੈ।

ਇਸ ਗਲ ਤੇ ਵੀ ਸਮੂਹ ਖੋਜੀ ਤੇ ਵਿਦਵਾਨ ਸਹਿਮਤ ਹਨ ਕਿ ਸ੍ਰੀ ਦਮਦਮਾ ਸਾਹਿਬ ਵਾਲੀ ਅਸਲ ਬੀੜ ਵਡੇ ਘਲੂਘਾਰੇ ਸਮੇਂ ਅਲੋਪ ਹੋ ਗਈ ਦਸੀ ਜਾਂਦੀ ਹੈ। ਚੀਫ ਖ਼ਾਲਸਾ ਦੀਵਾਨ ਅਤੇ ਸ਼ਰੋਮਣੀ ਕਮੇਟੀ ਦੇ ਵਿਦਵਾਨਾਂ ਦੀ ਪਹਿਲਾਂ ਇਹੋ ਰਾਇ ਰਹੀ ਹੈ ਕਿ ਅਜਿਹੀ ਹਾਲਤ ਵਿਚ ਬਾਣੀ ਦੀ ਸੁਧਾਈ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਮੰਗਲਾਂ ਦੀ ਤਰਤੀਬ ਵੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਚਾਹੀਦੀ ਹੈ, ਜੋ ਲਾਜ਼ਮੀ ਤੌਰ ਤੇ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਦੇ ਅਨਕੂਲ ਹੀ ਹੋਵੇਗੀ।

ਚੁਨਾਂਚਿ ਇਹੋ ਹੀ ਤਰਤੀਬ ਰਖਣ ਵਾਸਤੇ ਸਾਂਝੇ ਸਿਖ ਵਿਦਵਾਨਾਂ ਵਲੋਂ ਕੀਤੇ ਫੈਸਲੇ ਦੀ ਨਕਲ ਹੂ-ਬ-ਹੂ ਅਗੇ ਦਿਤੀ ਜਾ ਰਹੀ ਹੈ। ਇਹਨਾਂ ਵਿਦਵਾਨਾਂ ਵਿਚ ਸ਼ਰੋਮਣੀ ਕਮੇਟੀ ਤੇ ਚੀਫ਼ ਖ਼ਾਲਸਾ ਦੀਵਾਨ ਦੇ ਧਾਰਮਕ ਸਲਾਹਕਾਰ ਵੀ ਸ਼ਾਮਲ ਹਨ।


ਵਿਦਵਾਨਾਂ ਦੇ ਇਸ ਫੈਸਲੇ ਉਪਰੰਤ ਪਰਧਾਨ ਸਾਹਿਬ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬਾਵਾ ਹਰਕ੍ਰਿਸ਼ਨ ਸਿੰਘ ਜੀ ਪ੍ਰਿੰਸੀਪਲ ਸਿਖ ਨੈਸ਼ਨਲ ਕਾਲਜ ਕਾਦੀਆਂ, ਜਸਟਸ (ਹੁਣ ਰੀਟਾਇਰਡ) ਸ: ਹਰਨਾਮ ਸਿੰਘ ਜੀ ਜਜ ਹਾਈਕੋਰਟ ਪੰਜਾਬ ਅਤੇ ਸਰਦਾਰ ਸਾਹਿਬ ਸਿੰਘ ਜੀ ਪ੍ਰਿੰਸੀਪਲ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਨੂੰ ਖੋਜ ਕਰ ਕੇ ਵਿਦਵਾਨਾਂ ਵਲੋਂ ਦਿਤੀ ਗਈ ਸੂਚਨਾ ਅਨੁਸਾਰ ਆਪਣੇ ਵਿਚਾਰ ਪੇਸ਼ ਕਰਨ ਲਈ ਨਿਯਤ ਕੀਤਾ ਗਿਆ। ਕਾਫੀ ਖੋਜ ਉਪਰੰਤ ਇਹਨਾਂ ਵਿਦਵਾਨਾਂ ਨੇ ਸਰਬ-ਸੰਮਤੀ ਨਾਲ ਹੇਠ ਲਿਖਿਆ ਫੈਸਲਾ ਦਿਤਾ :-

> "ਸ੍ਰੋਮਣੀ ਗੁ: ਪ੍ਰ: ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮਤਾ ਨੰ: ੭੨੮ ਮਿਤੀ ੬-੫-੫੫ ਅਨੁਸਾਰ ਪ੍ਰਧਾਨ ਸਾਹਿਬ ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਨੇ ੨੦-੧੦-੫੫ ਨੂੰ ਦਾਸਾਂ ਨੂੰ ਨਿਯਤ ਕੀਤਾ ਕਿ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਦੇ ਦਰਸ਼ਨ ਕਰ ਕੇ ਮੰਗਲਾਚਰਨਾਂ ਸਬੰਧੀ ਆਪਣੀ ਵਿਚਾਰ ਬਤੌਰ ਸਿਫ਼ਾਰਸ਼ ਪੇਸ਼ ਕਰੀਏ। ਸੋ ਦਾਸਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਦੀ ਪਾਵਨ ਬੀੜ ਦੇ ਦਰਸ਼ਨ ਕੀਤੇ ਅਤੇ ਚੋਖਾ ਚਿਰ ਪੜਚੋਲ ਕੀਤੀ ਜਿਸ ਦੁਆਰਾ ਦਾਸ ਇਸ ਨਤੀਜੇ ਤੇ ਪੁਜੇ ਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਵਿਚ ਮੰਗਲਾਚਰਨ ਨੂੰ ਰਾਗ ਦੇ ਸਿਰਲੇਖ ਨਾਲੋਂ ਹਰ ਥਾਂ ਪਹਿਲ ਦਿਤੀ ਗਈ ਹੈ ਅਤੇ ਇਸ ਬੀੜ ਦੇ ਅਨਕੂਲ ਏਹੀ ਗਲ ਹੈ ਕਿ ਮੰਗਲਾਚਰਨ ਪਹਿਲਾਂ ਹੀ ਛਪਣ।"
>
> ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਛਪੀ ਬੀੜ ਇਸ ਫੈਸਲੇ ਅਨਕੂਲ ਹੈ।

ਇਹ ਫੈਸਲਾ ਇਹਨਾਂ ਵਿਦਵਾਨਾਂ ਨੇ ਹੀ ਪਹਿਲੀ ਵਾਰ ਨਹੀਂ ਦਿਤਾ ਸਗੋਂ ਇਸ ਤੋਂ ਪਹਿਲੇ ਦੀਨਾਂ ਦੇ ਰਖਸ਼ਕ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਇਸੇ ਤਰਤੀਬ ਤੇ ਆਪਣੀ ਮੋਹਰ ਲਾ ਕੇ ਸਭ ਭੁਲੇਖੇ ਦੂਰ ਕਰ ਚੁਕੇ ਹੋਏ ਹਨ।

ਅਜ ਤੋਂ ਕੁਝ ਸਮਾਂ ਪਹਿਲਾਂ ਸੁਰਗਵਾਸੀ ਅਕਾਲੀ ਕੌਰ ਸਿੰਘ ਜੀ ਵੀ ਇਸ ਤਰਤੀਬ ਨੂੰ ਅਪਨਾ ਚੁਕੇ ਹੋਏ ਹਨ ਤੇ ਉਹ ਸਪਸ਼ਟ ਤੌਰ ਤੇ ਇਹ ਰਾਇ ਪ੍ਰਗਟ ਕਰ ਚੁਕੇ ਹੋਏ ਹਨ ਕਿ

Digitized by Panjab Digital Library | www.panjabdigilib.org



Digitized by Panjab Digital Library | www.panjabdigilib.org

ਛਾਪੇ ਦੀਆਂ ਬੀੜਾਂ ਵਿਚ ਮੰਗਲਾਂ ਦੀ ਤਰਤੀਬ ਸ੍ਰੀ ਕਰਤਾਰਪੁਰ ਅਤੇ ਦਮਦਮਾ ਸਾਹਿਬ ਵਾਲੀ ਬੀੜ ਅਨੁਸਾਰ ਨਹੀਂ। ਉਨ੍ਹਾਂ ਪਾਵਨ ਬੀੜਾਂ ਅਨੁਸਾਰ ਮੰਗਲ ਰਾਗਾਂ ਤੋਂ ਪਹਿਲਾਂ ਛਪਣੇ ਚਾਹੀਦੇ ਹਨ।

ਭਾਈ ਮਨੀ ਸਿੰਘ ਜੀ ਆਪਣੀ ਪੋਥੀ ਜਨਮ ਸਾਖੀ–"ਗਿਆਨ ਰਤਨਾਵਲੀ" ਜਿਸ ਦਾ ਨਾਮ "ਜਨਮ ਸਾਖੀ ਭਾਈ ਮਨੀ ਸਿੰਘ ਜੀ ਵਾਲੀ" ਕਰ ਕੇ ਪ੍ਰਸਿਧ ਹੈ, ਵਿਚ ਮੂਲ-ਮੰਤ੍ਰ ਜਾਂ ਮੰਗਲ ਦਾ ਸਹੀ ਥਾਂ ਇਸ ਤਰ੍ਹਾਂ ਨਿਪੂਰਨ ਕਰਦੇ ਹਨ :–

੧ ਓ ਸਤਿਨਾਮੁ
ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਨਾਮ ਸਭ ਦੇਵਾਂ ਦਾ ਦੇਵ ਹੈ॥ ਕੋਈ ਦੇਵੀ ਨੂੰ ਮਨਾਵਦਾ ਹੈ, ਕੋਈ ਸਿਵ ਨੂੰ, ਕੋਈ ਗਣੇਸ ਨੂੰ, ਕੋਈ ਹੋਰ ਦੇਵਤਿਆਂ ਨੂੰ॥ ਗੁਰੂ ਕੇ ਸਿਖ ਸਤਿਨਾਮੁ ਨੂੰ ਅਰਾਧਤੇ ਹੈਂ ਜਿਸ ਕਰ ਸਭ ਵਿਘਨ ਨਾਸ ਹੋਂਦੇ ਹਨ॥ ਤਾਂ ਤੇ ਸਤਿਨਾਮੁ ਕਾ ਮੰਗਲਚਾਰ ਆਦਿ ਰਖਾ ਗਿਆ ਹੈ॥


ਇਕ ਨਹੀਂ ਕਈ ਪੁਰਾਤਨ ਲਿਖਤ ਦੀਆਂ ਐਸੀਆਂ ਬੀੜਾਂ ਸ਼੍ਰੋਮਣੀ ਕਮੇਟੀ ਵਲੋਂ ਖੋਹਲੀ ਰੈਫਰੈਂਸ ਲਾਇਬ੍ਰੇਰੀ ਵਿਚ ਮੌਜੂਦ ਹਨ ਜਿਨ੍ਹਾਂ ਵਿਚ ਮੰਗਲ ਸਪਸ਼ਟ ਤੌਰ ਤੇ ਰਾਗਾਂ ਦੇ ਸਿਰਲੇਖਾਂ ਤੋਂ ਪਹਿਲਾਂ ਲਿਖੇ ਹੋਏ ਹਨ। ਇਕ ਬੀੜ ਉਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਮੋਹਰ ਛਾਪ ਹੈ ਅਤੇ ਦੂਜੀ ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ। ਜਿਸ ਬੀੜ ਦੀ ਪਰਵਾਨਗੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਕਰ ਕਮਲਾਂ ਨਾਲ ਅਰੰਭ ਵਿਚ ਮੂਲ-ਮੰਤ੍ਰ ਲਿਖ ਕੇ ਦਿਤੀ ਉਹ ਭਾਈ ਹਰਿਦਾਸ ਜੀ ਵਾਲੀ ਬੀੜ ਹੈ ਜਿਹੜੇ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਨਿੰਨ ਸਿਖ ਸਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹਜ਼ੂਰੀ ਲਿਖਾਰੀ ਰਹੇ ਹਨ। ਇਸ ਬੀੜ ਉਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਕਰ-ਕਮਲਾਂ ਨਾਲ ਹੇਠ ਲਿਖੇ ਮੂਲ-ਮੰਤਰ ਦਾ ਬਲਾਕ ਅਗੇ ਛਾਪਿਆ ਜਾ ਰਿਹਾ ਹੈ।

Digitized by Panjab Digital Library | www.panjabdigilib.org



ਇਸ ਬੀੜ ਦੇ ਅੰਤ ਵਿਚ ਦਿਤੀ ਭਾਈ ਹਰਿਦਾਸ ਜੀ ਦੀ ਆਪਣੀ ਲਿਖਤ ਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਸਨ, ਅਗੇ ਛਾਪੀ ਜਾ ਰਹੀ ਹੈ। ਇਸ ਲਿਖਤ ਤੋ ਭਾਈ ਜੀ ਦੀ ਗੁਰੂ ਘਰ ਨਾਲ ਸ਼ਰਧਾ ਤੇ ਉਨ੍ਹਾਂ ਦੀ ਨਿਰਮਾਣਤਾ ਦਾ ਅੰਦਾਜ਼ਾ ਸੰਗਤਾਂ ਆਪ ਹੀ ਲਾ ਸਕਦੀਆਂ ਹਨ।

Digitized by Panjab Digital Library | www.panjabdigilib.org



ਇਸ ਬੀੜ ਵਿਚ ਵਿਚ ਮੰਗਲਾਂ ਦੀ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਤੇ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਅਨੁਸਾਰ ਹੀ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਸ਼੍ਰੋਮਣੀ ਕਮੇਟੀ ਵਲੋਂ ਛਾਪੀ ਬੀੜ ਵਿਚ ਹੈ। ਮੰਗਲ ਹਰ ਥਾਂ ਰਾਗਾਂ ਤੋਂ ਪਹਿਲੇ ਅੰਕਤ ਹਨ।

ਅਜਿਹੀ ਹਾਲਤ ਵਿਚ ਇਸ ਗਲ ਵਿਚ ਸ਼ਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਹੀ ਸ੍ਰੀ ਕਰਤਾਰਪੁਰ ਸਾਹਿਬ ਤੇ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਅਨੁਸਾਰ ਹੈ ਅਤੇ ਦੁਕਾਨਦਾਰਾਂ ਵਲੋਂ ਛਪੀਆਂ ਬੀੜਾਂ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ ਦੇ ਅਨਕੂਲ ਨਹੀਂ। (ਗੁਰਦੁਆਰਾ ਗਜ਼ਟ ਫ਼ਰਵਰੀ ੧੯੫੭ ਵਿਚੋਂ।)

--o--

Digitized by Panjab Digital Library | www.panjabdigilib.org

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮਤਾ ਨੰ: ੧੨੭੯ ਮਿਤੀ ੨੩-੫-੫੭ ਅਨੁਸਾਰ ਕਮੇਟੀ ਵਲੋਂ ਚੁਣੇ ਪੰਜਾਂ ਸਜਣਾਂ ਅਤੇ ਚੀਫ ਖ਼ਾਲਸਾ ਦੀਵਾਨ ਤੇ ਸੰਤ ਸਮਾਜ ਵਲੋਂ ਨਿਯਤ ਪੰਜ ਸਜਣਾਂ ਦੀ ਸਾਂਝੀ ਕਮੇਟੀ ਦੀਆਂ ੨੫-੨-੫੯ ਤਕ ਹੋਈਆਂ ਇਕੱਤ੍ਰਤਾਵਾਂ ਦੀ ਕਾਰਵਾਈ

ਸ੍ਰੀ ਮਾਨ ਸੰਤ ਜਵਾਲਾ ਸਿੰਘ ਜੀ ਹਰਖੋਵਾਲੀਏ ਅਤੇ ਸੰਤ ਤੇਜਾ ਸਿੰਘ ਜੀ ਡਬਲ ਐਮ. ਏ. ਦੇ ਸੱਦੇ ਤੇ ੨੦ ਮਈ ੧੯੫੭ ਨੂੰ ਸੰਤ ਸ਼ਾਮ ਸਿੰਘ ਜੀ ਦੇ ਡੇਰੇ ਉਤੇ ਇਕੱਤ੍ਰ ਹੋਇਆ ਅੱਜ ਦਾ ਸਮਾਗਮ ਜਿਸ ਵਿਚ ਸ਼੍ਰੋਮਣੀ ਗੁ: ਪ੍ਰ: ਕਮੇਟੀ, ਚੀਫ ਖ਼ਾਲਸਾ ਦੀਵਾਨ ਤੇ ਹੋਰ ਸਮੂਹ ਸਿਖ ਸੰਪਰਦਾਵਾਂ ਦੇ ਸਜਣ ਸ਼ਾਮਲ ਹਨ, ਸਰਬ ਸੰਮਤੀ ਨਾਲ ਫੈਸਲਾ ਕਰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਸੰਬੰਧੀ ਪਈਆਂ ਉਲਝਨਾਂ ਨੂੰ ਸਲਝਾਨ ਲਈ ੧੦ ਸਜਣਾਂ ਦੀ ਕਮੇਟੀ ਮੁਕੱਰਰ ਕੀਤੀ ਜਾਵੇ ਜਿਨ੍ਹਾਂ ਵਿਚੋਂ ੫ ਸ਼੍ਰੋਮਣੀ ਗੁ: ਪ੍ਰ: ਕਮੇਟੀ ਨਿਯਤ ਕਰੇਗੀ ਅਤੇ ੫ ਚੀਫ ਖਾਲਸਾ ਦੀਵਾਨ ਤੇ ਸੰਤ ਸਮਾਜ ਮੁਕੱਰਰ ਕਰੇਗਾ। ਕੰਮ ਅਰੰਭ ਕਰਨ ਤੋਂ ਪਹਿਲਾਂ ਓਹ ੧੦ ਸਜਣ ਸ੍ਰੀ ਅਕਾਲ ਤਖਤ ਸਾਹਿਬ ਤੇ ਅਰਦਾਸਾ ਕਰਨਗੇ ਕਿ "ਅਸੀਂ ਪਖਪਾਤੀ ਦੇ ਸਾਰੇ ਖਿਆਲ ਛਡ ਕੇ ਵਿਚਾਰ ਕਰਾਂਗੇ"। ਇਨ੍ਹਾਂ ੧੦ ਨੂੰ ਅਧਿਕਾਰ ਹੋਵੇਗਾ ਕਿ ਊਹ ਮਿਲ ਕੇ ਆਪਣੇ ਨਾਲ ਹੋਰ ਸਜਣ ਵੀ ਰਲਾ ਸਕਦੇ ਹਨ। ਇਨ੍ਹਾਂ ਦੀ ਸਰਬ ਸੰਮਤੀ ਨਾਲ ਕੀਤਾ ਫੈਸਲਾ ਅੰਤਮ ਫੈਸਲਾ ਹੋਵੇਗਾ। ਇਹ ਕਮੇਟੀ ਹਰ ਇਕ ਸੰਪਰਦਾ ਅਥਵਾ ਵਿਦਵਾਨ ਪਾਸੋਂ ਰਾਇ ਲੈ ਸਕਦੀ ਹੈ ਅਤੇ ਏਸੇ ਤਰ੍ਹਾਂ ਹਰ ਵਿਦਵਾਨ ਜਾਂ ਸੰਪਰਦਾ ਆਪਣੇ ਖਿਆਲ ਲਿਖ ਕੇ ਜਾਂ ਮਿਲ ਕੇ ਕਮੇਟੀ ਨੂੰ ਦੱਸ ਸਕਦੀ ਹੈ।

ਇਹ ਵੀ ਫੈਸਲਾ ਹੋਇਆ ਕਿ ਅੱਜ ਤੋਂ ਇਸ ਮਾਮਲੇ ਸੰਬੰਧੀ ਹਰ ਕਿਸਮ ਦਾ ਅਖਬਾਰੀ ਅਥਵਾ ਪਰਚਾਰ ਦੁਆਰਾ ਪ੍ਰਾਪੇਗੰਡਾ ਬੰਦ ਕੀਤਾ ਜਾਵੇ।

(ਸਹੀ) ਤੇਜਾ ਸਿੰਘ
ਮਿਤੀ ੨੦-੫-੫੭ (ਸੰਤ-ਡਬਲ ਐਮ.ਏ.)

ਅੰਤ੍ਰਿੰਗ ਕਮੇਟੀ ਦੇ ਮਤਾ ਨੰ: ੧੨੭੯ ਮਿਤੀ ੨੩-੫-੫੭ ਅਨੁਸਾਰ ਮੈਂ ਹੇਠ ਲਿਖੇ ਲਿਖੇ ਪੰਜਾਂ ਸਜਣਾਂ ਨੂੰ ਚੀਫ ਖਾਲਸਾ ਦੀਵਾਨ ਤੇ ਸੰਤ ਸਮਾਜ ਵਲੋਂ ਨਿਯਤ ਕੀਤੇ ਗਏ ਪੰਜਾਂ ਪ੍ਰਤੀਨਿਧਾਂ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਬਾਰੇ ਵੀਚਾਰ ਅਤੇ ਫੈਸਲਾ ਕਰਨ ਲਈ ਨਿਯਤ ਕਰਦਾ ਹਾਂ:-

੧. ਸਿੰਘ ਸਾਹਿਬ ਗਿ: ਭੁਪਿੰਦਰ ਸਿੰਘ ਜੀ
੨. ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਜੀ
੩. ਪ੍ਰਿੰਸੀਪਲ ਸਾਹਿਬ ਸਿੰਘ ਜੀ
੪. ਸ: ਰਵੇਲ ਸਿੰਘ ਜੀ ਐਮ.ਏ.
੫. ਪ੍ਰੋ: ਹਰਿਭਜਨ ਸਿੰਘ ਜੀ

(ਸਹੀ) ਤਾਰਾ ਸਿੰਘ
੨੯-੫-੫੭

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਵਾਈ ਆਦਿ ਸੰਬੰਧੀ ਵਿਚਾਰ ਕਰਨ ਲਈ ਬਣੀ ਕਮੇਟੀ ਦੀ ਇਕੱਤ੍ਰਤਾ ਮਿਤੀ ੬ ਜੂਨ ੧੯੫੭ ਵਿਚ ਦਰਸ਼ਨ ਦੇਣ ਵਾਲੇ ਸਜਣਾਂ ਦੀ ਹਾਜ਼ਰੀ:-

੧. ਸਿੰਘ ਸਾਹਿਬ ਗਿ: ਭੁਪਿੰਦਰ ਸਿੰਘ ਜੀ
੨. ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ

Digitized by Panjab Digital Library | www.panjabdigilib.org

੩. ਸੰਤ ਤੇਜਾ ਸਿੰਘ ਜੀ
੪. ਗਿਆਨੀ ਨਿਰੰਜਨ ਸਿੰਘ ਜੀ
੫. ਪ੍ਰਿੰਸੀਪਲ ਸਾਹਿਬ ਸਿੰਘ ਜੀ
੬. ਸਰਦਾਰ ਮੰਗਲ ਸਿੰਘ ਜੀ ਮਾਨ
੭. ਡਾਕਟਰ ਮੋਹਨ ਸਿੰਘ ਜੀ
੮. ਸਰਦਾਰ ਰਵੇਲ ਸਿੰਘ ਜੀ
੯. ਪ੍ਰੋਫੈਸਰ ਹਰਿਭਜਨ ਸਿੰਘ ਜੀ

ਕਾਰਵਾਈ

ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਹਜ਼ੂਰੀ ਵਿਚ ਇਕੱਤ੍ਰਤਾ ਵਿਚ ਸ਼ਾਮਲ ਹੋਣ ਵਾਲੇ ਸਜਣ ਹਾਜ਼ਰ ਹੋਏ। ਸਿੰਘ ਸਾਹਿਬ ਜਥੇਦਾਰ ਅਛਰ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਹਾਜ਼ਰ ਹੋਏ ਸਜਣਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਜਿਸ ਮਾਮਲੇ ਸੰਬੰਧੀ ਆਪ ਸਭ ਵਿਚਾਰ ਕਰਨ ਲਈ ਇਕੱਤ੍ਰ ਹੋਏ ਹੋ, ਉਹ ਸਮੂਚੇ ਪੰਥ ਨਾਲ ਸੰਬੰਧ ਰਖਦਾ ਹੈ ਅਤੇ ਬੜਾ ਅਹਿਮ ਹੈ। ਤੁਸਾਂ ਪਿਛਲੇ ਸਾਰੇ ਪਖਪਾਤ ਛਡ ਕੇ ਪੂਰਨ ਨਿਰਪਖਤਾ ਅਤੇ ਸਿਦਕ-ਦਿਲੀ ਨਾਲ ਵਿਚਾਰ ਕਰਨੀ ਅਤੇ ਜਿਸ ਪਾਸੇ ਗੁਰੂ ਆਸ਼ਾ ਤੋਰੇ ਓਸੇ ਪਾਸੇ ਬਿਨਾਂ ਕਿੰਤੂ ਤੇ ਹਠ ਕੀਤੇ ਤੁਰਨਾ ਅਤੇ ਸਹੀ ਫੈਸਲਿਆਂ ਉਤੇ ਪੁਜਣਾ ਹੈ।

ਉਪ੍ਰੰਤ ਜਥੇਦਾਰ ਸਾਹਿਬ ਨੇ ਅਰਦਾਸਾ ਸੋਧਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ।

ਇਕਤ੍ਰਤਾ ਦੀ ਬਾਕਾਇਦਾ ਕਾਰਵਾਈ ਸ੍ਰੀ ਅਕਾਲ ਤਖਤ ਸਾਹਿਬ ਦੀ ਉਪਰਲੀ ਛਤ ਉਤੇ ਅਰੰਭ ਹੋਈ। ਜਥੇਦਾਰ ਅਛਰ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ।

(੧) ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ ਇਸ ਕਮੇਟੀ ਦੀਆਂ ਇਕੱਤ੍ਰਤਾਵਾਂ ਸ੍ਰੀ ਅਕਾਲ ਤਖਤ ਸਾਹਿਬ ਹੀ ਹੋਇਆ ਕਰਨ।

(੨) ਸਰਦਾਰ ਮੰਗਲ ਸਿੰਘ ਜੀ ਮਾਨ ਦੀ ਤਜਵੀਜ਼ ਕਿ ਚੂੰਕਿ ਇਸ ਇਕਤ੍ਰਤਾ ਵਿਚ ਪ੍ਰਿੰਸੀਪਲ ਜੋਧ ਸਿੰਘ ਜੀ ਨਹੀਂ ਪੁਜ ਸਕੇ ਇਸ ਲਈ ਇਹ ਇਕਤ੍ਰਤਾ ੧੦ ਜੂਨ ਨੂੰ ਸਵੇਰੇ ੯ ਵਜੇ ਉਤੇ ਮੁਲਤਵੀ ਕੀਤੀ ਜਾਵੇ। ਪੇਸ਼ ਹੋ ਕੇ ਸਰਬ ਸੰਮਤੀ ਨਾਲ ਇਹ ਤਜਵੀ ਪ੍ਰਵਾਨ ਕੀਤੀ ਗਈ।

(੩) ਸਰਬ ਸੰਮਤੀ ਨਾਲ ਇਹ ਵੀ ਪਰਵਾਨ ਹੋਇਆ ਕਿ ਅਗਲੀ ਇਕਤਰਤਾ ਹੋਣ ਦਾ ਸਮਾਂ ੯ ਤੋਂ ੧੨ ਵਜੇ ਦਿਨ ਰਖਿਆ ਜਾਂਦਾ ਹੈ।

(੪) ਖਾਲਸਾ ਸਮਾਚਾਰ ਮਿਤੀ ੩੦ ਮਈ ੧੯੫੭ ਦੇ ਪਰਚੇ ਵਿਚ ਛਪੇ ਐਡੀਟੋਰੀਅਲ ਦੇ ਉਨ੍ਹਾਂ ਹਿਸਿਆਂ ਵਲ ਕਮੇਟੀ ਦਾ ਧਿਆਨ ਦਿਵਾਏ ਜਾਣ ਉਤੇ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼੍ਰੋਮਣੀ ਕਮੇਟੀ ਵਲੋਂ ਛਾਪੀ ਗਈ ਪਾਵਨ ਬੀੜ ਸੰਬੰਧੀ ਇਤਰਾਜ਼ ਯੋਗ ਸ਼ਬਦ ਲਿਖ ਕੇ ੨੦ ਮਈ ੧੯੫੭ ਦੇ ਮਤੇ ਦੀ ਉਲੰਘਣਾ ਕੀਤੀ ਗਈ ਸੀ, ਪੇਸ਼ ਹੋ ਕੇ ਸਰਬ ਸੰਮਤੀ ਨਾਲ ਪਰਵਾਨ ਹੋਇਆ ਕਿ ਸਰਦਾਰ ਮੰਗਲ ਸਿੰਘ ਜੀ ਮਾਨ ਪ੍ਰਧਾਨ ਚੀਫ ਖਾਲਸਾ ਦੀਵਾਨ ਖ਼ਾਲਸਾ ਸਮਾਚਾਰ ਦੇ ਐਡੀਟਰ ਜੀ ਨੂੰ ਉਚੇਚੇ ਤੌਰ ਉਤੇ ਕਹਿ ਦੇਣ ਕਿ ਉਹ ਅਗੋਂ ਤੋਂ ਇਸ ਕਮੇਟੀ ਦੇ ਫੈਸਲੇ ਤਕ ਕੋਈ ਰਾਇਜ਼ਨੀ ਨਾ ਕਰਨ।

(੫) ੧੦-੪੦ ਸਵੇਰੇ ਇਕੱਤ੍ਰਤਾ ਸਮਾਪਤ ਹੋਈ। ਸਮਾਪਤੀ ਦਾ ਅਰਦਾਸਾ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਨੇ ਸੋਧਿਆ। ਮਹਾਰਾਜ ਦਾ ਹੁਕਮ ਲਿਆ ਗਿਆ ਜਿਸ ਦੀ ਪਹਿਲੀ ਤੁਕ ਇਸ ਪ੍ਰਕਾਰ ਸੀ :-

ਧਨਾਸਰੀ ਮਹਲਾ ੩

ਹਰਿ ਨਾਮ ਧਨ ਨਿਰਮਲੁ ਅਤਿ ਅਪਾਰਾ ਗੁਰ ਕੈ ਸਬਦਿ ਭਰੇ ਭੰਡਾਰਾ ॥

Digitized by Panjab Digital Library | www.panjabdigilib.org

ਕਨਫਰਮ ਕੀਤੀ ਗਈ:-

(ਸਹੀ) ਸਾਹਿਬ ਸਿੰਘ, (ਸਹੀ) ਮੰਗਲ ਸਿੰਘ, (ਸਹੀ) ਸੋਹਣ ਸਿੰਘ, (ਸਹੀ) ਨਿਰੰਜਨ ਸਿੰਘ, (ਸਹੀ) ਅਛਰ ਸਿੰਘ, (ਸਹੀ) ਤੇਜਾ ਸਿੰਘ, (ਸਹੀ) ਭੁਪਿੰਦਰ ਸਿੰਘ, (ਸਹੀ) ਰਵੇਲ ਸਿੰਘ, (ਸਹੀ) ਹਰਿਭਜਨ ਸਿੰਘ ।

ੴ

ਹਾਜ਼ਰੀ ਇਕੱਤ੍ਰਤਾ ਮਿਤੀ ੧੦ ਜੂਨ ੧੯੫੭-

੧. ਬਾਵਾ ਹਰਕ੍ਰਿਸ਼ਨ ਸਿੰਘ ਜੀ
੨. ਪ੍ਰੋ: ਸਾਹਿਬ ਸਿੰਘ ਜੀ
੩. ਸ: ਮੰਗਲ ਸਿੰਘ ਜੀ
੪. ਡਾ: ਸੋਹਣ ਸਿੰਘ ਜੀ
੫. ਗਿ: ਨਿਰੰਜਨ ਸਿੰਘ ਜੀ
੬. ਸੰਤ ਤੇਜਾ ਸਿੰਘ ਜੀ
੭. ਗਿ: ਭੁਪਿੰਦਰ ਸਿੰਘ ਜੀ (ਸਿੰਘ ਸਾਹਿਬ)
੮. ਸ: ਰਵੇਲ ਸਿੰਘ ਜੀ
੯. ਪ੍ਰੋ: ਹਰਿਭਜਨ ਸਿੰਘ ਜੀ

ਕਾਰਵਾਈ

ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਹਜ਼ੂਰੀ ਵਿਚ ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ ਨੇ ਬਾਵਾ ਹਰਿਕਿਸ਼ਨ ਸਿੰਘ ਜੀ ਦੇ ਇਸ ਕਮੇਟੀ ਵਿਚ ਸ਼ਾਮਲ ਹੋਣ ਲਈ ਇਸ ਭਾਵ ਦਾ ਅਰਦਾਸਾ ਸੋਧਿਆ ਕਿ ਉਹ ਪੂਰੀ ਨਿਰਪਖਤਾ ਨਾਲ ਇਸ ਮਸਲੇ ਉਤੇ ਵਿਚਾਰ ਆਦਿ ਕਰਨਗੇ। ਕਮੇਟੀ ਦੀ ਇਸ ਇਕੱਤ੍ਰਤਾ ਵਿਚ ਸ਼ਾਮਲ ਹੋਣ ਵਾਲੇ ਬਾਕੀ ਸਜਨ ਵੀ ਅਰਦਾਸੇ ਵਿਚ ਸ਼ਾਮਲ ਹੋਏ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ। ਉਪਰੰਤ ਮੈਂਬਰ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਦੀ ਉਪਰਲੀ ਛਤੇ ਪੁਜੇ ਅਤੇ ਕਾਰਵਾਈ ਸ਼ੁਰੂ ਹੋਈ। ਸੰਤ ਤੇਜਾ ਸਿੰਘ ਜੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਬੈਠੇ।

ਪਿਛਲੀ ਇਕੱਤ੍ਰਤਾ ਮਿਤੀ ੬-੬-੫੭ ਦੀ ਕਾਰਵਾਈ ਮੈਂਬਰ ਸਾਹਿਬਾਨ ਨੂੰ ਪੜ੍ਹ ਕੇ ਸੁਣਾਈ ਗਈ ਅਤੇ ਇਸ ਦੇ ਦਰੁਸਤ ਲਿਖੇ ਜਾਣ ਦੀ ਤਸਦੀਕ ਉਨ੍ਹਾਂ ਨੇ ਕਾਰਵਾਈ ਦੇ ਅਖੀਰ ਵਿਚ ਆਪਣੇ ਆਪਣੇ ਦਸਖਤ ਕਰਕੇ ਕੀਤੀ।

(੧) ਸਰਦਾਰ ਮੰਗਲ ਸਿੰਘ ਜੀ ਮਾਨ ਅਤੇ ਡਾਕਟਰ ਸੋਹਣ ਸਿੰਘ ਜੀ ਨੇ ਦਸਿਆ ਕਿ ਪ੍ਰਿੰਸੀਪਲ ਜੋਧ ਸਿੰਘ ਜੀ ਦੀ ਪਹਿਲੀ ਤਾਰ ਆਈ ਸੀ ਕਿ ਉਹ ੧੦ ਜੂਨ ਨੂੰ ਇਕੱਤ੍ਰਤਾ ਵਿਚ ਪੁਜ ਜਾਣਗੇ, ਪਰੰਤੂ ਮਗਰੋਂ ਚਿੱਠੀ ਆ ਗਈ ਕਿ ਉਨ੍ਹਾਂ ਦੀ ਸੁਪਤਨੀ ਜੀ ਬਿਮਾਰ ਹਨ ਇਸ ਲਈ ਉਹ ਇਕਤ੍ਰਤਾ ਵਿਚ ਨਹੀਂ ਪੁਜ ਸਕਣਗੇ।

(੨) ਬਾਵਾ ਹਰਿਕਿਸ਼ਨ ਸਿੰਘ ਜੀ ਨੇ ੬ ਜੂਨ ਦੀ ਇਕਤ੍ਰਤਾ ਵਿਚ ਨਾ ਪੁਜ ਸਕਣ ਦਾ ਕਾਰਣ ਇਹ ਦਸਿਆ ਕਿ ਅਖਬਾਰ ਵਿਚ ਇਹ ਖਬਰ ਨਿਕਲਣ ਉਤੇ ਕਿ ਇਕਤ੍ਰਤਾ ੮ ਜੂਨ ਨੂੰ ਹੋਵੇਗੀ, ਇਸ ਲਈ ਇਸ ਭੁਲੇਖੇ ਉਹ ਇਸ ਇਕਤ੍ਰਤਾ ਵਿਚ ਹਾਜ਼ਰ ਨਹੀਂ ਹੋ ਸਕੇ ਸਨ।

(੩) ਸਰਸਪਰ ਕਈ ਤਰ੍ਹਾਂ ਦੀ ਵਿਚਾਰ ਹੁੰਦੀ ਰਹੀ। ਡਾਕਟਰ ਸੋਹਣ ਸਿੰਘ ਜੀ ਨੇ ਕਮੇਟੀ ਦੀ ਵਿਚਾਰ ਲਈ ਹੇਠ ਲਿਖੀ ਤਜਵੀਜ਼ ਪੇਸ਼ ਕੀਤੀ:-

ਸਰਬ ਸੰਮਤੀ ਨਾਲ ਇਹ ਪਰਵਾਨ ਹੋਇਆ ਕਿ ਦਮਦਮੇ ਸਾਹਿਬ (ਗੁਰੂ ਕੀ ਕਾਂਸ਼ੀ) ਵਾਲੀ ਬਾਬਾ ਦੀਪ ਸਿੰਘ ਜੀ ਵਾਲੇ ਉਤਾਰੇ ਵਾਲੀ ਬੀੜ ਦੀ ਪਹਿਲੇ ਪੰਜਾਂ ਪਾਤਿਸ਼ਾਹੀਆਂ ਦੀ

Digitized by Panjab Digital Library | www.panjabdigilib.org

ਬਾਣੀ ਤੇ ਕਰਤਾਰਪੁਰ ਸਾਹਿਬ ਵਾਲੀ ਬੀੜ ਦੀ ਬਾਣੀ ਤੇ ਮੰਗਲਾਂ ਦੇ ਵਿਚ ਜੋ ਕੋਈ ਫਰਕ ਨਿਕਲੇ ਤਾਂ ਉਸ ਦੀ ਸੁਧਾਈ ਕਰਤਾਰਪੁਰ ਸਾਹਿਬ ਵਾਲੀ ਬੀੜ ਨਾਲ ਕਰ ਲੈਣੀ ਚਾਹੀਦੀ ਹੈ। ਬਾਕੀ ਨਾਵੇਂ ਪਾਤਸ਼ਾਹ ਦੀ ਬਾਣੀ ਤੇ ਸੱਦਜੂ ਦੇ ਚਾਰ ਸ਼ਬਦਾਂ ਵਾਸਤੇ ਦਮਦਮੇ ਸਾਹਿਬ ਵਾਲੀ ਉਪਰ ਲਿਖੀ ਬੀੜ ਵਿਚ ਜਿਸ ਤਰ੍ਹਾਂ, ਬਾਣੀ ਦਰਜ ਹੈ ਉਸ ਨੂੰ ਸ਼ੁਧ ਮੰਨਣਾ ਚਾਹੀਦਾ ਹੈ ਤੇ ਅਗੋਂ ਤੋਂ ਜੋ ਛਪਾਈ ਹੋਵੇ ਇਸ ਮਤੇ ਅਨੁਸਾਰ ਹੋਵੇ।

ਇਸ ਤਜਵੀਜ਼ ਸੰਬੰਧੀ ਮੈਂਬਰ ਸਾਹਿਬਾਨ ਦੀਆਂ ਪਰਸਪਰ ਵਿਚਾਰਾਂ ਹੁੰਦਿਆਂ ਕਾਫੀ ਸਮਾਂ ਲਗ ਗਿਆ ਤੇ ਇਹ ਮਾਮਲਾ ਵਿਚਾਰ ਲਈ ਅਗਲੀ ਇਕਤਰਤਾ ਉਤੇ ਮੁਲਤਵੀ ਕੀਤਾ ਗਿਆ।

ਨੋਟ:–ਜੋ ੨੩–੬–੫੭ ਨੂੰ ਕਾਰਵਾਈ ਕਨਫਰਮ ਕਰਨ ਵੇਲੇ ਅੰਕਿਤ ਕੀਤਾ ਗਿਆ।

ਨੋਟ:–੧੦–੬–੫੭ ਦੀ ਮੀਟਿੰਗ ਵਿਚ ਜੋ ਡਰਾਫਟ ਤਜਵੀਜ਼ ਮੈਂ (ਡਾ: ਸੋਹਣ ਸਿੰਘ) ਪੇਸ਼ ਕੀਤੀ ਸੀ ਉਹ ਉਸ ਤਾਰੀਖ ਦੀ ਉਪਰ ਲਿਖੀ ਕਾਰਵਾਈ ਦੇ ਵਿਚ ਦਰਜ ਕੀਤੀ ਹੋਈ ਹੈ। ਚੂੰਕਿ ਕੁਝ ਸਜਨਾ ਨੂ ਉਸ ਦੇ ਰੀਕਾਰਡ ਕਰਨ ਦੇ ਵਿਚ ਇਤਰਾਜ਼ ਹੈ ਇਸ ਵਾਸਤੇ ਮੈਂ ਉਸ ਡਰਾਫਟ ਦੀ ਤਜਵੀਜ਼ ਨੂੰ ਵਾਪਸ ਲੈਂਦਾ ਹਾਂ।

ਕਨਫਰਮ ਕੀਤੀ ਗਈ:–

(ਸਹੀ) ਸੋਹਣ ਸਿੰਘ, ਭੁਪਿੰਦਰ ਸਿੰਘ, ਤਜਾ ਸਿੰਘ, ਰਵੇਲ ਸਿੰਘ, ਹਰਿਭਜਨ ਸਿੰਘ, ਬਾਵਾ ਹਰਕਿਸ਼ਨ ਸਿੰਘ, ਸਾਹਿਬ ਸਿੰਘ, ਟਹਿਲ ਸਿੰਘ ਨਿਹੰਗ, ਮੰਗਲ ਸਿੰਘ, ਨਿਰੰਜਨ ਸਿੰਘ।

ਹਾਜ਼ਰੀ ਇਕੱਤ੍ਰਤਾ ਮਿਤੀ ੨੩–੬–੫੭–

(੧) ਗਿਆਨੀ ਨਿਰੰਜਨ ਸਿੰਘ ਜੀ	(੨) ਸਿੰਘ ਸਾ: ਗਿਆਨੀ ਭੁਪਿੰਦਰ ਸਿੰਘ ਜੀ
(੩) ਸਰਦਾਰ ਤੇਜਾ ਸਿੰਘ ਜੀ	(੪) ਡਾਕਟਰ ਸੋਹਣ ਸਿੰਘ ਜੀ
(੫) ਸਰਦਾਰ ਮੰਗਲ ਸਿੰਘ ਜੀ ਮਾਨ	(੬) ਬਾਵਾ ਹਰਕ੍ਰਿਸ਼ਨ ਸਿੰਘ ਜੀ
(੭) ਸੰਤ ਟਹਿਲ ਸਿੰਘ ਜੀ ਨਿਹੰਗ।	(੮) ਸਰਦਾਰ ਰਵੇਲ ਸਿੰਘ ਜੀ
(੯) ਪ੍ਰੋਫੈਸਰ ਸਾਹਿਬ ਸਿੰਘ ਜੀ	(੧੦) ਪ੍ਰੋਫੈਸਰ ਹਰਿਭਜਨ ਸਿੰਘ ਜੀ।

ਕਾਰਵਾਈ

ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਹਜ਼ੂਰੀ ਵਿਚ ਸਿੰਘ ਸਾਹਿਬ ਜਥੇਦਾਰ ਅਛਰ ਸਿੰਘ ਜੀ ਨੇ ਸੰਤ ਟਹਿਲ ਸਿੰਘ ਜੀ ਨਿਹੰਗ ਦੇ ਇਸ ਕਮੇਟੀ ਵਿਚ ਸ਼ਾਮਲ ਹੋਣ ਲਈ ਇਸ ਭਾਵ ਦਾ ਅਰਦਾਸਾ ਸੋਧਿਆ ਕਿ ਨਿਹੰਗ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਬਾਰੇ ਪਈ ਉਲਝਨ ਨੂੰ ਸੁਲਝਾਉਣ ਦੇ ਮਸਲੇ ਉਤੇ ਪੂਰੇ ਪੂਰੀ ਨਿਰਪਖਤਾ ਨਾਲ ਵਿਚਾਰ ਕਰਨਗੇ। ਇਸ ਦਿਨ ਦੀ ਇਕਤ੍ਰਤਾ ਵਿਚ ਸ਼ਾਮਲ ਹੋਣ ਵਾਲੇ ਬਾਕੀ ਸਜਨ ਵੀ ਅਰਦਾਸੇ ਵਿਚ ਸ਼ਾਮਲ ਹੋਏ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ। ਉਪਰੰਤ ਮੈਂਬਰ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਦੀ ਉਪਰਲੀ ਛਤੇ ਪੁਜੇ।

ਜਥੇਦਾਰ ਅਛਰ ਸਿੰਘ ਜੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਬੈਠੇ।

ਸਰਬ ਸੰਮਤੀ ਨਾਲ ਬਾਵਾ ਹਰਿਕ੍ਰਿਸ਼ਨ ਸਿੰਘ ਜੀ ਨੂੰ ਇਸ ਇਕਤਰਤਾ ਦੀ ਕਾਰਵਾਈ ਕੰਟਰੋਲ ਕਰਨ ਲਈ ਬਿਨੈ ਕੀਤੀ ਗਈ। ਬਾਵਾ ਜੀ ਨੇ ਇਸ ਨੂੰ ਪਰਵਾਨ ਕਰ ਲਿਆ।

Digitized by Panjab Digital Library | www.panjabdigilib.org

(੧) ਮਿਤੀ ੧੦-੬-੫੭ ਦੀ ਕਾਰਵਾਈ ਪੜ੍ਹ ਕੇ ਸੁਣਾਈ ਗਈ। ਡਾਕਟਰ ਸੋਹਣ ਸਿੰਘ ਜੀ ਵਲੋਂ ੧੦-੬-੫੭ ਨੂੰ ਪੇਸ਼ ਕੀਤੀ ਤਜਵੀਜ਼ ਨੂੰ ਕਾਰਵਾਈ ਵਿਚ ਲਿਖੇ ਜਾਣ ਬਾਰੇ ਕੁਝ ਸਜਨਾਂ ਨੇ ਇਤਰਾਜ਼ ਕੀਤਾ। ਆਖਰ ਲਿਖੀ ਕਾਰਵਾਈ ਹੇਠ ਡਾਕਟਰ ਸਾਹਿਬ ਵਲੋਂ ਇਕ ਨੋਟ ਦਵਾਰਾ ਇਹ ਤਜਵੀਜ਼ ਵਾਪਸ ਲੈ ਲਈ ਗਈ। ਉਪ੍ਰੰਤ ਹਾਜ਼ਰ ਮੈਂਬਰ ਸਾਹਿਬਾਨ ਨੇ ੧੦-੬-੫੭ ਦੀ ਕਾਰਵਾਈ ਦੇ ਅਖੀਰ ਉਤੇ ਆਪਣੇ ਆਪਣੇ ਦਸਖਤ ਕਰਕੇ ੧੦-੬-੫੭ ਦੀ ਇਕੱਤ੍ਰਤਾ ਦੀ ਕਾਰਵਾਈ ਨੂੰ ਕਨਫਰਮ ਕੀਤਾ।

(੨) ਕਮੇਟੀ ਦੇ ਜ਼ੁੰਮੇ ਲਾਏ ਗਏ ਕੰਮ ਨੂੰ ਫੇਰ ਦ੍ਰਿੜ ਕਰਨ ਲਈ ਧਰਮਸਾਲਾ ਬਾਬਾ ਸ਼ਾਮ ਸਿੰਘ ਜੀ ਵਿਖੇ ੨੦ ਮਈ ੧੯੫੭ ਦੀ ਇਕੱਤ੍ਰਤਾ ਵਿਚ ਸਰਬ ਸੰਮਤੀ ਨਾਲ ਪਰਵਾਨ ਕੀਤੇ ਗਏ ਮਤੇ ਨੂੰ ਪੜ੍ਹ ਕੇ ਸੁਣਾਇਆ ਗਿਆ। ਇਸ ਪੁਰ ਸ: ਰਵੇਲ ਸਿੰਘ ਜੀ ਨੇ ਦਸਿਆ ਕਿ ਇਸ ਮਤੇ ਦੇ ਅਖੀਰਲੇ ਹਿਸੇ ਉਤੇ ਅਮਲ ਨਹੀਂ ਹੋ ਰਿਹਾ ਅਤੇ ਕਈ ਥਾਈਂ ਸੰਗਤਾਂ ਵਿਚ ਪ੍ਰਾਪੇਗੰਡਾ ਕੀਤਾ ਜਾ ਰਿਹਾ ਹੈ। ਵਿਚਾਰ ਉਪ੍ਰੰਤ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ ਵਲੋਂ ਹੇਠ ਲਿਖੀ ਅਪੀਲ ਅਖਬਾਰਾਂ ਨੂੰ ਭੇਜਣੀ ਪਰਵਾਨ ਕੀਤੀ ਗਈ—

ਸਰਬ ਸੰਮਤੀ ਨਾਲ ਪਰਵਾਨ ਹੋਇਆ ਕਿ ਸਭ ਸੰਗਤਾਂ ਨੂੰ ਬੇਨਤੀ ਕੀਤੀ ਜਾਵੇ ਕਿ ਜੋ ੨੦-੫-੫੭ ਨੂੰ ਸੰਤ ਬਾਬਾ ਸ਼ਾਮ ਸਿੰਘ ਜੀ ਦੀ ਧਰਮਸਾਲਾ ਵਿਖੇ ਪੰਥ-ਪ੍ਰਤਿਨਿਧ ਸਮਾਗਮ ਵਿਖੇ ਸਰਬ ਸੰਮਤੀ ਨਾਲ ਫੈਸਲਾ ਹੋਇਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਵਾਈ ਸੰਬੰਧੀ ਹਰ ਕਿਸਮ ਦਾ ਅਖਬਾਰੀ ਅਥਵਾ ਪ੍ਰਚਾਰ ਦੁਆਰੇ ਪ੍ਰਾਪੇਗੰਡਾ ਬੰਦ ਕੀਤਾ ਜਾਵੇ, ਕਿਉਂਕਿ ਉਕਤ ਵਿਚਾਰ ਸੰਬੰਧੀ ਦਸ ਸਜਣਾਂ ਦੀ ਕਮੇਟੀ ਬਣ ਚੁਕੀ ਹੈ ਅਤੇ ਉਸ ਨੇ ੬-੬-੫੭ ਤੋਂ ਅਰਦਾਸਾ ਸੋਧ ਕੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕੰਮ ਸ਼ੁਰੂ ਕਰ ਦਿਤਾ ਹੈ ਅਤੇ ਬਹੁਤ ਸਾਰੀ ਚਰਚਾ ਜੋ ਇਸ ਬਾਰੇ ਚਲ ਰਹੀ ਸੀ ਉਹ ਬੰਦ ਹੋ ਚੁਕੀ ਹੈ, ਪ੍ਰੰਤੂ ਫਿਰ ਵੀ ਕਿਤੇ ਕਿਤੇ ਕੁਝ ਥਾਵਾਂ ਉਤੇ ਕੁਝ ਵੀਰਾਂ ਵਲੋਂ ਚਰਚਾ ਜਾਰੀ ਹੈ। ਉਸ ਫੈਸਲੇ ਦੀ ਪੂਰਤੀ ਲਈ ਅਸੀਂ ਸੰਗਤਾਂ ਦੀ ਸੇਵਾ ਵਿਚ ਪਿਆਰ ਤੇ ਸਤਿਕਾਰ ਸਹਿਤ ਅਪੀਲ ਕਰਦੇ ਹਾਂ ਕਿ ਉਹ ਇਸ ਚਰਚਾ ਨੂੰ ਉਕਾ ਹੀ ਬੰਦ ਕਰਨ ਅਤੇ ਇਸੇ ਤਰ੍ਹਾਂ ਕਮੇਟੀ ਦੇ ਕੰਮ ਦੀ ਸਫਲਤਾ ਵਿਚ ਵਿਘਨਕਾਰੀ ਨਾ ਬਣਨ।

(੩) ਉਪ੍ਰੰਤ ਬਾਰਾਂ ਵਜੇ ਦਿਨ ਤਕ ਪਰਸਪਰ ਵਿਚਾਰਾਂ ਹੁੰਦੀਆਂ ਰਹੀਆਂ। ਅਗਲੀ ਇਕੱਤ੍ਰਤਾ ੧੫ ਤੇ ੧੬ ਜੁਲਾਈ ਨੂੰ ਸਵੇਰੇ ੯ ਬਜੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਣੀ ਪਰਵਾਨ ਹੋਈ।

ਸਮਾਪਤੀ ਦਾ ਅਰਦਾਸਾ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਨੇ ਸੋਧਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ ਜਿਸ ਦੀ ਪਹਿਲੀ ਤੁਕ ਇਸ ਪਰਕਾਰ ਸੀ:—

ਬਿਲਾਵਲੁ ਮਹਲਾ ੫

ਉਦਮ ਕਰਤਿ ਆਨੰਦ ਭਇਆ ਸਿਮਰਤ ਸੁਖ ਸਾਰ॥

ਕਾਰਵਾਈ ਦਰੁਸਤ ਲਿਖੇ ਜਾਣ ਦੀ ਤਸਦੀਕ ਕੀਤੀ ਜਾਂਦੀ ਹੈ।

(ਸਹੀ) ਭੁਪਿੰਦਰ ਸਿੰਘ, ਤੇਜਾ ਸਿੰਘ, ਸੋਹਣ ਸਿੰਘ, ਨਿਰੰਜਨ ਸਿੰਘ, ਰਵੇਲ ਸਿੰਘ,
ਹਰਿਭਜਨ ਸਿੰਘ, ਟਹਿਲ ਸਿੰਘ ਨਿਹੰਗ ਸੇਵਕ ਤੁਨਾ ਦਲ ਤੇ ਸੰਤ ਸਮਾਜ।

Digitized by Panjab Digital Library | www.panjabdigilib.org

੧ ੳ

ਹਾਜ਼ਰੀ ਇਕੱਤ੍ਰਤਾ ਮਿਤੀ ੧੫-੭-੫੭

(੧) ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ।
(੨) ਸੰਤ ਤੇਜਾ ਸਿੰਘ ਜੀ।
(੩) ਗਿਆਨੀ ਨਿਰੰਜਨ ਸਿੰਘ ਜੀ।
(੪) ਡਾਕਟਰ ਸੋਹਣ ਸਿੰਘ ਜੀ।
(੫) ਸ: ਰਵੇਲ ਸਿੰਘ ਜੀ।
(੬) ਪ੍ਰੋਫੈਸਰ ਹਰਿਭਜਨ ਸਿੰਘ ਜੀ।
(੭) ਵਹਿਲ ਸਿੰਘ ਨਿਹੰਗ ਸੇਵਕ ਸੰਤ ਸਮਾਜ ਤੇ ਤਰਨਾ ਦਲ।
(੮) ਸਰਦਾਰ ਹਰਨਾਮ ਸਿੰਘ ਜੀ।

ਕਾਰਵਾਈ

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਹਜ਼ੂਰੀ ਵਿਚ ਡਿਊਟੀ ਵਾਲੇ ਸਿੰਘ ਨੇ ਸ: ਹਰਨਾਮ ਸਿੰਘ ਜੀ ਸਕੱਤ੍ਰ ਸ਼੍ਰੋਮਣੀ ਕਮੇਟੀ ਦੇ ਇਸ ਕਮੇਟੀ ਵਿਚ ਸ਼ਾਮਲ ਹੋਣ ਲਈ ਇਸ ਭਾਵ ਦਾ ਅਰਦਾਸਾ ਸੋਧਿਆ ਕਿ ਸਰਦਾਰ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਬਾਰੇ ਪਈ ਉਲਝਨ ਨੂੰ ਸੁਲਝਾਉਣ ਦੇ ਮਸਲੇ ਉਤੇ ਪੂਰੀ ਪੂਰੀ ਨਿਰਪਖਤਾ ਨਾਲ ਵੀਚਾਰ ਕਰਨਗੇ।

ਉਪ੍ਰੰਤ ਸ੍ਰੀ ਅਕਾਲ ਤਖਤ ਸਾਹਬ ਜੀ ਦੀ ਉਪਰਲੀ ਛੱਤੇ (ਇਕੱਤ੍ਰਤਾ ਅਸਥਾਨ) ਉਤੇ ਪੁਜੇ। ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਨੇ ਅਰੰਭਕ ਅਰਦਾਸਾ ਸੋਧਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ, ਜਿਸ ਦਾ ਅਰੰਭ ਇਸ ਪ੍ਰਕਾਰ ਸੀ:-

ਸੂਹੀ ਮਹਲਾ ੪

ਤ ਕੀਤਾ ਕਰਨਾ ਸਰਬ ਰਜਾਈ..............

ਗਿਆਨੀ ਨਿਰੰਜਨ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ।

ਇਕੱਤ੍ਰਤਾ ਦੀ ਕਾਰਵਾਈ ਕੰਟ੍ਰੋਲ ਕਰਨ ਲਈ ਡਾਕਟਰ ਸੋਹਣ ਸਿੰਘ ਜੀ ਨੂੰ ਬਿਨੇ ਕੀਤੀ ਗਈ ਜੋ ਉਨ੍ਹਾਂ ਨੇ ਪਰਵਾਨ ਕਰ ਲਈ।

(੧) ਆਨਰੇਰੀ ਸਕੱਤਰ ਚੀਫ਼ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਦੀ ਪੱਤ੍ਰਕਾ ਨੰ: ੧੪੬੧ ਮਿਤੀ ੨੭-੬-੫੭ ਜਿਸ ਰਾਹੀ ਉਨ੍ਹਾਂ ਨੇ ਇਸ ਕਮੇਟੀ ਦੀਆਂ ਹੋ ਚੁਕੀਆਂ ਇਕੱਤ੍ਰਤਾਵਾਂ ਦੀਆਂ ਕਾਰਵਾਈਆਂ ਭੇਜਣ ਅਤੇ ਅਗੋਂ ਹੋਣ ਵਾਲੀਆਂ ਦੀ ਕਾਰਵਾਈ ਭੇਜੇ ਜਾਇਆ ਕਰਨ ਲਈ ਲਿਖਿਆ ਸੀ, ਪੇਸ਼ ਹੋਕੇ ਪਰਵਾਨ ਹੋਇਆ ਕਿ ਕਿਉਂਕਿ ਇਨ੍ਹਾਂ ਹੋ ਰਹੀਆਂ ਇਕੱਤ੍ਰਤਾਵਾਂ ਦੀ ਕਾਰਵਾਈ ਕੌਨਫੀਡੈਂਸ਼ਲ ਰਖੀ ਜਾਣੀ ਹੈ, ਇਸ ਲਈ ਨਾਲੋ ਨਾਲ ਇਹ ਕਾਰਵਾਈ ਬਾਹਰ ਕਿਸੇ ਸਜਨ ਜਾਂ ਸੰਸਥਾ ਨੂੰ ਭੇਜੀ ਨਹੀਂ ਜਾਣੀ ਚਾਹੀਦੀ। ਜਿਸ ਵੇਲੇ ਸਾਰੀ ਕਾਰਵਾਈ ਸੰਪੂਰਨ ਹੋ ਜਾਵੇਗੀ ਉਸ ਵੇਲੇ ਇਸ ਦੀ ਹੂ-ਬ-ਹੂ ਨਕਲ ਚੀਫ਼ ਖਾਲਸਾ ਦੀਵਾਨ ਨੂੰ ਭੇਜ ਦਿਤੀ ਜਾਵੇਗੀ। ਉਪ੍ਰੋਕਤ ਹਵਾਲੇ ਵਾਲੀ ਪਤ੍ਰਕਾ ਦੇ ਉਤਰ ਵਿਚ ਕਮੇਟੀ ਵਲੋਂ ਪਰਵਾਨ ਕੀਤੇ ਇਸ ਮਤੇ ਦੀ ਨਕਲ ਦੀਵਾਨ ਨੂੰ ਭੇਜ ਦਿਤੀ ਜਾਵੇ।

(੨) ਡਾਕਟਰ ਸੋਹਣ ਸਿੰਘ ਜੀ ਨੇ ਆਪਣੀ ਲਿਖਤੀ ਤਜਵੀਜ਼ ਪੜ੍ਹ ਕੇ ਸੁਣਾਈ ਜੋ ਇਸ ਪਰਕਾਰ ਸੀ:-

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਗੁਰੂ ਕਾਸ਼ੀ ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਮਾਨ ਭਾਈ ਮਨੀ ਸਿੰਘ ਜੀ ਦੁਆਰਾ ਸੰਪੂਰਨ ਤਿਆਰ ਕਰਵਾਈ ਤੇ ਫੇਰ ਸਤਿਗੁਰੂ ਜੀ ਦੀ ਆਪ ਗੁਰਤਾ ਪਰ ਸਥਾਪਤ ਕੀਤੀ ਦਮਦਮੀ ਬੀੜ ਦੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਤਿਆਰ ਕਰਵਾਏ ਤਿੰਨ ਉਤਾਰਿਆਂ, ਜੋ ਇਕ ਸ੍ਰੀ ਦਮਦਮਾ ਸਾਹਿਬ, ਦੂਸਰਾ ਸ੍ਰੀ ਅਕਾਲ ਤਖਤ ਸਾਹਿਬ ਤੇ ਤੀਸਰਾ ਤਖਤ ਸ੍ਰੀ ਹਜ਼ੂਰ ਸਾਹਿਬ ਬਿਰਾਜਮਾਨ ਹਨ, ਨਾਲ ਮੰਗਲ ਸਿਰਲੇਖ ਬਾਣੀ ਆਦਿ ਦਾ ਸੰਪੂਰਨ ਮੁਕਾਬਲਾ ਕੀਤਾ ਜਾਏ। ਜਿਥੇ ਤਿੰਨਾਂ ਉਤਾਰਿਆਂ ਦਾ ਯਾ ਤਿੰਨਾਂ ਵਿਚੋਂ ਦੋਹ ਦਾ ਇਕ ਸਰੂਪ ਹੋਵੇ, ਭਾਵੇਂ ਉਹ ਪਾਵਨ ਆਦਿ ਬੀੜ ਨਾਲ ਫ਼ਰਕ ਹੀ ਕਿਉਂ ਨਾ ਰਖਦਾ ਹੋਵੇ, ਉਸੇ ਤਰ੍ਹਾਂ ਲੈ ਲਿਆ ਜਾਵੇ। ਜਿਥੇ ਕਿਸੇ ਪਾਠ ਪਰ ਤਿੰਨਾਂ ਦਾ ਆਪਸ ਵਿਚ ਪਾਠਾਂਤ੍ਰ ਭੇਦ ਹੋਵੇ, ਉਸ ਦਾ ਟਾਕਰਾ ਸ੍ਰੀ ਕਰਤਾਰਪੁਰ ਵਾਲੀ ਪਾਵਨ ਆਦਿ ਬੀੜ ਨਾਲ ਕੀਤਾ ਜਾਏ ਤੇ ਆਦਿ ਬੀੜ ਦੀ ਸੰਮਤੀ ਅਨੁਸਾਰ ਮੇਲ ਲਿਆ ਜਾਏ। ਅਗੋਂ ਨੂੰ ਛਪਾਈ ਸਾਰੇ ਪੰਥ ਵਿਚ ਇਸ ਉਪਰ ਲਿਖਤ ਅਨੁਸਾਰ ਸੋਧੀ ਗਈ ਬੀੜ ਅਨੁਸਾਰ ਹੋਵੇ।

(੨) ਇਸ ਕੰਮ ਨੂੰ ਸਿਰੇ ਚਾੜ੍ਹਨ ਵਾਸਤੇ ਉਪਰ ਲਿਖਤ ਤਿੰਨੇ ਬੀੜਾਂ ਅਰਥਾਤ ਗੁਰੂ ਕਾਸ਼ੀ ਦਮਦਮਾ, ਸ੍ਰੀ ਅਕਾਲ ਤਖਤ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਵਾਲੀ ਤੇ ਫਿਲਮੀ ਨੈਗੇਟਿਵ ਲੈ ਕੇ ਪ੍ਰਿੰਟ ਕਰਵਾ ਲਏ ਜਾਣ ਤੇ ਇਸ ਕਮੇਟੀ ਵਿਚ ਦੋ ਯਾਂ ਵਧ ਸਜਣ ਨਿਯਤ ਕੀਤੇ ਜਾਣ ਜੋ ਇਕ ਥਾਂ ਬੈਠ ਕੇ ਇਨ੍ਹਾਂ ਦਾ ਮੁਕਾਬਲਾ ਉਪਰ ਲਿਖੀ ਵਿਉਂਤ ਨਾਲ ਕਰਨ। ਜੇ ਕਿਸੇ ਥਾਂ ਤਿੰਨਾਂ ਵਿਚ ਪਾਠਾਂਤ੍ਰ ਜਾਂ ਮੰਗਲ ਸਿਰਲੇਖ ਆਦਿ ਦੇ ਭੇਦ ਹੋਣ ਤਾਂ ਨੋਟ ਕਰ ਲੈਣ। ਉਸ ਪਿਛੋਂ ਉਨ੍ਹਾਂ ਨਾ-ਮਿਲਦੇ ਭੇਦਾਂ ਦਾ ਮੁਕਾਬਲਾ ਸ੍ਰੀ ਕਰਤਾਰਪੁਰ ਵਾਲੀ ਪਾਵਨ ਆਦਿ ਬੀੜ ਨਾਲ ਮੇਲ ਲਿਆ ਜਾਵੇ, ਮੇਲਣ ਦਾ ਕੰਮ ਇਸ ਕਮੇਟੀ ਦੇ ਨਿਯਤ ਕੀਤੇ ਹੋਏ ਦੋ ਜਾਂ ਵਧ ਉਪਰ ਲਿਖੇ ਸਜਨ ਕਰਨ।

(੩) ਬੀੜਾਂ ਦੀਆਂ ਤਸਵੀਰਾਂ ਉਕਤ ਤਖਤ ਸਾਹਿਬਾਂ ਤੇ ਜਾ ਕੇ ਖਿਚਾਉਣ ਦਾ ਕੰਮ ਇਸ ਕਮੇਟੀ ਦੇ ਦੋ ਜਾਂ ਵਧ ਸਜਣਾਂ ਦੇ ਸਪੁਰਦ ਕੀਤਾ ਜਾਵੇ, ਜੋ ਛੇਤੀ ਤੋਂ ਛੇਤੀ ਇਸ ਕੰਮ ਨੂੰ ਸੰਪੂਰਨ ਕਰਕੇ ਲਿਆਉਣ।

(੪) ਹਰ ਇਕ ਤਸਵੀਰ ਦੀ ਪਿਠ ਤੇ ਇਸ ਕਮੇਟੀ ਦੀ ਬਣਾਈ ਹੋਈ ਮੋਹਰ ਲਾਈ ਜਾਵੇ ਤੇ ਹਰ ਬੀੜ ਦੀਆਂ ਦੋ ਫੋਟੋ ਨਕਲਾਂ ਬਣਾਈਆਂ ਜਾਣ, ਜਿਨ੍ਹਾਂ ਵਿਚੋਂ ਇਕ ਕਾਪੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਰਹੇ ਤੇ ਦੂਜੀ ਸਾਧੂ ਸਮਾਜ ਤੇ ਚੀਫ ਖਾਲਸਾ ਦੀਵਾਨ ਹਿਤ ਦੀਵਾਨ ਦੇ ਦਫਤਰ ਵਿਚ ਰਹੇ।

(੫) ਜੇ ਲੋੜ ਪੈਣ ਤੇ ਸ੍ਰੀ ਕਰਤਾਰਪੁਰ ਸਾਹਿਬ ਬੀੜ ਦੇ ਨਾਲ ਕੋਈ ਪਾਠਾਂਤ੍ਰ ਭੇਦ ਜਾਂ ਮੰਗਲ ਸਿਰਲੇਖ ਭੇਦ ਮੇਲਿਆ ਜਾਏ ਤਾਂ ਉਸ ਦਾ ਪੂਰਾ ਰੀਕਾਰਡ ਭੀ ਦੋ ਕਾਪੀਆਂ ਦੀ ਸ਼ਕਲ ਵਿਚ ਬਣੇ ਤੇ ਉਸ ਰੀਕਾਰਡ ਦੇ ਹਰ ਪੰਨੇ ਤੇ ਇਸ ਕਮੇਟੀ ਦੀ ਮੋਹਰ ਲਗੇ। ਇਕ ਕਾਪੀ ਸ਼੍ਰੋਮਣੀ ਕਮੇਟੀ ਪਾਸ ਤੇ ਦੂਜੀ ਦੀਵਾਨ ਦੇ ਦਫਤਰ ਵਿਚ ਪਕੇ ਰੀਕਾਰਡ ਹਿਤ ਰਖੀ ਜਾਵੇ।

(੬) ਛਪਾਈ ਇਸ ਸੁਧਾਈ ਹੋਈ ਬੀੜ ਅਨੁਸਾਰ ਅਗੋਂ ਹੋਵੇ। ਛਪਾਈ ਦੇ ਪਹਿਲੇ ਪਰੂਫ ਇਸ ਕਮੇਟੀ ਦੇ ਦੋ ਜਾਂ ਵਧ ਮੈਂਬਰ ਸਜਨ ਜਾਂ ਇਸ ਕਮੇਟੀ ਵਲੋਂ ਨਿਯੁਕਤ ਕੀਤੇ ਸਜਣ ਬੈਠ ਕੇ ਪਾਸ ਕਰਨ। ਪਾਸ ਕੀਤੇ ਪਰੂਫਾਂ ਅਨੁਸਾਰ ਦਰੁਸਤੀ ਹੋ ਕੇ ਫੇਅਰ ਪਰੂਫ ਦੋ ਕਢੇ ਜਾਣ, ਜਿਸ ਦੀ ਮੁਹਰ ਸ਼ੁਦਾ ਇਕ ਕਾਪੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਤੇ ਦੂਜੀ ਦੀਵਾਨ ਦੇ ਦਫਤਰ ਵਿਚ ਹਮੇਸ਼ਾ ਦੇ ਰੈਫਰੈਂਸ ਲਈ ਰਖੀ ਜਾਵੇ।

Digitized by Panjab Digital Library | www.panjabdigilib.org

ਮੰਗਲਾਂ ਦੀ ਬਦਲੀ ਦੇ ਸਰੂਪ ਵਾਲੀ ਬੀੜ ਹੁਣ ਅਗੋਂ ਉਕਾ ਨਾ ਛਪੇ ਜਦ ਤਕ ਉਪਰਲੀ ਵਿਉਂਤ ਅਨੁਸਾਰ ਸੁਧਾਈ ਉਸ ਦੇ ਬਲਾਕਾਂ ਦੀ ਨਾ ਹੋ ਜਾਵੇ।

ਅਕਾਲ ਤਖਤ, ਸ੍ਰੀ ਅੰਮ੍ਰਿਤਸਰ ਜੀ ੧੫-੭-੫੭ (ਸਹੀ) ਸੋਹਨ ਸਿੰਘ

ਉਪਰੋਕਤ ਤਜਵੀਜ਼ ਪੇਸ਼ ਹੋ ਕੇ ਪਰਵਾਨ ਹੋਇਆ ਕਿ ਚੂੰਕਿ ਡਾਕਟਰ ਸਾਹਿਬ ਦੀ ਤਜਵੀਜ਼ ਵਿਚ ਦਸੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਬਹੁਤੇ ਸਾਰੇ ਮੈਂਬਰ ਸਾਹਿਬਾਨ ਨੇ ਦਰਸ਼ਨ ਨਹੀਂ ਕੀਤੇ ਹੋਏ ਅਤੇ ਨਾਲ ਹੀ ਇਹ ਤਜਵੀਜ਼ ਐਸੀ ਹੈ, ਜਿਸ ਤੇ ਕਾਫੀ ਵੀਚਾਰ ਦੀ ਲੋੜ ਹੈ, ਇਸ ਲਈ ਇਸ਼ ਤਜਵੀਜ਼ ਦੀਆਂ ਕਾਪੀਆਂ ਕਰਵਾ ਕੇ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ ਨੂੰ ਅਗਲੀ ੩੧-੭-੫੭ ਨੂੰ ਹੋਣ ਵਾਲੀ ਇਕਤ੍ਰਤਾ ਵਿਚ ਵੀਚਾਰ ਕਰਨ ਲਈ ਭੇਜ ਦਿਤੀਆਂ ਜਾਣ।

ਇਹ ਤਜਵੀਜ਼ ਡਾਕਟਰ ਸਾਹਿਬ ਜੀ ਲੋੜੀਂਦੀਆਂ ਕਾਪੀਆਂ ਟਾਈਪ ਕਰਵਾ ਕੇ ਭੇਜਣ ਹਿਤ ਵਾਪਸ ਨਾਲ ਲੈ ਗਏ।

ਸਮਾਪਤੀ ਦਾ ਅਰਦਾਸਾ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਨੇ ਸੋਧਿਆ। ਗਿਆਨੀ ਨਿਰੰਜਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ, ਜੋ ਇਸ ਪਰਕਾਰ ਸੀ:-

ੴ ਸਤਿਗੁਰ ਪ੍ਰਸਾਦਿ ॥

ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ

"ਸਫਲ ਜਨਮੁ ਮੋ ਕਉ ਗੁਰ ਦੀਨਾ........"

ਕਾਰਵਾਈ ਕਨਫਰਮ ਕੀਤੀ ਜਾਂਦੀ ਹੈ।

੩੧-੭-੫੭

(ਸਹੀ) ਬਾਵਾ ਹਰਕਿਸ਼ਨ ਸਿੰਘ, ਪ੍ਰੋਫੈਸਰ ਸਾਹਿਬ ਸਿੰਘ, ਭੁਪਿੰਦਰ ਸਿੰਘ, ਰਵੇਲ ਸਿੰਘ, ਟਹਿਲ ਸਿੰਘ ਨਿਹੰਗ ਸੇਵਕ ਸੰਤ ਸਮਾਜ ਤੇ ਤਰਨਾ ਦਲ, ਸੋਹਣ ਸਿੰਘ, ਤੇਜਾ ਸਿੰਘ, ਨਿਰੰਜਨ ਸਿੰਘ, ਹਰਿਭਜਨ ਸਿੰਘ।

ੴ

ਹਾਜ਼ਰੀ ਇਕੱਤਰਤਾ ਮਿਤੀ ੩੧-੭-੫੭

(੧) ਸੰਤ ਨਿਰੰਜਨ ਸਿੰਘ ਜੀ
(੨) ਸੰਤ ਤੇਜਾ ਸਿੰਘ ਜੀ
(੩) ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ
(੪) ਬਾਵਾ ਹਰਿਕਿਸ਼ਨ ਸਿੰਘ ਜੀ
(੫) ਡਾਕਟਰ ਸੋਹਣ ਸਿੰਘ ਜੀ
(੬) ਸੰਤ ਟਹਿਲ ਸਿੰਘ ਜੀ ਨਿਹੰਗ
(੭) ਪ੍ਰੋਫੈਸਰ ਸਾਹਿਬ ਸਿੰਘ ਜੀ
(੮) ਸ: ਰਵੇਲ ਸਿੰਘ ਜੀ
(੯) ਪ੍ਰੋਫੈਸਰ ਹਰਿਭਜਨ ਸਿੰਘ ਜੀ

ਕਾਰਵਾਈ

ਇਕੱਤਰਤਾ ਆਰੰਭ ਹੋਣ ਦਾ ਅਰਦਾਸਾ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਨੇ ਸੋਧਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗਿਆਨੀ ਨਿਰੰਜਨ ਸਿੰਘ ਜੀ ਬੈਠੇ। ਉਨ੍ਹਾਂ

Digitized by Panjab Digital Library | www.panjabdigilib.org

ਹੁਕਮ ਲਿਆ, ਜਿਸ ਦਾ ਆਰੰਭ ਇਸ ਪਰਕਾਰ ਸੀ–

ਧਨਾਸਰੀ ਮਹਲਾ ੫॥

ਚਤੁਰ ਦਿਸਾ ਕੀਨੋ ਬਲੁ ਅਪਨਾ.........

ਪਿਛਲੀ ਇਕੱਤ੍ਰਤਾ ਮਿਤੀ ੧੫–੭–੫੭ ਦੀ ਲਿਖੀ ਕਾਰਵਾਈ ਪੜ੍ਹ ਕੇ ਸੁਣਾਈ ਗਈ ਅਤੇ ਇਸ ਦੇ ਦਰੁਸਤ ਲਿਖੇ ਜਾਣ ਦੀ ਤਸਦੀਕ ਹਾਜ਼ਰ ਮੈਂਬਰ ਸਾਹਿਬਾਨ ਵਲੋਂ ਕੀਤੀ ਗਈ।

ਬਾਵਾ ਹਰਿਕ੍ਰਿਸ਼ਨ ਸਿੰਘ ਜੀ ਨੂੰ ਇਸ ਇਕੱਤ੍ਰਤਾ ਦੀ ਕਾਰਵਾਈ ਕੰਟਰੋਲ ਕਰਨ ਲਈ ਬਿਨੈ ਕੀਤੀ ਗਈ ਜੋ ਉਨ੍ਹਾਂ ਨੇ ਸਵੀਕਾਰ ਕਰ ਲਈ।

(੧) ਸਰਦਾਰ ਮੰਗਲ ਸਿੰਘ ਜੀ ਮਾਨ ਵਲੋਂ ਸ਼ਿਮਲੇ ਤੋਂ ਸਰਦਾਰ ਰਵੇਲ ਸਿੰਘ ਜੀ ਸਕੱਤ੍ਰ, ਟ੍ਰਸਟ ਬ੍ਰਾਂਚ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮ ਪੁਜੀ ਪਤ੍ਰਿਕਾ ਮਿਤੀ ੨੬–੭–੫੭ ਪੜ੍ਹ ਕੇ ਸੁਣਾਈ ਗਈ ਜਿਸ ਵਿਚ ਉਨ੍ਹਾਂ ਲਿਖਿਆ ਸੀ ਕਿ ਉਹ ਡਾਕਟਰ ਸੋਹਣ ਸਿੰਘ ਜੀ ਵਲੋਂ ਪੇਸ਼ ਕੀਤੀ ਗਈ ਤਜਵੀਜ਼ ਨਾਲ ਸਹਿਮਤ ਹਨ।

(੨) ਡਾਕਟਰ ਸੋਹਣ ਸਿੰਘ ਜੀ ਵਲੋਂ ਪੇਸ਼ ਹੋ ਚੁਕੀ ਤਜਵੀਜ਼ ਬਾਰੇ ਸਰਦਾਰ ਰਵੇਲ ਸਿੰਘ ਜੀ ਨੇ ਲਿਖਤੀ ਤੌਰ ਉਤੇ ਹੇਠ ਲਿਖੀ ਪੁਛ ਕੀਤੀ:–

ੴ

"ਸ੍ਰੀ ਮਾਨ ਡਾਕਟਰ ਸੋਹਣ ਸਿੰਘ ਜੀ ਨੇ ਜੇਹੜੀ ਤਜਵੀਜ਼ ੧੫–੭–੫੭ ਦੀ ਇਕੱਤ੍ਰਤਾ ਵਿਚ ਰਖੀ ਸੀ ਅਤੇ ਜਿਸ ਉਤੇ ਹੁਣ ਵੀਚਾਰ ਹੋਣੀ ਹੈ ਉਸ ਸਬੰਧੀ ਮੈਂ ਸਨਿਮਰ ਡਾਕਟਰ ਸਾਹਿਬ ਪਾਸੋਂ ਇਹ ਵਾਕਫੀਅਤ ਪ੍ਰਾਪਤ ਕਰਨਾ ਚਾਹੁੰਦਾ ਹਾਂ ਕਿ ਕੀ ਡਾਕਟਰ ਸਾਹਿਬ ਨੇ ਆਪਣੀ ਤਜਵੀਜ਼ ਰਖਣ ਤੋਂ ਪਹਿਲਾਂ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਤਿਆਰ ਕਰਵਾਏ ਤਿੰਨਾਂ ਉਤਾਰਿਆਂ ਦੇ ਜੋ ਉਹ ਕਹਿੰਦੇ ਹਨ ਕਿ ਸ੍ਰੀ ਦਮਦਮਾ ਸਾਹਿਬ, ਦੂਸਰਾ ਸ੍ਰੀ ਅਕਾਲ ਤਖਤ ਸਾਹਿਬ ਅਤੇ ਤੀਸਰਾ ਤਖਤ ਸ੍ਰੀ ਹਜ਼ੂਰ ਸਾਹਿਬ ਬਿਰਾਜਮਾਨ ਹਨ, ਆਪ ਦਰਸ਼ਨ ਕੀਤੇ ਹਨ ਅਤੇ ਕੀ ਇਹ ਤਿੰਨੇ ਬਾਣੀ ਤੇ ਮੰਗਲਾਂ ਆਦਿ ਦੀ ਤਰਤੀਬ ਵਿਚ ਇਕਸਾਰ ਹਨ?"

ਦਾਸ–

(ਸਹੀ) ਰਵੇਲ ਸਿੰਘ

ਉਪ੍ਰੋਕਤ ਪੁਛ ਦੇ ਉਤਰ ਵਿਚ ਡਾਕਟਰ ਸਾਹਿਬ ਨੇ ਫੁਰਮਾਇਆ ਕਿ ਉਨ੍ਹਾਂ ਨੇ ਬਾਬਾ ਦੀਪ ਸਿੰਘ ਜੀ ਵਾਲੀ ਕਿਸੇ ਬੀੜ ਦੇ ਆਪ ਦਰਸ਼ਨ ਨਹੀਂ ਕੀਤੇ।

ਉਪਰੰਤ ਕੁਝ ਵੀਚਾਰ ਪਿਛੋਂ ਪ੍ਰੋ: ਸਾਹਿਬ ਸਿੰਘ ਜੀ ਵਲੋਂ ਹੇਠ ਲਿਖੀ ਤਜਵੀਜ਼ ਪੇਸ਼ ਕੀਤੀ ਗਈ:–

ੴ

ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਤਿਆਰ ਕਰਵਾਈ ਤੇ ਭਾਈ ਗੁਰਦਾਸ ਜੀ ਪ੍ਰਮੁਖ ਲਿਖਾਰੀ ਦੀ ਲਿਖੀ ਗਈ ਪਾਵਨ ਪ੍ਰਮਾਣੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਸ੍ਰੀ ਕਰਤਾਰਪੁਰ ਸਾਹਿਬ ਬਿਰਾਜਮਾਨ ਹੈ ਅਤੇ ਕਿਉਂਕਿ–

(੧) ਦੁਕਾਨਦਾਰ ਅੱਜ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਛਾਪਣ ਵੇਲੇ ਇਸੇ ਹੀ ਆਦਿ ਬੀੜ ਦਾ ਆਸਰਾ ਲੈਂਦੇ ਰਹੇ ਹਨ ਅਤੇ ਇਸ ਭਾਵ ਦੀਆਂ ਮੋਹਰਾਂ ਬੀੜਾਂ ਦੇ ਆਰੰਭ ਵਿਚ ਲਾਉਂਦੇ ਰਹੇ ਹਨ, ਭਾਵੇਂ ਮਿਹਨਤ ਦੀ ਘਾਟ ਅਤੇ ਪਾਵਨ ਆਦਿ ਬੀੜ ਨਾਲ ਸਹੀ

Digitized by Panjab Digital Library | www.panjabdigilib.org

ਮੁਢੀ ਸੁਧਾਈ ਕਰਨ ਦੇ ਖਰਚ ਤੋਂ ਡਰਦਿਆਂ ਦੁਕਾਨਦਾਰਾਂ ਵਲੋਂ ਛਾਪੀਆਂ ਬੀੜਾਂ ਆਦਿ ਬੀੜ ਅਨੁਸਾਰ ਸ਼ੁਧ ਨਹੀਂ ਛਪ ਸਕੀਆਂ ;

(੨) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਜਿਥੋਂ ਤਕ ਪੰਜਾਂ ਗੁਰੂਆਂ ਦੀ ਬਾਣੀ ਦਾ ਸੰਬੰਧ ਹੈ ਇਸੇ ਆਦਿ ਬੀੜ ਨਾਲ ਸੁਧਾਈ ਕਰਕੇ ਬੀੜ ਛਾਪੀ, ਜਿਸ ਦੀ ਪ੍ਰਸੰਸਾ ਸਮੂਹ ਸੰਗਤਾਂ ਵਲੋਂ ਕੀਤੀ ਗਈ ਅਤੇ ਚੀਫ ਖਾਲਸਾ ਦੀਵਾਨ ਨੇ ਵੀ ਮਤਾ ਨੰ: ੩੮੬੧ ਮਿਤੀ ੨੯-੬-੫੩ ਵਿਚ ਇਨ੍ਹਾਂ ਸ਼ਬਦਾਂ ਰਾਹੀਂ ਸ਼੍ਰੋਮਣੀ ਕਮੇਟੀ ਦੇ ਇਸ ਉਦਮ ਦੀ ਪ੍ਰੋੜਤਾ ਤੇ ਸ਼ਲਾਘਾ ਕੀਤੀ:-

"ਦੀਵਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਉਸ ਉਦਮ ਦੀ ਪ੍ਰਸੰਸਾ ਕਰਦਾ ਹੈ, ਜਿਸ ਦੁਆਰਾ ਕਮੇਟੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਤਿਆਰ ਕਰਵਾਈ ਤੇ ਭਾਈ ਗੁਰਦਾਸ ਜੀ ਦੀ ਕਲਮ ਦੁਆਰਾ ਲਿਖੀ ਗਈ ਪਾਵਨ ਆਦਿ ਬੀੜ ਜੋ ਸ੍ਰੀ ਕਰਤਾਰਪੁਰ ਸਾਹਿਬ ਬਿਰਾਜ-ਮਾਨ ਹੈ, ਨਾਲ ਸੁਧਾਈ ਕਰਕੇ ਬਲਾਕਾਂ ਨਾਲ ਛਪਾਈ ਦਾ ਇਹ ਮਹਾਨ ਕਾਰਜ ਸਿਰੇ ਚਾੜ੍ਹਿਆ ਹੈ। ਲਾਗਤ ਤੋਂ ਘਟ ਭੇਟਾ ਨਿਯਤ ਕਰਨੀ ਤੇ ਬੀੜ ਨੂੰ ਜਿਉਂ ਦਾ ਤਿਉਂ ਬਿਨਾਂ ਪਦ ਛੇਦ ਕੀਤੇ ਛਾਪਣਾ ਨਿਰਸੰਦੇਹ ਬਹੁਤ ਸੁਚਜੀ ਤੇ ਸ਼ਲਾਘਾ ਯੋਗ ਸੇਵਾ ਹੈ।.........."

"......ਇਹ ਮਾਮਲਾ ਸਾਰੇ ਖਾਲਸਾ ਪੰਥ ਤੇ ਸਭ ਪੰਥਕ ਸੰਪਰਦਾਵਾਂ ਭਾਵੇਂ ਉਹ ਕੇਸਾਧਾਰੀ ਹੋਣ ਜਾਂ ਸਹਿਜਧਾਰੀ, ਨਾਲ ਸੰਬੰਧ ਰਖਦਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਆਦਿ "੧ ੴ ਸਤਿਨਾਮੁ" ਤੋਂ ਅੰਤ ਅਠਾਰਹ ਦਸ ਬੀਸ ਤਕ ਕਰਤਾਰਪੁਰ ਸਾਹਿਬ ਵਾਲੀ ਪਾਵਨ ਪ੍ਰਮਾਣੀਕ ਬੀੜ ਜੋ ਪੰਚਮ ਪਾਤਸ਼ਾਹ ਜੀ ਨੇ ਲਿਖਾਈ ਤੇ ਭਾਈ ਗੁਰਦਾਸ ਜੀ ਨੇ ਲਿਖੀ ਹੈ, ਨਾਲ ਜਿਉਂ ਕਾ ਤਿਉਂ ਹੋਣਾ ਸਿਖੀ ਦੀ ਹੋਂਦ ਅਤੇ ਪੰਥਕ ਏਕਤਾ ਤੇ ਕਲਿਆਨ ਵਾਸਤੇ ਅਤਿ ਜ਼ਰੂਰੀ ਹੈ ;"

(੩) ੧੯-੪-੫੪ ਨੂੰ ਨਿਰਮਲ ਛੇਤਰ ਚੌਕ ਕਰੋੜੀ, ਸ੍ਰੀ ਅੰਮ੍ਰਿਤਸਰ ਵਿਖੇ ਸੰਤ ਸਮਾਜ ਅਤੇ ਚੀਫ ਖਾਲਸਾ ਦੀਵਾਨ ਵਲੋਂ ਕੀਤੇ ਇਕਠ ਜਿਸ ਵਿਚ ਸੰਤ ਜਵਾਲਾ ਸਿੰਘ ਜੀ ਹਰਖੋਵਾਲ; ਸੰਤ ਤੇਜਾ ਸਿੰਘ ਜੀ ਡਬਲ ਐਮ. ਏ., ਸਰਦਾਰ ਮੰਗਲ ਸਿੰਘ ਜੀ ਮਾਨ ਪ੍ਰਧਾਨ ਚੀਫ ਖਾਲਸਾ ਦੀਵਾਨ ਆਦਿ ਪ੍ਰਤਿਸ਼ਟ ਸਜਨ ਸ਼ਾਮਿਲ ਸਨ ਨੇ ਵੀ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਦੀ ਛਪਾਈ ਆਦਿ ਦੀ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਨਾਲ ਮੇਲ ਕੇ ਹੀ ਪਰਖਣ ਦਾ ਫੈਸਲਾ ਕੀਤਾ ਸੀ, ਅਤੇ ਇਸ ਫੈਸਲੇ ਅਨੁਸਾਰ ਹੀ ੯-੫-੫੪ ਨੂੰ ਸ੍ਰੀ ਕਰਤਾਰਪੁਰ ਸਾਹਿਬ ਵਿਚ ਸਾਂਝੀ ਇਤਫ਼ਾਕਤਾ ਕਰ ਕੇ ਪੰਜ ਸਜਣ ਪ੍ਰਿੰਸੀਪਲ ਜੋਧ ਸਿੰਘ ਜੀ, ਡਾਕਟਰ ਗੰਡਾ ਸਿੰਘ ਜੀ, ਸੰਤ ਨਿਸਚਲ ਸਿੰਘ ਜੀ, ਜਥੇਦਾਰ ਵਿਰਕਤ ਪੂਰਨ ਸਿੰਘ ਜੀ ਨਿਹੰਗ ਅਤੇ ਮਹੰਤ ਭਗਤ ਰਾਮ ਜੀ ਉਦਾਸੀਨ ਮਹਾਂ-ਮੰਡਲ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਨੂੰ ਹੀ ਪ੍ਰਮਾਣੀਕ ਮੰਨ ਕੇ ਆਪਣਾ ਫੈਸਲਾ ਦੇਣ ਲਈ ਸਰਬ ਸੰਮਤੀ ਨਾਲ ਥਾਪੇ ਗਏ ਸਨ ;

(੪) ਪ੍ਰਿੰਸੀਪਲ ਜੋਧ ਸਿੰਘ ਜੀ ਨੇ ੯-੫-੫੪ ਨੂੰ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਹੀ ਇਹ ਗਲ ਸਪਸ਼ਟ ਕਰ ਦਿਤੀ ਸੀ ਕਿ ਉਹ ਪੰਜਾਂ ਦੀ ਕਮੇਟੀ ਵਿਚ ਤਾਂ ਹੀ ਸ਼ਾਮਿਲ ਹੋਣਗੇ ਅਤੇ ਕਮੇਟੀ ਤਾਂ ਆਪਣਾ ਕੰਮ ਸ਼ੁਰੂ ਕਰੇਗੀ ਜੇ ਫੈਸਲਾ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪ੍ਰਮਾਣੀਕ ਬੀੜ ਦੇ ਆਧਾਰ ਉਤੇ ਦਿਤਾ ਜਾਣਾ ਹੋਵੇ ਅਤੇ ਪ੍ਰਿੰਸੀਪਲ ਸਾਹਿਬ ਦੀ ਇਸ ਵਿਚਾਰ ਨੂੰ ਸਰਬ ਸੰਮਤੀ ਨਾਲ ਪਰਵਾਨ ਕਰ ਲਿਆ ਗਿਆ ਸੀ ;

(੫) ਉਪਰੋਕਤ ਨਿਯਤ ਹੋਏ ਪੰਜਾਂ ਸਜਣਾਂ ਨੇ ੩੦-੫-੫੪ ਨੂੰ ਸ੍ਰੀ ਕਰਤਾਰਪੁਰ ਸਾਹਿਬ

Digitized by Panjab Digital Library | www.panjabdigilib.org

ਵਿਖੇ ਇਕੱਤ੍ਰ ਹੋ ਕੇ ਆਪਣਾ ਫੈਸਲਾ ਆਦਿ ਬੀੜ ਦੇ ਆਧਾਰ ਉਤੇ ਹੀ ਦਿਤਾ ਸੀ;

(੬) ਧਾਰਮਕ ਸਲਾਹਕਾਰ ਅਤੇ ਪ੍ਰਤਿਸ਼ਟ ਸਜਣਾਂ ਦੀ ਮਿਤੀ ੨੪-੫-੫੫ ਨੂੰ ਹੋਈ ਇਕੱਤ੍ਰਤਾ ਜਿਸ ਵਿਚ ਡਾਕਟਰ ਗੰਡਾ ਸਿੰਘ ਜੀ, ਸੰਤ ਨਿਸਚਲ ਸਿੰਘ ਜੀ, ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ ਤੇ ਗਿਆਨੀ ਨਿਰੰਜਨ ਸਿੰਘ ਜੀ ਆਦਿ ਸਜਣ ਸ਼ਾਮਿਲ ਸਨ, ਦਾ ਵੀ ਇਹੀ ਫੈਸਲਾ ਸੀ ਕਿ ਮੰਗਲ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਬੀੜ ਅਨੁਸਾਰ ਛਾਪ ਜਾਣ;

(੭) ਸ਼ਰੋਮਣੀ ਕਮੇਟੀ, ਸ਼ਰੋਮਣੀ ਅਕਾਲੀ ਦਲ, ਖਾਲਸਾ ਦਲ, ਚੀਫ ਖ਼ਾਲਸਾ ਦੀਵਾਨ, ਨਿਰਮਲੇ, ਉਦਾਸੀ, ਨਿਹੰਗ ਸਿੰਘ ਆਦਿ ਸਮੂਹ ਜਥੇਬੰਦੀਆਂ ਤੇ ਸਿਖ ਸੰਪਰਦਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਆਦਿ ਲਈ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਨੂੰ ਹੀ ਪ੍ਰਮਾਣੀਕ ਅਤੇ ਆਧਾਰ ਮੰਨਦੀਆਂ ਆਈਆਂ ਹਨ।

(੮) ਗਿਆਨੀ ਗਿਆਨ ਸਿੰਘ ਜੀ ਨੇ ਵੀ ਜਿਥੇ ਰਾਜ ਖ਼ਾਲਸਾ ਵਿਚ ਇਹ ਲਿਖਿਆ ਹੈ ਕਿ "ਸੰਮਤ ੧੭੮੩ ਬਿਕਰਮੀ ਨੂੰ ਬਾਬਾ ਦੀਪ ਸਿੰਘ ਜੀ ਨੇ ਉਸੇ ਗੁਰੂ ਗ੍ਰੰਥ ਸਾਹਿਬ ਤੋਂ ਜੋ ਸ੍ਰੀ ਗੁਰੂ ਕਲਗੀਧਰ ਜੀ ਨੇ ਦਮਦਮੇ ਸਾਹਿਬ ਤਿਆਰ ਕਰਾਇਆ ਸੀ ਚਾਰ ਉਤਾਰੇ ਕਰਵਾਏ।" ਉਤੇ ਨਾਲ ਹੀ ਅਗੇ ਪੰਨੇ ੬੩ ਉਤੇ ਇਹ ਵੀ ਲਿਖਿਆ ਹੈ ਕਿ ਸੰਮਤ ੧੮੧੭ ਬਿਕਰਮੀ ਨੂੰ ਦੀਪ ਸਿੰਘ ਜੀ ਨੇ ਕਰਤਾਰਪੁਰ ਵਿਚ ੬ ਮਹੀਨੇ ਠਹਿਰ ਕੇ ਦਮਦਮੇ ਸਾਹਿਬ ਵਾਲੀ ਬੀੜ ਨੂੰ ਕਰਤਾਰਪੁਰ ਵਾਲੀ ਬੀੜ ਦੇ ਨਾਲ ਸੋਧਿਆ, ਪ੍ਰਸ਼ਾਦ ਸ੍ਰ: ਜੱਸਾ ਸਿੰਘ ਆਹਲੂਵਾਲੀਆ ਦੇ ਲੰਗਰ ਵਿਚੋਂ ਛਕਦੇ ਰਹੇ। ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਨੇ ਵੀ ਆਖਰ ਮੂਲ ਆਧਾਰ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਆਦਿ ਬੀੜ ਨੂੰ ਹੀ ਮੰਨਿਆ ਹੈ।

(੯) ਸਚਖੰਡ ਨਿਵਾਸੀ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਵੀ ਲਿਖਦੇ ਹਨ ਕਿ "ਸ੍ਰੀ ਗੁਰੂ ਦਸਮ ਪਾਤਸ਼ਾਹ ਦੇ ਇਹ ਬੀੜ (ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ) ਮੰਗਣ ਤੇ ਜਦ ਉਨ੍ਹਾਂ ਨੂੰ ਇਹ ਨਾ ਮਿਲੀ ਤਦ ਉਨ੍ਹਾਂ ਨੇ ਆਪਣੇ ਅਨੁਭਵ ਦੁਆਰੇ ਧੁਰ ਕੀ ਬਾਣੀ ਨੂੰ ਉਚਾਰਨ ਕੀਤਾ, ਜੋ ਪਹਿਲੀ ਬੀੜ ਦੇ ਬਿਲਕੁਲ ਹੂ-ਬਹੂ ਹੀ ਮੁਕਾਬਲਾ ਕਰਨ ਤੇ ਕੁਝ ਫ਼ਰਕ ਨਾ ਨਿਕਲਿਆ;

(੧੦) ਅਤੇ ਡਾਕਟਰ ਮੋਹਣ ਸਿੰਘ ਜੀ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਲਝਣ ਨੂੰ ਸੁਲਝਾਉਣ ਲਈ ਧਰਮਸਾਲਾ ਬਾਬਾ ਬਾਮ ਸਿੰਘ ਜੀ ਵਿਖੇ ੨੦-੫-੫੭ ਨੂੰ ਹੋਏ ਫੈਸਲੇ ਦੇ ਆਧਾਰ ਉਤੇ ਦਸਾਂ ਸਜਣਾਂ ਦੀ ਬਣੀ ਕਮੇਟੀ ਦੇ ਸਾਹਮਣੇ ਮਿਤੀ ੧੫-੭-੫੭ ਨੂੰ ਲਿਖਤੀ ਤੌਰ ਉਤੇ ਰੱਖੀ ਤਜਵੀਜ਼ ਵਿਚ ਗੁਰਬਾਣੀ ਆਦਿ ਦੀ ਸੁਧਾਈ ਲਈ ਆਖਰੀ ਧੁਰਾ, ਟੇਕ ਜਾਂ ਆਸਰਾ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਨੂੰ ਹੀ ਮੰਨਿਆ ਹੈ;

(੧੧) ਸੋ, ਉਪਰ ਲਿਖੇ ਸਾਰੇ ਹਵਾਲਿਆਂ ਤੋਂ ਇਹ ਗਲ ਭਲੀ ਪਰਕਾਰ ਸਪਸ਼ਟ ਹੋ ਜਾਂਦੀ ਹੈ ਕਿ ਹੁਣ ਤਕ ਜਿੰਨੀਆਂ ਇਤਿਹਾਸਕ ਬੀੜਾਂ ਲਿਖੀਆਂ ਗਈਆਂ ਹਨ ਉਨ੍ਹਾਂ ਦੀ ਪ੍ਰਮਾਣੀਕਤਾ ਲਈ ਸੁਧਾਈ ਦੀ ਅੰਤਮ ਕਸਵੱਟੀ ਪੰਚਮ ਪਾਤਸ਼ਾਹ ਜੀ ਦੀ ਲਿਖਵਾਈ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਹੀ ਰਹੀ ਹੈ ਅਤੇ ਇਸ ਗਲ ਉਤੇ ਵੀ ਸਮੂਹ ਸਿਖ ਜਥੇਬੰਦੀਆਂ ਅਤੇ ਸ੍ਰੀ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਵਿਚ ਕੋਈ ਮਤਭੇਦ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਮ ਗੁਰਤਾ ਪ੍ਰਾਪਤ ਸਰੂਪ ਵਿਚ ਪੰਜਾਂ ਸਤਿਗੁਰਾਂ ਦੀ ਬਾਣੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਅਨੁਸਾਰ ਹੀ ਹੈ;

(੧੨) ਦਮਦਮੇ ਸਾਹਿਬ ਵਾਲੀ ਬੀੜ ਸਬੰਧੀ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ..........ਅਸਲ ਗੁਰੂ ਗ੍ਰੰਥ ਸਾਹਿਬ ਜੀ ਜਿਸ ਨੂੰ ਦਸਮ ਪਾਤਸ਼ਾਹ ਜੀ ਨੇ ਤਿਆਰ ਕੀਤਾ

Digitized by Panjab Digital Library | www.panjabdigilib.org

ਸੀ ਖਾਲਸਾ ਜੀ ਦੇ ਲਸ਼ਕਰ ਵਿਚ ਰਿਹਾ ਕਰਦਾ ਸੀ ਕਿਤੂੰ ਵਡੇ ਘਲੂਘਾਰੇ ਵਿਚ ਦੁਰਾਨੀਆਂ ਦੇ ਵਿਚ ਦੁਰਾਨੀਆਂ ਹਥ ਆ ਗਿਆ ਜੋ ਉਸ ਨੂੰ ਕਾਬਲ ਲੈ ਗਏ ਸਨ। ਇਹ ਪਾਵਨ ਬੀੜ ਹੁਣ ਤਕ ਕਿਤਿਓਂ ਨਹੀਂ ਲਭ ਸਕੀ।

ਇਸ ਲਈ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਦੀ ਪ੍ਰਮਾਣੀਕਤਾ ਨੂੰ ਮੁਖ ਰਖਦਿਆਂ ਇਸ ਪਾਵਨ ਆਦਿ ਬੀੜ ਨਾਲ ਸੁਧਾਈ ਕਰਨ ਦੀ ਉਹ ਪਰੰਪਰਾ ਜੋ ਦਸਮ ਪਾਤਸ਼ਾਹ, ਬਾਬਾ ਦੀਪ ਸਿੰਘ ਜੀ ਸ਼ਹੀਦ, ਆਪ ਦੇ ਮਗਰੋਂ ਸਮੂਹ ਸੰਪਰਦਾਵਾਂ, ਮਹਾਂ ਪੁਰਸ਼ਾਂ, ਸਭਾ ਸੁਸਾਇਟੀਆਂ ਅਤੇ ਦੁਕਾਨਦਾਰਾਂ ਤਕ ਵੀ ਚਲੀ ਆ ਰਹੀ ਹੈ, ਉਸ ਨੂੰ ਕਾਇਮ ਰਖਦਿਆਂ ਹੋਇਆਂ ਗੁਰਤਾ ਪ੍ਰਾਪਤ ਪਾਵਨ ਬੀੜ ਦੀ ਸ਼ੁਧ ਛਪਾਈ ਲਈ ਪੰਜਾਂ ਗੁਰੂ ਸਾਹਿਬਾਨ ਤਕ ਦੀ ਬਾਣੀ ਦੀ ਸੁਧਾਈ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਅਨੁਸਾਰ ਹੀ ਹੋਣੀ ਚਾਹੀਦੀ ਹੈ; ਕਿਉਂਕਿ ਸਿਖੀ ਦੀ ਹੋਂਦ ਅਤੇ ਪੰਥਕ ਏਕਤਾ ਅਤੇ ਕਲਿਆਨ ਵਾਸਤੇ ਇਹ ਅਤਿ ਜ਼ਰੂਰੀ ਹੈ। ਨਾਵੇਂ ਪਾਤਸ਼ਾਹ ਦੀ ਬਾਣੀ ਦੀ ਸ਼ੁਧ ਛਪਾਈ ਲਈ ਵਖੋ ਵਖ ਇਤਿਹਾਸਕ ਬੀੜਾਂ ਦੀ ਪੜਚੋਲ ਮਗਰੋਂ ਇਕ ਜਾਂ ਵਧੇਰੇ ਬੀੜਾਂ ਨਾਲ ਪਾਠ ਮਿਲਾ ਕੇ ਜੋ ਲੋੜ ਪਵੇ ਤਾਂ ਵਿਦਵਾਨ ਸਜਨਾਂ ਜਿਨ੍ਹਾਂ ਵਿਚ ਨਿਰਮਲ ਮਹਾਂ ਮੰਡਲ, ਉਦਾਸੀਨ ਮਹਾਂ ਮੰਡਲ, ਬੁਢਾ ਦਲ ਨਿਹੰਗ ਸਿੰਘਾਂ ਤੇ ਹਰ ਗੁਰੂ ਨਾਨਕ ਨਾਮ ਲੇਵਾ ਸੰਪ੍ਰਦਾਵਾਂ ਦੇ ਉਚ ਕੋਟੀ ਦੇ ਵਿਦਵਾਨ ਵੀ ਸ਼ਾਮਲ ਹੋਣ, ਦੀ ਸੰਮਤੀ ਨਾਲ ਫੈਸਲਾ ਕਰ ਲਿਆ ਜਾਵੇ।

(ਸਹੀ) ਸਾਹਿਬ ਸਿੰਘ ੩੧-੭-੫੭

ਡਾਕਟਰ ਸੋਹਣ ਸਿੰਘ ਜੀ ਵਲੋਂ ਅਤੇ ਪ੍ਰੋ: ਸਾਹਿਬ ਸਿੰਘ ਜੀ ਵਲੋਂ ਪੇਸ਼ ਕੀਤੀਆਂ ਤਜਵੀਜ਼ਾ ਤੇ ਵਿਚਾਰ ਹੁੰਦੀ ਰਹੀ। ਉਪਰੰਤ ਇਕਤ੍ਰਤਾ ਅਗਲੇ ਦਿਨ ੧ ਅਗਸਤ ੧੯੫੭ ਨੂੰ ਸਵੇਰ ਦੇ ੯ ਵਜੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਣ ਲਈ ਮੁਲਤਵੀ ਕੀਤੀ ਗਈ।

ਸਮਾਪਤੀ ਦਾ ਅਰਦਾਸਾ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਨੇ ਸੋਧਿਆ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ ਜਿਸ ਦਾ ਅਰੰਭ ਹੇਠ ਲਿਖੇ ਅਨੁਸਾਰ ਸੀ:-

ਧਨਾਸਰੀ ਮਹਲਾ ੫॥

ਅਉਖੀ ਘੜੀ ਨ ਦੇਖਣ ਦੇਈ..........

ਨੋਟ :-ਉਕਤ ਕਾਰਵਾਈ ਵਿਚ ਹੇਠ ਲਿਖੇ ਸ਼ਬਦ ਵੀ ਦਰਜ ਸਮਝੇ ਜਾਣ। ਬਾਕੀ ਕਾਰਵਾਈ ਕਨਫਰਮ ਕੀਤੀ ਜਾਂਦੀ ਹੈ:-

(੧) ਸਰਦਾਰ ਸਾਹਿਬ ਸਿੰਘ ਜੀ ਨੇ ਆਪਣੀ ਤਜਵੀਜ਼ ਵਿਚ ਨਾਵੀਂ ਪਾਤਸ਼ਾਹੀ ਦੀ ਬਾਣੀ ਸਬੰਧੀ ਵਖੋ ਵਖ ਇਤਿਹਾਸਕ ਬੀੜਾਂ ਦੀ ਥਾਂ, ਬਾਬਾ ਦੀਪ ਸਿੰਘ ਜੀ ਵਲੋਂ ਕਰਾਏ ਉਤਾਰੇ ਵਾਲੀਆਂ ਬੀੜਾਂ, ਦੇ ਸ਼ਬਦ ਦਰਜ ਕਰਨੇ ਪਰਵਾਨ ਕਰ ਲਏ।

(੨) ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ, ਬਾਵਾ ਹਰਕ੍ਰਿਸ਼ਨ ਸਿੰਘ ਜੀ ਅਤੇ ਗਿਆਨੀ ਨਿਰੰਜਨ ਸਿੰਘ ਜੀ ਦੀ ਇਕ ਸਬ-ਕਮੇਟੀ ਬਣਾਈ ਗਈ ਜੋ ਵਿਚਾਰ ਕਰ ਕੇ ਆਪਣੀ ਵਿਚਾਰ ਦਾ ਸਿਟਾ ਅਗਲੇ ਦਿਨ ੧ ਅਗਸਤ ੧੯੫੭ ਨੂੰ ਸਵੇਰੇ ੯ ਵਜੇ ਕਮੇਟੀ ਦੀ ਇਕੱਤ੍ਰਤਾ ਵਿਚ ਪੇਸ਼ ਕਰੇ।

ਇਹ ਸ਼ਬਦ ਸਮਾਪਤੀ ਦਾ ਅਰਦਾਸਾ ਤੋਂ ਪਹਿਲਾਂ ਦਰਜ ਕੀਤੇ ਸਮਝੇ ਜਾਣ।

(ਸਹੀ) ਸੋਹਣ ਸਿੰਘ, ਨਿਰੰਜਨ ਸਿੰਘ, ਟਹਿਲ ਸਿੰਘ ਨਿਹੰਗ ਸੇਵਕ ਸੰਤ ਸਮਾਜ ਤੇ ਤਰੁਨਾ ਦਲ, ਤੇਜਾ ਸਿੰਘ, ਭੁਪਿੰਦਰ ਸਿੰਘ, ਸੰਤ ਸਿੰਘ, ਹਰਿਭਜਨ ਸਿੰਘ, ਰਵੇਲ ਸਿੰਘ,

Digitized by Panjab Digital Library | www.panjabdigilib.org

ਸਾਹਿਬ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ ।

ਹਾਜ਼ਰੀ ਇਕੱਤ੍ਰਤਾ ਮਿਤੀ ੧-੮-੫੭

੧. ਬਾਵਾ ਹਰਿਕ੍ਰਿਸ਼ਨ ਸਿੰਘ ਜੀ । ੨. ਪ੍ਰੋਫੈਸਰ ਸਾਹਿਬ ਸਿੰਘ ਜੀ ।
੩. ਡਾਕਟਰ ਮੋਹਣ ਸਿੰਘ ਜੀ । ੪. ਗਿਆਨੀ ਨਿਰੰਜਨ ਸਿੰਘ ਜੀ ।
੫. ਟਹਿਲ ਸਿੰਘ ਜੀ ਨਿਹੰਗ । ੬. ਸੰਤ ਤੇਜਾ ਸਿੰਘ ਜੀ ।
੭. ਸਿੰਘ ਸਾ: ਗਿ: ਭੁਪਿੰਦਰ ਸਿੰਘ ਜੀ । ੮. ਸਰਦਾਰ ਸੰਤ ਸਿੰਘ ਜੀ ।
੯. ਸਰਦਾਰ ਰਵੇਲ ਸਿੰਘ ਜੀ । ੧੦. ਪ੍ਰੋਫੈਸਰ ਹਰਿਭਜਨ ਸਿੰਘ ਜੀ ।

ਕਾਰਵਾਈ

ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਹਜ਼ੂਰੀ ਵਿਚ ਗ੍ਰੰਥੀ ਸਿੰਘ ਜੀ ਨੇ ਸਰਦਾਰ ਸੰਤ ਸਿੰਘ ਜੀ ਆਨਰੇਰੀ ਸਕਤਰ, ਚੀਫ਼ ਖਾਲਸਾ ਦੀਵਾਨ ਦੇ ਇਸ ਕਮੇਟੀ ਵਿਚ ਸ਼ਾਮਲ ਹੋਣ ਲਈ ਇਸ ਭਾਵ ਦਾ ਅਰਦਾਸਾ ਸੋਧਿਆ ਕਿ ਉਹ ਪੂਰੀ ਨਿਰਪਖਤਾ ਨਾਲ ਇਸ ਮਸਲੇ ਉਤੇ ਵਿਚਾਰ ਆਦਿ ਕਰਨਗੇ। ਕਮੇਟੀ ਦੀ ਅਜ ਦੀ ਇਕਤ੍ਰਤਾ ਵਿਚ ਸ਼ਾਮਲ ਹੋਣ ਵਾਲੇ ਬਾਕੀ ਸਜਨ ਵੀ ਇਸ ਅਰਦਾਸੇ ਵਿਚ ਸ਼ਾਮਲ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ ਜੋ ਇਸ ਪ੍ਰਕਾਰ ਸੀ:-

ਬੈਰਾੜੀ ਮਹਲਾ ੪
ਹਰਿ ਜਨੁ ਰਾਮ ਨਾਮ ਗੁਨ ਗਾਵੈ.............

ਸ: ਰਵੇਲ ਸਿੰਘ ਜੀ ਨੇ ਕਲ ਦੀ ਕਾਰਵਾਈ ਪੜ੍ਹ ਕੇ ਸੁਣਾਈ ਅਤੇ ਇਸ ਵਿਚ ਨੋਟ ਨੰ: ੧ ਤੇ ੨ ਦਾ ਵਾਧਾ ਕਰਨ ਉਪ੍ਰੰਤ ਹਾਜ਼ਰ ਸਜਣਾਂ ਵਲੋਂ ਇਹ ਕਾਰਵਾਈ ਦਰੁਸਤ ਲਿਖੇ ਜਾਣ ਦੀ ਆਪਣੇ ਆਪਣੇ ਦਸਖਤ ਕਰ ਕੇ ਤਸਦੀਕ ਕੀਤੀ ਗਈ।

ਕਲ ਦੀ ਇਕੱਤ੍ਰਤਾ ਮਿਤੀ ੩੧-੭-੫੭ ਨੂੰ ਤਿੰਨਾਂ ਦੀ ਬਣੀ ਸਬ-ਕਮੇਟੀ ਦੀ ਜ਼ਬਾਨੀ ਵੀਚਾਰ ਸੁਣ ਕੇ ਸਰਬ ਸੰਮਤੀ ਨਾਲ ਪਰਵਾਨ ਹੋਇਆ ਕਿ **ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਅਤੇ ਗਿਆਨੀ ਨਿਰੰਜਨ ਸਿੰਘ ਜੀ** ਦੀ ਸਬ-ਕਮੇਟੀ ਬਣਾਈ ਜਾਂਦੀ ਹੈ। ਇਸ ਸਬ-ਕਮੇਟੀ ਦੀ ਨਿਗਰਾਨੀ ਹੇਠਾਂ ਦੋ ਯੋਗ ਸਜਣ ਇਨ੍ਹਾਂ ਚੋਹਾਂ ਬੀੜਾਂ-ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ, ਸ੍ਰੀ ਅਕਾਲ ਤਖਤ ਸਾਹਿਬ ਵਾਲੀ ਸੁਨਹਿਰੀ ਬੀੜ, ਸ੍ਰੀ ਮੰਜੀ ਸਾਹਿਬ, ਦਮਦਮਾ ਸਾਹਿਬ ਵਾਲੀ ਬੀੜ ਅਤੇ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਵਾਲੀ ਬੀੜ ਦੇ ਦਰਸ਼ਨ ਕਰ ਕੇ ਹੇਠ ਲਿਖੀ ਵਾਕਫ਼ੀਅਤ ਸਵਿਸਥਾਰ ਪ੍ਰਾਪਤ ਕਰਨ :-

(੧) ਮੰਗਲਾਚਰਨ ਦੀ ਤਰਤੀਬ ਤੇ ਲਿਖਣ-ਢੰਗ।
(੨) ਬਾਣੀ ਦਾ ਕ੍ਰਮ ਤੇ ਤਰਤੀਬ।
(੩) ਪਦਾਂ ਦੇ ਤੇ ਹੋਰ ਖਾਸ ਖਾਸ ਪਾਠੰਤਰ ਭੇਦ।

ਇਹ ਖੋਜ ਇਸ ਤਰ੍ਹਾਂ ਕੀਤੀ ਜਾਵੇ ਕਿ ਇਕੋ ਛਾਪੇ ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਬੀੜਾਂ ਸੈਂਚੀਆਂ ਦੇ ਰੂਪ ਵਿਚ ਲੈ ਕੇ ਇਕ ਇਕ ਬੀੜ ਉਪਰ ਲਿਖੀਆਂ ਬੀੜਾਂ ਨਾਲ ਪਾਠ ਕਰ ਕੇ ਮੇਲੀ ਜਾਵੇ ਅਤੇ ਉਪਰ ਲਿਖੇ ਤਿੰਨਾਂ ਵਿਸ਼ਿਆਂ ਬਾਰੇ ਜੋ ਵੀ ਭਿੰਨਤਾ ਜਾਂ ਵਿਸ਼ੇਸ਼ਤਾ ਦਿਸੇ, ਉਹ ਨੋਟ ਕੀਤੀ ਜਾਵੇ।

ਇਸ ਕਾਰਜ ਦੀ ਸੰਪੂਰਨਤਾ ਲਈ ਸਮੇਂ ਸਮੇਂ ਸਿਰ ਲੋੜ ਅਨੁਸਾਰ ਵੇਰਵੇ ਨਾਲ ਖੋਜੀ

Digitized by Panjab Digital Library | www.panjabdigilib.org

ਸਜਣਾਂ ਨੂੰ ਹਦਾਇਤਾਂ ਉਪਰ ਲਿਖੀ ਸਬ-ਕਮੇਟੀ ਦੇਵੇਗੀ।

ਇਸ ਸਾਰੀ ਖੋਜ ਦੀ ਵੀਚਾਰ ਕਰ ਕੇ ਸਬ-ਕਮੇਟੀ ਆਪਣੀ ਰਿਪੋਰਟ ਕਮੇਟੀ ਦੇ ਪੇਸ਼ ਕਰੇਗੀ। ਯਤਨ ਕੀਤਾ ਜਾਵੇ ਕਿ ਇਹ ਖੋਜ ਇਕ ਮਹੀਨੇ ਵਿਚ ਪੂਰੀ ਹੋ ਜਾਵੇ।

ਇਸ ਉਪਰੰਤ ਸਮਾਪਤੀ ਦਾ ਅਰਦਾਸਾ ਸੋਧ ਕੇ ਹੁਕਮ ਲਿਆ ਗਿਆ ਜੋ ਇਸ ਪ੍ਰਕਾਰ ਸੀ:-

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰਗ ਗੁਰਪ੍ਰਸਾਦਿ ॥

ਰਾਗੁ ਬਿਲਾਵਲੁ ਮਹਲਾ ੧
ਤੂੰ ਸੁਲਤਾਨੁ ਕਹਾ ਹਉ ਮੀਆ....................

ਇਸ ਉਪਰੰਤ ਇਕੱਤ੍ਰਤਾ ਦੀ ਕਾਰਵਾਈ ਸਮਾਪਤ ਹੋਈ।

(ਸਹੀ) ਰਵੇਲ ਸਿੰਘ, ਸਾਹਿਬ ਸਿੰਘ, ਸੰਤ ਸਿੰਘ, ਮੰਗਲ ਸਿੰਘ ਮਾਨ, ਤੇਜਾ ਸਿੰਘ, ਭੂਪਿੰਦਰ ਸਿੰਘ, ਨਿਰੰਜਨ ਸਿੰਘ, ਹਰਿਭਜਨ ਸਿੰਘ।

ਹਾਜ਼ਰੀ ਇਕੱਤ੍ਰਤਾ ਮਿਤੀ ੧੦-੨-੫੯

(੧) ਸੰਤ ਤੇਜਾ ਸਿੰਘ ਜੀ
(੨) ਸਰਦਾਰ ਰਵੇਲ ਸਿੰਘ ਜੀ
(੩) ਪ੍ਰੋਫੈਸਰ ਸਾਹਿਬ ਸਿੰਘ ਜੀ
(੪) ਸਰਦਾਰ ਸੰਤ ਸਿੰਘ ਜੀ
(੫) ਸੰਤ ਨਿਰੰਜਨ ਸਿੰਘ ਜੀ
(੬) ਸਰਦਾਰ ਮੰਗਲ ਸਿੰਘ ਜੀ ਮਾਨ
(੭) ਪ੍ਰੋਫੈਸਰ ਹਰਿਭਜਨ ਸਿੰਘ ਜੀ

ਕਾਰਵਾਈ

ਸ੍ਰੀ ਅਕਾਲ ਤਖਤ ਸਾਹਿਬ ਜੀ ਵਿਖੇ ਉਪਰ ਲਿਖੇ ਸਜਣਾਂ ਦੀ ਇਕੱਤ੍ਰਤਾ ਦੀ ਕਾਰਵਾਈ ਆਰੰਭ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਖੇ ਅਰਦਾਸ ਸੋਧ ਕੇ ਹੁਕਮ ਲਿਆ ਗਿਆ, ਜੋ ਇਸ ਪ੍ਰਕਾਰ ਸੀ:-

ਰਾਗੁ ਬੈਰਾੜੀ ਮਹਲਾ ੪ ਘਰੁ ੧ ਦੁਪਦੇ.........(ਪੰਨਾ ੭੧੯)
ਸੁਨਿ ਮਨ ਅਕਥ ਕਥਾ ਹਰਿ ਨਾਮੁ ॥

ਸੰਤ ਤੇਜਾ ਸਿੰਘ ਜੀ ਇਸ ਇਕੱਤ੍ਰਤਾ ਦੇ ਪ੍ਰਧਾਨ ਥਾਪੇ ਗਏ।

(੧) ਪ੍ਰਵਾਨ ਹੋਇਆ ਕਿ ਸੈਂਚੀਆਂ ਨੂੰ ਸੰਬੰਧਤ ਚੌਂਹ ਪਾਵਨ ਬੀੜਾਂ ਨਾਲ ਮੇਲਣ ਦਾ ਕੰਮ ਸ੍ਰੀ ਮੰਜੀ ਸਾਹਿਬ, ਦਮਦਮਾ ਸਾਹਿਬ ਵਾਲੀ ਬੀੜ ਤੋਂ ਆਰੰਭ ਕੀਤਾ ਜਾਵੇ।

(੨) ਚੀਫ ਖਾਲਸਾ ਦੀਵਾਨ ਦੀ *ਪਤ੍ਰਕਾ ਨੰ: ੧੨੨ ਮਿਤੀ ੧੩-੧-੫੯ ਦੇ ਆਧਾਰ ਉਤੇ ਸਰਦਾਰ ਰਵੇਲ ਸਿੰਘ ਜੀ ਦੇ ਇਹ ਮੰਗ ਕਰਨ ਉਤੇ ਕਿ ਸਾਨੂੰ ਵੀ ਦਸਾਂ ਦੀ ਇਕੱਤ੍ਰਤਾ ਵਿਚ ਹੋਈ ਗੁਪਤ ਕਾਰਵਾਈ ਨੂੰ ਸ਼ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ ਜਾਣ ਕਰਾਉਣ ਦੀ ਆਗਿਆ ਦੇ ਦਿਤੀ ਜਾਵੇ। ਵੀਚਾਰ ਉਪਰੰਤ ਪ੍ਰਵਾਨ ਹੋਇਆ ਕਿ ਅਗੋਂ ਲਈ ਦਸਾਂ ਦੀ ਕਮੇਟੀ ਦੀ

---

*ਇਸ ਪਤ੍ਰਕਾ ਵਿਚ ਦਸਾਂ ਦੀ ਕਮੇਟੀ ਦੀ ਕਾਰਵਾਈ ਦੀ ਇਕ ਨਕਲ ਚੀਫ ਖ਼ਾਲਸਾ ਦੀਵਾਨ ਨੂੰ ਭੇਜੀ ਜਾਇਆ ਕਰਨ ਲਈ ਮੰਗ ਕੀਤੀ ਗਈ ਸੀ।

Digitized by Panjab Digital Library | www.panjabdigilib.org

ਕਾਰਵਾਈ ਨੂੰ ਗੁਪਤ ਰਖਣ ਦੇ ਫੈਸਲੇ ਉਤੇ ਸਖਤੀ ਨਾਲ ਵਰਤੋਂ ਕੀਤੀ ਜਾਵੇ। ਇਸਦੀ ਉਲੰਘਣਾ ਕੋਈ ਧਿਰ ਵੀ ਨਾ ਕਰੇ।

(੩) ਚੀਫ ਖਾਲਸਾ ਦੀਵਾਨ ਦੀ ਪਤ੍ਰਿਕਾ ਨੰ: ੧੨੨ ਮਿਤੀ ੧੩-੧-੫੯ ਦੀ ਮੰਗ ਅਨੁਸਾਰ ਅਜ ਦੀ ਸਦੀ ਗਈ ਇਕੱਤਰਤਾ ਕਾਫੀ ਸੋਚ ਵੀਚਾਰ ਉਪਰੰਤ ਸਰਬ-ਸੰਮਤੀ ਨਾਲ ਪਰਵਾਨ ਕਰਦੀ ਹੈ, ਕਿ ੧-੯-੫੭ ਦੀ ਦਸਾਂ ਦੀ ਇਕੱਤਰਤਾ ਵਿਚ ਪਾਸ ਹੋਏ ਮਤੇ ਨੂੰ ਤਰਮੀਮ ਕਰਕੇ ਹੇਠ ਲਿਖੇ ਅਨੁਸਾਰ ਪੜ੍ਹਿਆ ਜਾਵੇ:-

"ਸਰਬ ਸੰਮਤੀ ਨਾਲ ਪਰਵਾਨ ਹੋਇਆ ਕਿ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਤੇ ਗਿਆਨੀ ਨਿਰੰਜਨ ਸਿੰਘ ਜੀ ਪਟਿਆਲਾ ਦੀ ਸਬ-ਕਮੇਟੀ ਬਣਾਈ ਜਾਂਦੀ ਹੈ। ਇਸ ਸਬ-ਕਮੇਟੀ ਦੀ ਨਿਗਰਾਨੀ ਹੇਠਾਂ ਦੋ ਯੋਗ ਸਜਣ ਇਨ੍ਹਾਂ ਚੌਹਾਂ ਬੀੜਾਂ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ, ਸ੍ਰੀ ਅਕਾਲ ਤਖ਼ਤ ਸਾਹਿਬ ਵਾਲੀ ਸੁਨਹਿਰੀ ਜਿਲਦ ਵਾਲੀ ਬੀੜ, ਸ੍ਰੀ ਮੰਜੀ ਸਾਹਿਬ ਦਮਦਮਾ ਸਾਹਿਬ ਵਾਲੀ ਬੀੜ ਅਤੇ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਵਾਲੀ ਬੀੜ ਦੇ ਦਰਸ਼ਨ ਕਰਕੇ ਇਸ ਸਬ-ਕਮੇਟੀ ਦੀਆਂ ਹਦਾਇਤਾਂ ਅਨੁਸਾਰ ਸਵਿਸਥਾਰ ਵਾਕਫੀਅਤ ਪਰਾਪਤ ਕਰਨ ਅਤੇ ਉਸ ਵਾਕਫੀਅਤ ਦੇ ਅਧਾਰ ਉਤੇ ਇਹ ਸਬ-ਕਮੇਟੀ ਆਪਣੀ ਰੀਪੋਰਟ ਦਸਾਂ ਦੀ ਕਮੇਟੀ ਵਿਚ ਪੇਸ਼ ਕਰੇ।

(੪) ਸਰਬ-ਸੰਮਤੀ ਨਾਲ ਪਰਵਾਨ ਹੋਇਆ ਕਿ ਅਜ ਦੀ ਇਕੱਤ੍ਰਤਾ ਵਿਚ ਹਾਜ਼ਰ ਸਜਨਾਂ ਦੇ ਨਾਮ ਹੇਠ ਦੁਬਾਰਾ ਅਪੀਲ ਕਰ ਦਿਤੀ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਸੰਬੰਧੀ ਜੋ ਦਸ ਸਜਨਾਂ ਦੀ ਕਮੇਟੀ ਨਿਯਤ ਹੋਈ ਸੀ ਉਹ ਇਸ ਸੇਵਾ ਨੂੰ ਨੇਪਰੇ ਚਾੜ੍ਹਨ ਦਾ ਪੂਰਾ ਪੂਰਾ ਯਤਨ ਕਰ ਰਹੀ ਹੈ। ਅਤੇ ਉਸ ਦੀਆਂ ਇਕੱਤ੍ਰਤਾਵਾਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਲੋੜ ਅਨੁਸਾਰ ਸਮੇਂ ਸਮੇਂ ਹੁੰਦੀਆਂ ਰਹਿੰਦੀਆਂ ਹਨ।

ਚੂੰਕਿ ਇਹ ਕਾਰਜ ਬੜਾ ਮਹਾਨ ਅਤੇ ਜ਼ਰੂਰੀ ਹੈ ਇਸ ਲਈ ਸੁਭਾਵਕ ਹੀ ਕੁਝ ਸਮਾਂ ਵਧੇਰੇ ਲਗਣ ਦੀ ਸੰਭਾਵਨਾ ਹੈ। ਆਸ ਹੈ ਕਿ ਅਕਾਲ ਪੁਰਖ ਦੀ ਕਿਰਪਾ ਨਾਲ ਇਹ ਸਫਲਤਾ ਪੂਰਬਕ ਸਿਰੇ ਚੜ੍ਹੇਗਾ।

ਇਸ ਉਪ੍ਰੰਤ ਅਰਦਾਸ ਕੀਤੀ ਅਤੇ ਹੁਕਮ ਲਿਆ ਗਿਆ ਅਤੇ ਕਾਰਵਾਈ ਸਮਾਪਤ ਹੋਈ।

(ਸਹੀ) ਤੇਜਾ ਸਿੰਘ, ਮੰਗਲ ਸਿੰਘ ਮਾਨ, ਸਾਹਿਬ ਸਿੰਘ, ਨਿਰੰਜਨ ਸਿੰਘ, ਭੁਪਿੰਦਰ ਸਿੰਘ, ਸੰਤ ਸਿੰਘ, ਰਵੇਲ ਸਿੰਘ, ਹਰਿਭਜਨ ਸਿੰਘ।

੧ ੳ

ਹਾਜ਼ਰੀ ਇਕੱਤ੍ਰਤਾ ਮਿਤੀ ੫-੪-੫੯

(੧) ਸੰਤ ਤੇਜਾ ਸਿੰਘ ਜੀ।
(੨) ਡਾਕਟਰ ਸੋਹਣ ਸਿੰਘ ਜੀ।
(੩) ਸਰਦਾਰ ਮੰਗਲ ਸਿੰਘ ਜੀ ਮਾਨ।
(੪) ਸ: ਸੰਤ ਸਿੰਘ ਜੀ।
(੫) ਗਿਆਨੀ ਨਿਰੰਜਨ ਸਿੰਘ ਜੀ।
(੬) ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ।
(੭) ਸ: ਰਵੇਲ ਸਿੰਘ ਜੀ।
(੮) ਪ੍ਰੋਫੈਸਰ ਹਰਿਭਜਨ ਸਿੰਘ ਜੀ।
(੯) ਗਿਆਨੀ ਪਿਆਰਾ ਸਿੰਘ ਜੀ ਸੁਖੀ।

Digitized by Panjab Digital Library | www.panjabdigilib.org

ਨੋਟ:-ਕਾਰਵਾਈ ਆਰੰਭ ਹੋਣ ਤੋਂ ਪਹਿਲਾਂ ਇਹ ਪ੍ਰਸ਼ਨ ਉਠਾਇਆ ਗਿਆ ਕਿ ਕੀ ਦਸਾਂ ਦੀ ਕਮੇਟੀ ਵਿਚ ਇਕ ਵੇਰਾਂ ਨਾਮਜ਼ਦ ਕੀਤੇ ਗਏ ਕਿਸੇ ਸਜਨ ਨੂੰ ਨਾਮਜ਼ਦ ਕਰਨ ਵਾਲੀ ਸੰਸਥਾ ਜਦ ਜੀਅ ਚਾਹੇ ਨਾਮਜ਼ਦ ਮੈਂਬਰ ਦੀ ਮਰਜੀ ਦੇ ਵਿਰੁਧ ਦਸਾਂ ਦੀ ਕਮੇਟੀ ਦੀ ਮੈਂਬਰ-ਸ਼ਿਪ ਤੋਂ ਹਟਾਕੇ ਉਸ ਦੀ ਥਾਂ ਨਵਾਂ ਮੈਂਬਰ ਨਾਮਜ਼ਦ ਕਰ ਸਕਦੀ ਹੈ ? ਕੀ ਸੰਤ ਟਹਿਲ ਸਿੰਘ ਜੀ ਜੋ ਪਿਛਲੀ ਅਤੇ ਇਸ ਇਕੱਤ੍ਰਤਾ ਵਿਚ ਹਾਜ਼ਰ ਨਹੀਂ ਹੋ ਸਕੇ ਦੀ ਥਾਂ ਪਕੇ ਤੌਰ ਤੇ ਸ: ਸੰਤ ਸਿੰਘ ਜੀ ਨਾਮਜ਼ਦ ਕੀਤੇ ਜਾ ਸਕਦੇ ਹਨ ? ਇਸ ਮਾਮਲੇ ਉਤੇ ਲੰਮੀ ਚੌੜੀ ਪਰਸਪਰ ਵੀਚਾਰ ਉਪ੍ਰੰਤ ਇਹ ਪਰਵਾਨ ਹੋਇਆ ਕਿ ਇਸ ਮਸਲੇ ਉਤੇ ਬਾਕਾਇਦਾ ਹੋਰ ਵੀਚਾਰ ਅਗੇ ਚਲ ਕੇ ਕੀਤੀ ਜਾਵੇ ਪ੍ਰੰਤੂ ਫਿਲਹਾਲ ਸ: ਸੰਤ ਸਿੰਘ ਜੀ ਨਿਹੰਗ ਟਹਿਲ ਸਿੰਘ ਜੀ ਦੀ ਥਾਂ ਕੇਵਲ ਅੱਜ ਦੀ ਇਕੱਤ੍ਰਤਾ ਦੀ ਕਾਰਵਾਈ ਵਿਚ ਹਿਸਾ ਲੈ ਲੈਣ।

ਕਾਰਵਾਈ

ਸ੍ਰੀ ਅਕਾਲ ਤਖਤ ਸਾਹਿਬ ਵਿਖੇ ਉਪਰ ਲਿਖੇ ਸਜਨਾਂ ਦੀ ਇਕੱਤ੍ਰਤਾ ਦੀ ਕਾਰਵਾਈ ਦੇ ਆਰੰਭ ਦਾ ਅਰਦਾਸਾ ਗਿਆਨੀ ਨਿਰੰਜਨ ਸਿੰਘ ਜੀ ਨੇ ਸੋਧਿਆ। ਸੰਤ ਤੇਜਾ ਸਿੰਘ ਜੀ ਨੇ ਹੁਕਮ ਲਿਆ। ਸ਼ਬਦ ਦੀ ਪਹਿਲੀ ਤੁਕ ਇਸ ਪ੍ਰਕਾਰ ਸੀ:-

ਧਨਾਸਰੀ ਮਹਲਾ ੧ ਘਰੁ ੧

"ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰਿ ॥"

(੧) ਡਾਕਟਰ ਸੋਹਣ ਸਿੰਘ ਜੀ ਵਲੋਂ ਹੇਠ ਲਿਖੀ ਤਜਵੀਜ਼ ਪੇਸ਼ ਹੋਕੇ ਪਰਵਾਨ ਹੋਇਆ ਕਿ ਇਸ ਉਤੇ ਵਿਚਾਰ ਅਗਲੀ ਇਕੱਤ੍ਰਤਾ ਵਿਚ ਕੀਤੀ ਜਾਵੇ:-

ਤਜਵੀਜ਼

"ਇਸ ਦਸਾਂ ਦੀ ਕਮੇਟੀ ਵਾਸਤੇ ਜਿਸ ਸੰਸਥਾ ਨੇ ਮੈਂਬਰ ਨਾਮਜ਼ਦ ਕੀਤੇ ਹਨ ਕਿਸੇ ਕਾਰਨ ਕਰਕੇ ਉਨ੍ਹਾਂ ਵਿਚੋਂ ਕਿਸੇ ਨੂੰ ਹਟਾ ਕੇ ਉਸ ਦੀ ਥਾਂ ਦੂਸਰਾ ਮੈਂਬਰ ਨਾਮਜ਼ਦ ਉਹੀ ਸੰਸਥਾ ਕਰ ਸਕਦੀ ਹੈ।"

(੨) ਪ੍ਰਧਾਨ ਸਾਹਿਬ ਚੀਫ ਖਾਲਸਾ ਦੀਵਾਨ ਦੀ ਅਜ ਦੀ ਇਕੱਤ੍ਰਤਾ ਦੇ ਸੰਬੰਧ ਵਿਚ ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ ਅਤੇ ਗਿਆਨੀ ਨਿਰੰਜਨ ਸਿੰਘ ਜੀ ਪਟਿਆਲੇ ਨੂੰ ਲਿਖੀ ਪਤ੍ਰਕਾ ਨੰ: ੬੪੨ ਤੇ ੬੪੩ ਮਿਤੀ ੩-੩-੫੮ ਅਤੇ ਇਸ ਦੇ ਉਤਰ ਵਿਚ ਸ: ਰਵੇਲ ਸਿੰਘ ਜੀ ਸਕੱਤ੍ਰ, ਟ੍ਰਸਟ ਬ੍ਰਾਂਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਿਖੀ ਪਤ੍ਰਕਾ ਨੰ: ੨੧੪੩੫ (੧੮-੪) ਮਿਤੀ ੧੭-੩-੫੮ ਮੈਂਬਰ ਸਾਹਿਬਾਨ ਦੇ ਨੋਟਿਸ ਵਿਚ ਲਿਆਂਦੀਆਂ ਗਈਆਂ। ਉਪ੍ਰੰਤ ਪਰਵਾਨ ਹੋਇਆ ਕਿ ਇਨ੍ਹਾਂ ਦੋਹਾਂ ਪਤ੍ਰਕਾਵਾਂ ਦੀਆਂ ਨਕਲਾਂ ਗਿਆਤ ਹਿਤ ਸਬ-ਕਮੇਟੀ ਦੇ ਦੋਹਾਂ ਮੈਂਬਰ ਸਾਹਿਬਾਨ ਨੂੰ ਭੇਜ ਦਿਤੀਆਂ ਜਾਣ ਪ੍ਰੰਤੂ ਕਮੇਟੀ ਦੀ ਇਕੱਤ੍ਰਤਾ ਮਿਤੀ ੧੦-੨-੫੮ ਦਾ ਮਤਾ ਨੰ: ੩ ਇਨ ਬਿਨ ਸਟੈਂਡ ਕਰਦਾ ਹੈ।

(੩) ਪੇਸ਼ ਹੋਕੇ ਪਰਵਾਨ ਹੋਇਆ ਕਿ ਸੰਬੰਧਤ ਚੌਹਾਂ ਬੀੜਾਂ ਦਾ ਆਪੋ ਵਿਚ ਦੀ ਟਾਕਰਾ ਕਰਨ ਵਾਸਤੇ ਚੀਫ ਖਾਲਸਾ ਦੀਵਾਨ ਵਲੋਂ ਯੋਗ ਸਜਨ ਨਿਯਤ ਕਰਨ ਦੇ ਅਧਿਕਾਰ ਸਰਦਾਰ ਸੰਤ ਸਿੰਘ ਜੀ ਸਕੱਤ੍ਰ ਚੀਫ ਖਾਲਸਾ ਦੀਵਾਨ ਨੂੰ ਦਿਤੇ ਜਾਂਦੇ ਹਨ। ਪ੍ਰੰਤੂ ਉਹ ਇਹ ਸਜਨ ਸ: ਰਵੇਲ ਸਿੰਘ ਜੀ ਸਕੱਤ੍ਰ ਸ਼੍ਰੋਮਣੀ ਕਮੇਟੀ ਦੀ ਸਲਾਹ ਨਾਲ ਨਿਯਤ ਕਰਨਗੇ।

(੪) ਪੇਸ਼ ਹੋਕੇ ਪਰਵਾਨ ਹੋਇਆ ਕਿ ਦਸਾਂ ਮੈਂਬਰਾਂ ਦੀ ਕਮੇਟੀ ਦੀਆਂ ਇਕੱਤ੍ਰਤਾਵਾਂ ਵਿਚ

Digitized by Panjab Digital Library | www.panjabdigilib.org

ਹੁਣ ਤਕ ਹੋਈ ਸਾਰੀ ਕਾਰਵਾਈ ਦੀ ਇਕ ਨਕਲ ਸ: ਮੰਗਲ ਸਿੰਘ ਜੀ ਮਾਨ ਪ੍ਰਧਾਨ ਚੀਫ ਖ਼ਾਲਸਾ ਦੀਵਾਨ ਨੂੰ ਭੇਜ ਦਿਤੀ ਜਾਵੇ।

ਉਪ੍ਰੰਤ ਅਰਦਾਸਾ ਸੋਧਿਆ ਅਤੇ ਹੁਕਮ ਲਿਆ ਗਿਆ ਅਤੇ ਕਾਰਵਾਈ ਸਮਾਪਤ ਹੋਈ।

ਕਾਰਵਾਈ ਕਨਫਰਮ ਕੀਤੀ ਜਾਂਦੀ ਹੈ।

(ਸਹੀ) ਰਵੇਲ ਸਿੰਘ, ਭੂਪਿੰਦਰ ਸਿੰਘ, ਤੇਜਾ ਸਿੰਘ, ਨਿਰੰਜਨ ਸਿੰਘ, ਸੰਤ ਸਿੰਘ, ਹਰਿਭਜਨ ਸਿੰਘ, ਸੋਹਣ ਸਿੰਘ, ਸਾਹਿਬ ਸਿੰਘ।

ੴ

ਹਾਜ਼ਰੀ ਇਕੱਤ੍ਰਤਾ ਮਿਤੀ ੧੧-੬-੫੮

੧-ਸਿੰਘ ਸਾ: ਗਿ: ਭੂਪਿੰਦਰ ਸਿੰਘ ਜੀ
੨-ਸੰਤ ਤੇਜਾ ਸਿੰਘ ਜੀ
੩-ਗਿਆਨੀ ਨਿਰੰਜਨ ਸਿੰਘ ਜੀ
੪-ਸ: ਸੰਤ ਸਿੰਘ ਜੀ
੫-ਡਾ: ਸੋਹਣ ਸਿੰਘ ਜੀ
੬-ਸ: ਰਵੇਲ ਸਿੰਘ ਜੀ
੭-ਪ੍ਰੋ: ਸਾਹਿਬ ਸਿੰਘ ਜੀ
੮-ਪ੍ਰੋ: ਹਰਿਭਜਨ ਸਿੰਘ ਜੀ

ਸ੍ਰੀ ਅਕਾਲ ਤਖਤ ਸਾਹਿਬ ਵਿਖੇ ਉਪਰ ਲਿਖੇ ਹਾਜ਼ਰ ਸਜਣਾਂ ਦੀ ਇਕਤਰਤਾ ਦਿਨ ਦੇ ੯ ਬਜੇ ਆਰੰਭ ਹੋਈ। ਗਿਆਨੀ ਨਿਰੰਜਨ ਸਿੰਘ ਜੀ ਨੇ ਆਰੰਭ ਦਾ ਅਰਦਾਸਾ ਸੋਧਿਆ ਅਤੇ ਸੰਤ ਤੇਜਾ ਸਿੰਘ ਜੀ ਨੇ ਹੁਕਮ ਲਿਆ, ਜਿਸ ਦੀ ਪਹਿਲੀ ਤੁਕ ਇਸ ਪਰਕਾਰ ਸੀ:-

ਧਨਾਸਰੀ ਮਹਲਾ ੩

ਕਾਚਾ ਧਨ ਸੰਚਹਿ ਮੂਰਖ ਗਾਵਾਰ...........।

ਕਾਰਵਾਈ

ਗਿਆਨੀ ਨਿਰੰਜਨ ਸਿੰਘ ਜੀ ਵਲੋਂ ਹੇਠ ਲਿਖੀ ਤਜਵੀਜ਼ ਪੇਸ਼ ਕੀਤੀ ਗਈ-"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਸਬੰਧੀ ਜੋ ਸੇਵਾ ਦਸ ਸੇਵਕਾਂ ਦੇ ਸਪੁਰਦ ਕੀਤੀ ਗਈ ਸੀ, ਉਸ ਕਾਰਜ ਦੇ ਆਰੰਭ ਤੋਂ ਲੈ ਕੇ ਹੁਣ ਤਕ ਦੇ ਵੇਰਵੇ ਨੂੰ ਮੁਖ ਰਖਦਿਆਂ ਹੋਇਆਂ ਇਹ ਸੰਭਾਵਨਾ ਹੈ ਕਿ ਇਹ ਕਾਰਜ ਸ਼ੀਘਰ ਸਿਰੇ ਚੜ੍ਹਦਾ ਸੰਭਵ ਨਹੀਂ ਜਾਪਦਾ। ਇਸ ਲਈ ਇਸ ਕਾਰਜ ਨੂੰ ਦੋ ਭਾਗਾਂ ਵਿਚ ਵੰਡ ਦਿਤਾ ਜਾਵੇ। ਪਹਿਲਾ ਮੰਗਲਾਂ ਚਰਨਾਂ ਦੀ ਸ਼ੈਲੀ ਜਾਂ ਤਰਤੀਬ, ਦੂਜਾ ਸਵਿਸਥਾਰ ਖੋਜ। ਪਹਿਲੇ ਭਾਗ ਉਤੇ ਪਹਿਲਾਂ ਵਰਤੋਂ ਕੀਤੀ ਜਾਵੇ।"

ਇਹ ਉਪਰੋਕਤ ਤਜਵੀਜ਼ ਸਰਬ ਸੰਮਤੀ ਨਾਲ ਪਰਵਾਨ ਹੋਈ।

ਸ: ਰਵੇਲ ਸਿੰਘ ਜੀ ਵਲੋਂ ਹੇਠ ਲਿਖੀ ਤਜਵੀਜ਼ ਪੇਸ਼ ਹੋਈ-"ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਮੰਗਲਾਂ ਚਰਨਾਂ ਦੀ ਸ਼ੈਲੀ ਤੇ ਤਰਤੀਬ ਸਬੰਧੀ ਰੀਪੋਰਟ ਕਰਨ ਵਾਸਤੇ ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ ਅਤੇ ਗਿਆਨੀ ਨਿਰੰਜਨ ਸਿੰਘ ਜੀ ਪਟਿਆਲਾ ਨੂੰ ਪੂਰਨ ਅਧਿਕਾਰ ਦਿਤੇ ਜਾਂਦੇ ਹਨ ਕਿ ਉਹ ਪੁਰਾਤਨ ਇਤਿਹਾਸਕ ਬੀੜਾਂ ਦੇ ਦਰਸ਼ਨ ਕਰਕੇ ਆਪਣੀ ਵਾਕਫੀਅਤ ਦੇ ਆਧਾਰ ਉਤੇ ਖੋਜ ਭਰਪੂਰ ਰੀਪੋਰਟ ਇਕ ਮਹੀਨੇ ਦੇ ਅੰਦਰ ਅੰਦਰ ਦਸਾਂ ਮੈਂਬਰ ਸਾਹਿਬਾਨ ਦੀ ਕਮੇਟੀ ਦੇ ਪੇਸ਼ ਕਰਨ।"

Digitized by Panjab Digital Library | www.panjabdigilib.org

ਉਪਰੋਕਤ ਤਜਵੀਜ਼ ਉਤੇ ਵੀਚਾਰ ਹੋਏ ਬਿਨਾਂ ਹੀ ਇਕਤਰਤਾ ਅਗਲੇ ਦਿਨ ੧੨-੬-੫੮ ਨੂੰ ਸਾਢੇ ਦਸ ਵਜੇ ਉਤੇ ਮੁਲਤਵੀ ਕੀਤੀ ਗਈ।

੧ਓ

ਹਾਜ਼ਰੀ ਇਕੱਤ੍ਰਤਾ ਮਿਤੀ ੧੨-੬-੫੮

੧-ਬਾਵਾ ਹਰਕਿਸ਼ਨ ਸਿੰਘ ਜੀ
੨-ਸਿੰਘ ਸਾ: ਗਿ: ਭੁਪਿੰਦਰ ਸਿੰਘ ਜੀ
੩-ਸ: ਰਵੇਲ ਸਿੰਘ ਜੀ
੪-ਡਾ: ਸੋਹਣ ਸਿੰਘ ਜੀ
੫-ਸ: ਸੰਤ ਸਿੰਘ ਜੀ
੬-ਸੰਤ ਤੇਜਾ ਸਿੰਘ ਜੀ
੭-ਗਿਆਨੀ ਨਿਰੰਜਨ ਸਿੰਘ ਜੀ
੮-ਪ੍ਰੋ: ਹਰਿਭਜਨ ਸਿੰਘ ਜੀ

ਕਲ ੧੧-੬-੫੮ ਦੀ ਮੁਲਤਵੀ ਹੋਈ ਇਕਤ੍ਰਤਾ ਅਜ ੧੨-੬-੫੮ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦਿਨ ਦੇ ੧੧-੩੦ ਬਜੇ ਆਰੰਭ ਹੋਈ। ਉਪ੍ਰੋਕਤ ਦਸਖਤਾਂ ਵਾਲੇ ਸਜਣ ਇਕੱਤ੍ਰਤਾ ਵਿਚ ਹਾਜ਼ਰ ਹੋਏ। ਇਕੱਤ੍ਰਤਾ ਦੇ ਪ੍ਰਧਾਨ ਬਾਵਾ ਹਰਕਿਸ਼ਨ ਸਿੰਘ ਜੀ ਥਾਪੇ ਗਏ।

ਕਾਰਵਾਈ

ਗਿਆਨੀ ਨਿਰੰਜਨ ਸਿੰਘ ਜੀ ਵਲੋਂ ਕਲ ਦੀ ਇਕੱਤ੍ਰਤਾ ਵਿਚ ਮੰਗਲਾ ਚਰਨਾਂ ਦੀ ਸ਼ੈਲੀ ਅਤੇ ਤਰਤੀਬ ਆਦਿ ਬਾਰੇ ਵੀਚਾਰ ਨੂੰ ਪਹਿਲ ਦਿਤੇ ਜਾਣ ਦੀ ਪੇਸ਼ ਹੋਈ ਤਜਵੀਜ਼, ਜਿਸ ਨੂੰ ਕਲ ਪਰਵਾਨ ਕਰ ਲਿਆ ਸੀ, ਬਾਰੇ ਪ੍ਰਸਪਰ ਵੀਚਾਰ ਹੁੰਦੀ ਰਹੀ। ਗਿਆਨੀ ਜੀ ਦੀ ਇਸ ਤਜਵੀਜ਼ ਦੀ ਪੂਰਤੀ ਲਈ ਪ੍ਰੋ: ਹਰਿਭਜਨ ਸਿੰਘ ਜੀ, ਡਾਕਟਰ ਸੋਹਣ ਸਿੰਘ ਜੀ, ਸੰਤ ਤੇਜਾ ਸਿੰਘ ਜੀ ਵਲੋਂ ਵੀ ਤਜਵੀਜ਼ਾਂ ਪੇਸ਼ ਹੋਈਆਂ।

ਇਸ ਮਾਮਲੇ ਉਤੇ ਵਧੇਰੇ ਵੀਚਾਰ ਕਰਨ ਦੀ ਲੋੜ ਪ੍ਰਤੀਤ ਹੋਈ ਅਤੇ ਇਹ ਵੀਚਾਰ ਅਗਲੀ ਇਕੱਤ੍ਰਤਾ ਉਤੇ ਫੇਰ ਕੀਤੇ ਜਾਣਾ ਪਰਵਾਨ ਹੋਇਆ।

ਉਪਰੰਤ ਅਰਦਾਸਾ ਸੋਧ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ ਅਤੇ ਇਕਤਰਤਾ ਸਮਾਪਤ ਹੋਈ।

(ਸਹੀ) ਨਿਰੰਜਨ ਸਿੰਘ, ਰਵੇਲ ਸਿੰਘ, ਸਾਹਿਬ ਸਿੰਘ, ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ, ਸੋਹਣ ਸਿੰਘ, ਸੰਤ ਸਿੰਘ, ਭੁਪਿੰਦਰ ਸਿੰਘ, ਹਰਿਭਜਨ ਸਿੰਘ।

੧ਓ

ਹਾਜ਼ਰੀ ਇਕੱਤ੍ਰਤਾ ਮਿਤੀ ੨੨-੬-੫੮

੧-ਬਾਵਾ ਹਰਕਿਸ਼ਨ ਸਿੰਘ ਜੀ
੨-ਪ੍ਰੋ: ਸਾਹਿਬ ਸਿੰਘ ਜੀ
੩-ਡਾ: ਸੋਹਣ ਸਿੰਘ ਜੀ
੪-ਸ: ਸੰਤ ਸਿੰਘ ਜੀ
੫-ਸੰਤ ਤੇਜਾ ਸਿੰਘ ਜੀ
੬-ਸਿੰਘ ਸਾ: ਗਿ: ਭੁਪਿੰਦਰ ਸਿੰਘ ਜੀ
੭-ਗਿ: ਨਿਰੰਜਨ ਸਿੰਘ ਜੀ
੮-ਸ: ਰਵੇਲ ਸਿੰਘ ਜੀ
੯-ਪ੍ਰੋ: ਹਰਿਭਜਨ ਸਿੰਘ ਜੀ

Digitized by Panjab Digital Library | www.panjabdigilib.org

ਕਾਰਵਾਈ

ਸ੍ਰੀ ਅਕਾਲ ਤਖਤ ਸਾਹਿਬ ਵਿਖੇ ਉਪਰੋਕਤ ਸਜਣਾਂ ਦੀ ਇਕਤ੍ਰਤਾ ਦੀ ਕਾਰਵਾਈ ਆਰੰਭ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਖੇ ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ ਨੇ ਕਾਰਜ ਦੀ ਸਫਲਤਾ ਹਿਤ ਅਰਦਾਸ ਕੀਤੀ। ਗਿਆਨੀ ਨਿਰੰਜਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ। ਸ਼ਬਦ ਦੀ ਪਹਿਲੀ ਤੁਕ ਇਸ ਪ੍ਰਕਾਰ ਸੀ–

ਸੋਰਠਿ ਮਹਲਾ ੩

ਦਾਸਨ ਦਾਸ ਹੋਇ ਤਾ ਹਰਿ ਪਾਇ......।

ਸਰਬ ਸੰਮਤੀ ਨਾਲ ਇਸ ਇਕਤ੍ਰਤਾ ਦੇ ਪ੍ਰਧਾਨ ਬਾਵਾ ਹਰਕਿਸ਼ਨ ਸਿੰਘ ਜੀ ਥਾਪੇ ਗਏ। ੧੧–੬–੫੮ ਦੀ ਇਕਤਰਤਾ ਵਿਚ ਗਿਆਨੀ ਨਿਰੰਜਨ ਸਿੰਘ ਜੀ ਵਲੋਂ ਪੇਸ਼ ਕੀਤੀ ਅਤੇ ਪਰਵਾਨ ਹੋਈ ਤਜਵੀਜ਼ ਅਤੇ ਇਸ ਤਜਵੀਜ਼ ਨੂੰ ਵਰਤੋਂ ਵਿਚ ਲਿਆਉਣ ਲਈ ਸਰਦਾਰ ਰਵੇਲ ਸਿੰਘ ਜੀ ਵਲੋਂ ੧੧–੬–੫੮ ਨੂੰ ਅਤੇ ਪ੍ਰੋ: ਹਰਿਭਜਨ ਸਿੰਘ ਜੀ, ਡਾ: ਸੋਹਣ ਸਿੰਘ ਜੀ ਅਤੇ ਸੰਤ ਤੇਜਾ ਸਿੰਘ ਜੀ ਵਲੋਂ ੧੨–੬–੫੮ ਦੀ ਇਕਤ੍ਰਤਾ ਵਿਚ ਪੇਸ਼ ਕੀਤੀਆਂ ਹੇਠ ਲਿਖੀਆਂ ਤਜਵੀਜ਼ਾਂ ਉਤੇ ਹਾਜ਼ਰ ਸਜਣਾਂ ਦੀ ਪਰਸਪਰ ਵਿਚਾਰ ਹੋਈ–

੧–ਤਜਵੀਜ਼, ਸ: ਰਵੇਲ ਸਿੰਘ ਜੀ ਵਲੋਂ, ਜੋ ੧੧–੬–੫੮ ਨੂੰ ਪੇਸ਼ ਹੋਈ–

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਮੰਗਲਾ ਚਰਨਾਂ ਦੀ ਸ਼ੈਲੀ ਤੇ ਤਰਤੀਬ ਸਬੰਧੀ ਰੀਪੋਰਟ ਕਰਨ ਵਾਸਤੇ ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ ਅਤੇ ਗਿਆਨੀ ਨਿਰੰਜਨ ਸਿੰਘ ਜੀ ਪਟਿਆਲਾ ਨੂੰ ਪੂਰਨ ਅਧਿਕਾਰ ਦਿਤੇ ਜਾਂਦੇ ਹਨ ਕਿ ਉਹ ਪੁਰਾਤਨ ਇਤਿਹਾਸਕ ਬੀੜਾਂ ਦੇ ਦਰਸ਼ਨ ਕਰਕੇ ਆਪਣੀ ਵਾਕਫੀਅਤ ਦੇ ਆਧਾਰ ਉਤੇ ਖੋਜ ਭਰਪੂਰ ਰੀਪੋਰਟ ਇਕ ਮਹੀਨੇ ਦੇ ਅੰਦਰ ਅੰਦਰ ਦਸਾਂ ਮੈਂਬਰ ਸਾਹਿਬਾਨ ਦੀ ਕਮੇਟੀ ਦੇ ਪੇਸ਼ ਕਰਨ।

੨–ਪ੍ਰੋਫੈਸਰ ਹਰਿਭਜਨ ਸਿੰਘ ਜੀ ਵਲੋਂ ੧੨–੬–੫੮ ਦੀ ਇਕਤ੍ਰਤਾ ਵਿਚ ਪੇਸ਼ ਕੀਤੀ ਗਈ ਤਜਵੀਜ਼:–

"ਕਲ ੧੧–੬–੫੮ ਨੂੰ ਦਸਾਂ ਮੈਂਬਰ ਸਾਹਿਬਾਨ ਦੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਈ ਇਕਤ੍ਰਤਾ ਵਿਚ ਗਿਆਨੀ ਨਿਰੰਜਨ ਸਿੰਘ ਜੀ ਪਟਿਆਲਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਮੰਗਲਾ ਚਰਨਾਂ ਦੀ ਸ਼ੈਲੀ ਤੇ ਤਰਤੀਬ ਬਾਰੇ ਖੋਜ ਪੜਤਾਲ ਕੀਤੇ ਜਾਣ ਨੂੰ ਪਹਿਲ ਦਿਤੇ ਜਾਣ ਬਾਰੇ ਜੋ ਤਜਵੀਜ਼ ਪੇਸ਼ ਕੀਤਾ ਸੀ ਅਤੇ ਜੋ ਦਸਾਂ ਦੀ ਕਮੇਟੀ ਨੇ ਪਰਵਾਨ ਕੀਤੀ ਹੈ, ਉਸ ਨਾਲ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਗਰੰਥ ਸਾਹਿਵ ਜੀ ਦੀ ਬੀੜ ਛਾਪਣ ਉਪਰੰਤ ਜੋ ਵੀਚਾਰ ਤੇ ਮਤ ਭੇਦ ਪਰਗਟ ਕੀਤੇ ਗਏ ਸਨ, ਦਸਾਂ ਮੈਂਬਰ ਸਾਹਿਬਾਨ ਦੀ ਵੀਚਾਰ ਵੀ ਫਿਰ ਉਸੇ ਥਾਂ ਪੁਜ ਗਈ ਹੈ। ਇਤਿਹਾਸਕ ਤੌਰ ਤੇ ਸਿਧ ਹੈ ਅਤੇ ਇਸ ਨਾਲ ਇਸ ਕਮੇਟੀ ਦੇ ਸਾਰੇ ਮੈਂਬਰ ਸਾਹਿਬਾਨ ਸਹਿਮਤ ਰਹੇ ਹਨ ਕਿ ਦਸਮ ਪਾਤਸ਼ਾਹ ਜੀ ਵਲੋਂ ਲਿਖਾਈ ਗਈ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਦੇ ਮੰਗਲ ਪਰਮ ਪਾਵਨ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਦੇ ਅਨੁਸਾਰ ਸਨ। ਇਸ ਲਈ ਇਸ ਮਸਲੇ ਨੂੰ ਛੇਤੀ ਨਿਪਟਾਣ ਲਈ ਕੇਵਲ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਦੇ ਦਰਸ਼ਨ ਕਰਕੇ ਮੰਗਲਾਂ ਦੀ ਤਰਤੀਬ ਤੇ ਸ਼ੈਲੀ ਨੂੰ ਸਮਝ ਲੈਣਾ ਅਤੇ ਉਸ ਅਨੁਸਾਰ ਛਪਵਾਈ ਕਰਾਉਣਾ ਉਚਿੱਤ ਹੈ ਅਤੇ ਇਹੋ ਹੀ ਤਰਤੀਬ ਗੁਰਤਾ-ਪ੍ਰਾਪਤ ਬੀੜ ਦੇ ਅਨਕੂਲ ਸਮਝੀ ਜਾ ਸਕਦੀ ਹੈ।

੩–ਡਾਕਟਰ ਸੋਹਣ ਸਿੰਘ ਜੀ ਸਾਹਿਬ ਵਲੋਂ ਪੇਸ਼ ਕੀਤੀ ਗਈ ਤਜਵੀਜ਼.........

"ਚੂੰਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਦੇ ਵਿਚ ਨਾਵੇਂ ਪਾਤਸ਼ਾਹ ਜੀ ਦੀ

Digitized by Panjab Digital Library | www.panjabdigilib.org

ਬਾਣੀ ਨਹੀਂ ਹੈ, ਇਸ ਲਈ ਨਾਵੇਂ ਪਾਤਸ਼ਾਹ ਜੀ ਦੀ ਬਾਣੀ ਦੇ ਮੰਗਲਾਂ ਦੀ ਸ਼ੈਲੀ ਤੇ ਤਰਤੀਬ ਵਾਸਤੇ ਗੁਰੂ ਕਾਸ਼ੀ ਦਮਦਮਾ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਵਾਲੀ ਸੁਨਹਿਰੀ ਜਿਲਦ ਵਾਲੀ ਬੀੜ ਅਤੇ ਸ੍ਰੀ ਹਜ਼ੂਰ ਸਾਹਿਬ ਵਾਲੀ ਬੀੜ ਦੇ ਮੰਗਲਾ ਚਰਨ ਤੇ ਸ਼ੈਲੀ ਦੀ ਲਿਖਤ ਦਾ ਮੁਕਾਬਲਾ ਕਰ ਲਿਆ ਜਾਵੇ ਅਤੇ ਜਿਥੇ ਕਿਤੇ ਆਪਸ ਵਿਚ ਕੋਈ ਫਰਕ ਨਿਕਲੇ ਉਥੇ ਉਨ੍ਹਾਂ ਚੋਂ ਜੋ ਦੋ ਬੀੜਾਂ ਵਿਚ ਹੋਵੇ ਉਸ ਨੂੰ ਪ੍ਰਮਾਣੀਕ ਮੰਨ ਲਿਆ ਜਾਵੇ। ਨਾਵੇਂ ਪਾਤਿਸ਼ਾਹ ਜੀ ਦੀ ਬਾਣੀ ਤੋਂ ਸਿਵਾ ਉਪਰ ਲਿਖਤ ਤਿੰਨਾਂ ਬੀੜਾਂ ਦੀ ਜੋ ਬਾਣੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਵਿਚ ਵੀ ਹੈ ਉਸ ਬਾਣੀ ਦੇ ਮੰਗਲਾਂ ਦੀ ਸ਼ੈਲੀ ਤੇ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਦੇ ਮੰਗਲਾਂ ਅਨੁਸਾਰ ਹੋਵੇ।

੪–ਸੰਤ ਤੇਜਾ ਸਿੰਘ ਜੀ ਵਲੋਂ ਪੇਸ਼ ਕੀਤੀ ਗਈ ਤਜਵੀਜ਼.........

ਗਿਆਨੀ ਨਰਿੰਜਨ ਸਿੰਘ ਜੀ ਨੇ ਤਜਵੀਜ਼ ਕੀਤਾ ਜਿਹੜਾ ਮਤਾ ਕਲ ਪਰਵਾਨ ਹੋਇਆ ਹੈ ਉਸ ਨੂੰ ਵਰਤੋਂ ਵਿਚ ਲਿਆਉਣ ਵਾਸਤੇ ਜਿੰਨੀ ਬਾਣੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਹੈ ਉਸ ਦੇ ਮੰਗਲ ਤੇ ਸ਼ੈਲੀ ਹੂ-ਬਹੂ ਉਸ ਅਨੁਸਾਰ ਹੋਵੇ ਅਤੇ ਜਿਹੜੀ ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੈ ਉਸ ਦੇ ਮੰਗਲ ਗੁਰੂ-ਕਾਸ਼ੀ ਸ੍ਰੀ ਦਮਦਮਾ ਸਾਹਿਬ ਵਾਲੀ ਬੀੜ, ਸ੍ਰੀ ਅਕਾਲ ਤਖਤ ਸਾਹਿਬ ਵਾਲੀ ਸੁਨਹਿਰੀ ਬੀੜ, ਤੇ ਸ੍ਰੀ ਹਜ਼ੂਰ ਸਾਹਿਬ ਵਾਲੀ ਬੀੜ ਅਨੁਸਾਰ, ਜਿਥੇ ਦੋ ਮੇਲ ਕਰਨ, ਉਸ ਅਨੁਸਾਰ ਕਰ ਲਏ ਜਾਣ।

ਇਸ ਵੀਚਾਰ ਦੇ ਦੌਰਾਨ ਹੀ ਪ੍ਰੋ: ਸਾਹਿਬ ਸਿੰਘ ਜੀ ਵਲੋਂ ਹੇਠ ਲਿਖੀ ਤਜਵੀਜ਼ ਪੇਸ਼ ਕੀਤੀ ਗਈ:–

"ਮੈਨੂੰ ਵਖੋ ਵਖ ਸਜਣਾਂ ਦੀਆਂ ਤਜਵੀਜ਼ਾਂ, ਸ਼੍ਰੋਮਣੀ ਕਮੇਟੀ ਦੀ ਪਤ੍ਰਕਾ ਨੰ: ੨੧੭੩੭/੧੮–੪ ਮਿਤੀ ੧੬–੬–੫੮ ਰਾਹੀਂ ਪੁਜੀਆਂ, ਜਿਨ੍ਹਾਂ ਤੇ ਕਿ ਅਜ ਦਸਾਂ ਦੀ ਕਮੇਟੀ ਦੀ ਇਕਤਰਤਾ ਵਿਚ ਵਿਚਾਰ ਹੋਣੀ ਹੈ। ਇਸ ਗਲ ਨਾਲ ਸਾਰੇ ਹੀ ਸਜਣ ਸਹਿਮਤ ਹਨ ਕਿ ਜਿਤਨੀ ਬਾਣੀ ਸ੍ਰੀ ਕਰਤਾਰਪੁਰ ਵਾਲੀ ਆਦਿ ਬੀੜ ਵਿਚ, ਉਸ ਬਾਣੀ ਦੇ ਮੰਗਲਾ ਚਰਨਾਂ ਦੀ ਤਰਤੀਬ ਤੇ ਸ਼ੈਲੀ ਅਨੁਸਾਰ ਹੀ ਛਪਾਈ ਹੋਵੇ।

ਨਾਵੇਂ ਪਾਤਸ਼ਾਹ ਦੀ ਬਾਣੀ ਦੇ ਮੰਗਲਾਂ ਦੀ ਤਰਤੀਬ ਬਾਰੇ ਹਾਲਾਂ ਕਿਸੇ ਇਕ ਫੈਸਲੇ ਉਤੇ ਸਾਰੇ ਸਜਣ ਨਹੀਂ ਪਹੁੰਚੇ। ਮੇਰੀ ਤਜਵੀਜ਼ ਹੈ ਕਿ ਨਾਵੀਂ ਪਾਤਸ਼ਾਹੀ ਦੀ ਬਾਣੀ ਦੇ ਮੰਗਲਾਂ ਦੀ ਤਰਤੀਬ ਤੇ ਸ਼ੈਲੀ ਉਨ੍ਹਾਂ ਹਥ-ਲਿਖਤ ਪ੍ਰਾਚੀਨ ਬੀੜਾਂ ਅਨੁਸਾਰ ਕੀਤੀ ਜਾਏ, ਜਿਨ੍ਹਾਂ ਨੂੰ ਨਾਵੇਂ ਪਾਤਸ਼ਾਹ ਜਾਂ ਦਸਵੇਂ ਪਾਤਸ਼ਾਹ ਆਪਣੇ ਦਸਤਖਤ ਕਰਕੇ ਪ੍ਰਮਾਣੀਕ ਬਣਾ ਗਏ ਹਨ। ਇਸ ਤੋਂ ਇਲਾਵਾ ਜੇ ਭਾਈ ਮਨੀ ਸਿੰਘ ਜੀ ਦੇ ਆਪਣੇ ਹਥਾਂ ਦੀ ਲਿਖਤ ਕੋਈ ਬੀੜ ਮਿਲ ਸਕੇ ਤਾਂ ਉਸ ਦੀ ਸਹਾਇਤਾ ਵੀ ਨਾਵੀਂ ਪਾਤਸ਼ਾਹੀ ਦੇ ਮੰਗਲਾਂ ਦੀ ਸ਼ੈਲੀ ਤੇ ਤਰਤੀਬ ਬਾਰੇ ਲਈ ਜਾਵੇ।

ਉਪਰੋਕਤ ਤਜਵੀਜ਼ਾਂ ਉਤੇ ਕਾਫੀ ਸਮਾਂ ਪਰਸਪਰ ਵਿਚਾਰ ਕਰਨ ਉਪਰੰਤ ਸਰਬ-ਸੰਮਤੀ ਨਾਲ ਪਰਵਾਨ ਹੋਇਆ ਕਿ ਚੂੰਕਿ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੇ ਆਪਣੇ ਵਲੋਂ ਛਾਪੀ ਬੀੜ ਦੇ ਮੰਗਲਾਂ ਦੀ ਤਰਤੀਬ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਦੇ ਮੰਗਲਾਂ ਦੀ ਤਰਤੀਬ ਤੇ ਸ਼ੈਲੀ ਅਨੁਸਾਰ ਕੀਤੀ ਦਸਦੇ ਹਨ ਇਸ ਲਈ ਦਸਾਂ ਦੀ ਕਮੇਟੀ ਦੇ ਮੈਂਬਰ ਸਾਹਿਬਾਨ ਸ਼ੀਘਰ ਹੀ ਕਿਸੇ ਨੀਯਤ ਤਾਰੀਖ ਉਤੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਪੁਜਣ ਅਤੇ ਉਪਰੋਕਤ ਪਾਵਨ ਆਦਿ ਬੀੜ ਦੇ ਦਰਸ਼ਨ ਕਰਕੇ ਇਸ ਸਬੰਧੀ ਨਿਰਨਾ ਕਰਨ ਦੀ

Digitized by Panjab Digital Library | www.panjabdigilib.org

ਖੇਚਲ ਕਰਨ ।

ਇਸ ਉਪਰੰਤ ਇਕਤਰਤਾ ਸਮਾਪਤ ਹੋਈ। ਸਮਾਪਤੀ ਦਾ ਅਰਦਾਸਾ ਗਿਆਨੀ ਨਿਰੰਜਨ ਸਿੰਘ ਜੀ ਪਟਿਆਲਾ ਨੇ ਕੀਤਾ। ਹੁਕਮ ਲਿਆ ਗਿਆ ਜਿਸ ਦੀ ਪਹਿਲੀ ਤੁਕ ਇਹ ਸੀ:—

ਧਨਾਸਰੀ ਮਹਲਾ ੫ ॥
ਦੂਤ ਦੁਸਮਨ ਸਭਿ ਤੁਝ ਤੇ ਨਿਵਰੇ ॥

(ਸਹੀ) ਸੰਤ ਸਿੰਘ, ਸੋਹਣ ਸਿੰਘ, ਰਵੇਲ ਸਿੰਘ, ਤੇਜਾ ਸਿੰਘ, ਸਾਹਿਬ ਸਿੰਘ, ਹਰਿਭਜਨ ਸਿੰਘ, ਨਿਰੰਜਨ ਸਿੰਘ, ਭੁਪਿੰਦਰ ਸਿੰਘ ।

ਹਾਜ਼ਰੀ ਇਕੱਤ੍ਰਤਾ ਮਿਤੀ ੧੩-੮-੫੮ ਸ੍ਰੀ ਕਰਤਾਪੁਰ ਸਾਹਿਬ ਵਿਖੇ

(੧) ਡਾ: ਸੋਹਣ ਸਿੰਘ ਜੀ (੨) ਸਰਦਾਰ ਸੰਤ ਸਿੰਘ ਜੀ
(੩) ਗਿ: ਨਿਰੰਜਨ ਸਿੰਘ ਜੀ (੪) ਸੰਤ ਤੇਜਾ ਸਿੰਘ ਜੀ
(੫) ਸ੍ਰਿਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ
(੬) ਸਰਦਾਰ ਰਵੇਲ ਸਿੰਘ ਜੀ (੭) ਪ੍ਰੋਫੈਸਰ ਹਰਿਭਜਨ ਸਿੰਘ ਜੀ

ਕਾਰਵਾਈ

ਉਪਰੋਕਤ ਮੈਂਬਰ ਸਾਹਿਬਾਨ ਤੋਂ ਛੁਟ ਗਿਆਨੀ ਮਹਾਂ ਸਿੰਘ ਜੀ ਐਡੀਟਰ ਖਾਲਸਾ ਸਮਾਚਾਰ, ਸੰਤ ਬਖਤਾਵਰ ਸਿੰਘ ਜੀ ਬਲਾਚੌਰ ਆਦਿ ਸਜਣ ਵੀ ਸ੍ਰੀ ਆਦਿ ਬੀੜ ਦੇ ਦਰਸ਼ਨ ਕਰਨ ਸਮੇਂ ਗੁਰਦੁਆਰਾ ਸ਼ੀਸ਼ ਮਹਲ ਵਿਖੇ ਹਾਜ਼ਰ ਸਨ।

ਲਗ ਪਗ ਨੌਂ ਵਜੇ ਸਵੇਰੇ ਸ੍ਰੀ ਆਦਿ ਬੀੜ, ਜਿਸ ਦਾ ਕਿ ਪ੍ਰਕਾਸ਼ ਗੁਰਦੁਆਰਾ ਸ਼ੀਸ਼ ਮਹਲ ਵਿਖੇ ਹਾਜ਼ਰ ਮੈਂਬਰ ਸਾਹਿਬਾਨ ਦੇ ਪੁਜਣ ਤੋਂ ਪਹਿਲਾਂ ਹੀ ਕੀਤਾ ਹੋਇਆ ਸੀ, ਦੇ ਦਰਸ਼ਨ ਕਰਨ ਅਤੇ ਇਸ ਬੀੜ ਦੇ ਮੰਗਲਾ ਚਰਨਾ ਅਤ ਰਾਗਾਂ ਦੇ ਸਿਰਲੇਖਾਂ ਦੀ ਤਰਤੀਬ ਦੀ ਲਿਖਣ-ਸ਼ੈਲੀ ਵੀਚਾਰਨ ਲਈ ਡਾਕਟਰ ਸੋਹਣ ਸਿੰਘ ਜੀ ਸ੍ਰੀ ਆਦਿ ਬੀੜ ਦੀ ਤਾਬਿਆ ਬੈਠੇ, ਉਨ੍ਹਾਂ ਨੂੰ ਪਾਵਨ ਆਦਿ ਬੀੜ ਵਿਚ ਅੰਕਤ ਬਹੁਤ ਸਾਰੇ ਮੰਗਲਾ-ਚਰਨ ਅਤੇ ਰਾਗਾਂ ਦੇ ਸਿਰਲੇਖ ਆਦਿ ਦੇ ਦਰਸ਼ਨ ਕਰਾਏ ਗਏ ਜਿਨ੍ਹਾਂ ਸੰਬੰਧੀ ਮੈਂਬਰ ਸਾਹਿਬਾਨ ਦੀ ਸੰਖੇਪ-ਮਾਤਰ ਵਿਚਾਰ ਭੀ ਹੁੰਦੀ ਰਹੀ। ਪ੍ਰੰਤੂ ਸਰਬ ਸੰਮਤੀ ਨਾਲ ਇਹੀ ਫੈਸਲਾ ਹੋਇਆ ਕਿ ਇਸ ਸਬੰਧੀ ਪੂਰੀ ਤਰ੍ਹਾਂ ਵਿਚਾਰ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਵਿਖੇ ੨੭ ਭਾਦਰੋਂ ਮੁਤਾਬਕ ੧੨ ਸਤੰਬਰ ੧੯੫੮ ਸ਼ੁਕਰਵਾਰ ਨੂੰ ਦਿਨ ਦੇ ਅਠ ਵਜੇ ਦਸਾਂ ਦੀ ਕਮੇਟੀ ਦੀ ਇਕੱਤ੍ਰਤਾ ਬੁਲਾ ਲਈ ਜਾਵੇ।

ਇਸ ਪਾਵਨ ਆਦਿ ਬੀੜ ਦੇ ਦਰਸ਼ਨ ਕਰ ਲੈਣ ਉਪ੍ਰੰਤ ਡਾਕਟਰ ਸੋਹਣ ਸਿੰਘ ਜੀ ਨੂੰ ਉਸ ਇਤਿਹਾਸਕ ਨਿਤਨੇਮ ਦੇ ਗੁਟਕੇ ਦੇ ਭੀ ਦਰਸ਼ਨ ਕਰਾਏ ਗਏ ਜੋ ਭਾਈ ਗੁਰਦਾਸ ਜੀ ਦਾ ਲਿਖਿਆ ਹੀ ਮੰਨਿਆ ਜਾਂਦਾ ਹੈ ਅਤੇ ਜਿਸ ਨੂੰ ਪ੍ਰਬੰਧਕਾਂ ਨੇ ਛੋਟੀ ਜਿਹੀ ਸੋਨੇ ਦੀ ਡੱਬੀ ਵਿਚ ਸਾਂਭ ਕੇ ਰਖਿਆ ਹੋਇਆ ਹੈ। ਇਸ ਨਿਤਨੇਮ ਦੇ ਗੁਟਕੇ ਵਿਚ ਆਉਂਦੇ ਸਾਰੇ ਮੰਗਲ ਬਾਣੀ ਦੇ ਸਿਰਲੇਖਾਂ ਨਾਲੋਂ ਸਪਸ਼ਟ ਉਪਰ ਹਨ।

Digitized by Panjab Digital Library | www.panjabdigilib.org

(ਸਹੀ) ਰਵੇਲ ਸਿੰਘ

ਸਾਹਿਬ ਸਿੰਘ
੧੨-੯-੫੯

੧੨-੯-੫੯ ਦੀ ਇਕੱਤ੍ਰਤਾ ਵਿਚ ਇਹ ਹਿਸਾ ਕਟਿਆ ਗਿਆ।

(ਸਹੀ) ਰਵੇਲ ਸਿੰਘ
੧੨-੯-੫੯

(ਸਹੀ) ਸੰਤ ਸਿੰਘ

(ਸਹੀ) ਸੋਹਣ ਸਿੰਘ

ਉਪਰੰਤ ਸ: ਰਵੇਲ ਸਿੰਘ ਜੀ ਦੀ ਨਜ਼ਰੀ ਗਿਆਨੀ ਮਹਾਂ ਸਿੰਘ ਜੀ ਪਾਸ ਪਈ ਉਹ ਲਿਸਟ ਪੈ ਗਈ ਜਿਹੜੀ ਸੰਤ ਟਹਿਲ ਸਿੰਘ ਜੀ ਦੇ ਨਾਮ ਹੇਠ ਚੀਫ਼ ਖਾਲਸਾ ਦੀਵਾਨ ਦੇ ਪ੍ਰੈਸ ਵਿਚ ਇਹ ਸਿਧ ਕਰਨ ਦਾ ਯਤਨ ਕੀਤਾ ਹੈ ਕਿ ਸ਼ਰੋਮਣੀ ਕਮੇਟੀ ਨੇ ਆਪਣੀ ਬੀੜ ਵਿਚ ਦਮਦਮੀ ਬੀੜ ਨਾਲੋਂ ਬਦਲ ਕੇ ਪਾਠ ਅਸ਼ੁਧ ਛਾਪ ਦਿਤੇ ਹਨ। ਉਨ੍ਹਾਂ ਨੇ ਉਸ ਇਸ਼ਤਿਹਾਰ ਦੀ ਮੰਗ ਕਰਦਿਆਂ ਇਸ ਗੱਲ ਤੇ ਬਹੁਤ ਜ਼ੋਰ ਦਿਤਾ ਕਿ ਸਾਰੇ ਮੈਂਬਰ ਸਾਹਿਬਾਨ ਦੀ ਹਾਜ਼ਰੀ ਵਿਚ ਇਹ ਗਲ ਵੀ ਵੇਖ ਲਈ ਜਾਏ ਕਿ ਕੀ ਉਪਰੋਕਤ ਇਸ਼ਤਿਹਾਰ ਅਨੁਸਾਰ ਸ਼ਰੋਮਣੀ ਕਮੇਟੀ ਨੇ ਠੀਕ ਹੀ ਇਹ ਪਾਠ ਬਦਲ ਦਿਤੇ ਹਨ ਜਾਂ ਸ੍ਰੀ ਕਰਤਾਰਪੁਰ ਸਾਹਿਬ ਦੀ ਬੀੜ ਅਨੁਸਾਰ ਹੀ ਛਾਪੇ ਹਨ। ਪ੍ਰੰਤੂ ਚੀਫ਼ ਖਾਲਸਾ ਦੀਵਾਨ ਦੇ ਸਜਣ ਇਸ ਗੱਲ ਤੇ ਸਹਿਮਤ ਨਾ ਹੋਏ। ਆਖਰ ਸਰਦਾਰ ਰਵੇਲ ਸਿੰਘ ਜੀ ਨੇ ਓਹ ਇਸ਼ਤਿਹਾਰ ਸ੍ਰ: ਸੰਤ ਸਿੰਘ ਜੀ ਆਨਰੇਰੀ ਸਕੱਤ੍ਰ ਚੀਫ਼ ਖਾਲਸਾ ਦੀਵਾਨ ਪਾਸੋਂ ਲੈ ਕੇ ਮੈਨੇਜਰ ਗੁ: ਥੰਮ ਸਾਹਿਬ ਦੇ ਹਵਾਲੇ ਕੀਤਾ ਕਿ ਉਹ ਗੁ: ਸ਼ੀਸ਼ ਮਹਲ ਦੇ ਗ੍ਰੰਥੀ ਦੀ ਸਹਾਇਤਾ ਨਾਲ ਇਸ ਸੰਬੰਧੀ ਲੋੜੀਂਦੀ ਪੜਚੋਲ ਕਰ ਕੇ ਰੀਪੋਰਟ ਕਰਨ।

ਉਪਰੰਤ ਸਾਢੇ ਗਿਆਰਾਂ ਵਜੇ ਇਕੱਤ੍ਰਤਾ ਸਮਾਪਤ ਹੋਈ।

ਸ(ਹੀ) ਸੋਹਣ ਸਿੰਘ ਤੇਜਾ ਸਿੰਘ ਸੰਤ ਸਿੰਘ ਨਿਰੰਜਨ ਸਿੰਘ ਰਵੇਲ ਸਿੰਘ
ਸਾਹਿਬ ਸਿੰਘ ਭੂਪਿੰਦਰ ਸਿੰਘ ਹਰਿਭਜਨ ਸਿੰਘ
੧੨-੯-੫੯ ੧੨-੯-੫੯ ੧੨-੯-੫੯

ਹਾਜ਼ਰੀ ਇਕੱਤ੍ਰਤਾ ਮਿਤੀ ੧੨-੯-੫੯ ਜੋ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਈ:-

੧. ਡਾਕਟਰ ਸੋਹਣ ਸਿੰਘ ਜੀ
੨. ਸਰਦਾਰ ਸੰਤ ਸਿੰਘ ਜੀ
੩. ਸੰਤ ਤੇਜਾ ਸਿੰਘ ਜੀ
੪. ਗਿਆਨੀ ਨਰਿੰਜਨ ਸਿੰਘ ਜੀ
੫. ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ
੬. ਸਰਦਾਰ ਰਵੇਲ ਸਿੰਘ ਜੀ
੭. ਪ੍ਰੋਫੈਸਰ ਸਾਹਿਬ ਸਿੰਘ ਜੀ
੮. ਪ੍ਰੋਫੈਸਰ ਹਰਿਭਜਨ ਸਿੰਘ ਜੀ।

ਉਪ੍ਰੋਕਤ ਹਾਜ਼ਰ ਸਜਣਾਂ ਦੀ ਇਕੱਤ੍ਰਤਾ ਸ੍ਰੀ ਅਕਾਲ ਖਤਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਵੇਰ ਦੇ ਪੌਣੇ ਦਸ ਵਜੇ ਆਰੰਭ ਹੋਈ, ਅਰਦਾਸ

Digitized by Panjab Digital Library | www.panjabdigilib.org

ਕਰਨ ਉਪਰੰਤ ਗਿਆਨੀ ਨਰਿੰਜਨ ਸਿੰਘ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਵਾਕ ਲਿਆ,।
ਸ਼ਬਦ ਦੀ ਪਹਿਲੀ ਤੁਕ ਇਸ ਪ੍ਰਕਾਰ ਸੀ:-

ਬੈਰਾੜੀ ਮਹਲਾ ੪
"ਹਰਿ ਜਨੁ ਰਾਮ ਨਾਮ ਗੁਨ ਗਾਵੈ ॥"

ਕਾਰਵਾਈ

ਅੱਜ ਦੀ ਕਾਰਵਾਈ ਚਲਾਉਣ ਹਿੱਤ ਸੰਤਾ ਤੇਜਾ ਸਿੰਘ ਜੀ ਸਰਬ ਸੰਮਤੀ ਨਾਲ ਇਕੱਤਰਤਾ ਦੇ ਪ੍ਰਧਾਨ ਥਾਪੇ ਗਏ। ਸ੍ਰੀ ਕਰਤਾਰਪੁਰ ਸਾਹਿਬ (ਜਾਲੰਧਰ) ਵਿਖੇ ੧੩-੮-੫੮ ਨੂੰ ਹੋਈ ਇਕੱਤਰਤਾ ਦੀ ਸੰਬੰਧਤ ਰਜਿਸਟਰ ਵਿਚ ਲਿਖੀ ਕਾਰਵਾਈ ਪੜ੍ਹੀ ਗਈ ਅਤੇ ਇਸ ਦਾ ਕੁਝ ਹਿਸਾ ਕਟ ਕੇ ਬਾਕੀ ਪਰਵਾਨ ਕਰ ਲਈ ਗਈ। ਉਪਰੰਤ ਮੈਂਬਰ ਸਾਹਿਬਾਨ ਦੀ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਾਵਨ ਆਦਿ ਬੀੜ, ਆਦਿ ਸੰਬੰਧੀ ਪ੍ਰਸਪਰ ਵੀਚਾਰ ਸ਼ੁਰੂ ਹੋਈ। ਇਸ ਵੀਚਾਰ ਦੇ ਦੌਰਾਨ ਵਿਚ ਡਾਕਟਰ ਸੋਹਣ ਸਿੰਘ ਜੀ ਨੇ ਆਪਣੇ ਵਿਚਾਰ ਪਰਗਟ ਕਰਦਿਆਂ ਫੁਰਮਾਇਆ:-

"ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਵਿਤਰ ਬੀੜ ਦੇ ਦਰਸ਼ਨ ਕਰਨ ਉਪ੍ਰੰਤ ਮੈਂ ਇਸ ਸਿਟੇ ਉਤੇ ਪੁਜਾ ਹਾਂ ਕਿ ਇਹ ਬੀੜ ਉਹੀ ਹੈ ਜੋ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਈ ਸੀ। ਸਾਨੂੰ ਉਪਰੋਕਤ ਬੀੜ ਦੀ ਪਰਮਾਣੀਕਤਾ ਮੰਨਣੀ ਚਾਹੀਦੀ ਹੈ, ਆਦਿ।"

ਇਸ ਤਰ੍ਹਾਂ ਆਪੋ ਵਿਚ ਵੀਚਾਰ ਕਰਦਿਆਂ ਕਰਾਂਦਿਆਂ ਆਖਰ ਡਾਕਟਰ ਸੋਹਣ ਸਿੰਘ ਜੀ ਸਾਹਿਬ ਵਲੋਂ ਹੇਠ ਲਿਖੀ ਤਜਵੀਜ਼ ਇਕਤਰਤਾ ਵਿਚ ਵੀਚਾਰ ਕਰਨ ਲਈ ਲਿਖਵਾਈ ਤੇ ਪੇਸ਼ ਕੀਤੀ ਗਈ:-

੧-"੧੩ ਅਗਸਤ ੫੮ ਨੂੰ ਸ੍ਰੀ ਕਰਤਾਰਪੁਰ ਸਾਹਿਬ ਆਦਿ ਬੀੜ ਦੇ ਦਰਸ਼ਨ ਕਰਨ ਉਤੇ ਮੇਰੀ ਇਹ ਤਸੱਲੀ ਹੋ ਗਈ ਸੀ ਕਿ ਇਹੀ ਉਹ ਪੁਰਾਤਨ ਬੀੜ ਹੈ ਜਿਹੜੀ ਗੁਰੂ ਅਰਜਨ ਦੇਵ ਜੀ ਨੇ ਆਪ ਲਿਖਵਾਈ ਸੀ।

੨-ਚੂੰਕਿ ਜੋ ਬੀੜ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਲਿਖਵਾਈ ਸੀ ਉਹ ਘਲੂਘਾਰੇ ਵਿਚ ਇਤਿਹਾਸ ਅਨੁਸਾਰ ਗੁੰਮ ਹੋ ਗਈ ਕਹੀ ਜਾਂਦੀ ਹੈ ਇਸ ਲਈ ਮੇਰੀ ਇਹ ਰਾਇ ਹੈ ਅਤੇ ਮੈਂ ਇਹ ਤਜਵੀਜ਼ ਕਰਦਾ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਵਾਸਤੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨੂੰ ਹੀ ਪਹਿਲੇ ਪੰਜਾਂ ਪਾਤਿਸ਼ਾਹਾਂ ਤੇ ਭਗਤਾਂ ਆਦਿ ਦੀ ਬਾਣੀ ਵਾਸਤੇ ਮੰਗਲਾਂ ਦੀ ਤਰਤੀਬ ਤੇ ਸ਼ੈਲੀ ਵਾਸਤੇ ਸਟੈਂਡਰਡ (ਪਰਮਾਣੀਕ) ਮੰਨਿਆ ਜਾਏ।

੩-ਚੂੰਕਿ ਨਾਵੇਂ ਪਾਤਸ਼ਾਹ ਦੀ ਬਾਣੀ ਅਤੇ ਚਾਰ ਸ਼ਬਦ ਰਹਿਰਾਸ ਦੇ "ਸੋ ਪੁਰਖ" ਵਾਲੇ ਉਪਰ ਲਿਖੀ ਬੀੜ ਦੇ ਵਿਚ ਦਰਜ ਨਹੀਂ ਅਤੇ ਜਿਹਾ ਕਿ ਪਰਚਲਤ ਬੀੜਾਂ ਵਿਚ ਵੇਖੀ ਜਾਂਦੀ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਚੜ੍ਹਾਈ ਸੀ, ਇਸ ਲਈ ਉਸ ਦੇ ਮੰਗਲਾਂ, ਸਿਰਲੇਖਾਂ ਤੇ ਸ਼ੈਲੀ ਤੇ ਬਾਣੀ ਦੀ ਸੁਧਾਈ ਵਾਸਤੇ ਉਹ ਦਮਦਮੀ ਬੀੜ ਜਿਸ ਨੂੰ ਸੁਨਹਿਰੀ ਜਿਲਦ ਵਾਲੀ ਬੀੜ ਦੇ ਨਾਮ ਨਾਲ ਸਦਿਆ ਜਾਂਦਾ ਹੈ ਅਤੇ ਜੋ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਬਿਰਾਜਮਾਨ ਹੈ ਉਸ ਦੇ ਅਨੁਸਾਰ ਕਰ ਲਿਆ ਜਾਵੇ।

੪-ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਦੇ ਵਿਚ ਜੇ ਕਿਧਰੇ ਸਿਰਲੇਖਾਂ, ਮੰਗਲਾਂ ਜਾਂ ਸ਼ੈਲੀ ਦੇ ਵਿਚ ਲਿਖਤ ਇਸ ਤਰ੍ਹਾਂ ਦੀ ਹੋਵੇ ਕਿ ਉਸ ਦਾ ਪੂਰਾ ਨਿਰਣਾ ਨਾ ਹੋ ਸਕਦਾ ਹੋਵੇ ਕਿ ਕਿਸ ਤਰ੍ਹਾਂ ਛਪਾਈ ਕਰਨੀ ਹੈ ਤਾਂ ਉਸ ਦਾ ਨਿਰਣਾ ਸੁਨਹਿਰੀ ਜਿਲਦ ਵਾਲੀ ਬੀੜ ਅਨੁਸਾਰ ਕਰ ਲਿਆ ਜਾਵੇ।

Digitized by Panjab Digital Library | www.panjabdigilib.org

ਉਪਰ ਲਿਖੇ ਚੋਥੇ ਅੰਕ ਦੀ ਕਾਰਵਾਈ ਨੂੰ ਸਿੰਘ ਸਾਹਿਬ ਭਾਈ ਭੂਪਿੰਦਰ ਸਿੰਘ ਜੀ ਅਤੇ ਗਿਆਨੀ ਨਿਰੰਜਨ ਸਿੰਘ ਜੀ ਪੂਰਾ ਕਰਕੇ ਸਿਰੇ ਚਾੜ੍ਹਨ।

ਨੋਟ-ਮੇਰਾ ਮਤਲਬ ਇਹ ਸਪਸ਼ਟ ਕਰਨ ਦਾ ਹੈ ਕਿ ਪਹਿਲੇ ਪੰਜਾਂ ਪਾਤਸ਼ਾਹਾਂ ਦੀ ਬਾਣੀ ਦੇ ਵਿਚ ਮੰਗਲਾ ਚਰਨ, ਸਿਰਲੇਖਾਂ ਤੇ ਸ਼ੈਲੀ ਛਪਾਈ ਦੀਆਂ ਬੀੜਾਂ ਵਿਚ ਹੂ-ਬ-ਹੂ ਕਰਤਾਰਪੁਰ ਸਾਹਿਬ ਦੀ ਆਦਿ ਬੀੜ ਦੀ ਲਿਖਤ ਅਨੁਸਾਰ ਹੋਵੇ। ਹੂ-ਬ-ਹੂ ਨੂੰ ਸਮਝ ਕੇ ਵਰਤੋਂ ਵਿਚ ਲਿਆਉਣ ਵਾਸਤੇ ਸਾਰੇ ਮੰਗਲਾਂ ਤੇ ਸਿਰਲੇਖਾਂ ਦੇ ਟ੍ਰੇਸਿੰਗ ਕਰਵਾਏ ਜਾਣ ਅਤੇ ਅਗਲੀ ਇਕਤਰਤਾ ਵਿਚ ਪੇਸ਼ ਕੀਤੇ ਜਾਣ। ਅਗਲੀ ਇਕਤਰਤਾ ਦੀ ਤਾਰੀਖ਼ ਸੰਤ ਤੇਜਾ ਸਿੰਘ ਜੀ ਨੂੰ ਪੁਛ ਕੇ ਨਿਯਤ ਕੀਤੀ ਜਾਵੇ।

ਉਪਰੋਕਤ ਤਜਵੀਜ਼ ਉਤੇ ਅੰਕ ਵਾਰ ਪਰਸਪਰ ਵੀਚਾਰ ਆਰੰਭ ਹੋਈ। ਕਾਫੀ ਸੋਚ ਵਿਚਾਰ ਉਪਰੰਤ ਇਸ ਤਜਵੀਜ਼ ਦੇ ਅੰਕ ਨੰ: ੧, ੨ ਤੇ ੩ ਵਾਲੇ ਹਿਸੇ ਸਰਬ ਸੰਮਤੀ ਨਾਲ ਪਰਵਾਨ ਕਰ ਲਏ ਗਏ।

ਜਦ ਅੰਕ ਨੰ: ੪ ਉਤੇ ਪਰਸਪਰ ਵੀਚਾਰ ਆਰੰਭ ਹੋਈ ਤਾਂ ਇਕਤਰਤਾ ਨੂੰ ਆਰੰਭ ਹੋਇਆਂ ਕੋਈ ਚਾਰ ਕੁ ਘੰਟੇ ਹੋ ਚੁਕੇ ਸਨ। ਇਸ ਸਮੇਂ ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ ਨੇ ਇਹ ਸੁਝਾਉ ਪੇਸ਼ ਕੀਤਾ ਕਿ ਇਸ ਅੰਕ ਵਾਲਾ ਮਾਮਲਾ ਵੀ ਕਾਫੀ ਸੋਚ ਵੀਚਾਰ ਦਾ ਮੁਥਾਜ ਹੈ, ਇਸ ਲਈ ਉਪ੍ਰੋਕਤ ਤਜਵੀਜ਼ ਦੇ ਅੰਕ ਨੰ: ੪ ਤੇ ੫ ਨੂੰ ਵੀਚਾਰਨ ਲਈ ਇਹ ਅੱਜ ਦੀ ਇਕਤਰਤਾ ਅਗਲੇ ਦਿਨ ਤੇ ਮੁਲਤਵੀ ਕਰ ਦੇਣੀ ਚਾਹੀਦੀ ਹੈ। ਜਾਂ ਇਸ ਸਬੰਧੀ ਵੀਚਾਰ ਅਗਲੀ ਇਕਤ੍ਰਤਾ ਵਿਚ ਕਰਨੀ ਯੋਗ ਹੈ। ਨਾਲੇ ਇਸ ਵਿਚਲੇ ਸਮੇਂ ਵਿਚ ਡਾਕਟਰ ਸਾਹਿਬ ਦੀ ਤਜਵੀਜ਼ ਦੇ ਅੰਤ ਵਿਚ ਦਿਤੇ ਨੋਟ ਅਨੁਸਾਰ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਦੇ ਮੰਗਲਾਂ ਤੇ ਸਿਰਲੇਖਾਂ ਦੇ ਟਰੇਸਿੰਗ ਭੀ ਲਏ ਜਾਣ ਦਾ ਪਬੰਧ ਕੀਤਾ ਜਾ ਸਕਦਾ ਹੈ।

ਆਖਰ ਸਰਬ-ਸੰਮਤੀ ਨਾਲ ਸਿੰਘ ਸਾਹਿਬ ਜੀ ਦੇ ਉਪਰੋਕਤ ਵੀਚਾਰ ਪਰਵਾਨ ਕਰ ਲਏ ਗਏ।। ਸ੍ਰੀ ਕਰਤਾਰਪੁਰ ਸਾਹਿਬ ਵਾਲੀ ਪਵਿਤਰ ਆਦਿ ਬੀੜ ਦੇ ਮੰਗਲਾਂ ਦੇ ਸਿਰਲੇਖਾਂ ਆਦਿ ਦੇ ਟਰੇਸਿੰਗ ਲੈਣ ਦਾ ਕੰਮ ਚੀਫ ਖਾਲਸਾ ਦੀਵਾਨ ਦੇ ਪ੍ਰਬੰਧਕਾਂ ਨੂੰ ਸੌਂਪਿਆ ਗਿਆ।

ਉਪਰੰਤ ਅਰਦਾਸਾ ਸੋਧ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ ਅਤੇ ਇਕਤਰਤਾ ਸਮਾਪਤ ਹੋਈ।

ਉਪਰੋਕਤ ਕਾਰਵਾਈ ਅਜ ੨੨-੨-੫੯ ਨੂੰ ਇਕਤਰਤਾ ਵਿਚ ਪੜ੍ਹੀ ਗਈ ਤੇ ਇਸ ਦੀ ਤਸਦੀਕ ਸਮੇਂ ਸੰਤ ਤੇਜਾ ਸਿੰਘ ਜੀ ਤੇ ਸਰਦਾਰ ਸੰਤ ਸਿੰਘ ਜੀ ਨੇ ਕਿਹਾ ਕਿ ਕਾਰਵਾਈ ਦੀ ਇਹ ਲਿਖਤ ਕਿ, "ਅੰਕ ਨੰ: ੧, ੨ ਤੇ ੩ ਵਾਲੇ ਹਿਸੇ ਸਰਬ ਸੰਮਤੀ ਨਾਲ ਪਰਵਾਨ ਕਰ ਲਏ ਗਏ।" ਅਸੀਂ ਇਸ ਨਾਲ ਸਹਿਮਤ ਨਹੀਂ ਤੇ ਇਸ ਹਿਸੇ ਨੂੰ ਕਨਫਰਮ ਨਹੀਂ ਕਰਦੇ। ਪਰੰਤੂ ਸਰਦਾਰ ਰਵੇਲ ਸਿੰਘ ਜੀ ਨੇ ਕਿਹਾ ਕਿ ਇਹ ਤਿੰਨੇ ਅੰਕ ਸਰਬ-ਸੰਮਤੀ ਨਾਲ ਪਰਵਾਨ ਹੋਏ ਸਨ।

(ਸਹੀ) ਸੋਹਣ ਸਿੰਘ, ਸੰਤ ਸਿੰਘ, ਸੰਤ ਸਿੰਘ ਵਾਸਤੇ ਸ: ਬ: ਮੰਗਲ ਸਿੰਘ ਜੀ ਮਾਨ

ਤੇਜਾ ਸਿੰਘ — ਭੂਪਿੰਦਰ ਸਿੰਘ ੨੨-੨-੫੯ — ਰਵੇਲ ਸਿੰਘ ੨੨-੨-੫੯

ਹਰਿਭਜਨ ਸਿੰਘ

Digitized by Panjab Digital Library | www.panjabdigilib.org

ੴ

ਹਾਜ਼ਰੀ ਇਕੱਤ੍ਰਤਾ ਮਿਤੀ ੨੨–੨–੫੯

(੧) ਡਾਕਟਰ ਸੋਹਣ ਸਿੰਘ ਜੀ
(੨) ਸ: ਸੰਤ ਸਿੰਘ ਜੀ
(੩) ਸ: ਸੰਤ ਸਿੰਘ ਜੀ ਵਾਸਤੇ ਸ: ਬ: ਮੰਗਲ ਸਿੰਘ ਜੀ ਮਾਨ।
(੪) ਸੰਤ ਤੇਜਾ ਸਿੰਘ ਜੀ
(੫) ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ
(੬) ਸ: ਰਵੇਲ ਸਿੰਘ ਜੀ ੨੨–੨–੨੯
(੭) ਪ੍ਰੋ: ਹਰਿਭਜਨ ਸਿੰਘ ਜੀ ੨੨-੨-੫੯

ਕਾਰਵਾਈ

ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਅਰਦਾਸਾ ਸੋਧਿਆ ਗਿਆ। ਉਪ੍ਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਪਾਠੀ ਸਿੰਘ ਨੇ ਲਿਆ, ਜਿਸ ਦੀ ਪਹਿਲੀ ਤੁਕ ਇਸ ਪਰਕਾਰ ਸੀ:–

ਵਾਰ ਰਾਗ ਰਾਮਕਲੀ (ਪੰਨਾ ੯੬੨)
ਸਲੋਕ ਮਹਲਾ ੫
"ਆਪੇ ਵੈਦ ਆਪ ਨਾਰਾਇਣ........."

ਅਜ ਦੀ ਇਕੱਤ੍ਰਤਾ ਦੇ ਸਮਾਗਮਪਤੀ ਸੰਤ ਤੇਜਾ ਸਿੰਘ ਜੀ ਥਾਪੇ ਗਏ।

ਪਿਛਲੀ ਇਕੱਤ੍ਰਤਾ ਮਿਤੀ ੧੨–੯–੫੮ ਦੀ ਕਾਰਵਾਈ ਪੜ੍ਹੀ ਗਈ, ਜਿਸ ਸੰਬੰਧੀ ਨੋਟ ਉਸ ਕਾਰਵਾਈ ਦੇ ਅੰਤ ਵਿਚ ਦਿਤਾ ਗਿਆ। ਜਿਸ ਉਤੇ ਡਾਕਟਰ ਸਾਹਿਬ ਸ: ਸੋਹਣ ਸਿੰਘ ਜੀ ਨੇ ਕਿਹਾ ਕਿ "ਚੂੰਕਿ ਅਜ ਦੀ ਇਕੱਤ੍ਰਤਾ ਨੇ ਪਿਛਲੇ ਲਿਖੇ ਨੋਟ ਅਨੁਸਾਰ ਪਿਛਲੀ ਕਾਰਵਾਈ ਵਿਚ ਦਿਤੀ ਮੇਰੀ ਤਜਵੀਜ਼ ਦੀ ਬਾਬਤ ਨੋਟ "ਅੰਕ ਨੰਬਰ ੧, ੨ ਤੇ ੩ ਵਾਲੇ ਹਿਸੇ ਸਰਬ ਸੰਮਤੀ ਨਾਲ ਪਰਵਾਨ ਕਰ ਲਏ ਗਏ" ਬਾਰੇ ਸਰਬ ਸੰਮਤੀ ਪਰਗਟ ਨਹੀਂ ਕੀਤੀ ਇਸ ਲਈ ਮੈਂ ਇਹ ਤਜਵੀਜ਼ ਵਾਪਸ ਲੈਂਦਾ ਹਾਂ। ਚੂੰਕਿ ਮੈਂ ਇਹ ਚਾਹੁੰਦਾ ਹਾਂ ਕਿ ਇਸ ਪੰਥਕ ਮਾਮਲੇ ਤੇ ਫੈਸਲਾ ਸਰਬ ਸੰਮਤੀ ਨਾਲ ਹੋਵੇ।"

ਉਪ੍ਰੰਤ ਇਕੱਤ੍ਰਤਾ ੨੫–੨–੫੯ ਨੂੰ ਸਵੇਰੇ ੯ ਬਜੇ ਸ੍ਰੀ ਅਕਾਲ ਤਖਤ ਸਾਹਿਬ ਹੀ ਹੋਣ ਲਈ ਮੁਲਤਵੀ ਕੀਤੀ ਗਈ।

(ਸਹੀ) ਸੰਤ ਸਿੰਘ, ਸੰਤ ਸਿੰਘ ਵਾਸਤੇ ਸ: ਬ: ਮੰਗਲ ਸਿੰਘ ਜੀ ਮਾਨ, ਸੋਹਣ ਸਿੰਘ, ਤੇਜਾ ਸਿੰਘ, ਭੂਪਿੰਦਰ ਸਿੰਘ ੨੨-੨-੫੯, ਰਵੇਲ ਸਿੰਘ, ਹਰਿਭਜਨ ਸਿੰਘ।

ੴ

੨੫–੨–੫੯ ਨੂੰ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਹੋਏ ਸਜਣਾਂ ਦੀ ਗੈਰ ਰਸਮੀ ਇਕਤਰਤਾ ਦੀ ਕਾਰਵਾਈ–

੨੨–੨–੫੯ ਵਾਲੀ ਇਕਤਰਤਾ ੨੫–੨–੫੯ ਨੂੰ ਸਵੇਰੇ ੯ ਵਜੇ ਸ੍ਰੀ ਅਕਾਲ ਤਖਤ ਸਾਹਿਬ ਹੋਣ ਲਈ ਮੁਲਤਵੀ ਕੀਤੀ ਗਈ ਸੀ। ਇਸ ਇਕਤਰਤਾ ਵਿਚ ਭਾਗ ਲੈਣ ਲਈ ਸੰਤ

Digitized by Panjab Digital Library | www.panjabdigilib.org

ਤੇਜਾ ਸਿੰਘ ਜੀ, ਡਾਕਟਰ ਸੋਹਣ ਸਿੰਘ ਜੀ, ਸਰਦਾਰ ਸੰਤ ਸਿੰਘ ਜੀ ਆਨਰੇਰੀ ਸਕੱਤ੍ਰ, ਚੀਫ ਖਾਲਸਾ ਦੀਵਾਨ ਅਤੇ ਪ੍ਰੋ: ਹਰਿਭਜਨ ਸਿੰਘ ਜੀ ਸਮੇਂ ਸਿਰ ਸ੍ਰੀ ਅਕਾਲ ਤਖਤ ਸਾਹਿਬ ਪੁਜ ਗਏ ਅਤੇ ਬਾਕੀ ਮੈਂਬਰ ਸਾਹਿਬਾਨ ਦੀ ਉਡੀਕ ਕਰਨ ਲਗੇ। ਦਸ ਕੁ ਵਜੇ ਦੇ ਕਰੀਬ ਸਿੰਘ ਸਾ: ਗਿ: ਭੁਪਿੰਦਰ ਸਿੰਘ ਜੀ ਨੇ ਵੀ ਉਥੇ ਦਰਸ਼ਨ ਆ ਦਿਤੇ। ਇਸੇ ਸਮੇਂ ਸ: ਰਵੇਲ ਸਿੰਘ ਜੀ ਸਕੱਤ੍ਰ ਸ਼੍ਰੋਮਣੀ ਕਮੇਟੀ ਵਲੋਂ ੧੨-੯-੫੯ ਦੀ ਇਕਤ੍ਰਤਾ ਵਿਚ ਹੋਈ ਕਾਰਵਾਈ ਸਬੰਧੀ ਇਕ ਨੋਟ ਮਿਤੀ ੨੫-੨-੫੯ ਪੁਜਾ, ਜੋ ਇਸ ਪਰਕਾਰ ਸੀ-

ਸ੍ਰੀ ਮਾਨ ਜੀ,

੨੨-੨-੫੯ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਦਫਤਰ ਵਿਚ ਹੋਈ ਇਕਤ੍ਰਤਾ ਸਮੇਂ ਜੋ ਕੁਝ ਹਾਲਾਤ ਵਾਪਰੇ ਹਨ, ਉਨ੍ਹਾਂ ਉਪਰ ਬਹੁਤ ਦੇਰ ਵਿਚਾਰ ਕਰਦਾ ਰਿਹਾ ਹਾਂ। ਪਿਛਲੀ ਇਕਤਰਤਾ ਦੀ ਕਾਰਵਾਈ ਦਰੁਸਤ ਲਿਖੇ ਜਾਣ ਦੇ ਬਾਵਜੂਦ ਸੰਤ ਤੇਜਾ ਸਿੰਘ ਜੀ ਅਤੇ ਸਰਦਾਰ ਸੰਤ ਸਿੰਘ ਜੀ ਆਨਰੇਰੀ ਸਕੱਤ੍ਰ ਚੀਫ ਖਾਲਸਾ ਦੀਵਾਨ ਵਲੋਂ ਇਹ ਇਤਰਾਜ਼ ਕਿ ਡਾਕਟਰ ਸੋਹਣ ਸਿੰਘ ਜੀ ਦੀ ਤਜਵੀਜ਼ ਦੇ ਅੰਕ ਨੰ: ੧, ੨ ਤੇ ੩ ਪਰਵਾਨ ਨਹੀਂ ਸਨ ਹੋਏ ਅਤੇ ਉਸ ਮਗਰੋਂ ਪ੍ਰੋਫੈਸਰ ਹਰਿਭਜਨ ਸਿੰਘ ਜੀ ਦਾ ਉਠ ਕੇ ਇਹ ਕਹਿਣਾ ਕਿ ਇਹ ਕਾਰਵਾਈ ਠੀਕ ਲਿਖੀ ਗਈ ਸੀ ਤੇ ਉਨ੍ਹਾਂ ਦਾ ਆਪਣੇ ਕਥਨ ਦੀ ਪਰੋੜ੍ਹਤਾ ਵਿਚ ਉਠ ਕੇ ਸ੍ਰੀ ਹਰਿਮੰਦਰ ਸਾਹਿਬ ਵਲ ਮੂੰਹ ਕਰਕੇ ਇਹ ਕਹਿਣਾ ਕਿ ਜੇ ਇਹ ਗਲ ਗਲਤ ਹੋਵੇ ਤਾਂ ਗੁਰੂ ਮਹਾਰਾਜ ਉਨ੍ਹਾਂ ਡੰਡ ਦੇਣ ਅਤੇ ਕੀ ਸੰਤ ਤੇਜਾ ਸਿੰਘ ਜੀ ਜਾਂ ਸਰਦਾਰ ਸੰਤ ਸਿੰਘ ਜੀ ਗੁਰੂ ਮਹਾਰਾਜ ਵਲ ਮੂੰਹ ਕਰਕੇ ਇਹੋ ਕੁਝ ਕਹਿ ਸਕਦੇ ਹਨ ? ਉਹਨਾਂ ਦੋਹਾਂ ਦਾ ਇਸ ਦੇ ਅਤੇ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਦੇ ਬਾਰ ਬਾਰ ਚੇਤਾ ਕਰਾਉਣ ਦੇ ਕਿ ਇਹ ਕਾਰਵਾਈ ਠੀਕ ਦਰਜ ਕੀਤੀ ਗਈ ਹੈ, ਆਪਣੇ ਹਠ ਨੂੰ ਨਾ ਤਿਆਗਣਾ-ਉਤਰ ਵਿਚ ਚੁਪ ਸਾਧ ਕੇ ਅਗੋਂ ਹੀ ਹੂੰ ਨਾ ਕਰਨਾ।

ਇਹ ਸਾਰਾ ਦ੍ਰਿਸ਼ ਮੁੜ ਮੁੜ ਮੇਰੀਆਂ ਅੱਖਾਂ ਦੇ ਸਾਹਮਣੇ ਆਉਂਦਾ ਹੈ ਅਤੇ ਮਨ ਦੀ ਇਸ ਲਾਲਸਾ ਨੂੰ ਕਿ ਰਲ ਮਿਲ ਕੇ ਜੋ ਕੋਈ ਹਲ ਹੋ ਸਕੇ ਤਾਂ ਕਢਿਆ ਜਾਏ, ਤੋੜ ਕੇ ਰਖ ਦਿੰਦਾ ਹੈ।

ਅੱਖਾਂ ਦੇ ਸਾਹਮਣੇ ੧੯੨੫ ਤੋਂ ਲੈ ਕੇ ਹੁਣ ਤਕ ਦਾ ਸਾਰਾ ਨਕਸ਼ਾ ਆ ਜਾਂਦਾ ਹੈ। ਸੰਗਤਾਂ ਦੀ ਤੀਬਰ ਇਛਿਆ ਨੂੰ ਮੁਖ ਰਖਦਿਆਂ ਸ਼੍ਰੋਮਣੀ ਕਮੇਟੀ ਵਲੋਂ ੧੯੨੫ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਵਾਈ ਆਪ ਕਰਾਣ ਦੇ ਯਤਨ ਆਰੰਭੇ ਗਏ ਪ੍ਰੰਤੂ ਬਾਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਦਾ ਹਰ ਪਾਸੇ ਇਤਨਾ ਵਡਾ ਰਸੂਖ ਸੀ ਕਿ ਉਨ੍ਹਾ ਨੇ ਪੂਰੇ ਚਵੀ ਸਾਲ ਸ਼੍ਰੋਮਣੀ ਕਮੇਟੀ ਨੂੰ ਇਹ ਕੰਮ ਅਰੰਭ ਨਾ ਕਰਨ ਦਿਤਾ। ਜਦ ਵੀ ਕੋਈ ਫੈਸਲਾ ਹੋਇਆ ਉਨ੍ਹਾਂ ਨੇ ਕੋਈ ਨ ਕੋਈ ਵਿਘਨ ਪਾ ਕੇ ਇਸ ਨੂੰ ਸਿਰੇ ਨ ਚੜ੍ਹਨ ਦਿਤਾ। ਜਥੇਦਾਰ ਊਧਮ ਸਿੰਘ ਜੀ ਨੇ ਆਪਣੀ ਪ੍ਰਧਾਨਗੀ ਸਮੇਂ ਹਿੰਮਤ ਕਰਕੇ ਇਹ ਸਾਰਾ ਕੰਮ ਸ਼੍ਰੋਮਣੀ ਕਮੇਟੀ ਵਲੋਂ ਆਰੰਭ ਕਰਵਾਇਆ-ਸ਼੍ਰੋਮਣੀ ਅਕਾਲੀ ਦਲ ਦਾ ਜਥੇਦਾਰ ਜੀ ਨਾਲ ਮਤ ਭੇਦ ਸੀ-ਬਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਨੇ ਯਤਨ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਕੰਮ ਲਈ ਵੀ ਜਥੇਦਾਰ ਊਧਮ ਸਿੰਘ ਜੀ ਦੇ ਵਿਰੁਧ ਵਰਤਿਆ ਜਾਏ ਪਰ ਅਕਾਲੀ ਦਲ ਵਲੋਂ ਇਸ ਝਾਂਸੇ ਵਿਚ ਆਉਣ ਤੋਂ ਇਨਕਾਰ ਕੀਤਾ ਗਿਆ। ਸਰਦਾਰ ਈਸ਼ਰ ਸਿੰਘ ਜੀ ਮਝੈਲ ਦੀ ਪਰਧਾਨਗੀ ਸਮੇਂ ਸ਼੍ਰੋਮਣੀ ਅਕਾਲੀ ਦਲ ਦਾ ਪਖੀ ਹੋਣ ਕਰਕੇ ਤੇ ਸ਼੍ਰੋਮਣੀ ਕਮੇਟੀ ਪਾਸੋਂ ਛੁਟੀ ਲੈ ਕੇ ਸ਼੍ਰੋਮਣੀ ਅਕਾਲੀ ਦਲ ਦਾ ਤੇ ਪੰਜਾਬੀ ਸੂਬੇ ਬਾਰੇ ਕੰਮ ਕਰਨ ਕਰਕੇ ਮੈਨੂੰ ਸ਼੍ਰੋਮਣੀ ਕਮੇਟੀ ਦੀ ਮੁਲਾਜ਼ਮਤ ਤੋਂ ਵਿਹਲਿਆਂ

Digitized by Panjab Digital Library | www.panjabdigilib.org

ਕਰ ਦਿਤਾ ਗਿਆ, ਮੇਰੀ ਮਾਲੀ ਹਾਲਤ ਉਸ ਸਮੇਂ ਅਤੀ ਕੰਮਜ਼ੋਰ ਸੀ, ਬਾਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਵਲੋਂ ਉਸ ਸਮੇਂ ਮੇਰਾ ਈਮਾਨ ਖਰੀਦਣ ਦਾ ਵੀ ਯਤਨ ਹੋਇਆ ਤੇ ਮੈਨੂੰ ਪੈਸੇ ਦਾ ਲਾਲਚ ਦੇਕੇ ਇਸ ਕੰਮ ਲਈ ਸ਼੍ਰੋਮਣੀ ਕਮੇਟੀ ਦੀ ਵਿਰੋਧਤਾ ਕਰਨ ਲਈ ਉਕਸਾਇਆ ਗਿਆ। ਉਸ ਸਮੇਂ ਮੈਂ ਸ਼ਰੋਮਣੀ ਅਕਾਲੀ ਦਲ ਦੇ ਸਕੱਤਰ ਦੇ ਤੌਰ ਤੇ ਅਤੇ "ਅਕਾਲੀ" ਦੇ ਐਡੀਟਰ ਦੇ ਤੌਰਤੇ ਕੰਮ ਕਰ ਰਿਹਾ ਸੀ। ਸ਼ਰੋਮਣੀ ਅਕਾਲੀ ਦਲ ਵਲੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੀ ਲੜੀਆਂ ਜਾ ਰਹੀਆਂ ਸਨ ਅਤੇ ਜਥੇਦਾਰ ਊਧਮ ਸਿੰਘ ਜੀ ਦੇ ਗਰੁਪ ਵਿਰੁਧ ਪੂਰੇ ਜ਼ੋਰ ਨਾਲ ਸ਼ਰੋਮਣੀ ਅਕਾਲੀ ਦਲ ਵਲੋਂ ਪ੍ਰਾਪੇਗੰਡਾ ਜਾਰੀ ਸੀ। ਉਸ ਸਮੇਂ ਗੁਰੂ ਮਹਾਰਾਜ ਦੀ ਮੇਰੇ ਤੇ ਕਿਰਪਾ ਰਹੀ ਤੇ ਮੈਂ ਦੁਕਾਨਦਾਰਾਂ ਪਾਸੋਂ ਪੈਸੇ ਲੈ ਕੇ ਈਮਾਨ ਵੇਚਣ ਦ ਸੌਦੇ ਵਿਚ ਨਾ ਫਸਿਆ। ਹੁਣ ਇਕ ਪਾਸੇ ਦਸਾਂ ਦੀ ਕਮੇਟੀ ਵਿਚ ਗਲ ਬਾਤ ਜਾਰੀ ਹੈ ਦੂਜੇ ਪਾਸੇ ਸੰਤ ਤੇਜਾ ਸਿੰਘ ਜੀ ਕਾਨਵੇਸਿੰਗ ਕਰਦੇ ਰਹੇ ਹਨ ਅਤੇ ਇਲਾਕੇਬੰਦੀ ਆਦਿ ਦੇ ਝਗੜੇ ਖੜੇ ਕਰਕੇ ਸਾਡੇ ਪਾਸੋਂ ਉਹ ਦਬਾ ਨਾਲ ਕੰਮ ਕਰਾਣਾ ਚਾਹੁੰਦੇ ਹਨ ਜਿਹੜਾ ਕਿ ਬਜ਼ਾਰ ਮਾਈ ਸੇਵਾਂ ਦੇ ਦੁਕਾਨਦਾਰ ਲਾਲਚ ਦੇ ਕੇ ਸਾਡੇ ਪਾਸੋਂ ਨਹੀਂ ਸਨ ਕਰਵਾ ਸਕੇ।

ਸ੍ਰੀ ਅਕਾਲ ਤਖਤ ਸਾਹਿਬ ੨੨-੨-੫੯ ਨੂੰ ਹੋਈ ਕਾਰਵਾਈ ਤੇ ਉਪਰ ਦਸੇ ਹਾਲਾਤ ਨੂੰ ਮੁਖ ਰਖ ਕੇ ਮੈਂ ਬੜੀ ਸੋਚ ਵਿਚਾਰ ਉਪਰੰਤ ਇਸ ਨਤੀਜੇ ਤੇ ਪੁਜਾ ਹਾਂ ਕਿ ਮਨ ਤੇ ਇਤਨਾ ਬੋਝ ਹੁੰਦਿਆਂ ਦਸਾਂ ਦੀ ਕਮੇਟੀ ਵਿਚ ਮੇਰਾ ਰਹਿਣਾ ਕੋਈ ਲਾਭਦਾਇਕ ਨਹੀਂ ਹੋਣਾ, ਇਸੇ ਕਰ ਮੈਂ ੨੫-੨-੫੯ ਦੀ ਇਕੱਤ੍ਰਤਾ ਵਿਚ ਹਾਜ਼ਰ ਨਹੀਂ ਹੋ ਰਿਹਾ।

ਸ਼ਰੋਮਣੀ ਕਮੇਟੀ ਦੀ ਆਉਣ ਵਾਲੀ ਇਕੱਤ੍ਰਤਾ ਵਿਚ ਮੈਂ ਆਪਣੀ ਚਿੱਠੀ ਪੇਸ਼ ਕਰ ਕੇ ਕਮੇਟੀ ਨੂੰ ਬੇਨਤੀ ਕਰ ਰਿਹਾ ਹਾਂ ਕਿ ਉਹ ਮੇਰੀ ਥਾਂ ਇਸ ਕਮੇਟੀ ਵਿਚ ਹੋਰ ਕਿਸੇ ਸਜਣ ਨੂੰ ਨਿਯਤ ਕਰ ਦੇਣ।

ਦਾਸ-

ਮਿਤੀ ੨੫-੨-੫੯ (ਸਹੀ) ਰਵੇਲ ਸਿੰਘ ਸਕੱਤ੍ਰ,

ਸ਼੍ਰੋ: ਗੁ: ਪ੍ਰ: ਕਮੇਟੀ।

ਇਹ ਨੋਟ ਹਾਜ਼ਰ ਸਜਣਾਂ ਨੂੰ ਗੈਰ ਰਸਮੀ ਤੌਰ ਉਤੇ ਪੜ੍ਹ ਕੇ ਸੁਣਾਇਆ ਗਿਆ ਅਤੇ ਇਸ ਦੀ ਹੋਂਦ ਵਿਚ ਬਕਾਇਦਾ ਇਕੱਤ੍ਰਤਾ ਨਾ ਹੋ ਸਕਾ। ਇਹ ਹੀ ਫੈਸਲਾ ਹੋਇਆ ਕਿ ਡਾਕਟਰ ਸੋਹਣ ਸਿੰਘ ਜੀ ਸਾਹਿਬ ਸਰਦਾਰ ਰਵੇਲ ਸਿੰਘ ਜੀ ਨਾਲ ਗਲ ਬਾਤ ਕਰਨ ਅਤੇ ਉਹਨਾਂ ਦੇ ਮੰਨ ਜਾਣ ਉਤੇ ਬਾਕਾਇਦਾ ਇਕੱਤ੍ਰਤਾ ਬੁਲਾ ਕੇ ਅਗਲੀ ਵੀਚਾਰ ਕੀਤੀ ਜਾਵੇ।

ਹਰਿਭਜਨ ਸਿੰਘ

--o--

Digitized by Panjab Digital Library | www.panjabdigilib.org

ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, (ਰਾਮਸਰ ਰੋਡ) ਅੰਮ੍ਰਿਤਸਰ ਵਿਚ ਸ: ਰਵੇਲ ਸਿੰਘ ਜੀ
ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤ੍ਰ ਸ਼੍ਰੋਮਣੀ ਗੁ: ਪ੍ਰ: ਕਮੇਟੀ,
ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

Digitized by Panjab Digital Library | www.panjabdigilib.org

ਅੰਤਕਾ ੨

ਚੇਤਾਵਨੀ ਭਰੀ ਜਾਣਕਾਰੀ, ਇੱਕ ਵਿਸ਼ੇਸ਼ ਨੋਟ

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਧ ਛਪਾਈ ਬਾਰੇ ਪੰਥ ਦੇ ਵਿਚਾਰਨਯੋਗ ਮਸਲੇ ਤੇ ਸਮਾਧਾਨ' ਨਾਂ ਦਾ ਮੇਰਾ ਕਿਤਾਬਚਾ ਰੀਲੀਜ਼ ਹੋਣ ਉਪਰੰਤ ਜਥੇਦਾਰ ਸਿੰਘ ਸਾਹਿਬ ਗਿ. ਜੋਗਿੰਦਰ ਸਿੰਘ ਵੇਦਾਂਤੀ ਜੀ ਦੇ ਇਕ ਅਤਿ-ਨਿਕਟੀ ਸੱਜਣ ਨੇ ਦਾਸ ਨਾਲ ਚੇਤਾਵਨੀ ਭਰੀ ਕੁਝ ਵਿਸ਼ੇਸ਼ ਜਾਣਕਾਰੀ ਇਉਂ ਸਾਂਝੀ ਕੀਤੀ ਹੈ:

ਜਾਚਕ ਜੀ! ਤੁਹਾਡਾ ਇਹ ਲਿਖਣਾ ਯੋਗ ਨਹੀਂ ਕਿ ਗਉੜੀ ਕਬੀਰ ਦੀ ਦੇ ਸੰਗ੍ਰਹਿ ਪ੍ਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਜੀ ਟੀਮ ਦੀ ਸਥਿਤੀ ਦੁਬਿਧਾ-ਜਨਕ ਰਹੀ। ਮੈਂ ਸਪਸ਼ਟ ਕਰਨਾ ਚਹੁੰਦਾ ਹਾਂ ਕਿ ਉਨ੍ਹਾਂ ਨੇ ਜੋ ਕੁਝ ਕੀਤਾ ਤੇ ਲਿਖਿਆ, ਜਿਸ ਬਾਰੇ ਚਰਚਾ ਹੈ ਕਿ ਜਥੇਦਾਰ ਵੇਦਾਂਤੀ ਜੀ ਨੇ ਉਸ ਨੂੰ 'ਸਿੱਖ ਬੁੱਕ ਕਲੱਬ ਅਮਰੀਕਾ' ਦੀ ਵੈਬ-ਸਾਈਟ ਰਾਹੀਂ ਔਨਲਾਈਨ ਪ੍ਰਕਾਸ਼ਤ ਕਰਵਾਇਆ, ਮੈਨੂੰ ਇਉਂ ਜਾਪਦਾ ਹੈ ਕਿ ਉਹ ਸਾਰਾ ਕੁਝ ਪੰਥਕ ਫੈਸਲੇ ਦੀ ਉਡੀਕ ਵਿਚ ਪੇਸ਼ ਕੀਤਾ ਗਿਆ ਹੈ। ਸ਼ਾਇਦ ਉਨ੍ਹਾਂ ਦੀ ਟੀਮ ਅੰਦਰਲੇ ਕੁਝ ਵਿਦਵਾਨ ਨਹੀਂ ਸੀ ਚਹੁੰਦੇ ਕਿ ਅਸੀਂ ਹੀ ਸਾਰੇ ਫੈਸਲੇ ਸੁਣਾ ਦੇਈਏ। ਤਹਾਨੂੰ ਦੱਸਣਾ ਚਹੁੰਦਾ ਹਾਂ ਕਿ ਸਿੰਘ ਸਾਹਿਬ ਜੀ ਨੇ ਆਪਣੇ ਨਿੱਜੀ ਤੇ ਨਿਰਣੈ-ਜਨਕ ਖਰੜੇ ਵਿਚ ਗਉੜੀ ਰਾਗੁ ਅੰਦਰਲੇ ਭਗਤ ਕਬੀਰ ਜੀ ਵਾਲੇ ਸ਼ਬਦਾਂ ਦੇ ਤੁਹਾਡੀ ਅਜੋਕੀ ਤੇ ਨੇਕ ਸਲਾਹ ਮੁਤਾਬਿਕ ਇੱਕ ਨਹੀਂ, 'ਗਉੜੀ ਮਾਲਵਾ' ਤੇ 'ਗਉੜੀ ਸੋਰਠਿ' ਨਾਂ ਦੇ ਦੋ ਜੁੱਟ ਸਥਾਪਤ ਕੀਤੇ ਹੋਏ ਸਨ, ਪਰ ਉਨ੍ਹਾਂ ਦੁਆਰਾ ਪੰਥਕ ਵਿਚਾਰ ਹਿਤ ਤਿਆਰ ਕੀਤੇ ਸਾਂਝੇ ਖਰੜੇ ਵਿਚ ਹੋ ਸਕਦਾ ਹੈ ਕਿ ਅਜਿਹਾ ਜ਼ਿਕਰ ਨਾ ਕੀਤਾ ਹੋਵੇ।

ਤੁਸੀਂ ਬਿਲਕੁਲ ਠੀਕ ਲਿਖਿਆ ਹੈ ਕਿ ਜਿਹੜਾ ਖਰੜਾ ਵੇਦਾਂਤੀ ਜੀ ਨੇ ਤੁਹਾਡੇ ਨਾਲ ਸਾਂਝਾ ਕੀਤਾ ਸੀ, ਉਹ ਹਰ ਪ੍ਰਕਾਰ ਦੀਆਂ ਸੰਦਿਗਧ ਅਤੇ ਅਧੂਰੇ ਪਦਿਆਂ ਤੇ ਤੁਕਾਂ ਆਦਿਕ ਤੋਂ ਰਹਿਤ ਸੀ। ਕਈ ਅਧੂਰੀਆਂ ਤੁਕਾਂ ਦੀ ਪੂਰਤੀ ਵੀ ਕੀਤੀ ਮਿਲਦੀ ਸੀ। ਪਰ, ਸਿੱਖ ਬੁੱਕ ਕਲੱਬ ਵਾਲੇ ਖਰੜੇ ਵਿਚ ਉਹ ਸਾਰੀਆਂ ਸੰਦਿਗਧ ਰਚਨਾਵਾਂ ਸ਼ਾਮਲ ਹਨ। ਉਹ ਤੁਕਾਂ ਵੀ ਅਧੂਰੀਆਂ ਹਨ, ਜਿਹੜੀਆਂ ਵੇਦਾਂਤੀ ਜੀ ਵਾਲੇ ਨਿਰਣੈ-ਜਨਕ ਅਸਲ ਖਰੜੇ ਵਿਚ ਪੂਰੀਆਂ ਕੀਤੀਆਂ ਮਿਲਦੀਆਂ ਹਨ। ਮੈਂ ਸਮਝਦਾ ਹੈ ਕਿ ਇਹ ਕਦਮ ਵੀ ਉਨ੍ਹਾਂ ਨੇ ਪੰਥਕ ਪਧਰ ਦੇ ਕਿਸੇ ਫੈਸਲੇ ਦੀ ਉਡੀਕ ਵਿਚ ਹੀ ਚੁੱਕਿਆ ਹੋਵੇਗਾ। ਮੈਂ ਬੜੇ ਭਰੋਸੇ ਨਾਲ ਆਖ ਸਕਦਾਂ ਕਿ ਜੇਕਰ ਉਹ ਕਿਸੇ ਪਦੇ ਪ੍ਰਤੀ ਨਿਰਣੈ-ਜਨਕ ਫੈਸਲਾ ਨਹੀਂ ਦੇ ਸਕੇ ਤਾਂ ਉਹ ਕੇਵਲ ਰਾਗੁ ਸਾਰੰਗ ਦੀ ਭਗਤ-ਬਾਣੀ ਅੰਦਰਲੀਆਂ ਦੋ ਤੁਕਾਂ, ਜਿਨ੍ਹਾਂ ਨੂੰ ਭਗਤ ਸੂਰਦਾਸ ਜੀ ਦੀਆਂ ਮੰਨਿਆ ਜਾਂਦਾ ਹੈ, ਕੇਵਲ ਉਹੀ ਹਨ। ਪਰ, ਇੱਥੇ ਵੀ ਜੋੜ-ਅੰਕਾਂ ਵਿਚ ਸ਼ਾਇਦ ਉਸ ਦੋ-ਤੁਕੀ ਰਚਨਾ ਨੂੰ ਪੂਰੇ ਸਬਦ ਵਜੋਂ ਨਹੀਂ ਗਿਣਿਆ ਹੋਇਆ। ਕਾਰਣ ਹੈ ਕਿ ਇਹ ਦੋ ਤੁਕਾਂ ਮੈਂ ਉਨ੍ਹਾਂ ਦੇ

ਨਿਰਣੈ-ਜਨਕ ਖਰੜੇ ਵਿਚ ਆਪਣੇ ਸਥਾਨ 'ਤੇ ਲਿਖੀਆਂ ਪੜ੍ਹੀਆਂ ਹਨ। ਹੋ ਸਕਦਾ ਹੈ ਕਿ ਤੁਹਾਡੇ ਨਾਲ ਵਿਚਾਰ ਕਰਨ ਤੋਂ ਪਿੱਛੋਂ ਉਹ ਸ਼ਾਮਲ ਕੀਤੀਆਂ ਹੋਣ। ਵੈਸੇ ਉਨ੍ਹਾਂ ਦਾ ਖ਼ਿਆਲ ਸੀ ਕਿ ਭਗਤ ਸੂਰਦਾਸ ਜੀ ਨਾਲ ਸਬੰਧਤ ਤੁਕ ਵਾਲੇ ਬਾਕੀ ਦੇ ਪਦੇ ਦੀਆਂ ਉਦਾਹਰਣਾਂ ਗੁਰਬਾਣੀ ਦੇ ਸਿਧਾਂਤਾਂ ਦੀ ਕੋਈ ਖ਼ਾਸ ਉਲੰਘਣਾ ਨਹੀਂ। ਇਸ ਤੋਂ ਇਲਾਵਾ ਬਾਕੀ ਤਾਂ ਅਜਿਹਾ ਕੁਝ ਨਹੀਂ, ਜਿਸ ਪ੍ਰਤੀ ਉਨ੍ਹਾਂ ਦੇ ਦਿਲ-ਦਿਮਾਗ ਵਿੱਚ ਕੋਈ ਦੁਬਿਧਾ ਹੋਵੇ।

ਸਿਰਲੇਖਾਂ ਦੀ ਇਕਸਾਰਤਾ ਪੱਖੋਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਟੀਮ ਤੋਂ ਵੀ ਅਗਲੇਰਾ ਕਦਮ ਚੁੱਕਿਆ ਜਾਪਦਾ ਹੈ, ਕਿਉਂਕਿ ਉਹ ਸਿਰਲੇਖਾਂ ਵਿਚ 'ਰਾਗੁ' ਲਫ਼ਜ਼ ਕੇਵਲ ਸਾਰੇ ਬਾਣੀਕਾਰਾਂ ਦੇ ਆਰੰਭਕ ਸਿਰਲੇਖ ਨਾਲ ਹੀ ਸਹੀ ਮੰਨਦੇ ਸਨ। ਮੈਂ ਉਨ੍ਹਾਂ ਦੇ ਨਿਰਣੈ-ਜਨਕ ਖਰੜੇ ਵਿਚ ਵਾਰਾਂ ਸਮੇਤ ਵਿਸ਼ੇਸ਼ ਬਾਣੀਆਂ ਦੇ ਸਿਰਲੇਖਾਂ ਨਾਲ ਵੀ 'ਰਾਗੁ' ਲਫ਼ਜ਼ ਦੇ ਦਰਸ਼ਨ ਕੀਤੇ ਹਨ। ਜਿਵੇਂ 'ਰਾਗੁ ਗਉੜੀ ਸੁਖਮਨੀ...' ਅਤੇ 'ਰਾਗੁ ਰਾਮਕਲੀ ਮਹਲਾ ੩ ਅਨੰਦੁ॥' ਆਦਿ। ਇਵੇਂ ਹੀ ਵਾਰਾਂ ਦੇ ਸਿਰਲੇਖਾਂ ਵਿਚ 'ਰਾਗੁ ਮਾਝ ਕੀ ਵਾਰ..., 'ਰਾਗੁ ਆਸਾ ਕੀ ਵਾਰ...' ਆਦਿਕ ਲਿਖ ਕੇ ਜਥੇਦਾਰ ਜੀ ਨੇ ਵਾਰਾਂ ਦੀ ਸਿਰਲੇਖਕ ਇਕਸਾਰਤਾ ਸਥਾਪਤ ਕਰਨ ਪ੍ਰਤੀ ਵੀ ਕਦਮ ਚੁੱਕਿਆ ਹੈ। ਉਨ੍ਹਾਂ ਨੇ ਤਾਂ ਘਰਾਂ ਦੇ ਸਿਰਲੇਖਾਂ ਮੁਤਾਬਿਕ ਬੇ-ਮਿਸਲ ਹੋਏ ਸ਼ਬਦਾਂ ਨੂੰ ਠੀਕ ਥਾਵਾਂ 'ਤੇ ਟਿਕਾਉਣ ਦਾ ਉਪਕਾਰ ਵੀ ਕੀਤਾ ਸੀ ਅਤੇ ਕਈ ਜੁੱਟਾਂ ਦੇ ਪਦਿਆਂ ਨੂੰ ਸਿਰਲੇਖਾਂ ਮੁਤਾਬਿਕ ਸਾਰਥਕ ਕਰਨ ਦਾ ਉਪਰਾਲਾ ਵੀ। ਪਰ ਇਹ ਸਭ ਕੁਝ ਕਰਕੇ ਵੀ ਉਹ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਰਾਹੀਂ ਪੰਥਕ ਪਧਰ ਦੀ ਵੀਚਾਰ ਲਈ ਤਰਲੇ ਮਾਰਦੇ ਸਨ। ਪਤਾ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਧ ਛਪਾਈ ਪ੍ਰਤੀ ਪੰਥਕ-ਪਧਰ ਦੇ ਕਿਸੇ ਐਸੇ ਨਿਰਣੈ ਵਾਲੀ ਉਹ ਸੁਭਾਗੀ ਘੜੀ ਕਦੋਂ ਆਵੇਗੀ? ਹੁਣ ਤਕ ਤਾਂ ਸਾਡੇ ਵਰਗੇ ਸ਼ਰਧਾਲੂ ਸਿੱਖਾਂ ਦਾ ਉਹੀ ਹਾਲ ਹੈ, ਜਿਵੇਂ ਕੋਈ ਵਿਅਕਤੀ ਉਡੀਕ ਵਿਚ ਹੋਵੇ ਕਿ 'ਊਠ ਦਾ ਬੁੱਲ੍ਹ' ਕਦੋਂ ਡਿਗੇਗਾ?

'ਸਿੱਖ ਬੁੱਕ ਕਲੱਬ' ਵਾਲੇ ਖਰੜੇ ਵਿਚ ਰਾਗੁ ਆਸਾਵਰੀ ਦੇ ਪੰਨਾ ੪੦੯ ਤੋਂ ੪੧੧ ਤਕ ਦੇ ੧੭ਵੇਂ ਘਰੁ ਵਾਲੇ ਸ਼ਬਦਾਂ ਦੇ ਅੰਤਲੇ ਕਾਫ਼ੀਏ 'ਹਾਂ' ਵਾਲੇ ਪਦ ਮੈਂ ਬਿੰਦੀ ਰਹਿਤ ਪੜ੍ਹੇ ਹਨ। ਰੱਬ ਜਾਣੇ! ਪਤਾ ਨਹੀਂ ਕਿਉਂ? ਪਰ, ਜਥੇਦਾਰ ਵੇਦਾਂਤੀ ਜੀ ਵਾਲਾ ਜੋ ਮੈਂ ਅੰਤਮ ਤੇ ਨਿਰਣੈ-ਜਨਕ ਖਰੜਾ ਪੜ੍ਹਿਆ ਹੈ, ਉਸ ਵਿਚ ਸਾਰੀਆਂ ਬਿੰਦੀਆਂ ਲੱਗੀਆਂ ਹੋਈਆਂ ਸਨ। ਹੋ ਸਕਦਾ ਹੈ ਕਿ ਤੁਹਾਡੇ ਵਰਗੇ ਵਿਦਵਾਨਾਂ ਨਾਲ ਵਿਚਾਰ-ਵਿਟਾਂਦਰਾ ਕਰਨ ਉਪਰੰਤ ਇਹ ਸੋਧ ਕੀਤੀ ਹੋਵੇ। ਵੈਸੇ ਮੈਂ ਇਨ੍ਹਾਂ ਸ਼ਬਦਾਂ ਦਾ ਪਾਠ ਜਥੇਦਾਰ ਜੀ ਦੀ ਰਸਨਾ ਤੋਂ ਸੁਣਿਆ ਵੀ ਹੈ, ਉਹ ਬਿੰਦੀ ਨਹੀਂ ਸਨ ਬੋਲਦੇ। 'ਹਾ' ਉਚਾਰਦੇ ਸਨ। ਜਾਚਕ ਜੀ! ਮੈਂ ਬੜੀ

ਸ਼ਰਧਾ ਨਾਲ ਉਸ ਸਾਰੇ ਖਰੜੇ ਨੂੰ ਇੱਕ ਮਹੀਨੇ ਵਿਚ ਸਹਿਜ ਪਾਠ ਵਾਂਗ ਵਾਚਿਆ ਸੀ। ਮੈਂ ਹੈਰਾਨ ਹੋਇਆ ਕਿ ਉਸ ਵਿਚ ਤਾਂ ਭੱਟਾਂ ਦੇ ਸਵਈਆਂ ਦੇ ਵੀ 'ਭਿਖੇ ਕਹੇ' ਵਾਂਗ ਸਾਰੇ ਭਟ-ਜਨਾਂ ਦੇ ਨਾਵਾਂ ਸਹਿਤ ਵੱਖ-ਵੱਖ ਸਿਰਲੇਖ ਦਿੱਤੇ ਹੋਏ ਸਨ। ਮੈਂ ਸੋਚਦਾ ਸੀ ਕਿ ਐਸੇ ਸਿਰਲੇਖਾਂ ਨਾਲ ਹੁਣ ਭੱਟਾਂ ਦੀਆਂ ਰਚਨਾਵਾਂ ਤੇ ਗਿਣਤੀ ਪੱਖੋਂ ਵੀ ਕੋਈ ਭੁਲੇਖਾ ਨਹੀਂ ਲੱਗੇਗਾ। ਮੈਂ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਉੱਤਰ ਦਿੱਤਾ "ਭਾਈ! ਪਾਠ-ਭੇਦ ਸੂਚੀ ਪੜ੍ਹੋ ਤੇ ਵਿਚਾਰੋ"।

'ਸਿੱਖ ਬੁੱਕ ਕਲੱਬ' ਵਾਲੇ ਖਰੜੇ ਵਿਚ ਤਾਂ ਕੇਵਲ ਸੂਚੀ ਅਨੁਸਾਰ 'ਭਿਖੇ ਕੇ' ਦੀ ਥਾਂ 'ਭਿਖੇ ਕਹੇ' ਜ਼ਰੂਰ ਸ਼ੁਧ ਕੀਤਾ ਮਿਲਦਾ ਹੈ, ਪਰ ਭੱਟਾਂ ਦੇ ਬਾਕੀ ਸਿਰਲੇਖਾਂ ਬਾਰੇ ਕੋਈ ਸੇਧ ਨਹੀਂ ਮਿਲਦੀ। ਸੱਚ ਜਾਣਿਓ! ਮੈਂ ਤਾਂ ਕੇਵਲ ਉਸ ਖਰੜੇ ਨੂੰ ਹੀ ਵੇਦਾਂਤੀ ਜੀ ਦਾ ਅਸਲ ਖਰੜਾ ਮੰਨਦਾ ਹਾਂ, ਜਿਹੜਾ ਮੈਂ ਉਨ੍ਹਾਂ ਦੇ ਅੰਤਮ ਨਿਰਣੈ ਦੇ ਰੂਪ ਵਿਚ ਪੜ੍ਹਿਆ ਹੈ। ਜਾਚਕ ਜੀ! ਫੋਨ ਕਰਦਿਆਂ ਹੋਈਆਂ ਭੁੱਲਾਂ 'ਤੇ ਕੁਝ ਖਰਵੀ ਸ਼ਬਦਾਵਲੀ ਦੀ ਗੁਸਤਾਖ਼ੀ ਲਈ ਖ਼ਿਮਾ ਕਰਨਾ ਜੀ।

ਵਾਹਗੁਰੂ ਜੀ ਕਾ ਖ਼ਾਲਸਾ॥
ਵਾਹਗੁਰੂ ਜੀ ਕੀ ਫ਼ਤਹ॥



ਗੁਰਬਾਣੀ ਦੇ ਵਰਣਾਤਮਕ ਰੂਪ ਦੀ ਸੋਧ-ਸੁਧਾਈ ਪ੍ਰਤੀ ਗੰਭੀਰ ਚਿੰਤਨ ਕਰਦੇ ਹੋਏ
ਸਿੰਘ ਸਾਹਿਬ ਜਥੇਦਾਰ ਵੇਦਾਂਤੀ ਜੀ ਅਤੇ ਉਨ੍ਹਾਂ ਦੇ ਸੱਜੇ ਹਨ
ਗਿ. ਭਰਪੂਰ ਸਿੰਘ ਤੇ ਖੱਬੇ ਹਨ ਸਿੰਘ ਸਾਹਿਬ ਗਿ. ਜਗਤਾਰ ਸਿੰਘ ਜਾਚਕ

987-93-94737-42-6

9 789394 737426

₹499/-
Criticism

Available as e-book

RETHINK BOOKS

Cover Design: Simrik
Font: GurbaniAkhar

info@rethinkbooks.in
rethinkbooks.in
rethinkbooks
www.rethinkbooks.in
9464346677
rethinkbooks